
ਲੋਕਧਾਰਾ
5

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ ਪੰਜਵੀਂ

('ਕਲ੍ਹ' ਤੋਂ 'ਘੋੜੇਵਾਹ' ਤਕ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਐੱਮ.ਏ., ਪੀਐੱਚ.ਡੀ.

ਨੈ.ਬੁ.ਸ.

ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006

## ਪਾਠਕ ਤੇ ਪੁਸਤਕ ਵਿਕ੍ਰੇਤਾ ਲਈ ਜ਼ਰੂਰੀ ਜਾਣਕਾਰੀ

ਪਹਿਲੇ ਤੇ ਦੂਜੇ ਭਾਗ ਦੀ ਦੂਜੀ ਛਾਪ (2001) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 560 ਤੋਂ ਘਟ ਕੇ 308 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਪਾਠਕਾਂ ਲਈ ਪੰਨਾ 308 ਤੋਂ 560 ਪੰਨਾ ਤੀਕ ਦਾ ਮੈਟਰ ਚਲਦਾ ਹੈ।

ਤੀਜੇ ਭਾਗ ਦੀ ਦੂਜੀ ਛਾਪ (2002) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 808 ਤੋਂ ਘਟ ਕੇ 480 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਚੌਥੇ ਭਾਗ ਦੀ ਦੂਜੀ ਛਾਪ (2004) ਵਿਚ ਛਪਾਈ ਦੀਆਂ ਕੁਝ ਸੁਧਾਈਆਂ ਕਰਕੇ ਤੇ ਮੈਟਰ ਨੂੰ 2 ਕਾਲਮਾਂ ਤੋਂ 3 ਕਾਲਮਾਂ ਕਰਨ ਨਾਲ, ਪੰਨੇ 1048 ਤੋਂ ਘਟ ਕੇ 580 ਪੰਨੇ ਰਹਿ ਗਏ ਨੇ। ਪਰ, ਇਨਾਂ ਦੇ ਮੈਟਰ ਪਖੋਂ ਕੋਈ ਤਬਦੀਲੀ ਨਹੀਂ ਹੈ।

ਭਾਗ ਪੰਜਵਾਂ ਪੰਨਾ ਨੰ. 581 ਤੋਂ 824 ਤੇ ਖ਼ਤਮ ਹੈ। ਛੇਵਾਂ ਭਾਗ 1203 ਤੋਂ ਸ਼ੁਰੂ ਹੁੰਦਾ ਹੈ, ਪਰ ਅੱਖਰ ਕ੍ਰਮ ਠੀਕ ਚਲ ਰਿਹਾ ਹੈ। ਪਾਠਕ ਨੋਟ ਕਰ ਲੈਣ। ਅਗੇ ਆਉਣ ਵਾਲੇ ਐਡੀਸ਼ਨ ਵਿਚ ਪੰਨਿਆਂ ਦੀ ਸੁਧਾਈ ਹੋ ਜਾਵੇਗੀ।

ਪੂਰੇ ਸੈਟ ਦੀ ਕੀਮਤ ਵਿਚ ਕੋਈ ਵਾਧਾ ਨਾ ਹੋਵੇ ਇਸ ਲਈ ਹੀ ਇਸ ਤਰ੍ਹਾਂ ਕੀਤਾ ਗਿਆ ਹੈ।

© ਡਾ. ਸੋਹਿੰਦਰ ਸਿੰਘ ਬੇਦੀ/ਕੁੰਦਨ ਕੌਰ ਬੇਦੀ, ਨਵੀਂ ਦਿੱਲੀ

ਐਡੀਸ਼ਨ : 2004, 2011, **2017**

ਮੁੱਲ : **400.00**

ISBN 81-7116-114-4 (Set)
ISBN 81-7116-114-6

ਪ੍ਰਕਾਸ਼ਕ
**ਨੈਸ਼ਨਲ ਬੁਕ ਸ਼ਾਪ**
ਪਲੱਈਅਰ ਗਾਰਡਨ ਮਾਰਕੀਟ,
ਚਾਂਦਨੀ ਚੌਕ, ਦਿੱਲੀ-110006

ਛਾਪਕ :
**ਐੱਚ.ਐੱਸ. ਆਫ਼ਸੈੱਟ ਪ੍ਰਿੰਟਰਜ਼**
ਦਰਿਆ ਗੰਜ, ਨਵੀਂ ਦਿੱਲੀ-110002

---

**Panjabi Lokedhara Vishav Kosh, Vol. 5**
*By*
**Dr. Sohinder Singh Wanjara Bedi**
(Panjabi Folklore Encyclopaedia, Vol.5)
J-11/80, Rajouri Garden, New Delhi-110027

*Published by*
**National Book Shop**
Pleasure Garden Market, Chandni Chowk, Delhi-110006

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਦੀ ਪੰਜਵੀਂ ਜਿਲਦ

ਜਦੋਂ ਮੈਂ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਛੋਹਿਆ ਸੀ, ਤਾਂ ਸੋਚ ਵੀ ਨਹੀਂ ਸੀ ਸਕਦਾ ਕਿ ਇਸ ਦਾ ਆਗਾਰ ਅੱਠ-ਦਸ ਜਿਲਦਾਂ ਵਿਚ ਫੈਲ ਜਾਵੇਗਾ—ਇਕ ਵੱਡਾ ਪਾਸਾਰ, ਜੋ ਇਕੱਲੇ 'ਕਾਰੇ ਦੇ ਵੱਸ ਦਾ ਨਹੀਂ ਸੀ। 1950 ਵਿਚ ਇਹ ਕੋਸ਼ ਛੋਹਿਆ, ਜੋ 1969-70 ਵਿਚ ਮੁਕਾ ਲਿਆ ਗਿਆ। ਇਸ ਦੀ ਸੋਧੀ ਹੋਈ ਪ੍ਰੈਸ ਕਾਪੀ ਤਿਆਰ ਕਰਨ ਵਾਸਤੇ ਕਾਫ਼ੀ ਮਿਹਨਤ ਤੇ ਉੱਦਮ ਕਰਨਾ ਪਿਆ। ਜੋ ਨਵੀਂ ਸਾਮੱਗਰੀ ਮਿਲੀ, ਉਸਨੂੰ ਵੀ ਮੈਂ ਨਾਲ-ਨਾਲ ਸ਼ਾਮਲ ਕਰਦਾ ਗਿਆ। ਇਸ ਕੋਸ਼ ਦੀਆਂ ਪਹਿਲੀਆਂ ਚਾਰ ਜਿਲਦਾਂ ਹੀ ਛਪੀਆਂ ਕਿ ਮੈਂ ਸਰੀਰਕ ਤੇ ਮਾਨਸਿਕ ਤੌਰ ਤੇ ਥੱਕ ਗਿਆ। ਕੁਝ ਆਰਥਿਕ ਤੇ ਸਰੀਰਕ ਕਾਰਣਾਂ ਕਰਕੇ, ਕੋਸ਼ ਦੀ ਪ੍ਰਕਾਸ਼ਨ ਰੁਕ ਗਈ। 1970 ਤੋਂ ਬਾਅਦ ਹੁਣ ਤਕ ਯਾਨੀ ਕਿ ਪਿਛਲੇ ਵੀਹ ਸਾਲਾਂ ਵਿਚ, ਲੋਕਧਾਰਾ ਦਾ ਕਾਫ਼ੀ ਸਾਰਾ ਅਧਿਐਨ ਕੀਤਾ ਗਿਆ—ਮੇਰੇ ਵੱਲੋਂ ਵੀ ਤੇ ਕੁਝ ਹੋਰ ਵਿਦਵਾਨਾਂ ਵੱਲੋਂ ਵੀ। ਯੂਨੀਵਰਸਿਟੀਆਂ ਵਿਚ, ਇਹ ਬਤੌਰ ਇਕ ਵਿਸ਼ੇ ਦੇ ਪੜ੍ਹਾਇਆ ਜਾਣ ਲੱਗਾ। ਅੱਜ ਲੋਕਧਾਰਾ ਅਧਿਐਨ ਦਾ ਮੂੰਹ ਮੱਥਾ ਕਾਫ਼ੀ ਨਿਖਰ ਆਇਆ ਹੈ ਤੇ ਇਸ ਦੇ ਅਧਿਐਨ ਦਾ ਸਾਰਾ ਸਰੂਪ ਬਦਲ ਰਿਹਾ ਹੈ—ਇਕ ਵੱਖਰੀ ਪਛਾਣ ਵਜੋਂ। ਇਸ ਨੇ ਮਨੋ-ਵਿਗਿਆਨ ਤੇ ਮਾਨਵ-ਵਿਗਿਆਨ ਵੱਲ ਰੁਖ਼ ਕਰ ਲਿਆ ਹੈ। ਮੇਰੇ ਵਿਚ, ਹੁਣ, ਕੋਸ਼ ਨੂੰ ਹੋਰ ਅਗੇਰੇ ਸੋਧ ਕੇ ਸਿਰੇ ਚਾੜ੍ਹਨ ਦੀ ਸਮਰੱਥਾ ਨਹੀਂ ਰਹੀ। ਇਸ ਲਈ ਜੋ ਬਾਕੀ ਜਿਲਦਾਂ, ਜਿਵੇਂ ਕਿਵੇਂ ਤਿਆਰ ਸਨ, ਉਹ ਸੁਧਾਈ ਮਗਰੋਂ ਛਾਪਣੀਆਂ ਜ਼ਰੂਰੀ ਹੋ ਗਈਆਂ। ਇਨ੍ਹਾਂ ਜਿਲਦਾਂ ਵਿਚ ਕੁਝ ਤਰੁਟੀਆਂ ਵੀ ਰਹਿ ਗਈਆਂ ਹਨ।

'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਦਾ ਕੰਮ ਸ਼ੁਰੂ ਕਰਨ ਲੱਗਿਆਂ ਮੈਂ ਜਾਣਦਾ ਸਾਂ ਕਿ ਇਹ ਕੰਮ ਫੁੱਲਾਂ ਦੀ ਸੇਜ ਨਹੀਂ। ਸਾਰੀਆਂ ਪਰੰਪਰਾਵਾਂ, ਸਭਿਆਚਾਰਕ ਰੂੜ੍ਹੀਆਂ, ਰੀਤ ਰਿਵਾਜ, ਭਰਮ ਵਹਿਮ, ਵਿਸ਼ਵਾਸ਼, ਸ਼ਹਿਰੀ ਤੇ ਲੋਕ-ਸੰਸਕ੍ਰਿਤੀ ਦੇ ਰੰਗ-ਰੂਪ ਅਤੇ ਲੋਕ-ਸਾਹਿਤ ਆਦਿ ਨੂੰ ਸੰਕਲਨ ਕਰਨਾ, ਅਧਿਐਨ ਕਰਨਾ ਤੇ ਕਈ ਤਰ੍ਹਾਂ ਦੀਆਂ ਪਰੰਪਰਕ ਰੂੜ੍ਹੀਆਂ ਨੂੰ ਖੋਜ ਦੀ ਪੱਧਰ ਉੱਤੇ ਪ੍ਰਾਪਤ ਕਰਨਾ ਤੇ ਫਿਰ ਸੰਭਾਲਣਾ ਅਤੇ ਵਿਚਾਰਨਾ, ਕੋਈ ਛੋਟਾ ਕੰਮ ਨਹੀਂ ਸੀ—ਫਿਰ ਹੱਥ ਕੇਵਲ ਇਕੋ। ਇਸ ਕੰਮ ਲਈ ਸਿਰੜ ਤੇ ਬਲਵਾਨ ਇੱਛਾ ਸ਼ਕਤੀ ਤੋਂ ਇਲਾਵਾ, ਗਿਆਨ ਤੇ ਸੂਝ ਆਦਿ, ਲੋਕ-ਮੂੰਹਾਂ ਤੋਂ ਕਾਫ਼ੀ ਸਾਰੀ ਰਵਾਇਤੀ ਸਾਮੱਗਰੀ ਚੁਣਨ ਦੀ ਵੀ ਲੋੜ ਸੀ।

ਇਕ ਗੱਲ ਪ੍ਰਚਲਤ ਹੈ, ਇਕ ਵਾਰ ਇਕ ਛੋਟਾ ਬੱਚਾ ਨਦੀ ਵਿਚ ਤਿਲ੍ਹਕ ਗਿਆ। ਇਕ ਨੌਜੁਆਨ ਉਸਦੇ ਮਗਰ ਹੀ ਪਾਣੀ ਵਿਚ ਕੁੱਦ ਪਿਆ। ਕਾਫ਼ੀ ਘਾਲਣਾ ਨਾਲ ਉਸ ਨੌਜੁਆਨ ਨੇ ਬੱਚੇ ਨੂੰ ਬਾਹਰ ਕੱਢ ਲਿਆਂਦਾ। ਬਾਹਰ ਕੰਢੇ 'ਤੇ ਲੋਕਾਂ ਦੀ ਖੜੀ ਭੀੜ, ਉਸਦੀ ਪ੍ਰਸ਼ੰਸਾ ਕਰਨ ਲੱਗੀ। ਪਰ ਉਹ ਨੌਜਵਾਨ ਕਹਿਣ ਲੱਗਾ, "ਪਹਿਲਾਂ, ਮੈਨੂੰ ਦੱਸੋ ਕਿ ਪਾਣੀ ਵਿਚ ਧੱਕਾ ਕਿਸ ਨੇ ਦਿੱਤਾ ਏ।" ਮੇਰੇ ਸਬੰਧ ਵਿਚ ਇਹ ਗੱਲ ਨਹੀਂ ਹੋਈ। ਮੈਂ ਜਾਣ ਬੁਝ ਕੇ ਲੋਕਧਾਰਾ ਦੇ ਗਹਿਰੇ ਸਮੁੰਦਰ ਵਿਚ ਛਾਲ ਮਾਰੀ ਸੀ ਅਤੇ ਤੈਰ ਕੇ ਬਾਹਰ ਵੀ ਨਿਕਲ ਆਇਆ ਸਾਂ। ਆਪਣੇ ਪੱਲੇ ਨਾਲ ਬਹੁਤ ਸਾਰੇ ਘੋਗੇ, ਕੌਡੀਆਂ, ਸੰਖ ਤੇ ਹੋਰ ਅਨਮੋਲ ਵਸਤਾਂ ਬੰਨ੍ਹ ਲਿਆਇਆ, ਪਰ ਨਾਲ ਹੀ ਇਕ ਵੱਡੀ ਬਿਮਾਰੀ, ਜਿਸ ਦਾ ਇਲਾਜ ਹੀ ਨਹੀਂ, ਵੀ ਸਰੀਰ ਨਾਲ ਚੰਮੋੜ ਲਈ। ਪ੍ਰਕਾਸ਼ਨ ਦੀ ਸਮੱਸਿਆ ਨੇ ਮੇਰੇ ਲਈ ਇਕ ਮੁਸੀਬਤ ਖੜੀ ਕਰ ਦਿੱਤੀ। ਜੋ ਵੀ 'ਮਹਾਂਪੁਰਸ਼' ਸਹਾਇਤਾ ਲਈ ਰਜ਼ਾਮੰਦ ਹੋਂਦਾ, ਉਹ ਕੰਮ ਦਾ ਬਹੁਤਾ ਕਰੈਡਿਟ ਖੁਦ ਲੈਣਾ ਚਾਹੁੰਦਾ ਸੀ, ਅਖੀਰ, ਪਹਿਲੀਆਂ ਚਾਰ ਜਿਲਦਾਂ ਮੈਂ ਆਪਣੇ ਖ਼ਰਚ ਤੇ ਛਾਪੀਆਂ। ਪਰ ਹੱਥਾਂ ਵਿਚਲੀ ਇਹ ਪੰਜਵੀਂ ਜਿਲਦ ਸ੍ਰ: ਪਿਆਰਾ ਸਿੰਘ 'ਦਾਤਾ', ਸ੍ਰ: ਰਾਜਿੰਦਰ ਸਿੰਘ, ਸ੍ਰ: ਪਰਮਜੀਤ ਸਿੰਘ, ਨੈਸ਼ਨਲ ਬੁਕ ਸ਼ਾਪ, ਦਿੱਲੀ, ਨੇ ਪ੍ਰਕਾਸ਼ਿਤ ਕੀਤੀ ਹੈ। ਅਗਲੇਰੀਆਂ ਜਿਲਦਾਂ ਵੀ ਉਹ ਹੀ ਛਾਪਣਗੇ, ਜਿਸ ਲਈ ਮੈਂ ਉਨ੍ਹਾਂ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ।

ਮੈਂ ਭਾਪਾ ਪ੍ਰੀਤਮ ਸਿੰਘ 'ਨਵਯੁਗ ਪਬਲਿਸ਼ਰਜ਼, ਦਿੱਲੀ' ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਦੀ ਨਿਗਰਾਨੀ ਹੇਠ ਇਹ ਕੋਸ਼ ਛਪ ਰਿਹਾ ਹੈ। ਉਨ੍ਹਾਂ ਦੀ ਕੋਸ਼ ਵਿਚ ਦਿਲਚਸਪੀ ਨੇ ਹਮੇਸ਼ਾ ਮੇਰਾ ਹੌਂਸਲਾ ਵਧਾਇਆ ਹੈ।

**ਸੋਹਿੰਦਰ ਸਿੰਘ ਵਣਜਾਰਾ ਬੇਦੀ**
ਜੇ-11/80, ਰਾਜੌਰੀ ਗਾਰਡਨ,
ਨਵੀਂ ਦਿੱਲੀ-110027

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ ੫

### ਕ

(ਕ-165) **ਕਲ੍ਹ :**

ਪੰਜਾਬ ਵਿਚ ਬੀਤ ਗਏ ਅਤੇ ਆਉਣ ਵਾਲੇ ਦਿਨ, ਦੋਹਾਂ ਵਾਸਤੇ, ਇਕੋ ਸ਼ਬਦ ਕਲ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਕਿਉਂ ਜੋ ਬੀਤਿਆ ਸਮਾਂ ਕਾਲ ਦੀ ਗੋਦ ਵਿਚ ਸਮਾ ਗਿਆ ਹੁੰਦਾ ਹੈ, ਜਿਥੋਂ ਉਹਨੇ ਮੁੜ ਕਦੇ ਆਉਣਾ ਨਹੀਂ ਹੁੰਦਾ। ਆਉਣ ਵਾਲਾ ਅਗਲਾ ਦਿਨ ਅਜੇ ਅਦ੍ਰਿਸ਼ਟ ਰੂਪ ਵਿਚ, ਕਾਲ ਦੇ ਗਰਭ ਵਿਚ ਪਿਆ ਹੁੰਦਾ ਹੈ, ਜਿਥੋਂ ਉਹਨੇ ਅਜੇ ਉਦੈ ਹੋਣਾ ਹੈ। ਭਵਿੱਖ ਵਿਚ ਵਸਦਾ ਕਲ੍ਹ, ਸਮੇਂ ਦੀ ਲਪੇਟ ਵਿਚ ਆ ਕੇ, ਬੀਤੀ ਕਲ੍ਹ ਦਾ ਰੂਪ ਧਾਰਨ ਕਰਦਾ ਜਾਂਦਾ ਹੈ। ਇਸੇ ਲਈ ਕਲ੍ਹ ਸ਼ਬਦ ਦੀ ਪ੍ਰਕ੍ਰਿਤੀ ਵੱਖਰੀ ਹੈ—ਪਿਛੇ ਵਲ ਵੀ ਝਾਕਣਾ ਤੇ ਅਗੇ ਲਈ ਵੀ ਤਾਂਘ ਰੱਖਣੀ।

ਲੋਕ-ਕਹਾਣੀਆਂ ਵਿਚ ਕਲ੍ਹ ਬਾਰੇ ਬੜੀਆ ਰੋਚਿਕ ਕਥਾਨਿਕ ਰੂੜ੍ਹੀਆਂ ਮਿਲਦੀਆਂ ਹਨ। ਇਕ ਸ਼ਹਿਜ਼ਾਦੀ ਰੂਪਮਤੀ, ਕੇਵਲ ਉਸ ਨੌਜੁਆਨ ਨਾਲ ਵਿਆਹ ਕਰਵਾਣਾ ਚਾਹੁੰਦੀ ਸੀ, ਜਿਹੜਾ ਕੁਝ ਸਾਲ ਪਹਿਲਾਂ ਦੀ ਬੀਤੀ ਇਕ ਕਲ੍ਹ ਨੂੰ, ਮੁੜ ਸੁਰਜੀਤ ਕਰਕੇ ਵਿਖਾਵੇ ਅਤੇ ਨਾਲ ਹੀ ਸਾਲ ਮਗਰੋਂ ਦੇ ਆਉਣ ਵਾਲੀ ਕਲ੍ਹ ਦੇ ਦ੍ਰਿਸ਼ ਦੇ ਪਹਿਲੇ ਹੀ ਦਰਸ਼ਨ ਕਰਵਾ ਦੇਵੇ। ਸ਼ਹਿਜ਼ਾਦੀ ਪਰੀ ਵਰਗੀ ਖ਼ੂਬਸੂਰਤ ਸੀ। ਸੋ ਕਈ ਰਾਜਕੁਮਾਰਾਂ ਨੇ ਸ਼ਹਿਜ਼ਾਦੀ ਦੀ ਇੱਛਾ ਪੂਰਤੀ ਲਈ ਜਫ਼ਰ ਜਾਲੇ, ਪਰ ਕੋਈ ਇਕ ਵੀ ਸਫਲ ਨਾ ਹੋਇਆ। ਅਖ਼ੀਰ ਇਕ ਸਾਹਸੀ ਗਭਰੂ ਕਲਿੰਦਰ ਨੇ ਘੋਰ ਤਪਸਿਆ ਕਰਕੇ ਦੇਵਤਿਆਂ ਤੋਂ ਅਜਿਹੇ ਮੰਤਰ ਪ੍ਰਾਪਤ ਕਰ ਲਏ, ਜਿਨ੍ਹਾਂ ਦੁਆਰਾ ਬੀਤੀ ਕਲ੍ਹ ਸੁਰਜੀਤ ਕੀਤੀ ਜਾ ਸਕਦੀ ਸੀ ਅਤੇ ਆਉਣ ਵਾਲੀ ਕਲ੍ਹ ਦੇ ਦ੍ਰਿਸ਼ ਅਗੇਤਰੇ ਹੀ ਵੇਖੇ ਜਾ ਸਕਦੇ ਸਨ। ਲੰਮੀ ਸਾਧਨਾ ਤੇ ਤਪਸਿਆ ਸਦਕਾ, ਕਲਿੰਦਰ ਦੇ ਅਨੇਕਾਂ 'ਅਜ' ਬਰਬਾਦ ਹੋ ਗਏ, ਸਰੀਰ ਜਰਜਰਾ ਹੋ ਗਿਆ ਤੇ ਜਿਸਮ ਝੁਰੜਾਇਆ ਗਿਆ।

ਕਲਿੰਦਰ ਨੇ ਸ਼ਹਿਜ਼ਾਦੀ ਰੂਪਮਤੀ ਨੂੰ, ਆਪਣੀ ਦੈਵੀ ਪ੍ਰਾਪਤੀ ਬਾਰੇ ਖ਼ਬਰ ਦਿੱਤੀ ਅਤੇ ਮੰਤਰ ਦੁਆਰਾ ਕੁਝ ਸਾਲ ਪਹਿਲਾਂ ਦੇ ਇਕ ਦ੍ਰਿਸ਼ ਦੀ ਪੁਨਰ-ਸਿਰਜਨਾ ਕੀਤੀ। ਉਦੋਂ ਸ਼ਹਿਜ਼ਾਦੀ ਦੀ ਮਾਂ ਜਿਉਂਦੀ ਸੀ। ਸ਼ਹਿਜ਼ਾਦੀ ਨੇ ਆਪਣੀ ਮਾਂ ਨੂੰ ਪ੍ਰਤਖ ਸਥੂਲ ਰੂਪ ਵਿਚ ਵੇਖਿਆ, ਜੋ ਉਹਨੂੰ ਗਲਵਕੜੀ ਵਿਚ ਲੈਣ ਲਈ ਅਗੇ ਵਧਦੀ ਆ ਰਹੀ ਸੀ, ਤਾਂ ਸ਼ਹਿਜ਼ਾਦੀ 'ਪ੍ਰੇਤ' 'ਪ੍ਰੇਤ' ਕਰਦੀ ਉਥੋਂ ਨਠ ਪਈ। ਫਿਰ ਕਲਿੰਦਰ ਨੇ ਸ਼ਹਿਜ਼ਾਦੀ ਨੂੰ ਸਾਲ ਮਗਰੋਂ ਦੇ ਆਉਣ ਵਾਲੀ ਕਲ੍ਹ ਦੀ ਇਕ ਝਾਕੀ ਵਿਖਾਈ। ਸ਼ਹਿਜ਼ਾਦੀ ਨੇ ਆਪਣੇ ਪਿਉ ਦੀ ਮ੍ਰਿਤੂ ਦਾ ਦ੍ਰਿਸ਼ ਵੇਖਿਆ। ਉਹ ਮੰਜੇ ਤੇ ਪਿਆ ਤੜਪ ਰਿਹਾ ਸੀ; ਪ੍ਰਾਣ ਨਿਕਲਦੇ ਨਹੀਂ ਸਨ। ਇਹ ਸਭ ਵੇਖ ਸ਼ਹਿਜ਼ਾਦੀ ਉਦਾਸ ਹੋ ਗਈ ਤੇ ਫਿਰ ਧਾਹਾਂ ਮਾਰ ਕੇ ਰੋਣ ਲਗੀ। ਸਾਲ ਮਗਰੋਂ ਉਹਨੇ ਜੋ ਦੁੱਖ ਭੋਗਣਾ ਸੀ, ਉਹ ਹੁਣ ਤੋਂ ਹੀ ਉਹਦਾ ਸੰਤਾਪ ਬਣ ਗਿਆ। ਸ਼ਹਿਜ਼ਾਦੀ ਨੂੰ ਆਪਣੀ ਜ਼ਿਦ ਉਤੇ ਬੜਾ ਪਛਤਾਵਾ ਲਗਾ। ਅਜੀਬ ਮਾਨਸਿਕ ਗੁੰਝਲਾਂ ਵਿਚ ਉਹ ਫਸ ਗਈ।

ਸ਼ਰਤ ਅਨੁਸਾਰ ਬਾਦਸ਼ਾਹ ਨੂੰ ਸ਼ਹਿਜ਼ਾਦੀ ਦਾ ਵਿਆਹ ਕਲਿੰਦਰ ਨਾਲ ਕਰਨਾ ਪਿਆ। ਕਲਿੰਦਰ ਦਾ ਦੁਬਲਾ ਪਤਲਾ ਤੇ ਸੁਕਿਆ ਸੜਿਆ ਸਰੀਰ ਵੇਖ ਕੇ ਸ਼ਹਿਜ਼ਾਦੀ ਬੜੀ ਪਰੇਸ਼ਾਨ ਹੋਈ ਤੇ ਉਹ ਕਲਿੰਦਰ ਤੋਂ ਪੁਛੇ ਬਗ਼ੈਰ ਨਾ ਰਹਿ ਸਕੀ : "ਤੇਰਾ ਉਹ ਰੂਪ ਤੇ ਜੋਬਨ ਕਿਧਰ ਚਲਾ ਗਿਆ, ਜਿਸਦੀ ਧਾਂਕ ਚਾਰੇ ਪਾਸੇ ਫੈਲੀ ਹੋਈ ਸੀ। ਮੈਂ ਤਾਂ ਸੁਣਿਆ ਸੀ ਕਿ ਤੂੰ ਬੜਾ ਖ਼ੂਬਸੂਰਤ ਗਭਰੂ ਏਂ।" ਤਾਂ ਕਲਿੰਦਰ ਨੇ ਵਿਅੰਗ ਨਾਲ ਮੁਸਕਰਾਂਦੇ ਹੋਏ ਕਿਹਾ—"ਉਹ ਸਭ ਮੈਨੂੰ ਤੇਰੀ ਬੀਤੀ ਕਲ੍ਹ ਅਤੇ ਆਉਣ ਵਾਲੀ ਕਲ੍ਹ ਪ੍ਰਾਪਤ ਕਰਨ ਲਈ ਬਲੀਦਾਨ ਦੇਣਾ ਪਿਐ। ਮੈਂ ਘੋਰ ਤਪਸਿਆ ਕਰਕੇ ਆਪਣਾ ਹੁਸਨ ਤੇ ਜਵਾਨੀ ਦੋਵੇਂ ਗੰਵਾ ਬੈਠਾ ਹਾਂ।"

ਅਖਾਣਾਂ ਵਿਚ ਬੀਤੀ ਕਲ੍ਹ ਨੂੰ ਭੁੱਲ ਜਾਣ ਦਾ ਸੰਦੇਸ਼ ਹੈ 'ਕਲ੍ਹ ਦਾ ਲਿਖਿਆ ਦਿਓ ਬਹਾ, ਅੱਜ ਦਾ ਲਿਖਿਆ ਵੇਖੋ ਆ।' ਪਰੰਪਰਾ ਨਾਲੋਂ ਟੁੱਟ ਕੇ ਨਵੀਆਂ ਲੀਹਾਂ ਨੂੰ ਅਪਨਾਣ ਵਲ ਸੰਕੇਤ ਹੈ। ਲੋਕ-ਚਿੰਤਨ ਅਨੁਸਾਰ ਆਉਣ ਵਾਲੀ ਕਲ੍ਹ ਦਾ ਕੋਈ ਭਰੋਸਾ ਨਹੀਂ। ਇਸ ਲਈ

ਵਰਤਮਾਨ ਨੂੰ ਹੀ ਸੰਭਾਲਣਾ ਤੇ ਮਾਨਣਾ ਚਾਹੀਦਾ ਹੈ— "ਕਲ੍ਹ ਨਾਂ ਕਾਲ ਦਾ ਏ।" ਭਵਿੱਖਤ ਦਾ ਕੋਈ ਵਿਸਾਹ ਨਹੀਂ, "ਕਲ ਕਿੰਨ ਡਿੱਠਾ।" ਇਹ ਗੱਲ ਮਨੁੱਖ ਦੇ ਛਿੰਨ-ਭੰਗਰੀ ਜੀਵਨ ਦੇ ਪ੍ਰਸੰਗ ਵਿਚ ਕਹੀ ਗਈ ਹੈ। 'ਕਲ੍ਹ ਜੰਮੀ ਗਿੱਦੜੀ ਤੇ ਅਜ ਹੋਇਆ ਵਿਆਹ'; 'ਕਲ੍ਹ ਦਾ ਜੋਗੀ, ਮੋਢਿਆਂ ਤੇ ਜਗਤ।' 'ਕਲ੍ਹ ਦਾ ਫ਼ਕੀਰ ਤੇ ਦੁਪਹਿਰੀ ਧੂਣੀ' ਆਦਿ ਅਖਾਣਾਂ ਵਿਚ ਉਨ੍ਹਾਂ ਅਲਪ-ਅਨੁਭਵ ਵਾਲੇ, ਹੋਛੇ ਲੋਕਾਂ ਉਤੇ ਵਿਅੰਗ ਹੈ, ਜੋ ਡੀਂਗਾਂ ਤਾਂ ਬੜੀਆਂ ਮਾਰਦੇ ਹਨ, ਪਰ ਕੁਝ ਕਰਨ ਤੋਂ ਅਸਮਰਥ ਹਨ।

(2) **ਕੱਲ੍ਹ ਕਲੱਹ** : ਕੱਲ੍ਹ ਕਾਲੀ ਦਾ ਅਵਤਾਰ ਮੰਨੀ ਜਾਂਦੀ ਹੈ ਅਤੇ ਇਹਦਾ ਕੰਮ ਸੰਸਾਰ ਉਤੇ ਕਲੱਹ ਵਰਤਾਣਾ ਹੈ (ਵੇਖੋ : ਕੱਲ੍ਹ ਤੇ ਨਾਰਦ)।

## (ਕ-166) ਕੱਲ੍ਹ ਤੇ ਨਾਰਦ :

ਕੱਲ੍ਹ ਅਤੇ ਨਾਰਦ ਮਿੱਥਕ ਪਾਤਰ ਹਨ। ਪੰਜਾਬੀਆਂ ਦੀ ਲੋਕ-ਕਲਪਨਾ ਨੇ ਇਨ੍ਹਾਂ ਦੋਹਾਂ ਨੂੰ, ਪਤੀ-ਪਤਨੀ ਦੇ ਰਿਸ਼ਤੇ ਵਿਚ ਬੰਨ੍ਹ ਕੇ, ਇਕ ਵਖਰਾ ਮਿੱਥਕ ਵਿਅਕਤਿਤਵ ਪ੍ਰਦਾਨ ਕਰ ਦਿੱਤਾ ਹੈ, ਜੋ ਨਾ ਤਾਂ ਪੌਰਾਣਿਕ ਰਿਹਾ ਹੈ ਅਤੇ ਨਾ ਹੀ ਲੌਕਿਕ। ਦੰਪਤੀ ਦੇ ਰੂਪ ਵਿਚ ਕੱਲ੍ਹ ਅਤੇ ਨਾਰਦ ਇਕ ਬੇਜੋੜ ਗੁਟ ਹੈ, ਜੋ ਕਿਧਰੇ ਰੋਮਾਂਚਿਕ, ਕਿਧਰੇ ਕਰੁਣਾਮਈ ਅਤੇ ਕਿਧਰੇ ਰਹੱਸਮਈ ਵਾਤਾਵਰਣ ਸਿਰਜਣ ਵਿਚ ਸਹਾਇਕ ਬਣਿਆ ਹੈ।

ਨਾਰਦ ਦਾ ਵਰਨਣ ਪੁਰਾਣਾਂ ਵਿਚ ਆਮ ਹੈ। ਇਕ ਪੂਰਾ ਪੁਰਾਣ ਵੀ ਇਨ੍ਹਾਂ ਬਾਰੇ ਲਿਖਿਆ ਮਿਲਦਾ ਹੈ, ਮੂਲ ਰੂਪ ਵਿਚ ਨਾਰਦ ਇਕ ਸੂਝਵਾਨ ਰਿਸ਼ੀ ਸੀ, ਜਿਸ ਦੇ ਨਾਲ ਰਿਗਵੇਦ ਦੀਆਂ ਕੁਝ ਰਿੱਚਾਂ ਸੰਬੰਧਿਤ ਹਨ। ਉਹ ਪਰਜਾਪਤੀਆਂ ਵਿਚੋਂ ਇਕ ਹੈ ਅਤੇ ਸੱਤ ਮਹਾਂਰਿਸ਼ੀਆਂ ਵਿਚੋਂ ਇਕ ਮਹੱਤਵਪੂਰਣ ਰਿਸ਼ੀ। ਪਰ ਪਿਛਲੇਰੇ ਪੌਰਾਣਿਕ ਕਾਲ ਵਿਚ ਨਾਰਦ 'ਕਲਿ ਕਾਰਕ'–ਕਲੱਹ ਵਰਤਾਣ ਵਾਲਾ ਅਥਵਾ ਲੜਾਈ ਰਚਾਣ ਵਾਲਾ ਪਾਤਰ ਮੰਨਿਆ ਜਾਣ ਲਗਾ। ਪੰਜਾਬੀ ਕਲਪਨਾ ਨੇ ਨਾਰਦ ਨੂੰ, ਇਸ ਦੇ ਪਿਛਲੇਰੇ ਰੂਪ ਵਿਚ ਹੀ ਅਪਣਾਇਆ ਹੈ ਅਤੇ ਕੱਲ੍ਹ ਨੂੰ ਨਾਰਦ ਨਾਲ ਦੰਪਤੀ ਰਿਸ਼ਤੇ ਵਿਚ ਜੋੜ ਕੇ, ਇਕ ਵਿਲੱਖਣ ਸਰੂਪ ਬਖ਼ਸ਼ ਦਿਤਾ (ਵੇਖੋ : ਨਾਰਦ)।

ਪੁਰਾਣਾਂ ਅਨੁਸਾਰ ਕੱਲ੍ਹ ਅਸਲੋਂ ਦੁਰਗਾ ਦੇ ਉਗ੍ਰ ਰੂਪ, ਕਾਲੀ ਦਾ ਹੀ ਅਵਤਾਰ ਹੈ। ਕੱਲ੍ਹ-ਕਲੱਹ ਦੀ ਦੇਵੀ ਹੈ, ਜੋ ਸ਼ਕਲ ਸੂਰਤ ਵਿਚ ਵਿਕਰਾਲ ਹੋਣ ਤੋਂ ਇਲਾਵਾ, ਮਨੁੱਖੀ ਲਹੂ ਦੀ ਵੀ ਪਿਆਸੀ ਹੈ। ਕੱਲ੍ਹ ਸ਼ਬਦ ਕਲਜੋਗਣਾਂ ਦਾ ਵੀ ਸੰਖੇਪ ਹੈ। ਕਲਜੋਗਣਾਂ, ਦੁਰਗਾ ਦੇ ਉਗਰ ਰੂਪ (ਕਾਲੀ) ਦੀਆਂ ਸਖੀਆਂ ਸਹੇਲੀਆਂ ਹਨ ਅਤੇ ਧਾਰਨਾ ਹੈ ਕਿ ਸੰਸਾਰ ਵਿਚ ਇਹੋ, ਯੁੱਧ ਕਰਵਾਂਦੀਆਂ ਹਨ। ਯੁੱਧ ਦੇ ਦੌਰਾਨ ਇਹ ਮਨੁੱਖਾਂ ਦੇ ਲਹੂ ਦੇ ਖੱਪਰ ਭਰ ਭਰ ਕੇ ਪੀਂਦੀਆਂ ਹਨ (ਵੇਖੋ : ਕਲਜੋਗਣਾਂ)।

ਰਵਾਇਤ ਹੈ ਕਿ ਨਾਰਦ ਨੇ ਹੀ ਕਲ੍ਹ ਦਾ ਵਿਕਰਾਲ ਰੂਪ ਰਚਿਆ ਅਤੇ ਉਹਦੇ ਸਰੀਰ ਵਿਚ ਲਹੂ ਦੀ ਥਾਂ ਸੁਰਾ ਅਤੇ ਅੱਗ ਭਰ ਦਿੱਤੀ। ਜਦੋਂ ਉਹ ਸੁਰਜੀਤ ਹੋਈ ਤਾਂ ਉਹ ਹਮੇਸ਼ਾ ਲਈ ਨਾਰਦ ਨਾਲ ਚੰਬੜ ਗਈ (ਵੇਖੋ : ਕਲੱਹ)।

ਪੰਜਾਬੀ ਵਾਰਾਂ ਵਿਚ ਕਲ੍ਹ ਤੇ ਨਾਰਦ ਦਾ ਜ਼ਿਕਰ ਕਈ ਥਾਈਂ ਆਇਆ ਹੈ ਜਿਸ ਕਰਕੇ ਇਹ ਦੋਵੇਂ ਪਾਤਰ ਵਾਰ-ਕਾਵਿ ਦੀ ਇਕ ਪਛਾਣ ਬਣ ਗਏ ਹਨ। ਨਜਾਬ ਨੇ ਨਾਦਰਸ਼ਾਹ ਦੀ ਵਾਰ ਵਿਚ ਯੁੱਧ ਦੀ ਸਾਰੀ ਜ਼ਿੰਮੇਵਾਰੀ ਕਲ੍ਹ ਤੇ ਸੁਟ ਕੇ, ਇਕ ਵਾਸਤਵਿਕ ਘਟਨਾ ਨੂੰ ਪੌਰਾਣਿਕ ਸਰੂਪ ਦੇ ਦਿਤਾ। ਵਾਰ ਦੇ ਆਰੰਭ ਵਿਚ ਕਲ੍ਹ ਤੇ ਨਾਰਦ ਆਪੋ ਵਿਚ ਲੜਦੇ ਝਗੜਦੇ ਵਿਖਾਏ ਹਨ :

> ਕਲ੍ਹ ਤੇ ਨਾਰਦ ਆਪ ਵਿਚ, ਹੋ ਖਲੇ ਅਜੋੜੇ
> ਬਹਿ ਲੜਦੇ ਆਮ੍ਹੋ ਸਾਮ੍ਹਣੇ, ਸੁੱਟਣ ਤਰਫੋੜੇ
> ਕਲ੍ਹ ਮੰਗੇ ਕੁਝ ਖਾਣ ਨੂੰ ਨਾਰਦ ਮੂੰਹ ਮੋੜੇ
> ਨਾਰਦ ਦੇ ਨਾ ਸਕੇ ਰੋਟੀਆਂ, ਕਲ੍ਹ ਖਾਧਾ ਲੋੜੇ।

ਦੋਹਾਂ ਦੇ ਤਕਰਾਰ ਦੀ ਇਹ ਝਾਕੀ ਜੋ ਲੋਕ-ਮਨ ਦੀ ਉਪਜ ਹੈ, ਬੜੀ ਰੋਮਾਂਚਿਕ ਹੈ। ਝਗੜੇ ਮਗਰੋਂ ਕਲ੍ਹ ਨਾਦਰਸ਼ਾਹ ਕੋਲ ਜਾ ਕੇ ਉਹਨੂੰ ਭਾਰਤ ਉਤੇ ਹੱਲਾ ਕਰਨ ਲਈ ਭੜਕਾਂਦੀ ਹੈ ਅਤੇ ਉਧਰ ਨਾਰਦ ਮੁਹੰਮਦ ਸ਼ਾਹ ਨੂੰ ਲੜਾਈ ਲਈ ਉਤੇਜਿਤ ਕਰਦਾ ਹੈ। ਇਉਂ ਇਕ ਘੋਰ ਇਤਿਹਾਸਕ ਯੁੱਧ ਦਾ ਮੁੱਢ ਬਝਦਾ ਹੈ। ਲੋਕ-ਕਲਪਨਾ ਇਤਿਹਾਸ ਨੂੰ ਕਿਵੇਂ ਮਿਥਿਹਾਸ ਵਿਚ ਬਦਲਦੀ ਹੈ। ਇਸ ਗੱਲ ਦੀ ਇਹ ਇਕ ਉਤਮ ਮਿਸਾਲ ਹੈ (ਵੇਖੋ : ਕਲੱਹ)।

## (ਕ-167) ਕਲੱਸ਼ :

(1) ਮੰਦਰ ਜਾਂ ਗੁਰਦੁਆਰੇ ਦੇ ਸਿੱਖਰ 'ਤੇ, ਘੜੋਲੀ ਦੀ ਸ਼ਕਲ ਦਾ, ਧਾਤ ਦਾ ਬਣਿਆ, ਇਕ ਤਰ੍ਹਾਂ ਦਾ ਮੁਕਟ। ਕਲੱਸ਼ ਦੀ ਉਪਰਲੀ ਨੋਕ ਅਕਾਸ਼-ਮੁਖ ਹੁੰਦੀ ਹੈ। ਇਸ ਵਾਸਤੇ ਦੈਵੀ ਸ਼ਕਤੀ ਦਾ ਪ੍ਰਤੀਕ ਬਣ ਗਿਆ ਹੈ ਅਤੇ ਇਹਦੇ ਦਰਸ਼ਨ ਪ੍ਰਾਣੀ ਅੰਦਰ ਸਾਤਵਿਕ ਭਾਵਨਾ ਦਾ ਸੰਚਾਰ ਕਰਦੇ ਹਨ। ਕਲੱਸ਼ ਆਮ ਤੌਰ ਤੇ ਸੋਨੇ ਜਾਂ ਚਾਂਦੀ ਆਦਿ ਕੀਮਤੀ ਧਾਤਾਂ ਦਾ ਬਣਾਇਆ ਜਾਂਦਾ ਹੈ। ਇਹ ਧਾਤਾਂ ਮਨੁੱਖ ਵਿਚ ਸੱਤੋਗੁਣ ਉਤਪੰਨ ਕਰਦੀਆਂ ਹਨ। ਪਵਿਤਰ ਹੋਣ ਕਰ ਕੇ ਕਲੱਸ਼ ਪੂਜਾ ਦੀ ਵਸਤੂ ਹੈ। ਸ਼ਰਧਾਲੂ ਕਲੱਸ਼ ਨੂੰ ਦੂਰੋਂ ਵੇਖਦੇ ਸਾਰ ਆਦਰ ਨਾਲ ਪ੍ਰਨਾਮ ਕਰਦੇ ਹਨ। ਇਥੇ ਕਲੱਸ਼ ਅਗੇ ਸੁੱਖਾਂ ਵੀ ਸੁਖੀਆਂ ਜਾਂਦੀਆਂ ਹਨ।

ਕਲੱਸ਼ਾਂ ਬਾਰੇ ਕਈ ਤਰ੍ਹਾਂ ਦੀਆਂ ਮਨੌਤਾਂ ਪ੍ਰਚਲਤ

ਹਨ। ਕਰਤਾਰਪੁਰ ਦੇ ਇਤਿਹਾਸਕ ਗੁਰਦੁਆਰੇ ਦੇ ਕਲੱਸ਼ ਬਾਰੇ ਮਨੌਤ ਹੈ ਕਿ ਜਿਥੋਂ ਤਕ ਉਹ ਵਿਖਾਈ ਦਿੰਦਾ ਹੈ, ਉਥੋਂ ਤਕ ਕਿਸੇ ਪ੍ਰਾਣੀ ਨੂੰ ਕਦੇ ਸੱਪ ਜਾਂ ਅਠੂਹਾਂ ਨਹੀਂ ਡੰਗਦਾ। ਜੇ ਭੁਲ-ਭੁਲੇਖੇ ਡੰਗ ਵੀ ਜਾਵੇ ਤਾਂ ਉਹਦਾ ਜ਼ਹਿਰ ਨਹੀਂ ਚੜ੍ਹਦਾ।

(2) ਇਕ ਭਾਂਡਾ, ਜਿਸ ਨੂੰ ਧਾਰਮਿਕ ਸੰਸਕਾਰਾਂ ਅਤੇ ਰੀਤਾਂ ਵੇਲੇ, ਜਲ ਨਾਲ ਭਰ ਕੇ ਰਖਿਆ ਅਤੇ ਪੂਜਿਆ ਜਾਂਦਾ ਹੈ। ਕਲੱਸ਼ ਦੇ ਪਿੰਡੇ ਤੇ ਰੰਗ-ਬਰੰਗੇ ਵੇਲ-ਬੂਟੇ ਬਣਾ ਕੇ, ਸਵਾਸਤਿਕ ਜਾਂ ਕੋਈ ਹੋਰ ਚਿੰਨ੍ਹ ਅੰਕਿਆ ਜਾਂਦਾ ਹੈ। ਫਿਰ ਕਲੱਸ਼ ਉਤੇ, ਕੁਝ ਸਾਵੇ-ਪੱਤਰ ਰੱਖ ਕੇ, ਉਪਰ ਨਾਰੀਅਲ ਧਰਿਆ ਜਾਂਦਾ ਹੈ। ਹਿੰਦੂਆਂ ਵਿਚ ਘਰ ਜਾਂ ਦੁਕਾਨ ਦੀ ਮਹੂਰਤ ਵੇਲੇ 'ਕਲੱਸ਼ ਪੂਜਣਾ' ਵਿਧਾਨ ਹੈ।

ਵਿਆਹ ਵੇਲੇ ਵੀ 'ਕਲੱਸ਼ ਪੂਜਨ' ਦੀ ਪ੍ਰਥਾ ਹੈ। ਕਾਂਗੜੇ ਵਿਚ ਵਿਆਹ ਵੇਲੇ ਕਲੱਸ਼ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਇਸ ਰੀਤ ਨੂੰ 'ਪਾਂਚ ਬਲਬ' ਕਹਿੰਦੇ ਹਨ। ਮਾਲੀ ਪੰਜਾਂ ਬ੍ਰਿਛਾਂ - ਅੱਕ, ਢਾਕ, ਅੰਬ ਆਦਿ ਦੀਆਂ ਟਹਿਣੀਆਂ ਕੱਟ ਕੇ ਲਿਆਂਦਾ ਅਤੇ ਕਲੱਸ਼ ਵਿਚ ਧਰਦਾ ਹੈ। ਫਿਰ ਕਲੱਸ਼ ਦੇ ਉਪਰ ਨਾਰੀਅਲ ਰਖਿਆ ਜਾਂਦਾ ਹੈ। ਉਪਰੋਂ ਲਾਲ ਜਾਂ ਪੀਲੇ ਰੰਗ ਦੇ ਕਪੜੇ ਨਾਲ ਢੱਕ ਦਿੱਤਾ ਜਾਂਦਾ ਹੈ (ਵੇਖੋ : ਕੁੰਭ ਪੂਰਨਾ)।

(ਕ-168) **ਕਲੱਹ** :

ਲੋਕ ਧਾਰਨਾ ਅਨੁਸਾਰ ਨਿਤ ਦੀ ਕਲੱਹ ਦਲਿੱਦਰ ਤੇ ਬਰਬਾਦੀ ਨੂੰ ਜਨਮ ਦਿੰਦੀ ਹੈ। ਕਲੱਹ ਨੂੰ ਲੋਕ-ਚਿੰਤਨ ਨੇ ਕਲੰਦਰ ਕਿਹਾ ਹੈ, ਜੋ ਆਪਣੇ ਇਸ਼ਾਰੇ ਤੇ ਨਚਾਂਦੀ ਹੈ। 'ਕਲੱਹ ਕਲੰਦਰ ਵਸੇ, ਘੜਿਉਂ ਪਾਣੀ ਨਸੇ।'

ਦੁਸ਼ਮਣ ਦੇ ਘਰ ਕਲੱਹ ਵਰਤਾਣ ਲਈ ਕਈ ਤਰ੍ਹਾਂ ਦੇ ਟੂਣੇ-ਟਪੇ ਪ੍ਰਚਲਤ ਹਨ। ਜੇ ਕਿਸੇ ਸ਼ਖ਼ਸ ਦੇ ਘਰ ਕਨੇਰ ਦੇ ਫੁੱਲ ਸੁਟ ਦਿੱਤੇ ਜਾਣ ਤਾਂ ਉਥੇ ਹਰ ਵੇਲੇ ਲੜਾਈ ਝਗੜਾ ਹੁੰਦਾ ਰਹੇਗਾ। - ਕਨੇਰ ਸੁਟਿਆ, ਘਰ ਫੁਟਿਆ (ਵੇਖੋ : ਕਨੇਰ) ਇਸੇ ਤਰ੍ਹਾਂ ਜੇ ਕਿਸੇ ਦੇ ਵਿਹੜੇ ਵਿਚ 'ਸੇਂਹ ਦਾ ਤਕਲਾ' ਬੀਜ ਦਿਤਾ ਜਾਵੇ ਤਾਂ ਉਥੇ ਹਮੇਸ਼ਾ ਕਲੱਹ ਵਰਤੀ ਰਹਿੰਦੀ ਹੈ (ਵੇਖੋ : ਸੇਂਹ ਦਾ ਤਕਲਾ) ਜੇ ਆਟੇ ਦੇ ਦੀਵੇ ਬਣਾ ਕੇ ਤੇ ਉਨ੍ਹਾਂ ਵਿਚ ਸੂਈਆਂ ਗੱਡ ਕੇ, ਕਿਸੇ ਦੇ ਬਨੇਰੇ ਉਤੇ ਰੱਖ ਦਿਤੇ ਜਾਣ ਤਾਂ ਉਸ ਘਰ ਦੇ ਜੀਅ ਹਮੇਸ਼ਾ ਆਪੋ ਵਿਚ ਖਹਿਬੜਦੇ ਰਹਿਣਗੇ ਤੇ ਇਕ ਦੂਜੇ ਨੂੰ ਸੂਲਾਂ ਵਾਂਗ ਚੁਭਣਗੇ। ਦੀਵੇ ਉਤਨੇ ਹੀ ਰਖੇ ਜਾਂਦੇ ਹਨ ਜਿਤਨੇ ਉਸ ਘਰ ਦੇ ਜੀਅ ਹੋਣ। ਇਹ ਸਭ ਟੂਣੇ ਸਹਿ ਤੋਂ ਸਹਿ ਦੀ ਉਤਪਤੀ ਉਤੇ ਆਧਾਰਿਤ ਹਨ।

ਕਲੱਹ ਨੂੰ ਲੋਕ-ਕਲਪਨਾ ਨੇ ਇਕ ਝਗੜਾਲੂ ਤੇ ਵਿਹੁਲੀ ਤੀਵੀਂ ਦੇ ਰੂਪ ਵਿਚ ਸਮੂਰਤ ਕੀਤਾ ਹੈ। ਕਹਿੰਦੇ ਨੇ ਇਕ ਵਾਰ ਨਾਰਦ ਬੜੇ ਕਰੋਧ ਵਿਚ ਬੈਠਾ ਸੀ। ਉਹਨੇ ਆਪਣੇ ਦਿਲ ਦੀ ਭੜਾਸ ਕੱਢਣ ਲਈ ਇਕ ਮੂਰਤੀ ਘੜੀ, ਜਿਸ ਦੇ ਮੂੰਹ ਵਿਚ, ਉਹਨੇ ਅਠੂਏਂ ਦਾ ਡੰਗ ਰਖਿਆ। ਬਦਨ ਵਿਚ ਸੱਪ ਦੀ ਵਿਸ ਘੋਲ ਦਿੱਤੀ। ਝਾਓ ਦੀਆਂ ਜੂਲਾਂ ਲੈ ਕੇ ਉਹਦੇ ਸਿਰ ਤੇ ਤਿੱਖੇ ਵਾਲ ਬਣਾਏ, ਥੋਹਰ ਦੇ ਕੰਡਿਆਂ ਤੋਂ ਰੋਮ, ਅੱਖਾਂ ਉੱਲੂ ਦੀਆਂ, ਨਾਖੁਨ ਬਾਜ਼ ਦੇ। ਭਾਵ ਉਹਦੇ ਜਿਸਮ ਵਿਚ ਸੂਲਾਂ ਵਰਗਾ ਤਿਖਾਪਨ ਲਿਆਂਦਾ ਅਤੇ ਉਹਦੇ ਅੰਦਰ ਦੁਨੀਆਂ ਭਰ ਦੀਆਂ ਜ਼ਹਿਰੀਲੀਆਂ ਵਸਤੂਆਂ ਭਰ ਦਿੱਤੀਆਂ। ਅਚਨਚੇਤ ਨਾਰਦ ਦੀ ਉਹ ਸਿਰਜਨਾ ਸੁਰਜੀਤ ਹੋ ਗਈ। ਨਾਰਦ ਘਬਰਾ ਕੇ ਨਸਣ ਲਗਾ, ਪਰ ਉਸ ਔਰਤ ਨੇ ਨਾਰਦ ਨੂੰ ਵਾਲਾਂ ਤੋਂ ਫੜ ਲਿਆ ਤੇ ਕਹਿਣ ਲਗੀ, "ਮੈਨੂੰ ਕਲਿਆਂ ਛਡ ਕੇ ਕਿਥੇ ਨਠ ਚਲਿਐਂ ? ਮੈਂ ਭੁੱਖੀ ਪਿਆਸੀ ਹਾਂ, ਮੈਨੂੰ ਖਾਣ ਲਈ ਮਾਸ ਤੇ ਪੀਣ ਲਈ ਲਹੂ ਚਾਹੀਦਾ ਏ।" ਨਾਰਦ ਨੇ ਉਸ ਨੂੰ ਪੋਸਤ ਦਾ ਪੋਦਾ ਖਾਣ ਲਈ ਦਿਤਾ। ਨਸ਼ੇ ਵਿਚ ਉਹ ਉਂਘਣ ਲਗੀ। ਜਦੋਂ ਜਾਗੀ ਤਾਂ ਫਿਰ ਲਹੂ ਮੰਗਣ ਲਗੀ।

ਇਹੋ ਔਰਤ ਕਲੱਹ ਸੀ ਜੋ ਉਦੋਂ ਤੋਂ ਹਮੇਸ਼ਾ ਨਾਰਦ ਦੇ ਨਾਲ ਹੀ ਉਸਦੀ ਪਤਨੀ ਦੇ ਰੂਪ ਵਿਚ ਰਹਿੰਦੀ ਹੈ। ਜਦੋਂ ਤਕ ਕਲੱਹ ਡੋਡਿਆਂ ਦੇ ਲੋਰ ਵਿਚ ਮਦਹੋਸ਼ ਪਈ ਰਹਿੰਦੀ ਹੈ, ਦੁਨੀਆਂ ਵਿਚ ਸ਼ਾਂਤੀ ਵਰਤੀ ਰਹਿੰਦੀ ਹੈ। ਪਰ ਜਿਵੇਂ ਹੀ ਹੋਸ਼ ਵਿਚ ਆਉਂਦੀ ਹੈ ਤਾਂ ਲਹੂ ਦੇ ਖੱਪਰ ਮੰਗਦੀ ਹੈ ਤੇ ਦੁਨੀਆਂ ਵਿਚ ਝਗੜੇ ਫ਼ਸਾਦ ਹੁੰਦੇ ਹਨ।

ਕਲੱਹ ਲਈ ਕਲੂ ਸ਼ਬਦ ਵੀ ਵਰਤਿਆ ਜਾਂਦਾ ਹੈ। ਵਾਰਾਂ ਵਿਚ ਕਲੂ ਤੇ ਨਾਰਦ ਦਾ ਵਰਨਣ ਪਤੀ ਪਤਨੀ ਦੇ ਰੂਪ ਵਿਚ ਆਉਂਦਾ ਹੈ। ਕਲੂ ਕਲਜੋਗਣਾਂ ਦਾ ਸੰਬੰਧਿਕ ਹੈ, ਜੋ ਲੜਾਈ ਝਗੜਾ ਪਸੰਦ ਕਰਦੀਆਂ ਹਨ ਅਤੇ ਜਿਨ੍ਹਾਂ ਦੀ ਖ਼ੁਰਾਕ ਲਹੂ ਤੇ ਮਿੱਝ ਹੈ (ਵੇਖੋ : ਕਲਜੋਗਣਾਂ)।

(ਕ-169) **ਕਲੰਕ** :

(1) ਕਲੰਕ ਦਾ ਸੰਬੰਧ ਮੱਥੇ ਨਾਲ ਜੋੜਿਆ ਜਾਂਦਾ ਹੈ-ਮੱਥੇ ਕਲੰਕ ਲਗਾਣਾ ਜਾਂ ਕਲੰਕ ਦਾ ਟਿੱਕਾ ਮੱਥੇ ਲਗਣਾ। ਇਸੇ ਕਰਕੇ ਕੰਨਿਆ ਦੇ ਮੱਥੇ ਉਤੇ ਕਦੇ ਕਾਲਾ ਧੱਬਾ ਜਾਂ ਕਜਲੇ ਦਾ ਨਿਸ਼ਾਨ ਲਗਾਣਾ ਉਸਦਾ ਬੁਰਾ ਚਿਤਵਣਾ ਹੈ, ਵਡੀ ਹੋ ਕੇ ਉਸਦੇ ਮੱਥੇ ਬਦਨਾਮੀ ਲਗਦੀ ਹੈ। ਇਹ ਵਿਚਾਰ 'ਸਹਿ ਤੋਂ ਸਹਿ' ਦੀ ਉਤਪਤੀ 'ਤੇ ਆਧਾਰਿਤ ਹੈ। ਪਰ ਬੱਚੇ ਦੇ ਮੱਥੇ ਉਤੇ, ਕਜਲੇ ਜਾਂ ਸੁਰਮੇ ਦੀ ਕਾਲੀ ਧਾਰੀ ਜਾਂ ਧੱਬਾ ਉਸ ਦੀ ਸਹਜ ਸੁੰਦਰਤਾ ਨੂੰ ਖੰਡਿਤ ਕਰਨ ਲਈ ਲਗਾਈ ਜਾਂਦੀ ਹੈ। ਇਹ ਕਾਲਖ ਬਦਨਜ਼ਰ ਤੋਂ ਬੱਚੇ ਦੀ ਰਖਿਆ ਕਰਦੀ ਹੈ।

ਧਾਰਨਾ ਹੈ ਕਿ ਨਵੇਂ ਚੰਨ ਨੂੰ, ਪਹਿਲੀ ਵਾਰ, ਚੌਥ ਦੀ ਤਿੱਥ ਨੂੰ ਵੇਖਣ ਨਾਲ, ਕਲੰਕ ਮੱਥੇ ਲਗਦਾ ਹੈ। ਪ੍ਰਸੰਗ ਵਿਚ ਇਕ ਕਥਾ ਅਨੁਸਾਰ ਇਕ ਵਾਰ ਚੰਨ ਗਣੇਸ਼ ਦੀ ਅਜੀਬ ਜਿਹੀ ਮਿੱਸੀ ਸ਼ਕਲ ਵੇਖ ਕੇ ਖਿੜ ਖਿੜ ਕਰਕੇ ਹੱਸ ਪਿਆ ਤਾਂ ਗਣੇਸ਼ ਨੇ ਕਰੋਧ ਵਿਚ ਆ ਕੇ ਚੰਨ ਨੂੰ ਸਰਾਪ ਦੇ ਦਿੱਤਾ ਕਿ ਜਿਹੜਾ ਵੀ ਤੇਰੇ ਮੱਥੇ ਲਗੇਗਾ, ਉਹ ਕਲੰਕਿਤ ਹੋ ਜਾਵੇਗਾ। ਚੰਨ ਦੇ ਪਸਚਾਤਾਪ ਕਰਨ ਅਤੇ ਦੇਵਤਿਆਂ ਦੀ ਪ੍ਰੇਰਨਾ 'ਤੇ, ਗਣੇਸ਼ ਨੇ ਇਹ ਸਰਾਪ ਮਗਰੋਂ ਕੁਝ ਨਰਮ ਕਰ ਦਿਤਾ ਕਿ ਕੇਵਲ ਚੌਥ ਦੀ ਤਿਥ ਨੂੰ ਹੀ, ਜਦੋਂ ਇਹ ਘਟਨਾ ਵਾਸਤਵਿਕ ਰੂਪ ਵਿਚ ਵਾਪਰੀ ਸੀ, ਨਵੇਂ ਚੰਦਰਮੇ ਨੂੰ ਪਹਿਲੀ ਵਾਰ ਵੇਖਣ ਨਾਲ ਕਲੰਕ ਲਗੇਗਾ।

ਚੌਬੀਸ ਅਵਤਾਰ (ਦਸਮ ਗ੍ਰੰਥ) ਅਨੁਸਾਰ ਚੰਦਰਮੇ ਨੂੰ ਦੋ ਕਲੰਕ ਲਗੇ ਹੋਏ ਹਨ : (1) ਚੰਦਰਮਾ ਦੇ ਆਪਣੇ ਗੁਰੂ ਬ੍ਰਹਸਪਤੀ ਦੀ ਪਤਨੀ ਤਾਰਾ ਨਾਲ ਭੋਗ ਕਰਨ ਕਰਕੇ, ਗੁਰੂ ਨੇ ਕਾਲੇ ਹਰਨ ਦੀ ਚਮੜੀ ਵਗਾਹ ਮਾਰੀ ਜਿਸ ਕਰਕੇ ਇਕ ਤਾਂ ਚੰਦਰਮਾ ਦਾਗਿਆ ਗਿਆ। ਦੂਜਾ, ਉਹ ਕਈ ਰੋਗਾਂ ਦਾ ਸ਼ਿਕਾਰ ਹੋ ਗਿਆ। (2) ਗੌਤਮ ਰਿਸ਼ੀ ਦੀ ਪਤਨੀ ਅਹਿਲਿਆ ਦੇ ਰੂਪ ਤੇ ਜਵਾਨੀ ਨੂੰ ਜਦੋਂ ਇੰਦਰ ਨੇ ਭੋਗਣਾ ਚਾਹਿਆ, ਤਾਂ ਚੰਦਰਮੇ ਨੇ ਉਹਦੀ ਮੱਦਦ ਕੁੱਕੜ ਦੇ ਰੂਪ ਵਿਚ ਕੀਤੀ। ਸੋ ਰਿਸ਼ੀ ਨੇ ਚੰਦਰਮੇ ਨੂੰ ਸਰਾਪ ਦੇ ਦਿਤਾ, ਜਿਸ ਕਰਕੇ ਉਹ ਘੱਟਦਾ ਵੱਧਦਾ ਰਹਿੰਦਾ ਹੈ।

(2) ਬਦਨਜ਼ਰ ਤੋਂ ਰਖਿਆ ਲਈ, ਕਿਸੇ ਖ਼ੂਬਸੂਰਤ ਚੀਜ਼ ਨੂੰ ਵਿਗਾੜਨ ਲਈ ਲਗਾਇਆ ਨਿਸ਼ਾਨ। ਜਿਵੇਂ ਨਵਾਂ ਮਕਾਨ ਉਸਾਰਨ ਮਗਰੋਂ ਉਹਦੇ ਮਥੇ ਉਤੇ ਕਾਲੀ ਕਟਵੀ ਉਤੇ, ਡਰਾਉਣਾ ਚਿੱਤਰ ਬਣਾ ਕੇ ਮੁਖ ਦੁਆਰ 'ਤੇ ਲਟਕਾਣਾ ਜਾਂ ਫੁੱਲਕਾਰੀ ਦੀ ਕਢਾਈ ਕਰਨ ਮਗਰੋਂ ਇਕ-ਅੱਧ ਫੁੱਲ ਦੀ ਖ਼ੂਬਸੂਰਤੀ ਵਿਗਾੜ ਦੇਣੀ। ਦੁੱਧ ਦਹੀਂ ਦੀ ਭਰੀ ਕੜਾਹੀ ਵਿਚ ਕੋਲਾ ਪਾ ਦੇਣਾ, ਬੱਚੇ ਨੂੰ ਨੁਹਾ-ਧੁਆ ਕੇ ਤੇ ਤਿਆਰ ਕਰਕੇ, ਉਹਦੇ ਮੱਥੇ ਤੇ ਸੁਰਮੇ ਨਾਲ ਕਾਲਾ ਧੱਬਾ ਲਗਾਣਾ। ਇਨ੍ਹਾਂ ਕਲੰਕਾਂ ਨੂੰ ਨਜ਼ਰਬਟੂ ਵੀ ਕਹਿੰਦੇ ਹਨ। ਇਸ ਤਰ੍ਹਾਂ ਬੁਰੀ ਨਜ਼ਰ ਨਹੀਂ ਲਗਦੀ (ਵੇਖੋ : ਨਜ਼ਰ)।

(ਕ-170) **ਕਲਕੀ ਅਵਤਾਰ** :

ਵਿਸ਼ਨੂੰ ਦਾ ਚੌਬੀਸਵਾਂ ਅਵਤਾਰ, ਜਿਸ ਨੇ ਕਲਜੁਗ ਦੇ ਖ਼ਾਤਮੇ 'ਤੇ ਸੰਸਾਰ ਵਿਚ ਪ੍ਰਗਟ ਹੋਣਾ ਹੈ। ਇਹਨੂੰ 'ਨਿਹਕਲੰਕ' ਵੀ ਕਿਹਾ ਜਾਂਦਾ ਹੈ।

'ਕਲਿਕੀ ਪੁਰਾਣ' ਅਨੁਸਾਰ "ਇਕ ਸਮੇਂ ਸੰਭਲ ਦੇਸ ਵਿਚ ਕਲਕੀ ਅਵਤਾਰ ਪੈਦਾ ਹੋਵੇਗਾ, ਜਿਹਦੇ ਨਾਲ ਹੀ ਕਲਿਜੁਗ ਦਾ ਪਹਿਰਾ ਸਮਾਪਤ ਹੋ ਜਾਵੇਗਾ ਅਤੇ ਨਵੇਂ ਸਿਰੇ ਤੋਂ ਸਤਿਜੁਗ ਦਾ ਮੁੱਢ ਬਝੇਗਾ। 'ਵਿਸ਼ਨੂੰ ਪੁਰਾਣ' ਅਨੁਸਾਰ ਕਲਿਜੁਗ ਵਿਚ, ਜਦੋਂ ਘੋਰ ਪਾਪ ਅਤੇ ਅਤਿਆਚਾਰ ਹੋਣਗੇ ਤਾਂ ਸੰਭਲ ਨਗਰ ਵਿਚ ਵਿਸ਼ਨੂੰ ਯਸ਼ ਨਾਮਕ ਬ੍ਰਾਹਮਣ ਦੇ ਘਰ, ਕਲਕੀ ਅਵਤਾਰ ਪ੍ਰਗਟੇਗਾ, ਜੋ ਸਫ਼ੈਦ ਘੋੜੇ ਤੇ ਚੜ੍ਹ ਕੇ ਕੁਕਰਮੀਆਂ ਦਾ ਨਾਸ਼ ਕਰੇਗਾ।

ਸੰਭਲ ਦੇਸ ਦੀ ਭੂਗੋਲਿਕ ਸਥਿਤੀ ਬਾਰੇ ਕੋਈ ਨਿਸਚਿਤ ਵੇਰਵਾ ਨਹੀਂ ਮਿਲਦਾ। ਇਸ ਲਈ ਇਸ ਨਗਰ ਬਾਰੇ ਭਿੰਨ ਭਿੰਨ ਰਾਵਾਂ ਹਨ। ਮਹਾਨ ਕੋਸ਼ (ਪੰਨਾ 185) ਅਨੁਸਾਰ ਸੰਭਲ ਨਗਰ ਮੁਰਾਦਾਬਾਦ ਤੋਂ 23 ਮੀਲ ਦੱਖਣ-ਪੱਛਮ ਵਲ ਸਥਿਤ ਹੈ। ਪੰਡਤ ਨਰੈਣ ਸਿੰਘ ਨੇ, ਸੰਭਲ ਨੂੰ, ਚੀਨ ਦੇ ਉੱਤਰ ਵਿਚ, ਮੰਗੋਲੀਆ ਵਿਚ ਮੰਨਿਆ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸੰਭਲ ਨਗਰ ਪਟਨੇ ਦੇ ਜ਼ਿਲੇ ਵਿਚ ਸਥਿਤ ਹੈ। ਪੁਰਾਣਾਂ ਅਨੁਸਾਰ ਸੰਭਲ ਨਗਰ ਸਤ ਯੋਜਨ ਦੇ ਘੇਰੇ ਵਿਚ ਫੈਲਿਆ ਹੋਵੇਗਾ। ਸਿੱਖ ਰਵਾਇਤਾਂ ਅਨੁਸਾਰ ਕਲਕੀ ਅਵਤਾਰ ਹਰਿਮੰਦਰ ਵਿਚ ਪ੍ਰਗਟ ਹੋਵੇਗਾ।

ਕਲਕੀ ਅਵਤਾਰ ਦਾ ਸਮਾਂ ਵੀ ਨਿਸਚਿਤ ਨਹੀਂ। ਇਹ ਅਵਤਾਰ ਹੋ ਚੁਕਾ ਹੈ ਜਾਂ ਅਜੇ ਹੋਣਾ ਹੈ ? ਇਸ ਬਾਰੇ ਵੀ ਕੋਈ ਗੱਲ ਸਪਸ਼ਟ ਨਹੀਂ। ਜੇ ਅਵਤਾਰ ਹੋ ਚੁੱਕਾ ਹੈ ਤਾਂ ਉਹ ਕੌਣ ਸੀ ?

ਦਸਮ-ਗ੍ਰੰਥ ਵਿਚ ਕਲਕੀ ਅਵਤਾਰ ਬਾਰੇ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਦਸਮ-ਗ੍ਰੰਥ ਅਨੁਸਾਰ ਜਦੋਂ ਕਲਿਜੁਗ ਵਿਚ ਘੋਰ-ਪਾਪ ਅਤੇ ਅਨਿਆਂ ਹੋਣ ਲਗਣਗੇ, ਲੋਕਾਂ ਦੀ ਬੁੱਧੀ ਭ੍ਰਿਸ਼ਟ ਹੋ ਜਾਵੇਗੀ। ਵਿਭਚਾਰ ਇਤਨਾ ਵਧ ਜਾਵੇਗਾ ਕਿ ਕਾਮ-ਤ੍ਰਿਪਤੀ ਲਈ ਮਾਂ, ਭੈਣ ਜਾਂ ਧੀ ਨੂੰ ਭੋਗਣੋਂ ਵੀ ਝਿਜਕ ਨਹੀਂ ਰਹੇਗੀ। ਸਤਿ, ਸੰਤੋਖ ਤੇ ਦਇਆ ਸੰਸਾਰ ਤੋਂ ਖੰਭ ਲਾ ਕੇ ਉਡ ਜਾਣਗੇ; ਅਜਿਹੀ ਅਨੈਤਿਕ ਸਥਿਤੀ ਵਿਚ ਕਲਕੀ ਅਵਤਾਰ ਪ੍ਰਗਟ ਹੋਵੇਗਾ। ਦਸਮ ਗ੍ਰੰਥ ਦੇ 'ਚੌਬੀਸ ਅਵਤਾਰ' ਦੇ ਸ਼ਬਦਾਂ ਵਿਚ :

ਭਾਰਾ ਕ੍ਰਿਤ ਹੋਤ ਜਬ ਧਰਣੀ
ਪਾਪ ਗ੍ਰਹਸਤ ਕਛੁ ਜਾਤ ਨ ਬਰਣੀ
ਭਾਂਤ ਭਾਂਤ ਤਨ ਹੋਤ ਉਤਪਾਤਾ
ਪੁਤ੍ਰਹ ਸੇਜ ਸੋਵਤ ਲੈ ਮਾਤਾ
ਸੁਤਾ ਪਿਤਾ ਤਨ ਰਮਤ ਨਿਸ਼ੰਕਾ
ਭਗਨੀ ਭਰਤ ਭ੍ਰਾਤ ਕਹ ਅੰਕਾ
ਭ੍ਰਾਂਤ ਬਹਨ ਤਨ ਕਰਤ ਬਿਹਾਰਾ
ਇਸਤ੍ਰੀ ਤਜੀ ਸਕਲ ਸੰਸਾਰਾ...

ਹਰੇਕ ਮਰਦ ਇਸਤ੍ਰੀ ਧਰਮ ਦੀਆਂ ਰੀਤਾਂ ਭੁਲ ਕੇ, ਵਿਭਚਾਰ ਦਾ ਸ਼ਿਕਾਰ ਹੋਂਦੇ ਹੋਣਗੇ।

ਅਤਿ ਬਿਭਚਾਰ ਫਸੀ ਬਰ ਨਾਰੀ
ਧਰਮ ਰੀਤ ਕੀ ਪ੍ਰੀਤ ਬਿਸਾਰੀ
ਘਰ ਘਰ ਝੂਠ ਅਮਸਿਆ ਭਈ
ਸਾਚ ਕਲਾ ਸੱਸ ਕੀ ਦੂਰ ਗਈ

ਅਜਿਹੀ ਅਨੈਤਿਕ ਸਥਿਤੀ ਵਿਚ ਹਰੇਕ ਸ਼ਖ਼ਸ ਰੱਬ ਹੋਣ ਦਾ ਦਾਅਵਾ ਕਰੇਗਾ ।

ਆਪ ਆਪ ਪਾਰਬ੍ਰਹਮ ਕਹੈ ਹੈ
ਨੀਚ ਉਚ ਕਹਿ ਸੀਸ ਨਾ ਲੈ ਹੈ

ਤਾਂ ਸੰਸਾਰ ਦੀ ਕਲਿਆਨਤਾ ਅਤੇ ਧਰਮ ਦੀ ਪੁਨਰ ਸਥਾਪਤੀ ਲਈ ਕਲਕੀ ਅਵਤਾਰ ਜਨਮ ਲਏਗਾ । ਇਸ ਛਿਣ ਕਲਿਜੁਗ ਦਾ ਪਹਿਰਾ ਮੁਕੇਗਾ ਅਤੇ ਸਤਿਜੁਗ ਦਾ ਆਰੰਭ ਹੋਵੇਗਾ :

ਕਲਿਜੁਗ ਕੇ ਅੰਤਹਿ ਸਮੇਂ
ਸਤਿਜੁਗ ਲਾਗਤ ਆਦਿ
ਦੀਨਨ ਕੀ ਰੱਛਾ ਲੀਏ
ਧਰਿ ਹੈ ਰੂਪ ਅਨਾਦ

ਕਲਕੀ ਅਵਤਾਰ ਦਾ ਸਰੂਪ ਬੜਾ ਸਜੀਲਾ ਤੇ ਸ਼ਖ਼ਸੀਅਤ ਬੜੀ ਗੌਰਵਮਈ ਹੋਵੇਗੀ । ਉਹ ਉਚੇ ਆਦਰਸ਼ਾਂ ਦੀ ਪੂਰਤੀ ਲਈ ਜੂਝੇਗਾ । 'ਦਸਮ ਗ੍ਰੰਥ' ਵਿਚ ਕਲਕੀ ਦੇ ਸਰੂਪ, ਸ਼ੋਭਾ ਤੇ ਗੌਰਵ ਦਾ ਵਰਨਣ ਇਉਂ ਮਿਲਦਾ ਹੈ :—

ਰੂਪ ਅਨੂਪ ਸਰੂਪ ਮਹਾ ਲੱਖ
ਦੇਵ ਅਦੇਵ ਲਜਾਵਹਗੇ ।
ਅਰਿ ਮਾਰ ਸੁਧਾਰ ਕੈਟਾਰ ਘਣੋ
ਬਹੁਰੋ ਕਲਿ ਧਰਮ ਚਲਾਵਹਗੇ ।
ਸਭ ਸਾਧ ਉਬਾਰ ਲੈ ਕਰ ਕੇ
ਦੁਖ ਆਚ ਨਾ ਲਾਗਨ ਪਾਵਹਗੇ ।
ਭਲ ਭਾਗ ਭਯਾ ਇਹ ਸੰਭਲ ਕੇ,
ਹਰਿ ਜੂ ਹਰਿ ਮੰਦਰ ਆਵਹਗੇ ।

ਕਲਕੀ ਤੇਜਸਵੀ ਯੋਧੇ ਦੇ ਰੂਪ ਵਿੱਚ ਘੋੜੇ ਤੇ ਸਵਾਰ ਹੋ ਕੇ, ਮੈਦਾਨ ਵਿਚ ਨਿਤਰੇ ਅਤੇ ਅਨੇਕਾਂ ਜ਼ਾਲਮਾਂ ਅਤੇ ਦੋਖੀਆਂ ਨਾਲ ਯੁੱਧ ਕਰਕੇ ਉਨ੍ਹਾਂ ਦਾ ਨਾਸ ਕਰ ਦੇਵੇਗਾ । ਸਭ ਤੋਂ ਪਹਿਲਾਂ, ਉਹ ਸੰਭਲ ਦੇਸ ਦੇ ਸ਼ੂਦਰ ਰਾਜੇ ਉਤੇ, ਵਿਜੇ ਪ੍ਰਾਪਤ ਕਰੇਗਾ । ਇਹ ਸ਼ੂਦਰ ਰਾਜਾ ਲੋਕਾਂ ਤੇ ਬੜੇ ਅਤਿਆਚਾਰ ਕਰਦਾ ਹੋਵੇਗਾ । ਉਸ ਦੇ ਰਾਜ ਪ੍ਰਬੰਧ ਵਿਚ ਇਕ ਬ੍ਰਾਹਮਣ ਕਾਲਕਾ ਦੇਵੀ ਦੀ ਪੂਜਾ ਕਰਦਾ ਹੋਵੇਗਾ । ਬ੍ਰਾਹਮਣ ਦੀ ਪਤਨੀ ਬ੍ਰਾਹਮਣ ਦੇ ਵਿਰੁਧ ਰਾਜੇ ਕੋਲ ਸ਼ਿਕਾਇਤ ਲੈ ਕੇ ਜਾਵੇਗੀ ਅਤੇ ਰਾਜਾ ਬ੍ਰਾਹਮਣ ਨੂੰ ਦੇਵੀ-ਪੂਜਣ ਦੇ ਕਸੂਰ ਬਦਲੇ, ਮੌਤ ਦ ਡੰਡ ਦੇਵੇਗਾ । ਬ੍ਰਾਹਮਣੀ ਦੀ ਆਪਣੇ ਪਤੀ ਵਿਰੁਧ ਸ਼ਿਕਾਇਤ ਉਸ ਵਕਤ ਦੇ ਤਿੜਕੇ ਪਰਿਵਾਰਾਂ ਵਲ ਸੰਕੇਤ ਹੈ । ਜਦੋਂ ਬ੍ਰਾਹਮਣ ਦਾ ਘਾਤ ਹੋਣ ਲਗੇਗਾ ਤਾਂ ਕਲਕੀ ਅਵਤਾਰ ਮੌਕੇ ਤੇ ਪਹੁੰਚ ਕੇ ਸੰਭਲ ਦੇ ਰਾਜੇ ਨਾਲ ਯੁੱਧ ਕਰੇਗਾ, ਜਿਸ ਵਿਚ ਸ਼ੂਦਰ ਰਾਜਾ ਮਾਰਿਆ ਜਾਵੇਗਾ ।

ਇਸ ਉਪਰੰਤ ਕਲਕੀ ਅਵਤਾਰ, ਸਫੈਦ ਰੰਗ ਦੇ ਖ਼ੂਬਸੂਰਤ ਘੋੜੇ ਉਤੇ ਸਵਾਰ ਹੋ ਕੇ ਦੇਸ਼ ਦਾ ਰਾਜ ਕਰੇਗਾ । ਪੁਰਾਣਾ ਅਨੁਸਾਰ ਉਹਦੇ ਹੱਥ ਵਿਚ ਬੋਦੀ ਵਾਲੇ ਤਾਰੇ ਵਰਗੀ ਚਮਕਦੀ ਤਲਵਾਰ ਹੋਵੇਗੀ ।

ਕਲਕੀ ਅਵਤਾਰ ਸਭ ਅਧਰਮੀਆਂ ਦਾ ਨਾਸ ਕਰ ਕੇ, ਧਰਮ ਦੀ ਸਥਾਪਨਾ ਕਰੇਗਾ ਅਤੇ ਉਹਦਾ ਰਾਜ 10,20,000 ਵਰ੍ਹੇ ਤਕ ਰਹੇਗਾ ।

ਇਸ ਕਲਕੀ ਅਵਤਾਰ ਜੀਤ ਜੁੱਧ ਸਬੈ ਨ੍ਰਿਪਾਹਿ
ਕੀਨੋ ਰਾਜ ਸੁਧਾਰ ਬੀਸ ਸਹੰਸ ਦਸ ਲਖ ਬਰਸ ।

ਫਿਰ ਕਲਕੀ ਅਵਤਾਰ ਵਿਚ ਵੀ ਹਉਮੈ ਜਾਗ ਉਠੇਗੀ ਅਤੇ ਉਹ ਅਕਾਲ ਪੁਰਖ ਤੋਂ ਬੇਮੁਖ ਹੋ ਜਾਵੇਗਾ ਅਤੇ ਪ੍ਰਭੂ ਉਹਦਾ ਨਾਸ਼ ਕਰ ਦੇਵੇਗਾ ।

(ਕ-171) **ਕਲਗਾ :**

ਇਕ ਪੌਦਾ, ਜਿਹਨੂੰ ਕੁੱਕੜ ਦੀ ਕਲਗੀ ਦੀ ਸ਼ਕਲ ਦੇ ਲਾਲ ਪੀਲੇ ਮਖ਼ਮਲੀ ਫੁੱਲ ਲਗਦੇ ਹਨ । ਇਹ ਪੌਦਾ ਆਮ ਤੌਰ 'ਤੇ ਬਰਸਾਤਾਂ ਵਿਚ ਉਸਰਦਾ ਹੈ । ਇਸ ਪੌਦੇ ਬਾਰੇ, ਇਕ ਮਿੱਥੀ ਪ੍ਰਚਲਤ ਹੈ : ਜਦ ਇੰਦਰ ਗੌਤਮ ਰਿਸ਼ੀ ਦਾ ਰੂਪ ਧਾਰ ਕੇ ਅਹਿਲਿਆ ਨੂੰ ਭੋਗ ਰਿਹਾ ਸੀ ਤਾ ਚੰਦਰਮਾ ਕੁੱਕੜ ਦੇ ਰੂਪ ਵਿਚ ਖੜਾ ਪਹਿਰਾ ਦੇ ਰਿਹਾ ਸੀ । ਜਦੋਂ ਇਸ ਗੱਲ ਦਾ ਗਿਆਨ, ਗੌਤਮ ਨੂੰ ਹੋਇਆ, ਤਾਂ ਉਸ ਨੇ ਕੁੱਕੜ ਦੇ ਰੂਪ ਵਿਚ ਪਹਿਰਾ ਦੇ ਰਹੇ ਚੰਨ ਉਤੇ ਆਪਣਾ ਪਰਨਾ ਵਗਾਹ ਮਾਰਿਆ ਤੇ ਉਹਨੂੰ ਫੜਨਾ ਚਾਹਿਆ । ਚੰਨ ਆਪਣਾ ਜਿਸਮ ਛੁਡਾ ਕੇ, ਉਥੋਂ ਨਠ ਗਿਆ । ਪਰ ਉਹਦੀ ਕਲਗੀ ਗੌਤਮ ਦੇ ਹੱਥਾਂ ਵਿਚ ਰਹਿ ਗਈ । ਗੌਤਮ ਨੇ ਉਹ ਕਲਗੀ ਬਾਹਰ ਜ਼ਿਮੀਂ ਉਤੇ ਪਟਕਾ ਕੇ ਮਾਰੀ, ਉਥੋਂ ਹੀ ਕਲਗੇ ਦਾ ਪੌਦਾ ਉਗਿਆ ।

(ਕ-172) **ਕਲਗੀ :**

ਮੋਰ ਅਤੇ ਕੁੱਕੜ ਆਦਿ ਜਨੌਰਾਂ ਦੀ ਕਲਗੀ ਉਨ੍ਹਾਂ ਦਾ ਗੌਰਵ ਮੰਨੀ ਜਾਂਦੀ ਰਹੀ ਹੈ । ਇਸ ਦੀ ਡਿੱਠ ਤੋਂ ਪ੍ਰਭਾਵਿਤ ਹੋ ਕੇ ਗੌਰਵ ਵਾਲੇ ਵਿਅਕਤੀਆਂ ਕਬੀਲੇ ਦੇ ਸਰਦਾਰਾਂ ਅਤੇ ਸਾਹਸੀ ਯੋਧਿਆਂ ਵਿਚ, ਪੰਛੀਆਂ ਦੇ ਖੰਭਾਂ ਦੀ ਕਲਗੀ ਬਣਾ ਕੇ ਧਾਰਨ ਕਰਨ ਦੀ ਪ੍ਰਥਾਂ ਚਲ ਪਈ । ਹੌਲੇ ਹੌਲੇ ਕਲਗੀ ਵਡੱਪਣ ਦਾ ਚਿੰਨ੍ਹ ਸਮਝੀ ਜਾਣ ਲਗੀ । ਪ੍ਰਾਚੀਨ ਕਾਲ ਵਿਚ, ਸ਼ਿਕਾਰੀ ਜਿਨ੍ਹਾਂ ਪੰਛੀਆਂ ਦਾ ਸ਼ਿਕਾਰ ਕਰਦੇ ਸਨ, ਉਨ੍ਹਾਂ ਦੇ ਖੰਭਾਂ ਦੀ ਕਲਗੀ ਬਣਾ ਕੇ, ਸਿਰ ਤੇ ਸਜਾ ਲਿਆ ਕਰਦੇ ਸਨ । ਹੌਲੇ ਹੌਲੇ ਕਲਗੀ ਵਿਜੇ ਦਾ ਪ੍ਰਤੀਕ ਬਣ ਗਈ ।

ਧਾਰਨਾ ਹੈ ਕਿ ਪੰਛੀਆਂ ਦੇ ਖੰਭਾਂ ਦੀ ਕਲਗੀ ਜੇ ਸਿਰ 'ਤੇ ਧਾਰਨ ਕੀਤੀ ਹੋਵੇ ਤਾਂ ਪ੍ਰੇਤ ਰੂਹਾ ਵੀ ਦੂਰ

ਰਹਿੰਦੀਆਂ ਹਨ। ਪ੍ਰੇਤ ਰੂਹਾਂ ਮੱਥੇ ਦੁਆਰਾ ਸਰੀਰ ਵਿਚ ਦਾਖ਼ਲ ਹੁੰਦੀਆਂ ਮੰਨੀਆਂ ਜਾਂਦੀਆਂ ਹਨ। ਪਰ ਜੇ ਸਿਰ ਤੇ ਕਲਗੀ ਹੋਵੇ ਤਾਂ ਨੇੜੇ ਨਹੀਂ ਢੁਕਦੀਆਂ। ਇਕ ਹੋਰ ਧਾਰਨਾ ਅਨੁਸਾਰ ਸਿਰ ਤੇ ਕਲਗੀ ਪਹਿਨੀ ਹੋਵੇ ਤਾਂ ਵਿਅਕਤੀ ਵਿਚ ਪੰਛੀਆਂ ਵਾਲੀ ਫੁਰਤੀ, ਚਾਤੁਰੀ ਤੇ ਫੁਹਲਾਪਨ ਆ ਜਾਂਦਾ ਹੈ। ਇਸ ਵਿਚਾਰ ਦਾ ਆਧਾਰ ਸਹਿ ਤੋਂ ਸਹਿ ਦੀ ਉਤਪਤੀ ਹੈ।

(2) ਪੰਜਾਬੀ ਕੋਸ਼ (1,524) ਅਨੁਸਾਰ 'ਦਿਲ ਭਰਮਾਉਣ ਵਾਲਾ ਇਕ ਗੀਤ, ਜਿਸ ਨਾਲ ਇਸਤ੍ਰੀ ਆਦਮੀ ਨੂੰ ਮੋਂਹਦੀ ਅਤੇ ਆਪਣਾ ਪਿਆਰ ਪ੍ਰਗਟ ਕਰਦੀ ਹੈ।' ਪਰ ਲੇਖਕ ਦੀ ਨਜ਼ਰੇ ਕੋਈ ਅਜਿਹਾ ਗੀਤ ਨਹੀਂ ਚੜ੍ਹਿਆ, ਜਿਹੜਾ ਕਲਗੀ ਦੇ ਨਾਂ ਨਾਲ ਪ੍ਰਸਿੱਧ ਹੋਵੇ।

(3) ਇਕ ਟੂਣਾ, ਜਿਸ ਨਾਲ ਪਰਾਏ ਮਰਦ ਨੂੰ ਵਸ ਵਿਚ ਕੀਤਾ ਜਾਂਦਾ ਹੈ। ਪੰਛੀਆਂ ਦੇ ਖੰਭਾਂ ਨੂੰ ਮੌਲੀ ਦੇ ਧਾਗੇ ਵਿਚ ਬੰਨ੍ਹ ਕੇ ਕਲਗੀ ਬਣਾ ਲਈ ਜਾਂਦੀ ਹੈ ਅਤੇ ਇਹਦੇ ਉਤੇ ਮੰਤਰ ਫੂਕ ਕੇ ਜਿਸ ਗਭਰੂ ਨੂੰ ਵਸ ਵਿਚ ਕਰਨਾ ਹੋਵੇ ਉਹਦੇ ਘਰ ਵਿਚ ਸੁੱਟ ਦਿੱਤਾ ਜਾਂਦਾ ਹੈ ਜਾਂ ਵਿਹੜੇ ਵਿਚ ਚੋਰੀ ਛਿਪੇ ਕਿਸੇ ਤਰ੍ਹਾਂ ਦੱਬ ਦਿੱਤਾ ਜਾਂਦਾ ਹੈ।

(4) ਲੋਕ-ਕਲਾ ਵਿਚ ਕਲਗੀ ਦਾ ਮੋਟਿਫ਼ ਬੜਾ ਪ੍ਰਸਿਧ ਹੈ। ਮੁਗ਼ਲ ਸ਼ਹਿਨਸ਼ਾਹ ਬਾਬਰ ਨੂੰ ਬਦਾਮ ਅੰਬ ਦੀ ਸ਼ਕਲ ਦੀ ਕਲਗੀ ਬੜੀ ਪਸੰਦ ਸੀ। ਜਿਹਨੂੰ ਉਹ ਆਪਣੀ ਪੱਗੜੀ 'ਤੇ ਸਜਾਈ ਰਖਦਾ ਸੀ। ਪੰਜਾਬ ਦੇ ਜੁਲਾਹਿਆਂ ਨੇ ਬਾਬਰ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਅੰਬ ਦੀ ਸ਼ਕਲ ਦੀ ਕਲਗੀ ਨੂੰ, ਕਪੜੇ ਦੀ ਬੁਣਤੀ ਵਿਚ, ਮੋਟਿਫ਼ ਦੇ ਰੂਪ ਵਜੋਂ ਪੇਸ਼ ਕੀਤਾ। ਇਹ ਮੋਟਿਫ਼ ਅਜ ਵੀ ਇਤਨਾ ਮਕਬੂਲ ਹੈ ਕਿ ਖੱਡੀ ਦੀ ਬੁਣਤੀ ਵਿਚ ਇਹ ਪ੍ਰਤੀਨਿਧ ਮੋਟਿਫ਼ ਮੰਨਿਆ ਗਿਆ ਹੈ।

(ਕ-173) **ਕਲਜੋਗਣਾਂ** :

ਇਕ ਤਰ੍ਹਾਂ ਦੇ ਪਰਾਸਰੀਰਕ ਪ੍ਰਾਣੀ ਜੋ ਕਲ੍ਹਾ ਵਰਤਾਂਦੀਆਂ ਹਨ ਅਤੇ ਲੜਾਈ ਵੇਲੇ ਲਹੂ ਪੀ ਕੇ ਪ੍ਰਸੰਨ ਹੁੰਦੀਆਂ ਹਨ। ਕਲਜੋਗਣਾਂ ਬਾਰੇ ਕੋਈ ਇਕ ਨਿਸਚਿਤ ਧਾਰਨਾ ਨਹੀਂ। ਇਕ ਮਨੌਤ ਅਨੁਸਾਰ ਇਹ ਦੁਰਗਾ ਦੀਆਂ ਦਾਸੀਆਂ ਹਨ, ਜੋ ਉਹਦੀ ਸੇਵਾ ਵਿਚ ਹਾਜ਼ਰ ਰਹਿੰਦੀਆਂ ਹਨ। ਇਨ੍ਹਾਂ ਦੀ ਗਿਣਤੀ ਕਦੇ ਅੱਠ ਦਸੀ ਜਾਂਦੀ ਹੈ ਤੇ ਕਦੇ ਹਜ਼ਾਰਾਂ। ਇਕ ਹੋਰ ਮਨੌਤ ਅਨੁਸਾਰ ਕਲਜੋਗਣਾਂ ਦੁਰਗਾ ਦਾ ਹੀ ਰੂਪ ਹਨ ਅਤੇ ਇਨ੍ਹਾਂ ਦੀ ਗਿਣਤੀ 60 ਤੋਂ 85 ਤਕ ਹੈ, ਜੋ ਵੱਧ ਕੇ ਇਕ ਕਰੋੜ ਤਕ ਜਾ ਪਹੁੰਚਦੀ ਹੈ। ਕਾਲੀ ਨਾਲ ਸੰਬੰਧਿਤ ਹੋਣ ਕਰਕੇ ਇਹ ਕਲਜੋਗਣਾਂ ਦੇ ਨਾਂ ਨਾਲ ਪ੍ਰਸਿਧ ਹੋਈਆਂ।

ਕਲਜੋਗਣਾਂ ਲੜਾਈ ਸਮੇਂ ਮਾਰੇ ਗਏ ਸੂਰਮਿਆਂ ਦਾ ਲਹੂ ਪੀਂਦੀਆਂ ਹਨ। ਉਦੋਂ ਕਲਜੋਗਣਾਂ ਕਦੇ ਕਾਂ ਦਾ ਰੂਪ ਧਾਰਦੀਆਂ ਹਨ, ਕਦੇ ਗਿੱਧ ਦਾ, ਕਦੇ ਗਿੱਦੜ ਦਾ ਤੇ ਕਦੇ ਕਿਸੇ ਹੋਰ ਜਾਨਵਰ ਪਸ਼ੂ ਦਾ। ਇਹ ਸ਼ਕਲ ਦੀਆਂ ਡਰਾਉਣੀਆਂ, ਰੰਗ ਦੀਆਂ ਕਾਲੀਆਂ, ਸੁਭਾਵ ਦੀਆਂ ਨੀਚ ਤੇ ਔਖਰੀਆਂ ਹਨ। ਕਲਜੋਗਣਾਂ ਜਾਦੂ ਟੂਣੇ ਦੁਆਰਾ ਵੀ ਨੁਕਸਾਨ ਪਹੁੰਚਾਂਦੀਆਂ ਹਨ।

ਭਾਈ ਮਯਾ ਸਿੰਘ ਅਨੁਸਾਰ ਕਲਜੋਗਣ ਇਕ ਕਲਪਿਤ ਅਦ੍ਰਿਸ਼ਟ ਜੀਵ ਹਨ, ਜੋ ਮਹੀਨੇ ਵਿਚ ਕੇਵਲ ਇਕ ਵਾਰ ਧਰਤੀ ਦੀ ਪ੍ਰਕਰਮਾ ਕਰਦੇ ਹਨ। ਕਲਜੋਗਣਾਂ ਵਲ ਮੂੰਹ ਕਰਕੇ ਸਫ਼ਰ ਕਰਨਾ ਠੀਕ ਨਹੀਂ ਹੁੰਦਾ ਪਰ ਪਿੱਠ ਕਰਕੇ ਸਫ਼ਰ ਕਰਨ ਦਾ ਕੋਈ ਹਰਜ ਨਹੀਂ। ਨਾ ਇਹ ਸ਼ਗਨ ਹੈ ਤੇ ਨਾ ਬਦਸ਼ਗਨ ਇਹ ਧਾਰਨਾ ਕਲਜੋਗਣਾਂ ਨੂੰ ਦਿਸ਼ਾ-ਸੂਲ ਨਾਲ ਜੋੜਦੀ ਹੈ। ਦਿਸ਼ਾ-ਸੂਲ ਵਲ ਮੂੰਹ ਕਰ ਕੇ ਸਫ਼ਰ ਕਰਨਾ ਅਸ਼ੁਭ ਤੇ ਹਾਨੀਕਾਰਕ ਮੰਨਿਆ ਗਿਆ ਹੈ। ਮੁਸਲਮਾਨਾਂ ਵਿਚ ਇਸੇ ਤਰ੍ਹਾਂ ਦਾ ਦਿਸ਼ਾ-ਭਰਮ 'ਅਬਦਾਲਾ' ਨਾਲ ਸੰਬੰਧਿਤ ਹੈ (ਵੇਖੋ : ਅਬਦਾਲ)।

ਪੰਜਾਬੀ ਕੋਸ਼ (1,529) ਅਨੁਸਾਰ ਕਲਜੋਗਣੀ ਇਕ ਮਨੌਤੀ ਇਸਤ੍ਰੀ ਹੈ, ਜੋ ਪ੍ਰਤੱਖ ਨਜ਼ਰ ਨਹੀਂ ਆਉਂਦੀ, ਪਰ ਸਦਾ ਲੜਾਈ ਕਰਾਉਣ ਤੇ ਤੱਤਪਰ ਰਹਿੰਦੀ ਹੈ ਤੇ ਜਿਸ ਦੀ ਖ਼ੁਰਾਕ ਜੰਗ ਵਿਚ ਡੁਲ੍ਹਿਆ ਆਦਮੀਆਂ ਦਾ ਖ਼ੂਨ ਹੈ। ਕਲਜੋਗਣਾਂ ਨੇ ਕਾਲੇ ਰੰਗ ਦੇ ਕਪੜੇ ਪਹਿਨੇ ਹੁੰਦੇ ਹਨ ਤੇ ਇਨ੍ਹਾਂ ਦੀਆਂ ਰੱਤੀਆਂ ਜੀਭਾਂ ਲਹੂ ਚਟਦੀਆਂ ਰਜਦੀਆਂ ਨਹੀਂ।

ਵਾਰਾਂ ਵਿਚ ਕਲਜੋਗਣਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਨੂੰ ਜੋਗਣੀਆਂ ਵੀ ਕਹਿੰਦੇ ਹਨ : "ਜੋਗਣੀਆਂ ਰੱਤ ਪੀਵਣ ਆਈਆਂ ਮਾਸ ਧੜਾਂ ਤੇ ਨਾਹੀਂ।"

(ਕ-174) **ਕਲਪ** :

ਕਾਲ ਦਾ ਇਕ ਪੌਰਾਣਿਕ ਮਾਪ ਦੰਡ; ਬ੍ਰਹਮਾ ਦੀ ਉਮਰ ਦਾ ਇਕ ਦਿਵਸ, ਜੋ ਇਕ ਹਜ਼ਾਰ ਮਹਾਂਯੁਗਾਂ ਦੇ ਬਰਾਬਰ ਹੈ, ਕਲਪ ਅਖਵਾਂਦਾ ਹੈ। ਮਨੁੱਖ ਪ੍ਰਮਾਨ ਅਨੁਸਾਰ ਇਹ ਸਮਾਂ 4,320,000,000 ਸਾਲਾਂ ਦਾ ਬਣਦਾ ਹੈ।

ਸਤਿਜੁਗ, ਤ੍ਰੇਤਾ, ਦੁਆਪਰ, ਅਤੇ ਕਲਿਜੁਗ ਚੋਹਾਂ ਦਾ ਸਮਾਂ ਮਿਲਾ ਕੇ ਇਕ ਮਹਾਂ-ਯੁਗ ਦੇ ਬਰਾਬਰ ਬਣਦਾ ਹੈ :—

ਸਤਿਜੁਗ : 4800 ਦੈਵੀ ਵਰ੍ਹੇ
ਤ੍ਰੇਤਾ : 3600 ,, ,,
ਦੁਆਪਰ : 2400 ,, ,,
ਕਲਿਜੁਗ : 1200 ,, ,,
————
ਕੁਲ ਜੋੜ : 12,000 ਦੈਵੀ ਵਰ੍ਹੇ

[illegible] ਦੇ 360 ਸਾਲਾ ਦੇ [illegible] 12,000 × 360 [illegible] ਦਾ ਹੋਇਆ । ਕਲਪ [illegible] ਦਾ ਅੰਤ ਹੈ । ਇਸ ਤਰ੍ਹਾਂ [illegible] ਦਾ ਬਣਿਆ । ਹਰੇਕ ਕੱਲਪ ਦੇ [illegible] ਕਹਿੰਦੇ ਹਨ । ਹਰ [illegible] ਹੁੰਦਾ ਹੈ । ਇਸੇ ਤਰ੍ਹਾਂ ਹਰ [illegible] ਇੰਦਰ, ਇੰਦਰਾਣੀ ਤੇ ਸਪਤ [illegible]

[illegible] ਸੌ ਵਰ੍ਹੇ ਮੰਨੀ ਗਈ ਹੈ । [illegible] 30 ਕਲਪਾਂ ਦਾ ਅਤੇ ਸਾਲ 360 [illegible] ਬ੍ਰਹਮਾ ਆਪਣੀ ਆਯੂ ਦੇ [illegible] ਹੁਣ ਉਹ 51ਵੇਂ ਵਰ੍ਹੇ ਅਥਵਾ [illegible] ਦੀ ਲੰਘ ਰਿਹਾ ਹੈ । ਹਰ ਸੌ [illegible] ਬ੍ਰਹਮਾ, ਆਪਣੀ ਪੂਰੀ ਆਯੂ [illegible] ਵਿਸ਼ਵ ਦਾ ਅੰਤ ਹੁੰਦਾ ਹੈ । ਪ੍ਰਲੌ [illegible] ਅਤੇ ਨਵਾਂ ਬ੍ਰਹਮਾ ਉਦੈ ਹੁੰਦੇ ਹਨ ।

[illegible] ਹਰੇਕ ਕਲਪ ਦੇ ਅੰਤ ਉਤੇ [illegible] ਖੁਲ੍ਹਦੀ ਹੈ ਸਾਰੇ ਬ੍ਰਹਿਮੰਡ, [illegible] ਅਤੇ [illegible] ਚੇਤਨ, ਸਭਨਾਂ ਨੂੰ ਭਸਮ ਕਰ [illegible] ਉਸ ਸਵਾਹ ਨੂੰ, ਆਪਣੇ ਜਿਸਮ [illegible]

[illegible] (ਪੁਰਾਤਨ ਜਨਮ ਸਾਖੀ) ਵਿਚ [illegible] ਕਲਪ ਬ੍ਰਿੱਛ ਨਾਲ ਜੋੜਿਆ ਗਿਆ [illegible] ਪੱਤਾ ਝੜਨ ਨਾਲ ਕਲਪ ਅਤੇ [illegible] ਮਹਾਂ-ਕਲਪ ਦਾ ਸਮਾਂ ਬਣਦਾ ਹੈ । [illegible] ਵੇਲੇ ਪ੍ਰਲੈ ਆਉਂਦੀ ਹੈ ਤਾਂ ਫਿਰ [illegible] ਦੀ ਰਚਨਾ ਸ਼ੁਰੂ ਹੁੰਦੀ ਹੈ ।

**[illegible] ਕਲਪ ਬ੍ਰਿਛ :**

[illegible] ਬ੍ਰਿਛ, ਜਿਸ ਦੇ ਸਾਹਮਣੇ, ਖਲੋ ਕੇ, [illegible] ਹੀ ਮਨ-ਇਛਕ ਵਸਤੂ ਪ੍ਰਾਪਤ [illegible] ਵਿਚ ਪੰਜ ਦੈਵੀ ਬ੍ਰਿੱਛ ਮੰਨੇ ਗਏ [illegible] ਤੋਂ ਇਲਾਵਾ ਬਾਕੀ ਚਾਰ ਦੈਵੀ ਬ੍ਰਿੱਛ [illegible], ਸੰਤਾਨ ਤੇ ਹਰਿਚੰਦਨ ।

[illegible] ਵੇਲੇ ਜੋ 14 ਰਤਨ ਨਿਕਲੇ, ਉਨ੍ਹਾਂ [illegible] ਸੀ । ਇਸ ਨੂੰ, ਇੰਦਰ ਨੇ ਆਪਣੇ [illegible] ਵਿਚ ਲਗਾਇਆ ਹੋਇਆ ਹੈ ।

[illegible] ਦਾ ਸਬੰਧ ਸੰਸਾਰ ਦੀ ਗਤੀ ਅਤੇ ਪ੍ਰਲੌ [illegible] ਜਾਂਦਾ ਹੈ । ਕਲਪ ਬ੍ਰਿੱਛ ਦਾ ਇਕ ਪੱਤਾ ਝੜਨ ਨਾਲ ਕਲਪ ਅਤੇ ਸਾਰੇ ਪੱਤੇ ਝੜਨ ਨਾਲ ਮਹਾਂ ਕਲਪ ਅਥਵਾ ਪ੍ਰਲੌ ਆਉਂਦੀ ਹੈ ।

ਇਸਲਾਮੀ ਕਥਾਵਾਂ ਅਨੁਸਾਰ, ਸਤਵੇਂ ਅਸਮਾਨ ਵਿਚ, ਬਹਿਸ਼ਤ ਵਿਚ ਇਕ ਦਰਖ਼ਤ 'ਸਿਦਰਤੁਲ ਮੁੰਤਹਾ' ਹੈ । ਇਸ ਦਰਖ਼ਤ ਦੇ ਪੱਤੇ ਹਾਥੀ ਦੇ ਕੰਨਾਂ ਵਾਂਗ ਵਡੇ ਵਡੇ ਹਨ ਅਤੇ ਫੁੱਲ ਕੁੰਭ ਦੇ ਆਕਾਰ ਦੇ ਹਨ । ਮੁਸਲਮਾਨੀ ਰਵਾਇਤਾਂ ਅਨੁਸਾਰ ਜਦੋਂ ਹਜ਼ਰਤ ਮੁਹੰਮਦ, ਬੁਰਾਕ ਉਤੇ ਚੜ੍ਹ ਕੇ ਅੱਲਾ ਦੇ ਦਰਬਾਰ ਵਿਚ ਹਾਜ਼ਿਰ ਹੋਏ, ਤਾਂ ਉਨ੍ਹਾਂ ਨੇ ਇਸ ਦਰਖ਼ਤ ਦਾ ਫੁੱਲ, ਹੱਥਾਂ ਵਿਚ ਲੈ ਕੇ ਸੁੰਘਿਆ ਸੀ । ਕਲਪ ਬ੍ਰਿੱਛ ਵਾਂਗ ਇਸ ਦਰਖ਼ਤ ਨਾਲ ਵੀ ਅਨੇਕਾਂ ਮਿੱਥਕ ਕਥਾਵਾਂ ਜੁੜੀਆਂ ਹੋਈਆਂ ਹਨ ।

(ਕ-176) **ਕਲਪਵਾਸ :**

ਗੰਗਾ ਦਰਿਆ ਦੇ ਕੰਢੇ, ਕਿਸੇ ਤੀਰਥ ਉਤੇ, ਸ਼ਾਸਤ੍ਰੀ ਵਿਧੀ ਅਨੁਸਾਰ ਨਿਵਾਸ ਕਰਨਾ; ਇਸ ਦਾ ਬੜਾ ਅਧਿਆਤਮਕ ਮਹੱਤ ਹੈ, ਪ੍ਰਾਣੀ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਉਸ ਨੂੰ ਅਗਲੇ ਲੋਕ ਵਿਚ ਸੁਖ-ਸ਼ਾਂਤੀ ਮਿਲਦੀ ਹੈ ।

ਕਲਪਵਾਸ ਆਮ ਤੌਰ ਤੇ ਮਾਘ ਦੇ ਮਹੀਨੇ ਦੀ ਸੰਗਰਾਂਦ ਅਥਵਾ ਮਾਘੀ ਨੂੰ ਆਰੰਭ ਕੀਤਾ ਜਾਂਦਾ ਹੈ, ਇਸ ਦਿਨ ਸੂਰਜ ਉਤਰਾਇਣ ਵਿਚ ਦਾਖ਼ਿਲ ਹੁੰਦਾ ਹੈ ਅਤੇ ਦੇਵਤੇ ਨੀਂਦ ਵਿਚੋਂ ਜਾਗ ਉਠਦੇ ਹਨ ।

ਜਗਿਆਸੂ, ਕਲਪਵਾਸ ਲਈ ਆਮ ਤੌਰ ਤੇ ਪ੍ਰਯਾਗ ਦਾ ਤੀਰਥ ਚੁਣਦਾ ਹੈ, ਜੋ ਤਿੰਨ ਪਾਵਨ ਨਦੀਆਂ ਦਾ ਸੰਗਮ ਹੈ । ਇਥੇ ਰਹਿੰਦਿਆਂ ਉਹ ਸ਼ਾਸਤਰਾਂ ਅਨੁਸਾਰ ਜੀਵਨ ਗੁਜ਼ਾਰਦਾ ਅਤੇ ਮਨ ਨੂੰ ਕਾਮਾਦਿਕ ਬਿਰਤੀਆਂ ਤੋਂ ਮੁਕਤ ਰਖਦਾ ਹੈ । ਦਿਨ ਵਿਚ ਕੇਵਲ ਇਕੋ ਵਾਰ ਫਲਾਂ ਦਾ ਅਹਾਰ ਕਰਨ ਦਾ ਵਿਧਾਨ ਹੈ । ਤੇਲ, ਸਾਬਣ ਤੇ ਦੰਦਾਸੇ ਆਦਿ ਦੀ ਵਰਤੋਂ ਮਨ੍ਹਾ ਹੈ । ਜਗਿਆਸੂ ਰਾਤ ਵੇਲੇ ਜ਼ਿਮੀਂ ਉਤੇ ਹੀ ਸੌਂਦਾ ਹੈ । ਰੋਜ਼ ਨੇਮ ਨਾਲ ਕਿਸੇ ਅਭਿਆਗਤ ਜਾਂ ਸਾਧੂ ਸੰਤ ਨੂੰ ਭੋਜਨ ਛਕਾਣਾ ਲਾਜ਼ਮੀ ਹੈ । ਕਲਪਵਾਸ ਦੇ ਦਿਨੀਂ, ਦਿਨ ਵਿਚ ਤਿੰਨ ਵਾਰ, ਸਵੇਰੇ, ਦੁਪਹਿਰੀਂ ਤੇ ਸੰਧਿਆ ਵੇਲੇ ਗੰਗਾ ਇਸ਼ਨਾਨ ਕਰਕੇ, ਦਾਨ ਦੇਣਾ ਵਿਧਾਨ ਹੈ । ਜਗਿਆਸੂ ਬਹੁਤਾ ਸਮਾਂ ਗਾਇਤਰੀ ਪਾਠ ਕਰਦਾ, ਕਥਾ-ਕੀਰਤਨ ਸੁਣਦਾ ਅਤੇ ਸਤਿਸੰਗਤ ਵਿਚ ਗੁਜ਼ਾਰਦਾ ਹੈ । ਕਿਸੇ ਦੀ ਨਿੰਦਿਆ-ਚੁਗਲੀ ਕਰਨੀ ਜਾਂ ਬੁਰਾ ਚਿਤਵਣ ਨਾਲ ਵਰਤ ਖੰਡਨ ਹੋ ਜਾਂਦਾ ਹੈ ।

ਪਤੀ ਪਤਨੀ ਦੋਵੇਂ ਇਕੱਠੇ ਵੀ 'ਕਲਪਵਾਸ' ਕਰ ਸਕਦੇ ਹਨ, ਪਰ ਉਨ੍ਹਾਂ ਵਾਸਤੇ ਇਨ੍ਹੀਂ ਦਿਨੀਂ ਸੰਭੋਗ ਵਰਜਿਤ ਹੈ । ਵਿਧਵਾ ਇਸਤ੍ਰੀ ਕਲਪਵਾਸ ਕਰੇ ਤਾਂ ਅਗਲੇ ਜਨਮ ਮੁੜ ਉਹਨੂੰ ਇਸੇ ਜਨਮ ਵਾਲਾ ਪਤੀ ਮਿਲਦਾ ਹੈ ਤੇ

ਉਹਦੀ ਆਯੂ ਦੀਰਘ ਹੁੰਦੀ ਹੈ।

ਕਲਪਵਾਸ ਦੀ ਅੰਵਧੀ ਨਿਸ਼ਚਿਤ ਨਹੀਂ। ਆਮ ਤੌਰ ਤੇ ਮਾਘ ਦੀ ਪੂਰਨਮਾ ਤਕ ਸਾਧਨਾ ਕੀਤੀ ਜਾਂਦੀ ਹੈ। ਅੰਵਧੀ ਪੁੱਗਣ 'ਤੇ ਹਵਨ ਕੀਤਾ ਜਾਂਦਾ ਹੈ। ਜੇ ਵਾਸ ਕਿਸੇ ਕੁਟੀਆ ਵਿਚ ਹੋਵੇ ਤਾਂ ਹਵਨ ਉਥੇ ਕੁਟੀਆ ਵਿਚ ਹੀ ਕਰ ਲਿਆ ਜਾਂਦਾ ਹੈ। ਵਾਸ ਵਾਲੇ ਦਿਨ ਸਵੇਰੇ ਗੰਗਾ ਵਿਚ ਇਸ਼ਨਾਨ ਕਰ ਕੇ, ਗੰਗਾ ਮਾਤਾ ਦੀ ਆਰਤੀ ਉਤਾਰੀ ਜਾਂਦੀ ਤੇ ਪੂਜਾ-ਅਰਚਾ ਕੀਤੀ ਜਾਂਦੀ ਹੈ। ਹਵਨ ਮਗਰੋਂ ਅਭਿਆਗਤਾਂ, ਸੰਨਿਆਸੀਆਂ ਅਤੇ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। ਫਿਰ ਖ਼ੁਦ ਭੋਜਨ ਖਾਧਾ ਜਾਂਦਾ ਹੈ। ਵਾਪਸੀ ਉਤੇ ਜਗਿਆਸੂ ਗੰਗਾ ਤੋਂ ਕੁਝ ਜਲ ਅਤੇ ਰੇਣੁਕਾ (ਰੇਤ) ਪ੍ਰਸਾਦਿ ਆਦਿ ਲੈ ਕੇ ਵਾਪਿਸ ਘਰ ਜਾਂਦਾ ਹੈ।

(ਕ-177) **ਕਲਪਨਾ** :

ਲੋਕਧਾਰਾ ਦੀ ਉਤਪਤੀ ਵਿਚ ਕਲਪਨਾ ਦੀ ਭੂਮਿਕਾ ਬੜੀ ਮਹੱਤਵਪੂਰਣ ਹੈ। ਲੋਕਾਂ ਦੀ ਸਾਮੂਹਿਕ ਕਲਪਨਾ, ਲੋਕ-ਮਨ ਦੀਆਂ ਪ੍ਰਵਿਰਤੀਆਂ ਨਾਲ ਸੰਬੰਧਤ ਹੋਣ ਕਰਕੇ ਆਮ ਵਿਅਕਤੀਗਤ ਕਲਪਨਾ ਨਾਲੋਂ ਕਾਫ਼ੀ ਭਿੰਨ ਤੇ ਵਿਲੱਖਣ ਹੁੰਦੀ ਹੈ। ਲੋਕ-ਮਨ ਜੋ ਕੁਝ ਕਲਪਿਤ ਕਰਦਾ ਹੈ, ਉਹ ਭਾਵੇਂ ਨਿਰਾ ਸੁਪਨਾ, ਜਾਂ ਮਿੱਥਕ ਹੀ ਹੋਵੇ, ਉਹਨੂੰ ਉਹ ਯਥਾਰਥ ਹੀ ਮੰਨ ਲੈਂਦਾ ਹੈ ਅਤੇ ਉਹ ਲੋਕ-ਸਚ ਦੇ ਰੂਪ ਵਿਚ ਜਾਤੀ ਦੇ ਅਵਚੇਤਨ ਦਾ ਹਿਸਾ ਬਣਦਾ ਜਾਂਦਾ ਹੈ। ਲੋਕ-ਮਨ ਨੇ ਕਲਪਨਾ ਦੁਆਰਾ ਅਨੇਕ ਸੰਕਲਪ ਦਿਤੇ ਹਨ, ਜੋ ਸਾਡੀ ਸਭਿਆਚਾਰਕ ਪ੍ਰਗਤੀ ਵਿਚ ਲਾਭਦਾਇਕ ਸਿੱਧ ਹੋਏ ਹਨ। ਧਰਮ ਦੇ ਖੇਤਰ ਵਿਚ ਨਰਕ ਸਵਰਗ ਦੀ ਕਲਪਨਾ ਦੇਵੀ ਦੇਵਤਿਆਂ ਦੀ ਸਿਰਜਨਾ, ਜਾਤ, ਕਰਮਾਂ ਦੇ ਫਲ ਦਾ ਸਿਧਾਂਤ ਸਭ ਲੋਕ-ਕਲਪਨਾ ਦਾ ਹੀ ਸਿੱਟਾ ਹਨ। ਬਹੁਤ ਸਾਰੇ ਲੋਕ-ਵਿਸ਼ਵਾਸ ਅਨੁਭਵ ਨਾਲੋਂ ਕਲਪਨਾ ਉਤੇ ਆਧਾਰਿਤ ਹਨ। ਲੋਕ ਕਹਾਣੀਆਂ ਵਿਚ ਕਲਪਨਾ ਦੁਆਰਾ ਇਕ ਵਿਲੱਖਣ ਤੇ ਅਦਭੁੱਤ ਜਗਤ ਦਾ ਨਿਰਮਾਣ ਕੀਤਾ ਗਿਆ ਹੈ, ਜੋ ਭਾਵੇਂ ਦ੍ਰਿਸ਼ਟ ਸੰਸਾਰ ਦੇ ਪ੍ਰਤੀਰੂਪ ਵਿਚ ਸਿਰਜਿਆ ਗਿਆ ਹੈ, ਪਰ ਸੁਭਾਅ ਦਾ ਉਹ ਵੱਖਰਾ ਹੈ ਤੇ ਮਨੁੱਖ ਦੇ ਸੁਪਨਿਆਂ ਅਤੇ ਲਾਲਸਾਵਾਂ ਨੂੰ ਸਾਕਾਰ ਕਰਦਾ ਹੈ।

(ਕ-178) **ਕਲਬੂਤ** :

ਜਾਦੂ ਟੂਣੇ ਵਿਚ, ਛਾਇਆ ਵਾਲੇ ਰੋਗੀ ਨੂੰ, 'ਕਲਬੂਤ' ਕਿਹਾ ਜਾਂਦਾ ਹੈ, ਕਿਉਂ ਜੋ ਉਸ ਸਰੀਰ ਵਿਚ ਪ੍ਰੇਤ ਦਾ ਵਾਸਾ ਹੁੰਦਾ ਹੈ ਅਤੇ ਦੌਰੇ ਵੇਲੇ ਉਸ ਦੇ ਕਲਬੂਤ ਦੁਆਰਾ ਪ੍ਰੇਤ ਰੂਹ ਹੀ ਬੋਲਦੀ ਹੈ। ਚੇਲੇ ਮੰਤਰਾਂ ਦੁਆਰਾ ਕਲਬੂਤ ਵਿਚੋਂ ਪ੍ਰੇਤ ਰੂਹ ਨੂੰ ਕਢਦੇ ਹਨ।

ਛਾਇਆ ਦੇ ਰੋਗੀਆਂ ਨੂੰ 'ਡੋਲੀਆਂ' ਵੀ ਕਹਿੰਦੇ ਹਨ, ਕਿਉਂ ਜੋ ਪਹਿਲਿਆਂ ਵਿਚ ਛਾਇਆ ਦੇ ਰੋਗੀ, ਚੇਲਿਆਂ ਜਾਂ ਸਿਆਣਿਆਂ ਦੇ ਕੋਲ ਡੋਲੀਆਂ ਵਿਚ ਬੈਠ ਕੇ ਆਇਆ ਕਰਦੇ ਸਨ।

(ਕ-179). **ਕਲਮ** :

ਮਿੱਥਕ ਕਥਾਵਾਂ ਅਨੁਸਾਰ ਕਲਮ ਦੀ ਉਤਪੱਤੀ ਸੂਰਜ ਤੋਂ ਹੋਈ; ਇਸ ਲਈ ਕਲਮ ਵਿਚ ਸਹਿਜ ਪ੍ਰਕਾਸ਼ ਵੀ ਹੈ ਤੇ ਸ਼ਕਤੀ ਵੀ। ਇਸ ਦੇ ਭਾਗਾਂ ਵਿਚ ਦੁਨੀਆਂ ਨੂੰ ਗਿਆਨ ਦੀ ਰੌਸ਼ਨੀ ਦੇਣਾ ਲਿਖਿਆ ਹੈ।

ਇਕ ਮੁੱਢੀ ਅਨੁਸਾਰ ਜਦੋਂ ਵਿਸ਼ਵਕਰਮਾ ਨੇ, ਸੰਜਨਾ ਦੀ ਖ਼ਾਤਰ, ਗਰਮੀ ਘਟਾਣ ਵਾਸਤੇ, ਸੂਰਜ ਨੂੰ ਤਰਾਸ਼ਿਆ, ਤਾਂ ਉਹਨਾਂ ਛਿਲਾਂ-ਟੁਕੜਿਆਂ ਨਾਲ ਦੇਵਤਿਆਂ ਲਈ ਹਥਿਆਰ, ਕਿਰਤੀਆਂ ਲਈ ਸੰਦ ਤੇ ਸਰਸਵਤੀ ਲਈ ਕਲਮ ਦੀ ਰਚਨਾ ਕੀਤੀ ਗਈ। ਸਰਸਵਤੀ ਨੇ, ਕਲਮ ਨੂੰ ਵਰ ਦਿਤਾ ਕਿ ਉਸਦੇ ਪ੍ਰਵਾਹ ਵਿਚੋਂ ਜੋ ਕੁਝ ਵੀ ਨਿਕਲੇਗਾ, ਉਹਦੇ ਸਾਹਮਣੇ ਦੁਨੀਆਂ ਦੀਆਂ ਸਾਰੀਆਂ ਸ਼ਕਤੀਆ ਹੇਚ ਹੋਣਗੀਆਂ।

ਰਵਾਇਤ ਹੈ ਕਿ ਪਹਿਲਾਂ ਕਲਮ ਨਾਲ ਜੋ ਲਿਖਿਆ ਜਾਂਦਾ, ਉਹ ਸਹਿਜ ਰੂਪ ਵਿਚ ਹੀ ਸਮੂਰਤ ਹੋ ਜਾਂਦਾ, ਤੇ ਸਾਕਾਰ ਰੂਪ ਧਾਰ ਕੇ ਵਿਚਰਨ ਲਗਦਾ। ਪਰ ਇਕ ਵਾਰੀ ਕਲਮ ਇਕ ਮੂਰਖ ਦੇ ਹੱਥ ਆ ਗਈ, ਉਸਨੇ ਕਲਮ ਨਾਲ ਊਲ-ਜਲੂਲ ਜਿਹੀਆਂ ਗੱਲਾਂ ਲਿਖ ਦਿੱਤੀਆਂ [illegible]ਉਣੀਆਂ ਸ਼ਕਲਾਂ ਰਚ ਕੇ ਉਨ੍ਹਾਂ ਨਾਲ ਤਾਮਸੀ ਬਿਰਤੀਆਂ ਜੋੜਨ ਲਗਾ ਤਾਂ ਸੰਸਾਰ ਵਿਚ ਰਾਖਸ਼, ਭੂਤ, ਜ਼ਹਿਰੀਲੇ ਕਿਰਮ ਤੇ ਲਹੂ ਪੀਣੇ ਪਸ਼ੂ ਪੈਦਾ ਹੋਣ ਲਗੇ ਤਾਂ ਸਰਸਵਤੀ ਨੇ ਘਬਰਾ ਕੇ ਆਪਣਾ ਵਰ ਬਦਲ ਦਿੱਤਾ ਕਿ ਲੋਕ-ਕਲਿਆਣ ਵਾਸਤੇ ਚਲਣ ਵਾਲੀ ਅਨੁਭਵੀ ਦੀ ਕਲਮ ਹੀ ਅਮਰ ਹੋਵੇਗੀ।

ਮੁਸਲਮਾਨਾਂ ਦੀ ਧਾਰਨਾ ਹੈ, ਕਿ ਅੱਲਾ ਨੇ ਸੰਸਾਰ ਦੀ ਰਚਨਾ ਲੋਹ-ਕਲਮ ਨਾਲ ਕੀਤੀ, ਅੱਲਾ ਜੋ ਕੁਝ ਲਿਖਦਾ ਗਿਆ ਉਹ ਸਰੂਪ ਧਾਰ ਕੇ ਬ੍ਰਹਿਮੰਡ ਵਿਚ ਸਥਿਤ ਹੁੰਦਾ ਗਿਆ। ਇਸੇ ਕਲਮ ਨਾਲ ਸੰਸਾਰ ਦੇ ਸਭ ਪ੍ਰਾਣੀਆਂ ਦੀ ਤਕਦੀਰ ਵੀ ਲਿਖੀ ਗਈ ਜੋ ਅਮਿਟ ਹੈ।

ਬੁਝਾਰਤਾਂ ਵਿਚ ਕਲਮ ਦੀ ਅਥਾਹ ਸ਼ਕਤੀ ਵਲ ਸੰਕੇਤ ਹੈ :

ਸਭ ਦੁਨੀਆਂ 'ਤੇ ਉਹਦਾ ਰਾਜ
ਉਹਦਾ ਰਾਜਾ ਵੀ ਮੁਹਤਾਜ

ਕਲਮ ਦਾ ਸਰੂਪ ਬਿਆਨ ਕਰਨ ਲਈ, ਲੋਕ-ਕਲਪਨਾ ਨੇ, ਬੁਝਾਰਤਾਂ ਵਿਚ ਪੁੱਠੀ ਚਾਲ ਵਾਲੀ ਨਾਰ ਨਾਲ ਤੁਲਨਾ ਦਿਤੀ ਹੈ :

ਇਕ ਨਾਰ ਦੀ ਚਾਲ ਹੈ ਪੁੱਠੀ ।
ਨੱਕ ਕੱਪੇ ਬਿਨ ਰਹਿੰਦੀ ਰੁੱਠੀ
ਜਾਂ ਉਹਦਾ ਮੂੰਹ ਕਰੀਏ ਕਾਲਾ
ਤਾਂ ਦੇਂਦੀ ਏ ਕੰਮ ਸੁਖਾਲਾ ।

(ਕ-180) **ਕਲਮਾ** :

ਇਸਲਾਮ ਦਾ ਮੂਲ-ਮੰਤਰ, ਜੋ ਇਸ ਪ੍ਰਕਾਰ ਹੈ : 'ਲਾ ਇਲਾਹ ਇੱਲ-ਲਿਲਾਹ, ਮੁਹੰਮਦ ਰਸੂਲ ਇੱਲਾਹ', ਇਸ ਤੁੱਕ ਦਾ ਅਰਥ ਹੈ - ਅੱਲਾ ਤੋਂ ਇਲਾਵਾ ਹੋਰ ਕੋਈ ਪੂਜਣ ਯੋਗ ਨਹੀਂ, ਮੁਹੰਮਦ ਹੀ ਅੱਲਾ ਦਾ ਭੇਜਿਆ ਪੈਗੰਬਰ (ਰਸੂਲ) ਹੈ । ਇਸ ਕਲਮੇ ਦਾ ਪਹਿਲਾ ਤੁਕਾਂਗ 'ਲਾ ਇਲਾਹ ਇੱਲ-ਲਿਲਾਹ' ਤਾਂ ਕੁਰਾਨ ਦੀ ਆਇਤ ਹੈ, ਪਰ ਅਗਲਾ ਤੁਕਾਂਗ ਕੁਰਾਨ ਵਿਚ ਦਰਜ ਨਹੀਂ, ਇਹ ਪਰੰਪਰਾ ਤੋਂ ਚਲਾ ਆਇਆ ਹੈ ।

ਕੁਰਾਨ ਅਨੁਸਾਰ ਹਰ ਮੁਸਲਮਾਨ ਦਾ ਕਰਤਵ ਹੈ ਕਿ ਉਹ ਇਸ ਕਲਮੇ ਨੂੰ ਜ਼ਿੰਦਗੀ ਵਿਚ ਘਟੋ ਘਟ ਇਕ ਵਾਰ ਜ਼ਰੂਰ ਉੱਚੀ ਸੁਰ-ਲੈਅ ਵਿਚ ਉਚਾਰੇ । ਮੁਸਲਮਾਨਾਂ ਵਿਚ ਜਦੋਂ ਬੱਚਾ ਜੰਮਦਾ ਹੈ ਤਾਂ ਕਾਜ਼ੀ ਉਹਦੇ ਕੰਨ ਵਿਚ ਕਲਮਾ ਪੜ੍ਹਦਾ ਹੈ । ਕਲਮਾ ਸੁਣਨ ਦੇ ਮਗਰੋਂ ਹੀ ਬੱਚੇ ਨੂੰ ਮੁਸਲਮਾਨ ਮੰਨਿਆ ਜਾਂਦਾ ਹੈ । ਇਸੇ ਤਰ੍ਹਾਂ ਜਦੋਂ ਕਿਸੇ ਸ਼ਖ਼ਸ ਨੇ ਇਸਲਾਮ ਮਤ ਗ੍ਰਹਿਣ ਕਰਨਾ ਹੋਵੇ ਤਾਂ ਉਹਨੂੰ ਪਹਿਲਾਂ ਕਲਮਾ ਪੜ੍ਹਾਇਆ ਜਾਂਦਾ ਹੈ ।

ਹਰੇਕ ਮੁਸਲਮਾਨ ਦਾ ਕਲਮੇ ਉਤੇ ਵਿਸ਼ਵਾਸ ਲਾਜ਼ਮੀ ਹੈ । ਪਹਿਲੇ ਤੁਕਾਂਗ ਵਿਚ ਅੱਲਾ ਨੂੰ ਸਰਵ-ਉਤਮ ਸ਼ਕਤੀ ਮੰਨਿਆ ਗਿਆ ਹੈ ਤੇ ਦੂਜੇ ਤੁਕਾਂਗ ਵਿਚ ਮੁਹੰਮਦ ਨੂੰ ਅੱਲਾ ਦਾ ਰਸੂਲ । ਇਸ ਲਈ ਮੁਸਲਮਾਨਾਂ ਵਿਚ ਅੱਲਾਹ ਤੋਂ ਇਲਾਵਾ, ਮੁਹੰਮਦ ਵਿਚ ਬਤੌਰ ਰਸੂਲ ਦੇ, ਆਸਥਾ ਰਖਣੀ ਲਾਜ਼ਮੀ ਹੈ ।

ਇਸਲਾਮ ਦਾ ਮੂਲ-ਮੰਤਰ ਹੋਣ ਦੇ ਨਾਤੇ, ਮੁਸਲਮਾਨਾਂ ਵਿਚ ਕਲਮੇ ਦੀ ਬੜੀ ਵਡਿਆਈ ਹੈ, ਪਰ ਸੂਫ਼ੀ ਫ਼ਕੀਰ ਖ਼ਾਸ ਤੌਰ ਤੇ ਬੁਲ੍ਹੇ ਸ਼ਾਹ ਨੇ ਤਾਂ ਕਲਮੇ ਨਾਲੋਂ ਇਸ਼ਕ ਨੂੰ ਸਰਵ-ਉਤਮ ਸਥਾਨ ਦਿੱਤਾ ।

ਮੁਸਲਮਾਨ ਕਿਸੇ ਪਸ਼ੂ ਨੂੰ ਹਲਾਲ ਕਰਨ ਵੇਲੇ ਕਲਮਾ ਪੜ੍ਹਦੇ ਹਨ । ਕਲਮਾ ਪੜ੍ਹੇ ਬਗ਼ੈਰ, ਵੱਢੇ ਗਏ ਪਸ਼ੂ ਦਾ ਮਾਸ, ਮੁਸਲਮਾਨਾਂ ਵਿਚ ਖਾਣਾ ਨਿਸ਼ੇਧ ਹੈ (ਵੇਖੋ : ਹਲਾਲ) ।

(ਕ-181) **ਕੱਲਰ ਕਹਾਰ** :

ਧਨੀ ਦੇ ਇਲਾਕੇ ਦੀ ਇਕ ਪ੍ਰਸਿੱਧ ਝੀਲ, ਜੋ ਨਮਕ ਦੀਆਂ ਪਹਾੜੀਆਂ ਦੀਆਂ ਉਤਰੀ ਢਲਵਾਨਾਂ ਦੇ ਨੇੜੇ ਸਥਿਤ ਹੈ । ਇਹ ਝੀਲ ਮੀਲ ਕੁ ਦੇ ਘੇਰੇ ਵਿਚ ਫੈਲੀ ਹੋਈ ਹੈ ਤੇ ਇਹਦਾ ਪਾਣੀ ਕਲਰਾ ਹੈ ।

ਰਵਾਇਤ ਹੈ ਕਿ ਪਹਿਲਾਂ ਇਸ ਝੀਲ ਦਾ ਪਾਣੀ ਮਿੱਠਾ ਹੁੰਦਾ ਅਤੇ ਸਾਰੇ ਇਲਾਕੇ ਵਿਚ ਪੀਣ ਵਾਸਤੇ ਵਰਤਿਆ ਜਾਂਦਾ ਸੀ । ਇਕ ਵਾਰ, ਬਾਬਾ ਫ਼ਰੀਦ ਸ਼ਕਰਗੰਜ, ਫਿਰਦੇ ਤੁਰਦੇ ਇਧਰ ਆ ਨਿਕਲੇ । ਰਾਹ ਵਿਚ ਕੁਝ ਸਵਾਣੀਆਂ ਝੀਲ ਵਿਚੋਂ ਪਾਣੀ ਦੇ ਘੜੇ ਭਰ ਕੇ, ਘਰਾਂ ਵੱਲ ਜਾਂਦੀਆਂ ਮਿਲੀਆਂ । ਫ਼ਰੀਦ ਜੀ ਨੂੰ ਸਖ਼ਤ ਪਿਆਸ ਲਗੀ ਹੋਈ ਸੀ । ਉਨ੍ਹਾਂ ਨੇ ਪਾਣੀ ਮੰਗਿਆ, ਸਵਾਣੀਆਂ ਨੇ ਠੱਠਾ ਮਜ਼ਾਕ ਕਰਦਿਆਂ ਕਿਹਾ, "ਕਲਰਾ ਪਾਣੀ ਏ, ਕਿੰਜ ਪੀਸੋ ।" ਫ਼ਰੀਦ ਜੀ ਮਨ ਦੀ ਮੌਜ ਵਿਚ ਕਹਿ ਗਏ, "ਅੱਛਾ, ਇੰਜੇ ਹੋਸੀ", ਘਰ ਜਾ ਕੇ ਸਵਾਣੀਆਂ ਨੇ ਵੇਖਿਆ, ਘੜਿਆਂ ਦਾ ਪਾਣੀ ਕਲਰਾ ਸੀ । ਜਦੋਂ ਉਹ ਝੀਲ ਤੇ ਮੁੜ ਪਾਣੀ ਭਰਨ ਆਈਆਂ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ, ਸਾਰੀ ਝੀਲ ਕੱਲਰੀ ਹੋ ਚੁੱਕੀ ਸੀ ।

(ਕ-182) **ਕੱਲਰੀ ਭੋਇੰ** :

ਰੇਹੀ ਵਾਲੀ ਜ਼ਿਮੀਂ, ਜਿਸ ਵਿਚ ਖੇਤੀ ਨਹੀਂ ਹੋ ਸਕਦੀ । ਕੱਲਰੀ ਭੋਇੰ ਬਾਰੇ ਕਈ ਅਖਾਣ ਪ੍ਰਚਲਤ ਹਨ, ਜੋ ਕੱਲਰੀ ਭੋਇੰ ਬਾਰੇ ਪੰਜਾਬੀਆਂ ਦੀਆਂ ਭਾਵਨਾਵਾਂ ਤੇ ਪਰੇਸ਼ਾਨੀਆਂ ਪ੍ਰਗਟ ਕਰਦੇ ਹਨ :

1 ਕੱਲਰਾਛੀ ਭੋਇੰ ਰਾਹੇਂ ਤਾਂ ਹਾਸਲ ਮਿੱਟੀ ਚਾਹੇਂ
2. ਕੱਲਰੀ ਖੇਤੀ, ਜਿਹੀ ਵਾਹੀ ਤਿਹੀ ਅਣਵਾਹੀ
3. ਕੱਲਰ ਖੇਤੀ ਖੂਹ ਬਸੀਮਾਂ, ਮੂਰਖ ਬੀਜ ਗੰਵਾਈ
ਜੇਕਰ ਨਾਰ ਬਗਾਨੀ ਸੇਵੀਂ, ਓਸ ਨੂੰ ਅਕਲ ਨ ਕਾਈ ।

(ਕ-183) **ਕਲਾਨੌਰ** :

ਜ਼ਿਲ੍ਹਾ ਗੁਰਦਾਸਪੁਰ ਦਾ ਇਕ ਪੁਰਾਣਾ ਕਸਬਾ, ਜੋ ਗੁਰਦਾਸਪੁਰ ਤੋਂ 14 ਮੀਲ ਪੱਛਮ ਵਲ, ਕਿਰਨ ਨਦੀ ਦੇ ਕੰਢੇ 'ਤੇ ਸਥਿਤ ਹੈ । ਸੱਯਦ ਮੁਹੰਮਦ ਲਤੀਫ਼ ਅਨੁਸਾਰ ਇਹ ਨਗਰ ਰਾਜਪੂਤਾਂ ਦੇ ਨੂਰ ਕਬੀਲੇ ਨੇ ਵਸਾਇਆ, ਜੋ ਪ੍ਰਾਚੀਨ ਕਾਲ ਵਿਚ, ਦੱਖਣ ਵਲੋਂ, ਪੰਜਾਬ ਵਿਚ ਆ ਵਸੇ ਸਨ । ਗੁਰਦਾਸਪੁਰ ਗਜ਼ੇਟੀਅਰ (ਪੰਨਾ 20) ਅਨੁਸਾਰ ਇਸ ਕਸਬੇ ਦਾ ਪੁਰਾਣਾ ਨਾਉਂ ਕਾਲਾ ਨਗਰ ਸੀ, ਜੋ ਸ਼ਿਵ ਜੀ ਦੇ ਪ੍ਰਸਿੱਧ ਮੰਦਰ ਕਲੇਸ਼ਵਰ ਦਾ ਵਿਗਾੜ ਹੈ । ਇਹ ਮੰਦਰ ਕਿਰਨ ਨਦੀ ਦੇ ਨੇੜੇ ਇਕ ਪੁਰਾਣੀ ਗੜ੍ਹੀ ਉਤੇ ਸਥਿਤ ਹੈ ਅਤੇ ਸ਼ਿਵ ਜੀ ਦੇ ਬਾਰ੍ਹਾਂ ਵਡੇ ਮੰਦਰਾਂ ਵਿਚੋਂ ਇਕ ਹੈ । ਸਮੇਂ ਨਾਲ ਕਾਲਾ ਨਗਰ ਦਾ ਨਾਂ ਵਿਗੜ ਕੇ ਕਲਾਨੌਰ ਪੈ ਗਿਆ ।

ਇਸ ਨਗਰ ਦੀ ਇਤਿਹਾਸਕ ਵਡਿਆਈ ਵੀ ਹੈ । ਮੁਗ਼ਲਾਂ ਦੇ ਰਾਜ ਸਮੇਂ ਇਥੇ ਸ਼ਾਹੀ ਮਹੱਲ ਸਨ ਅਤੇ

ਦਿੱਲੀ ਤੋਂ ਕਸ਼ਮੀਰ ਜਾਂਦੇ ਬਾਦਸ਼ਾਹ, ਇਥੇ ਅਰਾਮ ਕੀਤਾ ਕਰਦੇ ਸਨ। ਇਥੋਂ ਦੇ ਖੰਡਰ ਅਜ ਵੀ ਸ਼ਾਹੀ ਅਜ਼ਮਤ ਦਾ ਹੁੰਗਾਰਾ ਭਰਦੇ ਹਨ। ਕਿਰਨ ਨਦੀ ਦੇ ਕੰਢੇ ਸੁੰਦਰ ਮਸਜਦਾਂ ਤੇ ਖ਼ਾਨਗਾਹਾਂ ਹਨ। ਇਸ ਨਗਰ ਦੀ ਸੁੰਦਰਤਾ ਦਾ ਪ੍ਰਮਾਣ ਇਸ ਕਹਾਵਤ ਵਿਚੋਂ ਵੀ ਮਿਲਦਾ ਹੈ—'ਜਿਸ ਨਹੀਂ ਡਿੱਠਾ ਲਾਹੌਰ, ਉਹ ਵੇਖੇ ਕਲਾਨੌਰ।'

ਕਿਰਨ ਨਦੀ ਦੇ ਕੰਢੇ ਇਕ ਘਾਟ ਜਿਥੇ ਅਠਰਾਹੇ ਵਾਲੀਆਂ ਤੀਵੀਆਂ ਇਸ਼ਨਾਨ ਕਰਨ ਵਾਸਤੇ ਆਉਂਦੀਆਂ ਹਨ। ਧਾਰਨਾ ਹੈ ਕਿ ਇਥੇ ਇਸ਼ਨਾਨ ਕਰਨ ਨਾਲ ਗਰਭਪਾਤ ਨਹੀਂ ਹੁੰਦਾ।

ਅਕਬਰ ਨੂੰ, ਆਪਣੇ ਪਿਤਾ ਹਮਾਯੂੰ ਦੀ ਮੌਤ ਦੀ ਖ਼ਬਰ, ਕਲਾਨੌਰ ਵਿਚ ਹੀ ਮਿਲੀ ਸੀ। ਬਹਿਰਾਮ ਖ਼ਾਂ ਨੇ, ਇਕ ਥੜਾ ਬਣਵਾ ਕੇ, ਅਗਲੇ ਦਿਨ 15 ਫ਼ਰਵਰੀ 1556 ਈ. ਨੂੰ ਅਕਬਰ ਦੀ ਤਾਜਪੋਸ਼ੀ ਕਰ ਦਿਤੀ। ਇਹ ਇਤਿਹਾਸਕ ਥੜਾ ਹੁਣ ਤਕ ਮੌਜੂਦ ਹੈ।

(ਕ-184) **ਕਲਾਮ** :

ਰੱਬੀ ਬਾਣੀ; ਜਾਦੂ-ਮੰਤਰ; ਲੋਕਧਾਰਾ ਵਿਚ ਕਲਾਮ ਉਹ ਕਾਵਿ-ਬੰਦ ਹਨ, ਜਿਸ ਵਿਚ ਦੈਵੀ ਸ਼ਕਤੀ ਜਾਂ ਮੰਤ੍ਰ ਸ਼ਕਤੀ ਸਿੱਧ ਕੀਤੀ ਗਈ ਹੋਵੇ। ਇਸਲਾਮ ਦੇ ਧਾਰਮਿਕ ਖੇਤਰ ਵਿਚ ਕਲਾਮ ਸ਼ਬਦ ਕੁਰਾਨ ਦੀਆਂ ਆਇਤਾਂ ਵਾਸਤੇ ਵਰਤਿਆ ਜਾਂਦਾ ਹੈ। ਪਰ ਜਾਦੂ ਟੂਣੇ ਦੇ ਸੰਬੰਧ ਵਿਚ ਵੀ, ਮੁਸਲਮਾਨ, ਮੰਤਰ ਨੂੰ ਕਲਾਮ ਕਹਿੰਦੇ ਹਨ। ਕਿਉਂ ਜੋ ਇਸਲਾਮ ਦੇ ਪੈਰੋਕਾਰ, ਪਹਿਲਾਂ ਪਹਿਲ ਦੁਖ-ਦਲਿਦਰ ਕੱਟਣ ਲਈ ਕਲਾਮ ਅਥਵਾ ਕੁਰਆਨ ਦੀ ਕੋਈ ਆਇਤ ਪੜ੍ਹਿਆ ਕਰਦੇ ਸਨ। ਕਲਾਮ ਰੱਬੀ ਬਾਣੀ ਹੋਣ ਕਰਕੇ ਰੋਗ ਨਿਵਾਰਦਾ ਹੈ। ਦੁਖ ਦਲਿਦਰ ਦੂਰ ਕਰਦਾ ਅਤੇ ਮਨੋ-ਇਛਾਵਾਂ ਦੀ ਪੂਰਤੀ ਕਰਦਾ ਮੰਨਿਆ ਜਾਂਦਾ ਹੈ। ਪਰ ਮਗਰੋਂ ਪੀਰਾਂ ਫ਼ਕੀਰਾਂ ਤੇ ਮੰਤਰਾਂ ਨੂੰ ਵੀ ਕਲਾਮ ਕਿਹਾ ਜਾਣ ਲਗਾ ਅਤੇ ਜਿਨ੍ਹਾਂ ਅਰਥਾਂ ਵਿਚ ਹਿੰਦੂ 'ਮੰਤਰ' ਸ਼ਬਦ ਵਰਤਦੇ ਹਨ, ਮੁਸਲਮਾਨ ਉਨ੍ਹਾਂ ਹੀ ਅਰਥਾਂ ਵਿਚ ਕਲਾਮ ਦਾ ਪ੍ਰਯੋਗ ਕਰਨ ਲਗੇ।

ਹਰ ਤਰ੍ਹਾਂ ਦੇ ਰੋਗਾਂ ਦੇ ਨਿਵਾਰਨ ਵਾਸਤੇ ਵਖੋ ਵਖਰੇ ਕਲਾਮ ਹਨ। ਇਥੇ ਪਸ਼ੂਆਂ ਦੇ ਰੋਗ-ਨਿਵਾਰਨ ਲਈ ਕੁਝ ਕਲਾਮ ਦਿੰਦੇ ਹਾਂ:—

1) ਜੇ ਕਿਸੇ ਪਸ਼ੂ ਨੂੰ ਮੂੰਹ ਦਾ ਰੋਗ ਅਥਵਾ ਮੁਹਾਰ ਹੋ ਜਾਵੇ, ਤਾਂ ਹੇਠਲਾ ਕਲਾਮ ਪੜ੍ਹਨ ਨਾਲ ਪਸ਼ੂ ਰੋਗ-ਮੁਕਤ ਹੋ ਜਾਂਦਾ ਹੈ—

ਸੁਰਨ ਜੀਤ ਦੇ ਤ੍ਰੈ ਬੇਟੇ
ਦਰ, ਦਥੱਰ, ਬੁਹਾਰਾ
ਬੀਵੀ ਬਾਈ ਦੇ ਪਾਪ ਡੁੱਬਣ
ਜੇ ਸਰ ਵਿਚ ਕਰੇ ਪਸਾਰਾ।

2) ਜੇ ਕੋਈ ਪਸ਼ੂ ਘਾਹ ਨੂੰ ਮੂੰਹ ਨਾ ਲਗਾਵੇ ਤਾਂ ਹੇਠਲਾ ਕਲਾਮ ਸੱਤ ਤੋਂ ਗਿਆਰਾਂ ਵਾਰ ਪੜ੍ਹਿਆ ਜਾਂਦਾ ਹੈ। ਹਰ ਵਾਰ ਕਲਾਮ ਪੜ੍ਹ ਕੇ, ਪਸ਼ੂ ਦੇ ਕੰਨਾਂ ਵਿਚ ਫੂਕਾਂ ਮਾਰੀਆਂ ਜਾਂਦੀਆਂ ਹਨ:—

ਕਾਲਾ ਪੱਠਾ ਪਥਰ ਵਾਣਾ
ਜ਼ਿਮੀ ਵਿਚ ਹਿਕ ਸਾਲ ਉਘਾਣਾ
ਨਾ ਕਰ ਪੱਠਾ ਏਦਾ ਮਾਣਾ
ਮੈਂ ਵੀ ਤੇਰੀ ਜ਼ਾਤ ਪਛਾਣਾ।
ਅੰਤ ਨਹਾਰੀ ਅੰਤ ਗੋਰ
ਮਰੇ ਪੱਠਾ ਤੇ ਜੀਵੇ ਢੋਰ।

ਜੇ ਕਿਸੇ ਨੂੰ ਸੱਪ ਜਾਂ ਅਠੂਹਾਂ ਡੰਗ ਮਾਰ ਜਾਵੇ ਤਾਂ ਕਈ ਫ਼ਕੀਰ, ਕਲਾਮ ਦੁਆਰਾ, ਜ਼ਹਿਰ ਦਾ ਅਸਰ ਜ਼ਾਇਲ ਕਰਨ ਦੇ ਸਮਰਥ ਮੰਨੇ ਜਾਂਦੇ ਹਨ।

(ਕ-185) **ਕਲਾਲ** :

ਸ਼ਰਾਬ ਕੱਢਣ ਤੇ ਵੇਚਣ ਦਾ ਧੰਦਾ ਕਰਨ ਵਾਲੇ; ਕਲਾਲ ਦੇ ਸ਼ਾਬਦਿਕ ਅਰਥ ਹਨ—ਮਿੱਟੀ ਦੇ ਭਾਂਡੇ ਬਨਾਉਣ ਵਾਲਾ। ਕਲਾਲ ਮਿੱਟੀ ਦੇ ਮਟਕਿਆਂ ਵਿਚ ਸ਼ਰਾਬ ਕਢਿਆ ਕਰਦੇ ਸਨ, ਜਿਸ ਤੋਂ ਕਲਾਲ ਨਾਉਂ ਪ੍ਰਸਿਧ ਹੋ ਗਿਆ।

ਪਹਿਲਾਂ ਇਹ ਲੋਕ ਵਖਰੀ ਜਾਤੀ ਵਜੋਂ ਨਹੀਂ ਸਨ ਜਾਣੇ ਜਾਂਦੇ, ਕੋਈ ਵੀ ਸ਼ਰਾਬ ਕਢਣ ਦਾ ਧੰਦਾ ਕਰਨ ਵਾਲਾ ਕਲਾਲ ਸੀ, ਪਰ ਹੌਲੇ ਹੌਲੇ ਜਦੋਂ ਇਨ੍ਹਾਂ ਦਾ ਪੇਸ਼ਾ ਪੀੜ੍ਹੀ ਦਰ ਪੀੜ੍ਹੀ ਅਗੇ ਤੁਰਨ ਲਗਾ ਤਾਂ ਕੰਮ ਧੰਦੇ ਦੇ ਆਧਾਰ ਤੇ ਬਣੀ ਸਾਂਝ ਜਾਤੀ ਦਾ ਰੂਪ ਧਾਰਨ ਕਰ ਗਈ। ਕਲਾਲ ਪਛੜੇ ਵਰਗ ਵਿਚੋਂ ਗਿਣੇ ਜਾਂਦੇ ਹਨ।

ਕਲਾਲਾਂ ਨੂੰ ਪ੍ਰਾਚੀਨ ਕਾਲ ਵਿਚ ਸ਼ੌਡਿਕ ਕਿਹਾ ਜਾਂਦਾ ਸੀ। ਸ਼ੌਡਿਕ ਪਦ ਸ਼ੁੰਡਿਕ ਤੋਂ ਬਣਿਆ। ਸ਼ੁੰਡਿਕ ਉਸ ਭਭੱਕੇ ਨੂੰ ਕਹਿੰਦੇ ਹਨ, ਜਿਸ ਵਿਚੋਂ ਸ਼ਰਾਬ ਚੋਂਦੀ ਸੀ। ਅੱਜ ਕੱਲ ਵੀ ਕਲਾਲਾਂ ਵਿਚ ਸ਼ੁੰਡੀ ਨਾਂ ਦੀ ਇਕ ਉਪਜਾਤੀ ਮਿਲਦੀ ਹੈ। ਰਾਮਾਇਣ ਤੇ ਮਹਾਂਭਾਰਤ ਵਿਚ ਕਲਾਲਾਂ ਦਾ ਜ਼ਿਕਰ ਸ਼ੌਡਿਕ ਨਾਂ ਨਾਲ ਹੀ ਹੋਇਆ ਹੈ। ਕਲਾਲ ਬਾਰੇ ਕਈ ਅਖਾਣ ਮਿਲਦੇ ਹਨ, ਜੋ ਉਨ੍ਹਾਂ ਦੇ ਚਰਿਤ੍ਰ ਨੂੰ ਪੇਸ਼ ਕਰਦੇ ਹਨ।

ਕਾਂ ਕਲਾਲ ਕੁੱਤੇ ਦਾ
ਵਿਸਾਹ ਨਾ ਖਾਈਏ ਸੁੱਤੇ ਦਾ।

(ਕ-186) **ਕਲਿਆਣ** :

(1) ਵਿਆਹ ਸ਼ਾਦੀਆਂ ਅਤੇ ਹੋਰ ਮੰਗਲ-ਕਾਰਜਾਂ

ਵੇਲੇ, ਕੁੱਲ ਦਾ ਮਿਰਾਸੀ, ਉੱਚੀ ਸੁਰ ਵਿਚ, ਕੁੱਲ ਦੇ ਵਡਿਕਿਆਂ ਦੇ ਨਾਂ ਲੈ ਲੈ ਕੇ ਅਸੀਸਾਂ ਦਿੰਦਾ ਤੇ ਉਨ੍ਹਾਂ ਦੀ ਮਹਿਮਾਂ ਵਿਚ ਕੁਝ ਟੱਪੇ ਬੋਲਦਾ ਹੈ, ਜਿਨ੍ਹਾਂ ਨੂੰ 'ਕਲਿਆਣ' (ਕਲਾਣ) ਕਿਹਾ ਜਾਂਦਾ ਹੈ।

(2) ਵਿਆਹ ਸ਼ਾਦੀਆਂ ਸਮੇਂ, ਕੁੱਲ ਦੇ ਵਡਿਕਿਆਂ ਬਾਰੇ, ਮਿਰਾਸੀਆਂ ਵਲੋਂ ਪੜ੍ਹੇ ਕਸੀਦੇ ਨੂੰ ਵੀ 'ਕਲਿਆਣ' ਕਹਿੰਦੇ ਹਨ।

(ਕ-187) **ਕਲਿਜੁਗ** :

ਪੌਰਾਣਿਕ ਪਰੰਪਰਾ ਅਨੁਸਾਰ ਕਾਲ ਦਾ ਇਕ ਖੰਡ; ਪੁਰਾਣਾਂ ਵਿਚ ਇਕ ਸੰਪੂਰਨ ਕਾਲ ਨੂੰ ਚੋਂਹ ਜੁੱਗਾਂ ਵਿਚ ਵੰਡਿਆ ਗਿਆ ਹੈ, ਜੋ ਕਲਪ ਦੀ ਇਕਾਈ ਬਣਦੇ ਹਨ। ਇਨ੍ਹਾਂ ਚੋਹਾਂ ਵਿਚੋਂ ਚੋਥਾ ਤੇ ਅਖ਼ੀਰਲਾ ਯੁੱਗ ਕਲਿਜੁਗ ਹੈ। ਕਲਿਜੁਗ ਦੀ ਅੱਵਧੀ ਦੇਵਤਿਆਂ ਦੇ ਇਕ ਹਜ਼ਾਰ ਸਾਲ ਦੇ ਬਰਾਬਰ ਹੈ। ਹਰੇਕ ਯੁੱਗ ਦੇ ਮੁੱਢ ਅਤੇ ਅੰਤ ਵਿਚ ਤਰਤੀਬਵਾਰ ਸੰਧਯਾ ਅਤੇ ਸੰਧਯਾਮ ਨਾਂ ਦੀ ਅੱਵਧੀ ਆਉਂਦੀ ਹੈ, ਜੋ ਯੁੱਗ ਦੀ ਮੂਲ ਅੱਵਧੀ ਦਾ ਦਸਵਾਂ ਹਿੱਸਾ ਹੁੰਦੀ ਹੈ। ਇਸ ਤਰ੍ਹਾਂ ਕਲਿਜੁਗ ਦੀ ਉਮਰ 1200 ਦੇਵ ਵਰ੍ਹੇ ਬਣਦੀ ਹੈ। ਦੇਵਤਿਆਂ ਦਾ ਇਕ ਵਰ੍ਹਾ ਮਨੁਖ ਦੇ 360 ਸਾਲਾਂ ਦੇ ਬਰਾਬਰ ਹੈ। ਇਸ ਹਿਸਾਬ ਨਾਲ ਕਲਿਜੁਗ ਦੀ ਕੁੱਲ ਅੱਵਧੀ 432,000 ਵਰ੍ਹੇ ਬਣੀ।

ਕਲਿਜੁਗ ਦਾ ਆਰੰਭ ਕਦੋਂ ਹੋਇਆ ? ਇਸ ਬਾਰੇ ਵੀ ਇਕ ਮਤ ਨਹੀਂ। ਆਰੀਆ ਭੱਟ ਅਨੁਸਾਰ ਮਹਾਂਭਾਰਤ ਦੇ ਯੁੱਧ ਦੀ ਸਮਾਪਤੀ ਦੇ ਨਾਲ ਕਲਿਜੁਗ ਆਰੰਭ ਹੁੰਦਾ ਹੈ, ਪ੍ਰਿਤੂ, ਗਰਗ, ਵਰਾਹ ਮਿਹਿਰ ਅਤੇ ਕਲ੍ਹਣ ਵਰਗੇ ਜੋਤਸ਼ੀਆਂ ਤੇ ਖਗੋਲ-ਵਿਗਿਆਨੀਆਂ ਦੇ ਅਨੁਸਾਰ ਕਲਿਜੁਗ ਦਾ ਆਰੰਭ ਮਹਾਂਭਾਰਤ ਦੀ ਯੁਧ ਤੋਂ 35 ਵਰ੍ਹੇ ਪਹਿਲਾਂ ਹੋਇਆ। ਆਰੀਆ ਭੱਟ ਅਨੁਸਾਰ ਮਹਾਂਭਾਰਤ ਦੇ ਯੁੱਧ ਦੀ ਸਮਾਪਤੀ ਦੇ ਨਾਲ ਹੀ ਕਲਿਜੁਗ ਦਾ ਮੁਢ ਬਝਿਆ। ਪਹਿਲੀ ਧਾਰਨਾ ਅਨੁਸਾਰ ਕਲਿਜੁਗ 18 ਫ਼ਰਵਰੀ 3102 ਪੂਰਬ ਈਸਵੀ ਤੋਂ ਆਰੰਭ ਹੋਇਆ। ਪ੍ਰੀਖਸ਼ਿਤ ਇਸ ਯੁਗ ਦਾ ਪਹਿਲਾ ਰਾਜਾ ਸੀ। 1982 ਈ. ਵਿਚ ਕਲਿਜੁਗ ਦਾ ਸੰਮਤ (31-2-1982) 5084 ਬਣਦਾ ਹੈ।

ਕਲਿਜੁਗ ਦਾ ਪ੍ਰਭਾਵ ਸਤਿਜੁਗ ਦੇ ਮੁਕਾਬਲੇ ਵਿਚ ਇਕ ਚੋਥਾਈ ਮੰਨਿਆ ਗਿਆ ਹੈ। ਕਲਿਜੁਗ ਵਿਚ ਮਨੁੱਖ ਦੀ ਅੱਵਧੀ ਤੇ ਦਇਆ ਧਰਮ ਦੀ ਸ਼ਕਤੀ ਚੌਥਾਈ ਰਹਿ ਗਈ ਹੈ। ਮਨੂੰ-ਸਿਮਰਤੀ ਅਨੁਸਾਰ ਸਤਿਜੁਗ ਵਿਚ ਮਨੁੱਖ ਦੀ ਉਮਰ ਚਾਰ ਸੌ ਸਾਲ ਸੀ, ਜੋ ਤ੍ਰੇਤੇ ਵਿਚ ਤਿੰਨ ਸੌ ਸਾਲ, ਦੁਆਪਰ ਵਿਚ ਦੋ ਸੌ ਸਾਲ ਅਤੇ ਕਲਿਜੁਗ ਵਿਚ ਉਮਰ ਘਟ ਕੇ ਇਕ ਸੌ ਸਾਲ ਰਹਿ ਗਈ ਹੈ।

ਇਸੇ ਤਰ੍ਹਾਂ ਦਇਆ ਧਰਮ ਆਦਿ ਦੈਵੀ-ਗੁਣ ਸਤਿਜੁਗ ਦੇ ਮੁਕਾਬਲੇ ਵਿਚ ਚੋਥਾ ਹਿਸਾ ਰਹਿ ਗਏ ਹਨ। ਧਰਮ ਦੇ ਚਾਰ ਚਰਨ ਮੰਨੇ ਜਾਂਦੇ ਹਨ। ਸਤਿਜੁਗ ਵਿਚ ਧਰਮ ਚੋਹਾਂ ਚਰਨਾਂ ਤੇ ਖੜਾ ਸੀ, ਪਰ ਕਲਿਜੁਗ ਵਿਚ ਇਕ ਪੈਰ 'ਤੇ ਖੜਾ ਹੈ। ਇਸ ਲਈ ਇਸ ਯੁੱਗ ਵਿਚ ਦੁਖ-ਦਲਿਦਰ, ਅਧਰਮ, ਭੁੱਖ ਤੇ ਸੰਕਟ ਚਾਰ ਚੁਫੇਰੇ ਫੈਲ ਗਏ ਹਨ। ਗੁਰਬਾਣੀ ਵਿਚ ਕਲਿਜੁਗ ਦਾ ਸੁਭਾਵ ਬਿਆਨ ਕਰਦੇ ਹੋਏ ਕਿਹਾ–

ਕਲਿਜੁਗ ਰੱਥ ਅਗਨ ਕਾ ਕੂੜ ਅਗੇ ਰਥਵਾਹੁ।

ਭਾਵ ਕਲਿਜੁਗ ਵਿਚ ਕਾਮਾਦਿਕ ਅਗਨੀਆਂ, ਪ੍ਰਾਣੀ ਦੇ ਹਿਰਦੇ ਵਿਚ ਪ੍ਰਬਲ ਹੁੰਦੀਆਂ ਹਨ ਅਤੇ ਝੂਠ ਦਾ ਪਸਾਰਾ ਚਾਰ ਚੁਫੇਰੇ ਹੈ।

ਜਨਮ ਸਾਖੀਆਂ ਵਿਚ ਕਲਿਜੁਗ ਦਾ ਜੋ ਮਾਨਵੀ ਰੂਪ ਮਿਲਦਾ ਹੈ, ਉਹ ਬੜਾ ਵਿਕਰਾਲ ਹੈ। ਕਲਿਜੁਗ ਜਦੋਂ ਬਾਬਾ ਨਾਨਕ ਨੂੰ ਛਲਣ ਆਉਂਦਾ ਹੈ। "ਤਬਿ ਪਰਮੇਸਰਿ ਦੀ ਆਗਿਆ ਨਾਲਿ ਕਲਿਜੁਗ ਛਲਿਣ ਕਉ ਆਇਆ। ਆਦਿ ਰੂਪ ਸਰਿਓਸੁ, ਤਬਿ ਬਾਬਾ ਦੇਖੇ ਤਾਂ ਅੰਧੇਰੀ ਬਹੁਤ ਆਈ, ਦਰਖਤ ਲਗੇ ਉਠਣਿ।. ਤਬਿ ਅਗਨਿ ਕਾ ਰੂਪ ਦਿਖਾਇਆ। ਜੋ ਧੂੰਆਂ ਚਓਹਾਂ ਸਿਰਾਂ ਤੇ ਉਠਿਆ, ਚਾਰੇ ਕੁੰਡਾ ਅਗਨਿ ਹੋਈਆ...ਫੇਰ ਪਾਣੀ ਦਾ ਰੂਪ ਹੋਆ, ਘਟਾ ਬੰਨਿ ਆਇਆ। ਲਗਾ ਬਰਸਣਿ ਪਾਣੀ। ਪਰੁ ਬਾਬੇ ਤੇ ਦੂਰਿ ਪਵੈ. ਤਬਿ ਦੈਂਤ ਕਾ ਰੂਪ ਧਾਰਿ ਆਇਆ। ਚੋਟੀ ਆਸਮਾਨ ਨਾਲਿ ਕੀਤੀ ਆਸੁ। ਜਿਉਂ ਜਿਉਂ ਨੇੜੇ ਆਵੈ, ਤਿਉ ਤਿਉ ਘਟਦਾ ਜਾਵੇ। ਤੇ ਅਖੀਰ ਮਨੁਖ ਦਾ ਸਰੂਪ ਧਾਰ ਕੇ ਬਾਬੇ ਨੂੰ ਨਮਸਕਾਰ ਕੀਤਾ।"

ਕਲਿਜੁਗ ਦੇ ਸੁਭਾਵ ਬਾਰੇ ਕੁਝ ਮਿਥਕ ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਧਰਮ ਦੇ ਚਾਰ ਪੁੱਤਰ ਸਨ। ਇਨ੍ਹਾਂ ਵਿਚੋਂ ਕਲਿਜੁਗ ਸਭ ਤੋਂ ਛੋਟਾ ਸੀ। ਕਲਿਜੁਗ ਮਾਯਾ ਦੀ ਮਦਦ ਨਾਲ, ਆਪਣਾ ਪਹਿਰਾ ਵਜਾ ਰਿਹਾ ਹੈ।

(ਕ-188) **ਕਲੀ** :

(1) ਇਕ ਵਿਸ਼ੇਸ਼ ਪ੍ਰਕਾਰ ਦੀ ਕਲੀ ਦੀ ਸ਼ਕਲ ਦਾ ਤਿਲਕ, ਜੋ ਵੈਸ਼ਨੋ ਮੱਥੇ ਤੇ ਬਣਾਉਂਦੇ ਹਨ। ਇਸ ਨਾਲ ਮਨ ਵਿਗਸਿਆ ਰਹਿੰਦਾ ਹੈ। (2) ਕਲੀ ਕਾਲ, ਕਲਿਜੁਗ ਦਾ ਪਹਿਰਾ। (3) ਕਾਲੀ ਦੇਵੀ।

(ਕ-189) **ਕਲੀਆਂ** :

ਲੋਕ-ਕਾਵਿ ਦਾ ਇਕ ਰੂਪ, ਜਿਸ ਵਿਚ ਚਾਰ ਤੁਕਾਂ ਵਿਚ ਜੀਵਨ ਤੇ ਵਰਤਾਓ ਬਾਰੇ ਕੋਈ ਗਹਿਰੀ ਗੱਲ ਆਖੀ ਗਈ ਹੋਵੇ। ਇਹ ਇਕ ਤਰ੍ਹਾਂ ਦਾ ਦੋ ਕਲੀਆ ਬੈਂਤ ਹੁੰਦਾ

ਹੈ ਜੋ ਕਿਸੇ ਅਗਿਆਤ ਕਵੀ ਦੀ ਰਚਨਾ ਹੋਣ ਕਰਕੇ ਲੋਕ-ਰੂਪ ਵਿਚ ਵਿਚਰਦਾ ਹੈ ।

(1) ਇਕ ਕਾਵਿ ਰੂਪ ਜੋ ਕਿਸੇ ਨਜ਼ਮ ਵਿਚ ਵਰਤਿਆ ਜਾਂਦਾ ਹੈ । ਕੁਝ ਬੈਂਤ ਚਾਰ ਕਲੀਆਂ ਦੇ ਹੁੰਦੇ ਹਨ । ਕੁਝ ਹੋਰ ਛੇ ਕਲੀਆਂ ਦੇ । ਕੁਝ ਵਿਚ ਸਤਰਾਂ ਦੀ ਗਿਣਤੀ ਨਿਸਚਿਤ ਨਹੀਂ ਹੁੰਦੀ ।

(ਕ-190) **ਕਲੀਰਾ** :

ਚਾਂਦੀ ਦਾ ਬਣਿਆ ਇਕ ਗਹਿਣਾ; ਜਿਸ ਵਿਚ ਨਿੱਕੀਆਂ ਨਿੱਕੀਆਂ ਕਟੋਰੀਆਂ ਅਤੇ ਘੁੰਗਰੂ ਲਗੇ ਹੁੰਦੇ ਹਨ । ਕੰਨਿਆਂ ਵਿਆਹ ਵੇਲੇ, ਸੁਹਾਗਣ ਵਜੋਂ ਆਪਣੀਆਂ ਦੋਹਾਂ ਬਾਹਵਾਂ ਦੇ ਗੁੱਟ ਉਤੇ ਕਲੀਰੇ ਬੰਨ੍ਹਦੀ ਹੈ—ਇਹ ਸੁਖ-ਮੰਗਲ ਦਾ ਸੂਚਕ ਹੈ ।

ਵਿਆਹ ਵੇਲੇ ਕੰਨਿਆਂ ਆਪਣੀ ਵੀਣੀ ਉਤੇ ਮੌਲੀ ਦਾ ਧਾਗਾ ਬੰਨ੍ਹਦੀ ਹੈ, ਜਿਸ ਦੇ ਨਾਲ ਗਿਰੀ-ਛੁਹਾਰੇ ਤੇ ਕੋਡਾਂ ਆਦਿ ਲਟਕ ਰਹੀਆਂ ਹੁੰਦੀਆਂ ਹਨ, ਇਸ ਨੂੰ ਵੀ ਕਲੀਰਾ ਕਹਿ ਲਿਆ ਜਾਂਦਾ ਹੈ । ਕਲੀਰਿਆਂ ਨਾਲ ਕੁਝ ਮਨੌਤਾਂ ਵੀ ਸੰਬੰਧਿਤ ਹਨ । ਜੇ ਛੰਦਲੀਆਂ ਉਤੇ ਬੈਠੀ ਕੰਨਿਆਂ, ਕਿਸੇ ਕੁੜੀ ਦੇ ਸਿਰ 'ਤੇ ਕਲੀਰੇ ਛਣਕਾਵੇ ਤਾਂ ਉਸ ਦਾ ਵਿਆਹ ਛੇਤੀ ਹੋ ਜਾਂਦਾ ਹੈ ।

(ਕ-191) **ਕਲੇਸ਼ਵਰ ਮੰਦਰ** :

ਕਲਾਨੌਰ ਦਾ ਪ੍ਰਸਿੱਧ ਸ਼ਿਵਾਲਾ; ਗੁਰਦਾਸਪੁਰ ਗਜ਼ਟੀਅਰ (ਪੰਨਾ 62) ਅਨੁਸਾਰ ਇਹ ਮੰਦਰ, ਮਹਾਰਾਜਾ ਖੜਕ ਸਿੰਘ ਨੇ ਬਣਵਾਇਆ । ਇਸ ਮੰਦਰ ਵਿਚ ਕਾਲੇ ਰੰਗ ਦਾ ਇਕ ਵੱਡਾ ਸਾਰਾ ਪੱਥਰ ਹੈ, ਜਿਸ ਬਾਰੇ ਮਨੌਤ ਹੈ ਕਿ ਇਹ ਪੱਥਰ ਹੇਠੋਂ ਕਈ ਫੁਟ ਡੂੰਘਾ ਹੈ ਅਤੇ ਕਿਰਨ ਨਦੀ ਦੇ ਤਲ ਵਿਚ ਟਿਕਿਆ ਹੋਇਆ ਹੈ ।

ਰਵਾਇਤ ਹੈ ਇਸ ਪੱਥਰ ਨੂੰ ਜੇ ਤੋੜਿਆ ਜਾਵੇ ਜਾਂ ਸੱਟ ਮਾਰੀ ਜਾਵੇ ਤਾਂ ਇਸ ਵਿਚੋਂ ਲਹੂ ਸਿੰਮਣ ਲਗਦਾ ਹੈ ।

(ਕ-192) **ਕਲੇਜਾ ਖਾਣੀ** :

ਇਕ ਖ਼ਾਸ ਕਿਸਮ ਦੀ ਡੈਣ, ਜੋ ਨਜ਼ਰ ਦੁਆਰਾ ਹੀ ਕਲੇਜਾ ਕਢ ਕੇ ਹੜੱਪ ਕਰ ਜਾਂਦੀ ਹੈ । ਜਿਸ ਪ੍ਰਾਣੀ ਦਾ ਕਲੇਜਾ ਖਾਧਾ ਜਾਏ, ਉਹ ਨਿਸਤਾ ਹੋ ਜਾਂਦਾ ਹੈ, ਕੰਮ ਕਾਰ ਵਿਚ ਜੀਅ ਨਹੀਂ ਲਗਦਾ, ਹੌਲੇ ਹੌਲੇ ਉਹ ਸੁਕਣਾ ਸ਼ੁਰੂ ਹੋ ਜਾਂਦਾ ਹੈ ਤੇ ਅੰਦਰ ਘੁਲ ਘੁਲ ਕੇ ਪ੍ਰਾਣ ਤਿਆਗ ਦਿੰਦਾ ਹੈ । ਧਾਰਨਾ ਅਨੁਸਾਰ ਕਈ ਡੈਣਾਂ ਟੂਣੇ ਦੁਆਰਾ ਕਲੇਜਾ ਕੱਢਦੀਆਂ ਹਨ । ਫਿਰ ਕਿਸੇ ਚੌਰਾਹੇ ਵਿਚ, ਇਕ ਖ਼ਾਲੀ ਕਟਵੀ, ਮੌਲੀ ਦੇ ਧਾਗੇ ਤੋਂ ਕਿਸੇ ਕੁੱਕੜ ਦਾ ਜਾਂ ਬਕਰੇ ਦਾ ਕਲੇਜਾ ਮੰਤਰ ਕੇ ਰੱਖ ਦਿੰਦੀਆਂ ਹਨ । ਕਟਵੀ ਵਿਚ ਕਈ ਵਾਰ ਥੋਹੜਾ ਜਿਹਾ ਸਤਨਾਜਾ ਪਾ ਦਿੱਤਾ ਜਾਂਦਾ ਹੈ । ਫਿਰ ਇਨ੍ਹਾਂ ਚੀਜ਼ਾਂ ਉਤੇ ਮੰਤਰ ਪੜ੍ਹਿਆ ਜਾਂਦਾ ਹੈ । ਇਸ ਟੂਣੇ ਤੋਂ ਜਿਹੜਾ ਸਭ ਤੋਂ ਪਹਿਲਾਂ ਟੱਪੇ, ਉਸ ਦਾ ਕਲੇਜਾ ਰਹੱਸਮਈ ਢੰਗ ਨਾਲ, ਕਟਵੀ ਵਿਚ ਆ ਪੈਂਦਾ ਹੈ । ਜਿਸ ਨੂੰ ਡੈਣ ਮਗਰੋਂ ਕਢ ਕੇ ਖਾ ਲੈਂਦੀ ਹੈ ।

ਕਲੇਜੇ ਖਾਣੀਆਂ ਦੀ ਇਕ ਤੀਜੀ ਕਿਸਮ ਉਨ੍ਹਾਂ ਡੈਣਾਂ ਦੀ ਹੈ, ਜੋ ਛੁਰੇ ਨਾਲ ਬੱਚੇ ਦੀ ਛਾਤੀ ਵਿੰਨ੍ਹ ਕੇ, ਉਹਦਾ ਕਲੇਜਾ ਕੱਢ ਕੇ ਖਾਂਦੀਆਂ ਹਨ । ਪਰ ਇਨ੍ਹਾਂ ਤਿੰਨਾਂ ਵਿਚੋਂ ਪਹਿਲੀਆਂ ਦੋ ਕਿਸਮਾਂ ਦਾ ਕਰਤਵ ਰਹੱਸਮਈ ਹੋਣ ਕਰਕੇ, ਵਧੇਰੇ ਖ਼ੌਫ਼ਨਾਕ ਮੰਨਿਆ ਜਾਂਦਾ ਹੈ ।

ਕਲੇਜਾ ਖਾਣੀਆਂ ਬਾਰੇ ਕਈ ਤਰ੍ਹਾਂ ਦੀਆਂ ਅਜੀਬ ਗੱਲਾਂ ਪ੍ਰਚਲਤ ਹਨ । ਵਿਲੀਅਮ ਕਰੂਕ (**R.F.N.I**, 421) ਲਿਖਦਾ ਹੈ, ਜਦੋਂ ਕੋਈ ਟੂਣੇਹਾਰੀ ਕਿਸੇ ਪ੍ਰਾਣੀ ਦਾ ਕਲੇਜਾ ਕੱਢਣ ਵਿਚ ਸਫਲ ਹੋ ਜਾਂਦੀ ਹੈ ਤਾਂ ਉਹ ਢਾਈ ਦਿਨਾਂ ਤਕ ਉਸ ਕਲੇਜੇ ਨੂੰ ਨਹੀਂ ਖਾਂਦੀ । ਜੇ ਉਹ ਖਾ ਵੀ ਜਾਏ ਤਾਂ ਝਾੜਾ ਫੂੰਕਣ ਵਾਲੇ ਮੰਤਰ-ਬਲ ਨਾਲ, ਉਸੇ ਟੂਣੇਹਾਰੀ ਨੂੰ, ਮਜਬੂਰ ਕਰ ਸਕਦੇ ਹਨ ਕਿ ਉਹ ਕਿਸੇ ਪਸ਼ੂ ਦਾ ਕਲੇਜਾ ਕਢ ਕੇ, ਉਸ ਪ੍ਰਾਣੀ ਵਿਚ ਮੁੜ ਟਿਕਾ ਦੇਵੇ । ਇਸ ਤਰ੍ਹਾਂ ਰੋਗੀ ਮੁੜ ਨਵਾਂ-ਨਰੋਆ ਹੋ ਜਾਂਦਾ ਹੈ ਪਰ ਢਾਈ ਦਿਨਾਂ ਮਗਰੋਂ ਉਹ ਪ੍ਰਾਣੀ ਸੁਕ ਸੁਕ ਕੇ ਸਿਸਕਣ ਲਗਦਾ ਹੈ ਤੇ ਫਿਰ ਉਸ ਤੇ ਟੂਣੇ-ਮੰਤਰ ਦਾ ਵੀ ਅਸਰ ਨਹੀਂ ਹੁੰਦਾ ।

ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਵੀ 'ਕਲੇਜਾ ਖਾਣੀ' ਦੀ ਕਥਾਨਿਕ ਰੂੜ੍ਹੀ ਆਮ ਪ੍ਰਚਲਤ ਹੈ । ਇਕ ਪਰੀ ਕਥਾ ਵਿਚ, ਇਕ ਟੂਣੇਹਾਰੀ, ਰਾਜੇ ਦੇ ਸੱਤਾਂ ਘੋੜਿਆਂ ਦੇ ਕਲੇਜੇ ਕੱਢ ਕੇ ਖਾ ਜਾਂਦੀ ਹੈ । ਕਲੇਜੇ ਦੇ ਕੁਝ ਟੁਕੜੇ ਉਹ ਸੱਤਾਂ ਰਾਣੀਆਂ ਦੀਆਂ ਟੋਕਰੀਆਂ ਵਿਚ ਛੁਪਾ ਦੇਂਦੀ ਹੈ । ਫਿਰ ਉਹ, ਖ਼ੁਦ ਹੀ ਗੋਲੀ ਦੇ ਭੇਸ ਵਿਚ, ਰਾਜੇ ਨੂੰ ਜਾ ਦਸਦੀ ਹੈ ਕਿ ਉਹਦੀਆਂ ਸੱਤੇ ਰਾਣੀਆਂ ਟੂਣੇਹਾਰੀਆਂ ਤੇ ਕਲੇਜੇ ਖਾਣੀਆਂ ਹਨ । ਰਾਜਾ ਜਦੋਂ ਤਲਾਸ਼ੀ ਲੈਂਦਾ ਹੈ ਤਾਂ ਸੱਤਾਂ ਰਾਣੀਆਂ ਦੀਆਂ ਪਛੀਆਂ ਵਿਚੋਂ ਕਲੇਜੇ ਨਿਕਲਦੇ ਹਨ । ਰਾਜਾ ਸੱਤਾਂ ਰਾਣੀਆਂ ਦੇ ਸਿਰ ਮੁੰਨਵਾ ਕੇ, ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੰਦਾ ਹੈ । ਫਿਰ ਉਹ ਜਾਦੂਗਰਨੀ ਰਾਜੇ ਨੂੰ ਆਪਣੇ ਮਾਇਆ ਜਾਲ ਵਿਚ ਫਸਾ ਕੇ, ਉਸ ਨਾਲ ਵਿਆਹ ਕਰਵਾ ਲੈਂਦੀ ਹੈ । ਪਰ ਅਖ਼ੀਰ ਵਿਚ ਸਾਰੇ ਭੇਤ ਖੁਲ੍ਹ ਜਾਂਦੇ ਹਨ । ਰਾਜਾ ਜਾਦੂਗਰਨੀ ਨੂੰ ਮਰਵਾ ਦਿੰਦਾ ਹੈ ਤੇ ਸੱਤਾਂ ਰਾਣੀਆਂ ਨੂੰ ਮੁੜ ਮਹਿਲਾਂ ਵਿਚ ਵਾਪਿਸ ਬੁਲਾ ਲੈਂਦਾ ਹੈ ।

(ਕ-193) **ਕਵੱਚ** :

ਜਾਦੂ ਟੂਣੇ ਵਿਚ, ਕਵੱਚ ਉਸ ਤਵੀਤ ਨੂੰ ਕਹਿੰਦੇ ਹਨ, ਜੋ ਮੰਦੇ ਪ੍ਰਭਾਵ ਦੀ ਰਖਿਆ ਹਿਤ ਜਾਂ ਮਨ-ਇੱਛਤ ਫਲ ਦੀ ਪ੍ਰਾਪਤੀ ਖ਼ਾਤਰ, ਸਰੀਰ ਉਤੇ ਧਾਰਨ ਕੀਤਾ ਜਾਵੇ। ਕਵੱਚ ਕਈ ਪ੍ਰਕਾਰ ਦੇ ਹੁੰਦੇ ਹਨ-ਕਾਗਜ਼ ਦੇ ਟੁੱਕੜੇ ਦਾ, ਧਾਤ ਦੇ ਪਤਰੇ ਦਾ ਜਾਂ ਫਿਰ ਪੱਥਰ ਦਾ। ਇਨ੍ਹਾਂ ਉਪਰ ਜਾਂ ਤਾਂ ਯੰਤਰ ਬਣੇ ਹੁੰਦੇ ਹਨ ਜਾਂ ਮੰਤਰ ਉਕਰੇ ਹੁੰਦੇ ਹਨ।

ਕਵਚ ਤਵੀਤ ਆਮ ਤੌਰ ਤੇ ਕੰਠ ਦੁਆਲੇ, ਛਾਤੀ, ਬਾਂਹ ਦੀ ਮੱਛਲੀ ਜਾਂ ਪੱਟ ਦੁਆਲੇ ਧਾਰਨ ਕੀਤਾ ਜਾਂਦਾ ਹੈ। ਕਈ ਕਵੱਚ ਰੋਗਾਂ ਨੂੰ ਨਿਵਾਰਨ ਲਈ ਜਾਂ ਸੰਤਾਨ ਪ੍ਰਾਪਤੀ ਕਰਨ ਵਾਸਤੇ ਵੀ ਪਹਿਨੇ ਜਾਂਦੇ ਹਨ। (ਵੇਖੋ : ਤਵੀਤ)।

(ਕ-194) **ਕੰਵਲ ਫੁੱਲ** :

ਕੰਵਲ ਫੁੱਲ ਨੂੰ ਬੜੀ ਪਵਿਤਰ ਵਸਤੂ ਤੇ ਕਲਿਆਣਕਾਰੀ ਮੰਨਿਆ ਜਾਂਦਾ ਹੈ ਅਤੇ ਇਸ ਫੁੱਲ ਨਾਲ ਅਨੇਕਾਂ ਮਨੌਤਾਂ, ਕਥਾ-ਕਹਾਣੀਆਂ ਅਤੇ ਵਿਸ਼ਵਾਸ ਸੰਬੰਧਿਤ ਹਨ। ਪੌਰਾਣਿਕ ਕਥਾਵਾਂ ਅਨੁਸਾਰ ਪਹਿਲਾਂ ਧਰਤੀ ਉਤੇ ਚਾਰ ਚੁਫੇਰੇ ਪਾਣੀ ਹੀ ਪਾਣੀ ਸੀ। ਪਰਜਾਪਤੀ ਨੇ ਪਾਣੀ ਉਤੇ ਇਕ ਫੁੱਲ ਤੈਰਦਾ ਵੇਖਿਆ ਤਾਂ ਉਹਨਾਂ ਦੇ ਮਨ ਅੰਦਰ ਸੰਸਾਰ ਨੂੰ ਸਿਰਜਣ ਦੀ ਲਾਲਸਾ ਪੈਦਾ ਹੋਈ। ਪਰਜਾਪਤੀ ਨੇ, ਕੰਵਲ ਫੁੱਲ ਦੀ ਜੜ੍ਹ ਤੋਂ ਮਿੱਟੀ ਲੈ ਕੇ, ਉਹਦੀਆਂ ਪੱਤੀਆਂ ਵਿਚ ਬਿਖੇਰ ਦਿਤੀ। ਇਸ ਤਰ੍ਹਾਂ ਸੰਸਾਰ ਦੀ ਉਤਪਤੀ ਦਾ ਕਾਰਜ ਸ਼ੁਰੂ ਹੋਇਆ।

ਪੁਰਾਣਾਂ ਦੀ ਇਕ ਹੋਰ ਕਥਾ ਅਨੁਸਾਰ, ਕੰਵਲ-ਫੁੱਲ ਵਿਸ਼ਨੂੰ ਦੀ ਧੁਨੀ ਵਿਚੋਂ ਉਗਿਆ। ਵਿਸ਼ਨੂੰ ਖੀਰ-ਸਾਗਰ ਵਿਚ, ਵਿਸਮਾਦ ਅਵਸਥਾ ਵਿਚ, ਬਿਰਾਜਮਾਨ ਸਨ ਕਿ ਉਨ੍ਹਾਂ ਦੀ ਧੁਨੀ ਵਿਚੋਂ ਕੰਵਲ ਫੁੱਲ ਉਦੈ ਹੋਇਆ। ਇਸੇ ਕੰਵਲ ਫੁੱਲ ਵਿਚੋਂ ਬ੍ਰਹਮਾ ਦੀ ਉਤਪਤੀ ਹੋਈ, ਜਿਨ੍ਹਾਂ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ।

ਮਹਾਂਭਾਰਤ ਦੀ ਇਕ ਕਥਾ ਅਨੁਸਾਰ, ਕੰਵਲ ਫੁੱਲ, ਵਿਸ਼ਨੂੰ ਦੇ ਸੀਸ ਵਿਚੋਂ ਉਪਜਿਆ, ਜਿਸ ਵਿਚ ਸੁਨਹਿਰੀ ਆਭਾ ਵਾਲੀ ਲਖਸ਼ਮੀ ਦੇਵੀ ਬਿਰਾਜਮਾਨ ਸੀ। ਲਖਸ਼ਮੀ ਦਾ ਸਿੰਘਾਸਨ ਕੰਵਲ ਫੁੱਲ ਹੋਣ ਦੇ ਨਾਤੇ ਲਖਸ਼ਮੀ ਨੂੰ 'ਕਮਲਾ' ਵੀ ਕਿਹਾ ਜਾਂਦਾ ਹੈ।

ਹਿੰਦੂ ਧਰਮ ਵਿਚ, ਕੰਵਲ ਫੁੱਲ ਬੜੀ ਪਵਿਤਰ ਵਸਤੂ ਮੰਨੀ ਜਾਂਦੀ ਹੈ। ਵਿਸ਼ਨੂੰ ਦੀ ਪੂਜਾ-ਅਰਚਾ ਵਿਚ ਇਸ ਫੁੱਲ ਨੂੰ ਵਿਸ਼ੇਸ਼ ਮਹਾਤਮ ਪ੍ਰਾਪਤ ਹੈ। ਪੌਰਾਣਿਕ ਕਥਾ ਅਨੁਸਾਰ, ਵਿਸ਼ਨੂੰ ਨੇ ਇਕ ਵਾਰ ਸ਼ੰਕਰ ਦੇਵਤੇ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਕੰਵਲ ਫੁੱਲ ਭੇਟ ਕਰਨਾ ਚਾਹਿਆ। ਪਰ ਉਹਨਾਂ ਨੂੰ ਕੰਵਲ ਫੁੱਲ ਕਿਧਰੋਂ ਵੀ ਨਾ ਮਿਲਿਆ ਤਾਂ ਉਹਨਾਂ ਨੇ ਆਪਣੇ ਇਕ ਨੇਤਰ ਨੂੰ ਕੰਵਲ ਫੁੱਲ ਦੇ ਰੂਪ ਵਿਚ ਭੇਟ ਕਰ ਦਿਤਾ।

ਤਾਂਤ੍ਰਿਕ ਮਤ ਵਿਚ ਉਪਾਸਨਾ ਵੇਲੇ ਅੱਠਾਂ, ਬਾਰਾਂ ਤੇ ਸੋਲਾਂ ਪੱਤੀਆਂ ਵਾਲਾ ਕੰਵਲ ਫੁੱਲ ਚਿਤ੍ਰ ਕੇ, ਪੂਜਣ ਦੀ ਪਰੰਪਰਾ ਹੈ, ਜਿਨ੍ਹਾਂ ਨੂੰ ਤਰਤੀਬਵਾਰ ਅਸ਼ਟ ਦਲ, ਦੁਵਾਦਸ ਤੇ ਸ਼ੋਡਸ ਦਲ ਕੰਵਲ ਕਹਿੰਦੇ ਹਨ।

ਇਸਲਾਮ ਵਿਚ ਕੰਵਲ ਫੁੱਲ ਦਾ ਵਿਸ਼ੇਸ਼ ਸਥਾਨ ਹੈ— ਕੁਰਾਨ ਅਨੁਸਾਰ ਸਤਵੇਂ ਤਬੱਕ ਵਿਚ, ਅੱਲ੍ਹਾ ਦੇ ਸੱਜੇ ਪਾਸੇ ਇਕ ਸੁੰਦਰ ਕੰਵਲ ਫੁੱਲ ਹੈ। ਕੰਵਲ ਫੁੱਲ ਭਾਰਤੀ ਕਲਾ ਵਿਚ ਵਿਸ਼ੇਸ਼ ਮਹੱਤਾ ਰਖਦਾ ਹੈ। ਇਲੋਰਾ ਤੇ ਅਜੰਤਾ ਦੀਆਂ ਗੁਫਾਵਾਂ ਤੇ ਖਜੁਰਾਹੋ ਦੇ ਮੰਦਰਾਂ ਵਿਚ ਜੋ ਚਿਤ੍ਰ ਅਤੇ ਮੀਨਾਕਾਰੀ ਮਿਲਦੀ ਹੈ, ਉਸ ਵਿਚ ਕੰਵਲ ਫੁੱਲ ਨੂੰ ਹੋਰ ਫੁੱਲਾਂ ਬੂਟਿਆਂ ਨਾਲੋਂ ਸ੍ਰੇਸ਼ਟ ਸਥਾਨ ਪ੍ਰਾਪਤ ਹੈ। ਅਸ਼ੋਕ ਦੇ ਕਈ ਸ਼ਿਲਾਲੇਖਾਂ ਉਤੇ ਕੰਵਲ ਦਾ ਚਿੰਨ੍ਹ ਉਕਰਿਆ ਮਿਲਦਾ ਹੈ। ਕਈ ਸ਼ਿਵਾਲਿਆਂ ਤੇ ਬੋਧੀ ਵਿਹਾਰਾਂ ਵਿਚ ਉਲਟਾ ਕੰਵਲ ਅੰਕਿਆ ਮਿਲਦਾ ਹੈ।

ਕੰਵਲ ਫੁੱਲ ਦੀ ਮਹੱਤਤਾ ਵੈਦਿਕ ਕਾਲ ਤੋਂ ਹੀ ਚਲੀ ਆ ਰਹੀ ਹੈ। ਇਕ ਵੈਦਿਕ ਰਿੱਚ ਵਿਚ ਕਿਹਾ ਗਿਆ ਹੈ ਕਿ ਮਨੁੱਖੀ ਸਰੀਰ ਵਿਚ ਛੇ ਚੱਕਰ ਹਨ ਤੇ ਹਰੇਕ ਚੱਕਰ ਵਿਚ ਇਕ ਕੰਵਲ ਪੁਸ਼ਪ ਹੈ। ਇਨ੍ਹਾਂ ਛੇ ਚੱਕਰਾਂ ਉਤੇ ਭਿੰਨ ਭਿੰਨ ਦੇਵਤਿਆਂ ਦਾ ਅਧਿਕਾਰ ਹੈ। ਜਦੋਂ ਤਕ ਦੇਵ ਸ਼ਕਤੀ ਸੁਤੀ ਰਹਿੰਦੀ ਹੈ, ਕੰਵਲ ਹੇਠਾਂ ਵਲ ਝੁਕਿਆ ਰਹਿੰਦਾ ਹੈ, ਪਰ ਲਗਾਤਾਰ ਤੱਪ, ਸਾਧਨਾ ਤੇ ਸਿਮਰਨ ਦੁਆਰਾ, ਇਸ ਸ਼ਕਤੀ ਨੂੰ ਜਗਾਣ ਨਾਲ ਫੁੱਲ ਸਿੱਧਾ ਹੋ ਜਾਂਦਾ ਹੈ ਤੇ ਪ੍ਰਾਣੀ ਉਚੀ ਆਤਮਿਕ ਅਵਸਥਾ ਦਾ ਅਨੰਦ ਮਾਣਦਾ ਹੈ।

ਇਹੋ ਵਿਚਾਰ ਮਗਰੋਂ ਹਠ-ਯੋਗ ਦਾ ਆਧਾਰ ਬਣੇ।

(ਕ-195) **ਕੰਵਾਰ ਕੋਠਾ** :

ਪਹਿਲਿਆਂ ਵਿਚ, ਜਦੋਂ ਕੋਈ ਕੰਨਿਆਂ, ਸਾਰੀ ਉਮਰ ਕੰਵਾਰੀ ਰਹਿਣ ਦਾ ਪ੍ਰਣ ਕਰ ਲੈਂਦੀ, ਤਾਂ ਉਹਦੇ ਲਈ ਘਰ ਵਿਚ ਹੀ ਜਾਂ ਕਿਸੇ ਵੱਖਰੀ ਥਾਂ ਕੰਵਾਰ-ਕੋਠਾ ਉਸਾਰ ਦਿਤਾ ਜਾਂਦਾ। ਇਥੇ ਮਰਦ ਜਾਤ ਦਾ ਪੈਰ ਪਾਉਣਾ ਵਰਜਿਤ ਹੁੰਦਾ।

(ਕ-196) **ਕੰਵਾਰੀ** :

(1) ਸਕੇਸਰ ਪਹਾੜ ਦੀਆਂ ਪਛਮੀ ਚੋਟੀਆਂ, ਜਿਥੇ ਸ਼ਾਹਪੁਰ, ਜਿਹਲਮ ਅਤੇ ਬੰਨੂੰ ਦੇ ਜ਼ਿਲੇ ਆਪੋ ਵਿਚ ਮਿਲਦੇ

ਹਨ । ਇਹ ਚਟਾਨਾਂ ਕਿਧਰੇ ਉਚੀਆਂ, ਕਿਧਰੇ ਨੀਵੀਆਂ, ਕਿਧਰੇ ਖਰਵੀਆਂ ਤੇ ਕਿਧਰੇ ਅਣਪੱਧਰੀਆਂ ਹਨ, ਇਨ੍ਹਾਂ ਚਟਾਨਾਂ ਨੂੰ 'ਕੰਵਾਰੀ' ਇਸ ਲਈ ਕਹਿੰਦੇ ਹਨ ਕਿ ਰਵਾਇਤ ਅਨੁਸਾਰ ਇਸ ਇਲਾਕੇ ਦੀਆਂ ਕੁਝ ਕੰਵਾਰੀਆਂ ਕੁੜੀਆਂ ਇਥੇ ਪੱਥਰ ਰੂਪ ਵਿਚ ਢੱਲ ਗਈਆਂ ਸਨ ।

ਪੰਜਾਬ ਨੋਟਜ਼ (P. N. Q. 1884, ਪੰਨਾ 88) ਅਨੁਸਾਰ ਮੁਹੰਮਦ ਸ਼ਾਹ ਤੁਗ਼ਲਕ (1325-51 ਈ.) ਦੇ ਰਾਜ ਵੇਲੇ, ਇਸ ਇਲਾਕੇ ਵਿਚ ਗ਼ਾਜ਼ੀਆਂ ਦਾ ਬੜਾ ਦੱਬਦੱਬਾ ਸੀ, ਜੋ ਇਲਾਕੇ ਵਿਚ ਲੁਟ ਮਾਰ ਕਰਨ ਤੋਂ ਇਲਾਵਾ, ਇਥੋਂ ਦੀਆਂ ਸੁੰਦਰ ਹਿੰਦੂ ਮੁਟਿਆਰਾਂ ਨੂੰ ਉਧਾਲ ਕੇ ਕਾਬਿਲ ਲੈ ਜਾਂਦੇ । ਉਨ੍ਹੀ ਦਿਨੀਂ ਇਥੇ 'ਬਾਗ' ਨਾਉਂ ਦਾ ਪਿੰਡ ਵਸਦਾ ਸੀ, ਜਿਸ ਦੇ ਖੰਡਰ ਹੁਣ ਤਕ ਮੌਜੂਦ ਹਨ । ਉਦੋਂ ਇਥੇ 'ਤਰੇੜ' ਜਾਤੀ ਦੇ ਲੋਕ ਵਸਦੇ ਸਨ । ਜਦੋਂ ਧਾੜਵੀ ਇਲਾਕੇ ਵਿਚ ਲੁਟ ਮਾਰ ਕਰ ਰਹੇ ਸਨ ਤਾਂ ਕੁਝ ਹਿੰਦੂਆਂ ਨੇ ਆਪਣੀਆਂ ਜਵਾਨ ਧੀਆਂ ਨੂੰ ਖ਼ੁਦ ਆਪਣੇ ਹਥੀਂ ਵੱਢ ਟੁਕ ਦਿਤਾ । ਪਰ ਪਿੰਡ ਦੀਆਂ ਕੁਝ ਮੁਟਿਆਰਾਂ ਜਾਨ ਬਚਾ ਕੇ, ਇਨ੍ਹਾਂ ਪਹਾੜੀ ਚਟਾਨਾਂ ਵਿਚ ਜਾ ਛੁਪੀਆਂ ਅਤੇ ਪ੍ਰਮਾਤਮਾ ਅਗੇ, ਰਖਿਆ ਵਾਸਤੇ ਪ੍ਰਾਰਥਨਾ ਕਰਨ ਲਗੀਆਂ । ਪਹਾੜ ਦੇ ਦੇਵਤੇ ਨੇ ਉਨ੍ਹਾਂ ਦੀ ਪ੍ਰਾਰਥਨਾ ਸੁਣ ਲਈ । ਜਦੋਂ ਧਾੜਵੀ ਉਨ੍ਹਾਂ ਮੁਟਿਆਰਾਂ ਨੂੰ ਢੂੰਡਦੇ ਹੋਏ, ਚਟਾਨਾਂ ਵਲ ਆ ਨਿਕਲੇ ਤਾਂ ਚਟਾਨਾਂ ਨੇ ਮੂੰਹ ਅੱਡ ਕੇ, ਮੁਟਿਆਰਾਂ ਨੂੰ ਆਪਣੀ ਹਿਕ ਵਿਚ ਸਮਾ ਲਿਆ । ਉਦੋਂ ਤੋਂ ਇਹ ਚਟਾਨਾਂ 'ਕੰਵਾਰੀ' ਦੇ ਨਾਂ ਨਾਲ ਪ੍ਰਸਿੱਧ ਹਨ ।

(2) ਸੰਤਾਂ ਨੇ ਮਾਯਾ ਵਾਸਤੇ 'ਕੰਵਾਰੀ' ਦਾ ਪਦ ਵਰਤਿਆ ਹੈ, ਕਿਉਂ ਜੋ ਜਿਹੜੇ ਲੋਕ ਮਾਯਾ ਨੂੰ ਵਿਆਹੁਣਾ ਅਥਵਾ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਕੋਲ ਮਾਯਾ ਨਹੀਂ ਜਾਂਦੀ, ਪਰ ਜਿਨ੍ਹਾਂ ਨੇਕ-ਬੰਦਿਆਂ ਤੇ ਸੰਤ-ਜਨਾਂ ਦੀ ਮਾਯਾ ਚੇਲੀ ਬਣ ਕੇ ਰਹਿਣਾ ਚਾਹੁੰਦੀ ਹੈ, ਉਹ ਲੋਕ ਮਾਯਾ ਨੂੰ ਪ੍ਰਾਪਤ ਕਰਨ ਲਈ ਬਹੁਤੇ ਇਛਕ ਨਹੀਂ ।

(ਕ-197) **ਕੱਵਾਲੀ** :

ਕੱਵਾਲੀ ਸਾਮੂਹਿਕ ਰੂਪ ਵਿਚ ਗਾਉਣ ਵਾਲੇ, ਮਹਿਮਾ ਦੇ ਗੀਤ ਹਨ, ਜਿਨ੍ਹਾਂ ਵਿਚ ਹੁਸਨ ਇਸ਼ਕ ਦਾ ਵਰਨਣ ਮਜਾਜ਼ੀ ਨਾਲੋਂ ਹਕੀਕੀ ਪੱਧਰ ਉਤੇ ਹੁੰਦਾ ਹੈ । ਕੱਵਾਲੀ ਮੁਸਲਮਾਨੀ ਸਮਾਜ ਦੀ ਦੇਣ ਹੈ ।

ਕਵਾਲ ਪਦ ਦੀ ਉਤਪਤੀ ਅਰਬੀ ਦੇ ਸ਼ਬਦ 'ਕੌਲ' ਤੋਂ ਮੰਨੀ ਗਈ ਹੈ, ਜਿਸ ਦੇ ਅਰਥ ਹਨ : ਕਥਨ, ਬਚੱਨ, ਸੁਖੱਨ; ਕਵਾਲ ਸ਼ਬਦ ਉਨ੍ਹਾਂ ਮੁਸਲਮਾਨ ਗਾਇਕਾਂ ਲਈ ਵਰਤਿਆ ਜਾਣ ਲਗਾ, ਜੋ ਮਜਲਸਾਂ ਵਿਚ ਇਲਾਹੀ ਬਚਨ ਅਥਵਾ ਗੀਤ ਗਾਉਂਦੇ ਸਨ । ਸਮੇਂ ਨਾਲ ਪੀਰਾਂ ਫ਼ਕੀਰਾਂ ਦੀ ਮਹਿਮਾ ਵਿਚ ਗਾਏ ਗੀਤਾਂ ਨੂੰ 'ਕੌਲ' ਅਤੇ ਗਾਉਣ ਵਾਲੇ ਨੂੰ 'ਕਵਾਲ' ਕਿਹਾ ਜਾਣ ਲਗਾ । ਜਦੋਂ ਸੂਫ਼ੀ ਫ਼ਕੀਰਾਂ ਵਿਚ ਕਵਾਲ ਇਕ ਸੰਸਥਾ ਦੇ ਰੂਪ ਵਿਚ ਸਥਾਪਿਤ ਹੋ ਗਏ ਤਾਂ ਉਨ੍ਹਾਂ ਦੇ ਗਾਏ ਗੀਤਾਂ ਨੂੰ ਕਵਾਲੀ ਕਿਹਾ ਜਾਣ ਲਗ ਪਿਆ ।

ਭਾਰਤ ਵਿਚ ਕਵਾਲਾਂ ਦਾ ਮੁੱਢ ਖ਼ਵਾਜਾ ਮੁਹੀਉਦੀਨ-ਚਿਸ਼ਤੀ ਨੇ ਬੰਨ੍ਹਿਆ । ਪੰਜਾਬ ਵਿਚ ਕੱਵਾਲ ਪ੍ਰਥਾ ਨੂੰ ਪ੍ਰਚਲਤ ਕਰਨ ਵਿਚ ਅਮੀਰ ਖ਼ੁਸਰੋ ਨੇ ਅਹਿਮ ਭੂਮਿਕਾ ਨਿਭਾਈ । ਸਦੀਆਂ ਦੀ ਲੰਮੀ ਪਰੰਪਰਾ ਵਿਚ ਕਵਾਲੀ, ਇਕ ਖ਼ਾਸ ਤਰ੍ਹਾਂ ਦਾ ਕਾਵਿ-ਵਿਧਾਨ ਧਾਰਨ ਕਰ ਗਈ । ਕਾਫ਼ੀ ਵਾਂਗ ਕਵਾਲੀ ਵਿਚ ਵੀ ਮੂਲ ਭਾਵ ਵਾਲੀ ਪੰਗਤੀ ਬਾਰ ਬਾਰ ਦੁਹਰਾਈ ਜਾਂਦੀ ਹੈ ।

ਪੰਜਾਬ ਵਿਚ ਸੂਫ਼ੀਆਂ ਦੀਆਂ ਮਜਲਸਾਂ ਵਿਚ ਕਾਫ਼ੀ ਦਾ ਕਾਵਿ ਰੂਪ ਪ੍ਰਧਾਨ ਰਿਹਾ । ਕਾਫ਼ੀਆਂ ਨੂੰ ਗਾਉਣ ਵਾਲੇ ਵੀ ਕਵਾਲ ਅਖਵਾਉਂਦੇ ਸਨ । ਕਵਾਲੀ ਤੇ ਕਾਫ਼ੀ ਦਾ ਨਿਖੇੜਾ ਕਰਨਾ ਸਹਿਜ ਨਹੀਂ । ਦੋਹਾਂ ਨੂੰ ਕਵਾਲ ਗਾਉਂਦੇ ਹਨ ਅਤੇ ਦੋਵੇਂ ਮੁਸਲਮਾਨੀ ਸਮਾਜ ਦੀ ਗਾਇਕੀ ਹਨ । ਦੋਹਾਂ ਦਾ ਕਾਵਿ ਵਿਧਾਨ ਇਕ ਸਮਾਨ ਹੈ । ਕਾਫ਼ੀ ਸੂਫ਼ੀ ਫ਼ਕੀਰਾਂ ਨਾਲ ਸੰਬੰਧਿਤ ਰਹੀ ਹੈ ਤੇ ਇਨ੍ਹਾਂ ਦਾ ਸੰਬੰਧ ਪ੍ਰਧਾਨ ਰੂਪ ਵਿਚ ਸੂਫ਼ੀ ਮਤ ਨਾਲ ਸੀ, ਪਰ ਕਵਾਲੀ ਮੁਸਲਮਾਨੀ ਮਤ ਨਾਲ ਸੰਬੰਧਿਤ ਹੈ ਤੇ ਇਹ ਸੂਫ਼ੀ ਸ਼ਰ੍ਹਾ ਫ਼ਿਕਾ ਤੋਂ ਉਸ ਭਾਂਤ ਮੁਕਤ ਨਹੀਂ, ਜਿਸ ਭਾਂਤ 'ਕਾਫ਼ੀ' ਹੈ । ਕਵਾਲੀਆਂ ਵਿਚ ਹਜ਼ਰਤ ਮੁਹੰਮਦ ਦੀ ਮਹਿਮਾ ਵੀ ਗਾਈ ਜਾਂਦੀ ਹੈ ।

(ਕ-198) **ਕਵੀਸ਼ਰੀ** :

ਕਵੀਸ਼ਰੀ ਦੀ ਪਰੰਪਰਾ ਬੜੀ ਪ੍ਰਾਚੀਨ ਹੈ ਅਤੇ ਇਹਦਾ ਪਿੱਛਾ ਭੱਟ-ਕਾਵਿ ਨਾਲ ਜਾ ਰਲਦਾ ਹੈ । ਜੇ ਗਹੁ ਨਾਲ ਵੇਖਿਆ ਜਾਵੇ ਤਾਂ ਕਵੀਸ਼ਰੀ ਭੱਟ-ਪ੍ਰਥਾ ਦਾ ਹੀ ਸਹਿਜ ਵਿਕਾਸ ਹੈ, ਜੋ ਸਮਾਜਿਕ ਅਤੇ ਆਰਥਿਕ ਪ੍ਰੀਵਰਤਨਾਂ ਕਾਰਨ ਉਭਰੇ ਨਵੇਂ ਸੰਕਲਪਾਂ, ਧੰਧਾਂ ਤੇ ਧਾਰਨਾਵਾਂ ਦਾ ਹੀ ਫਲ ਸੀ । ਪੂਰਬਲੇ ਮੱਧ-ਕਾਲ ਵਿਚ ਜੋ ਸਥਾਨ ਭੱਟਾਂ ਨੂੰ ਪ੍ਰਾਪਤ ਸੀ, ਉਹੋ ਪਿਛਲੇਰੇ ਮੱਧਕਾਲ ਵਿਚ ਕਵੀਸ਼ਰਾਂ ਦੇ ਹਿੱਸੇ ਆਇਆ ।

ਜਦੋਂ ਪੰਜਾਬ ਵਿਚ ਕਬੀਲਾ ਬਿਰਤੀ ਪ੍ਰਧਾਨ ਸੀ ਤਾਂ ਹਰੇਕ ਕਬੀਲੇ ਦੇ ਆਪਣੇ ਭੱਟ ਉਸ ਕਬੀਲੇ ਦੇ ਵਿਸ਼ੇਸ਼ ਵਿਅਕਤੀਆਂ, ਸੂਰਮਿਆਂ ਅਤੇ ਕਰਮਯੋਗੀਆਂ ਦੀ ਮਹਿਮਾ ਵਿਚ ਕਵਿਤਾ ਰਚ ਕੇ, ਸਰੋਤਿਆਂ ਵਿਚ ਉਤਸ਼ਾਹ ਅਤੇ ਕਬੀਲਾ-ਭਾਵਨਾ ਪਰਪੱਕ ਤੇ ਉਜਾਗਰ ਕਰਦੇ ਸਨ । ਸਮੇਂ ਦੇ ਬੀਤਣ ਨਾਲ ਭੱਟਾਂ ਨੇ ਕਬੀਲਿਆਂ ਤੋਂ ਟੁੱਟ ਕੇ ਆਪਣੀ ਸੁਤੰਤਰ ਹੋਂਦ ਕਾਇਮ ਕਰ ਲਈ ਅਤੇ ਸਿੱਧਾ ਲੋਕਾਂ ਨਾਲ

ਜੁੜਦੇ ਗਏ । ਨਵੇਂ ਬੰਧਾਂ ਸਦਕਾ ਭੱਟਾਂ ਦੀ ਵਿਸ਼ੇਸ਼ ਵਿਅਕਤੀ ਤੋਂ ਲੋਕ ਵਲ ਦੀ ਯਾਤਰਾ ਤੋਂ ਹੀ ਕਵੀਸ਼ਰੀ ਦਾ ਉਥਾਨ ਹੋਇਆ । ਉਦੋਂ ਭੱਟ ਇਕ ਪਿੰਡ ਦੇ ਪਰ੍ਹੇ ਤੋਂ ਦੂਜੇ ਪਰ੍ਹੇ ਤਕ ਵਿਚਰਨ ਲਗੇ ਅਤੇ ਉਹਨਾਂ ਨੇ ਕਿਸੇ ਵਿਅਕਤੀ ਜਾਂ ਕਬੀਲੇ ਨੂੰ ਵਿਸ਼ੇਸ਼ ਕਾਵਿ-ਆਨੰਦ ਦੇਣ ਦੀ ਥਾਂ, ਪਿੰਡ ਦੇ ਪਰ੍ਹਿਆਂ ਵਿਚ ਬੈਠੇ ਸਮੂਹਾਂ ਨੂੰ ਆਪਣਾ ਸਰੋਤਾ ਬਣਾਉਣਾ ਸ਼ੁਰੂ ਕੀਤਾ । ਇਸੇ ਦੇ ਨਾਲ ਹੀ ਉਨ੍ਹਾਂ ਨੇ ਲੋਕ-ਸੰਸਕ੍ਰਿਤੀ ਦੇ ਕਿਸੇ ਪੱਖ ਪਸਾਰ ਜਾਂ ਲੋਕਧਾਰਾਈ ਸਾਮਗਰੀ ਨੂੰ ਆਪਣੀ ਵਸਤੂ ਬਣਾ ਕੇ, ਲੋਕਾਂ ਨੂੰ ਸਹਜ ਰਸ ਦੇਣ ਦੀ ਚੇਸ਼ਟਾ ਕੀਤੀ ਅਤੇ ਇਸ ਤਰ੍ਹਾਂ ਭੱਟਾਂ ਦੀ ਪਰੰਪਰਾ, ਕਵੀਸ਼ਰਾਂ ਦੀ ਸ਼ਕਲ ਵਿਚ ਨਵੇਂ ਬੰਧਾਂ ਨਾਲ ਲੋਕ-ਮੁਖ ਹੋ ਕੇ ਉਭਰੀ ।

ਇਹੋ ਵਜਹ ਹੈ ਕਿ ਕਵੀਸ਼ਰਾਂ ਨੇ ਭੱਟਾਂ ਦਾ ਸੁਭਾਵ ਤੇ ਕਾਵਿ-ਪਰੰਪਰਾ ਨੂੰ ਵਿਰਸੇ ਵਿਚੋਂ ਪ੍ਰਾਪਤ ਕੀਤਾ । ਭੱਟਾਂ ਦੀ ਕਾਵਿ ਸਿਰਜਨਾ ਵਾਂਗ ਕਵੀਸ਼ਰੀ ਵੀ ਇਕ ਧੰਦਾ ਰਹੀ । ਭੱਟਾਂ ਵਾਂਗ ਕਵੀਸ਼ਰ ਵੀ ਆਮ ਤੌਰ ਤੇ ਸਥਾਨਿਕ ਹੁੰਦੇ ਹਨ ਅਤੇ ਇਨ੍ਹਾਂ ਦੀ ਕੀਰਤੀ ਇਲਾਕੇ ਦੇ ਇਕ ਖ਼ਾਸ ਘੇਰੇ ਤੋਂ ਬਾਹਰ ਨਹੀਂ ਫੈਲਦੀ ।

ਦੂਜਾ, ਕਵੀਸ਼ਰ ਭੱਟਾਂ ਵਾਂਗ ਹੀ ਲੋਕਾਂ ਦੀਆਂ ਲੋੜਾਂ ਅਤੇ ਚਾਹਤਾਂ ਨੂੰ ਮੁੱਖ ਰਖ ਕੇ ਰਚਨਾ ਕਰਦੇ ਹਨ, ਨਾ ਕਿ ਸਵੈ-ਅਭਿਵਿਅਕਤੀ ਲਈ । ਬਹੁਤੀ ਵਾਰ ਤਾਂ ਉਹ ਕੋਈ ਰਚਨਾ ਦੋਸਤਾਂ, ਮਿੱਤਰਾਂ ਜਾਂ ਸਰੋਤਿਆਂ ਦੀ ਕਿਸੇ ਫ਼ਰਮਾਇਸ਼ ਨੂੰ ਪੂਰੀ ਕਰਨ ਲਈ ਕਰਦੇ ਰਹੇ । ਭੱਟਾਂ ਵਾਂਗ, ਕਵੀਸ਼ਰ ਵੀ, ਧਨੀ ਅਤੇ ਮੱਧਵਰਗੀ ਲੋਕਾਂ ਦੇ ਵਿਆਹ ਵਿਚ ਸ਼ਾਮਲ ਹੋ ਕੇ, ਦੂਲ੍ਹੇ ਦੇ ਸਿਹਰੇ ਬੰਨ੍ਹਣ, ਘੋੜੀ ਚੜ੍ਹਨ, ਬਰਾਤ ਦੀ ਚੜ੍ਹਤ ਪੇਸ਼ਕਾਰੀ ਤੇ ਢੁਕਾਓ ਆਦਿ ਅਨੇਕਾਂ ਮੌਕਿਆਂ ਉਤੇ, ਖੜੇ ਪੈਰ ਰਚਨਾ ਕਰਦੇ ਰਹੇ ਹਨ । ਉਨ੍ਹਾਂ ਵਿਚ ਇਤਨੀ ਕੁ ਮੁਹਾਰਤ ਹੁੰਦੀ ਸੀ ਕਿ ਉਹ ਕਿਸੇ ਮੌਕੇ ਦੀ ਕਾਵਿ-ਬਿੰਬ ਵਿਚ ਪੇਸ਼ਕਾਰੀ ਕਰ ਸਕਣ । ਲੇਖਕ ਅਜਿਹੀਆਂ ਦੋ ਬਰਾਤਾਂ ਵਿਚ ਖ਼ੁਦ ਵੀ ਸ਼ਾਮਲ ਹੋਇਐ, ਜਿਨ੍ਹਾਂ ਵਿਚ ਕਵੀਸ਼ਰ ਨਾਲੋਂ ਨਾਲ ਕਵਿਤਾ ਜੋੜਦਾ ਅਤੇ ਆਪਣੇ ਮਧੁਰ ਕੰਠ ਦੁਆਰਾ ਸਰੋਤਿਆਂ ਦਾ ਮਨੋਰੰਜਨ ਕਰਦਾ ਜਾਂਦਾ ਸੀ । ਭਾਵੇਂ ਉਹ ਰਚਨਾ ਨਿਰੀ ਤੁਕਬੰਦੀ ਸੀ, ਪਰ ਉਸ ਦਾ ਆਪਣਾ ਜਲਾਲ ਤੇ ਰੋਚਿਕਤਾ ਸੀ । ਇਸ ਤੋਂ ਇਲਾਵਾ ਕਵੀਸ਼ਰ ਨੂੰ ਵਿਆਹ ਦੇ ਕਈ ਦੂਜੇ ਮੌਕਿਆਂ ਸਮੇਂ 'ਪੱਤਲ' 'ਜੰਞ' ਆਦਿ ਰਚ ਕੇ ਆਪਣੀ ਪ੍ਰਤਿਭਾ ਦਾ ਸਬੂਤ ਦੇਣਾ ਪੈਂਦਾ ਸੀ ।

ਭੱਟਾਂ ਵਾਂਗ, ਕਵੀਸ਼ਰ ਵੀ ਬਹੁਤੀ ਵਾਰ ਸਥਾਨਿਕ ਘਟਨਾਵਾਂ ਨੂੰ ਆਪਣੀ ਵਸਤੂ ਬਣਾਉਂਦੇ ਰਹੇ । ਜਦੋਂ ਵੀ ਇਲਾਕੇ ਵਿਚ ਕੋਈ ਇਸ ਕਿਸਮ ਦੀ ਘਟਨਾ ਵਾਪਰਦੀ, ਜਿਸ ਨੂੰ ਕਾਵਿ-ਬਿੰਬ ਦੁਆਰਾ ਪੇਸ਼ ਕਰਨ ਦੀ ਸੰਭਾਵਨਾ ਹੁੰਦੀ, ਤਾਂ ਉਸ ਦੀ ਸਿਰਜਨਾ ਕਵੀਸ਼ਰ ਆਪਣੇ ਕਰਤਵ ਸਮਝਦੇ । ਮਗਰੋਂ ਹੌਲੇ ਹੌਲੇ, ਉਹ ਘਟਨਾ ਜਦੋਂ ਲੋਕਧਾਰਾ ਦਾ ਅੰਗ ਬਣ ਜਾਂਦੀ, ਤਾਂ ਕੋਈ ਵੱਡਾ ਕਿੱਸਾਕਾਰ ਉਸ ਨੂੰ ਆਪਣੀ ਰਚਨਾ ਦੁਆਰਾ ਅਮਰ ਕਰ ਦਿੰਦਾ ।

ਭੱਟਾਂ ਦੀ ਰਚਨਾ ਵਾਂਗ, ਕਵੀਸ਼ਰੀ ਵੀ ਸੁਭਾਅ ਵਿਚ, ਪਰੰਪਰਾਗਤ ਸੀ ਅਤੇ ਇਸ ਨੇ ਲੋਕ-ਕਾਵਿ ਵਾਲੀਆਂ ਵਿਧੀਆਂ, ਰੂਪ ਤੇ ਕਾਵਿ-ਜੁਗਤਾਂ ਅਪਣਾਈਆਂ ।

ਪਰ ਸਾਝ ਦੇ ਬਾਵਜੂਦ, ਭੱਟ ਤੇ ਕਵੀਸ਼ਰ, ਕੁਝ ਗੱਲਾਂ ਵਿਚ ਇਕ ਦੂਜੇ ਨਾਲੋਂ ਵਖਰੇ ਸਨ । ਇਕ ਤਾਂ, ਭੱਟਾਂ ਦਾ ਪੇਸ਼ਾ ਜੱਦੀ ਸੀ, ਆਪਣੇ ਜਜਮਾਨ ਦੀ ਸਿਫ਼ਤ ਸਲ੍ਹਾ ਕਰਨਾ ਉਨ੍ਹਾਂ ਦਾ ਧੰਦਾ ਸੀ । ਦੂਜਾ, ਭਾਵੇਂ ਕੋਈ ਭੱਟ ਕਵਿਤਾ ਰਚਦਾ ਜਾਂ ਨਾ, ਪਰ ਉਹ ਭੱਟ ਹੀ ਅਖਵਾਂਦਾ ਸੀ । ਵੈਸੇ ਕਾਵਿ-ਸਿਰਜਨਾ ਭੱਟਾਂ ਦੇ ਜੱਦੀ ਪੇਸ਼ੇ ਲਈ ਇਕ ਬੁਨਿਆਦੀ ਲੋੜ ਸੀ । ਕਾਵਿ ਦੀ ਵਡਿਆਈ ਸਦਕਾ ਹੀ, ਕਿਸੇ ਭੱਟ ਦਾ ਮਾਣ-ਮਰਤਬਾ ਬੁਲੰਦ ਹੁੰਦਾ ਸੀ । ਤੀਜਾ, ਭੱਟ ਆਪਣੇ ਗਾਉਣ ਲਈ ਰਚਨਾ ਕਰਦੇ ਸਨ ਅਤੇ ਆਪਣੇ ਬਜ਼ੁਰਗਾਂ ਤੋਂ ਵਿਰਸੇ ਵਿਚ ਪ੍ਰਾਪਤ ਰਚਨਾਵਾਂ ਨੂੰ ਆਪਣੀ ਸਿਮਰਤੀ ਵਿਚ ਸੰਭਾਲੀ ਰਖਦੇ ਅਤੇ ਮੌਕੇ ਅਨੁਸਾਰ ਉਸ ਨੂੰ ਨਵਾਂ ਰੂਪ ਦੇਂਦੇ ਰਹਿੰਦੇ ਸਨ ।

ਇਸ ਦੇ ਉਲਟ ਕਵੀਸ਼ਰ ਦਾ ਧੰਦਾ ਜੱਦੀ ਨਹੀਂ । ਜਦੋਂ ਤਕ ਕੋਈ ਸ਼ਖ਼ਸ, ਖ਼ੁਦ ਕਵਿਤਾ ਨਹੀਂ ਸੀ ਰਚਦਾ, ਉਹ ਕਵੀਸ਼ਰ ਨਹੀਂ ਸੀ ਅਖਵਾ ਸਕਦਾ । ਜ਼ਰੂਰੀ ਨਹੀਂ ਕਵੀਸ਼ਰ, ਕਵੀਸ਼ਰੀ ਦੁਆਰਾ ਹੀ ਪੇਟ ਪਾਲਦਾ ਹੋਵੇ । ਉਹ ਕੋਈ ਹੋਰ ਨਿੱਕਾ ਮੋਟਾ ਧੰਦਾ ਵੀ ਕਰ ਲੈਂਦਾ ਸੀ, ਜਿਸ ਕਰਕੇ ਕਵੀਸ਼ਰੀ ਦੀ ਪ੍ਰਥਾ ਪਿਤਾ-ਪੁਰਖੀ ਨਹੀਂ ਸੀ । ਹਾਂ, ਕਵੀਸ਼ਰੀ ਵਿਚ ਉਸਤਾਦੀ ਸ਼ਗਿਰਦੀ ਦੀ ਪ੍ਰਥਾ ਜ਼ਰੂਰ ਸੀ ।

ਦੂਜਾ, ਕਵੀਸ਼ਰ ਕਦੇ ਕਿਸੇ ਕਬੀਲੇ ਜਾਂ ਜਜਮਾਨਾਂ ਨਾਲ ਨਹੀਂ ਸੀ ਜੁੜਿਆ, ਉਹ ਪਿੰਡ ਦੇ ਸਭ ਲੋਕਾਂ ਦੀ ਸੁਹਜ ਤ੍ਰਿਪਤੀ ਕਰਦਾ, ਜਿਸ ਕਰਕੇ ਕਵੀਸ਼ਰ ਦੀ ਰਚਨਾ ਇਕ ਸਮੂਹ ਨਾਲ ਸੰਬੰਧਿਤ ਹੋਣ ਦੀ ਥਾਂ, ਕਿਸੇ ਪਿੰਡ ਜਾਂ ਇਲਾਕੇ ਦੀ ਸਮੁੱਚੀ ਪੰਜਾਬੀਅਤ ਦਾ ਹੁੰਗਾਰਾ ਭਰਦੀ ਸੀ । ਤੀਜਾ, ਕਵੀਸ਼ਰ ਸਿਰਫ਼ ਆਪਣੇ ਗਾਉਣ ਵਾਸਤੇ ਹੀ ਰਚਨਾ ਨਹੀਂ ਸਨ ਕਰਦੇ, ਉਹ ਕਈ ਵਾਰ, ਰਾਸਧਾਰੀਆਂ ਵਾਸਤੇ ਸਵਾਂਗ ਵੀ ਲਿਖਦੇ ਸਨ । ਰਾਸਧਾਰੀਏ ਸਵਾਂਗ-ਭਰਨ ਵਿਚ ਤਾਂ ਮੁਹਾਰਤ ਰਖਦੇ ਸਨ, ਪਰ ਉਹ ਕਾਵਿ ਸੰਬਾਦ ਕਿਸੇ ਕਵੀਸ਼ਰ ਕੋਲੋਂ ਹੀ ਲਿਖਵਾਂਦੇ ਸਨ ਤੇ ਫਿਰ ਆਪਣੀਆਂ ਤਕਨੀਕੀ ਲੋੜਾਂ ਅਨੁਸਾਰ ਉਨ੍ਹਾਂ ਵਿਚ ਸੋਧਾਂ ਕਰ ਲੈਂਦੇ ਸਨ ।

ਭਾਵੇਂ ਕਵੀਸ਼ਰਾਂ ਨੇ ਵਧੇਰੇ ਕਰਕੇ ਕਿੱਸੇ ਹੀ ਰਚੇ

ਹਨ, ਪਰ ਉਹ ਸਾਹਿਤਕ ਕਿੱਸੇਕਾਰਾਂ ਵਾਲਾ ਦਰਜਾ ਪ੍ਰਾਪਤ ਨਹੀਂ ਸਨ ਕਰ ਸਕੇ। ਪਛਮੀ ਪੰਜਾਬ ਵਿਚ ਮੁਸਲਮਾਨ ਕਵੀਸ਼ਰ ਲਈ ਕਿੱਸਾਗੋ ਪਦ ਦੀ ਵਰਤੋਂ ਵੀ ਹੁੰਦੀ ਰਹੀ। ਇਸ ਲਈ ਇਥੇ ਕਵੀਸ਼ਰ ਅਤੇ ਕਿੱਸਾਕਾਰ ਦਾ ਨਿਖੇੜਾ ਕਰ ਲੈਣਾ ਵੀ ਜ਼ਰੂਰੀ ਹੈ। ਭਾਵੇਂ ਕਵੀਸ਼ਰ ਅਤੇ ਕਿੱਸਾਕਾਰ ਵਿਚ ਕੋਈ ਸਿੱਧੀ ਲੀਕ ਨਹੀਂ ਖਿੱਚੀ ਜਾ ਸਕਦੀ, ਜਦੋਂ ਕੋਈ ਕਵੀਸ਼ਰ ਕਿੱਸਾ ਲਿਖੇ ਤਾਂ ਉਹ ਕਿੱਸਾਕਾਰ ਹੀ ਹੋਇਆ। ਪਰ ਕਵੀਸ਼ਰ ਲੋਕ-ਪਰੰਪਰਾ ਦੇ ਪ੍ਰਵਾਹ ਨਾਲ ਜੁੜਿਆ ਹੁੰਦਾ ਹੈ ਅਤੇ ਉਹ ਆਪਣੇ ਨਿੱਜੀ ਅਨੁਭਵ ਦੀ ਥਾਂ ਲੋਕਾਂ ਦੇ ਸਾਮੂਹਿਕ ਅਨੁਭਵ ਨੂੰ ਪੇਸ਼ ਕਰਦਾ ਹੈ। ਆਪਣੀ ਮੌਲਿਕ ਪ੍ਰਤਿਭਾ ਵਿਖਾਣ ਦੀ ਥਾਂ, ਸਾਮੂਹਿਕ ਅਨੁਭਵ ਨੂੰ, ਲੋਕ-ਕਲਪਨਾ ਦੁਆਰਾ ਪਰੰਪਰਾਗਤ ਰੂਪਾਂ ਵਿਚ ਪੇਸ਼ਕਾਰੀ ਕਰਨੀ, ਉਸ ਦਾ ਕਸਬ ਹੈ। ਉਸ ਦੇ ਸਾਹਮਣੇ ਵਧੇਰੇ ਲੋਕਾਂ ਦੇ ਭਖਦੇ ਮਸਲੇ ਹੁੰਦੇ ਹਨ। ਸੰਸਕ੍ਰਿਤੀ ਬਾਰੇ ਉਸ ਦੀ ਸੋਚ ਵੀ, ਆਮ ਲੋਕਾਂ ਦੀ ਸੋਚ ਨਾਲੋਂ ਅੱਡਰੀ ਨਹੀਂ ਹੁੰਦੀ।

ਇਸ ਦੇ ਉਲਟ ਕਿੱਸਾਕਾਰ ਸਾਹਿਤਕ ਪਰੰਪਰਾ ਨਾਲ ਜੁੜਿਆ ਹੁੰਦਾ ਹੈ। ਉਹ ਆਪਣੀ ਰਚਨਾ ਵਿਚ ਆਪਣੀ ਮੌਲਿਕ ਪ੍ਰਤਿਭਾ ਦੇ ਚਮਤਕਾਰ ਵਿਖਾਣਾ ਲੋਚਦਾ ਹੈ। ਜੇ ਉਹ ਪਰੰਪਰਾਗਤ ਰੂੜ੍ਹੀਆਂ ਦੀ ਪੁਨਰ ਸਿਰਜਨਾ ਕਰੇ ਵੀ, ਤਾਂ ਉਹ ਆਪਣੇ ਅਨੁਭਵ ਤੇ ਕਲਪਨਾ ਵਿਚ ਲੰਘਾ ਕੇ, ਉਸ ਨੂੰ ਨਵੇਂ ਰੂਪ ਵਿਚ ਪੇਸ਼ ਕਰਦਾ ਹੈ। ਉਹ ਸਥਾਨਿਕ ਮਸਲਿਆਂ ਤੋਂ ਉਪਰ ਉਠ ਕੇ, ਸਮੁੱਚੇ ਦੇਸ਼ ਵਿਚ ਪ੍ਰਚਲਤ ਕਥਾ-ਕਹਾਣੀਆਂ ਨੂੰ ਹੀ ਵਸਤੂ ਬਣਾਉਂਦਾ ਹੈ।

ਕਵੀਸ਼ਰੀ ਕੀ ਹੈ :

ਕਵੀਸ਼ਰ ਪਦ ਆਪਣੇ ਆਪ ਵਿਚ ਇਕ ਭਰਾਂਤੀ ਹੈ। ਵੈਸੇ ਤਾਂ ਇਹ ਸ਼ਬਦ ਕਿਸੇ ਵੀ ਕਵੀ ਦੀ ਕਿਰਤ ਲਈ ਵਰਤਿਆ ਜਾ ਸਕਦਾ ਹੈ। ਕਵੀ ਦੀ ਸਹਿਜ ਭਾਵ ਵਿਚ ਕੀਤੀ ਰਚਨਾ, ਜਾਂ ਕਵੀ ਦੀ ਈਸ਼ਵਰੀ ਕਿਰਤ, ਕਵੀਸ਼ਰੀ ਹੋਈ। ਲੋਕ-ਧਾਰਨਾ ਅਨੁਸਾਰ ਕਾਵਿ ਕਵੀ ਦੇ ਹਿਰਦੇ ਵਿਚੋਂ ਸੁੱਤੇ ਸਿੱਧੇ ਉਪਰਲੇ ਨਛੱਤਰਾਂ ਤੋਂ ਉਪਜਦੀ ਹੈ। ਕਵੀ ਕੇਵਲ ਮਾਧਿਅਮ ਹੈ। ਕਿਸੇ ਰਚਨਾ ਦੀ ਸਿਰਜਨਾ ਵਿਚ ਉਹ ਸਚੇਤ ਰੂਪ ਵਿਚ ਕੁਝ ਨਹੀਂ ਕਰਦਾ। ਇਸ ਵਾਸਤੇ ਕਵੀ ਦੀ ਰਚਨਾ ਈਸ਼ਵਰੀ ਦੇਣ ਹੋਣ ਕਰਕੇ ਕਵੀਸ਼ਰੀ ਹੋਈ। ਪਰ ਕਵੀਸ਼ਰੀ ਪਦ ਹਰੇਕ ਕਵੀ ਦੀ ਕਿਰਤ ਲਈ ਨਹੀਂ ਵਰਤਿਆ ਜਾਂਦਾ। ਇਹ ਸ਼ਬਦ ਇਕ ਲੋਕ ਆਮ ਪੱਧਰ ਦੀ ਕਵਿਤਾ ਲਈ ਰੂੜ੍ਹ ਹੋ ਗਿਆ ਹੈ ਅਤੇ ਇਸ ਦੀ ਵੱਖਰੀ ਪਰੰਪਰਾ ਹੈ।

ਪੰਜਾਬੀ ਵਿਚ ਕਾਵਿ ਦੀਆਂ ਤਿੰਨ ਪਰੰਪਰਾਵਾਂ ਮਿੱਥੀਆਂ ਜਾ ਸਕਦੀਆਂ ਹਨ :

1. ਲੋਕ-ਕਾਵਿ ਪਰੰਪਰਾ
2. ਕਵੀਸ਼ਰੀ ਪਰੰਪਰਾ
3. ਸਾਹਿਤਕ-ਕਾਵਿ ਪਰੰਪਰਾ

ਕਵੀਸ਼ਰੀ ਦਾ ਸਥਾਨ ਲੋਕ-ਕਾਵਿ ਅਤੇ ਸਾਹਿਤਕ-ਕਾਵਿ ਦੇ ਵਿਚਕਾਰ ਨਿਸ਼ਚਤ ਕੀਤਾ ਜਾ ਸਕਦਾ ਹੈ। ਇਸ ਵਾਸਤੇ ਕਵੀਸ਼ਰੀ ਦੀ ਪ੍ਰਕ੍ਰਿਤੀ ਅਤੇ ਤੱਤਾਂ ਨੂੰ ਸਹੀ ਪਰਪੇਖ ਵਿਚ ਸਮਝਣ ਲਈ ਇਸ ਕਾਵਿ ਨੂੰ ਇਕ ਪਾਸੇ ਲੋਕ-ਕਾਵਿ ਨਾਲੋਂ ਨਿਖੇੜਨਾ ਜ਼ਰੂਰੀ ਹੈ ਅਤੇ ਦੂਜੇ ਪਾਸੇ ਸਾਹਿਤ ਤੇ ਸਾਹਿਤਕ ਕਾਵਿ ਨਾਲੋਂ।

ਲੋਕ-ਕਾਵਿ ਵਾਂਗ ਕਵੀਸ਼ਰੀ ਵੀ ਪਰੰਪਰਾਗਤ, ਵਸਤੂ, ਆਦਿ ਰੂਪਾਂ, ਪੈਟਰਨਾਂ, ਸ਼ੈਲੀਆਂ ਅਤੇ ਰੂੜ੍ਹੀਆਂ ਦਾ ਸਹਿਜ ਸੰਜੋਗ ਹੈ। ਉਸੇ ਵਾਂਗ ਇਹ ਰਚਨਾ ਵੀ ਲੋਕ-ਮਨ ਦਾ ਹੀ ਪ੍ਰਗਟਾਅ ਹੈ। ਕਿਉਂ ਜੋ, ਇਕ ਤਾਂ ਕਵੀਸ਼ਰ ਆਪਣੀਆਂ ਨਿਜੀ ਭਾਵਨਾਵਾਂ ਅਤੇ ਅਨੁਭਵ ਦੀ ਥਾਂ ਸਾਮੂਹਿਕ ਅਨੁਭਵ ਨੂੰ ਪ੍ਰਗਟ ਕਰਦਾ ਹੈ। ਦੂਜਾ, ਕਵੀਸ਼ਰ ਦੀ ਰਚਨਾ ਵਿਚ ਉਸਦੇ ਨਿੱਜ ਦੀ ਥਾਂ ਜਾਤੀ ਦੀ ਸਾਮੂਹਿਕ ਹੋਂਦ ਦਾ ਪਸਾਰਾ ਹੁੰਦਾ ਹੈ। ਕਵੀਸ਼ਰ ਲੋਕ-ਸੰਸਕ੍ਰਿਤੀ ਦੀ ਕਿਸੇ ਖੰਡ ਨੂੰ, ਜਾਂ ਕਿਸੇ ਵਿਸ਼ੇਸ਼ ਘਟਨਾ ਜਾਂ ਵਸਤੂ ਨੂੰ, ਉਸੇ ਭਾਂਤ ਪੇਸ਼ ਕਰਦਾ ਹੈ, ਜਿਸ ਭਾਂਤ ਲੋਕ, ਉਸ ਬਾਰੇ ਸੋਚਦੇ ਵਿਚਾਰਦੇ ਹਨ। ਕਵੀਸ਼ਰ ਸਮੂਹ ਦਾ ਅੰਗ ਬਣ ਕੇ, ਸਮੂਹ ਦੀ ਹੀ ਸੋਚਣੀ ਤੇ ਸੰਕਲਪਾਂ ਦੀ ਹੀ ਵਿਆਖਿਆ ਕਰਦਾ ਹੈ, ਉਸੇ ਸਮੂਹ ਦੀ, ਜੋ ਸੁਭਾਅ ਵਿਚ ਪਰੰਪਰਾਗਤ ਹੈ।

ਲੋਕ-ਕਾਵਿ ਵਾਂਗ ਕਵੀਸ਼ਰੀ ਵੀ ਸਰੋਤਾ-ਮੁੱਖ ਹੋ ਕੇ ਹੀ ਰਚੀ ਜਾਂਦੀ ਹੈ। ਉਸੇ ਵਾਂਗ ਹੀ, ਕਵੀਸ਼ਰੀ ਦੇ ਕੁਝ ਰੂਪ ਰੀਤਕ ਸੁਭਾਅ ਦੇ ਹਨ, ਜੋ ਕਿਸੇ ਕਰਮ-ਕਾਂਡ ਜਾਂ ਰੀਤ ਦੇ ਵਿਸ਼ੇਸ਼ ਮੌਕੇ ਉਤੇ ਹੀ ਗਾਏ ਜਾਂਦੇ ਹਨ ਜਿਵੇਂ 'ਪੱਤਲ' ਤੇ 'ਜੰਞ' ਆਦਿ। ਲੋਕ-ਕਾਵਿ ਵਾਂਗ ਕਵੀਸ਼ਰੀ ਵਿਚ ਸਥਾਨਿਕ ਮੁਹਾਵਰੇ ਅਤੇ ਬੋਲੀ ਦੀ ਵਰਤੋਂ ਵਧੇਰੇ ਹੁੰਦੀ ਹੈ। ਮਾਲਵੇ ਦੀ ਕਵੀਸ਼ਰੀ 'ਵ' ਦੀ ਥਾਂ 'ਮ' ਦੀ ਵਧੇਰੇ ਵਰਤੋਂ ਕਾਰਨ, ਸਹਿਜੇ ਪਛਾਣੀ ਜਾਂਦੀ ਹੈ। ਲਹਿੰਦੇ ਦੀ ਆਪਣੇ ਭਾਖਾਈ ਲੱਛਣਾਂ ਕਾਰਨ।

ਕਦੇ ਕਦੇ ਕਵੀਸ਼ਰਾਂ, ਦੀਆਂ ਕਈ ਕਿਰਤਾਂ ਅਤੇ ਲੋਕ-ਕਾਵਿ ਵਿਚ ਨਿਖੇੜਾ ਕਰਨਾ ਮੁਸ਼ਕਲ ਹੋ ਜਾਂਦਾ ਹੈ। ਕਵੀਸ਼ਰਾਂ ਦੀਆਂ ਕਈ ਰਚਨਾਵਾਂ, ਸਮੇਂ ਦੇ ਬੀਤਣ ਨਾਲ, ਆਪਣੇ ਮੂਲ ਕਰਤਾ ਨਾਲੋਂ ਟੁੱਟ ਕੇ, ਅਤੇ ਲੋਕਾਂ ਵਿਚ ਮਕਬੂਲ ਹੋ ਕੇ, ਜਦੋਂ ਲੋਕ-ਪ੍ਰਵਾਹ ਵਿਚੋਂ ਦੀ ਲੰਘਦੀਆਂ ਹਨ, ਤਾਂ ਕੁਝ ਤਬਦੀਲੀਆਂ ਗ੍ਰਹਿਣ ਕਰਕੇ, ਲੋਕ-ਕਾਵਿ ਦਾ ਹੀ ਅੰਗ ਬਣ ਜਾਂਦੀਆਂ ਹਨ। 'ਲੌਂਗ ਤੀਲੀ ਦਾ ਝਗੜਾ'

ਦੇ ਕਈ ਬੰਦ ਲੋਕ-ਗੀਤਾਂ ਦੇ ਸੰਕਲਨਾਂ ਵਿਚ ਦਰਜ ਮਿਲਦੇ ਹਨ। ਮੂਲ ਵਿਚ ਇਹ 'ਝਗੜਾ' ਕਿਸੇ ਕਵੀਸ਼ਰ ਦੀ ਹੀ ਰਚਨਾ ਹੈ। ਬਹੁਤ ਸਾਰੀ ਲੋਕ-ਕਾਵਿ ਦੇ ਮੂਲ ਕਰਤਾ ਕਵੀਸ਼ਰ ਹੀ ਹੁੰਦੇ ਹਨ। ਲੰਮੀਆਂ ਬੋਲੀਆਂ ਦੀ ਕਾਫ਼ੀ ਮਾਤਰਾ ਤਾਂ ਹੈ ਹੀ ਕਵੀਸ਼ਰਾਂ ਦੀ ਕਿਰਤ। ਸਾਡੇ ਲੋਕ-ਕਾਵਿ ਨੂੰ ਕਵੀਸ਼ਰਾਂ ਨੇ ਹੀ ਸਮਰਿਧੀ ਬਖ਼ਸ਼ੀ ਹੈ, ਜੋ ਲੋਕ-ਆਤਮਾ ਨੂੰ ਪਛਾਣ ਕੇ, ਪਿੰਡ ਦੇ ਸਾਮੂਹਿਕ ਅਨੁਭਵਾਂ ਤੇ ਕਲਪਨਾ ਨੂੰ ਕਾਵਿ-ਬਿੰਬ ਵਿਚ ਪੇਸ਼ ਕਰਦੇ ਰਹੇ।

ਕਵੀਸ਼ਰੀ ਦਾ ਵਿਸ਼ਿਸ਼ਟ ਕਾਵਿ ਨਾਲੋਂ ਵੀ ਨਿਖੇੜ ਕਰਨਾ ਬੇਜਾ ਨਹੀਂ ਹੋਵੇਗਾ। ਪਿੱਛੇ ਅਸੀਂ ਇਸ਼ਾਰੇ ਮਾਤਰ ਕਵੀਸ਼ਰ ਨੂੰ ਕਿੱਸੇਕਾਰ ਨਾਲ ਵਖਰਿਆਣ ਦਾ ਯਤਨ ਕੀਤਾ ਹੈ। ਸਾਹਿਤਕ ਕਾਵਿ ਵਿਚ ਕਵੀ ਦੇ ਆਪਣੇ ਵਿਅਕਤਿਤਵ, ਜੋ ਉਸ ਦੀ ਪ੍ਰਤਿਭਾ ਨਾਲ ਇਕ-ਸੁਰ ਹੋ ਕੇ ਨਿਖਰਦਾ ਹੈ, ਦੀ ਡੂੰਘੀ ਛਾਪ ਹੁੰਦੀ ਹੈ। ਕਵੀ ਦੀ ਪ੍ਰਤਿਭਾ ਉਸ ਦੀ ਨਿਜੀ ਕਲਪਨਾ ਅਤੇ ਅਨੁਭਵ ਦੇ ਸਹਿਜ-ਸੰਜੋਗ ਦਾ ਫਲ ਹੈ, ਇਸ ਲਈ ਵਿਸ਼ਿਸ਼ਟ ਕਵੀ ਸਮੂਹ ਦਾ ਅੰਗ ਬਣ ਕੇ ਵੀ ਆਪਣੀ ਵਖਰੀ ਹੋਂਦ ਵਿਚ ਲੀਨ ਹੋ ਕੇ, ਫਿਰ ਉਸ ਦੀ ਰਚਨਾ ਵਿਚ ਉਭਰਦੇ ਹਨ। ਜੋ, ਵਿਸ਼ਿਸ਼ਟ ਕਾਵਿ ਕਵੀ ਦੀ ਆਪਣੀ ਪ੍ਰਤਿਭਾ ਦਾ ਫਲ ਹੁੰਦਾ ਹੈ ਅਤੇ ਉਸ ਵਿਚ ਕਵੀ ਦੀਆਂ ਜੀਵਨ-ਪ੍ਰਤੀ ਆਪਣੀਆਂ ਧਾਰਨਾਵਾਂ ਰੂਪਮਾਨ ਹੁੰਦੀਆਂ ਹਨ।

ਇਸ ਦੇ ਉਲਟ, ਕਵੀਸ਼ਰੀ ਵਿਚ ਲੋਕ-ਮਨ ਦਾ ਹੀ ਪ੍ਰਗਟਾਵਾ ਪ੍ਰਧਾਨ ਰਹਿੰਦਾ ਹੈ। ਕਵੀਸ਼ਰੀ ਵਿਚ ਕਵੀ ਦੀ ਆਪਣੀ ਪ੍ਰਤਿਭਾ ਦੀ ਥਾਂ ਲੋਕ-ਪ੍ਰਤਿਭਾ ਦਾ ਪਾਸਾਰ ਹੋਣ ਕਰ ਕੇ, ਉਹਦੀ ਰਚਨਾ ਲੋਕ-ਕਲਪਨਾ ਅਤੇ ਲੋਕ-ਅਨੁਭਵ ਦਾ ਹੀ ਮਿੱਸਾ ਜਿਹਾ ਪ੍ਰਕਾਸ਼ ਹੈ। ਕਵੀਸ਼ਰ ਸਮੂਹ ਦਾ ਅੰਗ ਬਣ ਕੇ, ਆਪਣੀ ਵਖਰੀ ਹੋਂਦ ਤਿਆਗ ਦੇਂਦਾ ਹੈ ਅਤੇ ਉਹ ਲੋਕ-ਧਾਰਨਾਵਾਂ ਅਤੇ ਸੰਕਲਪਾਂ ਨੂੰ ਹੀ ਅਭਿਵਿਅਕਤੀ ਦੇਂਦਾ ਹੈ। ਇਸ ਤਰ੍ਹਾਂ ਕਵੀਸ਼ਰ ਕਿਸੇ ਲੋਕ-ਬਿੰਬ ਨੂੰ ਕਾਵਿ-ਬਿੰਬ ਵਿਚ ਉਤਾਰਨ ਦਾ ਮਾਧਿਅਮ ਹੈ, ਉਹ ਸਿਰਜਕ ਨਾਲੋਂ ਪੇਸ਼ਕਾਰ ਵਧੇਰੇ ਹੈ।

ਕਵੀਸ਼ਰੀ ਵਿਚ ਪੇਸ਼ਕਾਰੀ ਲੋਕ ਬੋਲੀ ਤੇ ਮੁਹਾਵਰੇ ਵਿਚ ਹੀ ਨਹੀਂ ਸਭਿਆਚਾਰਕ ਮੁਹਾਵਰੇ ਵਿਚ ਕੀਤੀ ਜਾਂਦੀ ਹੈ, ਪਰ ਵਿਸ਼ਿਸ਼ਟ ਰਚਨਾ ਵਿਚ, ਲੋਕ ਬੋਲੀ ਤੇ ਮੁਹਾਵਰੇ ਨੂੰ ਮਾਂਝ-ਲਿਸ਼ਕਾ ਕੇ, ਉਸ ਨੂੰ ਸਾਹਿਤਕ ਸਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਵੀਸ਼ਰੀ ਵਿਸ਼ਿਸ਼ਟ-ਕਾਵਿ ਅਤੇ ਲੋਕ-ਕਾਵਿ ਦੇ ਦਰਮਿਆਨ ਦੀ ਵਸਤੂ ਹੈ, ਪਰ ਇਸ ਗੱਲ ਦੇ ਬਾਵਜੂਦ ਤਿੰਨਾਂ ਪਰੰਪਰਾਵਾਂ ਵਿਚ, ਕੋਈ ਵਿਗਿਆਨਕ ਨਿਖੇੜ ਸੰਭਵ ਨਹੀਂ, ਕਿਉਂ ਜੋ ਕਵੀਸ਼ਰਾਂ ਦੀਆਂ ਕਈ ਕਿਰਤਾਂ ਲੋਕ-ਕਾਵਿ ਵਿਚ ਰਲ-ਮਿਲ ਕੇ ਪਰੰਪਰਾ ਬਣ ਗਈਆਂ ਹਨ ਅਤੇ ਦੂਜੇ ਪਾਸੇ ਕਈ ਕਵੀਸ਼ਰ ਸਾਹਿਤਕ ਪਿੜ ਵਿਚ ਵੀ ਪ੍ਰਵੇਸ਼ ਕਰ ਗਏ ਹਨ।

ਕਵੀਸ਼ਰੀ ਆਪਣੇ ਵਿਸ਼ੇਸ਼ ਲੱਛਣਾਂ ਕਾਰਨ ਹੀ ਨਿਖੇੜੀ ਜਾ ਸਕਦੀ ਹੈ, ਇਸ ਲਈ ਉਨ੍ਹਾਂ ਲੱਛਣਾਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ :—

(ੳ) ਪਰੰਪਰਾਗਤ ਵਸਤੂ : ਕਵੀਸ਼ਰ ਆਮ ਤੌਰ ਤੇ ਆਪਣੀ ਵਸਤੂ ਲੋਕਧਾਰਾ ਜਾਂ ਉਹਦੇ ਕਿਸੇ ਪੱਖ-ਪਾਸਾਰ ਵਿਚੋਂ ਲੈਂਦਾ ਹੈ। ਬਹੁਤੀ ਵਾਰ ਕੋਈ ਲੋਕ-ਕਹਾਣੀ ਜਾਂ ਦੰਦ-ਕਥਾ ਹੀ ਉਨ੍ਹਾਂ ਦੇ ਕਾਵਿ ਦਾ ਵਸਤੂ ਬਣਦੀ ਹੈ।

(ਅ) ਲੋਕ-ਮਨ ਦਾ ਪ੍ਰਗਟਾਵਾ : ਲੋਕ-ਮਨ ਦੀ ਅਭਿਵਿਅਕਤੀ ਹੋਣ ਕਰਕੇ, ਕਵੀਸ਼ਰੀ ਦਾ ਸੰਸਾਰ, ਲੋਕ-ਕਹਾਣੀਆਂ ਵਾਲਾ ਹੀ ਹੁੰਦਾ ਹੈ। ਅਮੂਰਤ ਦਾ ਸਮੂਰਤੀਕਰਣ, ਜੜ੍ਹ ਵਸਤੂ ਦੀ ਪ੍ਰਾਣਧਾਰੀ ਪ੍ਰਕ੍ਰਿਤੀ; ਕਰਮ-ਕਾਂਡ ਦਾ ਅਦਭੁਤ ਫੱਲ; ਮੋਏ ਪ੍ਰਾਣੀ ਦਾ ਸੁਰਜੀਤ ਹੋ ਉਠਣਾ; ਕਲਪਨਾ ਨੂੰ ਯਥਾਰਥ ਮੰਨਣਾ; ਸੁਪਨੇ ਵਿਚ ਭਵਿੱਸ਼ਬਾਣੀ ਹੋਣੀ ਆਦਿ ਇਸ ਸੰਸਾਰ ਦੇ ਕੁਝ ਵਿਸ਼ੇਸ਼ ਲੱਛਣ ਹਨ। 'ਸ਼ਾਹਣੀ ਕੌਲਾਂ' ਵਿਚ ਰਾਜੇ ਰਸਾਲੂ ਦੇ ਨਾੜੇ ਦੀ ਛੂਹ ਨਾਲ ਸਭ ਤਾਲੇ ਖੁਲ੍ਹ ਜਾਂਦੇ ਹਨ। ਕੌਲਾਂ ਆਪਣੇ ਸਤਿ ਧਰਮ ਦੀ ਪ੍ਰੀਖਿਆ ਦੇਣ ਵਾਸਤੇ, ਕੱਚੀ ਤੰਦ ਨਾਲ ਖੂਹ ਵਿਚੋਂ ਪਾਣੀ ਕਢਦੀ ਹੈ। ਉਹ ਕੱਚੇ ਸੂਤਰ ਦੀ ਪੀਂਘ ਵਿਚ ਹੁਲਾਰੇ ਲੈ ਕੇ ਵਿਖਾਉਂਦੀ ਹੈ ਅਤੇ ਬਲਦੀ ਅੱਗ ਵਿਚ ਦੀ ਲੰਘ ਕੇ ਆਪਣੀ ਪ੍ਰੀਖਿਆ ਦਿੰਦੀ ਹੈ। ਅੱਗ ਵਿਚੋਂ ਲੰਘਦਿਆਂ ਉਸ ਨੂੰ ਆਂਚ ਤਕ ਨਹੀਂ ਆਉਂਦੀ।

(ੲ) ਲੋਕ-ਅਨੁਭਵ : ਕਵੀਸ਼ਰੀ ਵਿਚ, ਕਿਸੇ ਵਸਤੂ ਪ੍ਰਤੀ ਕਲਾਕਾਰ ਦੇ ਆਪਣੇ ਮਨ ਦੀ ਪ੍ਰਤਿਕਿਰਿਆ ਨਹੀਂ ਹੁੰਦੀ, ਸਗੋਂ ਉਸ ਵਿਚ ਸਾਮੂਹਿਕ ਅਨੁਭਵ ਦਾ ਹੀ ਪਾਸਾਰ ਹੁੰਦਾ ਹੈ, ਕਿਸੇ ਮਸਲੇ ਬਾਰੇ ਜੋ ਕੁਝ ਲੋਕ ਸੋਚਦੇ ਸਮਝਦੇ ਹਨ, ਉਸ ਨੂੰ ਕਵੀ ਆਪਣੀ ਕਾਵਿ-ਸਮਰਥਾ ਦੁਆਰਾ ਪੇਸ਼ ਕਰਦਾ ਹੈ।

(ਸ) ਲੋਕ-ਸੰਕਲਪ : ਕਵੀਸ਼ਰੀ ਦੁਆਰਾ ਲੋਕ-ਸੰਕਲਪਾਂ ਅਤੇ ਧਾਰਨਾਵਾਂ ਦੀ ਵਿਆਖਿਆ ਹੁੰਦੀ ਹੈ। ਲੋਕ-ਮਨ ਨੇ ਸਦੀਆਂ ਦੇ ਜੀਵਨ-ਗੇੜ ਵਿਚ ਕੁਝ ਵਿਸ਼ੇਸ਼ ਸੰਕਲਪ ਸਿਰਜ ਲਏ ਹਨ, ਜਿਨ੍ਹਾਂ ਦੁਆਰਾ ਜੀਵਨ ਦੇ ਬੌਧਿਕ, ਸਦਾਚਾਰਕ ਤੇ ਭਾਵੁਕ ਅਰਥਾਂ ਨੂੰ ਸਮਝਣ ਦੀ ਚੇਸ਼ਟਾ ਕੀਤੀ ਜਾਂਦੀ ਹੈ। ਜਿਵੇਂ ਹੋਣੀ ਬਾਰੇ ਸੰਕਲਪ ਹੈ :—

"ਹੋਣੀ ਹੋਵੇ ਅਮਿੱਟ, ਭਾਵੇਂ ਰੋ ਤੇ ਭਾਵੇਂ ਪਿੱਟ।"

ਇਸੇ ਤਰ੍ਹਾਂ ਮਾਇਆ, ਧਰਮ, ਫੱਲ, ਭਾਗਵਾਦ ਬਾਰੇ ਕੁਝ ਲੋਕ-ਸੰਕਲਪ ਬਣ ਚੁੱਕੇ ਹਨ, ਜੋ ਕਵੀਸ਼ਰੀ ਵਿਚ ਵਿਚਾਰ ਬਣ ਕੇ ਫੈਲੇ ਹੁੰਦੇ ਹਨ।

(ਹ) ਪਰੰਪਰਾਗਤ ਰੂੜ੍ਹੀਆਂ ਤੇ ਪਿਤਰਕ ਆਦਿ ਰੂਪ : ਕਵੀਸ਼ਰ ਪਰੰਪਰਾਗਤ ਰੂੜ੍ਹੀਆਂ, ਪਿਤਰਕ ਰੂਪਾਂ ਤੇ ਪੈਟਰਨਾਂ, ਮਿੱਥਕ ਸੰਕੇਤਾਂ ਤੇ ਆਮ ਪ੍ਰਚਲਤ ਰੂਪਕਾਂ, ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਆਮ ਕਰਦਾ ਹੈ। ਉਸ ਦੀਆਂ ਕਾਵਿ-ਵਿੱਧੀਆਂ ਵੀ ਪਿਤਰਕ ਹੁੰਦੀਆਂ ਹਨ। ਕਈ ਵਾਰ 'ਕੱਲੂ' ਤੇ 'ਨਾਰਦ' ਆਪੋ ਵਿਚ ਝਗੜਦੇ ਹੋਏ ਮੂਲ ਘਟਨਾ ਨੂੰ ਇਕ ਮਿੱਥਕ ਰੰਗ ਦੇ ਦੇਂਦੇ ਹਨ। ਵਿਧਰੇ ਹੋਣੀ ਆਪਣੇ ਕਰਮ ਜਾਲ ਬੁਣਦੀ ਹੈ। ਭਵਿਸ਼ ਵਿਚ ਵਾਪਰਨ ਵਾਲੀਆਂ ਕਈ ਘਟਨਾਵਾਂ ਦੇ ਸੰਕੇਤ ਸੁਪਨੇ ਵਿਚ ਮਿਲ ਜਾਂਦੇ ਹਨ, ਮਿੱਥਕ ਰੰਗ ਦੀਆਂ ਪ੍ਰੀਖਿਆਵਾਂ ਜਾਂ ਘਟਨਾਵਾਂ ਵਿਚ ਪਾਤਰਾਂ ਦਾ ਲੰਘਣਾ।

ਇਸੇ ਤਰ੍ਹਾਂ ਇਸ ਕਾਵਿ ਵਿਚ ਕੁਝ ਪ੍ਰਤੀਕ ਵੀ ਰੂੜ੍ਹ ਹੋ ਗਏ ਹਨ, ਜਿਵੇਂ ਸਾਗਰ, ਸੰਸਾਰ ਦਾ ਸੰਕੇਤ ਹੈ ਅਤੇ ਬੇੜੀ, ਜੀਵਨ-ਯਾਤਰਾ ਦੀ ਪੰਛੀ ਜੀਵ-ਆਤਮਾ ਦਾ ਬੋਧਿਕ ਹੈ।

(ਕ) ਭਾਸ਼ਾ ਸਥਾਨਿਕ ਰੰਗ ਵਾਲੀ ਤੇ ਵਿਸ਼ਾ ਸਭਿਆਚਾਰਕ ਮੁਹਾਵਰੇ ਵਾਲਾ, ਪੇਸ਼ਕਾਰੀ ਲੋਕ-ਮੁਹਾਵਰੇ ਵਿਚ ਹੁੰਦੀ ਹੈ।

ਉਪਰੋਕਤ ਲੱਛਣ ਹਰੇਕ ਕਵੀਸ਼ਰੀ ਦੀ ਰਚਨਾ ਵਿਚ ਉਪਲੱਬਧ ਹਨ, ਮਿਕਦਾਰ ਭਾਵੇਂ ਵੱਧ ਘੱਟ ਹੋਵੇ।

ਕਵੀਸ਼ਰੀ ਦੀ ਕੋਈ ਵਿਗਿਆਨਕ ਪਰਿਭਾਸ਼ਾ ਕਰਨੀ ਕਠਿਨ ਹੈ। ਵੈਸੇ ਉਸ ਦੀ ਸਹਿਜ ਪਛਾਣ, ਉਸ ਦੇ ਲੱਛਣ ਹੀ ਹਨ, ਜੋ ਉਸ ਦੀ ਪ੍ਰਕ੍ਰਿਤੀ ਬਣ ਚੁੱਕੇ ਹਨ। ਫਿਰ ਵੀ ਕਵੀਸ਼ਰੀ ਨੂੰ ਦੂਜੀਆਂ ਪਰੰਪਰਾਵਾਂ ਤੋਂ ਨਿਖੇੜਨ ਲਈ ਕਿਹਾ ਜਾ ਸਕਦਾ ਹੈ ਕਿ ਕਵੀਸ਼ਰੀ ਲੋਕਧਾਰਾਈ ਬਿਰਤੀ ਵਾਲੀ ਉਹ ਕਵਿਤਾ ਹੈ, ਜਿਸ ਵਿਚ ਕਿਸੇ ਵਸਤੂ, ਕਥਾ ਜਾਂ ਸਭਿਆਚਾਰਕ ਮਸਲੇ ਦੀ ਪੇਸ਼ਕਾਰੀ ਪਰੰਪਰਾਗਤ ਵਿਧੀ ਨਾਲ ਕੀਤੀ ਜਾਂਦੀ ਹੈ, ਇਸ ਵਿਚ ਕਿਸੇ ਕਵੀਸ਼ਰ ਦੀ ਆਪਣੀ ਪ੍ਰਤਿਭਾ ਤੇ ਅਨੁਭਵ ਦੀ ਥਾਂ ਲੋਕ-ਪ੍ਰਤਿਭਾ ਅਤੇ ਸਾਮੂਹਿਕ ਅਨੁਭਵ ਦਾ ਹੀ ਪ੍ਰਕਾਸ਼ ਹੁੰਦਾ ਹੈ। ਲੋਕਧਾਰਾਈ ਬਿਰਤੀ ਸਦਕਾ ਕਵੀਸ਼ਰੀ ਦੀਆਂ ਮਾਨਤਾਵਾਂ ਲੋਕ-ਮਨ ਵਾਲੀਆਂ ਹਨ ਅਤੇ ਹਰ ਸੰਕਲਪ ਤੇ ਵਿਕਲਪ ਦਾ ਮੂਲ ਸਰੋਤ ਲੋਕ-ਰੂੜ੍ਹੀਆਂ ਹੀ ਹੁੰਦੀਆਂ ਹਨ। ਲੋਕ-ਕਾਵਿ ਵਾਂਗ ਕਵੀਸ਼ਰੀ ਗਾਉਣ ਲਈ ਰਚੀ ਜਾਣ ਕਰਕੇ, ਲੋਕ-ਬਹਿਰਾਂ ਵਿਚ ਹੁੰਦੀ ਹੈ।

ਕਵੀਸ਼ਰੀ ਦੀ ਵਸਤੂ :

ਕਵੀਸ਼ਰ ਪਿੰਡ ਦੇ ਆਮ ਲੋਕਾਂ ਦੇ ਮਨੋਰੰਜਨ ਲਈ, ਰਚਨਾ ਕਰਦੇ ਹਨ ਅਤੇ ਉਹ ਵਧੇਰੇ ਕਰ ਕੇ ਉਨ੍ਹਾਂ ਵਿਸ਼ਿਆਂ, ਘਟਨਾਵਾਂ ਤੇ ਕਥਾਵਾਂ ਆਦਿ ਨੂੰ ਕਾਵਿ-ਬਧ ਕਰਦੇ ਹਨ, ਜਿਨ੍ਹਾਂ ਵਿਚ ਲੋਕਾਂ ਦੀ ਸਿੱਧੀ ਦਿਲਚਸਪੀ ਹੋਵੇ। ਵਸਤੂ ਜਾਂ ਤਾਂ ਲੋਕ-ਸੰਸਕ੍ਰਿਤੀ ਦੇ ਵਿਵੱਧ ਪੱਖ ਪਸਾਰਾਂ ਵਿਚੋਂ ਲਿਆ ਜਾਂ ਫਿਰ ਉਹ ਜੀਵਨ ਦੇ ਕਿਸੇ ਭੱਖਦੇ ਮਸਲੇ, ਪਰੰਪਰਾ ਅਤੇ ਆਧੁਨਿਕਤਾ ਦੇ ਆਪਸੀ ਵਿਰੋਧ ਤੋਂ ਉਪਜੇ ਤਨਾਓ, ਨਵੀਆਂ ਪੁਰਾਣੀਆਂ ਪੀੜ੍ਹੀਆਂ ਦੀ ਆਪਸੀ ਖਿੱਚੋਤਾਣ ; ਰਿਸ਼ਤਿਆਂ ਦੇ ਸੰਕਟ ਆਦਿ ਨਾਲ ਸੰਬੰਧਿਤ ਹੁੰਦਾ ਹੈ। ਕਈ ਵਾਰ ਤਾਂ ਕੋਈ ਕਿੱਸਾ-ਕਹਾਣੀ, ਦੰਤ-ਕਥਾ ਜਾਂ ਕਾਰਨਾਮਾ ਹੀ ਕਾਵਿ-ਬੱਧ ਕਰ ਲਿਆ ਜਾਂਦਾ। ਇਹ ਸਭ ਉਹੋ ਵਿਸ਼ੇ ਹਨ, ਜਿਹੜੇ ਲੋਕਾਂ ਦੀ ਸੋਚ ਦਾ ਹਿੱਸਾ ਬਣ ਗਏ ਹਨ। ਇਸ ਤਰ੍ਹਾਂ ਕਵੀਸ਼ਰੀ ਦਾ ਪਿੜ ਬੜਾ ਬਹੁ-ਬਿਧ ਤੇ ਮੋਕਲਾ ਹੈ। ਕਵੀਸ਼ਰ ਜਿਥੇ 'ਖਿਚਮੇਂ ਪਜਾਮੇ' ਪਹਿਨਣ ਦੇ ਰਿਵਾਜ ਦਾ ਮੌਜੂ ਉਡਾਉਂਦਾ ਹੈ, ਉਥੇ ਸ਼ਾਹਣੀ ਕੌਲਾਂ ਵਰਗੀਆਂ ਨੈਤਿਕਤਾ ਦਾ ਪ੍ਰਭਾਵ ਪਾਉਣ ਵਾਲੀਆਂ ਕਥਾ-ਕਹਾਣੀਆਂ ਨੂੰ ਵੀ, ਕਾਵਿ-ਬੱਧ ਕਰਦਾ ਹੈ। ਨਾਲ ਹੀ ਹੀਰ ਰਾਂਝਾ, ਸੋਹਣੀ-ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਵਰਗੇ ਕਲਾਸਕੀ ਕਿੱਸੇ ਵੀ ਉਸ ਦੀ ਅੱਖੋਂ ਪਰੋਖੇ ਨਹੀਂ ਰਹਿੰਦੇ। ਕੋਈ ਵੀ ਵਸਤੂ, ਜੋ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਏ ਜਾਂ ਮਕਬੂਲ ਹੋਵੇ ਕਵੀਸ਼ਰੀ ਦੇ ਘੇਰੇ ਵਿਚ ਆਉਂਦੀ ਹੈ। ਚਾਲੂ ਮਸਲਿਆਂ ਉਪਰ ਕਵੀਸ਼ਰ ਸਮਾਜਿਕ ਪ੍ਰਤੀਕਰਮ ਪੇਸ਼ ਕਰਦਾ ਹੋਇਆ, ਲੋਕ-ਰਾਏ ਨੂੰ ਢਾਲਣ ਲਈ ਵੀ ਯਤਨਸ਼ੀਲ ਹੈ। ਦੂਜੀ ਵਡੀ ਯੁੱਧ ਵੇਲੇ ਕੁਝ ਕਵੀਸ਼ਰਾਂ ਨੇ 'ਭਰਤੀ ਨਾਮੇ' ਲਿਖੇ। ਮਿਲਖੀ ਰਾਮ ਕਵੀਸ਼ਰ ਦਾ 'ਭਰਤੀ' ਇਸ ਪੱਖੋਂ ਇਕ ਪ੍ਰਤੀਨਿਧ ਰਚਨਾ ਹੈ ਤੇ ਜਿਸ ਵਿਚ ਅੰਗਰੇਜ਼ਾਂ ਵਲੋਂ ਜਰਮਨ ਵਿਰੁੱਧ ਲੜੇ ਜਾ ਰਹੇ ਯੁੱਧ ਵਿਚ, ਭਾਰਤੀਆਂ ਨੂੰ ਜਾਨ ਵਾਰਨ ਲਈ ਸਵਰਗ ਦਾ ਲੋਭ ਦਿੱਤਾ ਗਿਆ :

ਜਿਹੜਾ ਜੰਗ ਵਿਚ ਜਾਨ ਗੁਵਾਵੇ।
ਸਿੱਧਾ ਵਿੱਚ ਸਵਰਗਾਂ ਜਾਵੇ।
ਜਿਉਂਦਾ ਰਹੇ ਤਾਂ ਇੱਜਤ ਪਾਵੇ।
ਬੜੀ ਤਰੱਕੀ ਪਾਵੇਗਾ, ਫੜ ਲਓ ਜਰਮਨ ਨੂੰ ॥

(ਭਰਤੀ ਨਾਮਾ)

ਕਵੀਸ਼ਰ ਕਿਸੇ ਮਸਲੇ ਦੀ ਤਹਿ ਤਕ ਪਹੁੰਚਣ ਦਾ ਯਤਨ ਨਹੀਂ ਕਰਦਾ, ਜਿਨ੍ਹਾਂ ਲਈ ਕਵੀਸ਼ਰੀ ਉਪਜੀਵਿਕਾ ਦਾ ਸਾਧਨ ਹੈ, ਉਨ੍ਹਾਂ ਤੋਂ ਜਿਸ ਵਿਸ਼ੇ ਉਪਰ ਕੋਈ ਚਾਹੇ ਲਿਖਵਾ ਸਕਦਾ ਹੈ। ਕਵੀਸ਼ਰ ਗੁਰਦਿੱਤ ਸਿੰਘ ਵਾ ਗਜਨ ਸਿੰਘ ਵਲੋਂ ਆਪਣੇ ਕਿੱਸੇ ਦੇ ਅਖ਼ੀਰ 'ਤੇ ਦਿੱਤਾ

ਇਸ਼ਤਿਹਾਰ ਇਸ ਗੱਲ ਦਾ ਪ੍ਰਮਾਣ ਹੈ :—"ਕਵੀਸ਼ਰੀ ਕਰਨ ਦੀ ਮਸ਼ੀਨ ਬਣ ਰਹੀ ਹੈ। ਦਰਖ਼ਾਸਤਾਂ ਔਣੇ ਪੁਰ ਛੇਤੀ ਛਪ ਜਾਵੇਗੀ। ਜਿਸ ਸੱਜਣ ਨੇ ਪਿੰਗਲ ਪੜ੍ਹਨਾ ਹੋਵੇ ਜਾਂ ਕੋਈ ਨਮਾਂ ਕਿੱਸਾ ਬਣਵਾਣਾ ਹੋਵੇ, ਸੋ ਫ਼ੀਸ ਦੇ ਕੇ ਪਿੰਗਲ ਪੜ੍ਹ ਸਕਦਾ ਹੈ ਔਰ ਕਿੱਸਾ ਬਣਵਾ ਸਕਦਾ ਹੈ।" ਵਸਤੂ ਦੇ ਪਖੋਂ ਕਵੀਸ਼ਰੀ ਦੀ ਮੁਖ-ਵੰਡ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :--

(ੳ) ਪੌਰਾਣਿਕ ਪ੍ਰਸੰਗ : ਲੋਕ-ਮਨ ਪੌਰਾਣਿਕ ਕਥਾਵਾਂ ਵਿਚ ਆਸਥਾ ਰਖਦਾ ਅਤੇ ਉਨ੍ਹਾਂ ਦੇ ਰਚਨ, ਪੜ੍ਹਨ, ਸੁਣਨ ਦਾ ਅਧਿਆਤਮਕ ਮਹਾਤਮ ਮੰਨਦਾ ਹੈ। ਆਪਣੀ ਅਲੌਕਿਕ ਪ੍ਰਕ੍ਰਿਤੀ ਅਤੇ ਲੋਕ-ਮਨ ਦੀ ਅਭਿਵਿਅਕਤੀ ਸਦਕਾ, ਇਹ ਕਥਾਵਾਂ ਮਨੋਰੰਜਨ ਦਾ ਸਾਧਨ ਵੀ ਰਹੀਆਂ ਹਨ। ਇਸ ਲਈ ਹਰ ਯੁੱਗ ਦੇ ਕਵੀਸ਼ਰ ਇਨ੍ਹਾਂ ਕਥਾਵਾਂ ਦੀ ਆਪਣੇ ਸਥਾਨਿਕ ਮੁਹਾਵਰੇ ਵਿਚ, ਬਾਰ-ਬਾਰ ਪੁਨਰ-ਸਿਰਜਨਾ ਕਰਦੇ ਰਹੇ ਹਨ। ਕਵੀਸ਼ਰ ਆਮ ਤੌਰ ਤੇ ਲੋਕਾਂ ਵਿਚ ਪ੍ਰਚਲਤ ਰੂਪਾਂਤਰ ਨੂੰ, ਕਾਵਿ-ਬੱਧ ਕਰਦੇ ਰਹੇ। ਜੋ ਕਈ ਵਾਰ ਪੌਰਾਣਾਂ ਵਿਚ ਦਿੱਤੇ ਰੂਪਾਂਤਰਾਂ ਨਾਲੋਂ ਬਿਲਕੁਲ ਵਖ ਹੈ ਅਤੇ ਲੋਕ-ਬਿਰਤੀ ਅਨੁਸਾਰ ਨਵੇਂ ਅਰ੍ਥ ਗ੍ਰਹਿਣ ਕਰਨ ਕਰਕੇ, ਇਨ੍ਹਾਂ ਦੀ ਵਿਸ਼ੇਸ਼ ਮਹੱਤਾ ਵੀ ਹੈ। 'ਸਲੋਚਨਾ' ਦੀ ਕਥਾ ਇਸ ਦਾ ਉਤਮ ਪ੍ਰਮਾਣ ਹੈ, ਮੇਘਦੂਤ ਦੀ ਪਤਨੀ ਸਲੋਚਨਾ ਦੀ ਜੋ ਕਥਾ, ਕਵੀਸ਼ਰਾਂ ਨੇ ਪੇਸ਼ ਕੀਤੀ ਹੈ, ਉਹ ਲੋਕਾਂ ਦੀ ਰਚਨਾਤਮਿਕ ਪ੍ਰਤਿਭਾ ਦਾ ਫਲ ਹੋਣ ਕਰਕੇ, ਰਾਮਾਇਣ ਦੀ ਕਥਾ ਨਾਲੋਂ, ਬਿਲਕੁਲ ਵਖਰੀ ਹੈ ਅਤੇ ਉਸਦਾ ਉਦੇਸ਼ ਸਤਿ ਦੀ ਸ਼ਕਤੀ ਦਾ ਬੋਧ ਕਰਵਾ ਕੇ, ਨੈਤਿਕ ਕੀਮਤਾਂ ਕਦਰਾਂ ਦ੍ਰਿੜ੍ਹ ਕਰਵਾਣੀਆਂ ਹਨ। ਪੌਰਾਣਿਕ ਪ੍ਰਸੰਗਾਂ ਵਿਚ ਧਰੂ-ਭਗਤ, ਦਰੋਪਤੀ, ਸੀਤਾ ਹਰਨ, ਹਰੀਸ਼ਚੰਦਰ, ਸਤੀ-ਸਾਵਿਤਰੀ, ਨੱਲ-ਦਮਯੰਤੀ ਤੇ ਸੁਕੰਨਿਆਂ ਆਦਿ ਦੇ ਪ੍ਰਸੰਗ ਵਧੇਰੇ ਮਕਬੂਲ ਰਹੇ ਹਨ ਅਤੇ ਲੋਕਾਂ ਦੀ ਅਧਿਆਤਮਕ ਬਿਰਤੀ ਨੂੰ ਤ੍ਰਿਪਤੀ ਦੇਂਦੇ ਰਹੇ ਹਨ।

(ਅ) ਦੰਤ-ਕਥਾਵਾਂ, ਸਾਕੇ ਅਤੇ ਸਾਖੀਆਂ : ਕੋਈ ਵਿਅਕਤੀ ਜਾਂ ਘਟਨਾ ਲੋਕ-ਪ੍ਰਵਾਹ ਵਿਚੋਂ ਦੀ ਲੰਘ ਕੇ ਅਦਭੁਤ ਤੇ ਅਲੌਕਿਕ ਸਰੂਪ ਗ੍ਰਹਿਣ ਕਰ ਲੈਂਦੀ ਹੈ, ਅਥਵਾ ਉਹ ਸਾਧਾਰਨ ਤੋਂ ਅਸਾਧਾਰਨ, ਇਤਿਹਾਸਕ ਤੋਂ ਪੌਰਾਣਿਕ ਅਤੇ ਵਾਸਤਵਿਕ ਤੋਂ ਅਦਭੁਤ ਰੂਪ ਧਾਰ ਕੇ ਆਮ ਨਾਲੋਂ ਵਖਰੀ ਹੋ ਜਾਂਦੀ ਹੈ। ਇਸ ਲਈ ਇਨ੍ਹਾਂ ਵਿਅਕਤੀਆਂ ਤੇ ਘਟਨਾਵਾਂ ਦਾ ਪ੍ਰਭਾਵ ਲੋਕਾਂ ਉਤੇ ਗਹਿਰਾ ਹੋਣਾ ਸਹਿਜ ਹੈ। ਲੋਕ ਦੈਵੀ ਸ਼ਕਤੀਆਂ ਵਿਚ ਆਸਥਾ ਰਖਦੇ ਰਹੇ ਹਨ। ਜਦੋਂ ਉਹ ਦੈਵੀ ਸ਼ਕਤੀਆਂ ਕਿਸੇ ਮਨੁਖ ਨਾਲ ਜੁੜੀਆਂ ਹੋਣ ਤਾਂ ਉਹ ਮਨੁਖ ਲੋਕਾਂ ਦੇ ਮਾਣ-ਪ੍ਰਤਿਸ਼ਠਾ ਦਾ, ਸੁੱਤੇ ਸਿੱਧ ਹੀ ਅਧਿਕਾਰੀ ਬਣ ਜਾਂਦਾ ਰਿਹਾ ਹੈ।

ਇਸ ਵਰਗ ਵਿਚ ਕਿੱਸੇ, ਸਾਕੇ ਅਤੇ ਸਾਖੀਆਂ ਆਉਂਦੀਆਂ ਹਨ, ਮਿਰਜ਼ਾ ਸਾਹਿਬਾਂ ਤੇ ਹੋਰ ਪ੍ਰੀਤ ਕਿੱਸੇ 'ਪਰਤਾਪੀ', 'ਬੇਗੋ ਨਾਰ', 'ਪੂਰਨ ਭਗਤ', 'ਵੱਡਾ ਘਲੂਘਾਰਾ', 'ਬੀਬੀ ਭਾਨੀ', 'ਬਾਬਾ ਦੀਪ ਸਿੰਘ', 'ਨਾਨਕੀ ਦਾ ਵੀਰ', 'ਗੁਰੂ ਦੇ ਬਾਗ਼ ਦਾ ਮੋਰਚਾ', 'ਪੰਜਾ ਸਾਹਿਬ ਦਾ ਮੋਰਚਾ', ਇਸੇ ਵੰਨਗੀ ਦੀਆਂ ਰਚਨਾਵਾਂ ਹਨ।

(ੲ) ਪਰੰਪਰਾ ਅਤੇ ਆਧੁਨਿਕਤਾ ਦਾ ਤਣਾਓ : ਲੋਕ-ਬਿਰਤੀ ਆਮ ਤੌਰ ਤੇ ਪਰੰਪਰਾ ਦਾ ਹੁੰਗਾਰਾ ਭਰਦੀ ਹੈ। ਜਿਹੜੇ ਲੱਛਣ ਬੰਦੇ ਨੂੰ ਪਰੰਪਰਾ ਦਾ ਸਾਥ ਦਿੰਦਿਆਂ ਜ਼ਮਾਨੇ ਦੇ ਨਵੇਂ ਫ਼ੈਸ਼ਨਾਂ, ਖੁਲ੍ਹੇ-ਖੁਲਾਸੇ ਜੀਵਨ, ਆਪ-ਹੁਦਰੇਪਨ, ਪਿਤਾ ਪੁਰਖੀ ਤੋਂ ਮੁਕਤ ਹੋਣ ਦੀ ਚੇਸ਼ਟਾ ਆਦਿ ਦੀ ਨਿੰਦਿਆ ਕੀਤੀ ਹੈ। 'ਕਸੀਦਾ ਕੱਲਜੁਗ', 'ਕੱਲਜੁਗ ਦੇ ਲੱਛਣ', 'ਸਮਾਂ ਚਾਲ', 'ਕੱਲੂ-ਕਾਲ' ਆਦਿ ਕਿੱਸੇ ਇਸੇ ਵਰਗ ਵਿਚ ਆਉਂਦੇ ਹਨ, ਇਸ ਵਰਗ ਦੀਆਂ ਰਚਨਾਵਾਂ ਵਿਚ ਹਾਸ ਵਿਅੰਗ ਤੇ ਕੱਟਾਖਸ਼ ਦਾ ਰੰਗ ਬਹੁਤ ਉਘੜਵਾਂ ਹੈ।

(ਸ) ਘਰੋਗੀ ਮਸਲੇ, ਰਿਸ਼ਤਿਆਂ ਦਾ ਸੰਕਟ ਤੇ ਸੰਗਤੀ : ਪੰਜਾਬੀ ਸਮਾਜ ਵਿਚ ਸਾਂਝੇ ਘਰਾਂ ਕਾਰਨ ਕੁਝ ਰਿਸ਼ਤੇ ਆਪਣੇ ਪਰੰਪਰਾਗਤ ਸਰੂਪ ਵਿਚ ਸੰਕਟ ਸਥਿਤੀ ਵਾਲੇ ਹਨ ਅਤੇ ਕੁਝ ਸੰਗਤੀ ਵਾਲੇ। ਨੂੰਹ-ਸੱਸ ਅਤੇ ਨਣਾਨ-ਭਰਜਾਈ ਦਾ ਰਿਸ਼ਤਾ ਕੁਦਰਤੀ ਹੀ ਤਣਾਓ ਵਾਲਾ ਰਿਸ਼ਤਾ ਹੈ। ਪਰ 'ਦੇਵਰ ਭਾਬੀ' ਅਤੇ 'ਜੀਜਾ ਸਾਲੀ' ਦਾ ਰਿਸ਼ਤਾ ਸੰਗਤੀ ਵਾਲਾ ਹੈ। ਪੰਜਾਬੀ ਲੋਕ-ਗੀਤਾਂ ਵਿਚ ਰਿਸ਼ਤਿਆਂ ਦੇ ਇਸ ਪਰੰਪਰਾਗਤ ਰੂਪ ਦੀ ਪੇਸ਼ਕਾਰੀ ਆਮ ਮਿਲਦੀ ਹੈ। ਘਰੋਗੀ ਰਿਸ਼ਤਿਆਂ ਦਾ ਇਹ ਆਪਸੀ ਤਣਾਓ ਅਤੇ ਸੰਗਤੀ ਕਵੀਸ਼ਰਾਂ ਦੀ ਵੀ ਵਸਤੂ ਬਣੀ ਹੈ। ਇਸ ਵਰਗ ਵਿਚ ਝਗੜਾ 'ਨਨਾਣ ਭਰਜਾਈ', 'ਸੱਸ ਨੂੰਹ', 'ਨੂੰਹ ਬਾਬਾ', 'ਜੀਜਾ ਸਾਲੀ', 'ਦੇਵਰ ਭਾਬੀ' ਆਦਿ ਆਉਂਦੇ ਹਨ।

(ਹ) ਕਾਰਨਾਮੇ : ਕਾਰਨਾਮੇ ਭਾਵੇਂ ਚੋਰਾਂ, ਡਾਕੂਆਂ ਦੇ ਹੋਣ, ਭਾਵੇਂ ਸੂਰਬੀਰਾਂ ਦੇ ਤੇ ਭਾਵੇਂ ਪਹਿਲਵਾਨਾਂ ਦੇ, ਜਦੋਂ ਉਹ ਲੋਕ-ਚਰਚਾ ਦਾ ਵਿਸ਼ਾ ਬਣ ਜਾਂਦੇ ਹਨ, ਤਾਂ ਕਵੀਸ਼ਰ ਆਪਣਾ ਕਰਤਵ ਪਾਲਦਾ ਹੋਇਆ, ਉਨ੍ਹਾਂ ਘਟਨਾਵਾਂ ਨੂੰ ਕਾਵਿ ਦਾ ਜਾਮਾ ਪਹਿਨਾ ਦਿੰਦਾ ਹੈ। ਜੱਗੇ ਵਰਗੇ ਡਾਕੂਆਂ ਨੂੰ, ਜੋ ਧਨੀਆਂ ਨੂੰ ਲੁੱਟ ਕੇ

ਗਰੀਬਾਂ ਤੇ ਦੁੱਖੀਆਂ ਦਾ ਦਰਦ ਵੰਡਾਂਦੇ ਰਹੇ ਹਨ, ਲੋਕ-ਸੂਝ ਵਡਿਆਂਦੀ ਰਹੀ ਹੈ। ਇਸ ਲਈ ਅਜਿਹੇ ਡਾਕੂਆਂ ਦਾ ਜਸ ਕਵੀਸ਼ਰਾਂ ਨੇ ਵੀ ਗਾਇਆ ਹੈ। ਇਸ ਦੇ ਉਲਟ ਜਿਹੜੇ ਚੋਰ-ਡਾਕੂ ਆਪਣੇ ਹਿੱਤ ਲਈ ਲੋਟੀ ਮਚਾਂਦੇ ਰਹੇ ਹਨ, ਉਨ੍ਹਾਂ ਦੀਆਂ ਕਰਤੂਤਾਂ ਨਕਾਰਨ ਦੀ ਬਿਰਤੀ 'ਮਲ ਸਿੰਘ ਡਾਕੂ ਦੀ ਕਥਾ' ਦੇ ਮੁਹਰਲੇ ਸਿਰਲੇਖ 'ਮੰਦੇ ਅਮਲ ਕਰੇਂਦਿਆਂ ਏਹ ਸਜਾਇ ਤਿਨਾਹ' ਤੋਂ ਹੀ ਪ੍ਰਗਟ ਹੁੰਦੀ ਹੈ।

ਸੂਰਮਿਆਂ ਵਿਚ ਸੁੱਚਾ ਸਿੰਘ ਸੂਰਮੇਂ ਦੇ ਕਾਰਨਾਮੇ ਲੋਕ-ਸੂਝ ਨੂੰ ਟੁੰਬਦੇ ਰਹੇ ਹਨ। ਪਹਿਲਵਾਨਾਂ ਦੀਆਂ ਕੁਸ਼ਤੀਆਂ ਵਿਚ 'ਕਿੱਕਰ ਸਿੰਘ ਦੀ ਕੁਸ਼ਤੀ' ਪ੍ਰਸਿੱਧ ਹੈ 'ਜੀਵਨਾ ਮੋੜ', 'ਸੁਲਤਾਨਾ ਡਾਕੂ', 'ਜਾਨੀ ਚੋਰ', 'ਸ਼ਾਮੋ ਨਾਰ' ਆਦਿ ਇਸੇ ਵਰਗ ਵਿਚ ਆਉਂਦੇ ਹਨ।

(ਕ) ਨਿੰਦਤ ਵਰਗ ਤੇ ਅਪਰਾਧ : ਪੰਜਾਬੀ ਸਮਾਜ ਅਮਲੀਆਂ, ਨਸ਼ਈਆਂ, ਜੂਏ ਬਾਜ਼ਾਂ, ਸੂਮਾਂ, ਲੋਟੂ ਸ਼ਾਹਕਾਰਾਂ, ਆਦਿ ਨੂੰ ਹਮੇਸ਼ਾ ਨਕਾਰਦਾ ਆਇਆ ਹੈ। ਉਨ੍ਹਾਂ ਦੇ ਖੰਡਿਤ ਬਿੰਬ ਬਾਰੇ ਅਨੇਕਾਂ ਕਥਾ-ਕਹਾਣੀਆਂ, ਅਖਾਣ ਤੇ ਸਿੱਠਾਂ ਸਾਡੀ ਲੋਕਧਾਰਾ ਦਾ ਅੰਗ ਹਨ। ਕਵੀਸ਼ਰਾਂ ਨੇ ਵੀ ਇਸ ਵਰਗ ਦਾ ਮਜ਼ਾਕ ਉਡਾਇਆ ਹੈ ਤੇ ਇਨ੍ਹਾਂ ਬਾਰੇ ਵਿਅੰਗਾਤਮਕ ਕਿੱਸੇ ਰਚੇ ਹਨ।

(ਖ) ਫੁਟਕਲ : ਪੰਜਾਬੀ ਜੀਵਨ ਨਾਲ ਸੰਬੰਧਿਤ ਕਈ ਭੱਖਦੇ ਮਸਲਿਅ ਉਤੇ ਵੀ ਕਵੀਸ਼ਰਾਂ ਨੇ ਕਲਮ ਚੁੱਕੀ ਹੈ। ਅਕਾਲੀ ਮੋਰਚਿਆਂ ਵੇਲੇ ਗੁਰੂ ਦੇ ਬਾਗ ਦੀਆਂ ਕੁਰਬਾਨੀਆਂ ਬਾਰੇ ਕਿੱਸੇ, ਦੂਜੀ ਵੱਡੀ ਯੁੱਧ ਵੇਲੇ 'ਭਰਤੀ ਨਾਮੇ' ਤੇ ਅਜ਼ਾਦੀ ਮਗਰੋਂ 'ਚੀਨ ਦੀ ਲੜਾਈ' ਦੇ ਕਿੱਸੇ ਕਾਵਿ-ਬੱਧ ਕੀਤੇ ਗਏ। ਕਈ ਕਵੀਸ਼ਰ, ਜੋ ਪ੍ਰਦੇਸਾਂ ਵਿਚ ਯਾਤਰਾ ਕਰਨ ਲਈ ਗਏ, ਉਨ੍ਹਾਂ ਨੇ ਉਥੋਂ ਦੇ ਅੱਖੀਂ ਵੇਖੇ ਹਾਲਾਤ ਨੂੰ ਕਾਵਿ-ਬਧ ਕੀਤਾ। 'ਚੀਨ ਦੇ ਹਵਾਲ', ਕ੍ਰਿਤ ਬਚਨ ਸਿੰਘ ਅਤੇ 'ਕਿੱਸਾ ਬਰਮਾ ਦਾ' ਕ੍ਰਿਤ ਭਾਈ ਸੰਪੂਰਣ ਸਿੰਘ (1890 ਈ.) ਇਸੇ ਕਿਸਮ ਦੀਆਂ ਰਚਨਾਵਾਂ ਹਨ। ਫੁਟਕਲ ਰਚਨਾਵਾਂ ਵਿਚ 'ਪਲੇਗ ਨਾਮਾ', 'ਕੀੜਿਆਂ ਦਾ ਡਾਕਾ', 'ਤੀਲਾ-ਲੌਂਗ', 'ਮੁਵ ਨਾਰ ਦਾ ਕਿੱਸਾ', 'ਬੱਟਣ ਦੀ ਬਹਾਦਰੀ', 'ਮੇਲੇ ਦੇ ਹਾਲ' ਆਦਿ ਆਉਂਦੇ ਹਨ।

ਕਵੀਸ਼ਰੀ ਦਾ ਰੂਪ ਵਿਧਾਨ :

ਪੰਜਾਬੀ ਕਾਵਿ ਰੂਪਾਂ ਦੀ ਸਿਰਜਨਾ ਤੇ ਸਥਾਪਤੀ ਵਿਚ ਕਵੀਸ਼ਰਾਂ ਦਾ ਮਹੱਤਵਪੂਰਣ ਯੋਗਦਾਨ ਹੈ। ਸਮਾਜਿਕ ਗੀਤਾਂ ਨਾਲ ਸੰਬੰਧਿਤ ਕਾਵਿ-ਰੂਪ ਤਾਂ ਕਿਸੇ ਵਿਸ਼ੇਸ਼ ਗੀਤ ਦਾ ਕਾਵਿਕ-ਬਿੰਬ ਹੀ ਨਹੀਂ। ਜਾਂ ਫਿਰ ਉਹ ਉਸ ਗੀਤ ਨਾਲ ਸੰਬੰਧਿਤ ਭਾਵਨਾਵਾਂ ਦੀ ਹੀ ਪੇਸ਼ਕਾਰੀ ਕਰਦੇ ਹਨ। ਉਨ੍ਹਾਂ ਨੂੰ ਛੱਡ ਕੇ ਬਾਕੀ ਮੱਧਕਾਲੀ ਕਾਵਿ-ਰੂਪ ਵਧੇਰੇ ਕਰਕੇ, ਜਾਂ ਤਾਂ ਭੱਟਾਂ ਦੀ ਸਿਰਜਨਾ ਹਨ ਜਾਂ ਕਵੀਸ਼ਰਾਂ ਦੀਆਂ। ਕਵੀਸ਼ਰਾਂ ਦੇ ਕਾਵਿ-ਰੂਪ ਸਿੱਧੇ ਵਸਤੂ ਜਾਂ ਉਸ ਦੀ ਪ੍ਰਕ੍ਰਿਤੀ ਨਾਲ ਸੰਬੰਧਿਤ ਹੋਣ ਕਰਕੇ ਬਹੁਬਿਧ ਹਨ। ਕਵੀਸ਼ਰਾਂ ਨੇ ਇਕ ਤਾਂ ਗੀਤਾਂ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਕਾਵਿ-ਰੂਪ ਨੂੰ ਅਪਣਾਇਆ ਅਤੇ ਉਨ੍ਹਾਂ ਵਿਚ ਲੋੜ ਅਨੁਸਾਰ ਤੇ ਵਿਤ-ਮੁਜਬ ਸਿਰਜਨਾ ਵੀ ਕੀਤੀ। ਪਰ ਕੁਝ ਕਾਵਿ ਰੂਪ 'ਝੇੜੇ', 'ਪੱਤਲ', 'ਜੈਵਾਂ', 'ਸਾਕੇ', 'ਮਿਠੜ' ਆਦਿ ਹਨ ਜੋ ਕੇਵਲ ਕਵੀਸ਼ਰਾਂ ਲਈ ਹੀ ਰਾਖਵੇਂ ਹੋ ਗਏ। ਇਹਨਾਂ ਰੂਪਾਂ ਦੇ ਉਦਭਵ ਤੇ ਵਿਕਾਸ ਵਿਚ ਕਵੀਸ਼ਰਾਂ ਦੀ ਮਹੱਤਵਪੂਰਣ ਭੂਮਿਕਾ ਹੈ।

(ੳ) ਕਿੱਸੇ ਕਵੀਸ਼ਰਾਂ ਦੀ ਬਹੁਤੀ ਰਚਨਾ ਕਿੱਸਿਆਂ ਦੇ ਰੂਪ ਵਿਚ ਮਿਲਦੀ ਹੈ, ਆਮ ਪੰਜਾਬੀਆਂ ਦੀ ਸੁਹਜ-ਤ੍ਰਿਪਤੀ ਦਾ ਸਾਧਨ ਕਥਾ-ਕਾਵਿ ਹੀ ਰਹੀ ਹੈ। ਕਥਾ ਵਿਚ ਰੋਚਕਤਾ ਦੇ ਤੱਤ ਕਾਫ਼ੀ ਮਾਤਰਾ ਵਿਚ ਹੁੰਦੇ ਹਨ ਅਤੇ ਕਾਵਿ ਵਿਚ ਭਾਵਕਤਾ ਦੇ ਰਸ, ਜਿਸ ਕਰਕੇ ਕਥਾ ਤੇ ਕਾਵਿ ਦੇ ਸਹਿਜ ਸੁਮੇਲ ਵਿਚ ਪੰਜਾਬੀ ਪਾਠਕ ਇਕ ਅਲੌਕਿਕ ਅਨੰਦ ਮਾਣਦਾ ਰਿਹਾ ਹੈ।

ਪਰ ਕਵੀਸ਼ਰਾਂ ਦੇ ਕਿੱਸੇ ਸਾਹਿਤਿਕ ਕਿੱਸਿਆ ਨਾਲੋਂ ਸੁਭਾਵ, ਬਣਤਰ ਤੇ ਨਿਭਾ ਵਿਚ ਕਾਫ਼ੀ ਵਖਰੇ ਹਨ। ਕਵੀਸ਼ਰਾਂ ਦੀ ਵਡੀ ਪ੍ਰਾਪਤੀ ਇਹ ਰਹੀ ਹੈ ਕਿ ਉਨ੍ਹਾਂ ਨੇ ਜਿੱਥੇ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ-ਮਹੀਂਵਾਲ ਆਦਿ ਕਲਾਸਕੀ ਕਿਸਮ ਦੀਆਂ ਕਥਾਵਾਂ ਦੀ ਪੇਂਡੂ ਮੁਹਾਵਰੇ ਵਿਚ ਸਿਰਜਨਾ ਕੀਤੀ, ਉਥੇ ਅਨੇਕਾਂ ਸਥਾਨਿਕ ਪ੍ਰੀਤ-ਕਥਾਵਾਂ ਨੂੰ ਵੀ ਕਾਵਿ-ਬੱਧ ਕਰਕੇ ਕਥਾ-ਕਾਵਿ ਨੂੰ ਸਮਰਿਧੀ ਬਖ਼ਸ਼ੀ। 'ਇੰਦਰ ਬੇਗੋ', 'ਕਾਕਾ ਪ੍ਰਤਾਪੀ', 'ਕਰਤਾਰੀ ਜਮੀਤਾ', 'ਰਤਨੀ ਸਨਿਆਰੀ' ਆਦਿ ਇਸੇ ਵਰਗ ਵਿਚ ਆਉਂਦੇ ਹਨ। ਜਿਹੜੀਆਂ ਪ੍ਰਸਿਧ ਪ੍ਰੀਤ ਕਥਾਵਾਂ ਕਲਾਸਕੀ ਕਿੱਸਾਕਾਰਾਂ ਦੀ ਨਜ਼ਰ ਤੋਂ ਬਚੀਆਂ ਰਹੀਆਂ, ਜਿਵੇਂ, 'ਸੋਰਠ ਬੀਜਾ', 'ਰੋਡਾ ਜਲਾਲੀ', ਉਨ੍ਹਾਂ ਨੂੰ ਕਵੀਸ਼ਰਾਂ ਨੇ ਆਪਣੀ ਕਾਵਿ-ਪ੍ਰਤਿਭਾ ਦੁਆਰਾ ਜਿਉਂਦਾ ਰਖਿਆ।

ਦੂਜਾ, ਕਵੀਸ਼ਰੀ ਦਾ ਉਦੇਸ਼ ਕਥਾ-ਕਹਾਣੀ ਦੀ ਭਾਵੁਕ ਜਿਹੀ ਪੇਸ਼ਕਾਰੀ ਕਰਨੀ ਸੀ, ਇਸ ਵਾਸਤੇ ਉਹ ਕਹਾਣੀ ਦੀ ਕਾਇਆ ਦਾ ਪੂਰਾ ਅੰਗ-ਪਸਾਰ ਨਹੀਂ ਸਨ ਕਰਦੇ, ਨਾ ਹੀ ਤਾਂ ਕਵੀਸ਼ਰ ਕਹਾਣੀ

ਦੀਆਂ ਬਾਰੀਕੀਆਂ ਵਿਚ ਪੈਂਦੇ ਹਨ ਅਤੇ ਨਾ ਹੀ ਮਨੁੱਖੀ ਹਿਰਦੇ ਦੀ ਤਹਿ ਤਕ ਉਤਰਨ ਖ਼ਾਤਰ ਯਤਨਸ਼ੀਲ ਸਨ। ਇਸ ਲਈ ਉਨ੍ਹਾਂ ਦੀ ਰਚਨਾ ਪ੍ਰਕ੍ਰਿਤੀ ਸਾਹਿਤਕ ਪਰੰਪਰਾ ਦੇ ਕਿੱਸੇ-ਕਾਵਿ ਨਾਲੋਂ ਵਖਰੀ ਹੈ।

ਕਵੀਸ਼ਰਾਂ ਨੇ ਇਸ਼ਕੀਆ ਕਿੱਸਿਆਂ ਤੋਂ ਇਲਾਵਾ ਧਾਰਮਿਕ ਕਥਾਵਾਂ ਤੇ ਬੀਰ ਰਸੀ ਘਟਨਾਵਾਂ ਨੂੰ ਵੀ ਕਾਵਿ-ਬੱਧ ਕੀਤਾ ਹੈ। ਲੋਕਾਂ ਦੀਆਂ ਧਾਰਮਿਕ ਅਤੇ ਅਧਿਆਤਮਕ ਲੋੜਾਂ, ਕਵੀਸ਼ਰਾਂ ਨੇ ਹੀ ਪੂਰੀਆਂ ਕੀਤੀਆਂ ਹਨ ਅਤੇ ਧਰੂ ਭਗਤ, ਪ੍ਰਹਿਲਾਦ, ਸਤੀ ਸਲੋਚਨਾ, ਨੱਲ ਦਮਯੰਤੀ, ਮੋਰਧਵਜ ਆਦਿ ਪੌਰਾਣਿਕ ਘਟਨਾਵਾਂ ਨੂੰ ਨਜ਼ਮਾ ਕੇ, ਨੈਤਿਕ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਦੇ ਹਨ।

ਪੰਜਾਬੀ ਵਿਚ ਕਲਾਸਕੀ ਪੱਧਰ ਉਤੇ ਸੂਰਮਿਆਂ ਬਾਰੇ ਵਾਰਾਂ ਰੱਚੀਆਂ ਗਈਆਂ ਹਨ, ਪਰ ਕਵੀਸ਼ਰਾਂ ਨੇ ਲੋਕ-ਪੱਧਰ ਉਤੇ 'ਦੁਲ੍ਹਾ ਭੱਟੀ', 'ਜੈਮਲ-ਫੱਤਾ', 'ਸੁੱਚਾ ਸਿੰਘ ਸੂਰਮਾ', 'ਜੀਉਣਾ ਮੌੜ', ਅਤੇ 'ਜਾਨੀ ਚੋਰ' ਆਦਿ ਕਿੱਸੇ ਲਿਖ ਕੇ ਬੀਰ-ਰਸੀ ਕਾਵਿ ਨੂੰ ਬਹੁਬਿਧਤਾ ਤੇ ਸਮਰਿਧੀ ਬਖ਼ਸ਼ੀ।

ਇਸ ਤੋਂ ਇਲਾਵਾ ਕਵੀਸ਼ਰਾਂ ਨੇ ਨਿਤ ਦੇ ਭਖਦੇ ਮਸਲਿਆਂ ਤੇ ਵਕਤੀ ਮਾਮਲਿਆਂ ਉਤੇ ਵੀ ਕਿੱਸੇ ਲਿਖ ਕੇ ਕਿੱਸਾ-ਕਾਵਿ ਵਿਚ ਨਵੇਂ ਵਸਤੂ ਲਿਆਂਦੇ। ਇਸ ਕਿਸਮ ਦੇ ਕਿੱਸਿਆਂ ਵਿਚ ਬ੍ਰਿਤਾਂਤ ਕਈ ਵਾਰ ਬੜਾ ਪਤਲਾ ਹੁੰਦਾ ਹੈ। ਅਜਿਹੇ ਵਰਗ ਵਿਚ 'ਕਿੱਸਾ ਬਾਰ ਦੀ ਆਬਾਦੀ', 'ਕਿੱਸਾ ਛੜਿਆਂ ਦਾ' ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।

(ਅ) ਝੇੜੇ : ਕਵੀਸ਼ਰਾਂ ਦਾ ਦੂਜਾ ਮਕਬੂਲ ਕਾਵਿ-ਰੂਪ ਝੇੜਾ ਹੈ। ਇਸ ਰੂਪ ਦੇ ਉਦਭਵ ਤੇ ਵਿਕਾਸ ਵਿਚ ਪਹਿਲਾਂ ਰਾਸਧਾਰੀਆਂ ਤੇ ਫਿਰ ਕਵੀਸ਼ਰਾਂ ਨੇ ਆਪੋ ਆਪਣੇ ਵਿਤ ਮੁਜਬ ਯੋਗਦਾਨ ਪਾਇਆ। ਵੈਸੇ ਇਸ ਰੂਪ ਵਿਚ ਕਲਾਸਕੀ ਪੱਧਰ ਉਤੇ ਵਿੱਗਸਣ ਦੀ ਸਮਰਥਾ ਤੇ ਸੰਭਾਵਨਾਵਾਂ ਸਨ। ਪਰ ਕਿਸੇ ਵੀ ਕਵੀ ਨੇ ਸਾਹਿਤਕ ਪੱਧਰ ਉਤੇ, ਇਸ ਰੂਪ ਨੂੰ ਮਾਧਿਅਮ ਨਹੀਂ ਬਣਾਇਆ। ਇਸੇ ਲਈ ਇਹ ਰੂਪ ਕਵੀਸ਼ਰੀ ਦੀ ਪਰੰਪਰਾ ਰਿਹਾ।

'ਝੇੜੇ' ਲਈ ਮਾਲਵੇ ਦੇ ਕਵੀਸ਼ਰ 'ਝਗੜਾ' ਪਦ ਵਰਤਦੇ ਰਹੇ ਹਨ। ਕਈਆਂ ਨੇ 'ਬਖੇੜੇ' ਪਦ ਦੀ ਵੀ ਵਰਤੋਂ ਕੀਤੀ ਹੈ। 'ਝੇੜਾ' ਸ਼ਬਦ ਵਧੇਰੇ ਲਹਿੰਦੇ ਵਿਚ ਹੀ ਵਰਤਿਆ ਗਿਆ। ਝੇੜੇ ਦੇ ਸਭ ਤੋਂ ਪੁਰਾਣੇ ਨਮੂਨੇ 'ਕਾਨ੍ਹ-ਗੁਜਰੀ ਦੇ ਝੇੜੇ' ਦੇ ਰੂਪ ਵਿਚ ਮਿਲਦੇ ਹਨ। ਮੱਧਕਾਲ ਵਿਚ ਰਾਸਧਾਰੀਏ, ਕ੍ਰਿਸ਼ਨ ਤੇ ਗੋਪੀਆਂ ਦੇ ਝੇੜੇ ਦੀ ਪੇਸ਼ਕਾਰੀ ਰਾਸਾਂ ਦੁਆਰਾ ਕਰਦੇ ਸਨ। ਧਨੀ ਰਾਮ ਚਾਤ੍ਰਿਕ ਦਾ 'ਰਾਧਾ ਸੰਦੇਸ਼' ਇਸੇ ਕਿਸਮ ਦੇ 'ਝੇੜੇ' ਦਾ ਵਿਸ਼ਿਸ਼ਟ ਪ੍ਰਗਟਾਵਾ ਕਿਹਾ ਜਾ ਸਕਦਾ ਹੈ।

'ਝੇੜੇ' ਵਿਚ ਕਵੀਸ਼ਰ ਦੋਹਾਂ ਧਿਰਾਂ ਵਿਚ ਵਾਦ-ਵਿਵਾਦ ਸਿਰਜਣਾ ਹੈ। ਦੋਵੇਂ ਧਿਰ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਕਰਦੇ ਹੋਏ, ਦੂਜੀ ਧਿਰ ਦਾ ਖੰਡਨ ਕਰਦੀਆਂ ਹਨ। ਇਸ ਖੰਡਨ ਮੰਡਨ ਵਿਚ ਹੀ 'ਝੇੜੇ' ਦੀ ਰੋਚਿਕਤਾ ਹੈ। 'ਝੇੜੇ' ਵਿਚ ਕਵੀਸ਼ਰ ਖ਼ੁਦ ਕਿਧਰੇ ਵੀ ਨਹੀਂ ਹੁੰਦਾ। ਦੋਵੇਂ ਪਾਸੇ ਲੋਕ-ਵਿਵੇਕ ਦਾ ਹੀ ਪਸਾਰ ਹੁੰਦਾ ਹੈ। ਕਿਸੇ ਇਕ ਗੱਲ ਜਾਂ ਧਾਰਨਾ ਬਾਰੇ ਸਮਾਜ ਵਿਚ ਜੋ ਦਵੰਦ ਲੋਕਾਂ ਦੀ ਆਮ ਵਾਰਤਾਲਾਪ ਵਿਚ ਉਭਰਦਾ ਰਹਿੰਦਾ ਹੈ, ਉਸੇ ਨੂੰ ਹੀ ਕਵੀਸ਼ਰ ਰੋਚਕ ਬਣਾ ਕੇ ਪੇਸ਼ ਕਰਦਾ ਹੈ। ਗੱਲ, ਵਿਅੰਗ ਤੇ ਕਟਾਖਸ਼ ਨਾਲ ਕੀਤੀ ਜਾਂਦੀ ਹੈ। ਕਈ ਵਾਰ ਤਾਂ ਗੱਲ ਤਾਅਨੇ ਮਿਹਣੇ ਨਾਲ ਉਸਰਦੀ ਹੈ, ਵਿਵੇਕ ਨਾਲ ਨਹੀਂ।

ਪਿਆਰਾ ਸਿੰਘ ਪਦਮ ਨੇ 'ਪੰਜਾਬੀ ਝਗੜੇ' ਦੇ ਨਾਂ ਹੇਠ ਕਵੀਸ਼ਰਾਂ ਦੇ ਰਚੇ ਝੇੜੇ ਸੰਪਾਦਿਤ ਕੀਤੇ ਹਨ। ਪਿਆਰਾ ਸਿੰਘ ਪਦਮ ਦੇ ਵਿਚਾਰ ਅਨੁਸਾਰ 'ਝੇੜੇ' ਕਾਵਿ-ਰੂਪ ਦੀ ਪਰੰਪਰਾ ਸਿੱਧ-ਸਾਹਿਤ ਵਿਚ ਜਾ ਰਲਦੀ ਹੈ ਅਤੇ ਸਭ ਤੋਂ ਪੁਰਾਣਾ 'ਝੇੜਾ' ਗੋਰਖ ਨਾਥ ਕ੍ਰਿਤ 'ਦੁਆਦਸ ਮਾਤ੍ਰ' ਦਾ ਹੈ।

(ੲ) ਜੰਞਾਂ ਅਤੇ ਪੱਤਲ : ਪੱਤਲ ਗੀਤਾਂ ਨਾਲ ਸੰਬੰਧਿਤ ਕਾਵਿ-ਰੂਪ ਹੈ, ਜੋ ਕਵੀਸ਼ਰਾਂ ਵਿਚ ਬੜਾ ਮਕਬੂਲ ਹੋਇਆ, ਇਸੇ ਨੂੰ 'ਜੰਞ' ਵੀ ਕਹਿੰਦੇ ਹਨ। ਪੱਤਲ ਦਾ ਸ਼ਾਬਦਿਕ ਅਰਥ ਪੱਤਰਾਂ ਦੀ ਬਣਾਈ ਥਾਲੀ ਹੈ, ਪਹਿਲਿਆਂ ਵਿਚ ਬਰਾਤ ਪੱਤਲਾਂ ਵਿਚ ਰੋਟੀ ਖਾਂਦੀ ਸੀ ਅਤੇ ਇਹ ਕਾਵਿ, ਪੱਤਲ ਵਿਚ ਪਈ ਰੋਟੀ ਨਾਲ ਸੰਬੰਧਿਤ ਹੋਣ ਕਰਕੇ, ਪੱਤਲ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ। ਇਸ ਕਾਵਿ ਰੂਪ ਦਾ ਪੁਰਾਣਾ ਨਾਉਂ 'ਮੁੰਦਾਵਣੀ' ਵੀ ਹੈ, ਜੋ ਕਲ੍ਹ ਤਕ ਧਨੀ-ਪੋਠੋਹਾਰ ਵਿਚ ਪ੍ਰਚਲਿਤ ਰਿਹਾ।

ਜਦੋਂ ਬਰਾਤ ਰੋਟੀ ਖਾਣ ਲਗਦੀ ਹੈ ਤਾਂ ਦੁਲ੍ਹਨ ਦੀਆਂ ਸਹੇਲੀਆਂ ਇਕ ਵਿਸ਼ੇਸ਼ ਪ੍ਰਕਾਰ ਦੇ ਗੀਤ ਗਾਉਂਦੀਆਂ ਹੋਈਆਂ ਬਰਾਤ ਨੂੰ ਰੋਟੀ ਖਾਣ ਤੋਂ ਵਰਜਦੀਆਂ ਹਨ, ਇਸ ਕਿਰਿਆ ਨੂੰ ਪੱਤਲ ਜਾਂ ਜੰਞ ਬੰਨ੍ਹਣਾ ਕਹਿੰਦੇ ਹਨ। ਫਿਰ ਬਰਾਤੀਆਂ ਵਿਚੋਂ ਕੋਈ ਜੁਆਬੀ ਗੀਤ ਉਚਾਰ ਕੇ, ਖਾਣੇ ਨੂੰ ਵਰਜਣ ਤੋਂ

ਮੁਕਤ ਕਰਦਾ ਹੈ। ਇਹ ਇਕ ਤਰ੍ਹਾਂ ਨਾਲ ਜੇਵ-ਬੰਨ੍ਹਣ ਵਾਲੀ ਪੱਤਲ ਦੇ ਕਾਵਿ ਦੁਆਰਾ ਸਿਰਜੇ ਪ੍ਰਭਾਵ ਨੂੰ ਖੰਡਨ ਕਰਨ ਦੀ ਕਿਰਿਆ ਹੈ। ਇਸ ਗੀਤ ਨੂੰ ਪੱਤਲ-ਜੇਵ ਛੁਡਾਉਣੀ ਕਹਿੰਦੇ ਹਨ।

ਇਹ ਗੀਤ ਕਿਸੇ ਪੁਰਾਣੇ ਸੰਸਕਾਰ ਦੀ ਰਹਿੰਦ ਜਾਪਦੀ ਹੈ। ਪੁਰਾਣੇ ਜ਼ਮਾਨੇ ਵਿਚ ਜਦੋਂ ਕਬੀਲਿਆਂ ਦਾ ਆਪਸੀ ਵੈਰ-ਵਿਰੋਧ ਚਲਦਾ ਸੀ, ਤਾਂ ਇਕ ਕਬੀਲੇ ਦੇ ਵਿਆਹ ਵੇਲੇ, ਵਿਰੋਧੀ ਕਬੀਲੇ ਦੇ ਚੇਲੇ, ਉਸ ਦੀ ਰੋਟੀ ਨੂੰ ਜਾਦੂ-ਟੂਣੇ ਅਤੇ ਤੰਤਰ-ਵਿਦਿਆ ਦੁਆਰਾ ਬੰਨ੍ਹ ਦਿੱਤਾ ਕਰਦੇ ਸਨ। ਜੇ ਬਧਿਆ ਖਾਣਾ ਖਾ ਲਿਆ ਜਾਵੇ ਤਾਂ ਧਾਰਨਾ ਅਨੁਸਾਰ ਪਚਦਾ ਨਹੀਂ ਸੀ ਅਤੇ ਰੋਗ ਪੈਦਾ ਕਰਦਾ ਸੀ। ਇਸ ਲਈ ਕਬੀਲੇ ਦੇ ਲੋਕ ਆਪਣੇ ਚੇਲੇ ਜਾਂ ਮਾਂਦਰੀ ਨੂੰ ਬਰਾਤ ਦੇ ਨਾਲ ਲਿਆਂਦੇ ਸਨ ਅਤੇ ਜੇ ਖਾਣਾ ਬੰਨ੍ਹਣ ਦਾ ਸੰਦੇਹ ਹੋਵੇ ਤਾਂ ਮੰਤਰਾਂ-ਤੰਤਰਾਂ ਦੁਆਰਾ ਖਾਣੇ ਦਾ ਦੁਸ਼ਟ ਪ੍ਰਭਾਵ ਖੰਡਤ ਕਰਕੇ ਫਿਰ ਖਾਣਾ ਮੂੰਹ ਨੂੰ ਲਗਾਂਦੇ।

ਇਹ ਗੀਤ, ਜੋ ਕਦੇ ਜਾਦੂ-ਟੂਣੇ ਦਾ ਹਿੱਸਾ ਸੀ ਅਤੇ ਚੇਲੇ ਜੋ ਕਾਰਜ ਮੰਤਰ-ਤੰਤਰਾਂ ਦੁਆਰਾ ਕਰਦੇ ਸਨ, ਮਗਰੋਂ ਉਹੋ ਕਿਰਿਆ, ਮਨੋਰੰਜਨ ਦਾ ਸਾਧਨ ਬਣ ਗਈ ਅਤੇ ਕਵੀਸ਼ਰਾਂ ਨੇ 'ਪੱਤਲ' ਰੂਪ ਵਿਚ, ਆਪਣੀ ਕਾਵਿ-ਪ੍ਰਤਿਭਾ ਦੁਆਰਾ ਨਵੇਂ ਨਵੇਂ ਰੰਗ ਭਰਨੇ ਸ਼ੁਰੂ ਕੀਤੇ।

ਕਵੀਸ਼ਰਾਂ ਨੇ ਬੋਲੀਆਂ ਦੇ ਕਾਵਿ-ਰੂਪ ਨੂੰ ਵੀ ਆਪਣੀ ਲੋਕ-ਪ੍ਰਤਿਭਾ ਦੁਆਰਾ ਸਮਰਿਧ ਬਣਾਇਆ ਹੈ। ਲੋਕ-ਕਾਵਿ ਦੇ ਅਨੇਕਾਂ ਹੋਰ ਰੂਪਾਂ ਨੂੰ ਵੀ ਕਵੀਸ਼ਰਾਂ ਨੇ ਅਪਣਾਇਆ ਹੈ।

ਕਵੀਸ਼ਰੀ ਉੱਤੇ, ਸਭ ਤੋਂ ਵਧ ਪ੍ਰਭਾਵ, ਲੋਕ-ਕਥਾ ਅਤੇ ਸਵਾਂਗ (ਲੋਕ-ਨਾਟ) ਦਾ ਪਿਆ ਹੈ, ਇਸ ਲਈ ਇਹਨਾਂ ਦੋਹਾਂ ਰੂਪਾਂ ਦੇ ਤੱਤਾਂ ਦਾ ਕਵੀਸ਼ਰੀ ਵਿਚ ਸਹਿਜ-ਸੰਜੋਗ ਸੁਭਾਵਿਕ ਹੈ।

ਲੋਕ-ਕਹਾਣੀ ਵਾਂਗ ਕਵੀਸ਼ਰੀ ਦੀ ਬਣਤਰ ਵਿਚ ਵੀ ਕਥਾਨਿਕ ਰੂੜ੍ਹੀਆਂ ਦਾ ਮਹੱਤਵ-ਪੂਰਣ ਰੋਲ ਹੈ ਅਤੇ ਕਵੀਸ਼ਰ ਆਪਣੀ ਰਚਨਾ ਵਿਚ ਢੁੱਕਵੀਆਂ ਕਥਾਨਿਕ ਰੂੜ੍ਹੀਆਂ ਜੋੜ ਕੇ, ਰਚਨਾ ਨੂੰ ਲੰਮਾ ਕਰ ਲੈਂਦੇ ਜਾਂ ਘਟਾ ਕੇ ਸੰਜਮ-ਬੱਧ ਕਰਦੇ ਰਹੇ ਹਨ। ਦੂਜੀ ਗੱਲ ਸਵਾਂਗ ਦੇ ਪ੍ਰਭਾਵ ਦੀ ਹੈ। ਮੱਧਕਾਲ ਵਿਚ ਪੰਜਾਬ ਦੇ ਪਿੰਡਾਂ ਵਿਚ ਸਵਾਂਗ ਤੇ ਰਾਸਾਂ ਖੇਡਣ ਦੀ ਪ੍ਰਥਾ ਸੀ। ਲੋਕਾਂ ਦੀਆ ਰਾਸਾਂ ਤੇ ਸਵਾਂਗਾਂ ਵਿਚ ਦਿਲਚਸਪੀ ਵੇਖ ਕੇ, ਕਵੀਸ਼ਰਾਂ ਨੇ ਵੀ ਉਨ੍ਹਾਂ ਦੇ ਪ੍ਰਭਾਵ ਨੂੰ ਕਬੂਲਿਆ ਅਤੇ ਕਵੀਸ਼ਰਾਂ ਨੇ ਕਥਾਨਿਕ ਨੂੰ ਹਮੇਸ਼ਾ ਕਾਵਿ-ਸੰਵਾਦਾਂ ਦੁਆਰਾ ਪ੍ਰਗਟ ਕੀਤਾ।

ਰਾਸਾਂ ਤੇ ਸਵਾਂਗਾਂ ਤੋਂ ਹੀ ਪ੍ਰਭਾਵਿਤ ਹੋ ਕੇ, ਕਵੀਸ਼ਰਾਂ ਨੇ ਆਪਣੀ ਰਚਨਾ ਨੂੰ ਇਕਹਿਰੇ ਛੰਦ ਵਿਚ ਰਚਣ ਦੀ ਥਾਂ ਛੰਦਾ-ਬੰਦੀ ਦੇ ਵਿਵਧ ਰੂਪ ਵਰਤ ਕੇ ਰਚਨਾਵਾਂ ਨੂੰ ਇਕਸਾਰਤਾ ਤੇ ਅਕੇਵੇਂ ਤੋਂ ਬਚਾਇਆ। ਕਵੀਸ਼ਰਾਂ ਨੇ ਕੁਝ ਨਵੇਂ ਛੰਦ ਵੀ ਘੜੇ ਹਨ। ਛੰਦਾ-ਬੰਦੀ ਦੇ ਪਖੋਂ ਕਵੀਸ਼ਰੀ ਕਾਫ਼ੀ ਸਮਰਥ ਹੈ।

(ਕ-199) **ਕੜਾ :**

ਸਿੱਖਾਂ ਦੇ ਪੰਜ ਕੱਕਾਰਾਂ ਵਿਚੋਂ ਇਕ ਵਿਸ਼ੇਸ਼ ਚਿੰਨ੍ਹ; ਗੁਰੂ ਗੋਬਿੰਦ ਸਿੰਘ ਨੇ ਕੇਸਗੜ੍ਹ ਦੇ ਇਤਿਹਾਸਕ ਸਥਾਨ 'ਤੇ, ਜਦੋਂ ਖ਼ਾਲਸੇ ਦੀ ਸਿਰਜਨਾ ਕੀਤੀ ਤੇ ਖ਼ਾਲਸੇ ਨੂੰ ਰਹਿਤ-ਮਰਯਾਦਾ ਵਜੋਂ ਪੰਜ ਚਿੰਨ੍ਹ ਧਾਰਨ ਕਰਨ ਦਾ ਆਦੇਸ਼ ਦਿਤਾ। ਇਹ ਪੰਜ ਕੱਕਾਰ ਸਿੱਖ ਸੰਪਰਦਾਇ ਵਿਚ ਮਾਨਸਿਕ ਅਤੇ ਭਾਵੁਕ ਏਕਤਾ ਲਿਆਉਣ ਲਈ ਤੇ ਉਨ੍ਹਾਂ ਵਿਚ ਨਵਾਂ ਉਤਸਾਹ ਤੇ ਜਾਗ੍ਰਿਤੀ ਪੈਦਾ ਕਰਨ ਲਈ ਜ਼ਰੂਰੀ ਮੰਨੇ ਜਾਂਦੇ ਹਨ।

ਸਿੱਖਾਂ ਵਿਚ ਰਹਿਤ ਵਜੋਂ ਜੋ ਕੜਾ ਪਹਿਨਿਆ ਜਾਂਦਾ ਹੈ, ਉਹ ਸਰਬਲੋਹ ਦ ਬਣਿਆ ਹੁੰਦਾ ਹੈ। ਇਸ ਕੜੇ ਤੇ ਕੁਝ ਧਾਰੀਆਂ ਹੁੰਦੀਆਂ ਹਨ ਅਤੇ ਵਿਚਕਾਰੋਂ ਉਭਰਿਆ ਹੁੰਦਾ ਹੈ। ਵਿਚਲਾ ਉਭਾਰ ਸੱਤ ਗੁਣ ਦਾ ਸੂਚਕ ਹੈ, ਜੋ ਪਹਿਨਣ ਵਾਲੇ ਦੇ ਅੰਦਰ ਸਤੋ ਗੁਣ ਉਭਾਰਦਾ ਹੈ। ਆਸ ਪਾਸ ਦੀਆਂ ਦੋਵੇਂ ਢਲਵਾਨਾਂ ਰਜੋ ਤੇ ਤਮੋ ਗੁਣ ਦੀਆਂ ਵਾਚਕ ਹਨ, ਜੋ ਸਤੋ ਦੇ ਅਧੀਨ ਰਹਿੰਦੀਆਂ ਹਨ।

ਕੜਾ ਹਮੇਸ਼ਾ ਸੱਜੇ ਹੱਥ ਵਿਚ ਪਹਿਨਿਆ ਜਾਂਦਾ ਹੈ। ਇਹ ਵੀ ਧਾਰਨਾ ਹੈ ਕਿ ਇਹ ਗੁਰੂ ਦੀ ਯਾਦ ਦਿਵਾਂਦਾ ਤੇ ਬੁਰੇ ਕੰਮਾਂ ਤੋਂ ਵਰਜਦਾ ਹੈ।

ਕੜਾ ਲੋਹੇ ਦਾ ਹੋਣ ਕਰਕੇ ਵੀ ਸ਼ੁੱਭ ਹੈ। ਲੋਹੇ ਦੀ ਧਾਤ ਬੜੀ ਕਰੜੀ ਤੇ ਸ਼ਕਤੀਸ਼ਾਲੀ ਮੰਨੀ ਗਈ ਹੈ। ਲੋਕ-ਵਿਸ਼ਵਾਸ ਅਨੁਸਾਰ ਜੇ ਲੋਹੇ ਦਾ ਛਾਪ-ਛੱਲਾ ਪਹਿਨਿਆ ਹੋਵੇ ਜਾਂ ਲੋਹੇ ਦੀ ਕਰਦ, ਛੁਰੀ ਕੋਲ ਹੋਵੇ ਤਾਂ ਇਕ ਤਾਂ ਪ੍ਰਾਣੀ ਨੂੰ ਬਦ-ਨਜ਼ਰ ਨਹੀਂ ਲਗਦੀ। ਦੂਜੇ, ਉਸ ਦੇ ਨੇੜੇ ਪ੍ਰੇਤ ਰੂਹਾਂ ਨਹੀਂ ਢੁੱਕਦੀਆਂ। ਇਸ ਲਈ ਲੋਹੇ ਦਾ ਕੜਾ ਪਹਿਨਣ ਨਾਲ ਬੰਦਾ ਨਿਰਭੈ ਰਹਿੰਦਾ ਹੈ।

ਕੜਾ ਫੇਰਨਾ : ਕਿਸੇ ਅਪਵਿਤ੍ਰ ਜਾਂ ਭਿੱਟੀ ਹੋਈ ਚੀਜ਼-ਵਸਤ ਨੂੰ ਕੜਾ ਛੁਹਾ ਕੇ ਸੁਧ ਕਰਨਾ, ਨੂੰ ਕੜਾ ਫੇਰਨਾ ਕਹਿੰਦੇ ਹਨ, ਜਿਵੇਂ ਹਿੰਦੂਆਂ ਵਿਚ ਗੰਗਾ-ਜਲੀ ਤਰੌਂਕਣ ਨਾਲ ਕੋਈ ਅਪਵਿਤ੍ਰ ਪਦਾਰਥ ਸੁਧ ਹੋ ਗਿਆ ਮੰਨਦੇ ਹਨ, ਇਸੇ ਤਰ੍ਹਾਂ ਸਿੱਖਾਂ ਵਿਚ ਕੜੇ ਦੇ ਫੇਰਨ ਨਾਲ ਅਸ਼ੁਧ ਵਸਤੂ ਪਵਿੱਤ੍ਰ ਹੋ ਗਈ ਮੰਨੀ ਜਾਂਦੀ ਹੈ।

ਕਿਸੇ ਅਸ਼ੁਧ ਵਸਤੂ ਨੂੰ ਲੋਹਾ ਛੁਹਾ ਕੇ ਸ਼ੁੱਧ ਕਰਨ ਦਾ ਸੰਕਲਪ ਬੜਾ ਪ੍ਰਾਚੀਨ ਹੈ। ਲੋਕ-ਨਿਸਚੇ ਅਨੁਸਾਰ ਲੋਹੇ ਦੇ ਨਾਲ ਸੂਤਕ ਪਾਤਕ ਨਹੀਂ ਰਹਿੰਦਾ।

(ਕ-200) **ਕੜਾ ਵਾਹੁਣਾ** :

ਫ਼ਸਲਾਂ ਦੀ ਕਟਾਈ ਮਗਰੋਂ, ਖਲਵਾੜੇ ਦੇ ਢੇਰ ਦੇ ਆਲੇ ਦੁਆਲੇ, ਪਾਣੀ ਦੇ ਛੱਟੇ ਦੇ ਕੇ ਕਿਸੇ ਡੰਡੇ ਨਾਲ ਲਕੀਰ ਵਾਹ ਲਈ ਜਾਂਦੀ ਹੈ ਕਿਉਂ ਜੋ ਦਾਣਿਆਂ ਨੂੰ ਚੰਦਰੀਆਂ ਰੂਹਾਂ, ਪ੍ਰੇਤਾਤਮਾਵਾਂ ਅਥਵਾ ਕੀੜੇ ਨੁਕਸਾਨ ਨਾ ਪਹੁੰਚਾ ਸਕਣ। ਕਿਉਂ ਜੋ ਲਕੀਰ ਕੜੇ ਵਾਂਗ ਗੋਲ ਹੁੰਦੀ ਹੈ, ਇਸ ਲਈ ਇਸ ਨੂੰ ਕੜਾ ਵਾਹੁਣਾ ਕਿਹਾ ਜਾਂਦਾ ਹੈ। ਕੜਾ ਵਾਹੁਣ ਸਮੇਂ ਮੰਤਰਾਂ ਦਾ ਉਚਾਰਨ ਵੀ ਕੀਤਾ ਜਾਂਦਾ ਹੈ। ਵਿਸ਼ਵਾਸ ਹੈ ਕਿ ਇਸ ਰੇਖਾ ਨੂੰ ਕੋਈ ਚੰਦਰੀ ਰੂਹ ਉਲੰਘ ਨਹੀਂ ਸਕਦੀ।

(ਕ-201) **ਕੜਾਹ** :

ਕੜਾਹ ਦਾ ਸਾਡੇ ਲੋਕ-ਸਭਿਆਚਾਰ ਵਿਚ ਖ਼ਾਸ ਸਥਾਨ ਹੈ, ਇਹ ਸ਼ੁਭ ਮੌਕਿਆਂ ਉਤੇ ਵੰਡਿਆ ਜਾਂਦਾ ਹੈ। ਇਹ ਮਿੱਠਾ ਪਦਾਰਥ, ਜੋ ਸੂਜੀ, ਖੰਡ ਅਤੇ ਘਿਉ ਤੋਂ ਬਣਾਇਆ ਜਾਂਦਾ ਹੈ। ਬੱਚੇ ਦੇ ਜਨਮ ਵੇਲੇ ਕਈ ਲੋਕ ਕੜਾਹ ਵੰਡਦੇ ਹਨ। ਕੰਨਿਆਂ ਨੂੰ ਜਦੋਂ ਵਿਆਹ ਦਾ ਚੂੜਾ ਚਾੜ੍ਹਿਆ ਜਾਂਦਾ ਹੈ ਤਾਂ ਉਦੋਂ ਕੜਾਹ ਵਿਚ ਖਿਚੜੀ ਰਲਾ ਕੇ ਵੰਡੀ ਜਾਂਦੀ ਹੈ। ਪਹਿਲਿਆਂ ਵਿਚ ਵਿਆਹ ਵੇਲੇ, ਜੋ ਪਦਾਰਥ ਖਾਣ ਲਈ ਦਿੱਤੇ ਜਾਂਦੇ ਸਨ, ਉਨ੍ਹਾਂ ਵਿਚ ਕੜਾਹ ਨੂੰ ਖ਼ਾਸ ਅਹਿਮੀਅਤ ਪ੍ਰਾਪਤ ਸੀ। ਕੜਾਹ ਤੋਂ ਬਗ਼ੈਰ ਵਿਆਹ ਦੀ ਰੋਟੀ ਅਧੂਰੀ ਸਮਝੀ ਜਾਂਦੀ ਸੀ।

ਕੜਾਹੇ ਵਿਚ ਤਿਆਰ ਹੋਣ ਕਰ ਕੇ, ਇਸ ਪਦਾਰਥ ਦਾ ਨਾਂ ਕੜਾਹ ਪੈ ਗਿਆ। ਕੜਾਹਾ ਲੋਹੇ ਦੇ ਖੁਲ੍ਹੇ ਮੂੰਹ ਦੇ ਕੁੰਡੇਦਾਰ ਬਰਤਨ ਨੂੰ ਕਹਿੰਦੇ ਹਨ।

(ਕ-202) **ਕੜਾਹ ਪ੍ਰਸ਼ਾਦਿ** :

ਸਿੱਖਾਂ ਵਿਚ, ਗੁਰਦੁਆਰੇ ਵਿਚ, ਕੜਾਹ ਦਾ ਪ੍ਰਸ਼ਾਦਿ ਬਣਾ ਕੇ ਸੰਗਤ ਵਿਚ ਵੰਡਿਆ ਜਾਂਦਾ ਹੈ। ਇਹ ਸਭ ਪ੍ਰਸ਼ਾਦਾਂ ਤੋਂ ਵੱਧ ਪਵਿਤ੍ਰ ਸਮਝਿਆ ਜਾਂਦਾ ਹੈ ਤੇ ਇਸੇ ਨੂੰ ਆਦਰ ਨਾਲ ਕੜਾਹ ਪ੍ਰਸ਼ਾਦਿ ਕਹਿੰਦੇ ਹਨ। ਇਸ ਨੂੰ ਖ਼ਾਸ ਵਿਧੀ ਨਾਲ ਬਣਾਇਆ ਜਾਂਦਾ ਹੈ। ਇਸ ਵਿਚ ਖੰਡ, ਸੂਜੀ ਤੇ ਘਿਉ ਇਕੋ ਜਿਹੀ ਮਿਕਦਾਰ ਵਿਚ ਪਾਏ ਜਾਂਦੇ ਹਨ। ਕੜਾਹ ਬਨਾਉਣ ਵਾਲਾ ਭਾਈ ਪਹਿਲੋਂ ਇਸ਼ਨਾਨ ਕਰਦਾ ਹੈ ਤੇ ਫਿਰ ਕੜਾਹੀ ਨੂੰ ਸਾਫ਼ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਕੜਾਹ ਪ੍ਰਸ਼ਾਦਿ ਤਿਆਰ ਕਰਦਾ ਹੈ। ਇਸ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੌਕੀ ਉਤੇ ਪ੍ਰਸ਼ਾਦਿ ਰਖਿਆ ਜਾਂਦਾ ਹੈ। ਕੀਰਤਨ ਮਗਰੋਂ ਅਰਦਾਸੇ ਸਮੇਂ ਤਲਵਾਰ ਨਾਲ ਪ੍ਰਸ਼ਾਦਿ ਨੂੰ ਭੋਗ ਲਗਾਇਆ ਜਾਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ (ਵਾਕ) ਲੈ ਕੇ, ਪਹਿਲਾਂ ਕੁਝ ਪ੍ਰਸ਼ਾਦਿ ਕੌਲੀ ਵਿਚ ਪਾ ਕੇ, ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠ, ਭੋਗ ਲਗਾਣ ਲਈ ਰਖਿਆ ਜਾਂਦਾ ਹੈ, ਫਿਰ ਪੰਜਾਂ ਪਿਆਰਿਆਂ ਵਿਚ ਵਰਤਾ ਕੇ ਮਗਰੋਂ ਸੰਗਤ ਵਿਚ ਵਰਤਾਇਆ ਜਾਂਦਾ ਹੈ। ਸੰਗਤ ਵਿਚ ਪ੍ਰਸ਼ਾਦਿ ਇਕੋ ਜਿਹੀ ਮਿਕਦਾਰ ਵਿਚ ਵੰਡਿਆ ਜਾਂਦਾ ਹੈ। ਕਿਸੇ ਨੂੰ ਘੱਟ ਵੱਧ ਦੇਣਾ ਗੁਰੂ ਤੋਂ ਬੇਮੁਖ ਹੋਣਾ ਹੈ। ਰਹਿਤਨਾਮਿਆਂ ਵਿਚ ਕੜਾਹ ਪ੍ਰਸ਼ਾਦਿ ਬਾਰੇ ਲਿਖਿਆ ਹੈ :

(ਮਹਾਨ ਕੋਸ਼ 234)

ਕੜਾਹ ਕਰਨ ਕੀ ਬਿਧਿ ਸੁਨ ਲੀਜੈ,
ਤੀਨ ਭਾਗ ਜੋ ਸਮਸਰ ਕੀਜੈ।
ਲੇਪਨ ਆਗੈ ਬਹੁ ਕਰ ਦੀਜੈ।
ਮਾਂਜਨ ਕਰ ਭਾਂਜਨ ਧੋਵੀਜੈ।
ਕਰ ਸਨਾਨ ਪ੍ਰਵਿਤ੍ਰ ਹ੍ਵੈ ਬਹੈ।
ਵਾਹਿਗੁਰੂ ਬਿਨ ਅਵਰ ਨਾ ਕਹੈ।
ਕਰ ਤਿਆਰ ਚੋਕੀ ਪਰ ਧਰੈ
ਚਾਰ ਓਰ ਕੀਰਤਨ ਬਹਿ ਕਰੈ।
ਜੋ ਪ੍ਰਸ਼ਾਦ ਕੋ ਬਾਂਟ ਤੇ ਮਨ ਮੈ ਧਾਰੇ ਲੋਭ।
ਕਿਸਿ ਥੋੜਾ ਕਿਸਿ ਅਗਲਾ ਸਦਾ ਰਹੈ ਤਿਸ ਸੋਗ।

ਕੜਾਹ ਪ੍ਰਸ਼ਾਦਿ ਵਿਚ ਤਿੰਨੋ ਪਦਾਰਥ ਇਕੋ ਮਿਕਦਾਰ ਦੇ ਹੋਣ ਕਰਕੇ, ਇਸ ਨੂੰ ਤ੍ਰਿਭਾਵਲ ਵੀ ਕਹਿੰਦੇ ਹਨ, ਕੁਝ ਨਾਉਂ ਹਨ—ਪੰਚਾਮ੍ਰਿਤ, ਕੁਣਕਾ।

(ਕ-203) **ਕੜਾਹੀ** :

(1) ਲੋਹੇ ਦਾ ਚੌੜਾ ਤੇ ਡੂੰਘਾ ਭਾਂਡਾ, ਜਿਸ ਵਿਚ ਮਠਿਆਈਆਂ ਆਦਿ ਤਲੀਆਂ ਜਾਂਦੀਆਂ ਹਨ। ਲੋਕ-ਕਹਾਣੀਆਂ ਵਿਚ ਜਾਦੂ ਦੀਆਂ ਕੜਾਹੀਆਂ ਦਾ ਵਰਨਣ ਮਿਲਦਾ ਹੈ। ਅਜਿਹੀ ਅਲੌਕਿਕ ਕੜਾਹੀ ਕਿਸੇ ਪਰੀ ਜਾਂ ਜਿੰਨ ਤੋਂ ਪ੍ਰਾਪਤ ਹੁੰਦੀ ਹੈ, ਜਿਸ ਨੂੰ ਹੁਕਮ ਦੇ ਕੇ ਖਾਣ ਦੀ ਮਨ-ਇਛਤ ਵਸਤੂ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਕ ਲੋਕ-ਕਹਾਣੀ ਵਿਚ, ਇਕ ਰਾਜਾ ਆਪਣੇ ਕਲਾਕਾਰ ਨਾਲ ਜੰਗਲ ਵਿਚ ਭਟਕਦਾ ਫਿਰਦਾ ਹੈ। ਉਨ੍ਹਾਂ ਨੇ ਇਕ ਅਪੱਛਰਾਂ ਨੂੰ ਨਦੀ ਵਿਚ ਨਹਾਂਦਿਆਂ ਵੇਖਿਆ ਤੇ ਉਹਦੇ ਕਪੜੇ ਛੁਪਾ ਦਿਤੇ। ਅਖ਼ੀਰ ਕਪੜੇ ਉਦੋਂ ਦਿਤੇ ਜਦੋਂ ਅਪੱਛਰਾਂ ਨੇ ਉਨ੍ਹਾਂ ਦੋਹਾਂ ਨੂੰ ਦੋ ਅਦਭੁਤ ਕੜਾਹੀਆਂ ਦਿੱਤੀਆਂ, ਇਕ ਸੋਨੇ ਦੀ ਸੀ, ਦੂਜੀ ਪਿੱਤਲ ਦੀ। ਸੋਨੇ ਦੀ ਕੜਾਹੀ ਜੋ ਰਾਜੇ ਨੂੰ ਦਿੱਤੀ, ਉਹਦੇ ਵਿਚ ਇਹ ਸਿਫ਼ਤ ਸੀ ਕਿ ਖਾਣ-ਪਹਿਨਣ ਦੀ ਜੋ ਵਸਤੂ ਵੀ ਮੰਗੀ ਜਾਵੇ ਉਹਦੇ ਵਿਚੋਂ ਪ੍ਰਗਟ ਹੋ ਜਾਂਦੀ ਸੀ। ਦੂਜੀ, ਪਿੱਤਲ ਦੀ ਕੜਾਹੀ ਵਿਚ ਕਲਾ ਦੀਆਂ ਮੂਰਤੀਆਂ ਬਨਾਣ ਦੀ ਸਮਰਥਾ ਸੀ। ਜੋ ਮੂਰਤੀ ਕਲਪੀ ਜਾਵੇ, ਉਹ ਉਸ ਵਿਚੋਂ ਨਿਕਲ ਆਉਂਦੀ

ਸੀ, ਉਹ ਕਲਾਕਾਰ ਨੇ ਲੈ ਲਈ। ਰਾਜੇ ਨੇ ਪਿੱਤਲ ਦੀ ਕੜਾਹੀ ਖੁਦ ਲੈਣੀ ਚਾਹੀ, ਪਰ ਉਹਦੀ ਕਲਪਨਾ ਕਲਾਕਾਰ ਵਾਂਗ ਵਿਸ਼ਾਲ ਤੇ ਸਮਰਿਧ ਨਹੀਂ ਸੀ। ਇਸ ਲਈ ਉਸ ਤੋਂ ਭੱਦੀਆਂ ਮੂਰਤੀਆਂ ਬਣ ਸਕੀਆਂ, ਪਰ ਕਲਾਕਾਰ ਨੇ ਬਹੁਤ ਵਧੀਆ ਮੂਰਤੀਆਂ ਨੂੰ ਜਨਮ ਦਿੱਤਾ।

(2) ਕਿਸੇ ਦੇਵੀ ਦੇਵਤੇ ਜਾਂ ਗੁਰ ਪੀਰ ਨੂੰ, ਸੁੱਖਣਾ ਪੂਰੀ ਹੋਣ ਤੇ, ਅਰਪਣ ਕੀਤਾ, ਪ੍ਰਸ਼ਾਦਿ। ਇਹ ਪ੍ਰਸ਼ਾਦਿ ਲੋਹੇ ਦੀ ਕੜਾਹੀ ਵਿਚ ਤਿਆਰ ਕੀਤਾ ਜਾਣ ਕਰਕੇ ਇਸ ਨੂੰ ਕੜਾਹਾ ਕਹਿੰਦੇ ਹਨ। ਲੋਕ ਨਿਸਚੇ ਅਨੁਸਾਰ ਲੋਹੇ ਦੇ ਨੇੜੇ ਭੂਤ ਪ੍ਰੇਤ ਤੇ ਚੰਦਰੀਆਂ ਰੂਹਾਂ ਨਹੀਂ ਆਉਂਦੀਆਂ ਤੇ ਕੜਾਹੀ ਦਾ ਪ੍ਰਸ਼ਾਦਿ ਪਵਿਤ੍ਰ ਰਹਿੰਦਾ ਹੈ। ਇਹ ਪ੍ਰਸ਼ਾਦਿ ਵਧੇਰੇ ਕਰ ਕੇ ਕੜਾਹ ਜਾਂ ਚੂਰਮਾ ਹੁੰਦਾ ਹੈ। ਚੂਰਮਾ ਕਣਕ ਦੇ ਆਟੇ ਤੇ ਗੁੜ ਘਿਉ ਦਾ ਬਣਾਇਆ ਜਾਂਦਾ ਹੈ।

ਚੂਹੜੇ ਸੁਖਣਾ ਪੂਰੀ ਹੋਣ ਤੇ ਕਿਸੇ ਪਸ਼ੂ ਦੀ ਬਲੀ ਦੇ ਕੇ ਮਾਸ ਰਿੰਨ੍ਹਦੇ ਤੇ ਵੰਡਦੇ ਹਨ, ਉਸ ਨੂੰ ਉਹ ਕੜਾਹੀ ਕਹਿੰਦੇ ਹਨ।

ਕੜਾਹ ਜਾਂ ਚੂਰਮੇ ਨੂੰ ਗਲੀ-ਗਵਾਂਢ ਤੇ ਸਾਕਾਦਾਰੀ ਵਿਚ ਵੰਡਣ ਦੀ ਰਸਮ ਨੂੰ 'ਕੜਾਹੀ ਫੇਰਨਾ' ਕਹਿੰਦੇ ਹਨ। ਵਿਆਹ ਸ਼ਾਦੀ ਜਾਂ ਬੱਚੇ ਦੇ ਜਨਮ ਸਮੇਂ ਬਰਾਦਰੀ ਵਿਚ ਕੜਾਹੀ ਫੇਰਨ ਦਾ ਰਿਵਾਜ ਹੈ।

(ਕ-204) **ਕੜਾਹੀ ਦੀ ਖੁਰਚਣ** :

ਲੋਕ-ਨਿਸਚੇ ਅਨੁਸਾਰ ਜਿਹੜੇ ਮੁੰਡੇ ਕੁੜੀਆਂ ਕੰਵਾਰੀ ਉਮਰ ਵਿਚ ਕੜਾਹੀ ਦੀ ਖੁਰਚਣ ਖਾਂਦੇ ਰਹੇ ਹੋਣ ਅਥਵਾ ਦੁੱਧ-ਖੀਰ ਦੇ ਭਾਂਡੇ ਦਾ ਥਲਾ ਚਟਦੇ ਰਹੇ ਹੋਣ, ਉਨ੍ਹਾਂ ਦੇ ਵਿਆਹ ਉਤੇ ਬਾਰਸ਼ ਜ਼ਰੂਰ ਵਸਦੀ ਹੈ। ਜਿਤਨੀ ਜ਼ਿਆਦਾ ਕੜਾਹੀ ਚੱਟੀ ਹੋਵੇ ਉਤਨੀ ਜ਼ਿਆਦਾ ਵਰਖਾ ਹੁੰਦੀ ਹੈ।

ਕਹਿੰਦੇ ਹਨ ਇਕ ਵਾਰ ਦੇਵਤਿਆਂ ਨੇ ਰਲ ਕੇ ਖੀਰ ਰਿੰਨ੍ਹੀ। ਜਦੋਂ ਦੇਵਤੇ ਖਾਣ ਲਗੇ ਤਾਂ ਇੰਦਰ ਨੂੰ ਕਿਸੇ ਜ਼ਰੂਰੀ ਕੰਮ ਇੰਦਰਪੁਰੀ ਜਾਣਾ ਪੈ ਗਿਆ। ਇੰਦਰ ਕੰਮ ਨਿਬੇੜ ਕੇ ਵਾਪਿਸ ਪਰਤਿਆ ਤਾਂ ਉਹਦੇ ਹਿੱਸੇ ਕੜਾਹੀ ਦਾ ਖੁਰਾਜ਼ਣ ਆਇਆ। ਇੰਦਰ ਨੇ ਖਾਣ ਤੋਂ ਇਨਕਾਰ ਕਰ ਦਿਤਾ। ਪਰ ਦੇਵਤਿਆਂ ਨੂੰ ਖੀਰ ਇਤਨੀ ਸਵਾਦਲੀ ਲਗੀ ਕਿ ਉਹ ਖੁਰਚਣ ਉਤੇ ਟੁਟ ਪਏ। ਇਹ ਵੇਖ ਇੰਦਰ ਨੇ ਇਤਨੀ ਵਰਖਾ ਕੀਤੀ ਕਿ ਜਲ ਥਲ ਇਕ ਹੋ ਗਿਆ। ਓਦੋਂ ਤੋਂ ਇੰਦਰ ਖੁਰਚਣ ਖਾਣ ਵਾਲੇ ਦੇ ਵਿਆਹ ਉਤੇ ਵਰਖਾ ਕਰਦਾ ਹੈ।

ਕਈ ਵਾਰ ਜਦੋਂ ਲੰਮੇ ਸਮੇਂ ਮੀਂਹ ਨਾ ਵਸੇ ਤਾਂ ਲੋਕ ਖੁਰਚਣ ਖਾਣ ਦਾ ਸਵਾਂਗ ਭਰਦੇ ਹਨ ਤਾਂ ਜੋ ਇੰਦਰ ਚਿੜ੍ਹ ਕੇ ਵਰਖਾ ਭੇਜੇ।

(ਕ-205) **ਕਾਂ** :

ਕਾਂ ਦੇ ਨਾਲ, ਕਾਫ਼ੀ ਸਾਰੀ ਰੋਚਿਕ ਲੋਕਧਾਰਾ ਸੰਬੰਧਿਤ ਹੈ। ਕਾਂ ਆਮ ਤੌਰ ਤੇ, ਬੱਚਿਆਂ ਦੇ ਹੱਥੋਂ ਰੋਟੀ ਦਾ ਟੁਕੜਾ ਜਾਂ ਖਾਣ ਦੀ ਕੋਈ ਚੀਜ਼-ਵਸਤ ਝਪਟ ਕੇ ਲੈ ਜਾਂਦਾ ਹੈ, ਜਿਸ ਕਰਕੇ ਇਹਦਾ ਪਿਛਾ ਚੋਰ ਨਾਲ ਜੋੜਿਆ ਗਿਆ ਹੈ। ਇਕ ਮੁੱਢੀ ਅਨੁਸਾਰ ਕਾਂ ਪਿਛਲੇ ਜਨਮ ਚੋਰ ਸੀ। ਉਸ ਨੇ ਕਿਸੇ ਕੁੜੀ ਦੇ ਸੋਨੇ ਦੇ ਕੜੇ ਚੁਰਾ ਲਏ ਸਨ। ਲੋਕਾਂ ਪਹਿਲਾਂ ਉਹਦਾ ਸਿਰ-ਮੂੰਹ ਕਾਲਾ ਕਰ ਕੇ ਸਾਰੇ ਸ਼ਹਿਰ ਵਿਚ ਫੇਰਿਆ। ਫਿਰ ਉਸ ਨੂੰ ਇਕ ਟੋਹੇ ਵਿਚ ਦੱਬ ਕੇ, ਉਤੇ ਮਿੱਟੀ ਪਾ ਦਿੱਤੀ। ਟੋਹੇ ਨੂੰ ਬੰਦ ਕਰਨ ਵੇਲੇ, ਇਕ ਨਿੱਕੀ ਜਿਹੀ ਮੋਰੀ ਰਖ ਦਿਤੀ ਤਾਂ ਜੋ ਚੋਰ ਨੂੰ ਸਾਹ ਲੈਣ ਵਿਚ ਦਿਕਤ ਨਾ ਹੋਵੇ। ਅਗਲੇ ਦਿਨ ਕਾਲਾ ਚੋਰ ਕਾਂ ਦਾ ਰੂਪ ਧਾਰ ਕੇ, ਉਸ ਮੋਰੀ ਵਿਚੋਂ ਬਾਹਰ ਨਿਕਲ ਆਇਆ ਅਤੇ ਲੋਕਾਂ ਦੇ ਬਨੇਰਿਆਂ ਉਪਰ ਬੈਠ ਕੇ ਸ਼ੋਰ ਮਚਾਣ ਲਗਾ : "ਮੈਂ ਕਾਲਾ ਚੋਰ ਆਂ, ਮੈਨੂੰ ਤੁਸਾਂ ਟੋਹੇ ਵਿਚ ਦੱਬ ਦਿੱਤਾ ਸੀ, ਮੈਂ ਬਾਹਰ ਨਿਕਲ ਆਇਆਂ। ਹੁਣ ਫੜ ਕੇ ਵੇਖੋ।"

ਕਾਂ ਪੰਛੀਆਂ ਵਿਚੋਂ, ਸਭ ਤੋਂ ਵਧ ਲੰਮੀ ਉਮਰ ਭੋਗਦਾ ਹੈ, ਇਸ ਲਈ ਜੇ ਰੋਗੀ ਨੂੰ ਸਵੇਰੇ ਜਾਗਦੇ ਸਾਰ ਕਾਂ ਵਿਖਾਈ ਦੇ ਜਾਵੇ ਤਾਂ ਉਹਦਾ ਰੋਗ ਛੇਤੀ ਕਟਿਆ ਜਾਂਦਾ ਹੈ। ਕਾਂ ਜੇ ਕਿਸੇ ਦੇ ਸਿਰ ਉਤੇ ਬੈਠ ਜਾਵੇ, ਤਾਂ ਇਹ ਅਸ਼ੁਭ ਸ਼ਗਨ ਹੈ, ਉਹਦੇ ਮਥੇ ਕਲੰਕ ਲਗੇਗਾ। ਕਾਂ ਜੇ ਠੂੰਗਾ ਮਾਰ ਜਾਵੇ ਤਾਂ ਇਹ ਦੁਖ-ਦਲਿਦਰ ਦਾ ਸੂਚਕ ਹੈ। ਕਾਂ ਤੇ ਕਾਂਵਣੀ ਨੂੰ ਭੋਗ ਕਰਦਿਆਂ ਵੇਖਣਾ ਅਸ਼ੁਭ ਹੁੰਦਾ ਹੈ, ਵੇਖਣ ਵਾਲੇ ਪ੍ਰਾਣੀ ਦੀ ਛੇਤੀ ਮਿਰਤੂ ਹੋ ਜਾਂਦੀ ਹੈ।

ਜੇ ਜ਼ਿਮੀਂ ਉਤੇ ਕਿਸੇ ਥਾਂ ਕਾਂ ਬਾਰ ਬਾਰ ਠੂੰਗਾ ਮਾਰੇ ਤਾਂ ਸਮਝ ਲਓ ਹੇਠਾਂ ਧਨ ਦੌਲਤ ਦਬਿਆ ਹੋਇਆ ਹੈ। ਪੁਰਾਣੇ ਵਕਤਾਂ ਵਿਚ ਲੋਕੀਂ ਜਦੋਂ ਜ਼ਿਮੀਂ ਵਿਚ ਧਨ ਦੌਲਤ ਦਬਦੇ ਸਨ ਤਾਂ ਧਰਤੀ ਮਾਤਾ ਦੀ ਪਹਿਲਾਂ ਪੂਜਾ ਕਰਕੇ ਉਹਨੂੰ ਕੋਈ ਖਾਣ ਪੀਣ ਦੀ ਚੀਜ਼—ਕੜਾਹ, ਪੂਰੀ, ਖਿਚੜੀ, ਲੱਡੂ, ਮੱਠੀਆਂ, ਆਦਿ ਭੇਟ ਕਰਦੇ ਤਾਂ ਜੋ ਧਰਤੀ ਮਾਤਾ ਉਸ ਧਨ-ਦੌਲਤ ਦੀ ਰਾਖੀ ਕਰ ਸਕੇ। ਕਾਂ ਨੂੰ ਖਾਣ ਦੀ ਚੀਜ਼ ਦੀ ਮੁਸ਼ਕ ਦੂਰੋਂ ਹੀ ਆ ਜਾਂਦੀ ਹੈ, ਇਸ ਲਈ ਜਿਥੇ ਕਾਂ ਚੁੰਝਾਂ ਮਾਰੇ ਹੇਠਾਂ ਕੋਈ ਖ਼ਜ਼ਾਨਾ ਦਬਿਆ ਮੰਨਿਆ ਜਾਣ ਲਗਾ।

ਕਾਂ ਦਾ ਸੰਬੰਧ ਪਿੱਤਰਾਂ ਨਾਲ ਵੀ ਜੋੜਿਆ ਜਾਂਦਾ ਹੈ। ਇਕ ਧਾਰਨਾ ਹੈ ਕਿ ਸਰਾਧਾਂ ਦੇ ਦਿਨਾਂ ਵਿਚ ਪਿੱਤਰਾਂ ਦੀਆਂ ਰੂਹਾਂ, ਕਾਂਵਾਂ ਦਾ ਰੂਪ ਧਾਰ ਕੇ, ਆਪਣੇ ਸੰਬੰਧੀਆਂ ਦੇ ਘਰ ਦੇ ਗੇੜੇ ਕਟਦੀਆਂ ਹਨ। ਇਸੇ ਵਾਸਤੇ ਪਿੰਡ-ਪੱਤਲ ਤੇ ਸਰਾਧ ਕਾਂਵਾਂ ਅਗੇ ਰਖੇ ਜਾਂਦੇ ਹਨ। ਕਈ ਲੋਕ ਤਾਂ ਸਰਾਧਾਂ ਦੇ ਭੋਜਨ ਦੀ ਪਹਿਲੀ ਬੁਰਕੀ ਰਸਮੀ ਤੌਰ ਤੇ

ਕਾਵਾਂ ਨੂੰ ਖੁਆਂਦੇ ਹਨ, ਇਸ ਬੁਰਕੀ ਨੂੰ 'ਕਾਂ-ਗਰਾਸ' ਕਹਿੰਦੇ ਹਨ।

ਕਾਂ ਬਨੇਰੇ 'ਤੇ ਬੋਲੇ ਤਾਂ ਸ਼ੁਭ ਮੰਨਿਆ ਜਾਂਦਾ ਹੈ, ਘਰ ਵਿਚ ਕੋਈ ਮਹਿਮਾਨ ਆਵੇਗਾ ਜਾਂ ਜੇ ਕੋਈ ਘਰ ਦਾ ਜੀਅ ਪ੍ਰਦੇਸਾਂ ਵਿਚ ਗਿਆ ਹੋਵੇ ਤਾਂ ਉਹ ਪਰਤ ਕੇ ਆਉਣ ਵਾਲਾ ਹੈ। ਜੇ ਕਿਸੇ ਤੀਵੀਂ ਦਾ ਪਤੀ ਪ੍ਰਦੇਸ ਗਿਆ ਹੋਵੇ, ਤਾਂ ਉਹ ਬਨੇਰੇ ਉਤੇ ਬੈਠੇ, ਕਾਂ ਨੂੰ ਉਡਾਂਦੀ ਹੋਈ ਗਾਉਂਦੀ ਹੈ—

ਉੱਡ ਕਾਵਾਂ
ਚੂਰੀ ਕੁਟ ਪਾਵਾਂ
ਦਸ ਮੇਰਾ ਮਾਹੀ ਕਦੋਂ ਆਵਸੀ।

ਜੇ ਕਾਂ ਉਡ ਜਾਵੇ ਤਾਂ ਜਾਣੋ ਮਾਹੀ ਛੇਤੀ ਵਾਪਿਸ ਆ ਰਿਹਾ ਹੈ। ਇਸੇ ਤਰ੍ਹਾਂ ਸਹੁਰੇ ਘਰ ਬੈਠੀਆਂ ਭੈਣਾਂ ਵੀ, ਭਰਾਵਾਂ ਦੀ ਉਡੀਕ ਵਿਚ ਕਾਵਾਂ ਨੂੰ ਉਡਾਂਦੀਆਂ ਫਿਰਦੀਆਂ ਹਨ।

ਨੀਤੀ-ਕਥਾਵਾਂ ਵਿਚ ਕਾਂ ਨੂੰ ਬੜਾ ਚਾਤੁਰ, ਪਰ ਪ੍ਰਸ਼ੰਸਾ ਦਾ ਭੁੱਖਾ ਦਸਿਆ ਗਿਆ ਹੈ। ਤਾਹੀਉਂ ਤਾਂ ਲੂੰਬੜੀ, ਕਾਂ ਦੇ ਮੂੰਹ ਵਿਚੋਂ, ਪਨੀਰ ਦਾ ਟੁਕੜਾ ਹਥਿਆਣ ਵਾਸਤੇ ਉਹਦੇ ਮਧੁਰ ਕੰਠ ਦੀ ਝੂਠੀ ਤਾਰੀਫ਼ ਕਰਦੀ ਹੈ। ਕਾਂ ਦੇ ਗਾਉਂਦੇ ਸਾਰ ਪਨੀਰ ਦਾ ਟੁਕੜਾ ਮੂੰਹ ਵਿਚੋਂ ਹੇਠਾਂ ਡਿਗ ਪੈਂਦਾ ਹੈ ਤੇ ਲੂੰਬੜੀ ਹੜੱਪ ਕਰ ਜਾਂਦੀ ਹੈ।

ਕਾਂ ਪੰਛੀਆਂ ਵਿਚੋਂ ਬੜਾ ਸਿਆਣਾ ਮੰਨਿਆ ਗਿਆ ਹੈ। ਕਾਰਣ ਇਹ ਜਾਪਦਾ ਹੈ ਕਿ ਪੁਰਾਣਾਂ ਅਨੁਸਾਰ ਰਾਮਚੰਦਰ ਦਾ ਇਕ ਭਗਤ ਕਾਕ ਭੁਸੁੰਡ ਹੋਇਆ ਹੈ, ਜੋ ਬੜਾ ਸੂਝਵਾਨ ਤੇ ਗਿਆਨੀ ਸੀ। ਭੁਸੁੰਡ ਪੂਰਬਲੇ ਜਨਮ ਵਿਚ ਇਕ ਵਿਦਵਾਨ ਬ੍ਰਾਹਮਣ ਸੀ, ਪਰ ਲੋਮਸ਼ ਮੁਨੀ ਦੇ ਸਰਾਪ ਕਾਰਨ, ਕਾਂ ਦੀ ਜੂਨ ਵਿਚ ਪਿਆ। ਇਹ ਰਿਸ਼ੀ ਕਾਂ ਦੇ ਰੂਪ ਵਿਚ ਹੀ ਅਮਰ ਹੋ ਗਿਆ। ਇਸੇ ਸਦਕਾ ਕਾਂ ਜਾਤੀ ਵਿਚ ਸਿਆਣਪ ਦਾ ਵਸਫ਼ ਮੰਨਿਆ ਜਾਣ ਲਗਾ। ਕਾਗ ਭੁਸੁੰਡ ਨੂੰ ਕਾਵਾਂ ਦਾ ਦੇਵਤਾ ਵੀ ਮੰਨਿਆ ਜਾਂਦਾ ਹੈ। ਇਹ ਵੀ ਧਾਰਨਾ ਹੈ ਕਿ ਰਿਸ਼ੀ ਨੇ ਰਾਮ ਚੰਦਰ ਦਾ ਜੂਠਾ ਭੋਜਨ ਛੱਕਣ ਲਈ, ਕਾਂ ਦਾ ਰੂਪ ਧਾਰਿਆ ਸੀ ਅਤੇ ਰਾਮਚੰਦਰ ਦੀ ਜੂਠ ਖਾਣ ਕਰਕੇ ਉਹ ਅਮਰ ਹੋ ਗਿਆ। ਪਿੰਡ ਪੱਤਲ ਆਦਿ ਸਮੇਂ ਮੋਏ ਪਿਤਰਾਂ ਨਮਿਤ ਚਿੜੀਆਂ ਕਾਵਾਂ ਨੂੰ ਪਿੰਡ ਦਿਤੇ ਜਾਂਦੇ ਹਨ, ਇਸ ਨੂੰ ਕਾਂ-ਗਰਾਸ ਕਹਿੰਦੇ ਹਨ;

## (ਕ-206) ਕਾਂ-ਬਨੇਰੇ :

ਬੱਚਿਆਂ ਦੀ ਇਕ ਖੇਡ; ਜਿਸ ਦਾ ਇਕ ਨਾਉਂ 'ਧੁੱਪ-ਛਾਂ' ਹੈ। ਇਹ ਖੇਡ ਕਿਸੇ ਅਜਿਹੀ ਥਾਂ ਖੇਡੀ ਜਾਂਦੀ ਹੈ, ਜਿਥੇ ਕੁਝ ਹਿਸੇ ਵਿਚ ਧੁੱਪ ਤੇ ਕੁਝ ਵਿਚ ਛਾਂ ਹੋਵੇ। ਜਿਸ ਬੱਚੇ ਉਤੇ ਮੀਟੀ ਹੁੰਦੀ ਹੈ, ਉਹ ਕਿਸੇ ਉਚੇ ਥੜ੍ਹੇ ਉਤੇ ਬੈਠ ਜਾਂਦਾ ਹੈ। ਬੱਚੇ ਦੌੜਦੇ ਹੋਏ ਕਦੇ ਧੁੱਪ ਵਿਚ ਜਾਂਦੇ ਹਨ ਤੇ ਕਦੇ ਛਾਂ ਵਿਚ। ਜਦੋਂ ਬੱਚੇ ਧੁੱਪ ਵਿਚ ਆਉਣ, ਤਾਂ ਮੀਟੀ ਵਾਲਾ ਬੱਚਾ ਉਨ੍ਹਾਂ ਨੂੰ ਪਕੜਨ ਜਾਂ ਛੂਹਣ ਦਾ ਯਤਨ ਕਰਦਾ ਹੈ। ਜਿਹੜਾ ਬੱਚਾ ਛੂਹਿਆ ਜਾਵੇ, ਤਾਂ ਉਸ ਸਿਰ ਮੀਟੀ ਆ ਜਾਂਦੀ ਹੈ। ਜਦੋਂ ਸਾਰੇ ਬੱਚੇ ਛਾਵੇਂ ਹੋਣ ਤਾਂ ਮੀਟੀ ਵਾਲਾ ਬੱਚਾ ਬੰਨ੍ਹੇ ਜਾਂ ਥੜ੍ਹੇ ਉਤੇ ਬੈਠਾ ਧੁੱਪ ਦੀ ਰਾਖੀ ਕਰਦਾ ਹੈ।

## (ਕ-207) ਕਾਅਬਾ :

ਮੁਸਲਮਾਨਾਂ ਦਾ ਪਵਿਤਰ ਧਰਮ ਅਸਥਾਨ, ਜੋ ਮੱਕੇ ਵਿਚ ਸਥਿਤ ਹੈ। ਮੁਸਲਮਾਨਾਂ ਦੀ ਧਾਰਨਾ ਹੈ ਕਿ ਕਾਅਬਾ ਧਰਤੀ ਦੀ ਨਾਭੀ ਤੇ ਸਥਿਤ ਹੈ। ਕਾਅਬੇ ਵਿਚਲਾ ਇਹ ਅਸਥਾਨ ਇਤਨਾ ਪਵਿਤ੍ਰ ਮੰਨਿਆ ਜਾਂਦਾ ਹੈ ਕਿ ਹਰ ਮੁਸਲਮਾਨ ਵਾਸਤੇ ਇਥੇ ਹੱਜ (ਤੀਰਥ ਯਾਤ੍ਰਾ) ਕਰਨ ਵਾਸਤੇ ਆਉਣਾ ਲਾਜ਼ਮੀ ਹੈ। ਹਰ ਹਾਜੀ ਕਾਅਬੇ ਦੁਆਲੇ ਸੱਤ ਪਰਿਕਰਮਾ ਲੈਂਦਾ ਹੈ ਅਤੇ ਸੰਗੇ-ਅਸਵਦ ਨੂੰ ਚੁੰਮਦਾ ਅਤੇ ਛੂੰਹਦਾ ਹੈ। ਇਸ ਤਰ੍ਹਾਂ ਉਹ ਸਭ ਗੁਨਾਹਾਂ ਤੋਂ ਮੁਕਤ ਹੋ ਜਾਂਦਾ ਹੈ। ਨਮਾਜ਼ ਪੜ੍ਹਨ ਵੇਲੇ ਮੁਸਲਮਾਨ ਆਪਣਾ ਮੂੰਹ ਕਾਅਬੇ ਵਲ ਰਖਦੇ ਹਨ। ਕਾਅਬੇ ਵਲ ਹੀ ਸਿਰ ਕਰਕੇ, ਉਹ ਮੁਰਦੇ ਨੂੰ ਕਬਰ ਵਿਚ ਦਫ਼ਨਾਉਂਦੇ ਹਨ।

ਇਸਲਾਮੀ ਰਵਾਇਤਾਂ (ਕੁਰਾਨ 11.2) ਅਨੁਸਾਰ ਕਾਅਬਾ ਬਾਬਾ ਆਦਮ ਨੇ ਬਣਾਇਆ ਸੀ। ਮੁੜ ਇਹਦੀ ਉਸਾਰੀ ਇਬਰਾਹੀਮ ਤੇ ਇਸਮਾਈਲ ਨੇ ਕੀਤੀ। ਕਾਅਬਾ ਕਈ ਵਾਰ ਉਸਰਿਆ ਤੇ ਬਰਬਾਦ ਹੋਇਆ। ਹਜ਼ਰਤ ਨੂਹ ਦੇ ਤੂਫ਼ਾਨ ਵੇਲੇ, ਇਹ ਸਥਾਨ ਪਾਣੀ ਦੀ ਮਾਰ ਨਾਲ ਖੰਡਰ ਹੋ ਗਿਆ ਸੀ ਤਾਂ ਹਜ਼ਰਤ ਇਬਰਾਹੀਮ ਨੇ ਇਹਦੀ ਮੁੜ ਉਸਾਰੀ ਕੀਤੀ। ਹਜ਼ਰਤ ਮੁਹੰਮਦ ਸਾਹਿਬ ਨੇ ਜਦੋਂ ਮੱਕੇ ਨੂੰ ਫ਼ਤਹਿ ਕੀਤਾ ਤਾਂ ਕਾਅਬੇ ਦੇ ਅੰਦਰ ਪੂਜੇ ਜਾਣ ਵਾਲੇ ਸਭ ਬੁਤ ਤੋੜ ਦਿਤੇ ਅਤੇ ਅੱਲਾ ਦੀ ਉਪਾਸਨਾ ਪ੍ਰਚਲਤ ਕੀਤੀ। ਕਾਅਬੇ ਦੀ ਮੌਜੂਦਾ ਇਮਾਰਤ ਰੂਮ ਦੇ ਪਾਤਸ਼ਾਹ ਸੁਲਤਾਨ ਮੁਰਾਦ ਚੌਥੇ ਨੇ ਸੰਨ 1040 ਈ. ਵਿਚ ਤਿਆਰ ਕਰਵਾਈ। ਇਹ 40 ਫ਼ੁੱਟ ਲੰਮੀ ਤੇ 35 ਫ਼ੁੱਟ ਚੌੜੀ ਹੈ। ਇਸ ਦੀ ਉਚਾਈ 50 ਫ਼ੁੱਟ ਹੈ।

ਕਾਅਬੇ ਦੇ ਅੰਦਰ ਤਿੰਨ ਥੰਮੇ ਹਨ। ਕੁਝ ਸੋਨੇ ਤੇ ਚਾਂਦੀ ਦੇ ਲੈਂਪ ਲਟਕ ਰਹੇ ਹਨ। ਇਸ ਦੀ ਦੱਖਣ-ਪੂਰਬੀ ਗੁਠ ਵਿਚ ਸੱਤ ਇੰਚ ਦੇ ਘੇਰੇ ਦਾ ਇਕ ਕਾਲਾ ਪੱਥਰ 'ਸੰਗੇ ਅਸਵਦ' ਹੈ, ਜਿਸ ਨੂੰ ਸੋਨੇ ਵਿਚ ਜੜ ਕੇ ਟਿਕਾਇਆ ਗਿਆ ਹੈ। ਹੱਜ ਕਰਨ ਵਾਸਤੇ ਇਥੇ ਆਇਆ ਹਰ, ਮੁਸਲਮਾਨ, ਕਾਅਬੇ ਦੁਆਲੇ ਸੱਤ ਪ੍ਰਕਰਮਾ ਕਰਦਾ ਹੈ,

ਹਰੇਕ ਵਾਰ ਇਸ ਪੱਥਰ ਨੂੰ ਚੁੰਮਦਾ ਜਾਂ ਛੁਹੰਦਾ ਹੈ। ਰਵਾਇਤ ਹੈ ਕਿ ਇਹ ਪੱਥਰ ਪਹਿਲਾਂ ਸਫ਼ੈਦ ਸੀ, ਪਰ ਚੁੰਮਣ ਤੇ ਛੁਹਣ ਵਾਲੇ ਲੋਕਾਂ ਦੇ ਗੁਨਾਹਾਂ ਨੂੰ ਆਪਣੇ ਅੰਦਰ ਜਜ਼ਬ ਕਰਨ ਕਰਕੇ, ਇਹਦਾ ਰੰਗ ਕਾਲਾ ਪੈ ਗਿਆ।

ਇਸ ਪਵਿਤਰ ਪੱਥਰ ਬਾਰੇ ਕਈ ਮਨੌਤਾਂ ਪ੍ਰਚਲਤ ਹਨ। ਇਕ ਮਨੌਤ ਅਨੁਸਾਰ ਇਹ ਪੱਥਰ, ਆਦਮ ਨੂੰ ਧਰਤੀ ਉਤੇ ਡਿਗਣ ਵੇਲੇ ਮਿਲਿਆ ਸੀ। ਇਕ ਹੋਰ ਰਵਾਇਤ ਅਨੁਸਾਰ, ਜਦੋਂ ਹਜ਼ਰਤ ਇਬਰਾਹੀਮ ਤੇ ਇਸਮਾਈਲ ਨੇ ਅੱਲਾ ਦਾ ਹੁਕਮ ਮੰਨ ਕੇ, ਕਾਅਬੇ ਦੀ ਪੁਨਰ ਉਸਾਰੀ ਸ਼ੁਰੂ ਕੀਤੀ ਤਾਂ ਚੁਹਾਂ ਨੁਕਰਾਂ ਦੀ ਨਿਸ਼ਾਨਦੇਹੀ ਵਾਸਤੇ, ਉਨ੍ਹਾਂ ਦੇ ਕੋਲ ਕੇਵਲ ਤਿੰਨ ਪੱਥਰ ਸਨ। ਇਸਮਾਈਲ ਚੌਥਾ ਪੱਥਰ ਢੂੰਡ ਰਿਹਾ ਸੀ, ਉਦੋਂ ਜਬਰਾਈਲ ਫਰਿਸ਼ਤੇ ਨੇ ਉਹਨੂੰ ਇਹ ਪੱਥਰ ਲਿਆ ਕੇ ਦਿੱਤਾ।

ਮੁਸਲਮਾਨੀ ਅਕੀਦੇ ਅਨੁਸਾਰ, ਕਿਆਮਤ ਵਾਲੇ ਦਿਨ, ਇਸ ਪੱਥਰ ਨੂੰ ਅੱਖਾਂ ਤੇ ਜੀਭ ਲਗ ਜਾਵੇਗੀ। ਜਿਨ੍ਹਾਂ ਮੁਸਲਮਾਨਾਂ ਨੇ ਹੱਜ ਦੀ ਯਾਤ੍ਰਾ ਵੇਲੇ, ਇਸ ਪੱਥਰ ਨੂੰ ਚੁੰਮਿਆ ਜਾਂ ਛੁਹਿਆ ਹੁੰਦਾ ਹੋਵੇਗਾ, ਉਨ੍ਹਾਂ ਨੂੰ ਇਹ ਪਥਰ ਪਛਾਣ ਲਏਗਾ। ਤੇ ਉਹ ਸਭ ਸਿਧੇ ਬਹਿਸ਼ਤ ਵਿਚ ਜਾਣਗੇ। ਇਹ ਪਥਰ ਜੀਭ ਨਾਲ ਅੱਲਾ ਦੀ ਸਿਫਤ-ਸਲ੍ਹਾ ਕਰੇਗਾ। (ਵੇਖੋ : ਹੱਜ)।

(ਕ–208) **ਕਾਇਥ** :

ਹਿੰਦੂਆਂ ਦੀ ਇਕ ਜਾਤੀ, ਜੋ ਪੜ੍ਹਨ ਲਿਖਣ ਦਾ ਧੰਦਾ ਕਰਦੀ ਹੈ। ਕਾਇਥ ਸਾਰੇ ਉਤਰੀ ਭਾਰਤ ਵਿਚ ਫੈਲੇ ਹੋਏ ਹਨ। ਹਿੰਦੀ ਵਿਸ਼ਵਕੋਸ਼ (2,466) ਅਨੁਸਾਰ ਸ਼ਿਲਾਲੇਖਾਂ, ਤਾਮਰਪਤਰਾਂ ਅਤੇ ਪ੍ਰਾਚੀਨ ਗ੍ਰੰਥਾਂ ਵਿਚ ਆਏ ਉਲੇਖਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਾਇਥ ਸ਼ਬਦ ਗੁਪਤ ਕਾਲ ਤੋਂ ਬਰਾਬਰ ਵਰਤੋਂ ਵਿਚ ਆਉਂਦਾ ਰਿਹਾ ਹੈ। ਇਨ੍ਹਾਂ ਉਲੇਖਾਂ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਬਾਰ੍ਹਵੀਂ ਸਦੀ ਤਕ, ਕਾਇਥ ਸ਼ਬਦ ਦੀ ਵਰਤੋਂ, ਕਿਸੇ ਜਾਤੀ ਵਿਸ਼ੇਸ਼ ਵਾਸਤੇ ਨਹੀਂ, ਸਗੋਂ ਰਾਜ-ਕਰਮਚਾਰੀਆਂ, ਤੇ ਅਹਿਲਕਾਰਾਂ ਦੇ ਅਰਥ ਵਿਚ ਕੀਤੀ ਜਾਂਦੀ ਸੀ। ਜੋ ਰਾਜ ਮੰਤ੍ਰੀ ਤੋਂ ਲੈ ਕੇ ਸਾਧਾਰਨ ਲੇਖਾਕਾਰ ਤਕ ਹੋਇਆ ਕਰਦੇ ਸਨ ਅਤੇ ਜਿਨ੍ਹਾਂ ਪਦਾਂ ਤੇ ਬ੍ਰਾਹਮਣ, ਖਤ੍ਰੀ ਆਦਿ ਅਨੇਕਾਂ ਵਰਣਾਂ ਦੇ ਲੋਕ ਨਿਯੁਕਤ ਹੋ ਸਕਦੇ ਤੇ ਹੁੰਦੇ ਸਨ।

ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝ ਦੇ ਅਨੁਸਾਰ ਬ੍ਰਾਹਮਣ ਅਤੇ ਖਤਰੀ ਆਦਿ ਜੋ ਲੋਕ ਵੀ ਲੇਖੇ-ਪਤੇ ਅਥਵਾ ਅਹਿਲਕਾਰੀ ਦਾ ਕੰਮ ਕਰਦੇ ਸਨ, ਉਹ ਸਭ ਕਾਇਥ ਅਖਵਾਉਂਦੇ ਸਨ। ਪਹਿਲਾਂ ਕਾਇਥ ਕੋਈ ਅਲਗ ਪੇਸ਼ਾ ਨਹੀਂ ਸੀ। ਕਾਇਥ ਅਹਿਲਕਾਰ ਦਾ ਹੀ ਸਮਾਨਾਰਥ ਸ਼ਬਦ ਹੈ। ਸਮੇਂ ਦੇ ਨਾਲ ਨਾਲ ਦੂਜੇ ਪੇਸ਼ਿਆਂ ਵਾਂਗ ਹੌਲੇ ਹੌਲੇ ਕਾਇਥ ਨਾਂ ਦੀ ਇਕ ਜਾਤੀ ਹੋਂਦ ਵਿਚ ਆ ਗਈ।

ਹੋਰ ਜਾਤੀਆਂ ਵਾਂਗ, ਕਾਇਥ ਬਾਰੇ ਵੀ, ਕਈ ਮੁੱਢੀਆਂ ਪ੍ਰਚਲਤ ਹਨ। ਉਹ ਆਪਣਾ ਪਿੱਛਾ ਬ੍ਰਹਮਾ ਨਾਲ ਜੋੜਦੇ ਹਨ। ਪਦਮ ਪੁਰਾਣ ਅਨੁਸਾਰ ਬ੍ਰਹਮਾ ਨੇ ਆਪਣੀ ਦੈਵੀ ਸ਼ਕਤੀ ਨਾਲ, ਆਪਣੀ ਕਾਇਆ ਵਿਚੋਂ ਇਕ ਲੜਕਾ ਪੈਦਾ ਕੀਤਾ। ਜਿਸ ਦਾ ਨਾਂ ਚਿਤ੍ਰ-ਗੁਪਤ ਰਖਿਆ। ਇਸ ਨੂੰ ਬ੍ਰਹਮਾ ਨੇ ਯਮਰਾਜ ਕੋਲ ਧਰਮਪੁਰੀ ਵਿਚ ਸੇਵਾ ਕਰਨ ਵਾਸਤੇ ਭੇਜਿਆ। ਜਿਥੇ ਉਸ ਨੂੰ ਲੋਕਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਰਖਣ ਦਾ ਕੰਮ ਸੌਂਪਿਆ ਗਿਆ। ਇਸੇ ਚਿਤ੍ਰ-ਗੁਪਤ ਦੀ ਵੰਸ਼ ਕਾਇਥ ਅਖਵਾਈ। ਪਰ ਲੋਕ ਧਾਰਨਾ ਅਨੁਸਾਰ ਖਤਰੀ ਦੇ ਸ਼ੂਦਰ ਜਾਤੀ ਦੀ ਕੰਨਿਆਂ ਨਾਲ, ਵਿਆਹ ਕਰਵਾਣ ਤੋਂ ਪੈਦਾ ਹੋਈ ਵੰਸ਼ ਕਾਇਥ ਅਖਵਾਈ।

ਕਾਇਥ 12 ਉਪਜਾਤੀਆਂ ਵਿਚ ਵੰਡੇ ਹੋਏ ਹਨ। ਪੌਰਾਣਿਕ ਕਥਾ ਅਨੁਸਾਰ ਚਿਤ੍ਰਗੁਪਤ ਨੇ ਦੋ ਵਿਆਹ ਕਰਵਾਏ। ਪਹਿਲਾ ਮਨੂੰ ਦੀ ਕੰਨਿਆਂ ਨਾਲ, ਜਿਸ ਤੋਂ ਚਾਰ ਪੁਤਰ—ਮਾਥੁਰ, ਭਟਨਾਗਰ, ਸਕਸੈਨਾ ਅਤੇ ਸ੍ਰੀਵਾਸਤਵ ਪੈਦਾ ਹੋਏ ਅਤੇ ਦੂਜਾ ਵਿਆਹ ਸੁਧਰਮਨ ਰਿਸ਼ੀ ਦੀ ਕੰਨਿਆਂ ਨਾਲ ਕੀਤਾ, ਜਿਸ ਦੇ ਅੱਠ ਪੁਤਰ—ਨਿਗਮ, ਅਸ਼ਠਾਨ, ਗੌੜ, ਅੰਬਸ਼ਠ, ਕਰਣ, ਬਾਲਮੀਕ, ਕੁਲਸ੍ਰੇਸ਼ਟ, ਸੂਰਯਸਵਤ੍ਰ ਪੈਦਾ ਹੋਏ। ਇਨ੍ਹਾਂ ਦੀ ਵੰਸ਼ ਹੀ ਬਾਰਾਂ-ਉਪਜਾਤੀਆਂ ਦਾ ਰੂਪ ਧਾਰ ਗਈ। ਹਰ ਉਪਜਾਤੀ ਅਗੋਂ ਕਈ ਅੱਲਾਂ ਵਿਚ ਵੰਡੀ ਹੋਈ ਹੈ, ਜਿਨ੍ਹਾਂ ਦੀ ਗਿਣਤੀ 84 ਹੈ। ਇਹ ਅੱਲਾਂ ਸਥਾਨ ਮੂਲਕ ਹਨ। ਇਨ੍ਹਾਂ ਦਾ ਆਧਾਰ ਉਹ ਸਥਾਨ ਹਨ, ਜਿਥੇ ਇਨ੍ਹਾਂ ਦੇ ਵਡੇਰੇ ਕਦੇ ਰਿਹਾ ਕਰਦੇ ਸਨ।

ਪੰਜਾਬ ਵਿਚ ਕਾਇਥ ਬਹੁਤੀ ਮਾਤਰਾ ਵਿਚ ਨਹੀਂ ਮਿਲਦੇ। ਇਨ੍ਹਾਂ ਦੀਆਂ ਸਾਰੀਆਂ ਉਪਜਾਤੀਆਂ ਵੀ ਵੇਖਣ ਨੂੰ ਨਹੀਂ ਲਭਦੀਆਂ। ਇਹ ਜ਼ਿਆਦਾਤਰ ਮੁਨਸ਼ੀਗੀਰੀ ਅਤੇ ਲੇਖੇ ਪਤੇ ਦਾ ਕੰਮ ਕਰਦੇ ਹਨ, ਜਿਸ ਕਰਕੇ ਵਿਪਾਰਕ ਕੇਂਦਰ ਜਾਂ ਸ਼ਹਿਰਾਂ ਵਿਚ ਹੀ ਮਿਲਦੇ ਹਨ।

ਕਾਇਥਾਂ ਦੀਆਂ ਉਪਜਾਤੀਆਂ ਆਪੋ ਵਿਚ ਅੰਦਰਵਰਤੀ ਰਿਸ਼ਤੇ ਨਾਤੇ ਨਹੀਂ ਕਰਦੀਆਂ, ਪਰ ਹੁਣ ਕੁਝ ਖੁਲ੍ਹ ਲੈ ਲਈ ਜਾਣ ਲਗੀ ਹੈ। ਆਮ ਤੌਰ ਤੇ ਕਾਇਥ ਮਾਂ ਤੇ ਪਿਓ ਦੀਆਂ ਅੱਲਾਂ ਵਿਚ ਵਿਆਹ ਨਹੀਂ ਕਰਦੇ। ਕਾਇਥ ਆਪਣੇ ਤੋਂ ਨੀਵੀਂ ਜਾਤੀ ਦੀ ਕੁੜੀ ਨਹੀਂ ਲੈਂਦੇ। ਜੇ ਕੋਈ ਕਾਇਥ ਰਿਸ਼ਤਾ ਕਰ ਲਏ ਤਾਂ ਉਹਨੂੰ ਬਰਾਦਰੀ ਵਿਚੋਂ ਛੇਕ ਦਿਤਾ ਜਾਂਦਾ ਸੀ। ਅਥਵਾ ਅਜਿਹੀ ਕੁੜੀ ਦੇ ਹਥੋਂ, ਬਰਾਦਰੀ ਰੋਟੀ ਨਹੀਂ ਸੀ ਖਾਂਦੀ। ਉਸ ਕੰਨਿਆਂ ਤੋਂ ਪੈਦਾ ਹੋਏ ਬੱਚੇ ਦਾ ਵਿਆਹ, ਉਸੇ ਕਿਸਮ ਦੇ ਸੰਜੋਗ ਤੋਂ ਉਤਪੰਨ ਬੱਚੇ ਨਾਲ ਹੀ ਕੀਤਾ ਜਾਂਦਾ। ਉੱਚੀ ਕੁਲ ਵਾਲੇ

ਕਾਇਥ ਉਸ ਨਾਲ ਰਿਸ਼ਤਾ ਨਹੀਂ ਜੋੜਦੇ। ਕਾਇਥਾਂ ਵਿਚ ਕਰੇਵਾ ਦਾ ਉੱਕਾ ਰਵਾਜ ਨਹੀਂ।

(ਕ-209) **ਕਾਈ** :

ਸਾਵੇਂ ਰੰਗ ਦੀ ਬਰੀਕ ਜਿਹੀ ਬੂਟੀ, ਜੋ ਪਾਣੀ ਉਪਰ ਫੈਲ ਜਾਂਦੀ ਹੈ। ਇਸ ਦੀ ਉਤਪੱਤੀ ਬਾਰੇ ਇਕ ਮੁੱਢੀ ਪ੍ਰਚਲਤ ਹੈ। ਇਕ ਵਾਰ ਇੰਦਰ ਦੇਵਤੇ ਦਾ ਪੈਰ ਗੰਦਗੀ ਨਾਲ ਭਰਿਆ ਗਿਆ ਤੇ ਉਹ ਪੈਰ ਧੋਣ ਵਾਸਤੇ, ਕਿਸੇ ਛੰਭ ਦੇ ਕੰਢੇ ਪੁਜਾ। ਜਲ ਨੂੰ ਅਹੰਕਾਰ ਹੋ ਗਿਆ ਕਿ ਦੇਵਤੇ ਵੀ ਉਸ ਵਿਚ ਆਪਣੇ ਅੰਗ ਧੋ ਕੇ ਨਿਰਮਲ ਹੁੰਦੇ ਹਨ। ਜਲ ਦੇਵਤੇ ਨੇ, ਜਲ ਦੇ ਦਿਲ ਵਿਚ ਪੈਦਾ ਹੋਏ ਅਭਿਮਾਨ ਬਾਰੇ ਜਾਣ ਲਿਆ ਤੇ ਕਰੋਧ ਵਿਚ ਆ ਕੇ ਜਲ ਨੂੰ ਸਰਾਪ ਦਿਤਾ। ਉਦੋਂ ਤੋਂ ਜਲ ਦਾ ਅਭਿਮਾਨ ਤੋੜਨ ਲਈ ਪਾਣੀ ਵਿਚ ਜਲ ਦੀ ਮੈਲ, ਸਾਵੀ ਕਾਈ ਦੇ ਰੂਪ ਵਿਚ ਉੱਗਣ ਲਗੀ।

ਕਾਂਗੜਾ ਗਜ਼ਟੀਅਰ ਅਨੁਸਾਰ (2, ਪੰਨਾ 46-47) ਪਾਣੀ ਤੇ ਜੋ ਕਾਈ ਉੱਗ ਆਉਂਦੀ ਹੈ, ਇਹ ਜਲ ਜੋਗਣੀਆਂ ਦੇ ਕੇਸ ਹਨ। ਲੋਕੀਂ ਕਾਈ ਨੂੰ ਕੋਈ ਚੀਜ਼-ਵਸਤ ਭੇਟ ਕਰ ਕੇ, ਜੋਗਣੀਆਂ ਨੂੰ ਪਤਿਆਂਦੇ ਹਨ। ਜੋਗਣੀਆਂ ਦੁਰਗਾ ਦੇਵੀ ਦੀਆਂ ਦਾਸੀਆਂ ਹਨ (ਵੇਖੋ : ਜੋਗਣੀਆਂ)।

(ਕ-210) **'ਕਾਸ਼ਤੀ** :

ਚੰਨ ਦੇ ਚਾਨਣ ਜਾਂ ਹਨੇਰੇ ਪੱਖ ਦੀ ਗਿਆਰਵੀਂ ਤਿੱਥ; (ਵੇਖੋ : ਇਕਾਦਸ਼ੀ) ਪੰਜਾਬ ਵਿਚ ਹਾੜ ਦੇ ਮਹੀਨੇ ਦੀ ਇਕਾਦਸ਼ੀ ਵਾਸਤੇ ਖ਼ਾਸ ਤੌਰ 'ਤੇ 'ਕਾਸ਼ਤੀ' ਸ਼ਬਦ ਵਰਤਿਆ ਜਾਂਦਾ ਹੈ।

ਹਾੜੀ ਕਾਸ਼ਤੀ ਵਾਲੇ ਦਿਨ ਹਿੰਦੂ ਵਰਤ ਰਖਦੇ ਹਨ। ਇਹ ਵਰਤ ਬਹੁਤ ਕਰੜਾ ਹੁੰਦਾ ਹੈ, ਕਿਉਂ ਜੋ ਸਾਰਾ ਦਿਨ ਪਾਣੀ ਤਕ ਮੂੰਹ ਨਹੀਂ ਲਗਾਇਆ ਜਾਂਦਾ। ਜਦੋਂ ਕਿ ਇਨ੍ਹੀਂ ਦਿਨੀਂ ਗਰਮੀ ਸਿਖਰ 'ਤੇ ਹੋਣ ਕਰ ਕੇ, ਪਿਆਸ ਬਹੁਤ ਲਗਦੀ ਹੈ। ਇਸ ਦਿਨ ਦਾਨੀ ਲੋਕ ਠੰਡੇ ਸ਼ਰਬਤ ਤੇ ਕੱਚੀ ਲੱਸੀ ਦੀਆਂ ਛਬੀਲਾਂ ਲਗਾਉਂਦੇ ਹਨ।

ਕਈ ਹਿੰਦੂ ਹਰ ਚਾਨਣ ਪੱਖ ਦੀ ਇਕਾਦਸ਼ੀ ਨੂੰ ਵਰਤ ਰਖਦੇ ਹਨ ਅਤੇ ਇਕਾਦਸ਼ੀ ਦੇਵੀ ਦੀ ਪੂਜਾ ਕਰਦੇ ਹਨ। ਇਨ੍ਹਾਂ ਵਰਤਾਂ ਦੀ ਬੜੀ ਧਾਰਮਿਕ ਮਹੱਤਾ ਹੈ। ਹਿੰਦੂ ਕਿਸਾਨ ਇਕਾਦਸ਼ੀ ਨੂੰ ਬਲਦ ਨਹੀਂ ਜੋਤਦੇ ਅਤੇ ਨਾ ਹੀ ਉਨ੍ਹਾਂ ਤੋਂ ਕੋਈ ਕੰਮ ਲੈਂਦੇ ਹਨ, ਇਸ ਰੀਤ ਨੂੰ 'ਕਾਸ਼ਤੀ ਛੱਡਣਾ', ਕਹਿੰਦੇ ਹਨ।

(ਕ-211) **ਕਾਂਸ਼ੀ** :

ਇਕ ਪ੍ਰਾਚੀਨ ਨਗਰ, ਜੋ ਉੱਤਰ-ਪ੍ਰਦੇਸ਼ ਵਿਚ, ਗੰਗਾ ਨਦੀ ਦੇ ਖੱਬੇ ਕੰਢੇ 'ਤੇ ਆਬਾਦ ਹੈ। ਵਾਰਿਣ ਅਤੇ ਅੱਸੀ ਨਾਂ ਦੀਆਂ ਦੋ ਨਦੀਆਂ ਵਿਚਕਾਰ ਸਥਿਤ ਹੋਣ ਕਰਕੇ, ਇਸ ਨਗਰ ਨੂੰ ਵਾਰਾਣਸੀ ਵੀ ਕਿਹਾ ਜਾਂਦਾ ਹੈ, ਜੋ ਹੌਲੇ ਹੌਲੇ ਵਿਗੜ ਕੇ ਬਨਾਰਸ ਬਣ ਗਿਆ। ਹਰਿਵੰਸ਼ ਪੁਰਾਣ ਅਨੁਸਾਰ ਇਸ ਨਗਰ ਨੂੰ ਰਾਜੇ ਕਾਸ਼ ਨੇ ਵਸਾਇਆ, ਜਿਸ ਤੇ ਇਹਦਾ ਨਾਉਂ ਕਾਂਸ਼ੀ ਪੈ ਗਿਆ। ਇਕ ਹੋਰ ਮਨੌਤ ਅਨੁਸਾਰ ਇਥੇ ਕਦੇ ਕਾਸ਼ ਨਾਂ ਦਾ ਕਬੀਲਾ ਵਸਦਾ ਸੀ, ਜੋ ਗੰਗਾ ਤੋਂ ਘਘਰ ਤਕ ਫੈਲਿਆ ਹੋਇਆ ਸੀ। ਇਸੇ ਕਬੀਲੇ ਦੇ ਨਾਂ ਤੋਂ ਨਗਰ ਦਾ ਨਾਂ ਵੀ ਕਾਂਸ਼ੀ ਪੈ ਗਿਆ।

ਕਾਂਸ਼ੀ ਨੂੰ ਵੈਦਿਕ ਕਾਲ ਤੋਂ ਹੀ ਪ੍ਰਸਿਧੀ ਤੇ ਮਾਨਤਾ ਪ੍ਰਾਪਤ ਹੈ। ਇਥੇ ਸ਼ਿਵ ਦੀ ਉਪਾਸਨਾ ਕਾਫ਼ੀ ਜ਼ੋਰਾਂ ਤੇ ਰਹੀ, ਜਿਸ ਤੇ ਇਹਨੂੰ ਸ਼ਿਵ ਨਗਰੀ ਵੀ ਕਿਹਾ ਜਾਣ ਲਗਾ। ਰਵਾਇਤ ਹੈ ਕਿ ਕਾਂਸ਼ੀ ਉਤੇ ਪਰਲੋ ਦਾ ਘਾਤਕ ਅਸਰ ਵੀ ਨਹੀਂ ਹੁੰਦਾ। ਪਰਲੋ ਵੇਲੇ ਸ਼ਿਵ ਜੀ ਆਪਣੇ ਤ੍ਰਿਸੂਲ ਸਮੇਤ, ਇਸ ਨਗਰ ਵਿਚ ਆ ਬਿਰਾਜਦੇ ਹਨ ਅਤੇ ਧਰਤੀ ਵਿਚ ਤ੍ਰਿਸੂਲ ਗੱਡ ਕੇ, ਇਸ ਨਗਰ ਨੂੰ ਪੁਖ਼ਤਾ ਤੇ ਅਟੱਲ ਬਣਾ ਦਿੰਦੇ ਹਨ।

ਬੋਧੀ ਕਾਲ ਵਿਚ ਕਾਂਸ਼ੀ ਨੂੰ ਕਾਫ਼ੀ ਧਾਰਮਿਕ ਮਾਨਤਾ ਪ੍ਰਾਪਤ ਸੀ। 'ਜਾਤਕ ਕਥਾਵਾਂ' ਵਿਚ ਕਾਂਸ਼ੀ ਦਾ ਜ਼ਿਕਰ ਕਈ ਵਾਰ ਆਇਆ ਹੈ। ਇਕ ਜਾਤਕ ਵਿਚ ਬੋਧੀਸਤਵ ਨੇ ਸੋਲਾਂ ਵਰ੍ਹੇ ਦੀ ਉਮਰ ਵਿਚ ਕਾਂਸ਼ੀ ਜਾ ਕੇ ਵਿਦਿਆ ਗ੍ਰਹਿਣ ਕੀਤੀ।

ਕਾਂਸ਼ੀ ਮੁੱਢ ਕਦੀਮ ਤੋਂ ਹੀ ਪਵਿਤ੍ਰ ਧਰਤੀ ਮੰਨੀ ਜਾਂਦੀ ਰਹੀ। ਇਸੇ ਥਾਂ ਕਦੇ ਵਿਸ਼ਨੂੰ ਮਹਾਰਾਜ ਨੇ ਘੋਰ ਤਪਸਿਆ ਕੀਤੀ ਸੀ। ਸ੍ਰਿਸ਼ਟੀ ਦੀ ਉਤਪਤੀ ਵੇਲੇ, ਇਸੇ ਅਸਥਾਨ 'ਤੇ ਹੀ ਨਾਭ ਕੰਵਲ ਵਿਚੋਂ ਬ੍ਰਹਮਾ ਪੈਦਾ ਹੋਏ ਸਨ।

ਕਾਂਸ਼ੀ ਦੇ ਮਹਾਤਮ ਬਾਰੇ, ਪੁਰਾਣਾਂ ਵਿਚ ਬਹੁਤ ਕੁਝ ਲਿਖਿਆ ਮਿਲਦਾ ਹੈ। ਸਕੰਦ ਪੁਰਾਣ ਵਿਚ ਇਕ ਪੂਰਾ ਕਾਂਡ ਕਾਂਸ਼ੀ ਦੇ ਮਹਾਤਮ ਬਾਰੇ ਦਰਜ ਹੈ। ਜਿਸ ਵਿਚ ਲਿਖਿਆ ਹੈ ਕਿ ਇਸ ਧਰਤੀ ਦੀ ਛੁਹ ਨਾਲ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਇਥੇ ਅਣਗਿਣਤ ਮੰਦਰ ਹਨ; ਅਠਾਰ੍ਹਵੀਂ ਸਦੀ ਦੇ ਅੰਤਲੇ ਦਾਖਿਆ ਵਿਚ ਇਥੇ 1454 ਮੰਦਰ ਸਨ, (ਈ. ਆਰ. ਈ. 2/465) ਕੇਵਲ ਪੰਜ ਕੋਸੀ ਦੇ ਨਾਲ ਨਾਲ ਹੀ ਛੇ ਸੌ ਦੇ ਲਗਭਗ ਮੰਦਰ ਹਨ। ਮੁਸਲਮਾਨਾਂ ਦੇ ਹੱਲਿਆਂ ਵੇਲੇ ਅਨੇਕਾਂ ਸਾਰੇ ਮੰਦਰ ਤਬਾਹ ਕਰ ਦਿੱਤੇ ਗਏ। ਵਿਸ਼ਵਨਾਥ ਦੇ ਪ੍ਰਸਿਧ ਮੰਦਰ ਨੂੰ ਔਰੰਗਜ਼ੇਬ ਨੇ ਢਾਹ ਕੇ ਉਥੇ ਮਸੀਤ ਬਣਵਾ ਦਿੱਤੀ;

ਹਿੰਦੂਆਂ ਦੀ ਧਾਰਨਾ ਹੈ ਕਿ ਸ਼ਿਵ-ਨਗਰੀ ਹੋਣ ਕਰਕੇ,

ਕਾਂਸ਼ੀ ਵਿਚ ਪ੍ਰਾਣ ਤਿਆਗਣ ਵਾਲਾ, ਸਹਿਜ-ਸੁਭਾ ਸਿੱਧਾ ਸਵਰਗ ਲੋਕ ਵਿਚ ਜਾਂਦਾ ਹੈ। ਇਸ ਦੇ ਉਲਟ ਮਗਹਰ ਵਿਚ, ਜੋ ਅਜੁੱਧਿਆ ਤੋਂ ਪੂਰਬ ਵਲ 85 ਮੀਲ ਦੂਰ ਸਥਿਤ ਹੈ, ਮਰਨ ਵਾਲਾ ਨਰਕਾਂ ਵਿਚ ਪੈਂਦਾ ਜਾਂ ਖੋਤੇ ਦੀ ਜੂਨ ਭੋਗਦਾ ਹੈ। ਇਸ ਲਈ ਪਹਿਲਿਆਂ ਵਿਚ, ਕਾਂਸ਼ੀ ਵਿਚ, ਦੂਰ ਦੁਰਾਡਿਉਂ ਲੋਕੀਂ ਪ੍ਰਾਣ ਤਿਆਗਣ ਵਾਸਤੇ ਆਉਂਦੇ ਸਨ। ਕਾਂਸ਼ੀ ਵਿਚ ਇਕ ਕਲਵਤਰ (ਆਰਾ) ਹੈ, ਜਿਸ ਹੇਠਾਂ ਸਿਰ ਰਖ ਕੇ, ਪੁਰਾਣੇ ਵੇਲਿਆਂ ਵਿਚ, ਸ਼ਰਧਾਲੂ ਲੋਕ ਮੁਕਤੀ ਪ੍ਰਾਪਤ ਕਰਦੇ ਸਨ। ਕਬੀਰ ਨੇ ਆਪਣੀ ਬਾਣੀ ਵਿਚ ਇਸ ਮਨੌਤ ਦਾ ਖੰਡਨ ਕਰਦਿਆਂ ਕਿਹਾ :

ਕਾਂਸ਼ੀ ਮਗਹਰ ਸਮ ਬੀਚਾਰੀ।
ਓਛੀ ਭਗਤਿ ਕੈਸੇ ਉਤਰਸਿ ਪਾਰੀ ॥ (ਗਉੜੀ ਕਬੀਰ)

ਗੰਗਾ ਦੇ ਦੱਖਣ ਵਲ ਇਕ ਨਦੀ ਕਰਮਨਾਸਾ ਵਗਦੀ ਹੈ, ਜੋ ਅਜ ਕਲ੍ਹ ਮਿਰਜ਼ਾਪੁਰ ਤੇ ਸ਼ਾਹਬਾਦ ਦੇ ਜ਼ਿਲਿਆਂ ਨੂੰ ਨਿਖੇੜਦੀ ਹੈ। ਇਹ ਨਦੀ ਕਦੇ ਕਾਂਸ਼ੀ ਅਤੇ ਮਗਧ ਦੇ ਰਾਜਾਂ ਵਿਚਕਾਰ ਹੱਦ ਸੀ। ਇਸ ਨਦੀ ਦਾ ਪਾਣੀ ਗੰਗਾ ਦੇ ਪਵਿਤ੍ਰ ਪਾਣੀ ਦੇ ਉਲਟ, ਸ਼ੁਭ ਕਰਮਾਂ ਦਾ ਨਾਸ ਕਰਨ ਵਾਲਾ ਮੰਨਿਆ ਗਿਆ ਹੈ। ਪੁਰਾਣੇ ਵੇਲਿਆਂ ਵਿਚ, ਆਰੀਆ ਜਾਤੀ ਗ਼ੈਰ-ਆਰਿਆਈ ਤੇ ਬੋਧੀ ਖੇਤਰ ਵਿਰੁਧ ਮੰਦ-ਭਾਵਨਾ ਰਖਦੇ ਸਨ। ਉਨ੍ਹਾਂ ਵਿਚ ਹੀ ਭੂਮੀ ਦੇ ਪਵਿਤ੍ਰ ਜਾਂ ਅਪਵਿਤ੍ਰ ਹੋਣ ਬਾਰੇ ਇਹ ਮਨੌਤਾਂ ਉਪਜੀਆਂ ਹਨ।

ਕਾਂਸ਼ੀ ਵਿਚ ਅਨੇਕਾਂ ਪਵਿਤ੍ਰ ਤੀਰਥ, ਘਾਟ ਤੇ ਖੂਹ ਹਨ, ਜਿਨ੍ਹਾਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਹਰੇਕ ਤੀਰਥ ਨਾਲ ਕੋਈ ਨਾ ਕੋਈ ਪੌਰਾਣਿਕ ਕਥਾ ਸੰਬੰਧਿਤ ਹੈ। ਇਥੇ ਗ੍ਰਹਿ ਪੂਜਾ ਤੋਂ ਲੈ ਕੇ ਦੇਵ-ਪੂਜਾ ਤਕ ਅਤੇ ਧਰਮ ਪੂਜਾ ਤੋਂ ਲੈ ਕੇ ਪਿਸਾਚ ਪੂਜਾ ਤਕ, ਹਰ ਤਰ੍ਹਾਂ ਦੀ ਉਪਾਸ਼ਨਾ ਨਾਲ ਸੰਬੰਧਿਤ ਮੰਦਰ ਮਿਲਦੇ ਹਨ ਜਿਨ੍ਹਾਂ ਦੁਆਰਾ ਹਿੰਦੂਆਂ ਦੇ ਲੋਕ-ਧਰਮ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਥੇ ਕੁਝ ਖ਼ਾਸ ਤੀਰਥਾਂ ਦਾ ਵਰਣਨ ਜ਼ਰੂਰੀ ਹੈ।

ਤ੍ਰਿਲੋਚਨ ਮੰਦਰ ਤੇ ਘਾਟ—ਇਹ ਅਸਥਾਨ ਤ੍ਰੈ ਨੇਤ੍ਰੀ ਸ਼ਿਵ ਨਾਲ ਸੰਬੰਧਿਤ ਹੈ। ਇਥੇ ਦੀ ਯਾਤਰਾ ਤੇ ਪੂਜਾ ਪਾਠ ਦਾ ਬੜਾ ਮਹਾਤਮ ਹੈ। ਧਾਰਨਾ ਹੈ ਕਿ ਵਿਸਾਖ ਦੇ ਮਹੀਨੇ, ਜੇ ਕੋਈ ਪ੍ਰਾਣੀ ਇਥੇ ਅੱਠ ਪਹਿਰ ਜਗਰਾਤਾ ਕਟ ਕੇ ਨਿਰੰਤਰ ਪੂਜਾ ਪਾਠ ਕਰੇ ਤਾਂ ਉਸਨੂੰ ਮੁਕਤੀ ਮਿਲ ਜਾਂਦੀ ਹੈ।

ਵਿਆਸੇਸ਼ਵਰ ਤੀਰਥ ਵਿਆਸ ਜੀ ਦੀ ਸਿਮਰਤੀ ਵਿਚ ਹੈ, ਜਿਨ੍ਹਾਂ ਨੇ ਵੇਦਾਂ ਦਾ ਸੰਕਲਨ ਕੀਤਾ। ਗੰਗਾ ਦਰਿਆ ਤੋਂ ਪਾਰ ਰਾਮਨਗਰ ਵਲ ਜੋ ਲੋਕ ਮਰਦੇ ਹਨ, ਉਹ ਧਾਰਨਾ ਅਨੁਸਾਰ ਖੋਤੇ ਦੀ ਜੂਨ ਵਿਚ ਪੈਂਦੇ ਹਨ। ਪਰ ਜੇ ਉਸ ਪ੍ਰਾਣੀ ਨੇ ਜੀਂਦੇ ਜੀਅ, ਵਿਆਸੇਸ਼ਵਰ ਦੀ ਯਾਤਰਾ ਕਰ ਲਈ ਹੋਵੇ ਤਾਂ ਉਹ ਖੋਤੇ ਦੀ ਜੂਨ ਵਿਚ ਨਹੀਂ ਪੈਂਦਾ।

ਪਿਸਾਚ-ਮੋਚਨ ਸਰੋਵਰ—ਇਹ ਸਰੋਵਰ ਕਾਂਸ਼ੀ ਦੇ ਪੱਛਮੀ ਹਿੱਸੇ ਵਲ ਸਥਿਤ ਹੈ। ਹਰ ਯਾਤ੍ਰੀ ਲਈ, ਇਸ ਸਰੋਵਰ ਦੀ ਯਾਤ੍ਰਾ ਲਾਜ਼ਮੀ ਹੈ। ਇਸ ਸਰੋਵਰ ਦੇ ਜਲ ਦੇ ਛੱਟੇ ਮਾਰਨ ਨਾਲ ਬਦ-ਰੂਹਾਂ ਨੇੜੇ ਨਹੀਂ ਢੁੱਕਦੀਆਂ ਅਤੇ ਨਾ ਹੀ ਚੰਦਰੇ ਤੇ ਡਰਾਉਣੇ ਸੁਪਨੇ ਆਉਂਦੇ ਹਨ।

ਸੂਰਜ ਕੁੰਡ—ਕਾਂਸ਼ੀ ਦੀ ਦੱਖਣ-ਪੱਛਮੀ ਗੁੱਠ ਵਿਚ, ਸੂਰਜ ਕੁੰਡ ਸਥਿਤ ਹੈ। ਇਥੇ ਸੂਰਜ ਦੀ ਪੂਜਾ-ਅਰਚਾ ਕੀਤੀ ਜਾਂਦੀ ਹੈ। ਇਸੇ ਖੇਤਰ ਵਿਚ ਇਕ ਮੰਦਰ ਧਰੁਵੇਸ਼ਵਰ ਹੈ, ਜੋ ਧਰੂ ਤਾਰੇ ਨਾਲ ਸੰਬੰਧਿਤ ਹੈ। ਇਸੇ ਮੰਦਰ ਵਿਚ ਚੰਦਰ ਦੇਵਤੇ ਨੂੰ ਵੀ ਪੂਜਿਆ ਜਾਂਦਾ ਹੈ।

ਦੇਵੀ ਘਾਟ ਤੇ ਨਾਗ ਕੂਆਂ ਸਰਪ ਪੂਜਾ ਨਾਲ ਸੰਬੰਧਿਤ ਅਸਥਾਨ ਹਨ।

ਇਥੇ ਇਕ ਹੋਰ ਪ੍ਰਸਿਧ ਮੰਦਰ ਅੰਨ-ਪੂਰਨਾ ਦਾ ਹੈ, ਜਿਥੇ ਮੰਗਤਿਆਂ ਦੀ ਕਾਫ਼ੀ ਭੀੜ ਲਗੀ ਰਹਿੰਦੀ ਹੈ। ਲੋਕੀਂ ਇਥੇ ਅੰਨ ਜਾਂ ਖਾਧ ਪਦਾਰਥ ਦਾਨ ਕਰਦੇ ਤੇ ਵੰਡਦੇ ਹਨ। ਇਥੋਂ ਥੋੜੀ ਦੂਰ ਗਣੇਸ਼ ਦਾ ਮੰਦਰ ਸਾਖੀ ਹੈ। ਹਰ ਯਾਤ੍ਰੀ ਦਾ ਇਥੇ ਆਉਣਾ ਲਾਜ਼ਮੀ ਹੈ। ਜੋ ਪੰਜ ਕੋਸੀ ਦੀ ਯਾਤਰਾ ਮੁਕਾਂ ਕੇ ਜਾਂਦੇ ਹਨ, ਕੋਈ ਯਾਤ੍ਰੀ ਜੇ ਇਥੇ ਨਹੀਂ ਪਧਾਰਦਾ, ਉਸ ਦੀ ਯਾਤ੍ਰਾ ਦਾ ਅਗਲੇ ਲੋਕ ਵਿਚ ਹੁੰਗਾਰਾ ਨਹੀਂ ਭਰਿਆ ਜਾਂਦਾ ਤੇ ਫਲ ਵੀ ਨਹੀਂ ਮਿਲਦਾ।

ਕਾਂਸ਼ੀ ਵਿਚ ਕੁਝ ਪ੍ਰਸਿਧ ਘਾਟ ਵੀ ਹਨ। ਗੰਗਾ ਨਦੀ ਦੇ ਨਾਲ ਨਾਲ 40 ਦੇ ਕਰੀਬ ਘਾਟ ਬਣੇ ਹੋਏ ਹਨ। ਇਨ੍ਹਾਂ ਦੀਆਂ ਪਉੜੀਆਂ ਗੰਗਾ ਨਦਾ ਦੇ ਜਲ ਅੰਦਰ ਫੈਲੀਆਂ ਹੋਈਆਂ ਹਨ। ਜਿਥੇ ਯਾਤ੍ਰੀ ਇਸ਼ਨਾਨ ਕਰਦੇ ਹਨ। ਇਨ੍ਹਾਂ ਵਿਚ ਪੰਜ ਘਾਟ ਅਜਿਹੇ ਪਵਿਤ੍ਰ ਹਨ ਕਿ ਉਨ੍ਹਾਂ ਦੀ ਯਾਤ੍ਰਾ ਦੇ ਬਗੈਰ ਕਾਂਸ਼ੀ ਦੀ ਯਾਤਰਾ ਪੂਰੀ ਨਹੀਂ ਹੁੰਦੀ। ਦੱਖਣ ਵਲੋਂ ਇਹ ਘਾਟ ਤਰਤੀਬਵਾਰ ਇਉਂ ਹਨ—(1) ਅੱਧੀ ਸੰਗਮ : ਇਹ ਘਾਟ ਉਸ ਥਾਂ 'ਤੇ ਹੈ, ਜਿਥੇ ਅੱਧੀ ਨਦੀ ਤੇ ਗੰਗਾ ਮਿਲਦੇ ਹਨ। (2) ਦਸਮੇਧ ਘਾਟ : ਇਸ ਅਸਥਾਨ ਤੋਂ ਬ੍ਰਹਮਾ ਨੇ 10 ਅਸ਼ਵਮੇਧ ਕਰਕੇ ਬਲੀ ਦਿਤੀ ਸੀ। ਇਥੇ ਵਿਸ਼ਵਾਸ ਕਰਨ ਦਾ ਮਹਾਤਮ ਪ੍ਰਯਾਗ ਦੀ ਯਾਤ੍ਰਾ ਦੇ ਤੁਲ ਹੈ। (3) ਮਣੀ ਕਰੇਣਿਕ ਘਾਟ।

(4) ਪੰਜ ਗੰਗਾ ਘਾਟ—ਇਥੇ ਪੰਜ ਨਦੀਆਂ ਦਾ ਸੰਗਮ ਮੰਨਿਆ ਗਿਆ ਹੈ। ਚਾਰ ਨਦੀਆਂ ਤਾਂ ਵਿਖਾਈ ਦਿੰਦੀਆਂ ਹਨ, ਪਰ ਪੰਜਵੀਂ ਨਹੀਂ।

(5) ਬਰਨਾ ਸੰਗਮ, ਇਥੇ ਬਰਨਾ ਨਦੀ ਦਾ ਗੰਗਾ ਨਾਲ ਸੰਗਮ ਹੁੰਦਾ ਹੈ।

ਕਾਂਸ਼ੀ ਵਿਚ ਕੁਝ ਖੂਹ ਪਵਿਤ੍ਰ ਮੰਨੇ ਜਾਂਦੇ ਹਨ, ਇਨ੍ਹਾਂ ਦੀ ਬੜੀ ਵਡਿਆਈ ਹੈ। ਇਨ੍ਹਾਂ ਵਿਚੋਂ "ਗਿਆਨ ਕੂਪ" ਜ਼ਿਆਦਾ ਪ੍ਰਸਿਧ ਹੈ। ਇਹ ਸਥਾਨ ਵਿਸ਼ੇਸ਼ਵਰ ਮੰਦਰ

ਅਤੇ ਔਰੰਗਜ਼ੇਬ ਦੀ ਬਣਾਈ ਮਸੀਤ ਦੇ ਵਿਚਕਾਰ ਹੈ। ਸ਼ਿਵ ਜੀ ਜੋ ਆਪਣੇ ਤ੍ਰਿਸ਼ੂਲ ਦੀ ਨੋਕ ਨਾਲ, ਕਾਂਸ਼ੀ ਦੀ ਰਖਿਆ ਕਰਦੇ ਹਨ, ਇਸੇ ਖੂਹ ਵਿਚ ਵਸਦੇ ਮੰਨੇ ਜਾਂਦੇ ਹਨ।

ਦੂਜਾ ਪ੍ਰਸਿਧ ਖੂਹ, ਮਣੀ ਕਰਣਿਕ ਦਾ ਹੈ, ਜੋ ਵਿਸ਼ਨੂੰ ਦੇ ਮੁੜ੍ਹਕੇ ਨਾਲ ਭਰਿਆ ਮੰਨਿਆ ਜਾਂਦਾ ਹੈ। ਯਾਤ੍ਰੀ ਇਸ ਖੂਹ ਦੇ ਪਾਣੀ ਦੇ ਛੱਟੇ, ਸਿਰ-ਮੂੰਹ 'ਤੇ ਮਾਰਦੇ ਹਨ। ਤੀਜਾ, 'ਨਾਗ ਕੂੰਆਂ' ਧਰਮ ਪੂਜਾ ਨਾਲ ਸੰਬੰਧਿਤ ਹੈ।

ਕਾਂਸ਼ੀ ਵਿਚ ਤੀਰਥਾਂ ਦੀ ਯਾਤਰਾ ਕਰਨ ਵਾਸਤੇ ਆਏ ਯਾਤ੍ਰੀ, ਪੰਜ ਕੋਸੀ ਮਾਰਗ ਦੀ ਯਾਤ੍ਰਾ ਜ਼ਰੂਰ ਕਰਦੇ ਹਨ। ਇਹ ਮਾਰਗ ਧਰਤੀ ਉਤੇ ਸਭ ਤੋਂ ਪਵਿਤਰ ਮੰਨਿਆ ਗਿਆ ਹੈ। ਇਥੋਂ ਦੀ ਚੱਪਾ ਚੱਪਾ ਧਰਤੀ ਦੇਵੀ ਹੈ। ਵਿਚਾਰ ਹੈ ਕਿ ਇਸ ਮਾਰਗ ਉਤੇ ਪ੍ਰਾਣ ਤਿਆਗਣ ਵਾਲਾ, ਜਨਮ ਮਰਨ ਤੋਂ ਮੁਕਤ ਹੁੰਦਾ ਹੈ। ਇਥੋਂ ਤਕ ਕਿ ਚੋਰ-ਡਾਕੂ ਵੀ ਇਥੇ ਮਰਨ ਨੂੰ ਤਰਜੀਹ ਦੇਂਦੇ ਹਨ।

ਪੰਜ ਕੋਸੀ ਮਾਰਗ, ਪੰਜਾਂ ਕੋਹਾਂ ਦੇ ਘੇਰੇ ਵਿਚ ਫੈਲਿਆ ਹੋਇਆ ਹੈ। ਇਸ ਦਾ ਕੇਂਦਰ ਮਣੀਕਰਣਿਕ ਦਾ ਖੂਹ ਹੈ। ਇਹ ਸਾਰਾ ਪੈਂਡਾ ਲਗਭਗ 50 ਮੀਲਾਂ ਦਾ ਹੈ। ਯਾਤ੍ਰੀ ਇਸ ਯਾਤਰਾ ਨੂੰ ਕਈ ਦਿਨਾਂ ਵਿਚ ਤੈਅ ਕਰਦਾ ਹੈ। ਉਹ ਆਪਣੀ ਯਾਤ੍ਰਾ ਪਹਿਲੇ ਦਿਨ ਮਣੀਕਰਣਿਕ ਘਾਟ ਤੋਂ 'ਅਸੀ' ਸੰਗਮ ਤਕ ਸ਼ੁਰੂ ਕਰਦਾ ਹੈ। ਦੂਜੇ ਦਿਨ ਧੁਪ ਚੰਡੀ, ਤੀਜੇ ਦਿਨ ਰਾਮੇਸ਼ਵਰ, ਚੌਥੇ ਦਿਨ ਸ਼ਿਵ ਪੁਰ, ਪੰਜਵੇਂ ਦਿਨ ਕਪਿਲ ਧਾਰਾ ਅਤੇ ਛੇਵੇਂ ਦਿਨ ਬਰਨ ਸੰਗਮ 'ਤੇ ਫਿਰ ਉਥੋਂ ਮਣੀਕਰਣਿਕ ਪਹੁੰਚਦਾ ਹੈ ਤਾਂ ਜਾ ਕੇ ਇਹ ਪ੍ਰਕਰਮਾ ਪੂਰੀ ਹੁੰਦੀ ਹੈ। ਇਨ੍ਹਾਂ ਛੇਆਂ ਪੜਾਵਾਂ ਉਤੇ ਯਾਤ੍ਰੀ ਪੂਜਾ ਅਰਚਾ ਕਰਦੇ ਤੇ ਬ੍ਰਾਹਮਣਾਂ ਨੂੰ ਦਾਨ ਦੇਂਦੇ ਹਨ।

ਕਾਂਸ਼ੀ ਨਗਰ ਦੀ ਪ੍ਰਧਾਨ ਦੇਵੀ 'ਕਾਂਸ਼ੀ' ਮੰਨੀ ਜਾਂਦੀ ਹੈ, ਜਿਸ ਦਾ, ਕਾਂਸ਼ੀ ਪੁਰ ਦੇ ਮੁਹੱਲੇ ਵਿਚ ਮੰਦਰ ਹੈ। ਇਹ ਮੰਦਰ ਇਸ ਸ਼ਹਿਰ ਦੀ ਨਾਭੀ ਮੰਨੀ ਜਾਂਦੀ ਹੈ।

ਕਾਂਸ਼ੀ ਵਿਚ ਸਿੱਖਾਂ ਦੇ ਕੁਝ ਪ੍ਰਸਿਧ ਗੁਰਦੁਆਰੇ ਵੀ ਹਨ। ਮਹੱਲਾ ਆਸਾ ਭੈਰੋ ਵਿਚ 'ਬੜੀ ਸੰਗਤ' ਨਾਂ ਦਾ ਗੁਰਦੁਆਰਾ ਹੈ। ਇਥੇ, ਸੰਮਤ 1722 ਵਿਚ, ਗੁਰੂ ਤੇਗ ਬਹਾਦਰ ਪਧਾਰੇ ਸਨ। ਉਨ੍ਹਾਂ ਨੇ ਇਕ ਗੁਫਾ ਵਿਚ ਏਕਾਂਤ ਸਿਮਰਨ ਕੀਤਾ ਸੀ। ਗੁਫਾ ਹੁਣ ਤਕ ਮੌਜੂਦ ਹੈ। ਪਟਨੇ ਤੋਂ ਪੰਜਾਬ ਵਲ ਆਉਂਦੇ, ਗੁਰੂ ਗੋਬਿੰਦ ਸਿੰਘ ਵੀ, ਇਸੇ ਸ਼ਹਿਰ ਠਹਿਰੇ ਸਨ। ਇਥੇ ਗੁਰੂ ਤੇਗ ਬਹਾਦਰ ਦਾ ਚੋਲਾ ਅਤੇ ਦਸਵੇਂ ਗੁਰੂ ਜੀ ਦਾ ਜੋੜਾ ਮੌਜੂਦ ਹਨ, ਜਿਨ੍ਹਾਂ ਦੇ ਦਰਸ਼ਨ ਹਰ ਸੰਗਰਾਂਦ ਤੇ ਪੁਰਬਾਂ ਤੇ ਕਰਵਾਏ ਜਾਂਦੇ ਹਨ (ਮਹਾਨ ਕੋਸ਼, 235)।

ਕਾਂਸ਼ੀ ਵਿਚ ਨਿਰਮਲਿਆਂ ਦੇ 40 ਸਥਾਨ ਹਨ।

(ਕ-212) **ਕਾਹਨ** :

ਕ੍ਰਿਸ਼ਨ ਜੀ ਦੀ ਇਕ ਉਪਾਧੀ; ਪੁਰਾਣਾਂ ਅਨੁਸਾਰ ਕ੍ਰਿਸ਼ਨ ਨੂੰ ਚੰਦ੍ਰਾਵਲ ਨਾਂ ਦੀ ਗੋਪੀ ਨਾਲ ਬੜੀ ਮੁਹੱਬਤ ਸੀ, ਪਰ ਉਹ ਸਖੀ ਉਨ੍ਹਾਂ ਦੇ ਛੱਲ ਵਿਚ ਨਹੀਂ ਸੀ ਆਉਂਦੀ। ਕ੍ਰਿਸ਼ਨ ਨੇ ਇਕ ਰਾਤ ਕੰਨਿਆਂ ਦੇ ਭੇਸ ਵਿਚ, ਉਸ ਨੂੰ ਛੱਲ ਲਿਆ ਤੇ ਆਪਣੀ ਦੈਵੀ ਸ਼ਕਤੀ ਨਾਲ, ਕਾਲ ਨੂੰ ਕਾਬੂ ਕਰ ਕੇ, ਉਹ ਰਾਤ ਕਲਪ ਜਿਤਨੀ ਲੰਮੀ ਕਰ ਲਈ (ਵੇਖੋ : ਚੰਦ੍ਰਾਵਲ)। ਕਾਲ ਨੂੰ ਵਸ ਕਰ ਲੈਣ ਕਾਰਨ ਕ੍ਰਿਸ਼ਨ 'ਕਾਹਨ' ਅਖਵਾਏ। ਕਾਲ ਦੇ ਸੰਕਲਪ ਵਿਚ 'ਕਾਹਨ' ਸ਼ਬਦ ਦੇ ਅਰਥ 'ਕ' (ਬ੍ਰਹਮਾ) ਦਾ ਅਹਨ (ਦਿਨ) ਅਥਵਾ ਇਕ ਕਲਪ ਹੀ ਹਨ।

(ਕ-213) **ਕਾਹਨ-ਗੁਜਰੀ ਦਾ ਝੇੜਾ** :

ਕੁਝ ਲੋਕ-ਗੀਤਾਂ ਵਿਚ ਕ੍ਰਿਸ਼ਨ ਤੇ ਰਾਧਾ ਦੇ ਸੰਵਾਦ ਹਨ। ਰਾਧਾ, ਕ੍ਰਿਸ਼ਨ ਨੂੰ ਮੱਥਰਾ ਜਾ ਕੇ ਰਾਜ ਭਾਗ ਸੰਭਾਲ ਲੈਣ ਤੇ ਕੁਬਜ਼ੇ ਨਾਲ ਪ੍ਰੇਮ ਪੀਂਘਾਂ ਪਾ ਲੈਣ ਦੇ ਮਿਹਣੇ ਮਾਰਦੀ ਹੈ ਤੇ ਕ੍ਰਿਸ਼ਨ ਦੀ ਪ੍ਰੇਮ ਵਿਚ ਬੇਵਫ਼ਾਈ ਨੂੰ ਕੋਸਦੀ ਹੈ। ਅਜਿਹੇ ਗੀਤ 'ਕਾਹਨ-ਗੁਜਰੀ ਦਾ ਝੇੜਾ' ਅਖਵਾਉਂਦੇ ਹਨ ਤੇ ਕਾਫ਼ੀ ਪ੍ਰਸਿੱਧ ਹਨ (ਵੇਖੋ : ਝੇੜੇ)।

ਕਈ ਵਾਰ ਕਾਹਨ ਗੁਜਰੀ ਦੇ ਸਵਾਂਗ ਵੀ ਭਰੇ ਜਾਂਦੇ ਹਨ। ਵਿਆਹ ਸ਼ਾਦੀ ਦੇ ਮੌਕੇ 'ਤੇ, ਇਕ ਕੁੜੀ ਕਾਹਨ ਦਾ ਸਵਾਂਗ ਭਰਦੀ ਹੈ ਤੇ ਦੂਜੀ ਗੁਜਰੀ ਦਾ, ਤੇ ਦੋਹਾਂ ਵਿਚ ਬੜੀ ਦਿਲਚਸਪ ਵਾਰਤਾਲਾਪ ਹੁੰਦੀ ਹੈ। ਵਿਚ ਵਿਚ ਗੀਤ ਵੀ ਗਾਏ ਜਾਂਦੇ ਹਨ। ਸਵਾਂਗਾਂ ਵਿਚ ਵੀ 'ਕਾਹਨ ਗੁਜਰੀ ਦਾ ਝੇੜਾ' ਬੜਾ ਪ੍ਰਸਿਧ ਵਿਸ਼ਾ ਹੈ (ਵੇਖੋ : ਸਾਂਗ)।

(ਕ-214) **ਕਾਹਨੀ** :

ਮ੍ਰਿਤਕ ਦੇ ਨੜੋਏ ਨੂੰ ਮੋਢਿਆਂ ਉਤੇ ਰੱਖ ਕੇ ਮਰਘਟ ਤਕ ਲੈ ਜਾਣ ਵਾਲੇ ਸ਼ਖ਼ਸ ਨੂੰ ਕਾਹਨੀ ਕਹਿੰਦੇ ਹਨ। ਚਾਰ ਕਾਹਨੀ, ਮੋਢੇ ਉਤੇ ਅਰਥੀ ਨੂੰ ਚੁਕ ਕੇ, ਸ਼ਮਸ਼ਾਨ ਵਲ ਫੂਕਣ ਲਈ ਲੈ ਜਾਂਦੇ ਹਨ। ਅੱਧ-ਮਾਰਗ ਉਤੇ ਜਾ ਕੇ ਅਰਥੀ ਨੂੰ ਭੁੰਜੇ ਰਖਿਆ ਜਾਂਦਾ ਹੈ ਅਤੇ ਪਿੰਡ ਭਰਾਉਣ ਤੇ ਕੁੰਭ ਫੋੜਨ ਦੀ ਰੀਤ ਤੋਂ ਬਾਅਦ ਅਗਲੇ ਕਾਹਨੀ ਪਿਛੇ ਤੇ ਪਿਛਲੇ ਕਾਹਨੀ ਅਗੇ ਹੋ ਜਾਂਦੇ ਹਨ।

(ਕ-215) **ਕਾਹਲ** :

ਚਿਸ਼ਤੀ ਫ਼ਕੀਰਾਂ ਦੀ ਇਕ ਸ਼ਾਖ; ਇਨ੍ਹਾਂ ਬਾਰੇ ਪ੍ਰਚਲਤ ਹੈ ਕਿ ਇਹ ਕੁੱਤੇ ਦੇ ਹਲਕਾਅ ਦੇ ਰੋਗੀਆਂ ਨੂੰ, ਆਪਣੇ ਕਲਾਮ ਨਾਲ ਅਰੋਗ ਕਰ ਦੇਂਦੇ ਹਨ। ਉਹ ਰੋਗੀ ਉਤੇ ਹੇਠਲਾ ਕਲਾਮ ਪੜ੍ਹ ਕੇ, ਸੱਤ ਫੂਕਾਂ ਮਾਰਦੇ ਹਨ ਤੇ ਰੋਗੀ

ਨਵਾਂ ਨਰੋਆ ਹੋ ਜਾਂਦਾ ਹੈ :—

ਬਿਸਮਿਲਾ ਅਵਲ ਨਾਮ ਖ਼ੁਦਾ
ਦੂਸਰਾ ਨਾਮ ਮੁਹੰਮਦ ਰਸੂਲ ਉਲਾਹ
ਤੀਸਰਾ ਨਾਮ ਚਾਰ ਯਾਰ
ਕਲਾਮ ਖ਼ੁਦਾ ਦਾ; ਹੁਦਾ ਬਾਦਸ਼ਾਹ ਦਸਤਗੀਰ,
ਕਰਾ ਸੁਲਤਾਨ ਅਹਿਮਦ ਕਬੀਰ
ਛਿੱਟਾ, ਗਿੱਦੜ ਕੁੱਤਾ ਲੜੇ
ਬਰਕਤ ਪੀਰ ਮਖ਼ਦੂਮ ਜਹਾਨੀਆਂ ਨਾਲ ਖ਼ੈਰ ਆ ਜਾਵੇ।

ਇਨ੍ਹਾਂ ਫ਼ਕੀਰਾਂ ਨੂੰ 'ਕਾਹਲ' ਇਸ ਲਈ ਕਿਹਾ ਜਾਂਦਾ ਹੈ, ਕਿਉਂ ਜੋ ਇਨ੍ਹਾਂ ਦਾ ਵਡਿਕਾ, ਕਾਹੀ ਵਿਚ, ਸਿੰਧ ਦਰਿਆ ਦੇ ਕੰਢੇ ਜੰਮਿਆ ਸੀ। ਉਥੇ ਚਿਸ਼ਤੀਆਂ ਦਾ ਇਕ ਵੱਡਾ ਸਾਰਾ ਜੱਥਾ ਠਹਿਰਿਆ ਹੋਇਆ ਸੀ।

(ਕ-216) **ਕਾਹਲੋਂ** :

ਜੱਟਾਂ ਦੀ ਇਕ ਗੋਤ; ਕਾਹਲੋਂ ਚੰਦਰਵੰਸੀ ਰਾਜੇ ਵਿਕਰਮਾਜੀਤ ਦੀ ਵੰਸ਼ ਵਿਚੋਂ, ਹੋਣ ਦਾ ਦਾਅਵਾ ਕਰਦੇ ਹਨ। ਇਸ ਜਾਤ ਗੋਤ ਦਾ ਮੂਲ ਸਥਾਨ ਬਟਾਲਾ ਹੈ। ਇਸ ਦਾ ਵਡਿਕਾ ਸੌਲੀ ਹੋਇਆ ਹੈ ਜਿਸ ਦੇ ਤਿੰਨਾਂ ਪੁਤਰਾਂ ਤੋਂ ਇਸ ਦੀਆਂ ਤਿੰਨ ਉਪ-ਸ਼ਾਖਾਂ ਚਲੀਆਂ। ਕਾਹਲੋਂ ਵਧੇਰੇ ਕਰਕੇ, ਬਟਾਲੇ ਦੇ ਨੇੜੇ ਤੇੜੇ ਹੀ ਮਿਲਦੇ ਹਨ।

ਕਾਹਲੋਂ ਦੀਆਂ ਵਿਆਹ ਦੀਆਂ ਰਸਮਾਂ ਜੱਟ ਕਬੀਲਿਆਂ ਨਾਲੋਂ ਕੁਝ ਵਖਰੀਆਂ ਹਨ। ਜੰਞ ਵਿਚ ਸ਼ਾਮਲ ਹੋਣ ਵਾਲੇ ਸਾਕਾਂ ਸਬੰਧੀਆਂ ਲਈ ਉਨ੍ਹਾਂ ਦੇ ਉਚੇਚੇ ਨਾਂ ਹਨ।

(ਕ-217) **ਕਾਹੀ ਕਾ ਮੇਲਾ** :

ਇਹ ਮੇਲਾ ਕੁੱਲੂ ਦੇ ਕਈ ਪਿੰਡਾਂ ਵਿਚ, ਭਾਦਰੋਂ ਜਾਂ ਸਾਵਨ ਦੇ ਮਹੀਨੇ ਜੁੜਦਾ ਹੈ। ਧਾਰਨਾ ਹੈ ਕਿ ਇਸ ਮੇਲੇ ਵਿਚ ਸ਼ਾਮਲ ਹੋਣ ਨਾਲ ਪਾਪਾਂ ਤੋਂ ਮੁਕਤੀ ਮਿਲਦੀ ਹੈ। 'ਕਾਹੀ' ਸ਼ਬਦ ਦਾ ਭਾਵ ਹੈ ਸਰੀਰ ਦੇ ਪਾਪ। ਕਾਹੀ ਕਾਇਆ ਦਾ ਹੀ ਲਘੂ ਸਰੂਪ ਹੈ।

(2) ਇਸ ਮੇਲੇ ਵਿਚ 'ਨਾਰ' ਕੁਝ ਰਹੁ-ਰੀਤੀਆਂ ਕਰਦੇ ਹਨ। ਦਿਉਤੇ, ਆਮ ਕਰਕੇ ਦਾਗ਼ੀ ਜਾਤੀ ਵਿਚੋਂ 'ਨਾਰ' ਚੁਣਦੇ ਹਨ ਤੇ ਇਨ੍ਹਾਂ ਨੂੰ ਮੁਹਾਂਦਿਓ ਕਰ ਕੇ ਪੂਜਿਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਪਤਨੀਆਂ ਸੀਤਾ ਜਾਂ ਸ਼ਕਤੀ ਅਖਵਾਉਂਦੀਆਂ ਹਨ।

(3) 'ਨਾਰ' ਪਹਿਲਾਂ ਕਿਸੇ ਅਜਿਹੇ ਘਰ ਜਾਂਦਾ ਹੈ ਜਿਸ ਦੇ ਸਵਾਮੀ ਨੂੰ ਪਕੜ ਹੋਵੇ। ਫਿਰ ਇਕ ਗੀਤ ਕਰਦੇ ਹਨ ਜਿਸ ਵਿਚ 'ਦਿਉਤਾ' ਦੇ ਸਾਹਮਣੇ ਭੰਗ ਤੇ ਬਹੇਕੜ ਇਕੱਠੀ ਰਗੜੀ ਜਾਂਦੀ ਹੈ ਤੇ ਨਾਲ ਹੀ ਭੂਤ ਪ੍ਰੇਤਾਂ ਦਾ ਨਾਸ਼ ਕਰਨ ਲਈ, ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਪਕੜ ਵਾਲਾ ਸ਼ਖ਼ਸ ਆਪਣੇ ਘਰ ਵਿਚ ਮੁਹਾਠ ਦੇ ਅੰਦਰ ਬੈਠਦਾ ਹੈ ਤੇ ਨਾਰ ਬਾਹਰ। ਫਿਰ ਇਕ ਬਕਰੋਟਾ ਵੱਢਿਆ ਜਾਂਦਾ ਹੈ।

ਫਿਰ 'ਚਿੱਦੜਾਂ' ਦੀ ਰੀਤ ਕੀਤੀ ਜਾਂਦੀ ਹੈ। ਪਕੜ ਵਾਲਾ ਸ਼ਖ਼ਸ ਅਤੇ ਨਾਰ ਦੋਵੇਂ ਬਕਰੇ ਨੂੰ ਧੌਣ ਤੋਂ ਪਕੜਦੇ ਹਨ ਤੇ ਨਾਰ ਛੁਰੀ ਨਾਲ ਕਟਦਾ ਹੈ ਅਤੇ ਨਾਲੋ ਨਾਲ ਮੰਤਰ ਉਚਾਰਦਾ ਤੇ ਪ੍ਰਾਰਥਨਾ ਕਰਦਾ ਹੈ। ਇਸ ਪਿਛੋਂ 'ਨਾਰ' ਤੇ ਉਸ ਦੀ ਪਤਨੀ ਮੰਦਰ ਜਾਂਦੇ ਹਨ ਅਤੇ ਭੋਇੰ ਉਤੇ 4 ਸੋਟੀਆਂ ਗਡ ਕੇ ਤੇ ਉਸ ਉਤੇ ਕਪੜਾ ਫੈਲਾ ਕੇ, ਕੁੰਡ ਬਣਾਇਆ ਜਾਂਦਾ ਹੈ ਤੇ ਫਿਰ ਹਰੇਕ ਕੋਨੇ ਉਤੇ ਇਕ ਇਕ ਭੇਡ ਦੀ ਬਲੀ ਦਿਤੀ ਜਾਂਦੀ ਹੈ। ਇਸ ਤੋਂ ਬਾਅਦ 'ਨਾਰ' ਨੂੰ ਸ਼ਕਤੀ ਦੇਵੀ ਅਗੇ ਬਲੀ ਵਜੋਂ ਭੇਟਾ ਕੀਤਾ ਜਾਂਦਾ ਹੈ। ਉਹ ਬੇਸੁਧ ਹੋ ਜਾਂਦਾ ਹੈ ਤੇ ਉਸ ਨੂੰ 'ਕੁੰਡ' ਵਿਚ ਲਿਟਾ ਦਿੱਤਾ ਜਾਂਦਾ ਹੈ। ਇਕ ਰੁਪਿਆ ਉਸ ਦੇ ਮੂੰਹ ਵਿਚ ਪਾ ਦਿੱਤਾ ਜਾਂਦਾ ਹੈ ਤੇ ਲੋਥ ਵਾਂਙ ਹੀ ਉਸ ਦੇ ਸਰੀਰ ਨੂੰ ਕਪੜੇ ਨਾਲ ਢੱਕ ਦੇਂਦੇ ਹਨ। ਕਈ ਵਾਰ ਅਜਿਹੀ ਹਾਲਤ ਵਿਚ ਨਾਰ ਦੀ ਮ੍ਰਿਤੂ ਵੀ ਹੋ ਜਾਂਦੀ ਹੈ।

ਨਾਰ ਤੇ ਉਸ ਦੀ ਪਤਨੀ ਨੂੰ ਕਈ ਭੇਟਾਂ ਦਿੱਤੀਆਂ ਜਾਂਦੀਆਂ ਹਨ। ਵਿਸ਼ਵਾਸ ਹੈ ਕਿ ਜਿਸ ਘਰ ਨਾਰ ਜਾਵੇਗਾ, ਉਸ ਘਰ ਦੀ ਮਹਾਦੇਵ ਭੂਤਾਂ ਪ੍ਰੇਤਾਂ ਤੋਂ ਰਖਿਆ ਕਰੇਗਾ। ਨਾਰ ਨੂੰ ਉਠਾਣ ਤੋਂ ਪਹਿਲਾਂ ਆਦਮੀ ਲੱਕੜੀ ਦੇ ਟੁਕੜਿਆਂ ਨੂੰ, ਜਿਨ੍ਹਾਂ ਨੂੰ ਲਠ ਕਹਿੰਦੇ ਹਨ, ਤੀਵੀਆਂ ਦੀ ਝੋਲੀ ਵਿਚ ਸੁਟਦੇ ਹਨ ਤੇ ਨਾਲ ਹੀ ਅਸ਼ਲੀਲ ਸ਼ਬਦ ਤੇ ਤੁਕਾਂ ਉਚਾਰਦੇ ਹਨ। ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਭੂਤ ਪ੍ਰੇਤ ਡਰ ਕੇ ਨਠ ਜਾਂਦੇ ਹਨ। ਕੁਝ ਲੋਕਾਂ ਦਾ ਖ਼ਿਆਲ ਹੈ ਕਿ ਇਹ ਲਕੜ ਦੇ ਟੁਕੜੇ ਸੁਟਣ ਦੀ ਰੀਤ ਮੂਲ ਵਿਚ ਕਿਸੇ ਅਜਿਹੇ ਪੁਰਾਣੀ ਰੀਤ ਦੀ ਰਹਿੰਦ ਹੈ, ਜਦੋਂ ਸ਼ਿਵ ਤੇ ਸ਼ਕਤੀ ਦੇ, ਨੀਵੀਂ ਤੇ ਉਪਰੀ ਜਾਤੀਆਂ ਦੇ ਉਪਾਸ਼ਕ ਮਿਲ ਕੇ ਖੁਲ੍ਹਾ ਜਿਨਸੀ ਸੰਜੋਗ ਕਰਦੇ ਸਨ।

(ਕ-218) **ਕਾਗ-ਭਸੁੰਡ** :

ਇਕ ਰਿਸ਼ੀ, ਜਿਸ ਦਾ ਅਸਲੀ ਨਾਉਂ ਭਸੁੰਡ ਸੀ। ਮਹਾਂਭਾਰਤ ਅਨੁਸਾਰ ਇਹ ਪੋਲੋਮਸ਼ ਰਿਸ਼ੀ ਦੇ ਸਰਾਪ ਕਾਰਨ ਕਾਂ ਬਣ ਗਿਆ।

ਰਾਮਾਇਣ ਅਨੁਸਾਰ ਭਸੁੰਡ ਰਿਸ਼ੀ ਨੇ, ਰਾਮ ਚੰਦਰ ਦਾ ਜੂਠਾ ਭੋਜਨ ਖਾਣ ਲਈ, ਕਾਂ ਦਾ ਰੂਪ ਸਵੈ-ਇਛਾ ਨਾਲ ਧਾਰਨ ਕੀਤਾ ਸੀ।

ਕਾਗ-ਭਸੁੰਡ ਬੜਾ ਵਿਦਵਾਨ ਰਿਸ਼ੀ ਸੀ ਅਤੇ ਉਹ ਰਿਸ਼ੀਆਂ ਨੂੰ ਰਾਮਾਇਣ ਦੀ ਕਥਾ ਸੁਣਾਇਆ ਕਰਦਾ ਸੀ।

ਇਸ ਰਿਸ਼ੀ ਨੇ 'ਕਾਕ ਭਸੁੰਡ' ਰਾਮਾਇਣ ਵੀ ਲਿਖੀ। ਕਾਗ-ਭਸੁੰਡ ਬੜਾ ਵਿਦਵਾਨ ਸੀ, ਇਸੇ ਲਈ ਕਾਂ ਨੂੰ ਸਿਆਣਾ ਸੁਝਵਾਨ ਮੰਨਿਆ ਜਾਂਦਾ ਹੈ।

(ਕ-219) **ਕਾਕੜਾ :**

ਦੁਰਗਾ ਦੇਵੀ ਦੀ ਇਕ ਉਪਾਧੀ, ਸੁਰੀਲੀ ਆਵਾਜ਼ ਕਾਰਨ ਦੁਰਗਾ ਦੇਵੀ 'ਕਾਕੜਾ' ਅਖਵਾਂਦੀ ਹੈ।

ਇਕ ਰੋਗ; ਧਾਰਨਾ ਹੈ ਕਿ ਇਹ ਰੋਗ ਸੀਤਲਾ ਦੇਵੀ ਦੇ ਕਰੋਪ ਦਾ ਫਲ ਹੈ।

ਛੋਟੀ ਚੇਚਕ ਨੂੰ ਮੰਗਲ ਭਾਸ਼ਾ ਵਿਚ 'ਕਾਕੜਾ' ਜਾਂ 'ਕਾਕੜਾ-ਲਾਕੜਾ' ਵੀ ਕਹਿੰਦੇ ਹਨ। ਵਡੀ ਚੇਚਕ ਨੂੰ 'ਮਾਤਾ' ਕਿਹਾ ਜਾਂਦਾ ਹੈ (ਵੇਖੋ : ਸੀਤਲਾ)।

(ਕ-220) **ਕਾਂਗੜਾ :**

ਪੁਰਾਣੇ ਪੰਜਾਬ ਦਾ ਇਕ ਪਹਾੜੀ ਜ਼ਿਲਾ ਅਤੇ ਪੁਰਾਤਨ ਇਤਿਹਾਸਕ ਨਗਰ; ਪੰਜਾਬ ਦੇ ਅਜੋਕੇ ਪੁਨਰ-ਸੰਗਠਨ ਵੇਲੇ, ਕਾਂਗੜੇ ਦੇ ਜ਼ਿਲੇ ਨੂੰ, ਪੰਜਾਬ ਨਾਲੋਂ ਅੱਡ ਕਰ ਕੇ ਹਿਮਾਚਲ ਪ੍ਰਦੇਸ਼ ਵਿਚ, ਸ਼ਾਮਲ ਕਰ ਦਿੱਤਾ ਗਿਆ। ਪੰਜਾਬ ਦੇ ਉਤਰ-ਪੂਰਬ ਵਿਚ ਸਥਿਤ, ਕਾਂਗੜੇ ਦੇ ਇਲਾਕੇ ਵਿਚ ਕਾਂਗੜਾ, ਨੂਰਪੁਰ, ਨਗਰੋਟਾ, ਹਮੀਰਪੁਰ, ਪਾਲਮਪੁਰ, ਅੰਦਰੇਟਾ, ਡੇਰਾ ਗੋਪੀ ਪੁਰਾ, ਬੈਜਨਾਥ, ਸੁਜਾਨਪੁਰ, ਜਵਾਲਾਟਿਲਾ, ਨਦੌਣ, ਜਵਾਲਾਮੁਖੀ ਆਦਿ ਪ੍ਰਸਿਧ ਨਗਰ ਅਤੇ ਕਸਬੇ ਸ਼ਾਮਿਲ ਹਨ। ਕਾਂਗੜੇ ਦਾ ਖੇਤਰਫਲ ਲਗਪਗ 4280 ਮੀਲ ਹੈ, ਜੋ ਸਤੱਹ ਸਮੁੰਦਰ ਤੋਂ 4550 ਮੀਟਰ ਉੱਚਾ ਹੈ। ਕਾਂਗੜੇ ਦੇ ਪੱਛਮ ਵਲ ਸ਼ਿਵਾਲਕ ਅਤੇ ਦੱਖਣ ਵਲ ਬਿਆਸ ਅਤੇ ਸਤਲੁਜ ਦਰਿਆਵਾਂ ਦੀਆਂ ਪਹਾੜੀਆਂ ਦੀਆਂ ਸ਼ਾਖਾਂ ਅੱਡ ਕਰਦੀਆਂ ਹਨ, ਜੋ ਹੇਠਾਂ ਵਲ ਪੰਜਾਬ ਦੇ ਦੁਆਬੇ ਦੇ ਮੈਦਾਨਾਂ ਨੂੰ ਨਿਖੇੜਦੀਆਂ, ਬਿਆਸ ਦੇ ਕੰਢੇ ਹਾਜੀਪੁਰ ਦੇ ਸਥਾਨ ਤੋਂ ਲੈ ਕੇ ਸਤਲੁਜ ਦੇ ਤੱਟ 'ਤੇ ਸਥਿਤ ਰੋਪੜ ਤਕ, ਚਲੀਆਂ ਗਈਆਂ ਹਨ, ਕਾਂਗੜੇ ਨੂੰ ਚੰਬੇ ਨਾਲੋਂ ਧੌਲਾਧਾਰ ਦੀਆਂ ਪਹਾੜੀਆਂ ਅਲੱਗ ਕਰਦੀਆਂ ਹਨ। ਧੌਲਾਧਾਰ ਪੂਰਬ ਤੇ ਪੱਛਮ ਵਲ ਇਕ ਚਿੱਟੀ ਬਰਫ਼ਾਂ ਕਜੀ ਕੰਧ ਵਾਂਗ ਪਸਰਿਆ ਹੋਇਆ ਹੈ, ਜੋ ਡਲਹੌਜ਼ੀ ਦੇ ਨੇੜੇ ਧਰਤੀ ਨਾਲ ਜਾ ਲਗਦਾ ਹੈ। ਧੌਲਾਧਾਰ ਦੇ ਨਾਲ ਨਾਲ ਬੈਜਨਾਥ, ਪਾਲਮਪੁਰ, ਸ੍ਰੀ ਚਮੁੰਡ, ਨੰਦਕੇਸ਼ਵਰ, ਬਜਰੇਸ਼ਵਰੀ ਮੰਦਰ, ਭਾਗਸੂ ਨਾਥ ਅਤੇ ਡਲਹੌਜ਼ੀ ਵਰਗੇ, ਪ੍ਰਾਕ੍ਰਿਤਕ ਖ਼ੂਬਸੂਰਤੀ ਨਾਲ ਨਿਖਰੇ ਸਥਾਨ ਖਿਲਰੇ ਹੋਏ ਹਨ। ਧੌਲਾਧਾਰ ਨੇ ਇਕ ਤਾਂ ਕਾਂਗੜੇ ਦੀ ਵਾਦੀ ਦੀ ਪ੍ਰਾਕ੍ਰਿਤਕ ਸੁੰਦਰਤਾ ਵਿਚ ਵਾਧਾ ਕੀਤਾ ਹੈ। ਦੂਜਾ, ਕਾਂਗੜੇ ਦਾ ਸਾਰਾ ਇਲਾਕਾ, ਧੌਲਾਧਾਰ ਦੀਆਂ ਬਰਫ਼ਾਂ ਵਿਚੋਂ ਪਿਘਲ ਕੇ, ਵਗ ਤੁਰੀਆਂ ਨਦੀਆਂ ਦੇ ਪਾਣੀ ਨਾਲ ਸਿੰਚਿਆ ਜਾਂਦਾ ਹੈ। ਕਾਂਗੜੇ ਦੇ ਜ਼ਿਲੇ ਨੂੰ 'ਦੇਵ ਭੂਮੀ' ਵੀ ਆਖਿਆ ਜਾਂਦਾ ਹੈ, ਕਿਉਂ ਜੋ ਇਥੇ ਥਾਂ ਥਾਂ ਪਹਾੜਾਂ ਵਿਚ ਦੇਵੀ ਦੇਵਤਿਆਂ ਦੇ ਪ੍ਰਾਚੀਨ ਅਸਥਾਨ, ਆਪਣੀ ਪੁਰਾਣੀ ਆਨ ਸ਼ਾਨ ਨਾਲ ਹੁਣ ਤਕ ਮੌਜੂਦ ਹਨ।

ਕਾਂਗੜੇ ਦੇ ਇਲਾਕੇ ਦਾ ਪ੍ਰਾਚੀਨ ਨਾਂ ਤ੍ਰਿਗਰਤ ਸੀ, ਕਿਉਂ ਜੋ ਇਸ ਇਲਾਕੇ ਵਿਚ ਤਿੰਨ ਨਦੀਆਂ—ਰਾਵੀ, ਬਿਆਸ ਅਤੇ ਸਤਲੁਜ ਵਗਦੀਆਂ ਹਨ। ਕਦੇ ਇਹ ਸਾਰਾ ਖੇਤਰ ਜਲੰਧਰ ਤਕ ਫੈਲਿਆ ਹੋਇਆ ਸੀ ਅਤੇ ਰਾਜਧਾਨੀ ਨਗਰਕੋਟ। ਇਸ ਨਗਰ ਨੂੰ ਰਾਜੇ ਸੁਸਰਮ ਚੰਦ ਨੇ ਮਹਾਂਭਾਰਤ ਦੇ ਯੁਧ ਤੋਂ ਬਾਅਦ ਵਸਾਇਆ। ਅਬੁਲ ਫ਼ਜ਼ਲ ਨੇ ਆਇਨੇ ਅਕਬਰੀ (ਜਿਲਦ 2.109) ਵਿਚ ਕਾਂਗੜੇ ਦਾ ਨਾਂ ਨਗਰਕੋਟ ਹੀ ਲਿਖਿਆ ਹੈ। ਪਹਿਲਾਂ ਪਹਿਲ ਨਗਰਕੋਟ ਵਿਚ ਜੋ ਸ਼ਾਹੀ ਕਿਲ੍ਹਾ ਸੀ, ਉਹਦਾ ਨਾਂ ਕਾਂਗੜਾ ਸੀ। ਇਸ ਕਿਲ੍ਹੇ ਦਾ ਸਾਰੇ ਇਲਾਕੇ ਵਿਚ ਕਦੇ ਇਤਨਾ ਗੌਰਵ ਸੀ ਕਿ ਇਸੇ ਕਿਲ੍ਹੇ ਦੇ ਨਾਂ ਤੋਂ ਮਗਰੋਂ, ਸ਼ਹਿਰ ਅਤੇ ਆਸ ਪਾਸ ਦੇ ਸਾਰੇ ਖੇਤਰ ਦਾ ਨਾਂ ਕਾਂਗੜਾ ਪੈ ਗਿਆ।

ਇਹ ਵੀ ਧਾਰਨਾ ਹੈ ਕਿ ਜਿਸ ਥਾਂ 'ਤੇ ਕਾਂਗੜੇ ਦਾ ਕਿਲ੍ਹਾ ਸਥਿਤ ਹੈ, ਉਥੇ ਮਰਨ ਵੇਲੇ ਜਲੰਧਰ ਦੈਂਤ ਦਾ ਸਿਰ ਟਿਕਿਆ ਹੋਇਆ ਸੀ। ਉਸ ਦੀ ਬਾਕੀ ਕਾਇਆ, ਕਈ ਮੀਲਾਂ ਤਕ ਫੈਲੀ ਹੋਈ ਸੀ। ਜਲੰਧਰ ਦੈਂਤ ਦੇ ਸੀਸ ਵਾਲੀ ਥਾਂ ਉਤੇ ਹੀ, ਕਿਲ੍ਹੇ ਦੀ ਨੀਂਹ ਰੱਖਣ ਕਰਕੇ, ਕਿਲ੍ਹੇ ਦਾ ਨਾਂ ਕਾਂਗ-ਗੜ੍ਹ, ਭਾਵ 'ਸੀਸ ਦਾ ਕਿਲ੍ਹਾ' ਰਖਿਆ ਗਿਆ, ਜੋ ਬਾਅਦ ਵਿਚ ਵਿਗੜ ਕੇ ਕਾਂਗੜਾ ਬਣ ਗਿਆ (ਕਾਂਗੜਾ ਗਜ਼ਟੀਅਰ, 96)।

ਕਾਂਗੜੇ ਦੀ ਵਾਦੀ, ਆਪਣੀ ਪ੍ਰਾਕ੍ਰਿਤਕ ਸੁੰਦਰਤਾ ਸਦਕਾ ਬੇਮਿਸਾਲ ਹੈ। ਸਵੱਛ ਪਾਣੀ ਦੀਆਂ ਠੰਢੀਆਂ ਕੂਲਾਂ ਨੇ, ਇਸ ਦੇ ਵਾਤਾਵਰਨ ਨੂੰ ਰਮਣੀਕ ਬਣਾ ਦਿੱਤਾ ਹੈ। ਪੂਰਵ-ਇਤਿਹਾਸਕ ਕਾਲ ਵਿਚ ਹੀ, ਇਥੇ ਕਈ ਕਬੀਲੇ ਆ ਕੇ ਵਸਦੇ ਰਹੇ। ਇਸ ਵਾਦੀ ਵਿਚੋਂ ਕੁਝ ਅਜਿਹੇ ਪੁਰਾਣੇ ਸੰਦ ਮਿਲੇ ਹਨ ਜੋ ਸੁਹਾਂਦੀ ਵਾਦੀ (ਪਾਕਿਸਤਾਨੀ ਪੰਜਾਬ) ਨਾਲ ਇਨ-ਬਿਨ ਮੇਲ ਖਾਂਦੇ ਹਨ ਅਤੇ ਇਹ ਸੰਦ ਚਾਲ੍ਹੀ ਹਜ਼ਾਰ ਸਾਲ ਪੁਰਾਣੇ ਮੰਨੇ ਜਾਂਦੇ ਹਨ। ਕਾਂਗੜੇ ਵਿਚ ਮਿਲੇ, ਕੁਝ ਪੁਰਾਣੇ ਪੱਥਰਾਂ ਦੀ ਘਾੜਤ ਅਤੇ ਮੂਰਤੀ ਕਲਾ, ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਇਥੇ ਕਿਸੇ ਜ਼ਮਾਨੇ ਵਿਚ, 'ਕੋਲ' ਜਾਤੀ ਦੇ ਲੋਕ ਵਸਿਆ ਕਰਦੇ ਸਨ।

ਕਾਂਗੜੇ ਦੀ ਬੋਲੀ, ਕਾਂਗੜੀ, ਪੰਜਾਬੀ ਦੀ ਹੀ ਇਕ ਉਪ-ਭਾਖਾ ਹੈ। ਕਾਂਗੜੇ ਦੇ ਉੱਤਰ ਵਲ ਚੰਬਿਆਲੀ ਬੋਲੀ ਜਾਂਦੀ ਹੈ। ਪੂਰਬ ਵਿਚ ਮੰਡਿਆਲੀ ਅਤੇ ਬਿਲਾਸਪੁਰੀ।

ਪੱਛਮ ਵਿਚ ਡੋਗਰੀ। ਇਹ ਸਭ ਉਪ-ਭਾਖਾਵਾਂ, ਮੂਲ ਵਿਚ ਪੰਜਾਬੀ ਭਾਸ਼ਾ ਦੇ ਹੀ ਪਹਾੜੀ ਰੂਪ ਹਨ। ਪਰ ਹੁਣ ਰਾਜਸੀ ਕੂਟਲ-ਨੀਤੀ ਕਾਰਨ, ਇਨ੍ਹਾਂ ਉਪਭਾਖਾਵਾਂ ਨੂੰ ਆਪਣੀ ਮੂਲ ਭਾਸ਼ਾ ਪੰਜਾਬੀ ਨਾਲੋਂ ਤੋੜ ਕੇ, ਹਿੰਦੀ ਨਾਲ ਜੋੜਨ ਦੇ ਸੁਚੇਤ ਯਤਨ ਕੀਤੇ ਜਾ ਰਹੇ ਹਨ।

(ੳ) ਲੋਕ : ਕਾਂਗੜੇ ਦੀ ਪ੍ਰਾਕ੍ਰਿਤਕ ਸੁੰਦਰਤਾ ਅਤੇ ਰਮਣੀਕ ਵਾਤਾਵਰਨ ਨੇ, ਇਥੋਂ ਦੇ ਵਸਨੀਕਾਂ ਦੇ ਰੂਪ ਵਿਚ ਸਹੁਜ ਅਤੇ ਨਕਸ਼ਾਂ ਵਿਚ ਤਿਖਾਪਨ ਲਿਆਂਦਾ ਹੈ। ਇਥੋਂ ਦੇ ਲੋਕ ਦਿਲ ਦੇ ਨਰਮ, ਸੁਭਾਅ ਦੇ ਮਿਠੇ ਅਤੇ ਮਹਿਮਾਨਾਂ ਦੀ ਆਓ ਭਗਤ ਕਰਨ ਵਾਲੇ ਹਨ। ਇਨ੍ਹਾ ਦੀ ਰਹਿਣੀ-ਬਹਿਣੀ ਸਿੱਧੀ-ਸਾਦੀ ਅਤੇ ਗੱਲਬਾਤ ਕਰਨ ਦਾ ਢੰਗ ਖੁਲ੍ਹਾ ਖੁਲਾਸਾ ਹੈ। ਆਮ ਲੋਕ ਛੋਟੇ ਛੋਟੇ ਘਰਾਂ ਵਿਚ ਰਹਿੰਦੇ ਹਨ। ਭਾਵੇਂ ਅਮੀਰਾਂ ਦੀਆਂ ਵਡੀਆਂ ਹਵੇਲੀਆਂ ਵੀ ਵੇਖਣ ਨੂੰ ਆਮ ਮਿਲਦੀਆਂ ਹਨ।

ਕਾਂਗੜੇ ਦੀ ਸਾਰੀ ਵਸੋਂ ਨਾ ਪੁਰਾਣੀ ਹੈ ਤੇ ਨਾ ਹੀ ਨਵੀਂ। ਇਥੇ ਪ੍ਰਾਚੀਨ ਕਾਲ ਵਿਚ ਕੋਲ ਤੇ ਦ੍ਰਾਵੜ ਜਾਤੀਆਂ ਦੇ ਲੋਕ ਭਾਰੀ ਮਾਤਰਾ ਵਿਚ ਵਸਦੇ ਰਹੇ ਹਨ। ਪਰ ਅਜ ਉਨ੍ਹਾਂ ਦੀ ਹੋਂਦ ਦੀ ਗਵਾਹੀ ਕੇਵਲ ਕੁਝ ਪੁਰਾਣੀ ਸ਼ਿਲਪ ਅਤੇ ਖੁਦਾਈ ਵਿਚ ਪ੍ਰਾਪਤ ਸੰਦ ਹੀ ਭਰਦੇ ਹਨ। ਹੁਣ ਇਹ ਕਬੀਲੇ ਇਥੋਂ ਦੀ ਵਸੋਂ ਵਿਚ ਇਉਂ ਰਚ ਮਿਚ ਗਏ ਹਨ ਕਿ ਪਛਾਣੇ ਨਿਖੇੜੇ ਨਹੀਂ ਜਾ ਸਕਦੇ।

ਕਾਂਗੜੇ ਦੀ ਬਹੁਤੀ ਵਸੋਂ ਹਿੰਦੂਆਂ ਦੀ ਹੈ। ਇਹ ਸਾਰੇ ਇਥੋਂ ਦੇ ਕਦੀਮੀ ਵਾਸੀ ਨਹੀਂ। ਕੁਝ ਲੋਕ ਤਾਂ ਪੰਜਾਬ ਵਿਚ ਮੁਸਲਮਾਨੀ ਹੱਲਿਆਂ ਦੇ ਦੌਰਾਨ ਜਾਂ ਬਦਅਮਨੀ ਵੇਲੇ, ਪਹਾੜਾਂ ਵਿਚ ਜਾ ਵਸੇ। ਕੁਝ ਮੁਗਲਾਂ ਦੇ ਰਾਜ ਵੇਲੇ ਮਜ਼ਬੀ ਤਸ਼ਦਦ ਤੋਂ ਡਰਦੇ ਇਥੇ ਆ ਟਿਕੇ। ਜਿਸ ਕਰਕੇ ਕਾਂਗੜੇ ਦੀ ਆਬਾਦੀ ਮਿੱਸੀ ਹੋ ਗਈ, ਕਈ ਜਾਤਾਂ, ਗੋਤਾਂ ਨਸਲਾਂ ਤੇ ਕਬੀਲਿਆਂ ਦਾ ਮਿਲਗੋਭਾ। ਫਿਰ ਵੀ ਕਾਂਗੜਾ ਪੰਜਾਬ ਦੀ ਹਿੰਦੂ-ਸਿੱਖ ਸੰਸਕ੍ਰਿਤੀ ਦਾ ਹੀ ਪਾਸਾਰ ਅਥਵਾ ਪਹਾੜੀ ਰੂਪ ਹੈ। ਇਥੇ ਹਿੰਦੂ ਸੰਸਕ੍ਰਿਤੀ ਆਪਣੇ ਪਰੰਪਰਾਗਤ ਰੂਪਾਂ, ਮਨੌਤਾਂ, ਧਾਰਨਾਵਾਂ ਅਤੇ ਸੋਚ ਸਮੇਤ ਕਾਫ਼ੀ ਹਦ ਤਕ ਸੁਰਖਿਅਤ ਰਹੀ ਹੈ ਜਾਂ ਇਉਂ ਕਹਿ ਲਓ ਕਿ ਪੰਜਾਬ ਦੀ ਹਿੰਦੂ ਸੰਸਕ੍ਰਿਤੀ ਦਾ ਜੇ ਪੁਰਾਣਾ ਸਰੂਪ ਵੇਖਣਾ ਹੋਵੇ ਤਾਂ ਉਹ ਆਪਣੇ ਪੂਰੇ ਚਰਿਤ੍ਰ ਤੇਂ ਲੱਛਣਾਂ ਸਮੇਤ ਕਾਂਗੜੇ ਵਿਚ ਪਛਾਣਿਆ ਜਾ ਸਕਦਾ ਹੈ।

ਕਾਂਗੜੇ ਦੇ ਲੋਕਾਂ ਵਿਚ ਜਾਤ-ਨਸਲ ਦਾ ਸ਼੍ਰੇਣੀ ਭੇਦ, ਅਜ ਵੀ, ਮੱਧਕਾਲੀ ਰੂਪ ਵਿਚ ਹੀ ਪ੍ਰਚਲਤ ਹੈ। ਕੁਝ ਸ਼੍ਰੇਣੀਆਂ ਆਪਣੇ ਆਪ ਨੂੰ ਉੱਚੀਆਂ ਸਮਝਦੀਆਂ ਹਨ ਅਤੇ ਕੁਝ ਪਛੜੀਆਂ ਸ਼੍ਰੇਣੀਆਂ ਦਾ ਬਹੁਤ ਨੀਵਾਂ ਦਰਜਾ ਦੇਂਦੀਆਂ ਹਨ। ਫਿਰ ਹਰੇਕ ਸ਼੍ਰੇਣੀ ਦੇ ਅੰਦਰ ਵੀ ਉਹੀ ਨੀਵੀਂ ਕੁਲ ਦਾ ਬਿਖੇੜਾ ਹੈ, ਜਿਸ ਕਰਕੇ ਸਾਰਾ ਸਮਾਜ ਨਿੱਕੀਆਂ ਨਿੱਕੀਆਂ ਇਕਾਈਆਂ ਵਿਚ ਵੰਡਿਆ ਹੋਇਆ ਹੈ ਤੇ ਹਰੇਕ ਇਕਾਈ ਦਾ ਆਪਣਾ ਸਮਾਜਿਕ ਦਰਜਾ ਹੈ। ਹਰੇਕ ਸਮਾਜਿਕ ਦਾਇਰੇ ਦੀਆਂ, ਆਪਣੀਆਂ ਵੱਖਰੀਆਂ ਰਸਮਾਂ-ਰੀਤਾਂ ਹਨ। ਪਛੜਿਆਂ ਕਬੀਲਿਆਂ ਦੇ ਰੀਤ ਰਵਾਜ ਤਾਂ ਆਦਿਮ ਬਿਰਤੀ ਦੇ ਹੋਣ ਕਰਕੇ, ਬੜੇ ਵਚਿਤ੍ਰ, ਜਟਿਲ ਅਤੇ ਦਿਲਚਸਪ ਹਨ।

ਕਾਂਗੜੇ ਵਿਚ ਰਾਜਪੂਤਾਂ ਨੂੰ ਆਦਰ ਯੋਗ ਸਥਾਨ ਪ੍ਰਾਪਤ ਹੈ। ਇਹ ਲੋਕ, ਆਪਣੇ ਆਪ ਨੂੰ, ਠਾਕੁਰ ਤੇ ਰਾਣਿਆਂ ਦੀਆਂ ਉਚੀਆਂ ਕੁੱਲਾਂ ਵਿਚੋਂ ਮੰਨਦੇ ਹਨ, ਜੋ ਕਦੇ ਨਿੱਕੀਆਂ ਨਿੱਕੀਆਂ ਰਿਆਸਤਾਂ ਤੇ ਰਾਜ ਕਰਦੇ ਸਨ। ਮੁੱਖੀ ਰੂਪ ਵਿਚ ਰਾਜਪੂਤ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ। ਉਚੀ ਸ਼੍ਰੇਣੀ ਦੇ ਰਾਜਪੂਤ 'ਮੀਆਂ' ਅਖਵਾਉਂਦੇ ਹਨ ਅਤੇ ਹੇਠਲੀ ਸ਼੍ਰੇਣੀ ਦੇ ਠਾਕੁਰ। ਮੀਆਂ ਬਾਈ ਧਾਰ ਰਾਜਿਆਂ ਦੀ ਔਲਾਦ ਮੰਨੇ ਜਾਂਦੇ ਹਨ। ਇਹ ਠਾਕੁਰਾਂ ਦੇ ਘਰੋਂ ਧੀਆਂ ਵਿਆਹ ਤਾਂ ਲੈਂਦੇ ਹਨ, ਪਰ ਉਨ੍ਹਾਂ ਨੂੰ ਅਗੋਂ ਧੀਆਂ ਕਦੇ ਨਹੀਂ ਦਿੰਦੇ। ਇਸ ਕਰਕੇ ਠਾਕੁਰ ਆਪਣੇ ਮੁੰਡੇ ਰਾਠੀਆਂ ਜਾਂ ਘਿਰਥਾਂ ਦੇ ਘਰੋਂ ਵਿਆਹੁੰਦੇ ਹਨ। ਇਸੇ ਲਈ ਕਹਾਵਤ ਹੈ ਕਿ ਸਤਵੀਂ ਪੀਹੜੀ ਵਿਚ ਘਿਰਥਾਂ ਦੀ ਧੀ ਰਾਣੀ ਬਣ ਜਾਂਦੀ ਹੈ।

ਮੀਆਂ ਵਿਚ ਆਪਣੀ ਸਮਾਜਿਕ ਉੱਚਤਾ ਤੇ ਜਾਤੀ ਵਿਲੱਖਣਤਾ ਨੂੰ ਕਾਇਮ ਰਖਣ ਲਈ, ਚਾਰ ਗੱਲਾਂ ਵਰਜਿਤ ਹਨ : (ੳ) ਉਹ ਹਲ ਨਹੀਂ ਵਾਹੁੰਦੇ। (ਅ) ਆਪਣੀ ਕੰਨਿਆਂ ਹੇਠਲੀ ਜਾਤੀ ਵਿਚ ਨਹੀਂ ਵਿਆਹੁੰਦੇ। (ੲ) ਧੀ ਦੇ ਵੱਟੇ ਦੇ ਕਦੇ ਪੈਸੇ ਨਹੀਂ ਲੈਂਦੇ, ਭਾਵ ਪੁੰਨ-ਵਿਆਹ ਕਰਦੇ ਹਨ (ਸ) ਔਰਤਾਂ ਪਰਦੇ ਬਗ਼ੈਰ ਬਾਹਰ ਨਹੀਂ ਨਿਕਲਦੀਆਂ। ਜਿਹੜੇ ਰਾਜਪੂਤ ਇਨ੍ਹਾਂ ਗੱਲਾਂ ਦੀ ਪਾਲਨਾ ਕਰੜਾਈ ਨਾਲ ਨਹੀਂ ਕਰਦੇ, ਖ਼ਾਸ ਤੌਰ ਤੇ ਹੱਲ ਵਾਹੁਣ ਵਾਲੀ ਮਨਾਹੀ ਦਾ, ਉਸ ਦਾ ਰੁਤਬਾ ਘਟ ਜਾਂਦਾ ਅਤੇ ਉਨ੍ਹਾਂ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਅਥਵਾ ਉਹ ਹੇਠਲੀ ਸ਼੍ਰੇਣੀ ਦਾ ਰਾਜਪੂਤ ਸਮਝਿਆ ਜਾਣ ਲਗਦਾ ਹੈ।

ਰਾਜਪੂਤਾਂ ਦੇ ਘਰ, ਅਕਸਰ ਨਿਵੇਕਲੇ, ਕਿਸੇ ਪਹਾੜੀ ਦੀ ਚੋਟੀ ਉਤੇ ਬਣੇ ਹੁੰਦੇ ਹਨ ਜਾਂ ਜੰਗਲ ਵਿਚ ਕਿਸੇ ਓਟ ਜਾਂ ਫਿਰ ਝੁੰਗੀ ਵਿਚ, ਤਾਂ ਜੋ ਕੁਦਰਤੀ ਜਿਹਾ ਓਹਲਾ ਬਣਿਆ ਰਹੇ। ਇਨ੍ਹਾਂ ਦੇ ਘਰਾਂ ਵਿਚ ਡਿਉਢੀ ਜ਼ਰੂਰ ਹੁੰਦੀ ਹੈ, ਜਿਸ ਤੋਂ ਅਗੇ ਓਪਰਾ ਆਦਮੀ ਨਹੀਂ ਲੰਘ ਸਕਦਾ। ਵਿਆਹ ਸ਼ਾਦੀਆਂ ਤੇ ਹੋਰ ਸਮਾਗਮਾਂ ਵੇਲੇ ਰਾਜਪੂਤ, ਪੰਗਤਾਂ ਬੰਨ੍ਹ ਕੇ ਬੈਠਦੇ ਹਨ ਤੇ ਇਉਂ ਬਹਿਣ ਲਗਿਆਂ ਰੁਤਬੇ ਤੇ ਹੈਸੀਅਤ ਦਾ ਧਿਆਨ ਰਖਿਆ ਜਾਂਦਾ ਹੈ।

ਰਾਜਪੂਤਾਂ ਦੇ ਬਾਅਦ ਬ੍ਰਾਹਮਣਾਂ ਦਾ ਦਰਜਾ ਹੈ,

ਜਿਨ੍ਹਾਂ ਦੀ ਗਿਣਤੀ ਇਥੋਂ ਦੀ ਕੁਲ ਵਸੋਂ ਦਾ ਸੱਤਵਾਂ ਹਿੱਸਾ ਹੈ। ਕਾਂਗੜੇ ਦੇ ਸਭ ਬ੍ਰਾਹਮਣ, ਸਾਰਸਵਤ ਹਨ, ਜੋ ਅਗੋਂ ਕਈ ਬਰਾਦਰੀਆਂ ਵਿਚ ਬਿਖਰੇ ਹੋਏ ਹਨ। ਬ੍ਰਾਹਮਣਾਂ ਦੀਆਂ ਦੋ ਮੁਖ ਸ਼੍ਰੇਣੀਆਂ ਹਨ, ਇਕ ਹਲ ਵਾਹ ਕੇ ਗੁਜ਼ਾਰਾ ਤੋਰਨ ਵਾਲੇ, ਦੂਜੇ ਉਹ ਜੋ ਹਲ ਨਹੀਂ ਵਾਹੁੰਦੇ। ਜ਼ਿਮੀਂ ਨੂੰ ਵਾਹੁਣ ਵਾਲੇ ਬ੍ਰਾਹਮਣ ਨੀਵੀਂ ਸ਼੍ਰੇਣੀ ਦੇ ਸਮਝੇ ਜਾਂਦੇ ਹਨ। ਜਿਹੜੇ ਬ੍ਰਾਹਮਣ ਖੇਤੀ ਨਹੀਂ ਕਰਦੇ, ਉਹ ਜਜਮਾਨਾਂ ਦੇ ਦਾਨ ਪੁੰਨ 'ਤੇ ਪਲਦੇ ਹਨ। ਇਹ ਬ੍ਰਾਹਮਣ ਜਾਤੀ ਸਮੇਂ ਸਮੇਂ ਪੰਜਾਬ ਵਿਚ ਹੋਏ ਧਾਰਮਿਕ ਤਸ਼ਦਦ ਅਤੇ ਧਰਮ-ਬਦਲੀਆਂ ਤੋਂ ਡਰਦਿਆਂ, ਇਥੇ ਪਹਾੜਾਂ ਵਿਚ ਆ ਵਸੇ। ਪਹਾੜੀ ਬ੍ਰਾਹਮਣ ਤੇ ਉਨ੍ਹਾਂ ਦੀਆਂ ਔਰਤਾਂ ਮਾਸ-ਅੰਡੇ ਦੀ ਵਰਤੋਂ ਖੁਲ੍ਹੇ ਆਮ ਕਰਦੀਆਂ ਹਨ, ਪਰ ਮੈਦਾਨਾਂ ਵਿਚ ਵਸਦੇ ਬ੍ਰਾਹਮਣ ਮਾਸ ਅੰਡਾ ਨਹੀਂ ਛੂੰਹਦੇ, ਜਿਸ ਕਰਕੇ ਦੋਹਾਂ ਵਿਚ ਵਰਤ-ਵਰਤਾਣ ਨਹੀਂ।

ਕਾਂਗੜੇ ਵਿਚ ਕਿਰਸਾਣੀ ਦਾ ਸਾਰਾ ਕੰਮ ਰਾਠੀਆਂ ਤੇ ਘਿਰਥਾਂ ਨੇ ਸੰਭਾਲਿਆ ਹੋਇਆ ਹੈ। ਰਾਠੀ ਹੇਠਲੀ ਸ਼੍ਰੇਣੀ ਦੇ ਰਾਜਪੂਤਾਂ ਵਿਚੋਂ ਮੰਨੇ ਜਾਂਦੇ ਹਨ ਅਤੇ ਘਿਰਥ ਸ਼ੂਦਰਾਂ ਵਿਚੋਂ, ਜਿਥੇ ਕਿਧਰੇ ਵੀ ਜ਼ਮੀਨ ਪੱਧਰੀ ਤੇ ਜ਼ਰਖੇਜ਼ ਹੈ ਅਤੇ ਪੈਦਾਵਾਰ ਜ਼ਿਆਦਾ, ਉਥੇ ਉਥੇ ਘਿਰਥ ਵਸੇ ਹੋਏ ਹਨ। ਪਹਾੜਾਂ ਦੀਆਂ ਢਲਵਾਨਾਂ ਉਤੇ ਜਿਥੇ ਮਿਹਨਤ ਜ਼ਿਆਦਾ ਕਰਨੀ ਪੈਂਦੀ ਹੈ ਅਤੇ ਪੈਦਾਵਾਰ ਘਟ ਹੁੰਦੀ ਹੈ, ਉਥੇ ਅਕਸਰ ਰਾਠੀ ਵਸਦੇ ਹਨ। ਇਸੇ ਲਈ ਵਾਦੀ ਵਿਚ ਰਾਠੀ ਲਭਣਾ ਮੁਸ਼ਕਲ ਹੈ ਅਤੇ ਢਲਵਾਨਾਂ 'ਚ ਘਿਰਥ। ਭਿੰਨ ਭਿੰਨ ਖੇਤਰਾਂ ਵਿਚ, ਵਖਰੇ ਸਮੂਹਾਂ ਵਿਚ ਵਸਣ ਕਰਕੇ ਰਾਠੀਆਂ ਤੇ ਘਿਰਥਾਂ ਦੀ ਸ਼ਕਲ ਸੂਰਤ ਅਤੇ ਚਿਹਨ ਚਰਿਤ੍ਰ ਵਿਚ ਕਾਫ਼ੀ ਅੰਤਰ ਪੈਦਾ ਹੋ ਗਿਆ ਹੈ। ਰਾਠੀ ਖ਼ੂਬਸੂਰਤ ਡੀਲ ਡੌਲ ਵਾਲੇ ਹਨ—ਸਡੌਲ, ਗੋਰਾ ਰੰਗ ਤੇ ਨੈਣ-ਨੱਕਸ਼ ਦਿਲਖਿਚਵੇਂ। ਤਕੜੇ ਜੁਸੇ ਵਾਲੇ ਹੋਣ ਕਰਕੇ, ਕਰੜੀ ਮਿਹਨਤ ਤੇ ਘਾਲਣਾ ਕਰਦੇ ਹਨ। ਇਨ੍ਹਾਂ ਦੇ ਮੁਕਾਬਲੇ ਵਿਚ ਘਿਰਥ ਕੱਦ ਬੁਤ ਦੇ ਮੱਧਰੇ, ਸਰੀਰ ਦੇ ਦੁਬਲੇ-ਪਤਲੇ ਅਤੇ ਰੰਗ ਦੇ ਕਾਲੇ ਹਨ। ਇਨ੍ਹਾਂ ਦੇ ਨੈਣ-ਨਕਸ਼, ਤਾਤਾਰ ਕਬੀਲਿਆਂ ਦੇ ਲੋਕਾਂ ਨਾਲ, ਇਤਨੇ ਮਿਲਦੇ ਜੁਲਦੇ ਹਨ ਕਿ ਇਹ ਬਾਹਰੋਂ ਆਏ ਕਬੀਲਿਆਂ ਦੀ ਹੀ ਵੰਸ਼ ਜਾਪਦੇ ਹਨ। ਘਿਰਥ ਜ਼ਿਆਦਾਤਰ, ਪਾਲਮ, ਕਾਂਗੜੇ ਤੇ ਰੇਹਲੂ ਦੀਆਂ ਵਾਦੀਆਂ ਵਿਚ ਵਿਖਾਈ ਦਿੰਦੇ ਹਨ ਇਨ੍ਹਾਂ ਦਾ ਧੰਦਾ ਕਾਸ਼ਤਕਾਰੀ ਹੈ। ਔਰਤਾਂ, ਮਰਦਾਂ ਦੇ ਕੰਮ ਧੰਦੇ ਵਿਚ ਹੱਥ ਵਟਾਂਦੀਆਂ ਹਨ ਅਤੇ ਇਸਤੋਂ ਇਲਾਵਾ ਫਲ ਸਬਜ਼ੀ, ਦੁੱਧ ਤੇ ਲੱਕੜੀ ਆਦਿ ਮੰਡੀ ਵਿਚ ਵੇਚਣ ਲਈ ਲਿਜਾਂਦੀਆਂ ਹਨ। ਘਿਰਥਾਂ ਵਿਚ ਮਰਦ ਤੀਵੀਆਂ ਦੋਵੇਂ ਮਦਰਾ ਪੀਂਦੇ ਹਨ। ਸੁਭਾਅ ਦੇ ਝਗੜਾਲੂ ਹਨ। ਘਿਰਥ ਸ਼ੂਦਰ ਹੋਣ ਕਰਕੇ, ਜਨੇਊ ਨਹੀਂ ਪਹਿਨਦੇ। ਆਮ ਤੌਰ ਤੇ ਉਹ ਧੀ ਨੂੰ ਜਿਨਸ ਸਮਝ ਕੇ ਉਹਦਾ ਮੁਲ ਵਟਦੇ ਹਨ। ਇਨ੍ਹਾਂ ਵਿਚ ਵਟੇ-ਸਟੇ ਦਾ ਰਿਵਾਜ ਨਹੀਂ। ਘਿਰਥਾਂ ਦੀਆਂ ਰਵਾਇਤਾਂ ਅਨੁਸਾਰ, ਸ਼ਿਵ ਜੀ ਨੇ ਇਨ੍ਹਾਂ ਦੀ ਉਤਪਤੀ ਘਿਉ ਵਿਚੋਂ ਕੀਤੀ। ਇਸੇ ਲਈ ਇਹ ਘਿਰਤ ਅਖਵਾਏ, ਜੋ ਵਿਗੜ ਕੇ ਘਿਰਥ ਬਣ ਗਿਆ। ਘਿਰਥਾਂ ਦੀਆਂ 360 ਅੱਲਾਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਕੁਝ ਪਿਤਰੀ ਚਿੰਨ੍ਹ (ਟੋਟਮ) ਹਨ ਜਿਵੇਂ ਘੋੜ, ਗਿੱਦੜ, ਅੜਹੜੀ, ਆਦਿ ਜਾਤਾਂ।

ਰਾਠੀ ਆਪਣਾ ਪਿੱਛਾ ਰਾਜਪੂਤਾਂ ਨਾਲ ਜੋੜਦੇ ਹਨ। ਰਵਾਇਤ ਅਨੁਸਾਰ ਰਾਜਪੂਤ ਪਿਓ ਅਤੇ ਸ਼ੂਦਰ ਮਾਂ ਤੋਂ ਪੈਦਾ ਹੋਈ, ਜਾਇਜ਼ ਜਾਂ ਨਾਜਾਇਜ਼ ਔਲਾਦ, ਰਾਠੀ ਹਨ। ਇਹ ਲੋਕ ਜੰਞੂ ਪਹਿਨਦੇ ਹਨ, ਪਰ ਰਾਠੀਆਂ ਵਿਚ, ਕੰਨਿਆਂ ਦੇ ਰੁਪਏ ਲੈਣ ਤੇ ਵੱਟੇ ਸੱਟੇ ਦਾ ਰਵਾਜ, ਆਮ ਹੈ। ਕਰੇਵੇ ਦੀ ਪ੍ਰਥਾ ਵੀ ਹੈ, ਜੋ ਆਮ ਤੌਰ ਤੇ ਪਤੀ ਦੀ ਮੌਤ ਤੋਂ ਬਾਅਦ, ਉਸ ਤੋਂ ਅਗਲੇ ਛੋਟੇ ਭਰਾ ਨਾਲ ਕੀਤਾ ਜਾਂਦਾ ਹੈ। ਕਰੇਵੇ ਵੇਲੇ, ਪੰਡਿਤ ਦੋਹਾਂ ਧਿਰਾਂ ਨੂੰ ਦੋਕ 'ਤੇ ਬਿਠਾ ਕੇ ਉਨ੍ਹਾਂ ਦੇ ਸਿਰ ਉਤੇ ਲਾਲ ਚਾਦਰ ਪਾ ਦਿੰਦਾ ਹੈ। ਉਨ੍ਹਾਂ ਚਾਦਰਾਂ ਦੇ ਕੋਨਿਆਂ ਨੂੰ ਗੰਢਾਂ ਮਾਰ ਦਿੱਤੀਆਂ ਜਾਂਦੀਆਂ ਹਨ। ਪਤੀ ਪਤਨੀ ਦੇ ਨੱਕ ਵਿਚ ਨੱਥ ਪਹਿਨਾਂਦਾ ਹੈ। ਰਾਠੀਆਂ ਵਿਚ ਜੇ ਕੋਈ ਆਦਮੀ ਅਚਾਨਕ ਦੁਰਘਟਨਾ ਨਾਲ ਮਰ ਜਾਵੇ ਤਾਂ ਉਸ ਦੇ ਦੋ ਕਿਰਿਆ ਕਰਮ ਕੀਤੇ ਜਾਂਦੇ ਹਨ। ਇਕ ਉਸ ਦੇ ਘਰ ਵਿਚ, ਦੂਜੀ, ਨਰੈਣ ਬਲ, ਗੰਗਾ ਕੁਰਛੇਤਰ ਜਾਂ ਮਟਨ (ਕਸ਼ਮੀਰ) ਵਿਚ। ਇਸ ਤਰ੍ਹਾਂ ਉਸ ਦੀ ਰੂਹ ਭਟਕਦੀ ਨਹੀਂ ਫਿਰਦੀ।

ਕਾਂਗੜੇ ਵਿਚ ਵਣਜ-ਵਿਪਾਰ ਦਾ ਕੰਮ ਸੂਦ ਕਰਦੇ ਹਨ: ਹੱਟੀ ਵੀ ਤੇ ਸ਼ਾਹੂਕਾਰਾ ਵੀ। ਪਾਲਮ ਵਾਦੀ ਵਿਚ ਇਨ੍ਹਾਂ ਦੀ ਵਸੋਂ ਕਾਫ਼ੀ ਮਾਤਰਾ ਵਿਚ ਹੈ। ਇਹ ਪੰਜਾਬ ਦੇ ਬਾਣੀਆਂ ਵਾਂਗ ਲੋਟੂ ਸ਼੍ਰੇਣੀ ਮੰਨੀ ਜਾਂਦੀ ਹੈ। ਸੂਦਾਂ ਬਾਰੇ ਅਨੇਕਾਂ ਕਹਾਵਤਾਂ ਇਸ ਗੱਲ ਦਾ ਹੁੰਗਾਰਾ ਭਰਦੀਆਂ ਹਨ:—

ਸੂਦ ਤੇ ਸੱਪ ਇਕੋ ਜਿਹੇ, ਜਿਥੇ ਵੇਖੋ ਦਿਓ ਮਾਰ।
ਸੱਪ ਨਹੀਂ ਮਿੱਤਰ, ਸੂਦ ਨਹੀਂ ਯਾਰ।

ਕਾਂਗੜੇ ਦੀ ਵਸੋਂ ਦਾ ਇਕ ਮਹੱਤਵਪੂਰਨ ਭਾਗ ਗੱਦੀ ਲੋਕਾਂ ਦਾ ਹੈ। ਰਵਾਇਤਾਂ ਅਨੁਸਾਰ ਗੱਦੀ ਲੋਕ, ਉਨ੍ਹਾਂ ਹਿੰਦੂਆਂ ਦੀ ਸੰਤਾਨ ਹਨ ਜੋ ਔਰੰਗਜ਼ੇਬ ਦੇ ਰਾਜ ਵੇਲੇ, ਧਾਰਮਿਕ ਤੁਅਸਬ ਅਤੇ ਤਸ਼ਦਦ ਤੋਂ ਡਰ ਕੇ ਲਾਹੌਰੋਂ ਨੱਠ ਕੇ ਪਹਾੜਾਂ ਵਿਚ ਜਾ ਆਬਾਦ ਹੋਏ। ਇਹ ਲੋਕ ਕਿੱਤੇ ਵਲੋਂ ਆਜੜੀ ਹਨ ਅਤੇ ਅਕਸਰ ਭੇਡਾਂ ਬਕਰੀਆਂ ਪਾਲ ਕੇ ਗੁਜ਼ਾਰਾ ਤੋਰਦੇ ਹਨ। ਗਦੀ ਧੌਲੀਧਾਰ ਦੀਆਂ ਪਹਾੜੀਆਂ ਦੇ ਦੋਹੀਂ ਪਾਸੀਂ ਵਸੇ ਹੋਏ ਹਨ। ਸਰਦੀਆਂ ਵਿਚ ਗੱਦੀ ਅਕਸਰ ਆਪਣੇ ਇੱਜੜ ਨੂੰ ਕਾਂਗੜੇ, ਮੰਡੀ ਅਤੇ ਸੁਕੇਤ ਦੀ

ਵਾਦੀ ਵਿਚ ਚਰਾਂਦੇ ਹਨ ਅਤੇ ਗਰਮੀਆਂ ਦੇ ਦਿਨੀਂ ਫਿਰ ਇਹ ਲੋਕ, ਧੌਲੀਧਾਰ ਨੂੰ ਪਾਰ ਕਰ ਕੇ ਚੰਬੇ ਤੇ ਲਾਹੌਲ ਵਲ ਨਿਕਲ ਜਾਂਦੇ ਹਨ। ਕੁਝ ਕੁ ਗੱਦੀਆਂ ਨੇ ਦੋਹੀਂ ਪਾਸੀਂ ਉੱਤਰੀ ਢਲਾਨਾਂ ਅਤੇ ਦੱਖਣੀ ਢਲਾਨਾਂ 'ਤੇ ਘਰ ਵਸਾਏ ਹੋਏ ਹਨ।

ਗੱਦੀ ਆਪਣੇ ਵਖਰੇ ਪਹਿਰਾਵੇ ਸਦਕਾ ਛੇਤਨ ਪਛਾਣੇ ਜਾਂਦੇ ਹਨ। ਮਰਦ ਲੰਮਾ ਝੱਮਾ ਅਤੇ ਖੁਲ੍ਹਾ ਚੋਲਾ ਪਹਿਨਦੇ ਹਨ। ਲੱਕ ਦੁਆਲੇ ਕਾਲੀ ਉੱਨ ਦੀ ਡੋਰੀ ਵਲੇਟਦੇ ਹਨ ਅਤੇ ਸਿਰ 'ਤੇ ਟੋਪੀ। ਗੱਦਣਾਂ ਵੀ ਲੰਮਾ ਚੋਲਾ ਹੀ ਪਹਿਨਦੀਆ ਹਨ। ਜਿਨ੍ਹਾਂ ਤੇ ਫੁੱਲਾਂ ਬੂਟਿਆਂ ਦੀ ਕਢਾਈ ਕੀਤੀ ਹੁੰਦੀ ਹੈ। ਪਰ ਉਹ ਸਿਰ ਤੇ ਰੁਮਾਲ ਜ਼ਰੂਰ ਬੰਨ੍ਹਦੀਆਂ ਹਨ।

ਗਦੀਆਂ ਵਿਚ ਕਈ ਜਾਤਾਂ–ਬ੍ਰਾਹਮਣ, ਖੱਤਰੀ, ਰਾਜਪੂਤ ਅਤੇ ਪਛੜੀਆਂ ਸ਼੍ਰੇਣੀਆਂ ਮਾਨਸਿਕ ਰੂਪ ਵਿਚ ਰਚ ਮਿਚ ਗਈਆਂ ਹਨ। ਪਰ ਇਨ੍ਹਾਂ ਵਿਚੋਂ ਬਹੁਤੇ ਲੋਕ ਖੱਤਰੀ ਹਨ, ਕਿਉਂ ਜੋ ਇਨ੍ਹਾਂ ਗਦੀਆਂ ਦੀਆਂ ਗੋਤਾਂ ਜ਼ਿਆਦਾਤਰ ਪੰਜਾਬ ਦੇ ਖੱਤਰੀਆਂ ਨਾਲ ਮੇਲ ਖਾਂਦੀਆਂ ਹਨ। ਇਨ੍ਹਾਂ ਦੇ ਰੀਤ-ਰਵਾਜ ਵੀ ਖਤਰਮੇ ਹਨ। ਗੱਦੀ ਪਿੰਡਾਂ ਵਿਚ ਖੱਤਰੀ, ਰਾਜਪੂਤ ਰਾਠੀ ਤੇ ਠਾਕਰ ਆਦਿ ਸਭ ਅੰਤਰਜਾਤੀ ਵਿਆਹ ਕਰ ਲੈਂਦੇ ਹਨ।

ਕਾਂਗੜੇ ਵਿਚ, ਲੁਭਾਣਿਆਂ ਦੀ ਵਸੋਂ ਵੀ ਕਾਫ਼ੀ ਮਾਤਰਾ ਵਿਚ ਹੈ, ਖ਼ਾਸ ਤੌਰ 'ਤੇ ਨੂਰਪੁਰ ਤਹਿਸੀਲ ਵਿਚ, ਇਨ੍ਹਾਂ ਦੀਆਂ ਢੋਂਕਾਂ 'ਟਾਂਡਾ' ਅਖਵਾਉਂਦੀਆਂ ਹਨ। ਇਹ ਆਪਣੇ ਆਪ ਨੂੰ ਗੌੜ ਬ੍ਰਾਹਮਣਾਂ ਦੀ ਵੰਸ਼ ਦਸਦੇ ਹਨ। ਬਹਿਰੂਪੀਏ ਲੁਭਾਣਿਆਂ ਤੋਂ ਇਲਾਵਾ, ਬਾਕੀ ਸਭ ਲੋਕ ਜਨੇਊ ਪਹਿਨਦੇ ਹਨ। ਜਿਹੜੇ ਲੁਭਾਣੇ ਜਨੇਊ ਨਹੀਂ ਪਹਿਨਦੇ, ਉਨ੍ਹਾਂ ਵਿਚ ਵੀ ਜਨੇਊ ਪਹਿਨਣ ਦਾ ਸੰਸਕਾਰ ਕੀਤਾ ਜਾਂਦਾ ਹੈ ਅਤੇ ਵਿਆਹ ਵੇਲੇ ਹੋਰ ਸੰਸਕਾਰਾਂ ਦੌਰਾਨ ਉਹ ਜਨੇਊ ਜ਼ਰੂਰ ਧਾਰਨ ਕਰਦੇ ਹਨ।

ਲੁਭਾਣਿਆਂ ਦੀਆਂ ਰੀਤਾਂ ਰਸਮਾਂ ਭਾਵੇਂ ਹਿੰਦੂਆਂ ਵਾਲੀਆਂ ਹੀ ਹਨ, ਪਰ ਉਹ ਪਿੱਪਲ ਨੂੰ ਬੜੀ ਮਹੱਤਾ ਦਿੰਦੇ ਹਨ। ਲੜਕੇ ਦੇ ਜਨਮ ਮਗਰੋਂ ਨੌਵੇਂ ਦਿਨ ਉਹਨੂੰ ਪਿੱਪਲ ਦੇ ਦਰਖ਼ਤ ਹੇਠ ਪੂਜਾ ਅਰਚਾ ਲਈ ਲਿਜਾਇਆ ਜਾਂਦਾ ਹੈ। ਪਹਿਲਾਂ ਪਿੱਪਲ ਦੀਆਂ ਜੜ੍ਹਾਂ ਤੇ ਪਾਣੀ ਤਰੌਂਕਿਆ ਜਾਂਦਾ ਹੈ ਫਿਰ ਫੁੱਲ, ਚਾਵਲ ਤੇ ਕੰਗੂ ਭੇਟ ਕੀਤੇ ਜਾਂਦੇ ਹਨ। ਪਿੱਪਲ ਦੇ ਤਣੇ ਦੁਆਲੇ, ਜਨੇਊ ਦਾ ਧਾਗਾ ਵਲ੍ਹੇਟ ਕੇ, ਪ੍ਰਕਰਮਾ ਕੀਤੀ ਜਾਂਦੀ, ਗੁੜ ਅਤੇ ਛੋਲੇ ਪ੍ਰਸ਼ਾਦਿ ਵਜੋਂ ਵੰਡੇ ਜਾਂਦੇ ਹਨ। ਇਸ ਤਰ੍ਹਾਂ ਵਿਆਹ ਤੋਂ ਤਿੰਨ ਦਿਨ ਬਾਅਦ ਪਿੱਪਲ ਪੂਜਿਆ ਜਾਂਦਾ ਹੈ ਅਤੇ ਫੁੱਲ, ਚਾਵਲ, ਕੰਗੂ ਆਦਿ ਭੇਟ ਕਰ ਕੇ ਪਿੱਪਲ ਦੀ ਪ੍ਰਕਰਮਾ ਕੀਤੀ ਜਾਂਦੀ ਹੈ ਤੇ ਮੌਲੀ ਦਾ ਧਾਗਾ ਵਲ੍ਹੇਟਿਆ ਜਾਂਦਾ ਹੈ। ਲੁਭਾਣਿਆਂ ਵਿਚ, ਸੰਤ ਦੀ ਰੀਤ, ਵਰ-ਪੱਖ ਵਾਲੇ, ਕੰਨਿਆ-ਪੱਖ ਦੇ ਘਰ ਜਾ ਕੇ ਕਰਦੇ ਹਨ। ਵਿਆਹ ਚੇਤਰ, ਭਾਦਰੋਂ, ਅੱਸੂ ਅਤੇ ਪੋਹ ਵਿਚ ਨਹੀਂ ਕੀਤੇ ਜਾਂਦੇ। ਬਾਕੀ ਮਹੀਨਿਆਂ ਵਿਚ ਵੀ ਵਿਆਹ ਹਮੇਸ਼ਾ ਚਾਨਣੇ ਪੱਖ ਵਿਚ ਕਰਨ ਦੀ ਪ੍ਰਥਾ ਹੈ, ਖ਼ਾਸ ਤੌਰ ਤੇ ਚਾਨਣੀ ਇਕਾਦਸ਼ੀ ਨੂੰ।

ਉਪਰੋਕਤ ਸਾਰੀ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਕਾਂਗੜੇ ਦੇ ਇਲਾਕੇ ਵਿਚ, ਭਾਂਤ ਭਾਂਤ ਦੀਆਂ ਜਾਤੀਆਂ, ਨਸਲਾਂ ਤੇ ਕਬੀਲੇ ਰਹਿੰਦੇ ਹਨ, ਜੋ ਸਮੇਂ ਸਮੇਂ ਪੰਜਾਬ ਵਿਚ ਹੀ ਜਾ ਕੇ ਵੱਸੇ, ਪਰ ਅਜ ਇਹ ਸਭ ਅੱਡ ਅੱਡ ਵਿਖਾਈ ਦੇਣ ਦੀ ਥਾਂ, ਇਕ ਖ਼ੂਬਸੂਰਤ ਬੁਣਤੀ ਵਿਚ ਗੁੰਦੇ, ਇਕ ਰੂਪ ਹੋਏ ਮਿਲਦੇ ਹਨ, ਜਿਵੇਂ ਇਕ ਫੁਲਵਾੜੀ ਦੇ ਬੂਟੇ ਹੋਣ।

(ਅ) ਲੋਕ ਧਰਮ : ਕਾਂਗੜੇ ਦੀ ਬਹੁਤੀ ਵਸੋਂ ਭਾਵੇਂ ਹਿੰਦੂਆਣੀ ਹੈ, ਪਰ ਉਹ ਸਨਾਤਨੀ ਨਾਲੋਂ ਲੋਕ-ਧਰਮ ਦੇ ਵਧੇਰੇ ਧਾਰਨੀ ਹੈ। ਪਹਾੜੀ ਇਲਾਕੇ ਦਾ ਧਰਮ ਮੈਦਾਨਾਂ ਨਾਲੋਂ ਰੰਗ-ਰੂਪ ਵਿਚ, ਹਮੇਸ਼ਾ ਵਖਰਾ ਤੇ ਪਰੰਪਰਕ ਹੁੰਦਾ ਹੈ। ਪਹਾੜੀ ਇਲਾਕੇ ਵਿਚ ਲੋਕ ਪ੍ਰਾਕ੍ਰਿਤਕ ਸੁੰਦਰਤਾ ਤੋਂ ਦ੍ਰਿਸ਼ਟਮਾਨ ਦੀ ਅਲੌਕਿਕਤਾ ਤੋਂ ਪ੍ਰਭਾਵਿਤ ਹੋ ਕੇ, ਉਸ ਨੂੰ ਪੂਜਦੇ ਅਤੇ ਆਲੇ ਦੁਆਲੇ ਦੀ ਹਰ ਪ੍ਰਾਕ੍ਰਿਤਕ ਵਸਤੂ ਦਾ ਦੇਵੀਕਰਨ ਕਰਕੇ, ਉਹਨੂੰ ਦਿੱਬਤਾ ਪ੍ਰਦਾਨ ਕਰਦੇ ਹਨ। ਜੜ੍ਹ ਵਸਤਾਂ ਨੂੰ ਪ੍ਰਾਣਧਾਰੀ ਮੰਨਣ ਦੀ ਰੁਚੀ, ਉਨ੍ਹਾਂ ਵਿਚ ਪ੍ਰਬਲ ਹੁੰਦੀ ਹੈ। ਜਿਸ ਕਰਕੇ ਲੌਕਿਕ ਵਸਤਾਂ ਅਲੌਕਿਕ ਸਰੂਪ ਧਾਰ ਕੇ ਉਨ੍ਹਾਂ ਦੀ ਮਾਨਸਿਕਤਾ ਵਿਚ ਰੱਚ ਜਾਂਦੀਆਂ ਹਨ। ਕਾਂਗੜੇ ਦੇ ਲੋਕ ਪ੍ਰਾਚੀਨ ਸੰਸਕਾਰਾਂ, ਪੂਜਾ-ਵਿੱਧੀਆਂ, ਜੋ ਆਦਿਮ ਪ੍ਰਵਿਰਤੀਆਂ ਵਿਚੋਂ ਉਪਜੀਆਂ, ਉਨ੍ਹਾਂ ਵਿਚ ਉਹ ਲੱਕ ਲੱਕ ਧਸੇ ਹੋਏ ਹਨ। ਕਾਂਗੜੇ ਵਿਚ ਦੇਵਤਿਆਂ ਨਾਲੋਂ ਦੇਵੀਆਂ ਦੀ ਪੂਜਾ ਵਧੇਰੇ, ਅਨੇਕਾਂ ਰੂਪਾਂ ਤੇ ਮਾਤਰਾਂ ਵਿਚ ਹੋਣਾ, ਇਸ ਗੱਲ ਦਾ ਪ੍ਰਮਾਣ ਹੈ ਕਿ ਕਾਂਗੜੇ ਵਿਚ ਮਾਤ੍ਰੀ ਪ੍ਰਧਾਨ ਸਮਾਜ ਦੀ ਪ੍ਰਥਾ ਲੰਮੇ ਅਰਸੇ ਤਕ ਕਾਇਮ ਰਹੀ। ਦੇਵੀ ਦੇਵਤਿਆਂ ਤੋਂ ਇਲਾਵਾ ਕਾਂਗੜੇ ਵਿਚ ਜੱਖ, ਕਿੰਨਰ, ਪਿਸ਼ਾਚ, ਨਾਗ ਅਤੇ ਬਨ ਬੀਰਾਂ ਦੀ ਪੂਜਾ ਅਜੇ ਵੀ ਆਦਿਮ ਰੂਪ ਵਿਚ ਪ੍ਰਚਲਤ ਹੈ, ਜਿਨ੍ਹਾਂ ਬਾਰੇ ਇਥੇ ਸੰਖੇਪ ਜਿਹੀ ਚਰਚਾ ਕਰਨੀ ਜ਼ਰੂਰੀ ਹੈ।

ਕਾਂਗੜੇ ਦੇ ਲੋਕਾਂ ਦੀ ਦੇਵੀਆਂ ਵਿਚ ਪੂਰਨ ਆਸਥਾ ਹੈ। ਪ੍ਰਧਾਨ ਰੂਪ ਵਿਚ ਦੁਰਗਾ ਦੇਵੀ ਦੀ ਹੀ ਪੂਜਾ ਪ੍ਰਚਲਤ ਹੈ, ਜੋ ਅਨੇਕਾਂ ਰੂਪਾਂ ਵਿਚ ਸਮੇਂ ਸਮੇਂ ਪ੍ਰਗਟ ਹੋਈ। ਪਹਾੜੀਆਂ ਦੀਆਂ ਬਹੁਤ ਸਾਰੀਆਂ ਚੋਟੀਆਂ ਤੇ ਦੇਵੀ ਦੇ ਭਿੰਨ ਭਿੰਨ ਰੂਪਾਂ ਦੇ ਮੰਦਰ ਬਣੇ ਹੋਏ ਹਨ। ਪੁਰਾਣਾਂ ਅਨੁਸਾਰ ਦੁਰਗਾ ਦੇ ਨੌਂ ਕਰੋੜ ਰੂਪ ਹਨ, ਹਰੇਕ ਸਰੂਪ ਦਾ

ਵਖਰਾ ਨਾਂ ਤੇ ਕਰਤਵ ਹੈ। ਕਾਂਗੜੇ ਵਿਚ ਦੁਰਗਾ, ਗੌਰੀ, ਪਾਰਬਤੀ, ਮਹੇਸ਼ਵਰੀ, ਭਿਵਾਨੀ, ਚੰਡਕਾ, ਅਸ਼ਟ ਭੁਜੀ, ਕਾਲੀ, ਕਾਲਕਾ ਤੇ ਅਸੁਰੀ ਆਦਿ ਅਨੇਕਾਂ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ। ਸੀਤਲਾ ਮਸਾਣੀ ਆਦਿ ਸੱਤ ਭੈਣਾਂ ਵੀ ਦੁਰਗਾ ਦਾ ਹੀ ਰੂਪ ਮੰਨੀਆਂ ਜਾਂਦੀਆਂ ਹਨ। ਇਹੋ ਬੀਮਾਰੀਆਂ ਫੈਲਾਂਦੀਆਂ ਹਨ। ਕੁਝ ਹੋਰ ਵੀ ਦੇਵੀਆਂ ਹਨ, ਜੋ ਕੇਵਲ ਕਾਂਗੜੇ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਹੀ ਪੂਜੀਆਂ ਜਾਂਦੀਆਂ ਹਨ। ਦੇਵੀਆਂ ਦੀ ਪੂਜਾ ਲਈ ਯਾਤ੍ਰੀ ਪੰਜਾਬ ਵਿਚ ਆਉਂਦੇ ਰਹਿੰਦੇ ਹਨ। ਜਿਵੇਂ ਕਿ ਜਵਾਲਾ ਜੀ, ਮਾਨਸਾ ਦੇਵੀ, ਨੈਨਾ ਦੇਵੀ, ਚਿੰਤਪੂਰਨੀ ਆਦਿ ਇਨ੍ਹਾਂ ਦੇਵੀਆਂ ਦੀ ਇਤਨੀ ਮਾਨਤਾ ਹੈ ਕਿ ਜਿਥੇ ਇਨ੍ਹਾਂ ਦੇ ਮੰਦਰ ਹਨ, ਉਸ ਇਲਾਕੇ ਦਾ ਨਾਉਂ ਵੀ, ਦੇਵੀਆਂ ਦੇ ਨਾਂ ਉਤੇ ਹੀ ਪੈ ਗਿਆ। ਕਾਂਗੜੇ ਵਿਚ ਤਾਂ ਸਥਾਨਕ ਦੇਵੀਆਂ ਦੀ ਇਤਨੀ ਭਰਮਾਰ ਹੈ ਕਿ ਕਾਂਗੜੇ ਦੇ ਮੰਦਰ ਦੀ ਨੀਂਹ ਰਖਣ ਵੇਲੇ ਇਨ੍ਹਾਂ ਵਿਚ 360 ਦੇਵੀ ਮੂਰਤੀਆਂ ਸ਼ਰਧਾ ਭੇਟ ਕਰਨ ਲਈ ਲਿਆਂਦੀਆਂ ਗਈਆਂ। ਕਾਂਗੜਾ ਵਿਚ ਦੇਵੀ ਮਾਤਾ ਨੂੰ, ਕਈ ਸਥਾਨਕ ਨਾਂਵਾਂ ਹੇਠ ਵੀ ਪੂਜਿਆ ਜਾਂਦਾ ਹੈ ਜਿਵੇਂ ਸਮਲੌਹੀ, ਜਨਿਆਰੀ, ਬਿਲਾਸਪੁਰ ਵਿਚ ਬਿਲਾਸਾ, ਸਿਆਲ ਵਿਚ ਭਰਾੜੀ, ਕਲਪਾ ਵਿਚ ਜਵਾਲੀ, ਹਰਸਨ ਵਿਚ ਬਾਲਾ ਸੁੰਦਰੀ, ਨਖੰਡੀ ਵਿਚ ਮੁਖੀ, ਕੋਟਲਾ ਵਿਚ ਕੋਟਲਾ ਤੇ ਚਮੁੰਡਾ ਆਦਿ ਦੇਵੀਆਂ ਖੇਤਰ ਤੋਂ ਬਾਹਰ ਨਹੀਂ ਜਾਣੀਆਂ ਜਾਂਦੀਆਂ। ਇਨ੍ਹਾਂ ਮੰਦਰਾਂ ਤੇ ਦੇਵੀਆਂ ਦੀ ਉਤਪਤੀ ਵੀ ਬੜੇ ਅਲੌਕਿਕ ਢੰਗ ਨਾਲ ਹੋਈ ਹੈ। ਸਿਆਲ ਦੇ ਮੰਦਰ ਦੀ ਨੀਂਹ ਫ਼ਜਾ ਵਜ਼ੀਰ ਨੇ ਤਿੰਨ ਸਦੀਆਂ ਪਹਿਲਾਂ ਰਖੀ। ਉਸਨੂੰ ਸੁਪਨੇ ਵਿਚ ਦੇਵੀ ਨੇ ਪ੍ਰਗਟ ਹੋ ਕੇ ਆਦੇਸ਼ ਦਿਤਾ ਸੀ ਕਿ ਕੋਈ ਪੱਥਰ ਜਿਸ ਉਤੇ ਲੋਕ ਕੁਹਾੜੀਆਂ ਦੀ ਧਾਰ ਤੇਜ਼ ਕਰਦੇ ਹੋਣ, ਨੂੰ ਮੂਰਤੀ ਵਜੋਂ ਰਖ ਕੇ ਉਪਰ ਮੰਦਰ ਉਸਾਰੋ (ਗਲਾਸਰੀ 1,319)। ਹਰਸਰ ਦੇ ਮੰਦਰ ਬਾਲਾ ਸੁੰਦਰੀ ਬਾਰੇ ਵੀ ਇਕ ਅਲੌਕਿਕ ਕਥਾ ਪ੍ਰਚਲਤ ਹੈ। ਇਕ ਵਾਰ ਗੁਲੇਰ ਦਾ ਰਾਜਾ ਹਰੀ ਚੰਦ ਸ਼ਿਕਾਰ ਖੇਡਦਾ ਹਰਸਰ ਵਲ ਨਿਕਲ ਗਿਆ ਤੇ ਉਥੇ ਇਕ ਖੂਹ ਵਿਚ ਜਾ ਡਿਗਾ। ਉਸ ਨੇ ਦੇਵੀ ਦੀ ਅਰਾਧਨਾ ਕੀਤੀ। ਦੇਵੀ ਨੇ ਪ੍ਰਗਟ ਹੋ ਕੇ ਉਹਨੂੰ ਬਾਹਰ ਕਢਿਆ ਤੇ ਆਦੇਸ਼ ਦਿਤਾ ਕਿ ਇਥੇ ਉਹ ਦੇਵੀ ਦਾ ਮੰਦਰ ਬਣਵਾਏ। ਪਰ ਰਾਜੇ ਨੇ ਇਨਕਾਰ ਕਰਦੇ ਹੋਏ ਦਸਿਆ ਕਿ ਇਹ ਇਲਾਕਾ ਉਸਦਾ ਆਪਣਾ ਨਹੀਂ। ਇਸ ਲਈ ਇਥੇ ਉਹ ਮੰਦਰ ਉਸਾਰਨ ਤੋਂ ਅਸਮਰਥ ਹੈ। ਇਸ ਤੇ ਦੇਵੀ ਕਰੋਧ ਵਿਚ ਆ ਗਈ ਤੇ ਰਹੱਸਮਈ ਢੰਗ ਨਾਲ ਉਸਨੂੰ ਫਿਰ ਖੂਹ ਵਿਚ ਧਕੇਲ ਦਿਤਾ। ਖੂਹ ਵਿਚ ਉਹ ਤੇਰ੍ਹਾਂ ਦਿਨ ਰਿਹਾ ਅਤੇ ਮੁੜ ਉਸਨੇ ਦੇਵੀ ਦੀ ਅਰਾਧਨਾ ਕੀਤੀ ਤੇ ਕਈ ਸੁੱਖਣਾ ਸੁੱਖੀਆਂ। ਸੌਦਾਗਰਾਂ ਦਾ ਇਕ ਕਾਫ਼ਲਾ ਉਧਰੋਂ ਦੀ ਲੰਘਿਆ। ਇਕ ਸੌਦਾਗਰ ਨੂੰ ਪਿਆਸ ਲਗੀ ਤਾਂ ਉਨ੍ਹਾਂ ਨੇ ਰਾਜੇ ਹਰੀਚੰਦ ਨੂੰ ਖੂਹ ਵਿਚੋਂ ਬਾਹਰ ਕਢਿਆ ਤਾਂ ਰਾਜੇ ਨੇ ਉਥੇ ਦੇਵੀ ਬਾਲਾ ਸੁੰਦਰੀ ਦਾ ਮੰਦਰ ਬਣਵਾਇਆ। ਇਸ ਦੇਵੀ ਦੀ ਪੂਜਾ ਜਿਆਦਾਤਰ ਗੁਲੇਰ ਘਰਾਣੇ ਵਿਚ ਹੀ ਪ੍ਰਚਲਤ ਹੈ।

ਕਾਂਗੜੇ ਵਿਚ ਕਈ ਹੋਰ ਦੇਵੀਆਂ ਦੇ ਮੰਦਰ ਵੀ ਮਿਲਦੇ ਹਨ। ਇਤਨੀਆਂ ਦੇਵੀਆਂ ਦੇ ਮੰਦਰ ਭਾਰਤ ਦੇ ਕਿਸੇ ਹੋਰ ਖੇਤਰ ਵਿਚ ਪ੍ਰਾਪਤ ਨਹੀਂ। ਕਾਂਗੜੇ ਦੇ ਕਿਲੇ ਦੇ ਅੰਦਰ ਅੰਬਕਾ ਦੇਵੀ ਦਾ ਮੰਦਰ ਹੈ, ਜੋ ਪਾਂਡੂਆਂ ਦੇ ਵੇਲੇ ਦਾ ਦਸਿਆ ਜਾਂਦਾ ਹੈ। ਇਹ ਦੇਵੀ ਕਟੋਚ ਘਰਾਣੇ ਦੀ ਕੁਲ ਦੇਵੀ ਹੈ। ਘਿਆਨਾ ਕਲਾਂ ਵਿਚ ਅੰਜਨੀ ਦੇਵੀ ਦਾ ਮੰਦਰ ਹੈ। ਇਹ ਦੇਵੀ ਗੌਤਮ ਦੀ ਕੰਨਿਆਂ ਸੀ। ਗੌਤਮ ਨੇ, ਉਸ ਤੋਂ ਕੰਵਾਰੀ ਕੰਨਿਆਂ ਦੇ ਰੂਪ ਵਿਚ ਹੀ, ਪੁੱਤਰ ਦੀ ਉਤਪਤੀ ਕਿਸੇ ਖ਼ਾਸ ਵਜ੍ਹਾ ਕਰਕੇ ਚਾਹੀ, ਅੰਜਨੀ ਘਰ ਛਡ ਕੇ ਇਥੇ ਆ ਵਸੀ। ਮਗਰੋਂ ਉਸ ਦੀ ਸਿਮਰਤੀ ਵਿਚ 1899 ਸੰਮਤ ਵਿਚ ਜ਼ੁਮੇਂਦਾਰ ਖੁਸ਼ਹਾਲ ਸਿੰਘ ਨੇ ਮੰਦਰ ਬਣਵਾਇਆ। ਇਸ ਮੰਦਰ ਵਿਚ ਇਕ ਪੱਥਰ ਤੇ ਅੰਜਨੀ ਦੀ ਮੂਰਤੀ ਤੋਂ ਇਲਾਵਾ, ਉਸ ਗਊ ਦੇ ਖੁਰਾਂ ਦੇ ਨਿਸ਼ਾਨ ਹਨ; ਜਿਸ ਦਾ ਦੁੱਧ ਉਹ ਪੀਂਦੀ ਸੀ। ਇਸ ਦੇਵੀ ਦੀ ਪੂਜਾ ਵੇਲੇ ਸਵੇਰੇ ਦੁੱਧ ਦਾ ਚੜ੍ਹਾਵਾ ਚੜ੍ਹਦਾ ਹੈ। ਦੁਪਹਿਰੀਂ ਚਾਵਲਾਂ ਦਾ ਤੇ ਸ਼ਾਮੀਂ ਉਬਲੇ ਹੋਏ ਛੋਲਿਆਂ ਦਾ। ਨੂਰਪੁਰ ਦੇ ਪਿੰਡ ਦਬਾਣਾ ਵਿਚ ਧੌਲੀ ਦੇਵੀ ਦਾ ਮੰਦਰ ਹੈ। ਧੌਲੀ ਇਕ ਰਾਜਪੂਤ ਕੰਨਿਆਂ ਸੀ, ਜਿਸ ਦਾ ਜ਼ੋਰ-ਜਬਰ ਨਾਲ ਵਿਆਹ ਕਰ ਦਿੱਤਾ, ਪਰ ਉਸ ਨੇ ਫਿਰ ਵੀ ਉਸ ਵਿਆਹ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਘਰੋਂ ਨਠ ਕੇ, ਇਸ ਥਾਂ ਜਿਥੇ ਹੁਣ ਮੰਦਰ ਹੈ, ਅਲੋਪ ਹੋ ਗਈ। ਇਹ ਘਟਨਾ ਛੇ ਸੌ ਸਾਲ ਪੁਰਾਣੀ ਹੈ। ਮੰਦਰ ਵਿਚ ਦੇਵੀ ਦੀ ਕੰਧ ਨਾਲ ਖੜੀ, ਦੋ ਫੁੱਟ ਲੰਮੀ ਮੂਰਤੀ ਹੈ। ਨੇੜੇ ਹੀ ਚਾਰ ਫੁਟ ਉਚੀ ਸ਼ਿਵ ਦੀ ਮੂਰਤੀ ਖੜੀ ਹੈ। ਸਵੇਰੇ ਮੂਰਤੀ ਦੀ ਆਰਤੀ ਉਤਾਰੀ ਜਾਂਦੀ ਹੈ ਤੇ ਸ਼ਾਮੀਂ ਦੀਵੇ ਬਾਲੇ ਜਾਂਦੇ ਹਨ।

ਕਾਂਗੜੇ ਵਿਚ ਰਲੀ ਦੀ ਪੂਜਾ ਵੀ ਆਮ ਪ੍ਰਚਲਤ ਹੈ। ਛੋਟੀਆਂ ਵੱਡੀਆਂ ਕੁੜੀਆਂ ਸ਼ਿਵ ਤੇ ਪਾਰਬਤੀ ਦੀ ਮੂਰਤੀ ਬਣਾ ਕੇ ਉਨ੍ਹਾਂ ਦਾ ਵਿਆਹ ਰਚਾਂਦੀਆਂ ਹਨ ਤੇ ਫਿਰ ਇਹ ਮੂਰਤੀਆਂ ਕਿਸੇ ਛਪੜ ਜਾਂ ਦਰਿਆ ਵਿਚ ਪ੍ਰਵਾਹ ਦਿੱਤੀਆਂ ਜਾਂਦੀਆਂ ਹਨ (ਵੇਖੋ : ਰਲੀ ਪੂਜਾ)। ਪੰਜਾਬ ਵਿਚ ਨੌਰਾਤਿਆਂ ਦੇ ਦਿਨੀਂ, ਛੋਟੀਆਂ ਕੁੜੀਆਂ ਦੇਵੀ ਦੇ ਨਮਿਤ ਖੇਤਰੀ ਬੀਜਦੀਆਂ ਤੇ ਦਸਵੇਂ ਨੌਰਾਤਰੇ ਜਲ ਪ੍ਰਵਾਹ ਕਰਦੀਆਂ ਹਨ।

ਭਿੰਨ ਭਿੰਨ ਦੇਵੀਆਂ ਦੀ ਪੂਜਾ ਵੰਨ-ਸਵੰਨੀਆਂ ਵਿਧੀਆਂ, ਪੂਜਾ ਵਸਤੂਆਂ ਅਤੇ ਸਾਮਿਗਰੀ ਨਾਲ ਕੀਤੀ ਜਾਂਦੀ ਹੈ । ਜਿਵੇਂ ਭਰਾੜੀ ਦੇਵੀ ਦੀ ਪੂਜਾ ਕੇਵਲ ਵਿਸਾਖੀ ਨੂੰ ਹੀ ਕੀਤੀ ਜਾਂਦੀ ਹੈ ਅਤੇ ਉਸ ਦਿਨ ਭੋਗ ਪਵਾਇਆ ਜਾਂਦਾ ਤੇ ਜੋਤ ਜਗਾਈ ਜਾਂਦੀ ਹੈ। ਬਾਲਾ ਸੁੰਦਰੀ ਦੇਵੀ ਨੂੰ ਸਵੇਰ ਵੇਲੇ ਫੁੱਲ ਚੜ੍ਹਾਏ ਜਾਂਦੇ ਹਨ ਤੇ ਸ਼ਾਮੀਂ ਮਠਿਆਈ ।

ਕਾਂਗੜੇ ਦੀਆਂ ਵਿਭਿੰਨ ਸਥਾਨਕ ਦੇਵੀਆਂ ਨਾਲ ਸੰਬੰਧਿਤ ਦੰਤ-ਕਥਾਵਾਂ ਜਾਂ ਮਿੱਥਕ ਕਥਾਵਾਂ ਦਾ ਅਧਿਐਨ ਕੀਤਾ ਜਾਵੇ ਤਾਂ ਸਹਿਜੇ ਹੀ ਇਹ ਜਾਣਿਆ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਦੇਵੀਆਂ ਕੁਲ-ਦੇਵੀਆਂ ਹਨ, ਜਿਨ੍ਹਾਂ ਦਾ ਮਗਰੋਂ ਉਦਾਤੀਕਰਣ ਹੋ ਗਿਆ ਅਤੇ ਇਹ ਸਭ ਦੁਰਗਾ ਦਾ ਹੀ ਇਕ-ਰੂਪ ਮੰਨੀਆਂ ਜਾਣ ਲਗੀਅ ।

ਦੇਵੀ ਦੀ ਪੂਜਾ ਚੇਤਰ ਤੇ ਅਸੂ ਦੇ ਨੌਰਾਤਿਆਂ ਵਿਚ ਪੂਰੇ ਜ਼ੋਰ ਤੇ ਹੁੰਦੀ ਹੈ (ਵੇਖੋ : ਨੌਰਾਤੇ) । ਇਨ੍ਹਾਂ ਦਿਨਾਂ ਵਿਚ ਜਾਗੇ ਕੀਤੇ ਜਾਂਦੇ ਹਨ ਤੇ ਦੇਵੀ ਮਾਤਾ ਦੀ ਉਸਤਤੀ ਵਿਚ ਭੇਟਾਂ ਗਾਈਆਂ ਜਾਂਦੀਆਂ ਹਨ । ਮੰਦਰਾਂ ਵਿਚ ਦੁਰਗਾ ਦੇਵੀ ਦੀ ਦੈਂਤਾਂ ਨੂੰ ਨਾਸ ਕਰਨ ਦੀ ਕਥਾ ਆਮ ਸੁਣਾਈ ਜਾਂਦੀ ਹੈ। ਕਾਂਗੜੇ ਵਿਚ ਦੇਵੀ ਨਮਿਤ ਵਰਤ ਰੱਖਣ ਦੀ ਵੀ ਪ੍ਰਥਾ ਹੈ । ਹਰੇਕ ਵਾਰ ਨਾਲ ਕਿਸੇ ਨਾ ਕਿਸੇ ਦੇਵੀ ਦੇਵਤੇ ਦੇ ਪਤੀਜਣ ਤੇ ਸੁੱਖਾਂ ਪੂਰੀਆਂ ਹੋਣ ਦੀਆਂ ਮਿੱਥਕ ਕਥਾਵਾਂ ਆਮ ਪ੍ਰਚਲਤ ਹਨ ਜਿਵੇਂ ਕਿ ਸੰਤੋਸ਼ੀ ਮਾਂ ਦਾ ਵਰਤ ਸ਼ੁਕਰਵਾਰ ਨੂੰ ਰਖਿਆ ਜਾਂਦਾ ਹੈ ਅਤੇ ਧਾਰਨਾ ਹੈ ਕਿ ਸੋਲਾਂ ਸ਼ੁਕਰਵਾਰ ਵਰਤ ਰਖਣ ਨਾਲ ਮਨ-ਇਛਤ ਫਲ ਮਿਲਦਾ ਹੈ ।

ਕਾਂਗੜੇ ਦਾ ਸਭ ਤੋਂ ਪ੍ਰਸਿਧ ਮੰਦਰ ਜਵਾਲਾਮੁਖੀ ਹੈ, ਜਿਥੇ ਹਮੇਸ਼ਾ ਅਗਨੀ ਦੀਆਂ ਲਾਟਾਂ ਥੁਥ ਦੇ ਕੇ ਨਿਕਲਦੀਆਂ ਰਹਿੰਦੀਆਂ ਹਨ । ਜਵਾਲਾਮੁਖੀ ਜਲੰਧਰ ਨਾਂ ਦੇ ਦਾਨਵ ਦਾ ਮੁਖ ਮੰਨਿਆ ਜਾਂਦਾ ਹੈ, ਜਿਸ ਦਾ ਬੱਧ ਵਿਸ਼ਨੂੰ ਨੇ ਕੀਤਾ ਸੀ । ਜਵਾਲਾਮੁਖੀ ਬਾਰੇ ਇਹ ਵੀ ਧਾਰਨਾ ਪ੍ਰਚਲਤ ਹੈ ਕਿ ਜਦੋਂ ਸਤੀ ਨੂੰ ਮੋਢੇ ਉਤੇ ਚੁਕ ਕੇ, ਸ਼ਿਵ ਨੇ ਤਾਂਡਵ ਨਾਚ ਨਚਿਆ ਉਦੋਂ ਉਹਦੇ ਅੰਗ ਭਿੰਨ ਭਿੰਨ ਥਾਵਾਂ ਤੇ ਡਿਗੇ ਤੇ ਜੀਭ ਜਵਾਲਾਮੁਖੀ ਵਾਲੀ ਥਾਂ ਤੇ ਆ ਪਈ । ਜਵਾਲਾਮੁਖੀ ਦੇ ਵਡੇ ਮੰਦਰ ਦੇ ਨੇੜੇ ਅਨੇਕਾਂ ਹੋਰ ਛੋਟੇ ਛੋਟੇ ਮੰਦਰ ਵੀ ਮਿਲਦੇ ਹਨ। ਜਵਾਲਾਮੁਖੀ ਦਾ ਮੰਦਰ ਅਠ ਸੌ ਸਾਲ ਪੁਰਾਣਾ ਹੈ । ਇਸ ਨੂੰ ਇਕ ਬ੍ਰਾਹਮਣ ਨੇ ਲਭਿਆ । ਰਵਾਇਤ ਹੈ ਕਿ ਦੱਖਣ ਦੇ ਇਕ ਬ੍ਰਾਹਮਣ ਨੂੰ ਦੇਵੀ ਦਾ ਪ੍ਰਕਾਸ਼ ਹੋਇਆ ਤੇ ਦੇਵੀ ਨੇ ਉਸ ਨੂੰ ਆਦੇਸ਼ ਦਿੱਤਾ ਕਿ ਉਹ ਕਾਂਗੜੇ ਦੀਆਂ ਪਹਾੜੀਆਂ ਵਿਚ ਜਾਵੇ । ਉਥੇ ਉਹਨੂੰ ਉਜਾੜ ਵਿਚ ਅਗਨੀ ਦੀਆਂ ਲਾਟਾਂ ਜਗਦੀਆਂ ਵਿਖਾਈ ਦੇਣਗੀਆਂ । ਉਸ ਨੇ ਇਹ ਥਾਂ ਲਭ ਕੇ ਮੰਦਰ ਬਣਾਇਆ । ਜਵਾਲਾਮੁਖੀ ਦੀ ਯਾਤਰਾ ਕਈ ਇਤਿਹਾਸਕ ਵਿਅਕਤੀਆਂ ਨੇ ਵੀ ਕੀਤੀ ।"ਅਕਬਰ ਨੇ ਨੰਗੇ ਪੈਰੀਂ ਚਲ ਕੇ ਇਥੇ ਸੋਨੇ ਦਾ ਛੱਤਰ ਚੜ੍ਹਾਇਆ । ਜਿਸ ਬਾਰੇ ਇਕ ਲੋਕ-ਗੀਤ ਵੀ ਹੈ— "ਨੰਗੇ ਨੰਗੇ ਪੈਰੀਂ ਰਾਜਾ ਅਕਬਰ ਆਇਆ । ਸੋਨੇ ਦਾ ਛੱਤਰ ਚੜ੍ਹਾਇਆ ।" ਮਹਾਰਾਜਾ ਰਣਜੀਤ ਸਿੰਘ ਨੇ ਵੀ ਜਵਾਲਾਮੁਖੀ ਦੇ ਮੰਦਰ ਦੀ ਛੱਤ ਤੇ ਸੋਨੇ ਦਾ ਪੱਤਰਾ ਚੜ੍ਹਾਇਆ ਸੀ ।

ਕਾਂਗੜੇ ਸ਼ਹਿਰ ਵਿਚ ਅਨੇਕਾਂ ਮੰਦਰ ਹਨ, ਜਿਨ੍ਹਾਂ ਵਿਚੋਂ ਲਖਸ਼ਮੀ ਨਰਾਇਣ, ਅੰਬਕਾ ਦੇਵੀ, ਜੈਨਤੀ ਦੇਵੀ (ਸ਼ਹਿਰ ਦੇ ਦੱਖਣ ਵਲ ਇਕ ਉਚੀ ਪਹਾੜੀ 'ਤੇ) ਅਤੇ ਵਜਰੇਸ਼ਵਰੀ ਦੇਵੀ ਦੇ ਮੰਦਰ ਵਧੇਰੇ ਪ੍ਰਸਿਧ ਹਨ । ਵਜਰੇਸ਼ਵਰੀ ਦੇਵੀ ਦਾ ਮੰਦਰ ਕਾਂਗੜੇ ਦੇ ਪੁਰਾਣੇ ਸ਼ਹਿਰ ਨਗਰਕੋਟ ਵਿਚ ਹੈ। ਪੁਰਾਣੇ ਵੇਲਿਆਂ ਵਿਚ ਸ਼ਰਧਾਲੂ ਇਥੇ ਆਪਣੀ ਜੀਭ ਕਟ ਕੇ ਭੇਟਾ ਚੜ੍ਹਾਇਆ ਕਰਦੇ ਸਨ । ਅਬੁਅਲ ਫ਼ਜ਼ਲ ਇਸ ਬਾਰੇ ਲਿਖਦਾ ਹੈ ਕਿ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਦੇਵੀ ਦੇ ਭਗਤ ਇਥੇ ਆਪਣੀਆਂ ਜੀਭਾਂ ਕਟਦੇ ਹਨ ਜੋ ਫਿਰ ਦੋ-ਤਿੰਨ ਦਿਨਾਂ ਦੇ ਅੰਦਰ ਵਧ ਜਾਂਦੀਆਂ ਹਨ ਅਤੇ ਕਈ ਵਾਰ ਤਾਂ ਕੁਝ ਘੰਟਿਆਂ ਵਿਚ ਹੀ ਨੌ ਬਰ ਨੌ ਹੋ ਜਾਂਦੀਆਂ ਹਨ ।

ਦੇਵੀਆਂ ਦੀ ਪੂਜਾ ਤੋਂ ਇਲਾਵਾ ਕਾਂਗੜੇ ਵਿਚ ਸ਼ਿਵ ਦੀ ਪੂਜਾ-ਅਰਚਾ ਵੀ ਪ੍ਰਚਲਤ ਹੈ। ਕਈ ਥਾਈਂ ਸ਼ਿਵਾਲੇ ਹਨ । ਨੂਰਪੁਰ ਦੀਆਂ ਪਹਾੜੀਆਂ ਵਿਚ ਕੋਟਲੇ ਤੋਂ ਮੀਲ ਕੁ ਦੀ ਵਾਟ 'ਤੇ ਇਕ ਚਸ਼ਮਾ ਹੈ ਜਿਸ ਦੇ ਨਾਲ ਇਕ ਗੁਫਾ ਮੰਦਰ ਹੈ । ਗੁਫਾ ਦੇ ਅੰਦਰ ਚੂਨੇ ਦੀਆਂ ਬਣੀਆਂ ਬਤੀਆਂ ਨੂੰ ਲੋਕੀਂ ਸ਼ਿਵਲਿੰਗ ਸਮਝ ਕੇ ਪੂਜਦੇ ਹਨ । ਅਸਲ ਵਿਚ ਗੁਫਾ ਦੀ ਛੱਤ ਵਿਚ ਚੂਨੇ ਦਾ ਪਾਣੀ ਸਿੰਮ ਸਿੰਮ ਕੇ ਬਤੀਆਂ ਦਾ ਰੂਪ ਧਾਰ ਲੈਂਦਾ ਹੈ ।

ਬੈਜਨਾਥ ਦੇ ਮੰਦਰ ਵਿਚ ਵੇਦਿਆਂਤ ਨਾਂ ਦਾ ਲਿੰਗ ਹੈ । ਦੂਰੋਂ ਦੂਰੋਂ ਸ਼ਿਵ-ਭਗਤ ਇਥੇ ਯਾਤ੍ਰਾ ਲਈ ਆਉਂਦੇ ਹਨ । ਇਸ ਨਗਰ ਦਾ ਪੁਰਾਣਾ ਨਾਂ 'ਕੀੜ ਗਰਾਮ' ਸੀ । ਸ਼ਾਇਦ ਕੀੜ ਨਾਉਂ ਦੀ ਕੋਈ ਜਾਤੀ ਇਥੇ ਵਸਦੀ ਹੋਵੇ । ਪੁਰਾਤਨ ਜਨਮ ਸਾਖੀ ਵਿਚ ਕੀੜ ਗਰਾਮ ਦਾ ਵਰਨਣ ਮਿਲਦਾ ਹੈ । ਟੀਰਾ ਸੁਜਾਨ ਪੁਰ ਦੇ ਬਾਹਰ ਬਿਆਸ ਨਦੀ ਦੇ ਕੰਢੇ ਨਰਬਦੇਸ਼ਵਰ ਨਾਂ ਦਾ ਸ਼ਿਵ ਤੇ ਪਾਰਬਤੀ ਦਾ ਮੰਦਰ ਹੈ, ਜੋ ਰਾਜਾ ਸੰਸਾਰ ਚੰਦ ਦੀ ਸੁਕੇਤਨ ਰਾਣੀ ਨੇ ਬਣਵਾਇਆ । ਅੰਦਰੇਟੇ ਦੇ ਪਿੰਡ ਦੇ ਬਾਹਰ, ਨਦੀ ਦੇ ਕੰਢੇ, ਇਕ ਸ਼ਿਵ ਮੰਦਰ ਬਣਿਆ ਹੋਇਆ ਹੈ । ਰਾਜੇ ਸੰਸਾਰ ਚੰਦ ਦੇ ਮਹਿਲ ਵਿਚ ਵੀ ਗੌਰੀ ਸ਼ੰਕਰ ਤੇ ਚੌਮੁੰਡਾ ਦੇਵੀ ਮੰਦਰ ਹੈ ।

ਕਾਂਗੜੇ ਵਿਚ ਸ਼ਿਵਜੀ ਤੋਂ ਇਲਾਵਾ ਵਿਸ਼ਨੂੰ ਦੇ ਵੀ ਕਈ ਮੰਦਰ ਹਨ । ਸੁਜਾਨਪੁਰ ਟੀਰ ਵਿਚ 'ਗਵਾਲਾ ਟਿੱਲਾ'

ਤੋਂ ਕੁਝ ਮੀਲ ਦੂਰ ਆਲਮਪੁਰ ਪਿੰਡ ਵਿਚ ਲਖਸ਼ਮੀ ਨਰਾਇਣ ਦਾ ਪੱਥਰ ਦਾ ਇਕ ਸ਼ਾਨਦਾਰ ਮੰਦਰ ਹੈ, ਜਿਸ ਨੂੰ ਅਭੈ ਚੰਦ ਨੇ 1747 ਈ. ਵਿਚ ਬਣਵਾਇਆ । ਇਥੇ ਮੰਦਰ ਦੇ ਸਾਹਮਣੇ ਗਰੜ ਦੀ ਇਕ ਅਦੁੱਤੀ ਮੂਰਤੀ ਹੈ, ਜਿਸ ਵਿਚ ਗਰੜ ਗੋਡੇ ਟੇਕ ਕੇ, ਵਿਸ਼ਨੂੰ ਨੂੰ ਪ੍ਰਨਾਮ ਕਰ ਰਿਹਾ ਹੈ। ਕਾਂਗੜੇ ਦੇ ਕਿਲ੍ਹੇ ਦੇ ਅੰਦਰ ਕਈ ਮੰਦਰ ਹਨ ਇਸ ਦੇ ਅਹਾਤੇ ਵਿਚ ਲਖਸ਼ਮੀ ਨਰੈਣ ਤੇ ਅੰਬਕਾ ਦੇਵੀ ਦੇ ਪੱਥਰਾਂ ਦੇ ਮੰਦਰ ਹਨ । ਹਿੰਦੂਆਂ ਵਿਚ ਠਾਕਰਾਂ ਦੀ ਪੂਜਾ ਵੀ ਆਮ ਹੈ ।

ਲੋਕ ਦੇਵੀ ਦਿਓਤਿਆਂ ਦੇ ਅਸਥਾਨ ਕਿਸੇ ਜੰਗਲ ਬੀਆਬਾਨ, ਪਹਾੜ ਦੀ ਚੋਟੀ, ਦੁਰਗ, ਝੀਲ, ਗੁਫਾ ਜਾਂ ਝਰਨੇ ਦੇ ਮੁੱਢ ਬਣਾਉਂਦੇ ਹਨ । ਇਸ ਤਰ੍ਹਾਂ ਦੇਵੀ ਦਿਓਤਿਆਂ ਦੀ ਪੂਜਾ ਵੀ ਪ੍ਰਕ੍ਰਿਤੀ ਪੂਜਾ ਦਾ ਹੀ ਇਕ ਦੈਵੀਕ੍ਰਿਤ ਰੂਪ ਜਾਪਦਾ ਹੈ ।

ਹਰੇਕ ਪਿੰਡ ਦੇ ਆਪਣੇ ਸ਼ਿਵਾਲੇ ਜਾਂ ਠਾਕਰਦਵਾਰੇ ਹਨ। ਠਾਕਰ ਅਣਘੜੇ ਜਿਹੇ ਪੱਥਰ ਦੇ ਹੀ ਹੁੰਦੇ ਹਨ, ਜਿਨ੍ਹਾਂ ਦੇ ਮਖੌਟੇ ਧਾਤ ਦੇ ਬਣੇ ਹੁੰਦੇ ਹਨ। ਇਹ ਮਖੌਟੇ ਲਗਾ ਕੇ ਹੇਠਾਂ ਕਪੜੇ ਪਹਿਨਾ ਦਿੱਤੇ ਜਾਂਦੇ ਹਨ । ਠਾਕਰਾਂ ਦੀ ਯਾਤ੍ਰਾ ਦੀ ਪ੍ਰਥਾ ਵੀ ਹੈ। ਜਦੋਂ ਕਿਧਰੇ ਵਡਾ ਮੇਲਾ ਲਗਦਾ ਹੈ, ਓਦੋਂ ਨੇੜੇ ਤੇੜੇ ਦੇ ਇਲਾਕੇ ਦੇ ਠਾਕਰ ਤੇ ਦੇਵ-ਮੂਰਤੀਆਂ ਹਾਜ਼ਰੀ ਭਰਦੀਆਂ ਹਨ ।

ਜੈਨ ਮਤ ਦਾ ਪ੍ਰਭਾਵ, ਭਾਵੇਂ ਕਾਂਗੜੇ ਵਿਚ ਨਾਂ-ਮਾਤਰ ਹੀ ਹੈ, ਪਰ ਕਿਲ੍ਹੇ ਦੇ ਅੰਦਰ ਇਕ ਜੈਨ ਮੰਦਰ ਹੈ ਜਿਸ ਵਿਚ ਆਦਿ-ਨਾਥ ਦੀ ਮੂਰਤੀ ਹੈ ।

ਕਾਂਗੜੇ ਵਿਚ, ਪ੍ਰਕ੍ਰਿਤੀ ਪੂਜਾ ਵੀ ਹਾਲੇ ਆਦਿਮ ਰੂਪ ਵਿਚ ਵੇਖਣ ਨੂੰ ਮਿਲਦੀ ਹੈ। ਵਿਆਹ ਸ਼ਾਦੀਆਂ ਤੇ ਹੋਰ ਸੰਸਕਾਰ ਸਮੇਂ ਨੌਗ੍ਰਹਿਆਂ ਦੀ ਸ਼ਾਂਤੀ ਕਰਵਾਈ ਜਾਂਦੀ ਹੈ। ਸੂਰਜ ਦੇਵਤੇ ਦੇ ਤਾਂ ਮੰਦਰ ਵੀ ਮਿਲਦੇ ਹਨ। ਬੈਜਨਾਥ ਵਿਚ ਹੋਰ ਦੇਵੀ ਦੇਵਤਿਆਂ ਦੇ ਮੰਦਰਾਂ ਤੋਂ ਇਲਾਵਾ ਸੂਰਜ ਦੇਵਤੇ ਦਾ ਵੀ ਇਕ ਮੰਦਰ ਹੈ ।

ਬ੍ਰਿੱਛਾਂ ਵਿਚ ਦਿਓਦਾਰ ਨੂੰ ਬੜੀ ਵਡਿਆਈ ਪ੍ਰਾਪਤ ਹੈ। ਮੈਦਾਨਾਂ ਵਿਚ ਜੋ ਸਥਾਨ ਪਿੱਪਲ ਦਾ ਹੈ, ਉਹ ਕਾਂਗੜੇ ਵਿਚ ਦਿਓਦਾਰ ਦਾ ਹੈ । ਕਾਂਗੜੇ ਵਿਚ ਇਕ ਬੁੱਢਾ ਦਿਓਦਾਰ ਸੀ ਜਿਥੇ ਕਿਸੇ ਵੇਲੇ ਹਰ ਸਾਲ ਦਿਓਦਾਰ ਦੇ ਬ੍ਰਿਛ ਨੂੰ ਕੰਨਿਆਂ ਦੀ ਬਲੀ ਦਿੱਤੀ ਜਾਂਦੀ ਸੀ। ਬਲੀ ਲਈ ਕੰਨਿਆਂ ਨੂੰ ਇਲਾਕੇ ਦੇ ਲੋਕ, ਵਾਰੋ ਵਾਰੀ ਭੇਜਿਆ ਕਰਦੇ ਸਨ। ਅੰਗਰੇਜ਼ਾਂ ਦੇ ਰਾਜ ਵੇਲੇ ਇਹ ਪ੍ਰਥਾ ਖ਼ਤਮ ਹੋਈ। ਕਾਂਗੜੇ ਵਿਚ ਨਾਗ-ਪੂਜਾ ਵੀ ਪ੍ਰਚਲਤ ਹੈ, ਜੋ ਗੁੱਗੇ ਪੀਰ ਨਾਲ ਜੁੜ ਕੇ ਆਦਿਮ ਅਵਸਥਾ ਤੋਂ ਵਿਗਸਤ ਹੋ ਕੇ, ਮੱਧਕਾਲੀ ਰੂਪ ਧਾਰ ਗਈ ਹੈ। ਗੁੱਗੇ ਦੀਆਂ ਕਈ ਥਾਈਂ ਮਾੜ੍ਹੀਆਂ ਹਨ ।

ਕਾਂਗੜੇ 'ਚ ਸਿੱਧਾਂ ਪੀਰਾਂ, ਜੋਗਣੀਆਂ ਤੇ ਬੀਰਾਂ ਦੀ ਪੂਜਾ ਦੀ ਵੀ ਪ੍ਰਥਾ ਹੈ। ਸਿੱਧ ਚੌਰਾਸੀ ਹਨ, ਜੋ ਕਾਂਗੜੇ ਤੇ ਇਸਦੇ ਆਲੇ ਦੁਆਲੇ ਦੀਆਂ ਪਹਾੜੀਆਂ ਵਿਚ ਤਪਸਿਆ ਕਰਦੇ ਰਹੇ ਅਤੇ ਜੋ ਅਦ੍ਰਿਸ਼ਟ ਰੂਪ ਵਿਚ ਹੁਣ ਤਕ ਜ਼ਿੰਦਾ ਮੰਨੇ ਜਾਂਦੇ ਹਨ। ਉਹ ਕੇਵਲ ਆਪਣੇ ਸ਼ਰਧਾਲੂਆਂ ਦੇ ਹੀ ਸਾਹਮਣੇ ਪ੍ਰਗਟ ਹੁੰਦੇ ਹਨ। ਨਾਥਾਂ ਵਿਚ ਗੋਰਖ ਨਾਥ, ਚਰਪਟ ਤੇ ਪੂਰਨ ਨਾਥ ਦੀ ਵਧੇਰੇ ਮਾਨਤਾ ਹੈ (ਵੇਖੋ : ਕੰਨ-ਪਾਟੇ ਜੋਗੀ)। ਜੋਗਣੀਆਂ ਦੁਰਗਾ ਦੀਆਂ ਸੇਵਕਾਵਾਂ ਹਨ। ਕਾਂਗੜੇ ਅਤੇ ਉਸਦੇ ਆਸ ਪਾਸ ਦੇ ਪਹਾੜੀ ਇਲਾਕੇ ਵਿਚ, ਜੋਗਣੀਆਂ ਨੂੰ ਚਟਾਨਾਂ ਦੀ ਰੂਹ ਆਤਮਾ ਮੰਨਿਆ ਜਾਂਦਾ ਹੈ। ਇਹ ਜੰਗਲਾਂ, ਪਹਾੜ ਦੀਆਂ ਚੋਟੀਆਂ, ਝਰਨਿਆਂ ਵਿਚ ਵਸਦੀਆਂ ਹਨ। ਪਾਣੀ ਵਿਚ ਜੋ ਕਾਈ ਉਤਰ ਆਉਂਦੀ ਹੈ, ਇਸ ਨੂੰ ਜੋਗਣੀਆਂ ਦੇ ਕੇਸ ਮੰਨ ਕੇ ਜੋਗਣੀਆਂ ਨੂੰ ਚੀਜ਼-ਵਸਤ ਭੇਟ ਕੀਤੀ ਜਾਂਦੀ ਹੈ। (ਕਾਂਗੜਾ ਗਜ਼ਟੀਅਰ, ਅੰਕ ਹਿੱਸਾ 2, ਪੰਨਾ 46-47) ਜਲ-ਜੋਗਣੀਆਂ ਖੂਹਾਂ, ਨਦੀਆਂ ਨਾਲਿਆਂ ਤੇ ਚਸ਼ਮਿਆਂ ਵਿਚ ਵਸਦੀਆਂ ਹਨ। ਇਹ ਆਪਣੇ ਮਾਇਆ ਜਾਲ ਨਾਲ ਤੀਵੀਆਂ ਤੇ ਬੱਚਿਆਂ ਨੂੰ ਰੋਗ ਲਗਾ ਦਿੰਦੀਆਂ ਹਨ, ਜਿਨ੍ਹਾਂ ਨਾਲ ਕਈ ਵਾਰ ਮੌਤ ਵੀ ਹੋ ਸਕਦੀ ਹੈ। ਇਨ੍ਹਾਂ ਰੂਹਾਂ ਨੂੰ ਪਤਿਆਣ ਲਈ ਅਜ ਵੀ ਪੂਜਿਆ ਜਾਂਦਾ ਹੈ ।

ਕਾਂਗੜੇ ਵਿਚ, ਬਨਬੀਰਾਂ, ਜੱਖ, ਕਿਨਰ ਤੇ ਪਿਸਾਚਾਂ ਨੂੰ ਵੀ ਪੂਜਿਆ ਜਾਂਦਾ ਹੈ, ਕਾਂਗੜੇ ਵਿਚ ਜੰਗਲ, ਨਦੀਆਂ ਤੇ ਨਾਲੇ ਕਾਫੀ ਵੱਡੇ ਇਲਾਕੇ ਵਿਚ ਫੈਲੇ ਹੋਏ ਹਨ। ਜੰਗਲਾਂ ਵਿਚ, ਝਰਨਿਆਂ ਉਤੇ, ਜੋ ਪ੍ਰਕ੍ਰਿਤੀ ਦੀ ਰੂਹ ਪਸਰੀ ਹੁੰਦੀ ਹੈ ਜਾਂ ਪ੍ਰੇਤ ਰੂਹਾਂ ਰਹਿੰਦੀਆਂ ਹਨ—ਬਨਬੀਰ, ਜੱਖ, ਕਿੱਨਰ ਤੇ ਪਿਸਾਚ—ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਬੀਰਾਂ ਵਿਚੋਂ ਕਾਲਾ ਬੀਰ ਤੇ ਨਰਸਿੰਘ ਬੀਰ ਖ਼ਾਸ ਪ੍ਰਸਿਧ ਹਨ। ਦੋਹਾਂ ਨੂੰ ਪਤਿਆਣ ਲਈ ਤਰਤੀਬਵਾਰ ਕਾਲੀ ਤੇ ਚਿੱਟੀ ਭੇਡ ਦੀ ਬਲੀ ਦਿੱਤੀ ਜਾਂਦੀ ਹੈ। ਕੈਲੂ ਬੀਰ ਗਰਭਵਤੀ ਤੀਵੀਂ ਨੂੰ ਨੁਕਸਾਨ ਪਹੁੰਚਾਂਦਾ ਤੇ ਕਈ ਵਾਰ ਗਰਭ ਗਿਰਾ ਦੇਂਦਾ ਹੈ। ਉਨ੍ਹੀਂ ਦਿਨੀਂ ਤੀਵੀਆਂ ਇਸ ਬੀਰ ਨੂੰ ਪੂਜਦੀਆਂ ਹਨ। ਬੀਰ ਬਤਾਲ ਜਲ-ਰੂਹਾਂ ਹਨ, ਜੋ ਦਰਿਆਵਾਂ, ਨਦੀ ਨਾਲਿਆਂ ਤੇ ਛਪੜਾਂ ਵਿਚ ਰਹਿੰਦੀਆਂ ਹਨ, ਇਨ੍ਹਾਂ ਰੂਹਾਂ ਨੂੰ ਪਤਿਆਣ ਲਈ ਖਿਚੜੀ, ਗੁੜ ਦੀਆਂ ਰੋਟੀਆਂ, ਤਿੰਨ ਮਿੱਟੀ ਦੀਆਂ ਬੁਕਾਂ, ਤਿੰਨ ਕੌਲੇ ਪਾਣੀ, ਪੇਠਾ ਜਾਂ ਭੇਡ ਭੇਟ ਕੀਤਾ ਜਾਂਦਾ ਹੈ। ਕਈ ਸ਼ਰਧਾਲੂ ਆਟੇ ਜਾਂ ਸ਼ੀਰੇ ਦੀ ਵਸਤ ਬਣਾ ਕੇ ਭੇਟ ਕਰਦੇ ਹਨ। ਜਨਮ ਵਿਆਹ ਆਦਿ ਸੰਸਕਾਰਾਂ ਤੇ ਉਤਸਵਾਂ ਦੇ ਸਮੇਂ ਬੀਰਾਂ ਦੀ ਉਚੇਚੀ ਪੂਜਾ ਕੀਤੀ ਜਾਂਦੀ ਹੈ। ਜੱਖ ਇਕ ਹੋਰ ਰੂਹ ਜਾਂ ਦਿਓਤਾ ਹੈ,

ਜਿਸਦਾ ਅਧਿਕਾਰ ਗਾਵਾਂ ਤੇ ਉਸਦੇ ਦੁੱਧ ਦਹੀਂ ਉਤੇ ਹੁੰਦਾ ਹੈ। ਹਰੇਕ ਗਊ ਦਾ ਇਕ ਜੱਖ ਹੁੰਦਾ ਹੈ। ਜੱਖ ਨੂੰ ਪਤਿਆਣ ਲਈ, ਉਨ੍ਹਾਂ ਨੂੰ ਪੰਦਿਆਂ ਦਾ ਪਹਿਲਾ ਫੱਲ ਭੇਟ ਕੀਤਾ ਜਾਂਦਾ ਹੈ। ਕਈ ਵਾਰ ਨਵੀਂ ਸੂਈ ਗਊ ਮੱਝ ਜੇ ਵੱਛਾ ਕੱਟਾ ਦੇਵੇ ਤਾਂ, ਉਸਦਾ ਦੁੱਧ, ਦਹੀਂ ਤੇ ਮੱਖਣ ਭੇਟ ਕੀਤਾ ਜਾਂਦਾ ਹੈ। ਜੇ ਵੱਛੀ ਕੱਟੀ ਦੇਵੇ ਤਾਂ ਭੇਡ ਭੇਂਟ ਕੀਤੀ ਜਾਂਦੀ ਹੈ। ਕਈ ਵਾਰ ਦੁੱਧ, ਦਹੀਂ ਤੇ ਮੱਖਣ ਤਾਂ ਜੱਖ ਦੀ ਮੂਰਤੀ ਉਤੇ ਮਲ ਦਿਤਾ ਜਾਂਦਾ ਹੈ।

ਕਿੰਨਰ ਅਸ਼ਵਮੁਖੇ ਹੁੰਦੇ ਹਨ, ਸਰੀਰ ਮਨੁੱਖ ਦਾ ਅਤੇ ਸਿਰ ਘੋੜੇ ਦਾ ਹੁੰਦਾ ਹੈ। ਇਹ ਕੈਲਾਸ਼ ਪਰਬਤ ਉਤੇ, ਕੁਬੇਰ ਦੇ ਸਵਰਗ ਵਿਚ, ਨਿਵਾਸ ਕਰਦੇ ਹਨ, ਪਰ ਕਿੰਨਰ ਪਹਾੜਾਂ ਵਿਚ ਗੇੜੇ ਕਟਦੇ ਰਹਿੰਦੇ ਹਨ। ਇਨ੍ਹਾਂ ਨੂੰ ਪਤਿਆਣ ਨਾਲ ਧਨ-ਦੌਲਤ ਵਿਚ ਵਾਧਾ ਹੁੰਦਾ ਤੇ ਦੁਖ-ਦਲਿਦਰ ਘਟਦਾ ਹੈ। ਸਮਾਜਿਕ ਸੰਸਕਾਰਾਂ ਤੇ ਉਤਸਵਾਂ ਵੇਲੇ ਇਨ੍ਹਾਂ ਦੀ ਉਚੇਚੀ ਪੂਜਾ ਕੀਤੀ ਜਾਂਦੀ ਹੈ।

ਪਿਸਾਚ, ਦੁਸ਼ਟ ਸੁਭਾਓ ਦੀਆਂ ਰੂਹਾਂ ਹਨ, ਜੋ ਭੂਤਾਂ-ਪ੍ਰੇਤਾਂ ਵਾਂਗ ਹੀ ਮਨੁੱਖ ਨਾਲ ਖੌਰ ਕਮਾਂਦੀਆਂ ਹਨ। ਮਹਾਂਭਾਰਤ ਅਨੁਸਾਰ ਪਿਸਾਚਾਂ ਦੀ ਉਤਪਤੀ ਬ੍ਰਹਮਾ ਨੇ ਅਸੁਰਾਂ ਤੇ ਰਾਖਸ਼ਾਂ ਦੇ ਨਾਲ ਨਾਲ, ਉਨ੍ਹਾਂ ਖਿੰਡੇ ਬਿਖਰੇ ਅੰਗਾਂ ਤੋਂ ਕੀਤੀ, ਜਿਹੜੇ ਦੇਵਤਿਆਂ, ਗੰਧਰਵਾਂ ਤੇ ਮਨੁੱਖਾਂ ਆਦਿ ਦੀ ਉਤਪਤੀ ਸਮੇਂ ਬਚ ਕੇ ਇਕ ਪਾਸੇ ਵਲ ਡਿੱਗ ਪਏ ਸਨ।

ਕਾਂਗੜੇ ਵਿਚ ਪੀਰਾਂ ਫ਼ਕੀਰਾਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਪੀਰਾਂ ਦੀਆਂ ਖ਼ਾਨਗਾਹਾਂ ਤੇ ਦਿਨਾਂ ਦਿਹਾਰਾਂ ਉਤੇ ਮੇਲੇ ਲਗਦੇ ਹਨ।

(ਞ) ਮੇਲੇ ਤੇ ਤਿਓਹਾਰ :

ਕਾਂਗੜੇ ਦੇ ਉਤਸਵ ਜ਼ਿਆਦਾਤਰ ਮੈਦਾਨੀ ਪੰਜਾਬ ਨਾਲ ਮਿਲਦੇ ਜੁਲਦੇ ਹਨ। ਭਾਵੇਂ ਉਨ੍ਹਾਂ ਨੇ ਸਥਾਨਕ ਪਰੰਪਰਾਵਾਂ, ਸੋਚਾਂ ਤੇ ਮਨੌਤਾਂ ਸਦਕਾ ਵਿਲੱਖਣ ਢੰਗ ਧਾਰ ਲਿਆ ਹੈ। ਜਿਵੇਂ ਦੇਵੀ ਦੇ ਨੌਰਾਤੇ, ਸਾਲ ਵਿਚ ਦੋ ਵਾਰ, ਚੇਤਰ ਅਤੇ ਅੱਸੂ ਵਿਚ ਪੈਂਦੇ ਹਨ। ਪੰਜਾਬ ਵਿਚ ਅੱਸੂ ਦੇ ਨੌਰਾਤਿਆਂ ਦਾ ਜ਼ਿਆਦਾ ਮਹੱਤਵ ਹੈ ਤੇ ਇਨ੍ਹੀਂ ਦਿਨੀਂ ਦੇਵੀ ਦੀ ਪੂਜਾ ਅਰਚਾ ਤੇ ਜਗਰਾਤਿਆਂ ਦੀ ਪ੍ਰਥਾ ਹੈ, ਪਰ ਅੱਸੂ ਨੂੰ ਜ਼ਿਆਦਾ ਮਾਨਤਾ ਪ੍ਰਾਪਤ ਹੈ। ਪਹਾੜੀ ਇਲਾਕੇ ਵਿਚ ਦੇਵੀ ਦੇ ਉਪਾਸ਼ਕ ਵਧੇਰੇ ਮਾਤਰਾ ਵਿਚ ਹਨ ਅਤੇ ਕਾਂਗੜੇ ਵਿਚ ਇਨ੍ਹਾਂ ਦੋਹਾਂ ਮਹੀਨਿਆਂ ਵਿਚ ਦੇਵੀ ਦੀ ਪੂਜਾ ਵਧੇਰੇ ਬਲਵਾਨ ਤੇ ਗੌਰਵ ਰੂਪ ਵਿਚ ਪ੍ਰਚਲਤ ਹੈ। ਨੌਰਾਤਿਆਂ ਦੇ ਦਿਨੀਂ ਜਵਾਲਾਮੁਖੀ, ਭੌਣਾਂਵਾਲੀ (ਬ੍ਰਿਜੇਸ਼ਵਰੀ) ਚਿੰਤਪੂਰਨੀ ਵਿਚ ਸ਼ਕਤੀ ਦੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਸ਼ਕਤੀ ਸੰਪਰਦਾਇ ਵਾਲੇ ਚਮੁੰਡਾ ਦੇਵੀ ਦੀ ਉਚੇਚੀ ਪੂਜਾ ਕਰਦੇ ਹਨ। ਜਵਾਲਾਮੁਖੀ ਦੇ ਮੰਦਰ ਵਿਚ ਨੌਰਾਤਿਆਂ ਦੇ ਦਿਨੀਂ ਦੂਰੋਂ ਦੂਰੋਂ ਯਾਤ੍ਰੀ ਆਉਂਦੇ ਹਨ ਤੇ ਇਕ ਮੇਲਾ ਜਿਹਾ ਲਗਾ ਰਹਿੰਦਾ ਹੈ। ਦੇਵੀ ਇਨ੍ਹਾਂ ਪਹਾੜਾਂ ਵਿਚ ਕਈ ਨਾਵਾਂ ਨਾਲ ਪੂਜੀ ਜਾਂਦੀ ਹੈ। ਇਨ੍ਹਾਂ ਵਿਚੋਂ ਵਧੇਰੇ ਪ੍ਰਚਲਤ ਰੂਪ ਦੁਰਗਾ, ਕਾਲੀ, ਪਾਰਬਤੀ, ਗੌਰੀ, ਅਸ਼ਟਭੁਜੀ ਤੇ ਮਹੇਸ਼ਵਰੀ ਹੈ। ਨੌਰਾਤਿਆਂ ਦੇ ਦਿਨਾਂ ਵਿਚ ਦੇਵੀ ਨਾਲ ਸੰਬੰਧਿਤ ਸਭ ਮੰਦਰਾਂ ਵਿਚ ਬੜੀ ਰੌਣਕ ਹੁੰਦੀ ਹੈ, ਜੋ ਸਹਿਜ ਸੁਭਾ ਹੀ ਮੇਲੇ ਦਾ ਰੂਪ ਧਾਰਨ ਕਰ ਜਾਂਦੀ ਹੈ। ਦੇਵਤੇ ਦੀ ਪੂਜਾ ਹਰ ਮੰਗਲਵਾਰ ਕੀਤੀ ਜਾਂਦੀ ਹੈ। ਮੇਲਿਆਂ ਵਿਚ ਦੇਵ-ਮੂਰਤੀਆਂ ਨੂੰ ਕਿਸੇ ਖੁਲ੍ਹੀ ਥਾਂ ਲਿਆ ਕੇ, ਸ਼ਰਧਾਲੂ ਉਨ੍ਹਾਂ ਨਾਲ ਰਲ ਕੇ ਨ੍ਰਿਤ ਕਰਦੇ ਹਨ।

ਸ਼ਿਵਰਾਤ੍ਰੀ ਦਾ ਉਤਸਵ ਕਾਂਗੜੇ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਖ਼ਾਸ ਤੌਰ ਤੇ ਤਿਰਲੋਕਪੁਰ ਅਤੇ ਬੈਜਨਾਥ ਆਦਿ ਦੇ ਮੰਦਰਾਂ ਵਿਚ। ਕਾਂਗੜੇ ਜ਼ਿਲੇ ਦੇ ਮਸ਼ਹੂਰ ਪਿੰਡ ਵਿਚ ਰਾਮ ਚੰਦਰ ਦਾ ਇਕ ਮੰਦਰ ਹੈ, ਜੋ ਪਹਾੜ ਵਿਚ ਪਥਰਾਂ ਨੂੰ ਛਿੱਲ-ਕੱਟ ਕੇ ਉਸਾਰਿਆ ਗਿਆ ਹੈ। ਇਥੇ ਰਾਮ ਨੌਮੀ ਨੂੰ ਭਾਰੀ ਮੇਲਾ ਲਗਦਾ ਹੈ। ਇਥੇ 45 ਮੀਟਰ ਲੰਮੀ ਤੇ 31.5 ਮੀਟਰ ਚੌੜੀ ਇਕ ਚਟਾਨ ਨੂੰ ਕੱਟ-ਛਿੱਲ ਕੇ, ਮੰਦਰ ਦਾ ਰੂਪ ਦੇ ਲਿਆ ਗਿਆ ਹੈ। ਇਹੋ ਇਸ ਮੰਦਰ ਨੂੰ ਇਕ ਵਿਲੱਖਣ ਹੋਂਦ ਬਖਸ਼ਦਾ ਹੈ।

ਕਾਂਗੜੇ ਵਿਚ ਨਾਗਾਂ ਦੀ ਪੂਜਾ ਵੀ ਪ੍ਰਚਲਤ ਹੈ, ਜਿਸ ਕਰਕੇ ਗੁੱਗੇ ਨਾਲ ਸੰਬੰਧਿਤ ਦਿਨ-ਦਿਹਾਰਾਂ, ਗੁੱਗਾ ਨੌਮੀ ਆਦਿ ਤੇ ਗੁੱਗੇ ਨਮਿਤ ਮੇਲੇ ਭਰਦੇ ਹਨ। ਵੈਸੇ ਨਾਗ ਦੀ ਪੂਜਾ ਸ਼ਨੀ ਨੂੰ ਕਰਨ ਦੀ ਪ੍ਰਥਾ ਹੈ।

ਕਾਂਗੜੇ ਵਿਚ ਸਿੱਧਾਂ ਤੇ ਪੀਰਾਂ ਦੀ ਵੀ ਪੂਜਾ ਕੀਤੀ ਜਾਂਦੀ ਹੈ ਅਤੇ ਜੁਮੇਂਰਾਤ ਨੂੰ ਪੀਰਾਂ ਦੀਆਂ ਖ਼ਾਨਗਾਹਾਂ ਉਤੇ ਦੀਵੇ ਬਾਲੇ ਜਾਂਦੇ ਤੇ ਸੁੱਖਣਾ ਦਿਤੀ ਜਾਂਦੀ ਹੈ। ਕਾਂਗੜੇ ਵਿਚ ਭੀਖਣਸ਼ਾਹ ਦੀ ਖ਼ਾਨਗਾਹ ਤੇ ਪੰਜ ਤੋਂ ਸੱਤ ਜੇਠ ਨੂੰ, ਇਕ ਤਿੰਨ ਰੋਜ਼ਾ ਮੇਲਾ ਲਗਦਾ ਹੈ। ਰਵਾਇਤ ਹੈ ਕਿ ਭੀਖਣਸ਼ਾਹ ਜ਼ਾਤ ਦਾ ਬ੍ਰਾਹਮਣ ਸੀ, ਜੋ ਜੈ ਸਿੰਘਪੁਰ ਵਿਚ ਰਹਿੰਦਾ ਸੀ। ਉਹ ਮਸਤ ਅਲੀ ਦਾ ਚੇਲਾ ਬਣ ਗਿਆ। ਇਕ ਦਿਨ ਭੀਖਣ ਸ਼ਾਹ ਨੇ ਆਪਣੀ ਆਤਮਿਕ ਸ਼ਕਤੀ ਨਾਲ ਇਕ ਮੁਰਦੇ ਨੂੰ ਜ਼ਿੰਦਾ ਕਰ ਦਿਤਾ, ਜਿਸ ਕਰਕੇ ਉਸਦਾ ਪੀਰ ਉਹਦੇ ਨਾਲ ਨਰਾਜ਼ ਹੋ ਗਿਆ। ਪੀਰ ਕਰੋਧ ਨਾਲ ਆਪਣੇ ਚੇਲੇ ਭੀਖਣ ਸ਼ਾਹ ਪਿਛੇ ਭਜਿਆ, ਪਰ ਭੀਖਣ ਸ਼ਾਹ ਧਰਤੀ ਵਿਚ ਅਲੋਪ ਹੋ ਗਿਆ ਅਤੇ ਪ੍ਰਗਟ ਹੋ ਕੇ ਉਸ ਥਾਂ ਆ ਰਿਹਾ, ਜਿਥੇ ਹੁਣ ਖ਼ਾਨਗਾਹ ਹੈ। ਇਥੇ ਪਹਿਲੀ ਵਾਰ 1907 ਸੰਮਤ ਵਿਚ ਮੇਲਾ ਲਗਿਆ ਸੀ।

ਨੂਰਪੁਰ ਵਿਚ ਪੀਰ ਸਲੋਹੀ ਦੀ ਖ਼ਾਨਗਾਹ ਤੇ ਹਰ ਸਾਲ ਸਤ ਮਾਘ ਤੋਂ ਜੇਠ ਦੇ ਪਿਛਲੇ ਪੰਦਰਵਾੜੇ ਦੇ ਦੋ ਜੁਮੇਂਰਾਤ

ਅਤੇ ਹਾੜ ਦੀ ਪਹਿਲੀ ਜੁਮੇਂਰਾਤ ਨੂੰ ਮੇਲਾ ਲਗਦਾ ਹੈ। ਰਵਾਇਤ ਹੈ ਕਿ ਪੀਰ ਸਲੌਹੀ ਇਥੋਂ ਲੰਘ ਰਿਹਾ ਸੀ ਕਿ ਨਿਮਾਜ਼ ਦਾ ਵੇਲਾ ਹੋ ਜਾਣ ਤੇ ਉਸਨੇ ਚਰਵਾਹਿਆਂ ਤੋਂ ਪੰਜ ਇਸ਼ਨਾਨੇ ਲਈ ਪਾਣੀ ਮੰਗਿਆ। ਚਰਵਾਹਿਆਂ ਨੇ ਦਸਿਆ ਕਿ ਨੇੜੇ ਤੇੜੇ ਪਾਣੀ ਕਿਧਰੇ ਨਹੀਂ। ਇਸ 'ਤੇ ਪੀਰ ਨੇ ਖੂੰਡੀ ਧਰਤੀ ਵਿਚ ਮਾਰੀ ਤਾਂ ਉਥੋਂ ਚਸ਼ਮਾ ਫੁਟ ਨਿਕਲਿਆ। ਪੀਰ ਸਲੌਹੀ ਰਾਤ ਨੂੰ ਇਕ ਜ਼ਿਮੀਂਦਾਰ ਜੈਮਲ ਦੇ ਘਰ ਗਿਆ। ਉਥੇ ਦੁੱਧ ਦਾ ਕਟੋਰਾ ਪੀ ਕੇ ਵਾਪਿਸ ਆ ਗਿਆ। ਉਥੇ ਹੀ ਜਿਥੇ ਉਸ ਹੱਥ ਮੂੰਹ ਧੋ ਕੇ ਨਿਮਾਜ਼ ਪੜ੍ਹੀ ਸੀ, ਧਰਤੀ ਵਿਚ ਅਲੋਪ ਹੋ ਗਿਆ। ਉਥੇ ਮਗਰੋਂ 1794 ਸੰਮਤ ਵਿਚ ਖ਼ਾਨਗਾਹ ਬਣਾ ਦਿਤੀ ਗਈ, ਜਿਥੇ ਹਰ ਵੇਲੇ ਦੀਵਾ ਬਲਦਾ ਹੈ। ਪੀਰ ਨੇ ਇਕ ਸ਼ਖ਼ਸ ਸ਼ਾਹ ਫ਼ਕੀਰ ਦੇ ਖ਼ਵਾਬ ਵਿਚ ਪ੍ਰਗਟ ਹੋ ਕੇ, ਉਸ ਥਾਂ ਦੀਵਾ ਬਾਲਣ ਲਈ ਪ੍ਰੇਰਿਆ। ਇਹ ਖ਼ਾਨਗਾਹ 1794 ਸੰਮਤ ਵਿਚ ਬਣਾਈ ਗਈ। ਇਥੇ ਹਰ ਵੇਲੇ ਤਿੰਨ ਮੁਤਬਰਕ ਦੀਵੇ ਬਲਦੇ ਰਹਿੰਦੇ ਹਨ।

ਕਾਂਗੜੇ ਵਿਚ ਕੁਝ ਮੇਲੇ ਅਜਿਹੇ ਵੀ ਹਨ, ਜੋ ਸੁਧ ਰੂਪ ਵਿਚ ਲੌਕਿਕ ਹਨ, ਜਿਨ੍ਹਾਂ ਵਿਚੋਂ 'ਰਲੀ ਦਾ ਮੇਲਾ' ਖ਼ਾਸ ਪ੍ਰਸਿੱਧ ਹੈ (ਵੇਖੋ : ਰਲੀ ਦਾ ਮੇਲਾ)।

ਸਾਵਣ ਦੇ ਮਹੀਨੇ ਇਕ ਹੋਰ ਮੇਲਾ 'ਗੁੜੀਆਂ ਦਾ ਮੇਲਾ' ਮਨਾਇਆ ਜਾਂਦਾ ਹੈ, ਜੋ ਸਾਰੇ ਮਹੀਨੇ ਚਲਦਾ ਹੈ। ਸਭ ਤੀਵੀਆਂ ਇਸ ਮਹੀਨੇ ਇਕ ਵਾਰ ਦਰਿਆ 'ਤੇ ਜ਼ਰੂਰ ਜਾਂਦੀਆਂ ਹਨ। ਉਨ੍ਹਾਂ ਦੇ ਹੱਥਾਂ ਵਿਚ ਇਕ ਇਕ ਗੁੱਡੀ ਹੁੰਦੀ ਹੈ, ਜੋ ਉਹ ਛਾਤੀ ਨਾਲ ਲਗਾ ਕੇ ਮਨ ਵਿਚ ਕੋਈ ਸੰਕਲਪ ਧਾਰ ਕੇ ਐਤਵਾਰ,ਮੰਗਲਵਾਰ ਜਾਂ ਵੀਰਵਾਰ ਜਲ ਪ੍ਰਵਾਹ ਕਰ ਆਉਂਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਮਨੋ-ਕਾਮਨਾ ਪੂਰੀਆਂ ਹੋ ਜਾਂਦੀਆਂ ਹਨ।

(ਸ) ਰੀਤ ਰਵਾਜ :

ਕਾਂਗੜੇ ਦੇ ਬਹੁਤੇ ਰੀਤ-ਰਵਾਜ ਮੈਦਾਨੀ ਇਲਾਕੇ ਵਾਲੇ ਹੀ ਹਨ, ਪਰ ਮੈਦਾਨਾਂ ਨਾਲੋਂ ਅਲੱਗ ਥਲੱਗ ਰਹਿਣ ਕਰਕੇ, ਕੁਝ ਰੀਤਾਂ ਵਖਰਾ ਮੁਹਾਂਦਰਾ ਗ੍ਰਹਿਣ ਕਰ ਗਈਆਂ ਹਨ। ਕੁਝ ਰੀਤਾਂ ਤਾਂ ਪਰੰਪਰਾ ਤੋਂ ਚਲੀਆਂ ਆ ਰਹੀਆਂ ਹਨ। ਕਾਂਗੜੇ ਦੇ ਹੋਰ ਪਹਾੜੀ ਇਲਾਕੇ ਵਿਚ, ਹਰ ਜਾਤੀ ਦੇ ਲੋਕ, ਭਾਵੇਂ ਉੱਚੀਆਂ ਸ਼੍ਰੇਣੀਆਂ ਵਿਚੋਂ ਹੋਣ ਤੇ ਭਾਵੇਂ ਪੱਛੜੀਆਂ ਵਿਚੋਂ, ਵਿਆਹ, ਮੌਤ, ਖ਼ਾਸ ਖ਼ਾਸ ਉਤਸਵਾਂ, ਹਲ ਵਾਹੁਣ ਵੇਲੇ ਜਾਂ ਫ਼ਸਲਾਂ ਦੀ ਕਟਾਈ ਵੇਲੇ, ਬਕਰੇ ਦੀ ਬਲੀ ਜ਼ਰੂਰ ਦਿੰਦੇ ਹਨ। ਕੁਲੂ ਅਤੇ ਹੋਰ ਬਰਫ਼ੀਲੇ ਇਲਾਕੇ ਵਿਚ, ਇਸ ਬਲੀ ਨੂੰ ਧਾਰਮਿਕ ਮਹੱਤਤਾ ਪ੍ਰਾਪਤ ਹੈ, ਪਰ ਕਾਂਗੜੇ ਵਿਚ ਕੇਵਲ ਸਮਾਜਕ ਮਹੱਤਾ ਹੈ।

ਕਾਂਗੜੇ ਵਿਚ ਹਿੰਦੂ ਤੀਵੀਆਂ ਮਾਸਾਹਾਰੀ ਹਨ। ਕੇਵਲ ਵਿਧਵਾ ਇਸਤ੍ਰੀ ਮਾਸ ਨਹੀਂ ਖਾਂਦੀ। ਜਦੋਂ ਕਿ ਮੈਦਾਨੀ ਪੰਜਾਬ ਵਿਚ, ਰਾਜਪੂਤ ਤੇ ਬ੍ਰਾਹਮਣ ਤੀਵੀਆਂ, ਮਾਸ ਨੂੰ ਛੁਹਣਾ ਤਕ ਪਾਪ ਸਮਝਦੀਆਂ ਹਨ। ਕਾਂਗੜੇ ਵਿਚ ਵਿਆਹ ਸ਼ਾਦੀਆਂ ਉਤੇ ਜੋ ਭੋਜ ਦਿੱਤੇ ਜਾਂਦੇ ਹਨ, ਉਸ ਵਿਚ ਮਾਸ ਤੇ ਚਾਵਲ ਖੁਲ੍ਹਾ ਡੁੱਲ੍ਹਾ ਵਰਤਿਆ ਜਾਂਦਾ ਹੈ। ਭੋਜ ਵੇਲੇ ਬ੍ਰਾਹਮਣਾਂ ਤੋਂ ਲੈਕੇ ਸੂਦਰਾਂ ਤਕ, ਸਭ ਜਾਤੀਆਂ ਦੇ ਲੋਕ ਵਖੋ ਵਖਰੀ ਪੰਗਤ ਵਿਚ ਦਰਜਾ ਬਦਰਜਾ ਬੈਠਦੇ ਹਨ।

ਕਾਂਗੜੇ ਵਿਚ, ਕੰਨਿਆਂ ਦਾ ਡੋਲਾ, ਵਰ ਦੇ ਅਗੇ ਅਗੇ ਲਿਜਾਇਆ ਜਾਂਦਾ ਹੈ, ਪਿਛੇ ਪਿਛੇ ਨਹੀਂ। ਪੰਜਾਬ ਵਾਂਗ ਮੁਕਲਾਵੇ ਦਾ ਰਿਵਾਜ ਹੈ, ਪਰ ਇਸ ਰਸਮ ਨੂੰ 'ਫੇਰਾ-ਘੇਰਾ' ਆਖਦੇ ਹਨ ਅਤੇ ਇਹ ਰਸਮ ਬੜੀ ਸਾਧਾਰਨ ਹੈ। ਬਹੁਤੀ ਖ਼ਰਚੀਲੀ ਵੀ ਨਹੀਂ ਹੁੰਦੀ।

ਕਾਂਗੜੇ ਵਿਚ ਸੁਹਾਗਣਾਂ ਆਪਣੇ ਨੱਕ ਦੀ ਨੱਥ (ਬਾਲੂ) ਕਦੇ ਨਹੀਂ ਉਤਾਰਦੀਆਂ। ਬਾਲੂ ਦੀ ਇਤਨੀ ਅਹਿਮੀਅਤ ਹੈ ਕਿ ਜੇ ਕੋਈ ਕੰਨਿਆਂ ਬਾਲੂ ਪਹਿਨ ਕੇ ਕਿਸੇ ਦੇ ਘਰ ਜਾ ਵਸੇ ਤਾਂ ਘਿਰਥਾਂ ਅਤੇ ਕੁਝ ਹੋਰ ਕਬੀਲਿਆਂ ਵਿਚ ਬਗ਼ੈਰ ਕਿਸੇ ਹੋਰ ਰੀਤ ਦੇ, ਇਸ ਨੂੰ ਵਿਆਹ ਦੀ ਸੰਪੂਰਨ ਰਸਮ ਸਮਝ ਲਿਆ ਜਾਂਦਾ ਹੈ।

ਕਾਂਗੜੇ ਵਿਚ ਵਿਧਵਾ ਦੇ ਪੁਨਰ ਵਿਆਹ ਦੀ ਪ੍ਰਥਾ ਵੀ ਹੈ। ਲੁਬਾਣੇ ਆਦਿ ਕਈ ਜਾਤੀਆਂ ਵਿਚ ਵਿਧਵਾ ਦਾ ਪੁਨਰ-ਵਿਆਹ ਦੇਵਰ ਨਾਲ ਜਾਂ ਪਤੀ ਦੇ ਚਚੇਰੇ ਭਰਾ ਨਾਲ ਕੀਤਾ ਜਾਂਦਾ ਹੈ। ਜੇਠ ਨਾਲ ਨਹੀਂ। ਜੇ ਕੋਈ ਜੇਠ ਨਾਲ ਵਿਆਹ ਕਰੇ, ਤਾਂ ਉਹਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਵਿਧਵਾ ਦੇ ਪੁਨਰ-ਵਿਆਹ ਵੇਲੇ, ਔਰਤ ਲਾਲ ਕਪੜੇ ਪਹਿਨ ਕੇ ਨੱਥ ਧਾਰਨ ਕਰਦੀ ਹੈ। ਖ਼ਾਵੰਦ ਚਿੱਟੇ-ਕਪੜੇ ਪਹਿਨਦਾ ਹੈ। ਇਸ ਰਸਮ ਵੇਲੇ ਪ੍ਰੋਹਿਤ ਨੂੰ ਸਦ ਲਿਆ ਜਾਂਦਾ ਹੈ। ਇਸ ਮੌਕੇ 'ਤੇ ਬਕਰੇ ਦੀ ਬਲੀ ਵੀ ਦਿੱਤੀ ਜਾਂਦੀ ਹੈ।

ਕਾਂਗੜੇ ਵਿਚ ਬੁੱਢੇ ਬੁੱਢੀ ਦੀ ਮੌਤ ਤੇ ਦਸਵੇਂ ਦਿਨ ਵਡਾ ਭੋਜ ਦਿੱਤਾ ਜਾਂਦਾ ਹੈ। ਇਸ ਮੌਕੇ ਤੇ ਖਾਣਾ ਪੀਣਾ ਵਿਆਹ ਵਰਗਾ ਹੀ ਚਲਦਾ ਹੈ। ਘਿਰਥਾਂ ਤੇ ਕਈ ਹੋਰ ਪਛੜੀਆਂ ਸ਼੍ਰੇਣੀਆਂ ਵਿਚ, ਇਸ ਦਿਨ ਮ੍ਰਿਤਕ ਦਾ ਲਕੜੀ ਜਾਂ ਮਿੱਟੀ ਕਪੜੇ ਦਾ ਬੁਤ ਬਣਵਾ ਕੇ ਰਖਿਆ ਜਾਂਦਾ ਹੈ ਤੇ ਢੋਲ ਤੇ ਸ਼ਹਿਨਾਈ ਦੀ ਮਧੁਰ ਧੁਨੀ ਵਿਚ, ਨ੍ਰਿਤ ਕੀਤਾ ਜਾਂਦਾ ਤੇ ਰੰਗ-ਰਲੀਆਂ ਮਨਾਈਆਂ ਜਾਂਦੀਆਂ ਹਨ। ਕਿਰਿਆ-ਕਰਮ ਅਠਾਰ੍ਹਵੇਂ ਦਿਨ ਕੀਤਾ ਜਾਂਦਾ ਤੇ ਨਾਲ ਹੀ ਬਕਰੇ ਦੀ ਬਲੀ ਦਿੱਤੀ ਜਾਂਦੀ ਹੈ।

(ਹ) ਭਰਮ-ਵਹਿਮ ਤੇ ਮਨੌਤਾਂ :

ਕਾਂਗੜੇ ਦੇ ਪਹਾੜੀਏ, ਸੰਚਾਰ ਦੇ ਸਾਧਨ ਘਟ ਹੋਣ ਕਰਕੇ, ਪੰਜਾਬ ਦੇ ਮੈਦਾਨੀ ਇਲਾਕੇ ਨਾਲੋਂ ਟੁਟ ਰਹੇ ਹਨ।

ਵਿਦਿਆ ਤੇ ਵਿਗਿਆਨ ਦੀ ਰੌਸ਼ਨੀ ਤੋਂ ਵਾਂਝੇ ਰਹਿਣ ਕਰਕੇ, ਉਹ ਭਰਮਾਂ ਵਹਿਮਾਂ ਵਿਚ ਬੁਰੀ ਤਰ੍ਹਾਂ ਗ੍ਰਸੇ ਹੋਏ ਹਨ। ਲੋਕਾਂ ਦੀ ਧਾਰਨਾ ਹੈ ਕਿ ਬੀਮਾਰੀਆਂ ਭੂਤ-ਪ੍ਰੇਤਾਂ, ਬਦ-ਨਜ਼ਰ ਜਾਂ ਕਾਲੇ ਜਾਦੂ ਟੂਣੇ ਦੇ ਅਸਰ ਹੇਠ ਲਗਦੀਆਂ ਹਨ। ਇਨ੍ਹਾਂ ਦਾ ਇਲਾਜ ਵੀ ਮੰਤਰਾਂ ਤੇ ਟੂਣੇ ਟੋਟਕਿਆਂ ਨਾਲ ਹੀ ਕੀਤਾ ਜਾ ਸਕਦਾ ਹੈ। ਦਿਮਾਗੀ ਤੇ ਮਾਨਸਿਕ ਰੋਗਾਂ ਨੂੰ ਭੂਤ ਪ੍ਰੇਤਾਂ ਦਾ ਪ੍ਰਛਾਵਾਂ ਮੰਨਿਆ ਜਾਂਦਾ ਹੈ। ਕਈ ਰੋਗ ਦੇਵੀ ਦੀ ਕਰੋਪੀ ਤੋਂ ਮੰਨੇ ਜਾਂਦੇ ਹਨ, ਉਨ੍ਹਾਂ ਦਾ ਉਪਾਅ ਜਗਰਾਤਿਆਂ ਦੁਆਰਾ ਦੇਵੀ ਨੂੰ ਪਤਿਆ ਕੇ ਕੀਤਾ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਹ ਪ੍ਰਾਣੀ ਮੰਤਰਾਂ ਦੁਆਰਾ ਆਪਣਾ ਰੋਗ ਦਰਖ਼ਤਾਂ ਤੇ ਪੌਦਿਆਂ ਵਿਚ ਪ੍ਰਵਿਰਤ ਕਰ ਸਕਦਾ ਹੈ।

ਕਾਂਗੜੇ ਵਿਚ ਨਿੱਕੇ ਮੋਟੇ ਕੰਮ ਵੇਲੇ ਵੀ ਪਾਂਧੇ ਤੋਂ ਮਹੂਰਤ ਕਢਵਾਈ ਜਾਂਦੀ ਹੈ। ਸਫ਼ਰ ਵੇਲੇ ਦਿਸ਼ਾ-ਸੂਲ ਤੇ ਵਾਰ-ਭਰਮ ਨੂੰ ਧਿਆਨ ਵਿਚ ਰੱਖ ਲਿਆ ਜਾਂਦਾ ਹੈ।

ਵਾਹੀ ਖੇਤੀ ਦਾ ਕੰਮ ਕਦੀ ਪੁਰਬਾਂ, ਜਨਮ ਅਸ਼ਟਮੀ, ਸ਼ਿਵਰਾਤਰੀ, ਸੰਗਰਾਂਦ ਤੇ ਮੱਸਿਆ ਨੂੰ ਨਹੀਂ ਕੀਤਾ ਜਾਂਦਾ। ਫ਼ਸਲ ਘਟ ਉਗਦੀ ਅਥਵਾ ਕੀੜਾ ਲਗ ਜਾਂਦਾ ਹੈ। ਜੇ ਚੇਤਰ ਜਾਂ ਵਿਸਾਖ ਦੀ ਚੌਥ ਨੂੰ ਮੀਂਹ ਵਸੇ ਤਾਂ ਕਾਲ ਪੈਣ ਦੀ ਸੂਚਨਾ ਹੈ। ਜੇ ਅੱਠ ਸਾਵਣ ਜਾਂ ਨੌਂ ਭਾਦਰੋਂ ਨੂੰ ਮੀਂਹ ਨਾ ਵਰ੍ਹੇ ਤਾਂ ਕਾਲ ਪੈਂਦਾ ਹੈ। ਜੇ ਇਨ੍ਹੀਂ ਦਿਨੀਂ ਮੀਂਹ ਨਾ ਪਵੇ ਤਾਂ ਅਸਮਾਨ ਤੇ ਬੱਦਲ ਜ਼ਰੂਰ ਖਿਲਰੇ ਹੋਣੇ ਚਾਹੀਦੇ ਹਨ, ਨਹੀਂ ਤਾਂ ਫ਼ਸਲ ਘਟ ਪੈਦਾ ਹੋਵੇਗੀ।

ਨਿਰਸੰਤਾਨ ਅਤੇ ਵਿਧਵਾ ਤੀਵੀਆਂ ਨੂੰ ਮਨਹੂਸ ਸਮਝਿਆ ਜਾਂਦਾ ਹੈ ਅਤੇ ਮੰਗਲ ਕਾਰਜਾਂ ਵੇਲੇ ਉਹਨਾਂ ਨੂੰ ਨੇੜੇ ਨਹੀਂ ਢੁਕਣ ਦਿੱਤਾ ਜਾਂਦਾ। ਜੇ ਅਜਿਹੀ ਤੀਵੀਂ ਰਾਹ ਵਿਚ ਮਿਲ ਜਾਵੇ ਤਾਂ ਕਾਰਜ ਵਿਚ ਸਫਲਤਾ ਨਹੀਂ ਹੁੰਦੀ।

ਡਾ. ਮਹਿੰਦਰ ਸਿੰਘ ਰੰਧਾਵਾ (ਕਾਂਗੜਾ) ਅਨੁਸਾਰ : "ਕਾਂਗੜਾ ਵਾਸੀ ਵਹਿਮੀ ਤੇ ਭਰਮੀ ਵੀ ਬੜੇ ਹਨ ਤੇ ਜਾਦੂ ਟੂਣਿਆਂ ਵਿਚ ਇਨ੍ਹਾਂ ਦਾ ਬੜਾ ਯਕੀਨ ਹੈ। ਜਦੋਂ ਕੋਈ ਵੀ ਸਾਧਾਰਨ ਗੱਲ ਹੋ ਜਾਵੇ, ਕਿਸੇ ਦੀ ਮੌਤ ਹੋ ਜਾਵੇ, ਜਾਂ ਕਿਸੇ ਦੀ ਮੱਝ ਦਾ ਦੁੱਧ ਸੁੱਕ ਜਾਵੇ ਤਾਂ ਇਹ ਸੋਚਦੇ ਹਨ ਕਿ ਕਿਸੇ ਦੁਸ਼ਮਣ ਨੇ ਟੂਣਾ ਕਰ ਦਿੱਤਾ ਹੈ। ਬੱਚਿਆਂ ਨੂੰ ਬਦ-ਨਜ਼ਰ ਤੋਂ ਬਚਾਉਣ ਲਈ ਉਨ੍ਹਾਂ ਦੇ ਮੱਥੇ ਉੱਤੇ ਕਾਲਖ ਲਗਾ ਦੇਂਦੇ ਹਨ। ਜੇ ਕੋਈ ਨਵਾਂ ਮਕਾਨ ਬਣਾਏ ਤਾਂ ਉਹਦੇ ਸਾਹਮਣੇ, ਲਾਲ ਜੀਭ ਲਾ ਕੇ ਕਾਲੀ ਤੌੜੀ ਲਟਕਾ ਦੇਂਦੇ ਹਨ, ਇਸ ਤਰ੍ਹਾਂ ਬਾਲ੍ਹੋ ਜਹੀ ਬਣਾ ਕੇ, ਮਾੜੀ ਅੱਖ ਦਾ ਇਲਾਜ ਕਰਦੇ ਹਨ। ਕੁਝ ਪਿੰਡਾਂ ਦੇ ਲੋਕ ਡੈਣਾਂ ਤੇ ਫਫੇਕੁਟਣੀਆਂ ਵਿਚ ਵੀ ਯਕੀਨ ਕਰਦੇ ਹਨ। ਬੇ-ਔਲਾਦ ਅਤੇ ਵਿਧਵਾ ਤੀਵੀਆਂ ਨੂੰ ਬਹੁਤ ਮਨਹੂਸ ਮੰਨਿਆ ਜਾਂਦਾ ਹੈ ਤੇ ਜੇ ਕਿਤੇ ਰਾਹ ਵਿਚ ਜਾਂ ਕਿਸੇ ਸ਼ੁਭ ਕਾਰਜ ਵੇਲੇ ਸਾਹਮਣੇ ਵਿਖਾਈ ਪਵੇ ਤਾਂ ਸਮਝਿਆ ਜਾਂਦਾ ਹੈ ਕਿ ਕੰਮ ਵਿਗੜੇਗਾ। ਭਾਵੇਂ ਮਾਮੂਲੀ ਜਿਹੇ ਕੰਮ ਲਈ, ਬਾਹਰ ਜਾਣਾ ਹੋਵੇ, ਪਾਂਧੇ ਤੋਂ ਜ਼ਰੂਰ ਪੁਛ ਲੈਂਦੇ ਹਨ ਕਿ ਮਹੂਰਤ ਠੀਕ ਹੈ ਕਿ ਨਹੀਂ। ਜੋਤਸ਼ੀਆਂ ਤੇ ਪੁੱਛਾਂ ਦੇਣ ਵਾਲਿਆਂ ਵਿਚ ਹੁਣ ਵੀ ਬੜਾ ਯਕੀਨ ਰਖਦੇ ਹਨ।"

ਆਧਾਰ ਪੁਸਤਕਾਂ :


1. ਕਾਂਗੜਾ ਗਜ਼ਟੀਅਰ
2. ਕਾਂਗੜਾ; ਡਾ. ਮਹਿੰਦਰ ਸਿੰਘ ਰੰਧਾਵਾ
3. ਹਿਮਾਚਲ ਪ੍ਰਦੇਸ਼; ਹਰੀ ਕ੍ਰਿਸ਼ਨ ਮਿਟੂ, ਐਨ.ਬੀ.ਟੀ. ਨਵੀਂ ਦਿੱਲੀ।


### (ਕ-221) **ਕਾਂਗੜੇ :**

ਬੱਚਿਆਂ ਦੀ ਇਕ ਖੇਡ, ਜਿਸ ਵਿਚ ਬੱਚੇ ਦੋ ਟੋਲੀਆਂ ਬਣਾ ਕੇ, ਵਖੋ ਵਖਰੀ ਦਿਸ਼ਾ ਮਲ ਕੇ, ਉਥੇ ਕੰਧਾਂ, ਇੱਟਾਂ, ਲਕੜੀਆਂ ਆਦਿ ਉੱਤੇ ਕੋਲੇ ਨਾਲ ਨਿੱਕੀਆਂ ਨਿੱਕੀਆਂ ਲਕੀਰਾਂ ਕਢਦੇ ਹਨ। ਨਿਸਚਤ ਸਮੇਂ ਪਿਛੋਂ, ਦੋਵੇਂ ਟੋਲੀਆਂ ਇਕ ਦੂਜੇ ਦੇ ਪਾਸ ਆ ਕੇ ਵਾਹੀਆਂ ਲਕੀਰਾਂ ਲਭ ਕੇ ਕਟਦੀਆਂ ਜਾਂਦੀਆਂ ਹਨ। ਜੋ ਬਾਕੀ ਅਲੱਭ ਰਹਿ ਜਾਂਦੀਆਂ ਹਨ, ਉਨ੍ਹਾਂ ਦੀ ਗਿਣਤੀ ਕਰ ਲਈ ਜਾਂਦੀ ਹੈ, ਜਿਸ ਧਿਰ ਦੀਆਂ ਅਣਲਭੀਆਂ ਲਕੀਰਾਂ ਦੀ ਗਿਣਤੀ ਜ਼ਿਆਦਾ ਹੋਵੇ, ਉਹ ਜੇਤੂ ਹੁੰਦੀ ਹੈ। ਇਸ ਖੇਡ ਨੂੰ 'ਚੀਚੋਂ ਚੀਚ ਗਨੇਰੀਆਂ', 'ਕਾਲੀ ਪੀਲੀ ਟੀਲੋਂ' ਆਦਿ ਵੀ ਕਿਹਾ ਜਾਂਦਾ ਹੈ (ਵੇਖੋ : ਚੀਚੋਂ ਚੀਚ ਗਨੇਰੀਆਂ)।

### (ਕ-222) **ਕਾਚ-ਮਾਚ :**

ਇਕ ਜੰਗਲੀ ਬੂਟੀ, ਜਿਸ ਨਾਲ ਚਿਹਰੇ ਤੇ ਜਿਸਮ ਦੇ ਹੋਰ ਅੰਗਾਂ ਉੱਤੇ, ਤਿਲ-ਚਿੜੀ ਉਕਰੀ ਜਾਂਦੀ ਹੈ। ਇਸ ਨੂੰ ਸਾਂਵਲ ਬੂਟੀ ਵੀ ਕਹਿੰਦੇ ਹਨ। ਇਸ ਬੂਟੀ ਨੂੰ ਚਿੱਟੇ ਰੰਗ ਦੇ ਨਿੱਕੇ ਨਿੱਕੇ ਫੁੱਲ ਪੈਂਦੇ ਹਨ। ਇਨ੍ਹਾਂ ਫੁੱਲਾਂ ਦਾ ਰਸ ਨਚੋੜ ਕੇ, ਸੂਈ ਨਾਲ ਜਿਸਮ ਉੱਤੇ ਤਿਲ-ਚਿੜੀ ਬਿੰਦੀ ਬਣਾਈ ਜਾਂਦੀ ਹੈ। ਇਹ ਬੂਟੀ ਬੜੀ ਸ਼ੁਭ ਮੰਨੀ ਗਈ ਹੈ ਤੇ ਜਿਥੇ ਇਸ ਬੂਟੀ ਨਾਲ ਕੋਈ ਨਿਸ਼ਾਨ ਉਕਰਿਆ ਹੋਵੇ, ਉਥੇ ਬਦ-ਰੂਹਾਂ ਨੇੜੇ ਨਹੀਂ ਢੁੱਕਦੀਆਂ।

### (ਕ-223) **ਕਾਫ਼ਲ :**

ਗੁੱਗੇ ਦੀ ਮਾਸੀ; ਕਾਫ਼ਲ ਦੀ ਸ਼ਕਲ ਆਪਣੀ ਭੈਣ ਬਾਛਲ ਨਾਲ ਬਹੁਤ ਜ਼ਿਆਦਾ ਮਿਲਦੀ ਸੀ। ਕਾਫ਼ਲ ਤੇ ਬਾਛਲ ਦੋਹਾਂ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਬਾਛਲ ਨੇ ਗੋਰਖ ਨਾਥ ਦਾ ਚਲੀਹਾ ਸੁਖਿਆ। ਜਿਸ ਦਿਨ ਚੁਲੀਹਾ

ਪੂਰਾ ਹੋਇਆ ਉਸ ਦਿਨ ਕਾਛਲ ਬਾਛਲ ਤੋਂ ਪਹਿਲਾਂ ਹੀ, ਉਸੇ ਵਰਗੇ ਕਪੜੇ ਪਹਿਨ ਕੇ ਗੋਰਖ ਨਾਥ ਕੋਲ ਜਾ ਹਾਜ਼ਰ ਹੋਈ। ਗੋਰਖ ਨਾਥ ਨੇ ਭੁਲੇਖੇ ਨਾਲ ਕਾਛਲ ਨੂੰ ਫਲ ਦੇ ਦਿੱਤਾ, ਜਿਸ ਦਾ ਸਦਕਾ ਕਾਛਲ ਦੀ ਕੁਖੋਂ ਦੋ ਲੜਕੇ ਅਰਜਨ ਤੇ ਸੁਰਜਨ ਪੈਦਾ ਹੋਏ (ਵੇਖੋ : ਅਰਜਨ)।

(ਕ-224) **ਕਾਛੂ** :

ਜ਼ਿਮੀਂ ਨੂੰ ਕੱਛਣ ਵਾਲਾ, ਕਣਕੂਤੀਆ; ਪਹਿਲਿਆਂ ਵਿਚ ਫ਼ਸਲਾਂ ਦੇ ਪੱਕਣ ਤੋਂ ਪਹਿਲਾਂ ਕਾਛੂ, ਫ਼ਸਲ ਵਿਚੋਂ ਪੈਦਾ ਹੋਣ ਵਾਲੇ ਅੰਨ ਦਾ ਅਨੁਮਾਨ ਲਗਾਂਦੇ ਸਨ ਤੇ ਇਸ ਉਤੇ ਸਰਕਾਰ ਨੂੰ ਕਨਕੂਤ ਜਾਂ ਮਾਲੀਆ ਦਿੱਤਾ ਜਾਂਦਾ ਸੀ। ਕਾਛੂ ਬਾਰੇ ਇਕ ਲੋਕ-ਗੀਤ ਬੜਾ ਪ੍ਰਸਿਧ ਹੈ :

ਕਣਕਾਂ ਪੱਕੀਆਂ ਘਰ ਕਾਛੂ ਆਏ
ਨਾ ਘਰ ਢੋਲਾ, ਨਾ ਢੋਲੇ ਦੇ ਜਾਏ
ਮੈਂ ਨਿਮਾਣੀ ਕੋਲ ਖਲਿਆਂ ਕਢਾਏ।

(ਕ-225) **ਕਾਜ** :

ਮ੍ਰਿਤੂ ਨਾਲ ਸੰਬੰਧਿਤ ਇਕ ਭੋਜ; ਹਰਿਆਣੇ ਵਿਚ ਕਿਸੇ ਪ੍ਰਾਣੀ ਦੇ ਮਰਨ ਮਗਰੋਂ, ਦੂਜੇ ਜਾਂ ਤੀਜੇ ਮਹੀਨੇ, ਜਾਂ ਕਈ ਵਾਰ ਇਕ ਸਾਲ ਮਗਰੋਂ ਮ੍ਰਿਤਕ ਨਮਿਤ, ਇਕ ਵਡਾ ਭੋਜ ਦਿੱਤਾ ਜਾਂਦਾ ਹੈ, ਜਿਸ ਨੂੰ 'ਕਾਜ' ਕਿਹਾ ਜਾਂਦਾ ਹੈ। ਇਸ ਭੋਜ 'ਤੇ ਆਮ ਤੌਰ ਤੇ ਬਰਾਦਰੀ ਹੀ ਸੱਦੀ ਜਾਂਦੀ ਹੈ। ਪਰ ਕਈ ਧਨੀ ਲੋਕ 'ਕਾਜ' ਦੇਣ ਲਗਿਆਂ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਵੀ ਨਿਓਤਾ ਦੇਂਦੇ ਹਨ।

(ਕ-226) **ਕਾਜ ਘਨੇਤਰ** :

ਵਿਆਹ (ਕਾਜ) ਦੇ ਮਹੂਰਤ ਦੀ ਪੱਤਰੀ; ਮੁਲਤਾਨੀ ਹਿੰਦੂਆਂ ਵਿਚ, ਮੰਗਣੀ ਤੋਂ ਮਗਰੋਂ ਬ੍ਰਾਹਮਣ ਨੂੰ ਸਦ ਕੇ, ਵਿਆਹ ਦਾ ਸਾਹਾ ਜਾਂ ਮਹੂਰਤ ਕਢਵਾਇਆ ਜਾਂਦਾ ਹੈ। ਬ੍ਰਾਹਮਣ ਵਰ ਤੇ ਕੰਨਿਆਂ ਦੀਆਂ ਜਨਮ-ਤਿੱਥਾਂ ਲੈ ਕੇ, ਗ੍ਰਹਿਆਂ ਤੇ ਨਛੱਤਰਾਂ ਦੀ ਦਿਸ਼ਾ ਦਾ ਹਿਸਾਬ ਲਗਾ ਕੇ, ਇਕ ਪੱਤਰੀ ਤਿਆਰ ਕਰਦਾ ਹੈ, ਜਿਸ ਵਿਚ ਵਿਆਹ ਨਾਲ ਸੰਬੰਧਿਤ ਹਰ ਰਸਮ ਰੀਤ ਕਰਨ ਵਾਸਤੇ ਸੁਭ ਦਿਵਸ ਤੇ ਘੜੀ ਦਰਜ ਹੁੰਦੀ ਹੈ; ਇਸ ਪੱਤਰੀ ਨੂੰ ਕਾਜ-ਘਨੇਤਰ ਕਹਿੰਦੇ ਹਨ।

ਕਾਜ-ਘਨੇਤਰ ਨੂੰ, ਤਿਆਰ ਕਰਨ ਵੇਲੇ, ਪਹਿਲਾਂ ਪੱਤਰੇ ਨੂੰ ਗੁੜ ਛੁਹਾਇਆ ਜਾਂਦਾ ਹੈ। ਫਿਰ ਇਸ ਉਤੇ ਕੇਰ੍ਹ ਕੇਸਰ ਦਾ ਛਿੱਟਾ ਦਿੱਤਾ ਜਾਂਦਾ ਹੈ। ਇਸ ਉਪਰੰਤ ਪਤਰੇ 'ਤੇ ਗਣੇਸ਼ ਦੀ ਮੂਰਤੀ ਉਲੀਕ ਕੇ ਪੂਜੀ ਜਾਂਦੀ ਹੈ। ਫਿਰ ਵਿਆਹ ਨਾਲ ਸੰਬੰਧਿਤ ਸਾਰੀਆਂ ਰੀਤਾਂ ਦਾ ਮਹੂਰਤ ਕਢ ਕੇ ਸਮਾਂ ਦਰਜ ਕੀਤਾ ਜਾਂਦਾ ਹੈ।

(ਕ-227) **ਕਾਜ਼ੀ** :

ਕਿਸੇ ਮਾਮਲੇ ਝਗੜੇ ਦਾ ਫ਼ੈਸਲਾ ਸ਼ਰ੍ਹਾ ਫ਼ਿੱਕਾ ਦੇ ਅਨੁਸਾਰ ਕਰਨ ਵਾਲਾ ਅਧਿਕਾਰੀ; ਇਸਲਾਮੀ ਦੇਸ਼ਾਂ ਵਿਚ ਇਨਸਾਫ਼ ਕਰਨ ਦਾ ਅਧਿਕਾਰ ਪਹਿਲਾਂ ਖ਼ਲੀਫ਼ਿਆਂ ਦੇ ਕੋਲ ਹੁੰਦਾ ਸੀ। ਖ਼ਲੀਫ਼ਾ ਹੀ ਸਾਰੇ ਰਾਜ ਦਾ ਹਾਕਿਮ ਮੰਨਿਆ ਜਾਂਦਾ ਸੀ। ਮੁਸਲਮਾਨਾਂ ਦਾ ਪਹਿਲਾ ਖ਼ਲੀਫ਼ਾ ਅੱਬੂ ਬੱਕਰ (632-634 ਈ.) ਸੀ। ਹੌਲੇ ਹੌਲੇ ਰਾਜ ਅਧਿਕਾਰੀਆਂ ਦੀਆਂ ਹੱਦਾਂ ਫੈਲਣ ਨਾਲ, ਕੰਮ ਵਧਦਾ ਗਿਆ ਤਾਂ ਮੁਕਦਮਿਆਂ ਅਤੇ ਝਗੜਿਆਂ ਦਾ ਫ਼ੈਸਲਾ ਕਰਨ ਲਈ, ਕਾਜ਼ੀ ਦੀ ਵਖਰੀ ਸੰਸਥਾ ਕਾਇਮ ਕੀਤੀ ਗਈ। ਕਾਜ਼ੀ ਝਗੜਿਆਂ ਦੇ ਫ਼ੈਸਲੇ, ਸ਼ਰ੍ਹਾ ਦੇ ਅਨੁਕੂਲ ਕਰਦਾ ਅਤੇ ਇਸਲਾਮੀ ਨੇਮਾਂ, ਬੰਧਨਾਂ ਤੇ ਰਵਾਇਤਾਂ ਦੇ ਅਨੁਸਾਰ ਸਜ਼ਾ ਦਿੰਦਾ। ਮਗਰੋਂ ਕਾਜ਼ੀ ਦੇ ਅਧਿਕਾਰ ਦਾ ਘੇਰਾ ਫੈਲਦਾ ਗਿਆ ਤੇ ਕਾਜ਼ੀ ਧਾਰਮਿਕ ਮਾਮਲਿਆਂ, ਸਮਾਜਿਕ ਝਗੜਿਆਂ, ਸਦਾਚਾਰਕ ਤੇ ਰਾਜਨੀਤਕ ਅਪਰਾਧਾਂ ਬਾਰੇ ਵੀ ਫ਼ੈਸਲੇ ਦੇਣ ਲਗੇ। ਕਾਜ਼ੀ ਨੂੰ ਨਿਆਏ ਸੰਬੰਧੀ ਸੁਝਾਉ ਦੇਣ ਵਾਲਾ ਅਥਵਾ ਉਸ ਦਾ ਸਹਾਇਕ ਮੁਫ਼ਤੀ ਅਖਵਾਉਂਦਾ ਹੈ। ਮੁਗ਼ਲ ਰਾਜ ਸਮੇਂ ਮੁਫ਼ਤੀ ਅਤੇ ਕਾਜ਼ੀ ਨੂੰ ਰਾਜ ਦਾ ਉਚ-ਅਧਿਕਾਰੀ ਨਿਯੁਕਤ ਕਰਦਾ ਸੀ।

ਮੁਸਲਮਾਨੀ ਰਾਜ ਵੇਲੇ, ਸ਼ੁਰੂ ਵਿਚ ਕਾਜ਼ੀਆਂ ਨੂੰ ਕਾਫ਼ੀ ਮਾਣ-ਮਰਤਬਾ ਪ੍ਰਾਪਤ ਸੀ। ਪਰ ਮਗਰੋਂ ਕਾਜ਼ੀ ਜਦੋਂ ਵੱਢੀ ਖੋਰ ਹੋ ਗਏ ਅਤੇ ਗ਼ੈਰ-ਮੁਸਲਮਾਨਾਂ ਵਿਰੁਧ ਮੁਤਸਬੀ ਬਾਦਸ਼ਾਹਾਂ ਤੇ ਹਾਕਿਮਾਂ ਦੀ ਇੱਛਾ ਅਨੁਸਾਰ ਫ਼ੈਸਲੇ ਦੇਣ ਲਗੇ, ਤਾਂ ਲੋਕੀਂ ਬ੍ਰਾਹਮਣਾਂ ਵਾਂਗੂੰ ਕਾਜ਼ੀਆਂ ਦਾ ਵੀ ਮਜ਼ਾਕ ਉਡਾਣ ਲਗੇ। ਇਨ੍ਹਾਂ ਦੀ ਨਿਘਰੀ ਅਵਸਥਾ ਦਾ ਅਨੁਮਾਨ ਹੇਠਲੇ ਅਖਾਣਾਂ ਤੋਂ ਲਗਦਾ ਹੈ :—

1. ਮੁਫ਼ਤ ਦੀ ਸ਼ਰਾਬ ਕਾਜ਼ੀ ਨੂੰ ਵੀ ਹਲਾਲ।
2 ਕਾਜ਼ੀ ਨੂੰ ਕਿਸੇ ਸ਼ਰਾਬ ਦਿੱਤੀ
ਉਹਨੇ ਜੁਤੀ ਵਿਚ ਹੀ ਪਵਾ ਲਈ।
3. ਕਾਜ਼ੀ ਜੀ ਕਦੇ ਹਰਾਮ ਖਾਧਾ ਜੇ ?
ਇਕ ਦਿਨ ਜਦੋਂ ਮੀਂਹ ਵਸਿਆ ਸੀ
ਤੇ ਨਿਆਜ਼ ਕੋਈ ਨਹੀਂ ਸੀ ਆਈ
ਤਾਂ ਘਰ ਪਕਾ ਕੇ ਖਾਧੀਆਂ ਸਨ।

ਜੰਗਲ-ਪਾਣੀ ਜਾਣ ਨੂੰ, ਸਿੰਘਾਂ ਦੇ ਬੋਲੇ ਵਿਚ 'ਕਾਜ਼ੀ ਜੀ ਦਾ ਸਦਾ' ਕਿਹਾ ਜਾਂਦਾ ਹੈ। ਭੀੜਾ ਦੇ ਦਿਨਾਂ ਵਿਚ ਆਪਣਾ ਮਨੋਬਲ ਉੱਚਾ ਰਖਣ ਲਈ, ਅਜਿਹੇ ਬੋਲੇ, ਜੰਗਲਾਂ ਵਿਚ ਲੁਕੇ ਫਿਰਦੇ ਸਿੱਖਾਂ ਤੇ ਨਿਹੰਗਾਂ ਨੇ ਘੜੇ ਹੋਏ ਸਨ।

ਕਾਜ਼ੀ ਬਾਰੇ ਕਈ ਲਘੂ-ਕਥਾਵਾਂ ਵੀ ਪ੍ਰਚਲਤ ਹਨ— ਇਕ ਕਾਜ਼ੀ ਕਿਸੇ ਚਿੜੀਮਾਰ ਨਾਲ ਸ਼ਿਕਾਰ ਖੇਡਣ ਲਈ

ਤੁਰ ਪਿਆ । ਫ਼ੈਸਲਾ ਇਹ ਹੋਇਆ ਕਿ ਪਹਿਲੇ ਸ਼ਿਕਾਰ 'ਤੇ ਹੱਕ ਚਿੜੀਮਾਰ ਦਾ ਹੋਵੇਗਾ, ਦੂਜੇ 'ਤੇ ਕਾਜ਼ੀ ਦਾ । ਅਗੇ ਕੁਝ ਕਬੂਤਰ ਤੇ ਕਾਂ ਇਕੋ ਦਰਖ਼ਤ ਉਤੇ ਬੈਠੇ ਸਨ । ਚਿੜੀਮਾਰ ਨੇ ਨਿਸ਼ਾਨਾ ਫੁੰਡਿਆ । ਪਹਿਲਾਂ ਕਬੂਤਰ ਤੇ ਫਿਰ ਕਾਂ ਹੇਠਾਂ ਜ਼ਿਮੀਂ ਤੇ ਆ ਡਿੱਗਾ । ਕਾਂ ਰੋਣ ਲਗਾ ਤਾਂ ਕਬੂਤਰ ਨੇ ਪੁਛਿਆ, "ਤੂੰ ਤਾਂ ਹਰਾਮ ਏਂ, ਤੈਨੂੰ ਕਿਸੇ ਨਹੀਂ ਆ ਖਾਣਾ । ਰੋਣਾ ਤਾਂ ਮੈਨੂੰ ਚਾਹੀਦਾ ਏ, ਜੋ ਹਲਾਲ ਆਂ ।" ਤਾਂ ਕਾਂ ਨੇ ਕਿਹਾ, "ਜੇ ਮੈਂ ਕਾਜ਼ੀ ਦੇ ਹੱਥ ਲੱਗ ਗਿਆ ਤਾਂ ਉਹ ਮੈਨੂੰ ਹਲਾਲ ਤੇ ਤੈਨੂੰ ਹਰਾਮ ਕਰਾਰ ਦੇ ਦੇਵੇਗਾ ?"

ਕਾਂ ਕਾਜ਼ੀ ਦੇ ਹਿੱਸੇ ਆਇਆ ਤਾਂ ਕਾਜ਼ੀ ਨੇ ਕਾਂ ਨੂੰ ਫੜਦਿਆਂ ਫਤਵਾ ਦਿੱਤਾ– ਕਬੂਤਰਾਂ ਵਿਚ ਫਿਰਨ ਵਾਲਾ ਕਾਂ ਹਲਾਲ ਹੈ, ਪਰ ਕਾਵਾਂ ਵਿਚ ਘੁੰਮਣ ਵਾਲਾ ਕਬੂਤਰ ਹਰਾਮ ਏ ।

ਗੁਰਬਾਣੀ ਵਿਚ ਵੀ ਕਾਜ਼ੀ ਦੇ ਪਾਖੰਡੀ ਸੁਭਾਅ ਵਲ ਥਾਂ ਥਾਂ ਸੰਕੇਤ ਮਿਲਦੇ ਹਨ :

1. ਕਾਜੀ ਕੂੜ ਬੋਲਿ ਮਲ ਖਾਇ ॥ (ਧਨਾਸਰੀ ਮਹਲਾ ੧)
2. ਕਾਜੀ ਹੋਇ ਕੈ ਬਹੈ ਨਿਆਇ ॥]
   ਵਢੀ ਲੈ ਕੈ ਹਕ ਗਵਾਇ ॥
   (ਵਾਰ ਰਾਮਕਲੀ ਮਹਲਾ ੧)

(ਕ-228) **ਕਾਜ਼ੀ-ਕੌਂਟਲੇ ਦੀ ਮਾਰ** :

ਬੱਚਿਆਂ ਦੀ ਇਕ ਖੇਡ (ਵੇਖੋ : ਕੌਂਟਲਾ ਛੁਪਾਕੀ) ।

(ਕ-229) **ਕਾਂਜੀ** :

ਮੁਲਤਾਨ ਦੇ ਹਿੰਦੂਆਂ ਤੇ ਮੁਸਲਮਾਨਾਂ ਵਿਚ, ਗਰਭ ਨਾਲ ਸੰਬੰਧਿਤ ਇਕ ਰੀਤ; ਜੋ ਜਣਨ ਸ਼ਕਤੀ ਨੂੰ ਬਲਵਾਨ ਬਣਾਉਣ ਦੇ ਵਿਚਾਰ ਨਾਲ ਕੀਤੀ ਜਾਂਦੀ ਹੈ । ਇਹ ਰੀਤ ਆਮ ਤੌਰ ਤੇ ਪਹਿਲੇ ਗਰਭ ਦੇ ਸਤਵੇਂ ਜਾਂ ਅਠਵੇਂ ਮਹੀਨੇ ਕੀਤੀ ਜਾਂਦੀ ਹੈ । ਇਸ ਮੌਕੇ ਉਤੇ ਗਰਭਵਤੀ ਤੀਵੀਂ ਦੇ ਪੇਕੇ, ਆਪਣੇ ਧੀ-ਜਵਾਈ ਲਈ ਕੁਝ ਕਪੜੇ ਤੇ ਮਠਿਆਈ ਆਦਿ ਭੇਜਦੇ ਹਨ । ਰੀਤ ਵੇਲੇ ਗੁਆਂਢੀ ਤੇ ਰਿਸ਼ਤੇਦਾਰ ਵੀ ਸੱਦ ਲਏ ਜਾਂਦੇ ਹਨ ਤੇ ਉਨ੍ਹਾਂ ਵਿਚ ਸੇਵੀਆਂ ਤੇ ਗੁੜ ਦਾ ਸ਼ਰਬਤ ਵੰਡਿਆ ਜਾਂਦਾ ਹੈ । ਗਰਭਵਤੀ ਨੂੰ ਇਸ਼ਨਾਨ ਕਰਵਾ ਕੇ ਕਿਸੇ ਵੱਖਰੀ ਥਾਂ ਬਿਠਾ ਦਿੱਤਾ ਜਾਂਦਾ ਹੈ । ਕੋਲ ਦੀਵੇ ਦੀ ਜੋਤ ਜਗਾ ਦਿੱਤੀ ਜਾਂਦੀ ਹੈ । ਇਸ ਮੌਕੇ ਉਤੇ ਗੀਤ ਵੀ ਗਾਏ ਜਾਂਦੇ ਹਨ ।

ਮੁਸਲਮਾਨਾਂ ਵਿਚ ਵੀ ਗਰਭ ਦੇ ਦਿਨੀਂ ਕਾਂਜੀ ਦੀ ਰੀਤ ਪ੍ਰਚਲਤ ਹੈ, ਜੋ ਹਿੰਦੂ ਸਭਿਆਚਾਰ ਦਾ ਪ੍ਰਭਾਵ ਜਾਪਦਾ ਹੈ । ਗਰਭਵਤੀ ਗਰਭ ਠਹਿਰਨ ਦੇ ਪੰਜਵੇਂ ਮਹੀਨੇ ਤੋਂ ਲੈ ਕੇ ਸਤਵੇਂ ਮਹੀਨੇ ਤਕ, ਨਵੇਂ ਕਪੜੇ ਪਹਿਨਣ, ਹੱਥਾਂ ਉਤੇ ਮਹਿੰਦੀ ਲਗਾਣ ਅਤੇ ਨਹੁੰ ਕਟਣ ਤੋਂ ਪ੍ਰਹੇਜ਼ ਕਰਦੀ ਹੈ । ਸਤਵੇਂ ਮਹੀਨੇ ਸਾਕ ਸਬੰਧੀਆਂ ਨੂੰ ਬੁਲਾ ਕੇ ਖਾਣਾ ਦਿਤਾ ਜਾਂਦਾ ਹੈ । ਨੈਣ ਗੀਤ ਤੇ ਘੋੜੀਆਂ ਗਾਉਂਦੀ ਹੈ । ਇਸ ਪਿਛੋਂ ਗਰਭਵਤੀ ਨੂੰ ਇਸ਼ਨਾਨ ਕਰਵਾ ਕੇ ਮੱਥੇ ਉਤੇ ਸੰਦਲ ਜਾਂ ਚੰਦਨ ਨਾਲ ਨਿਸ਼ਾਨ ਲਗਾਇਆ ਜਾਂਦਾ ਹੈ (ਵੇਖੋ : ਗਰਭ ਦੀਆਂ ਰੀਤਾਂ) ।

(ਕ-230) **ਕਾਟੀ** :

(1) ਬੱਚਿਆਂ ਦੀ ਇਕ ਖੇਡ, ਜਿਸ ਵਿਚ ਡੋਰ ਦੇ ਇਕ ਸਿਰੇ ਉਤੇ ਗੁਠਲੀ, ਗੀਟੀ, ਜਾਂ ਠੀਕਰ ਆਦਿ ਕੋਈ ਸਖ਼ਤ ਚੀਜ਼ ਬੰਨ੍ਹ ਕੇ, ਅਸਮਾਨ ਵਿਚ ਉਡਦੀ ਪਤੰਗ ਵਲ ਸੁਟ ਕੇ, ਉਹਨੂੰ ਆਪਣੇ ਵਲ ਖਿਚਦੇ ਹਨ ।

(2) ਦੋ ਲੜਕੇ ਡੋਰ ਨਾਲ ਠੀਕਰ ਜਾਂ ਕੋਈ ਹੋਰ ਚੀਜ਼ ਬੰਨ੍ਹ ਕੇ, ਆਪੋ ਵਿਚ ਲੜਾ ਕੇ ਡੋਰ ਖਿਚਦੇ ਹਨ । ਜਿਸ ਦੀ ਡੋਰ ਪਹਿਲੋਂ ਟੁਟ ਜਾਵੇ ਉਹ ਹਾਰੀ ਗਿਣਿਆ ਜਾਂਦਾ ਹੈ ।

(ਕ-231) **ਕਾਟੋ** :

(1) ਗੁਲਹਿਰੀ, ਗਾਲ੍ਹੜ ਦੀ ਸ਼ਕਲ ਦਾ ਲੱਕੜ ਦਾ ਬਣਿਆ ਇਕ ਖਿਡੌਣਾ, ਜੋ ਡਾਂਗ ਦੇ ਉਪਰਲੇ ਸਿਰੇ ਤੇ ਬੰਨ੍ਹਿਆ ਹੁੰਦਾ ਹੈ । ਖਿਡੌਣੇ ਨੂੰ ਡੋਰੀ ਨਾਲ ਬੰਨ੍ਹ ਕੇ ਹੇਠੋਂ ਤੁਣਕੇ ਦਿਤੇ ਜਾਂਦੇ ਹਨ, ਜਿਸ ਨਾਲ ਕਾਟੋ ਭੁੜਕਦੀ ਤੇ ਡਾਂਗ ਨਾਲ ਵਜ ਕੇ ਖੜਕਾ ਪੈਦਾ ਕਰਦੀ ਹੈ । ਭੰਗੜੇ ਦੇ ਨਾਚ ਵੇਲੇ ਕਈ ਮਨਚਲੇ ਆਪਣੇ ਹੱਥਾਂ ਵਿਚ ਕਾਟੋ ਲੈ ਕੇ, ਉਸ ਦੇ ਤਾਲ ਵਿਚੋਂ ਆਵਾਜ਼ਾਂ ਕਢਦੇ ਹਨ । ਇਸਨੂੰ 'ਕਾਟੋ ਭੰਗੜਾ' ਕਿਹਾ ਜਾਂਦਾ ਹੈ । (2) ਗਾਲ੍ਹੜ ।

(ਕ-232) **ਕਾਠ** :

ਕਾਠ ਨੂੰ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ, ਕਿਉਂ ਜੋ ਇਸ ਵਿਚ ਅਗਨੀ ਦੇਵਤੇ ਦਾ ਨਿਵਾਸ ਹੈ । ਹਿੰਦੂ ਕਈ ਧਾਰਮਿਕ ਤੇ ਸਮਾਜਿਕ ਅਵਸਰਾਂ ਤੇ ਸੰਸਕਾਰਾਂ ਵੇਲੇ ਬੈਠਣ ਵਾਸਤੇ, ਕਾਠ ਦੀ ਚੌਂਕੀ ਦੀ ਵਰਤੋਂ ਕਰਦੇ ਹਨ, ਧਾਰਨਾ ਹੈ ਕਿ ਕਾਠ ਤੇ ਬੈਠਣ ਨਾਲ ਮਨ ਪਵਿਤਰ ਤੇ ਸ਼ਾਂਤ ਰਹਿੰਦਾ ਹੈ ।

ਸੁੱਕੇ ਕਾਠ ਉਤੇ ਖਲੋ ਕੇ ਜਾਂ ਉਸਨੂੰ ਹੱਥ ਲਗਾ ਕੇ ਝੂਠ ਬੋਲਣਾ ਪਾਪ ਸਮਝਿਆ ਜਾਂਦਾ ਹੈ । ਅਗਨੀ ਦੇਵਤੇ ਦੀ ਕਰੋਪੀ ਹੁੰਦੀ ਹੈ । ਇਸ ਲਈ ਕਾਠ ਨੂੰ ਛੂਹ ਕੇ ਆਖੀ ਗੱਲ ਤੇ ਵਿਸ਼ਵਾਸ ਕਰ ਲਿਆ ਜਾਂਦਾ ਹੈ । ਕਈਆਂ ਜਾਤੀਆਂ ਵਿਚ 'ਕਾਠ ਦੀ ਸਹੁੰ' ਵੀ ਪ੍ਰਚਲਤ ਹੈ । ਕਾਠ ਵਿਚ ਅਗਨੀ ਦਿਉਤੇ ਦਾ ਨਿਵਾਸ ਮੰਨ ਕੇ ਪ੍ਰਾਣੀ ਨੂੰ ਮਰਨ ਉਪ੍ਰੰਤ ਕਾਠ ਵਿਚ ਜਲਾਇਆ ਜਾਂਦਾ ਹੈ ।

ਮਿੱਥਕ ਕਥਾਵਾਂ ਅਨੁਸਾਰ ਫ਼ਰੀਦ ਜੀ ਕੋਲ ਇਕ ਕਾਠ ਦੀ ਰੋਟੀ ਹੁੰਦੀ ਸੀ, ਜਿਸਨੂੰ ਭੁੱਖ ਲੱਗਣ ਵੇਲੇ, ਫ਼ਰੀਦ ਜੀ ਚੱਕ ਮਾਰਦੇ ਤਾਂ ਉਨ੍ਹਾਂ ਦੀ ਭੁੱਖ ਮਿਟ ਜਾਂਦੀ।

(ਕ-233) **ਕਾਠ-ਕੱਠੂਆ** :

ਬੱਚਿਆਂ ਦੀ ਇਕ ਖੇਡ; ਇਸ ਵਿਚ ਭਾਗ ਲੈਣ ਵਾਲੇ ਬੱਚੇ ਪਹਿਲਾਂ ਆਪੋ ਵਿਚ ਪੁੱਗਦੇ ਹਨ ,(ਵੇਖੋ : ਪੁੱਗਣਾ)। ਜਿਹੜਾ ਬੱਚਾ ਅਖ਼ੀਰ ਅਣਪੁੱਗਿਆ ਰਹਿ ਜਾਂਦਾ ਹੈ, ਉਸਦੇ ਸਿਰ ਮੀਟੀ ਆਉਂਦੀ ਹੈ। ਪੁੱਗੇ ਹੋਏ ਬੱਚੇ ਕਿਸੇ ਘਰ ਦੇ ਥੜੇ ਤੇ ਖਲੋ ਕੇ ਗਾਉਂਦੇ ਹਨ :

ਕਾਠ ਕਠੂਆ, ਬਿਲੀ ਹਊਆ
ਕਿਹੜਾ ਘਰ ਦਿੱਤਾ ਈ।

ਜਿਸ ਬੱਚੇ ਦੇ ਸਿਰ ਮੀਟੀ ਹੁੰਦੀ ਹੈ, ਉਹ ਕਿਸੇ ਇਕ ਘਰ ਦਾ ਨਾਂ ਲੈਂਦਾ ਹੈ। ਫਿਰ ਸਭ ਬੱਚਿਆਂ ਨੇ ਦੌੜ ਕੇ, ਉਸ ਘਰ ਦੇ ਥੜੇ ਤੇ ਪਹੁੰਚਣਾ ਹੁੰਦਾ ਹੈ। ਮੀਟੀ ਵਾਲਾ ਬੱਚਾ ਉਨ੍ਹਾਂ ਦਾ ਰਸਤਾ ਰੋਕ ਕੇ ਉਨ੍ਹਾਂ ਨੂੰ ਛੂੰਹਦਾ ਹੈ। ਜੇ ਬੱਚੇ ਨੇ ਕਾਠ ਦੀ ਕਿਸੇ ਵਸਤ ਨੂੰ ਫੜਿਆ ਹੋਵੇ ਤਾਂ ਉਸ ਨੂੰ ਨਹੀਂ ਛੋਹਿਆ ਜਾਂਦਾ। ਜਿਹੜਾ ਬੱਚਾ ਛੂਤਾ ਜਾਵੇ, ਉਹਦੇ ਸਿਰ ਮੀਟੀ ਆ ਜਾਂਦੀ ਹੈ ਤੇ ਖੇਡ ਨਵੇਂ ਸਿਰਿਉਂ ਫਿਰ ਸ਼ੁਰੂ ਹੋ ਜਾਂਦੀ ਹੈ। ਜੇ ਮੀਟੀ ਵਾਲਾ ਬੱਚਾ, ਕਿਸੇ ਨੂੰ ਛੂਹਣੋਂ ਅਸਮਰਥ ਰਹੇ ਤੇ ਸਭ ਬੱਚੇ ਦਸੇ ਹੋਏ ਮੁਕਾਮ ਤੇ ਪਹੁੰਚ ਜਾਣ ਤਾਂ ਫਿਰ ਉਹ ਕੋਈ ਨਵਾਂ ਘਰ ਦਸਦਾ ਹੈ। ਇਸ ਤਰ੍ਹਾਂ ਖੇਡ ਜਾਰੀ ਰਹਿੰਦੀ ਹੈ।

ਇਸੇ ਖੇਡ ਨੂੰ 'ਲੱਕੜ ਕਾਠ' ਵੀ ਕਹਿੰਦੇ ਹਨ। ਕਈ ਵਾਰ ਕਿਸੇ ਲਕੜੀ ਦੀ ਥਾਂ ਕਿਸੇ ਲੋਹੇ ਦੀ ਵਸਤੂ ਨੂੰ ਛੂਹਣ ਵਾਲੇ ਨੂੰ ਵੀ ਨਹੀਂ ਛੂਤਾ ਜਾਂਦਾ।

ਇਸ ਖੇਡ ਪਿਛੇ ਸ਼ਾਇਦ ਛੂਤ ਭਾਵਨਾ ਕੰਮ ਕਰ ਰਹੀ ਹੈ। ਮੀਟੀ ਵਾਲੇ ਬੱਚੇ ਨੂੰ ਅਛੂਤ ਸਮਝ ਕੇ ਸਭ ਉਸ ਤੋਂ ਬਚਦੇ ਹਨ ਤੇ ਜੇ ਉਹ ਲਕੜੀ ਜਾਂ ਲੋਹਾ ਛੂਹ ਲਏ ਤਾਂ ਉਹਨੂੰ ਛੂਤ ਨਹੀਂ ਲਗਦੀ। ਲਕੜੀ ਜਾਂ ਲੋਹੇ ਨੂੰ ਵੈਸੇ ਵੀ ਛੂਤ ਤੋਂ ਮੁਕਤ ਸਮਝਿਆ ਜਾਂਦਾ ਹੈ। ਜੇ ਹੱਥ ਵਿਚ ਲਕੜੀ ਜਾਂ ਲੋਹਾ ਹੋਵੇ ਤਾਂ ਕਿਸੇ ਦੀ ਭਿੱਟ ਨਹੀਂ ਲਗਦੀ।

(ਕ-234) **ਕਾਠੋ ਸ਼ਹਿਜ਼ਾਦੀ :**

ਇਕ ਪ੍ਰਸਿਧ ਪਰੀ ਕਹਾਣੀ; ਕਾਠੋ ਇਕ ਰਾਜੇ ਦੀ ਲੜਕੀ ਸੀ। ਉਸ ਦੀ ਮੰਗਣੀ ਇਕ ਰਾਜਕੁਮਾਰ ਨਾਲ ਹੋ ਗਈ। ਇਕ ਵਾਰ ਕੁੜੀਆਂ ਨੇ ਭੰਡਾਰਾ ਮੇਲਿਆ ਤੇ ਫ਼ੈਸਲਾ ਕੀਤਾ ਕਿ ਉਹ ਭੰਡਾਰੇ ਵਿਚ ਜੋ ਕੁਝ ਖਾਣਗੀਆਂ, ਉਹਦੇ ਲਈ ਰੁਪਏ ਆਪੋ ਆਪਣੇ ਮੰਗੇਤਰਾਂ ਤੋਂ ਮੰਗਵਾਉਣਗੀਆਂ। ਸਭਨਾਂ ਨੇ ਕਾਵਾਂ ਹੱਥ ਮੰਗੇਤਰਾਂ ਤੋਂ ਪੰਜ ਪੰਜ ਰੁਪਏ ਮੰਗਵਾਏ। ਕਾਠੋ ਦੇ ਮੰਗੇਤਰ ਨੇ ਪੰਜ ਰੁਪਏ ਦੀ ਥਾਂ ਪੰਜ ਮੋਹਰਾਂ ਕਾਂ ਦੁਆਰਾ ਭੇਜੀਆਂ। ਪਰ ਕਾਠੋ ਦਾ ਕਾਂ ਬੇਈਮਾਨ ਨਿਕਲਿਆ। ਉਹ ਸਾਰੀ ਰਕਮ ਰਸਤੇ ਵਿਚ ਹੀ ਖ਼ਰਚ ਗਿਆ। ਘਰ ਪਹੁੰਚ ਕੇ ਕਾਠੋ ਨੂੰ ਉਹਨੇ ਪੰਜ ਠੀਕਰਾਂ ਜਾ ਦਿੱਤੀਆਂ। ਕਾਠੋ ਬੜੀ ਦੁਖੀ ਹੋਈ ਅਤੇ ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਆਪਣੇ ਮੰਗੇਤਰ ਤੋਂ ਇਸ ਗੱਲ ਦਾ ਬਦਲਾ ਜ਼ਰੂਰ ਲੈ ਕੇ ਰਹੇਗੀ।

ਕਾਠੋ ਨੇ ਤਰਖਾਣ ਨੂੰ ਸਦਵਾ ਕੇ ਲਕੜੀ ਦੀ ਇਕ ਅਜਿਹੀ ਪੁਸ਼ਾਕ ਬਣਵਾ ਲਈ, ਜਿਸਨੂੰ ਪਹਿਨ ਕੇ ਉਹ ਕਾਠ ਦੀ ਪੁਤਲੀ ਲਗਦੀ ਸੀ। ਤੇ ਕੰਮ ਕਾਰ ਕਰਨ ਵਿਚ ਵੀ ਕੋਈ ਦਿੱਕਤ ਨਹੀਂ ਸੀ ਪੈਂਦੀ। ਜਦੋਂ ਕਾਠੋ ਦਾ ਵਿਆਹ ਹੋਇਆ, ਉਹਨੇ ਡੋਲੀ ਵਿਚ ਬੈਠਦੇ ਸਾਰ ਹੀ ਕਾਠ ਦੀ ਪੋਸ਼ਾਕ ਪਹਿਨ ਲਈ ਤੇ ਕਾਠ ਦਾ ਪੁਤਲਾ ਲਗਣ ਲਗੀ। ਇਹ ਵੇਖ ਰਾਜਕੁਮਾਰ ਬੜਾ ਪਰੇਸ਼ਾਨ ਹੋਇਆ। ਕਾਠੋ ਘਰ ਦੇ ਨਿਕੇ ਮੋਟੇ ਕੰਮ ਕਰ ਛਡਦੀ ਤੇ ਸੱਸ ਸੁਕੀ ਅਲੂਣੀ ਰੋਟੀ ਉਹਨੂੰ ਖਾਣ ਵਾਸਤੇ ਦੇ ਦਿੰਦੀ। ਘਰ ਵਿਚ ਕਿਸੇ ਉਹਨੂੰ ਕਦੇ ਗੌਲਿਆ ਨਾ।

ਕੁਝ ਸਮਾਂ ਲੰਘਿਆ ਤਾਂ ਰਾਜਕੁਮਾਰ ਨੇ ਕਿਧਰੇ ਹੋਰ ਆਪਣਾ ਦੂਜਾ ਵਿਆਹ ਕਰਵਾਣਾ ਚਾਹਿਆ। ਇਕ ਸੋਹਣੀ ਜਿਹੀ ਕੁੜੀ ਨਾਲ, ਉਹਦੀ ਮੰਗਣੀ ਹੋਈ। ਕਾਠੋ, ਉਸ ਕੁੜੀ ਕੋਲ ਪਹੁੰਚੀ ਤੇ ਉਹਨੂੰ ਹੋਰ ਸੋਹਣੀ ਬਣਨ ਦਾ ਗੁਰ ਦਸਿਆ, ਜਿਸ ਨਾਲ ਉਹਨੇ ਆਪਣਾ ਮੂੰਹ ਸਾੜ ਲਿਆ।

ਜਦੋਂ ਜੰਞ ਤੁਰੀ ਤਾਂ ਕਾਠੋ ਨੇ ਕੁੜੀ ਵਾਲਿਆਂ ਦੇ ਘਰ ਸੁਨੇਹਾ ਭਿਜਵਾ ਦਿੱਤਾ ਕਿ ਰਾਜਕੁਮਾਰ ਗੁਜ਼ਰ ਗਿਐ। ਇਧਰ ਰਾਜਕੁਮਾਰ ਨੂੰ ਸੁਨੇਹਾ ਪਹੁੰਚਾ ਦਿੱਤਾ ਕਿ ਵਿਆਹੁੰਦੜ ਕੁੜੀ ਅਚਾਨਕ ਮਰ ਗਈ ਹੈ। ਸੋ ਦੋਵੇਂ ਧਿਰਾਂ ਮਨ ਮਸੋਸ ਕੇ ਰਹਿ ਗਈਆਂ। ਬਾਅਦ ਵਿਚ ਪਤਾ ਚਲਿਆ ਕਿ ਇਹ ਸਭ ਸ਼ਰਾਰਤ ਟਾਠੋ ਦੀ ਹੈ। ਜਦੋਂ ਕਾਠੋ ਤੋਂ ਪੁਛਿਆ ਗਿਆ ਤਾਂ ਉਹ ਭੋਲੀ ਬਣ ਬੈਠੀ ਰਹੀ। ਅਖ਼ੀਰ ਰਾਜਕੁਮਾਰ ਉਸ ਕੁੜੀ ਨੂੰ ਵਿਆਹ ਲਿਆਇਆ। ਮੂੰਹ ਸੜਿਆ ਵੇਖ ਕੇ ਸੱਸ ਬੜੀ ਪਛਤਾਈ। ਉਸ ਨੇ ਉਸੇ ਪੈਰ ਕੁੜੀ ਨੂੰ ਪੇਕੇ ਭੇਜ ਦਿੱਤਾ।

ਕਾਠੋ ਨੂੰ ਸਜ਼ਾ ਦੇਣ ਵਜੋਂ, ਜੰਗਲ ਵਿਚ ਊਠ ਚਰਵਾਣ ਭੇਜਿਆ ਜਾਣ ਲਗਾ। ਸੱਸ ਉਹਨੂੰ ਖਾਣ ਲਈ ਸੁਕੀ ਸੜੀ ਰੋਟੀ ਦੇ ਦੇਂਦੀ। ਉਹ ਰਸਤੇ ਵਿਚ ਇਕ ਹਲਵਾਈ ਤੋਂ ਮਠਿਆਈ ਲੈ ਕੇ ਖਾ ਲੈਂਦੀ। ਹਲਵਾਈ ਨੂੰ ਕੁਝ ਸ਼ੱਕ ਪਿਆ ਤੇ ਉਹਦਾ ਪਿਛਾ ਕੀਤਾ। ਨਦੀ ਤੋਂ ਕਾਠੋ ਨੇ ਆਪਣੇ ਕਾਠ ਦੇ ਕਪੜੇ ਧੋ ਕੇ ਸੁਕਾਏ ਤੇ ਪਹਿਨ ਲਏ। ਹਲਵਾਈ ਨੇ ਸਾਰੀ ਗੱਲ ਵੇਰਵੇ ਨਾਲ ਰਾਜਕੁਮਾਰ ਨੂੰ ਜਾ ਦਸੀ।

ਸ਼ਾਮੀਂ ਰਾਜਕੁਮਾਰ ਨੇ ਮਾਂ ਨੂੰ ਕਿਹਾ ਕਿ ਉਹ ਕਾਠੋ ਹੱਥ

ਦੁੱਧ ਭੇਜੇ । ਜਦੋਂ ਉਹ ਦੁੱਧ ਲੈ ਕੇ ਆਈ ਤਾਂ ਰਾਜਕੁਮਾਰ ਨੇ ਕਾਠੋ ਨੂੰ ਕਾਠ ਦੇ ਕਪੜੇ ਉਤਾਰਨ ਲਈ ਪ੍ਰੇਰਿਆ। ਉਹ ਨਾ ਮੰਨੀ ਤਾਂ ਰਾਜਕੁਮਾਰ ਨੇ ਕਿਹਾ ਕਿ ਉਹ ਆਤਮਘਾਤ ਕਰ ਲਏਗਾ । ਅਖ਼ੀਰ ਮਿੰਨਤਾਂ ਤਰਲਿਆਂ ਨਾਲ, ਉਸ ਨੇ ਕਪੜੇ ਉਤਾਰੇ । ਵਿਚੋਂ ਖ਼ੂਬਸੂਰਤ ਸ਼ਹਿਜ਼ਾਦੀ ਸੂਹੇ-ਸਾਵੇ ਪਹਿਨੀ ਨਿਕਲ ਆਈ । ਰਾਜਕੁਮਾਰ ਨੇ ਕਾਰਣ ਪੁਛਿਆ ਤਾਂ ਉਸ ਨੇ ਦਸਿਆ ਕਿ ਭੰਡਾਰੇ ਵੇਲੇ ਤੁਸਾਂ ਕਾਂ ਦੇ ਹਥ ਪੰਜ ਠੀਕਰਾਂ ਭੇਜ ਕੇ ਮੇਰਾ ਅਪਮਾਨ ਕੀਤਾ ਸੀ। ਰਾਜਕੁਮਾਰ ਨੇ ਦਸਿਆ ਕਿ ਉਸ ਨੇ ਤਾਂ ਪੰਜ ਮੋਹਰਾਂ ਭੇਜੀਆਂ ਸਨ । ਅਖ਼ੀਰ, ਦੋਹਾਂ ਵਿਚ ਸੁਲਹ ਹੋ ਗਈ ਤੇ ਉਹ ਖ਼ੁਸ਼ੀ ਖ਼ੁਸ਼ਾਲੀ ਵੱਸਣ ਲਗੇ ।

## (ਕ-235) ਕਾਪੜੀਆ :

(1) ਸ਼ਿਵ ਦੇ ਉਪਾਸ਼ਕ ਜੋ ਹਮੇਸ਼ਾ ਫਟੇ-ਪੁਰਾਣੇ ਕਪੜੇ ਜਾਂ ਗੋਦੜੀ ਪਹਿਨਦੇ ਹਨ। ਉਹ ਹਮੇਸ਼ਾ ਤੀਰਥਾਂ ਦਾ ਰਟਨ ਕਰਦੇ ਰਹਿੰਦੇ ਹਨ। ਇਨ੍ਹਾਂ ਦਾ ਪ੍ਰਧਾਨ ਤੀਰਥ ਕੇਦਾਰਨਾਥ ਹੈ ।

(2) ਇਕ ਪੱਛੜੀ ਜਾਤੀ ਜੋ ਡੂਣੇ ਤੇ ਪੱਤਲਾਂ ਬਣਾ ਕੇ ਪੇਟ ਪਾਲਦੀ ਹੈ । ਇਸ ਜਾਤੀ ਦੇ ਲੋਕ ਜ਼ਿਆਦਾਤਰ ਮੰਦਰ ਵਿਚ ਝਾੜੂ ਦੇਣ ਦਾ ਕੰਮ ਕਰਦੇ ਹਨ। ਇਕ ਧਾਰਨਾ ਅਨੁਸਾਰ ਇਹ ਲੋਕ ਬ੍ਰਾਹਮਣਾਂ ਤੋਂ ਪਤਿਤ ਹੋਏ ਮੰਨੇ ਜਾਂਦੇ ਹਨ।

## (ਕ-236) ਕਾਪਾਲਿਕ :

ਸ਼ੈਵ ਸੰਪ੍ਰਦਾਇ ਦੀ ਇਕ ਸ਼ਾਖ; ਡਾ. ਰਾ. ਗੋ. ਭੰਡਾਰਕਰ ਅਨੁਸਾਰ ਪਾਸ਼ੁਪਤ ਸੰਪ੍ਰਦਾਇ ਦੀ ਉਤਪਤੀ ਦਾ ਸਮਾਂ ਦੂਜੀ ਸਦੀ ਈਸਵੀ ਪੂਰਬ ਸੀ । ਪਾਸ਼ੁਪਤ ਸੰਪ੍ਰਦਾਇ ਵਿਚੋਂ ਹੀ ਕਾਲਮੁਖ (ਅਤੇ ਕਾਪਾਲਿਕ) ਦੋ ਸ਼ਾਖ਼ਾਂ ਉਭਰੀਆਂ । ਕਾਪਾਲਿਕਾਂ ਦਾ ਦੇਵਤਾ ਮਹੇਸ਼ਵਰ ਸੀ । ਗੋਰਖ ਸਿਧਾਂਤ ਸੰਗ੍ਰਹਿ ਅਨੁਸਾਰ ਸ੍ਰੀ ਨਾਥ ਦੇ ਦੂਤਾਂ ਨੇ ਜਦੋਂ ਵਿਸ਼ਨੂੰ ਦੇ ਚੌਬੀਸ ਅਵਤਾਰਾਂ ਦੇ ਕਪਾਲ ਕਟ ਲਏ ਤਾਂ ਉਹ ਕਪਾਲਿਕ ਅਖਵਾਏ । ਇਸ ਘਟਨਾ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਕਾਪਾਲਿਕ ਮੱਤ ਦਾ ਵਿਸ਼ਨੂੰ ਸੰਪ੍ਰਦਾਇ ਨਾਲ ਵਿਰੋਧ ਸੀ ।

ਕਾਪਾਲਿਕ ਸੰਪ੍ਰਦਾਇ, ਸ਼ੈਵ ਮੱਤ ਦੀ ਉਹ ਸ਼ਾਖ਼ ਹੈ, ਜਿਸ ਵਿਚ ਵਾਮਾਚਾਰ ਨੂੰ ਪ੍ਰਧਾਨਤਾ ਪ੍ਰਾਪਤ ਹੈ। ਕਾਪਾਲਿਕ ਮਤ ਵਿਚ ਪ੍ਰਚਲਤ ਬਹੁਤ ਸਾਰੀਆਂ ਸਾਧਨਾਵਾਂ ਵਜਰਯਾਨੀ ਸਾਧਕਾਂ ਵਾਲੀਆਂ ਹਨ ।

ਕਾਪਾਲਿਕ ਮਤ ਵਿਚ ਨਾਥ ਸੰਪ੍ਰਦਾਈਆਂ ਅਤੇ ਹਠ ਯੋਗੀਆਂ ਵਾਂਗ ਚੱਕਰ ਅਤੇ ਨਾੜੀਆਂ ਨੂੰ ਮਹਤਾ ਪ੍ਰਾਪਤ ਹੈ। ਉਸ ਵਿਚ ਜੀਵ ਅਤੇ ਸ਼ਿਵ ਅਭਿੰਨ ਮੰਨੇ ਗਏ ਹਨ । ਯੋਗ ਦੁਆਰਾ ਹੀ ਸ਼ਿਵ ਸਾਖਿਆਤ ਹੁੰਦਾ ਹੈ । ਕਪਾਲਕਾਂ ਵਿਚ ਮਦ, ਮਾਸ, ਮੱਤ੍ਰਸਯਾ, ਮਦਰਾ ਤੇ ਮਿਥਨ ਆਦਿ ਪੰਜ ਮਕਾਰਾਂ ਨੂੰ ਮਹੱਤਾ ਪ੍ਰਾਪਤ ਹੈ। ਇਸਦਾ ਪੂਰਵ-ਮੱਧਕਾਲ ਦੀਆਂ ਸਾਧਨਾਵਾਂ ਵਿਚ ਵਿਸ਼ੇਸ਼ ਸਥਾਨ ਸੀ ।

## (ਕ-237) ਕਾਫ਼ੀ :

ਕਾਫ਼ੀ ਪੰਜਾਬੀ ਦਾ ਇਕ ਅਜਿਹਾ ਕਾਵਿ-ਰੂਪ ਹੈ, ਜੋ ਸਭਨਾਂ ਤੋਂ ਵਧ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਿਹਾ । ਕਈਆਂ ਨੇ ਕਾਫ਼ੀ ਨੂੰ ਇਕ ਰਾਗਣੀ ਮੰਨਿਆ ਹੈ, ਪਰ ਗੁਰੂ ਸਾਹਿਬਾਨ ਤੋਂ ਇਲਾਵਾ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਦਾ ਭਿੰਨ ਭਿੰਨ ਰਾਗਾਂ ਵਿਚ ਹੋਣਾ ਹੀ ਇਸ ਗੱਲ ਨੂੰ ਝੁਠਲਾਂਦਾ ਹੈ । ਕਈ ਹੋਰਨਾਂ ਨੇ ਕਾਫ਼ੀ ਨੂੰ ਛੰਦ ਮੰਨਿਆ ਹੈ, ਪਰ ਇਸ ਕਾਵਿ ਦੀਆਂ ਕੋਈ ਮਿੱਥੀਆਂ ਮਾਤਰਾਂ ਜਾਂ ਬਝਵਾਂ ਰੂਪ-ਵਿਧਾਨ ਨਹੀਂ ।

ਕਾਫ਼ੀ ਇਕ ਕਾਵਿ-ਰੂਪ ਹੈ, ਜੋ ਹੋਰ ਲੋਕ-ਕਾਵਿ ਦੇ ਰੂਪਾਂ ਵਾਂਗ ਪਰੰਪਰਾ ਤੋਂ ਉਪਜਿਆ ਤੇ ਵਿਗਸਿਆ । ਕਾਫ਼ੀ ਅਰਬੀ ਦਾ ਸ਼ਬਦ ਹੈ ਜਿਸਦਾ ਅਰਥ ਸਥਾਈ ਵਾਲੀ ਤੁਕ ਹੈ । ਕਾਫ਼ੀ ਵਿਚ ਸਥਾਈ ਦੀ ਤੁਕ ਲਾਜ਼ਮੀ ਤੱਤ ਮੰਨੀ ਗਈ ਹੈ, ਉਸੇ ਤੁਕ ਵਿਚ ਕਾਫ਼ੀ ਦਾ ਮੁਖ ਭਾਵ ਪ੍ਰਗਟ ਹੁੰਦਾ ਹੈ। ਇਸੇ ਤੁਕ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ । ਇਹੋ ਤੁਕ ਕਾਫ਼ੀ ਦੀ ਮੂਲ ਪਛਾਣ ਬਣ ਗਈ ਹੈ, ਤੇ ਇਹੋ ਇਹਦੀ ਵਿਲੱਖਣਤਾ ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਕਾਫ਼ੀ 'ਸ਼ਬਦ' ਕਾਵਿ ਦਾ ਹੀ ਵਟਿਆ ਹੋਇਆ ਰੂਪ ਹੈ । ਜੇ ਫ਼ਰੀਦ ਜੀ ਦੇ ਚੁਹਾਂ ਸ਼ਬਦਾਂ ਅਤੇ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ, ਇਕ ਦੂਜੇ ਨਾਲ ਮੇਲ ਕੇ ਵੇਖਿਆ ਜਾਵੇ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ । ਅੰਤਰ ਸਿਰਫ਼ ਇਤਨਾ ਹੈ ਕਿ ਕਾਫ਼ੀ ਵਿਚ ਟੇਕ ਦੀ ਤੁਕ ਬਾਰ ਬਾਰ ਦੁਹਰਾਈ ਗਈ ਹੁੰਦੀ ਹੈ, ਪਰ ਸ਼ਬਦ ਵਿਚ ਇਹ ਕੰਮ 'ਰਹਾਉ' ਦੀ ਤੁਕ ਸਾਰਦੀ ਹੈ ।

ਕਾਫ਼ੀ ਦਾ ਸੂਫ਼ੀ ਕਾਵਿ ਦੀ ਸੰਚਾਰ-ਵਿਧੀ ਬੰਨ੍ਹਣ ਤੋਂ ਪਹਿਲਾਂ ਗੁਰਮਤਿ ਕਾਵਿ ਵਿਚ ਮੌਜੂਦ ਹੋਣਾ ਹੀ, ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਮੱਧਕਾਲ ਤੋਂ ਇਕ ਲੋਕ-ਕਾਵਿ ਰੂਪ ਹੈ। ਕਾਫ਼ੀ ਵਿਚ ਸਥਾਈ ਵਾਲੀ ਤੁੱਕ ਦੀ ਪ੍ਰਧਾਨਤਾ ਹੁੰਦੀ ਹੈ । ਇਸੇ ਸਥਾਈ ਵਾਲੀ ਤੁਕ ਦੇ ਬਾਰ ਬਾਰ ਦੁਹਰਾਣ ਤੋਂ ਇਸਦਾ ਨਾਂ ਕਾਫ਼ੀ ਪੈ ਗਿਆ, ਜੋ ਅਰਬੀ ਦਾ ਸ਼ਬਦ ਹੈ। ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਵਿਚ ਪ੍ਰਧਾਨ ਗਾਇਕ ਤਾਂ ਪ੍ਰੇਮ ਰੰਗ ਵਿਚ ਰੰਗੇ ਪੱਦੇ ਗਾਇਆ ਕਰਦਾ, ਉਹਦੇ ਪਿਛੇ ਸਾਰੀ ਮੰਡਲੀ ਪੱਦੇ ਦੇ ਅੰਤ ਉਤੇ ਸਥਾਈ ਦੀ ਤੁਕ ਨੂੰ ਦੁਹਰਾਇਆ ਕਰਦੀ । ਇਸੇ ਦੋਹਰਾਓ ਸਦਕਾ ਇਸ ਰੂਪ ਦਾ ਨਾਂ ਕਾਫ਼ੀ ਪਿਆ । ਇਕ ਕਾਫ਼ੀ ਵਿਚ ਕਈ ਪੱਦੇ ਹੁੰਦੇ

ਹਨ, ਜਿਨ੍ਹਾਂ ਦਾ ਲੋਕ-ਗੀਤਾਂ ਤੇ ਪਦਿਆਂ ਵਾਂਗ ਨਾ ਤਾਂ ਗਿਣਤੀ ਨਿਸਚਿਤ ਹੈ ਤੇ ਨਾ ਹੀ ਮਾਤਰਾਵਾਂ ਤੇ ਨਾ ਹੀ ਸਤਰਾਂ ਬਾਰੇ ਕੋਈ ਬੰਦਸ਼ ਹੈ।

ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਨਾਨਕ ਦੇਵ ਜੀ ਦੀਆਂ ਕਾਫ਼ੀਆਂ ਰਚੀਆਂ ਮਿਲਦੀਆਂ ਹਨ, ਪਰ ਇਸਦਾ ਮਤਲਬ ਇਹ ਨਹੀਂ ਕਿ ਕਾਫ਼ੀ ਪਹਿਲਾਂ ਗੁਰਬਾਣੀ ਦੀ ਸੰਚਾਰ ਵਿਧੀ ਬਣੀ; ਜਾਪਦਾ ਹੈ ਕਿ ਫ਼ਰੀਦ ਜੀ ਤੋਂ ਮਗਰੋਂ ਸੂਫ਼ੀਆਂ ਦੀਆਂ ਮਜਲਸਾਂ ਵਿਚ ਕਾਫ਼ੀ ਗਾਣ ਦੀ ਪ੍ਰਥਾ ਚਲ ਪਈ ਸੀ। ਸੂਫ਼ੀਆਂ ਦੀਆਂ ਮਜਲਸਾਂ ਵਿਚ, ਇਕ ਸਥਾਈ ਤੁਕ ਨੂੰ ਆਧਾਰ ਬਣਾ ਕੇ ਗਾਉਣ ਵੇਲੇ ਪਦੇ ਨਾਲ ਜੋੜ ਲਏ ਜਾਂਦੇ, ਜੋ ਥਾਂ ਤੇ ਹੀ ਘੜ ਲਏ ਜਾਂਦੇ। ਸਥਾਈ ਜਾਂ ਰਹਾਉ ਦੀ ਤੁਕ ਸਾਰੀ ਸੰਗਤ ਰਲ ਕੇ ਗਾਉਂਦੀ ਸੀ। ਸੂਫ਼ੀਆਂ ਦੀਆਂ ਮਜਲਸਾਂ ਵਿਚ ਹੀ ਕਾਫ਼ੀ ਇਕ ਵੱਖਰੀ ਧਾਰਨਾ ਦੇ ਰੂਪ ਗ੍ਰਹਿਣ ਕਰ ਗਈ। ਸਥਾਈ ਵਿਚ ਕਾਫ਼ੀ ਦਾ ਮੁਖ ਭਾਵ ਪ੍ਰਗਟ ਹੁੰਦਾ ਹੈ, ਜੋ ਬਾਰ ਬਾਰ ਦੋਹਰਾਈ ਜਾਂਦੀ ਹੈ। ਕੁਝ ਅੰਤਰੇ ਹੁੰਦੇ ਹਨ। ਹਰ ਅੰਤਰੇ ਦੇ ਬਾਅਦ ਸਥਾਈ ਦੁਹਰਾਣ ਦੀ ਪ੍ਰਥਾ ਹੈ। ਪਰ ਸ਼ਾਹ ਹੁਸੈਨ ਤੋਂ ਪਹਿਲਾਂ ਦੀਆਂ ਕਾਫ਼ੀਆਂ ਜੋ ਲੋਕ-ਕਾਫ਼ੀਆਂ ਮੰਨੀਆਂ ਜਾ ਸਕਦੀਆਂ ਹਨ, ਸਾਡੇ ਤਕ ਪੁਜੀਆਂ ਨਹੀਂ; ਜਿਸ ਕਰਕੇ ਕਾਫ਼ੀ ਦੇ ਮੁਢਲੇ ਸਰੂਪ ਤੇ ਸੁਭਾਵ ਬਾਰੇ ਨਿਸਚੇ ਨਾਲ ਗੱਲ ਕਰਨੀ ਸੰਭਵ ਨਹੀਂ।

ਕਾਫ਼ੀ ਦਾ ਜਨਮ-ਸਥਾਨ, ਸੰਭਵ ਮੁਲਤਾਨ ਹੈ, ਜਿਥੇ ਸੂਫ਼ੀਆਂ ਦੀਆਂ ਮੁੱਢਲੀਆਂ ਮਜਲਸਾਂ ਲਗਦੀਆਂ ਰਹੀਆਂ। ਲਹਿੰਦੇ ਵਾਲੇ ਪਾਸੇ ਕਾਫ਼ੀ ਨੂੰ ਮੁਲਤਾਨੀ ਕਾਫ਼ੀ ਆਖਿਆ ਜਾਂਦਾ ਹੈ। ਮੁਲਤਾਨ ਝੰਗ ਤੇ ਮਘਿਆਣੇ ਆਦਿ ਦੇ ਇਲਾਕਿਆਂ ਵਿਚ, ਅਜ ਵੀ ਕਾਫ਼ੀ ਦੂਜੇ ਕਾਵਿ-ਰੂਪਾਂ ਨਾਲੋਂ ਵਧੇਰੇ ਪ੍ਰਚਲਤ ਹੈ। ਕਾਫ਼ੀ ਸਦੀਆਂ ਦਾ ਪੈਂਡਾ ਮਾਰ ਕੇ ਵੀ ਆਪਣੀ ਮੂਲ ਪਰੰਪਰਾ ਨੂੰ ਤਿਆਗ ਨਹੀਂ ਸਕੀ। ਇਸ ਦਾ ਪ੍ਰਧਾਨ ਵਿਸ਼ਾ ਇਸ਼ਕ ਹੀ ਰਿਹਾ ਹੈ ਤੇ ਬੋਲੀ ਲਹਿੰਦੇ ਪ੍ਰਭਾਵ ਵਾਲੀ ਪੰਜਾਬੀ। ਵਿਸ਼ੇ ਦੀ ਵੰਨਗੀ, ਤੋਲ ਦੀ ਭਿੰਨਤਾ ਤੇ ਭਾਵਾਂ ਦੀ ਬਹੁਰੰਗੀ ਕਾਰਨ, ਕਾਫ਼ੀ ਦੇ ਰੂਪ ਵਿਚ ਲਚਕਤਾ ਆ ਗਈ ਹੈ।

ਲਹਿੰਦੇ ਦੇ ਲੋਕ-ਕਾਵਿ ਰੂਪਾਂ ਵਿਚ ਕਾਫ਼ੀ ਦਾ ਵਿਸ਼ੇਸ਼ ਸਥਾਨ ਹੈ। ਲਹਿੰਦੇ ਵਿਚ ਇਹ ਰੂਪ ਲੋਕ-ਪਧਰ ਤੇ ਇਤਨਾ ਵਿਗਸਤ ਹੋਇਆ ਕਿ ਕੰਮ ਵਿਚ ਰੁਝੇ ਹਾਲੀ, ਡੰਗਰ ਚਾਰਦੇ ਵਾਗੀ ਤੇ ਖੂਹਾਂ ਉਤੇ ਪਾਣੀ ਭਰਦੀਆਂ ਜਾਂ ਭੱਤਾ ਲਿਜਾਂਦੀਆਂ ਤੀਵੀਆਂ ਵੀ ਕਾਫ਼ੀਆਂ ਗੁਣਗੁਣਾਂਦੀਆਂ ਰਹਿੰਦੀਆਂ। ਨੀਲੀ ਬਾਰ ਦੇ ਜਾਂਗਲੀਆਂ ਵਿਚ ਵੀ ਕਾਫ਼ੀ ਬੜੀ ਪ੍ਰਚਲਤ ਹੈ। 'ਨੀਲੀ ਤੇ ਰਾਵੀ' ਵਿਚ ਜਾਂਗਲੀਆਂ ਵਿਚ ਪ੍ਰਚਲਤ ਕਾਫ਼ੀਆਂ ਦਾ ਜ਼ਿਕਰ ਕਰਦਿਆਂ ਕਰਤਾਰ ਸਿੰਘ ਸ਼ਮਸ਼ੇਰ ਲਿਖਦਾ ਹੈ, ''ਕਾਫ਼ੀ ਵਰਗੇ ਖੁਲ੍ਹੇ ਕਾਵਿ-ਰੂਪ ਵਿਚ ਲੋਕ-ਜਜ਼ਬਿਆਂ ਨੂੰ ਜੀਭ ਲਗ ਜਾਂਦੀ ਹੈ ਅਤੇ ਉਹ ਜਿਸ ਹਾਲ ਵਿਚ ਹੋਣ, ਨੱਚ ਉਠਦੇ ਹਨ। ਜਾਂਗਲੀ ਮੁਟਿਆਰ ਜਦ ਆਪਣੇ ਜਜ਼ਬਿਆਂ ਨੂੰ ਬੇਸੰਕੋਚ, ਬੇਸਰੀਰ ਕਰਨਾ ਲੋਚਦੀ ਹੈ, ਉਹ ਕਾਫ਼ੀ ਦੀਆਂ ਜਾਦੂ ਭਰੀਆਂ ਤੁਕਾਂ ਵਿਚ, ਉਨ੍ਹਾਂ ਨੂੰ ਉਂਡੇਲ ਦੇਂਦੀ ਹੈ। ਇਹ ਇਕ ਅਜਿਹਾ ਕਾਵਿ-ਰੂਪ ਹੈ, ਜਿਸ ਵਿਚ ਸਭ ਤੋਂ ਵਧ ਜਜ਼ਬੇ ਦੀ ਤੀਬਰਤਾ ਦੀ ਲੋੜ ਹੈ ਅਤੇ ਜਿਸ ਵਿਚ ਸਭ ਤੋਂ ਘਟ ਰੂਪਕ ਬੰਦਸ਼ ਹੈ। ਇਸ ਵਿਚ ਤੋਲ ਦੀ ਭਿੰਨਤਾ, ਵਿਸ਼ੇ ਦੀ ਵੰਨਗੀ ਤੇ ਜਜ਼ਬਿਆਂ ਦੀ ਬਹੁ-ਰੰਗੀ ਤਸਵੀਰ, ਹੋਰ ਕਿਸੇ ਕਾਵਿ ਰੂਪ ਵਿਚ ਨਹੀਂ ਮਿਲਦੀ।'' ਰੂਪ ਵਲੋਂ ਕਿਸੇ ਭਾਂਤ ਦੀ ਬੰਦਸ਼ ਨਾ ਹੋਣ ਕਰ ਕੇ, ਕਾਫ਼ੀ ਵਿਚ ਭਾਵਨਾਵਾਂ ਦਾ ਚਿਤ੍ਰਣ ਨਿਰਸੰਕੋਚ ਤੇ ਬੇਬਾਕ ਹੁੰਦਾ ਹੈ।

ਪਛਮੀ ਪੰਜਾਬ ਵਿਚ ਅਜ ਵੀ ਕਈ ਮੇਲਿਆਂ ਤੇ ਇਕੱਠਾਂ ਉਤੇ ਕਾਫ਼ੀਆਂ ਦੀਆਂ ਮਹਿਫ਼ਲਾਂ ਲਗਦੀਆਂ ਹਨ। ਇਸ ਬਾਰੇ ਕਰਤਾਰ ਸਿੰਘ ਸ਼ਮਸ਼ੇਰ ਲਿਖਦੇ ਹਨ: ''ਇਥੋਂ (ਨੀਲੀ ਬਾਰ) ਦੇ ਪ੍ਰਸਿਧ ਮੇਲੇ ਦੀਵਾਨ ਸਾਹਿਬ ਦਾ ਮੇਲਾ ਪਾਕਪਟਨ ਸ਼ਰੀਫ਼ ਤੇ ਮੀਏਂ ਸਾਹਿਬ ਦੇ ਮੇਲੇ ਤੇ ਸ਼ਾਹ ਜੀਵਣੇ ਦੇ ਮੇਲੇ ਉਤੇ ਚੁਣਵੇਂ ਗਵਈਏ ਆਉਂਦੇ ਹਨ, ਤੇ ਉਹਨਾਂ ਦੀਆਂ ਸ਼ਾਂਤੀ ਭਰਪੂਰ ਮਹਿਫ਼ਲਾਂ ਵਿਚ ਕਾਫ਼ੀਆਂ ਗਾਈਆਂ ਜਾਂਦੀਆਂ ਹਨ।''

'ਕਾਫ਼ੀ' ਦਾ ਮੂਲ ਵਿਸ਼ਾ ਇਸ਼ਕ ਹੈ। ਇਸ਼ਕ ਵਿਚ ਪ੍ਰੀਤਮ ਨਾਲ ਮੇਲ ਦੀਆਂ ਘੜੀਆਂ ਦਾ ਸਵਾਦ ਤੇ ਵਿਜੋਗ ਦੀਆਂ ਘੜੀਆਂ ਦੀ ਪੀੜਾ ਦਾ ਵਰਨਣ ਭਾਵਨਾ ਭਰਪੂਰ ਤੇ ਬੇਬਾਕ ਹੈ, ਜਿਵੇਂ ਜਜ਼ਬਿਆਂ ਤੋਂ ਕਿਸੇ ਸਾਰੇ ਕਪੜੇ ਉਤਾਰ ਦਿੱਤੇ ਹੋਣ। ਕਾਫ਼ੀਆਂ ਵਿਚ ਗਿਲੇ ਨਿਹੋਰੇ ਤੇ ਉਲਾਂਭੇ ਦਾ ਰੰਗ ਵੀ ਚੋਖਾ ਹੈ। ਕਾਫ਼ੀਆਂ ਵਿਚ ਪਰੰਪਰਾਗਤ ਪ੍ਰਤੀਕ ਵੀ ਆਮ ਵਰਤੇ ਜਾਂਦੇ ਹਨ, ਜਿਹਾ ਕਿ ਚਰਖਾ, ਤਾਣੀ, ਭਨਾਂ, ਹੀਰ ਰਾਂਝਾ, ਮਹੀਂਵਾਲ, ਡਾਚੀ ਵਾਲਿਆ ਆਦਿ। ਇਹ ਤੇ ਹੋਰ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ, ਰਲ ਕੇ ਇਸ ਨੂੰ ਵਖਰੀ ਪਛਾਣ ਬਖ਼ਸ਼ਦੀਆਂ ਹਨ।

(ਕ-238) **ਕਾਬੀਨ** :

ਮਿਹਰ; ਮੁਸਲਮਾਨਾਂ ਵਿਚ ਨਿਕਾਹ ਵੇਲੇ, ਉਹ ਰਕਮ ਪਹਿਲਾਂ ਹੀ ਤੈਅ ਕਰ ਲਈ ਜਾਂਦੀ ਹੈ, ਜੋ ਤਲਾਕ ਦੇਣ ਦੀ ਹਾਲਤ ਵਿਚ, ਪਤੀ ਨੂੰ ਆਪਣੀ ਪਤਨੀ ਨੂੰ ਦੇਣੀ ਲਾਜ਼ਮੀ ਹੈ। ਇਸ ਰਕਮ ਨੂੰ 'ਹਕ ਮਿਹਰ' ਵੀ ਕਹਿੰਦੇ ਹਨ। ਇਸ ਰਕਮ ਬਾਰੇ ਜੋ ਇਕਰਾਰਨਾਮਾ ਲਿਖਤ ਵਿਚ ਦਿੱਤਾ ਜਾਂਦਾ ਹੈ, ਉਸ ਨੂੰ 'ਕਾਬੀਨ ਨਾਮਾ' ਕਹਿੰਦੇ ਹਨ।

(ਕ-239) **ਕਾਬੀਲ :**

ਹਜ਼ਰਤ ਆਦਮ ਦਾ ਜੇਠਾ ਪੁੱਤਰ, ਜਿਸ ਨੇ ਆਪਣੇ ਛੋਟੇ ਭਰਾ ਹਾਬੀਲ ਦੀ ਹਤਿਆ ਕਰਕੇ, ਉਸ ਨੂੰ ਧਰਤੀ ਵਿਚ ਦੱਬ ਦਿੱਤਾ ਸੀ। ਕੁਰਆਨ ਅਨੁਸਾਰ ਆਦਮ ਦੇ ਦੋਵੇਂ ਪੁੱਤਰ ਕਾਬੀਲ ਤੇ ਹਾਬੀਲ ਨਿਆਜ਼ਾਂ ਲੈ ਕੇ, ਅੱਲਾ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ, ਧੁਰ ਦਰਗਾਹ ਵਿਚ ਗਏ। ਦੋਹਾਂ ਭਰਾਵਾਂ ਨੂੰ ਸੰਸਾ ਸੀ ਕਿ ਕਿਧਰੇ ਉਹਦੀ ਨਿਆਜ਼ ਪ੍ਰਵਾਨ ਨਾ ਚੜ੍ਹੇ ਤੇ ਦੂਜੇ ਭਰਾ ਦੀ ਨਿਆਜ਼ ਕਬੂਲ ਹੋ ਜਾਵੇ । ਸੋ ਕਾਬੀਲ ਨੇ ਰਾਹ ਵਿਚ ਹੀ ਆਪਣੇ ਛੋਟੇ ਭਰਾ ਨੂੰ ਵੱਢ ਦਿੱਤਾ। ਪਰ ਉਹਨੂੰ ਸਮਝ ਨਾ ਪਈ ਕਿ ਉਹ ਭਰਾ ਦੀ ਲਾਸ਼ ਦਾ ਕੀ ਕਰੇ ! ਕਿਉਂ ਜੋ ਇਹ ਸੰਸਾਰ ਵਿਚ ਪਹਿਲੀ ਮੌਤ ਸੀ, ਤਾਂ ਅੱਲਾ ਨੇ ਕਾਂ ਨੂੰ ਭੇਜਿਆ। ਜਿਸ ਨੇ ਆਪਣੇ ਪੰਜਿਆਂ ਨਾਲ ਧਰਤੀ ਖੋਦ ਕੇ ਕਾਬੀਲ ਨੂੰ ਸੰਕੇਤ ਦਿੱਤਾ ਕਿ ਉਹ ਧਰਤੀ ਨੂੰ ਪੁੱਟ ਕੇ ਹਾਬੀਲ ਨੂੰ ਉਹਦੇ ਵਿਚ ਦੱਬ ਦੇਵੇ ।

ਯਹੂਦੀ ਤੇ ਇਸਲਾਮੀ ਮਿਥਿਕ ਕਥਾਵਾ ਵਿਚ ਹਾਬੀਲ ਤੇ ਕਾਬੀਲ ਦੀ ਕਥਾ ਕਈ ਰੂਪਾਂ ਵਿਚ ਮਿਲਦੀ ਹੈ। ਇਕ ਰੂਪਾਂਤਰ ਅਨੁਸਾਰ—ਆਦਮ ਤੇ ਹਵਾ ਦੀ ਕੁਖੋਂ ਜੋ ਸੰਤਾਨ ਪੈਦਾ ਹੋਈ, ਉਹ ਦੋਵੇਂ ਵਾਰ ਜੁੜਵੇਂ ਬੱਚਿਆਂ ਦੇ ਰੂਪ ਵਿਚ ਜੰਮੀ ਸੀ, ਭਾਵ ਦੋਵੇਂ ਵਾਰ ਹਵਾ ਨੇ ਇਕ ਇਕ ਕੁੜੀ ਤੇ ਇਕ ਇਕ ਮੁੰਡੇ ਨੂੰ ਜਨਮ ਦਿੱਤਾ। ਜਦੋਂ ਚਾਰੇ ਬੱਚੇ ਵੱਡੇ ਹੋਏ ਤਾਂ ਆਦਮ ਤੇ ਹਵਾ ਦੀ ਇੱਛਾ ਸੀ ਕਿ ਉਨ੍ਹਾਂ ਦੇ ਦੋਵੇਂ ਪੁਤਰ ਆਪੋ ਆਪਣੇ ਨਾਲ ਜੰਮੀ ਜੁੜਵਾ ਭੈਣ ਨਾਲ ਵਿਆਹ ਕਰ ਲੈਣ। ਪਰ ਕਾਬੀਲ ਦਾ ਜਨਮ ਬਹਿਸ਼ਤ ਵਿਚ ਹੋਇਆ ਸੀ ਅਤੇ ਹਾਬੀਲ ਦਾ ਧਰਤੀ ਉਤੇ। ਕਾਬੀਲ ਦੇ ਨਾਲ ਜੰਮੀ ਜੁੜਵਾ ਭੈਣ, ਹਾਬੀਲ ਦੇ ਨਾਲ ਜੰਮੀ ਜੁੜਵਾ ਭੈਣ ਨਾਲੋਂ ਜ਼ਿਆਦਾ ਸੋਹਣੀ ਸੀ। ਜਿਸ ਕਰਕੇ ਕਾਬੀਲ ਦੇ ਮਨ ਵਿਚ ਖੁਣਸ ਪੈਦਾ ਹੋ ਗਈ।

ਇਕ ਹੋਰ ਰਵਾਇਤ ਅਨੁਸਾਰ ਕਾਬੀਲ ਦਾ ਵਿਆਹ ਜਿੰਨ ਦੀ ਕੰਨਿਆ ਨਾਲ ਅਤੇ ਹਾਬੀਲ ਦਾ ਵਿਆਹ ਬਹਿਸ਼ਤ ਦੀ ਹੂਰ ਨਾਲ ਤੈਅ ਹੋਇਆ, ਜੋ ਕਾਬੀਲ ਨੂੰ ਪਸੰਦ ਨਹੀਂ ਸੀ।

ਇਸ ਗੱਲ ਦਾ ਫ਼ੈਸਲਾ ਕਰਨ ਲਈ ਕਿ ਕਿਹੜਾ ਭਰਾ ਕਿਸ ਕੁੜੀ ਨਾਲ ਵਿਆਹ ਕਰਾਏਗਾ, ਦੋਵੇਂ ਭਰਾ, ਇਸ ਵਿਚਾਰ ਨਾਲ, ਅੱਲਾ ਦੇ ਦਰਬਾਰ ਵਿਚ ਨਿਆਜ਼ਾਂ ਲੈ ਕੇ ਗਏ ਕਿ ਜਿਸ ਦੀ ਨਿਆਜ਼ ਅੱਲਾ ਨੇ ਕਬੂਲ ਕਰ ਲਈ, ਉਹਦੀ ਇੱਛਾ ਉਤੇ ਫੁੱਲ ਚਾੜ੍ਹੇ ਜਾਣਗੇ। ਕਾਬੀਲ ਨੇ ਨਿਆਜ਼ ਦੇਣ ਲਈ ਖੇਤ ਵਿਚੋਂ ਕੁਝ ਬਲੀਆਂ ਤੋੜੀਆਂ, ਪਰ ਹਾਬੀਲ ਨੇ ਆਪਣੀ ਇਕ ਭੇਡ ਦੀ ਬਲੀ ਦਿੱਤੀ। ਅੱਲਾ ਦੇ ਦਰਬਾਰ ਵਿਚ ਹਾਬੀਲ ਦੀ ਨਿਆਜ਼ ਕਬੂਲ ਹੋਈ।

ਕਾਬੀਲ ਨੇ, ਵਾਪਸੀ ਤੇ, ਈਰਖਾ ਦੀ ਭਾਵਨਾ ਨਾਲ, ਹਾਬੀਲ ਨੂੰ ਰਸਤੇ ਵਿਚ ਹੀ ਮਾਰ ਸੁਟਿਆ। ਪਰ ਉਹਦੀ ਲਾਸ਼ ਨੂੰ ਸਮੇਟਣ ਦੀ ਜਾਚ ਨਹੀਂ ਆਈ। ਸੋ ਕਾਬੀਲ ਨੇ ਲਾਸ਼ ਨੂੰ ਚਾਦਰ ਵਿਚ ਵਲ੍ਹੇਟ ਕੇ, ਮੋਢੇ ਤੇ ਚੁਕ ਲਿਆ। ਰਾਹ ਵਿਚ ਕਾਬੀਲ ਨੇ ਦੋ ਕਾਵਾਂ ਨੂੰ ਲੜਦੇ ਵੇਖਿਆ। ਇਕ ਨੇ ਦੂਜੇ ਨੂੰ ਚੁੰਝਾਂ ਨਾਲ ਮਾਰ ਸੁਟਿਆ ਤੇ ਫਿਰ ਪੰਜੇ ਨਾਲ ਧਰਤੀ ਪੁਟ ਕੇ ਉਥੇ ਹੀ ਦੱਬ ਦਿੱਤਾ। ਇਹ ਵੇਖ ਕੇ ਕਾਬੀਲ ਨੇ ਵੀ ਹਾਬੀਲ ਦੀ ਲਾਸ਼ ਧਰਤੀ ਵਿਚ ਦੱਬ ਦਿੱਤੀ।

ਜਦੋਂ ਕਾਬੀਲ ਦੁਬਾਰਾ ਅੱਲਾ ਦੇ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਅੱਲਾ ਨੇ ਕਾਬੀਲ ਨੂੰ ਤਾੜਦਿਆਂ ਹੋਇਆਂ ਕਿਹਾ ਕਿ ਧਰਤੀ ਵਿਚੋਂ ਤੇਰੇ ਭਰਾ ਦੇ ਲਹੂ ਦੀ ਪੁਕਾਰ ਸੁਣਾਈ ਦੇ ਰਹੀ ਹੈ। ਕਾਬੀਲ ਨੇ ਆਪਣਾ ਅਪਰਾਧ ਛੁਪਾਂਦੇ ਹੋਏ ਕਿਹਾ : "ਜੇ ਮੈਂ ਹੱਤਿਆ ਕੀਤੀ ਏ, ਤਾਂ ਦਸੋ ਲਹੂ ਕਿਥੇ ਡੁਲ੍ਹਿਐ।" ਧਰਤੀ ਨੇ ਹਾਬੀਲ ਦਾ ਸਾਰਾ ਲਹੂ ਜਜ਼ਬ ਕਰ ਲਿਆ ਸੀ ਤੇ ਕਿਧਰੇ ਇਕ ਤੁਪਕਾ ਵੀ ਨਹੀਂ ਸੀ ਵਿਖਾਈ ਦਿੰਦਾ। ਤਾਂ ਅੱਲਾ ਨੇ ਧਰਤੀ ਨੂੰ ਹੁਕਮ ਦਿੱਤਾ ਕਿ ਉਹ ਮਨੁੱਖ ਦਾ ਲਹੂ, ਅਗੋਂ ਤੋਂ ਕਦੇ ਨਾ ਪੀਵੇ। ਉਦੋਂ ਤੋਂ ਧਰਤੀ ਲਹੂ ਜਜ਼ਬ ਨਹੀਂ ਕਰਦੀ। ਹਾਬੀਲ ਦੀ ਹਤਿਆ ਸੰਸਾਰ ਦੀ ਪਹਿਲੀ ਮੌਤ ਸੀ, ਜੋ ਔਰਤ ਦੀ ਖ਼ਾਤਰ ਹੋਈ।

(ਕ-240) **ਕਾਮ ਕੰਦਲਾ :**

ਕਾਮ ਕੰਦਲਾ ਇਕ ਖ਼ੂਬਸੂਰਤ ਵੇਸਵਾ ਸੀ, ਜਿਸ ਨੂੰ ਨਿਰਤ ਵਿਚ ਕਮਾਲ ਹਾਸਿਲ ਸੀ। ਇਸ ਦਾ ਪ੍ਰੇਮ ਇਕ ਗੁਣਵਾਨ ਪੰਡਤ ਮਾਧਵਾਨਲ ਨਾਲ ਹੋ ਗਿਆ। ਜਾਤ ਪਾਤ ਤੇ ਸਮਾਜਿਕ ਵਿਰੋਧ ਕਾਰਨ, ਦੋਵੇਂ ਇਕ ਦੂਜੇ ਨੂੰ ਮਿਲਣ ਤੋਂ ਅਸਮਰਥ ਹੋਣ ਕਰਕੇ, ਬ੍ਰਿਹੋਂ ਵਿਚ ਭੱਜਣ ਲਗੇ। ਅਖ਼ੀਰ ਵਿਕ੍ਰਮਾਦਿਤਯ ਦੀ ਮਦਦ ਨਾਲ ਦੋਹਾਂ ਦਾ ਮਿਲਾਪ ਹੋਇਆ।

ਇਸ ਪ੍ਰੇਮ ਕਥਾ ਦਾ ਸਭ ਤੋਂ ਪੁਰਾਣਾ ਰੂਪ 'ਸਿੰਘਾਸਨ ਬਤੀਸੀ' ਵਿਚ ਮਿਲਦਾ ਹੈ। ਮੂਲ ਵਿਚ ਇਹ ਕਥਾ ਵਿਕਰਮ ਕਥਾ-ਚੱਕਰ ਨਾਲ ਸੰਬੰਧਿਤ ਹੈ, ਜੋ ਮਗਰੋਂ ਇਕ ਸੁਤੰਤਰ-ਰੂਪ ਧਾਰਨ ਕਰ ਗਈ। ਹਿੰਦੀ ਵਿਚ ਇਸ ਕਥਾ ਨੂੰ ਸੋਲ੍ਹਵੀਂ ਸਦੀ ਵਿਚ, ਕਾਵਿ ਦੀ ਸ਼ਕਲ ਦਿੱਤੀ ਗਈ। ਪੰਜਾਬੀ ਵਿਚ ਇਹ ਕਥਾ ਸਭ ਤੋਂ ਪਹਿਲਾਂ ਦਸਮ ਗ੍ਰੰਥ ਦੇ ਚਰਿਤ੍ਰਾਂ (91ਵਾਂ ਚਰਿਤ੍ਰ) ਵਿਚ ਮਿਲਦੀ ਹੈ। ਇਸ ਕਥਾ ਨੂੰ, ਹਜ਼ਾਰਾ ਸਿੰਘ ਕਵੀਸ਼ਰ ਨੇ ਕਵਿਤਾ ਵਿਚ ਲਿਖਿਆ, ਜਿਸ ਦਾ ਮੂਲ ਆਧਾਰ ਆਲਮ ਦੀ ਰਚਨਾ ਹੀ ਸੀ, ਕਿਉਂ ਜੋ ਇਸ ਕਿੱਸੇ ਵਿਚ ਨਾਵਾਂ ਥਾਵਾਂ ਤੇ ਘਟਨਾਵਾਂ ਦਾ ਸਰੂਪ ਆਲਮ ਦੀ ਰਚਨਾ ਵਾਲਾ ਹੀ ਹੈ।

ਪੰਜਾਬ ਨਾਲ ਇਸ ਕਥਾ ਦੀ ਇਕ ਹੋਰ ਸਾਂਝ ਵੀ ਹੈ। ਹਜਾਰਾ ਸਿੰਘ ਕਵੀਸ਼ਰ ਅਨੁਸਾਰ ਗੁਰਦਾਸਪੁਰ ਅਤੇ ਸਿਆਲਕੋਟ ਦੇ ਭਾਟੜੇ ਆਪਣੇ ਆਪ ਨੂੰ ਮਾਧਵ ਤਥਾ ਕਾਮ ਕੰਦਲਾ ਦੀ ਵੰਸ਼ ਦਸਦੇ ਹਨ।

ਇਸ ਕਥਾ ਦੀਆਂ ਘਟਨਾਵਾਂ ਬੜੀਆਂ ਰੌਚਿਕ ਹਨ। ਵਿਕਰਮਾ ਕਥਾ-ਚਕਰ ਦੀਆਂ ਹੋਰ ਕਥਾਵਾਂ ਵਾਂਗ ਇਹ ਕਥਾ ਵੀ ਕਿਧਰੇ ਕਿਧਰੇ ਵਾਸਤਵਿਕਤਾ ਤੋਂ ਅਲੌਕਿਕਤਾ ਵਲ ਯਾਤ੍ਰਾ ਕਰਦੀ ਹੈ, ਕਿਧਰੇ ਅਦਭੁਤ ਤੋਂ ਵਾਸਤਵਿਕਤਾ ਵਲ। ਕਾਮ ਕੰਦਲਾ ਅਤੇ ਮਾਧਵਾਨਲ ਇਕ ਦੂਜੇ ਦੇ ਵਿਜੋਗ ਵਿਚ ਪ੍ਰਾਣ ਤਿਆਗ ਦਿੰਦੇ ਹਨ, ਪਰ ਅਖ਼ੀਰ ਵਿਚ ਬੇਤਾਲ ਦੁਆਰਾ ਮਾਤ-ਲੋਕ ਵਿਚੋਂ ਲਿਆਂਦੇ, ਅੰਮ੍ਰਿਤ ਦੇ ਛੱਟਿਆਂ ਨਾਲ, ਮੁੜ ਸੁਰਜੀਤ ਹੋ ਜਾਂਦੇ ਹਨ।

ਕਾਮ ਕੰਦਲਾ ਦੀ ਪ੍ਰੇਮ ਕਥਾ ਦਾ ਪ੍ਰਾਚੀਨ ਰੂਪ 'ਸਿੰਘਾਸਨ ਬਤੀਸੀ' ਵਿਚ ਪ੍ਰਾਪਤ ਹੈ। ਇਥੇ ਅਸੀਂ ਕਾਮ ਕੰਦਲਾ ਦਾ ਉਹੋ ਰੂਪਾਂਤਰ ਪੇਸ਼ ਕਰਦੇ ਹਾਂ। ਇਕੀਸਵੀਂ ਪੁਤਲੀ ਅਨਰੋਧਵਤੀ, ਰਾਜੇ ਭੋਜ ਨੂੰ, ਵਿਕ੍ਰਮਾਦਿਤੀਆ ਦਾ ਇਕ ਹੋਰ ਵਿਸ਼ੇਸ਼ ਗੁਣ ਪ੍ਰਗਟ ਕਰਨ ਲਈ ਇਕ ਕਥਾ ਸੁਣਾਂਦੀ ਹੈ। ਇਹ ਗੁਣਵਾਨ ਬ੍ਰਾਹਮਣ ਮਾਧਵਾਨਲ ਸੀ, ਜੋ ਸ਼ਕਲ ਸੂਰਤ ਵਿਚ ਕਾਮ ਦਾ ਅਵਤਾਰ ਜਾਪਦਾ ਸੀ, ਜਿਸ ਨੂੰ ਵੇਖਦੇ ਸਾਰ ਹੀ ਤ੍ਰੀਮਤਾਂ ਮੋਹਿਤ ਹੋ ਜਾਂਦੀਆਂ। ਮਾਧਵਾਨਲ, ਹਰ ਤਰ੍ਹਾਂ ਦੀ ਵਿਦਿਆ ਤੇ ਕਲਾ ਵਿਚ ਨਿਪੁੰਨ ਹੋਣ ਤੋਂ ਇਲਾਵਾ, ਚਤਰ ਤੇ ਸੂਝਵਾਨ ਵੀ ਸੀ। ਉਹ ਜਿਸ ਰਾਜੇ ਦੀ ਸੇਵਾ ਵਿਚ ਹਾਜਰ ਹੁੰਦਾ, ਉਹ ਪਹਿਲਾਂ ਉਸ ਨੂੰ ਬੜਾ ਆਦਰ ਮਾਣ ਦਿੰਦਾ ਪਰ ਜਦੋਂ ਮਾਧਵਾਨਲ ਆਪਣੇ ਕਿਸੇ ਗੁਣ ਦਾ ਪ੍ਰਕਾਸ਼ ਕਰਦਾ ਤਾਂ ਰਾਜਾ ਉਹਨੂੰ ਦੇਸ਼ ਨਿਕਾਲਾ ਦੇ ਦਿੰਦਾ, ਇਸ ਲਈ ਮਾਧਵਾਨਲ ਦੇਸ਼ ਬਦੇਸ਼ ਭਟਕਦਾ ਫਿਰਦਾ।

ਇਕ ਵਾਰ ਮਾਧਵਾਨਲ, ਕਾਮਧੇਨ ਦੀ ਨਗਰੀ ਵਿਚ ਪੁਜਾ। ਉਸ ਨੇ ਰਾਜੇ ਨੂੰ ਮਿਲਣ ਲਈ ਦਵਾਰਪਾਲ ਅਗੇ ਬੇਨਤੀ ਕੀਤੀ। ਪਰ ਦਵਾਰਪਾਲ ਨੇ ਉਹਨੂੰ ਦਰਬਾਰ ਵਿਚ ਜਾਣ ਦੀ ਆਗਿਆ ਨਾ ਦਿੱਤੀ। ਉਦੋਂ ਦਰਬਾਰ ਵਿਚ ਇਕ ਨਰਤਕੀ ਕਾਮ ਕੰਦਲਾ, ਮਿਰਦੰਗ ਦੀ ਤਾਲ ਤੇ ਨੱਚ ਰਹੀ ਸੀ। ਮਾਧਵਾਨਲ ਮਿਰਦੰਗ ਦੀ ਧੁਨੀ ਸੁਣ ਕੇ ਦਵਾਰਪਾਲ ਨੂੰ ਕਹਿਣ ਲਗਾ ਕਿ ਤਾਲ ਠੀਕ ਨਹੀਂ ਵਜ ਰਿਹਾ, ਕਿਉਂ ਜੋ ਜਿਹੜੇ ਬਾਰ੍ਹਾਂ ਆਦਮੀ ਮਿਰਦੰਗ ਵਜਾ ਰਹੇ ਹਨ, ਉਨ੍ਹਾਂ ਵਿਚੋਂ, ਪੂਰਬ ਮੁਖ ਵਾਲੀ ਕਤਾਰ ਵਿਚ ਬੈਠੇ, ਇਕ ਮਿਰਦੰਗੀ ਦਾ ਅੰਗੂਠਾ ਹੀ ਨਹੀਂ, ਜਿਸ ਕਰਕੇ ਥਾਪ ਹਲਕੀ ਪੈਂਦੀ ਹੈ। ਦਵਾਰਪਾਲ ਨੇ ਜਦੋਂ ਇਹ ਗੱਲ ਰਾਜੇ ਨੂੰ ਜਾ ਦਸੀ ਤਾਂ ਰਾਜੇ ਨੇ ਪੂਰਬ-ਮੁਖ ਦੇ ਚੁਹਾਂ ਮਿਰਦੰਗੀਆਂ ਦੇ ਹੱਥ ਵੇਖੇ ਤਾਂ ਉਨ੍ਹਾਂ ਵਿਚੋਂ ਇਕ ਦਾ ਅੰਗੂਠਾ ਮੋਮ ਦਾ ਬਣਿਆ ਹੋਇਆ ਸੀ। ਰਾਜੇ ਨੇ ਮਾਧਵਾਨਲ ਤੇ ਪ੍ਰਸੰਨ ਹੋ ਕੇ, ਉਹਨੂੰ ਦਰਬਾਰ ਵਿਚ ਬੁਲਾ ਕੇ ਆਦਰ ਨਾਲ ਗੱਦੀ ਤੇ ਬਿਠਾਇਆ। ਇਸ ਨੂੰ ਸੁੰਦਰ ਤੇ ਕੀਮਤੀ ਕਪੜੇ ਅਤੇ ਗਹਿਣੇ ਪਹਿਨਣ ਨੂੰ ਦਿੱਤੇ। ਇਸ ਉਪਰੰਤ ਕਾਮ ਕੰਦਲਾ ਨੂੰ ਬੁਲਾ ਕੇ ਨਿਰਤ ਕਰਨ ਅਤੇ ਆਪਣਾ ਕੋਈ ਖ਼ਾਸ ਗੁਣ ਪ੍ਰਕਾਸ਼ ਕਰਨ ਲਈ ਕਿਹਾ।

ਕਾਮ ਕੰਦਲਾ ਸ਼ੀਸ਼ੇ ਦੇ ਅਤਰ ਨਾਲ ਭਰੇ ਮਟਕੇ, ਸਿਰ ਤੇ ਸਜਾਈ, ਮੂੰਹ ਨਾਲ ਮੋਤੀਆਂ ਦੀ ਮਾਲਾ ਪ੍ਰੋਂਦੀ, ਹੱਥਾਂ ਨਾਲ ਕੱਚ ਦੇ ਗੋਟੇ ਉਛਾਲਦੀ ਹੋਈ, ਤਾਲ ਨਾਲ ਇਕਸੁਰ ਹੋ ਕੇ ਨੱਚਣ ਲਗੀ। ਇਕ ਭੌਰਾ ਉਡਦਾ ਹੋਇਆ ਉਧਰ ਆ ਗਿਆ ਤੇ ਫੁੱਲਾਂ ਦੇ ਭੁਲੇਖੇ ਕਾਮ ਕੰਦਲਾ ਦੇ ਪਟਾਂ ਤੇ ਆ ਬੈਠਾ ਤੇ ਡੰਗ ਮਾਰਨ ਲਗਾ। ਜੇ ਕਾਮ ਕੰਦਲਾ ਉਸਨੂੰ ਉਡਾਂਦੀ ਤਾਂ ਤਾਲ ਭੰਗ ਹੋ ਜਾਂਦਾ। ਇਸ ਲਈ ਉਸ ਨੇ ਅਜਿਹੇ ਢੰਗ ਨਾਲ ਭੌਰਾ ਉਡਾਇਆ ਕਿ ਨ੍ਰਿਤ ਦਾ ਤਾਲ ਕਾਇਮ ਰਿਹਾ। ਮਾਧਵਾਨਲ ਇਹ ਕਰਤਬ ਵੇਖ ਕੇ, ਕਾਮ ਕੰਦਲਾ ਤੇ ਮੋਹਿਤ ਹੋ ਗਿਆ ਅਤੇ ਉਸ ਨੇ ਉਹਦੀ ਪ੍ਰਸੰਸਾ ਕਰਦੇ ਹੋਏ, ਉਹ ਸਾਰੇ ਕੀਮਤੀ ਕਪੜੇ ਤੇ ਗਹਿਣੇ, ਜੋ ਰਾਜੇ ਨੇ ਮਾਧਵਾਨਲ ਨੂੰ ਭੇਟ ਕੀਤੇ ਸਨ, ਉਹ ਕਾਮਕੰਦਲਾ ਨੂੰ ਦਾਨ ਕਰ ਦਿੱਤੇ। ਰਾਜੇ ਨੇ ਇਸ ਗੱਲ ਵਿਚ ਆਪਣਾ ਅਪਮਾਨ ਸਮਝਿਆ ਅਤੇ ਕਰੋਧ ਵਿਚ ਆ ਕੇ ਮਾਧਵਾਨਲ ਨੂੰ ਦੇਸ ਨਿਕਾਲਾ ਦੇ ਦਿੱਤਾ।

ਪਰ ਕਾਮ ਕੰਦਲਾ ਨੇ ਮਾਧਵਾਨਲ ਦੇ ਮਗਰ ਆਪਣੇ ਆਦਮੀ ਭਿਜਵਾ ਕੇ, ਉਹਨੂੰ ਰੋਕ ਲਿਆ। ਦੋਵੇਂ ਇਕ ਮੰਦਰ ਵਿਚ ਮਿਲੇ। ਦੋਹਾਂ ਨੇ ਪਹਿਲਾਂ ਆਪੋ ਆਪਣੇ ਗੁਣਾਂ ਦਾ ਪ੍ਰਕਾਸ਼ ਕੀਤਾ, ਫਿਰ ਉਹ ਪ੍ਰੇਮ ਦੀਆਂ ਗੱਲਾਂ ਵਿਚ ਮੁਗਧ ਹੋ ਗਏ। ਕਾਮ ਕੰਦਲਾ ਮਾਧਵਾਨਲ ਨੂੰ ਜਾਣ ਤੋਂ ਵਰਜਣ ਲਗੀ ਤਾਂ ਮਾਧਵਾਨਲ ਨੇ ਸਮਝਾਇਆ ਕਿ ਰਾਜੇ ਨੂੰ ਖ਼ਬਰ ਹੋ ਗਈ ਤਾਂ ਉਹ ਮੈਨੂੰ ਮਰਵਾ ਦੇਵੇਗਾ ਤੇ ਤੈਨੂੰ ਬੜੇ ਤਸੀਹੇ ਦੇਵੇਗਾ। ਮਾਧਵਾਨਲ ਫਿਰ ਮਿਲਣ ਦਾ ਬਚਨ ਦੇ ਕੇ, ਉਥੋਂ ਚਲਾ ਗਿਆ ਅਤੇ ਕਾਮ ਕੰਦਲਾ ਉਸ ਦੇ ਵਿਜੋਗ ਵਿਚ ਬੇਹੋਸ਼ ਹੋ ਗਈ। ਜਦੋਂ ਉਹਨੂੰ ਹੋਸ਼ ਆਈ ਤਾਂ ਉਹਨੇ ਮੰਜਾ ਮਲ ਲਿਆ ਤੇ ਖਾਣਾ ਪੀਣਾ ਸਭ ਕੁਝ ਤਿਆਗ ਦਿੱਤਾ।

ਮਾਧਵਾਨਲ ਵੀ ਕਾਮ ਕੰਦਲਾ ਦੇ ਵਿਜੋਗ ਵਿਚ ਤੜਪਣ ਲਗਾ। ਮਾਧਵਾਨਲ ਨੇ ਸੁਣ ਰਖਿਆ ਸੀ ਕਿ ਬਿਕਰਮਾਜੀਤ ਲੋਕਾਂ ਦੇ ਦੁੱਖ ਨਿਵਾਰਦਾ ਹੈ। ਜੇ ਉਹਦੇ ਕੋਲ ਕੋਈ ਫ਼ਰਯਾਦ ਲੈ ਕੇ ਜਾਵੇ, ਤਾਂ ਬਿਕਰਮਾਜੀਤ ਉਹਦਾ ਦੁਖ-ਦਲਿਦਰ ਕਟੇ ਬਗੈਰ ਅੰਨ-ਜਲ ਮੂੰਹ ਨਹੀਂ ਸੀ ਲਗਾਂਦਾ। ਸੋ ਮਾਧਵਾਨਲ ਉਜੈਨ ਨਗਰ ਵਿਚ ਪੁਜਾ ਅਤੇ ਉਥੇ ਗੋਦਾਵਰੀ ਨਦੀ ਦੇ ਕੰਢੇ ਇਕ ਸ਼ਿਵ ਮੰਦਰ ਦੇ ਦਰਵਾਜੇ ਉਤੇ ਆਪਣੇ ਦੁੱਖ-ਦਰਦ ਬਾਰੇ ਵਰਨਣ ਲਿਖ ਕੇ

ਵਾਪਿਸ ਆ ਗਿਆ। ਰਾਜਾ ਬਿਕਰਮਾਜੀਤ ਨੇਮ ਨਾਲ ਇਸ ਮੰਦਰ ਵਿਚ ਆਉਂਦਾ ਸੀ। ਰਾਜੇ ਨੇ ਜਦੋਂ ਮੰਦਰ ਦੇ ਦਰਵਾਜ਼ੇ 'ਤੇ ਮਾਧਵਾਨਲ ਦੀ ਲਿਖਤ ਪੜ੍ਹੀ, ਤਾਂ ਉਸ ਨੇ ਮਾਧਵਾਨਲ ਨੂੰ ਢੂੰਡਣ ਲਈ ਬੰਦੇ ਭੇਜੇ। ਮਾਧਵਾਨਲ ਨੂੰ ਲਭ ਕੇ ਉਸ ਤੋਂ ਸਾਰੀ ਵਿਥਿਆ ਸੁਣ ਕੇ ਬਿਕਰਮਾਜੀਤ ਨੇ ਕਿਹਾ, "ਸੋਚ ਲੈ, ਕਾਮ ਕੰਦਲਾ ਵੇਸਵਾ ਤੇ ਤੂੰ ਬ੍ਰਾਹਮਣ।" ਤਾਂ ਮਾਧਵਾਨਲ ਨੇ ਉਤਰ ਦਿੱਤਾ, "ਪ੍ਰੇਮ ਜਾਤ-ਪਾਤ ਧਰਮ-ਕਰਮ ਕੁਝ ਨਹੀਂ ਵੇਖਦਾ।"

ਤਾਂ ਬਿਕਰਮਾਜੀਤ ਮਾਧਵਾਨਲ ਨੂੰ ਆਪਣੇ ਮਹਿਲਾਂ ਵਿਚ ਲੈ ਗਿਆ। ਉਥੇ ਬਿਕਰਮਾਜੀਤ ਨੇ ਆਪਣੀਆਂ ਸਭ ਰਾਣੀਆਂ ਨੂੰ ਪੂਰੇ ਹਾਰ ਸ਼ਿੰਗਾਰ ਵਿਚ ਮਾਧਵਾਨਲ ਦੇ ਸਾਹਮਣੇ ਪੇਸ਼ ਕਰਦੇ ਹੋਏ ਕਿਹਾ ਕਿ ਇਹਨਾਂ ਵਿਚੋਂ ਜਿਹੜੀ ਰਾਣੀ ਤੈਨੂੰ ਪਸੰਦ ਹੈ, ਉਹ ਲੈ ਜਾ ਤੇ ਆਪਣੀ ਤ੍ਰਿਪਤੀ ਕਰ ਕੇ ਦੁੱਖ ਦਲਿਦਰ ਮਿਟਾ ਲੈ। ਪਰ ਮਾਧਵਾਨਲ ਨੇ ਕਿਹਾ ਕਿ ਉਸ ਦੀ ਤ੍ਰਿਪਤੀ ਕਾਮ ਕੰਦਲਾ ਤੋਂ ਸਿਵਾਏ ਹੋਰ ਕੋਈ ਸੁੰਦਰ ਮੁਟਿਆਰ ਨਹੀਂ ਕਰ ਸਕਦੀ, ਤਾਂ ਬਿਕਰਮਾਜੀਤ ਨੇ ਪ੍ਰਸੰਨ ਹੋ ਕੇ ਬਚਨ ਦਿੱਤਾ ਕਿ ਉਹ ਮਾਧਵਾਨਲ ਨੂੰ ਕਾਮ ਕੰਦਲਾ ਦਿਵਾ ਕੇ ਹੀ ਦਮ ਲਏਗਾ।

ਰਾਜੇ ਬਿਕਰਮਾਜੀਤ ਨੇ ਫ਼ੌਜ ਦੇ ਨਾਲ ਕਾਮਾਵਤੀ ਨਗਰੀ ਵਲ ਕੂਚ ਕੀਤਾ ਅਤੇ ਰਾਜੇ ਕਾਮਸੇਨ ਨੂੰ ਸੁਨੇਹਾ ਭੇਜਿਆ ਕਿ ਜਾਂ ਤਾਂ ਉਹ ਕਾਮ ਕੰਦਲਾ ਉਹਦੇ ਹਵਾਲੇ ਕਰ ਦੇਵੇ ਜਾਂ ਫਿਰ ਲੜਨ ਲਈ ਤਿਆਰ ਹੋ ਜਾਵੇ। ਕਾਮਸੇਨ ਨੇ ਕਾਮ ਕੰਦਲਾ ਨੂੰ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਪਰ ਯੁੱਧ ਕਰਨ ਤੋਂ ਪਹਿਲਾਂ ਬਿਕਰਮਾਜੀਤ ਨੇ ਕਾਮ ਕੰਦਲਾ ਦਾ ਦਿਲ ਟਟੋਲਣਾ ਚਾਹਿਆ। ਉਹ ਵੈਦ ਦਾ ਭੇਖ ਧਾਰ ਕੇ ਕਾਮ ਕੰਦਲਾ ਦੇ ਘਰ ਪੁਜਾ ਅਤੇ ਉਸ ਦੀ ਨਬਜ਼ ਦੇਖ ਕੇ ਕਹਿਣ ਲਗਾ, "ਇਹਨੂੰ ਤਾਂ ਪ੍ਰੇਮ ਰੋਗ ਏ, ਇਸ ਦਾ ਕੋਈ ਇਲਾਜ ਨਹੀਂ, ਕਿਉਂ ਜੋ ਜਿਸ ਮਾਧਵਾਨਲ ਦੇ ਵਿਜੋਗ ਵਿਚ, ਇਹ ਮੁਟਿਆਰ ਬੇਸੁਧ ਹੈ ਉਹ ਤਾਂ ਮਰ ਚੁਕਾ ਹੈ।" ਇਹ ਗੱਲ ਸੁਣਦੇ ਸਾਰ ਕਾਮ ਕੰਦਲਾ ਨੇ ਪ੍ਰਾਣ ਤਿਆਗ ਦਿੱਤੇ। ਰਾਜਾ ਇਹ ਕਹਿੰਦਾ ਹੋਇਆ ਕਿ ਇਹ ਬੇਹੋਸ਼ ਹੋ ਗਈ ਹੈ। ਮੈਂ ਇਹਦੇ ਲਈ ਕੋਈ ਔਸ਼ਧੀ ਲਿਆਂਦਾ ਹਾਂ ਇਹ ਕਹਿ ਕੇ ਉਥੋਂ ਖਿਸਕ ਆਇਆ।

ਵਾਪਿਸ ਆ ਕੇ ਬਿਕਰਮਾਜੀਤ ਨੇ ਮਾਧਵਾਨਲ ਨੂੰ, ਕਾਮ ਕੰਦਲਾ ਦੇ ਮਰਨ ਦੀ ਸੂਚਨਾ ਦਿੱਤੀ। ਖ਼ਬਰ ਸੁਣਦੇ ਸਾਰ ਉਸਨੇ ਵਿਜੋਗ ਵਿਚ ਪ੍ਰਾਣ ਤਿਆਗ ਦਿੱਤੇ। ਬਿਕਰਮਾਜੀਤ ਤੋਂ ਅਣਜਾਣੇ ਵਿਚ ਹੀ ਦੋ ਹੱਤਿਆ ਹੋ ਗਈਆਂ। ਸੋ ਉਹ ਪਸਚਾਤਾਪ ਵਜੋਂ ਚਿਖਾ ਬਣਾ ਕੇ ਸੜ ਮਰਨ ਲਗਾ। ਬੇਤਾਲ ਨੇ ਉਹਨੂੰ ਇਉਂ ਕਰਨ ਤੋਂ ਵਰਜਿਆ। ਉਸਦਾ ਸਾਰਾ ਬ੍ਰਿਤਾਂਤ ਸੁਣ ਕੇ, ਬੇਤਾਲ ਨੇ ਰਾਜੇ ਨੂੰ ਪਤਾਲ ਲੋਕ ਵਿਚੋਂ ਅੰਮ੍ਰਿਤ ਲਿਆ ਕੇ ਦਿੱਤਾ, ਜੋ ਥੋਹੜਾ ਥੋਹੜਾ ਦੋਹਾਂ ਉਤੇ ਛਿੜਕ ਕੇ, ਉਹਨਾਂ ਨੂੰ ਮੁੜ ਸੁਰਜੀਤ ਕਰ ਲਿਆ ਗਿਆ।

ਬਿਕਰਮਾਜੀਤ ਨੇ ਅਗਲੇ ਦਿਨ ਭਾਰੀ ਲਸ਼ਕਰ ਨਾਲ ਕਾਮਸੇਨ ਦੇ ਨਗਰ ਤੇ ਧਾਵਾ ਬੋਲ ਕੇ ਵਿਜੈ ਪ੍ਰਾਪਤ ਕੀਤੀ ਅਤੇ ਕਾਮ ਕੰਦਲਾ ਨੂੰ ਮਾਧਵਾਨਲ ਦੇ ਹਵਾਲੇ ਕਰ ਕੇ ਜੱਸ ਖਟਿਆ।

ਇਸ ਪ੍ਰੇਮ ਕਥਾ ਸਮੇਂ ਸਥਿਤੀ ਨਾਲ ਕਈ ਨਵੀਆਂ ਰੂੜ੍ਹੀਆਂ ਜੋੜ ਲਈਆਂ ਗਈਆਂ ਅਤੇ ਕਈ ਪੁਰਾਣੀਆਂ ਘਟਨਾਵਾਂ ਛਾਂਗ ਦਿੱਤੀਆਂ ਗਈਆਂ। ਆਲਮ ਨੇ ਵੀ ਇਸ ਦੰਤ-ਕਥਾ ਨੂੰ ਵਿਸ਼ਿਸ਼ਟ ਰੂਪ ਦੇਣ ਲਈ ਕਈ ਪਰਿਵਰਤਨ ਕੀਤੇ।

ਆਲਮ ਅਨੁਸਾਰ ਪੁਹਪਾਵਤੀ ਨਗਰੀ ਦੇ ਇਕ ਰਾਜੇ, ਗੋਪੀ ਚੰਦ ਦੇ ਦਰਬਾਰ ਵਿਚ ਇਕ ਗੁਣਵਾਨ ਬ੍ਰਾਹਮਣ ਮਾਧਵਾਨਲ ਰਹਿੰਦਾ ਸੀ। ਇਕ ਦਿਨ ਉਹ ਵੀਣਾ ਤੇ ਗੀਤ ਅਲਾਪ ਰਿਹਾ ਸੀ ਕਿ ਨਗਰ ਦੀਆਂ ਸਭ ਤੀਵੀਆਂ ਆਪਣੀ ਸੁੱਧ ਬੁੱਧ ਭੁਲ ਗਈਆਂ। ਇਕ ਤੀਵੀਂ ਜੋ ਆਪਣੇ ਪਤੀ ਨੂੰ ਰੋਟੀ ਖਵਾਣ ਲਗੀ ਸੀ, ਨੇ ਗੀਤ ਦੀ ਮਧੁਰ ਧੁਨੀ ਵਿਚ ਬੇਖ਼ਬਰ ਹੋ ਕੇ, ਆਪਣੇ ਖ਼ਾਵੰਦ ਨੂੰ ਥਾਲੀ ਵਿਚ ਖਾਣਾ ਦੇਣ ਦੀ ਥਾਂ, ਉਸ ਦੇ ਅਗੇ ਜ਼ਿਮੀਂ ਉਤੇ ਹੀ ਪਰੋਸ ਦਿੱਤਾ। ਖ਼ਾਵੰਦ ਦੇ ਪੁੱਛਣ ਤੇ ਤੀਵੀਂ ਨੇ ਦਸਿਆ ਕਿ ਉਹ ਮਾਧਵਾਨਲ ਦੇ ਅਲਾਪ ਵਿਚ ਗਵਾਚੀ ਹੋਈ ਸੀ। ਇਹ ਉਹਦੀ ਭੁੱਲ ਸੀ। ਸੋ ਉਸ ਸ਼ਖ਼ਸ ਨੇ ਨਗਰ ਦੇ ਹੋਰ ਮਰਦਾਂ ਨੂੰ ਇਕੱਠਾ ਕਰਕੇ ਮਾਧਵਾਨਲ ਦੇ ਵਿਰੁਧ ਰਾਜੇ ਅਗੇ ਜਾ ਸ਼ਿਕਾਇਤ ਕੀਤੀ। ਰਾਜੇ ਨੇ ਸਾਰੀ ਗੱਲ ਸੁਣ ਕੇ ਮਾਧਵਾਨਲ ਨੂੰ ਦੇਸ ਨਿਕਾਲਾ ਦੇ ਦਿੱਤਾ। ਬਾਕੀ ਕਥਾ ਲਗਭਗ ਸਿੰਘਾਸਨ ਬਤੀਸੀ ਵਾਲੀ ਕਥਾ ਦਾ ਹੀ ਵਿਸ਼ਿਸ਼ਟ ਰੂਪ ਹੈ।

ਪੰਜਾਬੀ ਵਿਚ ਇਹ ਕਿੱਸਾ ਹਜ਼ਾਰਾ ਸਿੰਘ ਨੇ (1966 ਬਿ:) ਵਿਚ ਲਿਖਿਆ ਅਤੇ 'ਬ੍ਰਿਹੋਂ ਕਵਾਰੀ' ਦੇ ਨਾਂ ਹੇਠ ਛਪਿਆ। ਹਜ਼ਾਰਾ ਸਿੰਘ ਨੇ ਇਹ ਕਿੱਸਾ ਆਲਮ ਤੇ ਬੋਧਾ ਦੇ ਕਿੱਸਿਆਂ ਤੋਂ ਪ੍ਰਭਾਵਿਤ ਹੋ ਕੇ ਲਿਖਿਆ। ਇਸ ਲਈ ਨਾਵਾਂ ਥਾਵਾਂ, ਘਟਨਾਵਾਂ ਦੇ ਸਰੂਪ ਤੇ ਵਿਸਥਾਰ ਵਿਚ ਸਮਾਨਤਾ ਹੈ।

## (ਕ-241) ਕਾਮਕਾ ਇਕਾਦਸ਼ੀ :

ਸਾਵਣ ਦੇ ਹਨੇਰੇ ਪੱਖ ਦੀ ਇਕਾਦਸ਼ੀ; ਕਾਮਕਾ ਇਕਾਦਸ਼ੀ ਨੂੰ ਵਰਤ ਰਖ ਕੇ ਸ੍ਰੀ ਕ੍ਰਿਸ਼ਨ ਦੀ ਪੂਜਾ ਕੀਤੀ ਜਾਂਦੀ ਹੈ। ਮੂਰਤੀ ਨੂੰ ਫਲ-ਫੁੱਲ ਤੇ ਹੋਰ ਪਦਾਰਥਾਂ ਦੇ ਨਾਲ ਤੁਲਸੀ ਦਾ ਵੀ ਚੜ੍ਹਾਵਾ ਦੇਣਾ ਜ਼ਰੂਰੀ ਹੈ। ਰਾਤ ਨੂੰ,

ਘਿਓ ਦਾ ਦੀਵਾ ਬਾਲ ਕੇ, ਕਥਾ ਕੀਰਤਨ ਕਰਨ, ਸੁਣਨ ਅਤੇ ਜਗਰਾਤਾ ਕਟਣ ਦਾ ਬੜਾ ਮਹਾਤਮ ਹੈ। ਇਹ ਇਕਾਦਸ਼ੀ ਫਲਹਾਰੀ ਹੈ ਅਥਵਾ ਫਲਾਂ ਤੋਂ ਬਗੈਰ ਹੋਰ ਕੁਝ ਨਹੀਂ ਖਾਧਾ ਜਾਂਦਾ।

(ਕ-242) **ਕਾਮਣ :**

ਪੰਜਾਬੀ ਦਾ ਇਕ ਲੋਕ-ਕਾਵਿ ਰੂਪ; ਇਸ ਕਾਵਿ-ਰੂਪ ਦਾ ਮੁੱਢ ਜਾਦੂ ਟੂਣੇ ਦੇ ਰੂਪ ਵਿਚ ਉਭਰਿਆ, ਜੋ ਵਿਗਸਤ ਹੋ ਕੇ ਪ੍ਰੇਮ-ਗੀਤਾਂ ਦਾ ਰੂਪ ਧਾਰਨ ਕਰ ਗਿਆ। ਕਾਮਣ ਦਾ ਤਾਂਤ੍ਰਿਕ ਮਹਤਵ ਹੈ। ਇਹ ਦੂਲ੍ਹੇ ਦੇ ਮਨ ਨੂੰ ਦੁਲ੍ਹਨ ਪ੍ਰਤੀ ਰੁਚਿਤ ਕਰਨ ਲਈ ਅਥਵਾ ਦੂਲ੍ਹੇ ਨੂੰ ਦੁਲ੍ਹਨ ਦੇ ਵਸ ਵਿਚ ਰਖਣ ਲਈ ਕੀਤੇ ਜਾਂਦੇ ਹਨ। ਕਾਮਣ ਗਿਣਤੀ ਵਿਚ ਇਕ ਸੌ ਅੱਠ ਮੰਨੇ ਜਾਂਦੇ ਹਨ।

ਕਾਮਣ ਪਦ ਕਾਮਨਾ ਤੋਂ ਬਣਿਆ ਹੈ, ਜਿਸ ਦੇ ਅਰਥ ਹੈ : ਅਜਿਹਾ ਕਰਮ-ਕਾਂਡ ਜੋ ਕਿਸੇ ਇੱਛਾ ਜਾਂ ਕਾਮਨਾ ਦੀ ਪੂਰਤੀ ਲਈ ਕੀਤਾ ਜਾਵੇ। ਵਿਆਹ ਦੇ ਵੇਲੇ ਲਾੜ੍ਹੇ ਦੀਆਂ ਸਾਲੀਆਂ ਤੇ ਹੋਰ ਕੁੜੀਆਂ ਛੰਦਲੀਆਂ ਉਤੇ ਬੈਠੀਆਂ ਦੁਲ੍ਹਨ ਦੇ ਆਸ ਪਾਸ ਝੁਰਮਟ ਪਾ ਕੇ ਬੈਠ ਜਾਂਦੀਆਂ ਹਨ। ਛੰਦਲੀਆਂ ਉਤੇ ਬੈਠੀ ਦੁਲ੍ਹਨ ਦੇ ਕੋਲ ਇਕ ਕੁੰਭ ਉਤੇ ਚੌਮੁਖੀਆ ਦੀਵਾ ਬਾਲ ਕੇ ਰਖ ਦਿੱਤਾ ਜਾਂਦਾ ਹੈ ਅਤੇ ਇਕ ਥਾਲੀ ਵਿਚ ਤਿਲਚੌਲੀ। ਕੰਨਿਆਂ ਸਹੇਲੀਆਂ ਨਾਲ ਰਲ ਕੇ ਤਿਲ-ਚੌਲੀ ਚੱਬਦੀ ਤੇ ਫੜਕਦੀ ਹੋਈ, ਚੌਮੁਖੀਏ ਦੀਵੇ ਵਲ ਘੜੀ ਮੁੜੀ ਵੇਖਦੀ ਹੈ। ਧਾਰਨਾ ਹੈ ਤਿਲ-ਚੌਲੀ ਚੱਬਣ ਨਾਲ ਲਾੜ੍ਹੇ ਨੂੰ ਕਾਮਣ ਪੈਂਦੇ ਅਤੇ ਚੌਮੁਖੀਏ ਦੀਵੇ ਵਲ ਵੇਖਣ ਨਾਲ, ਕੰਨਿਆਂ ਦੇ ਚਿਹਰੇ ਉਤੇ ਜਲਾਲ ਤੇ ਸੁਹਪਣ ਆਉਂਦਾ ਹੈ।

ਜਦੋਂ ਬਰਾਤ ਦੇ ਢੁੱਕਾ ਦੇ ਮਗਰੋਂ ਦੂਲ੍ਹਾ ਦੁਲ੍ਹਨ ਦੇ ਕਮਰੇ ਵਿਚ ਆਉਂਦਾ ਹੈ ਤਾਂ ਦੁਲ੍ਹਨ ਦੀਆਂ ਸਹੇਲੀਆਂ ਤੇ ਭੈਣਾਂ ਕਈ ਤਰ੍ਹਾਂ ਦੇ ਟੂਣੇ ਦੂਲ੍ਹੇ ਉਤੇ ਕਰਦੀਆਂ ਹਨ, ਤਾਂ ਜੋ ਉਹ ਸਾਰੀ ਉਮਰ ਦੁਲ੍ਹਣ ਦੇ ਵਸ ਵਿਚ ਰਹੇ। ਜਿਵੇਂ ਜੈਮਾਲਾ ਸਮੇਂ ਦੂਲ੍ਹੇ ਨੂੰ ਨੀਵੀਂ ਥਾਂ ਖੜਾ ਕਰਨਾ ਤੇ ਦੁਲ੍ਹਨ ਨੂੰ ਉੱਚੀ ਥਾਂ, ਤਾਂ ਜੋ ਦੁਲ੍ਹਨ ਦਾ ਹੱਥ ਸਹੁਰੇ ਘਰ ਵਿਚ ਸਦਾ ਉੱਚਾ ਰਹੇ। ਇਸੇ ਤਰ੍ਹਾਂ ਦੁਲ੍ਹਨ ਕਾਲੇ ਤਿਲਾਂ ਵਿਚ ਸ਼ਕਰ ਰਲਾ ਕੇ ਦੂਲ੍ਹੇ ਨੂੰ ਖਾਣ ਵਾਸਤੇ ਦੇਂਦੀ ਹੈ, ਜੇ ਵਰ ਪੱਖ ਵਾਲਾ ਖਾ ਲਏ ਤਾਂ ਉਹ ਸਾਰੀ ਉਮਰ ਵਹੁਟੀ ਦੇ ਵਸ ਵਿਚ ਰਹਿੰਦਾ ਹੈ, ਧਾਰਨਾ ਹੈ ਕਿ ਇਸ ਤਰ੍ਹਾਂ ਕਾਲੇ ਤਿਲ ਖਾਣ ਵਾਲਾ ਤਿਲ ਖਵਾਣ ਵਾਲੇ ਦੇ ਵਸ ਵਿਚ ਹੋ ਜਾਂਦਾ ਹੈ।

ਛੰਦਲੀਆਂ ਉਤੇ ਪਹਿਲੀ ਵਾਰ ਵਰ ਤੇ ਕੰਨਿਆ, ਇਕ ਦੂਜੇ ਨੂੰ ਮਿਲਦੇ ਹਨ, ਇਸ ਲਈ ਪ੍ਰਭਾਵ ਗਹਿਰਾ ਕਰਨ ਵਾਸਤੇ ਇਥੇ ਲਾੜ੍ਹੇ ਨੂੰ ਕਾਮਣ ਪਾਏ ਜਾਂਦੇ ਹਨ। ਕਾਮਣ ਵੇਲੇ ਗਾਏ ਗੀਤਾਂ ਨੂੰ ਵੀ 'ਕਾਮਣ' ਕਿਹਾ ਜਾਂਦਾ ਹੈ। ਜਿਵੇਂ :

ਐਸੇ ਕਾਮਣ ਕਰ ਮੇਰੀ ਬੀਬੀ,
ਕਾਹਨ ਤੇਰੇ ਵਸ ਆਵੇ।
ਪੀਹਵੇ ਤੇ ਪਕਾਵੇ ਨਾਲੇ,
ਗੋਹੇ ਚੁਣ ਚੁਣ ਲਿਆਵੇ।
ਹੋਰਨਾਂ ਦੇ ਕਾਮਣ ਨੇ ਉਰਲੇ ਪਰਲੇ,
ਬੀਬੀ ਦੇ ਕਾਮਣ ਸਾਵੇ।

ਕਈ ਵਾਰ ਤੀਲੀਆਂ ਜੋੜ ਕੇ, ਉਨ੍ਹਾਂ 'ਤੇ ਮੰਤਰ ਫੂਕ ਕੇ, ਉਨ੍ਹਾਂ 'ਤੇ ਲਾੜ੍ਹੇ ਨੂੰ ਟਪਾਇਆ ਜਾਂਦਾ ਹੈ ਤੇ ਗੀਤ ਗਾਏ ਜਾਂਦੇ ਹਨ—

ਲਾੜ੍ਹੇ ਨੂੰ ਤੀਲੜੀਆਂ ਵੇ,
ਲਾੜ੍ਹੇ ਨੂੰ ਤੀਲੜੀਆਂ ਵੇ।
ਲਾੜ੍ਹੇ ਨੂੰ ਡਾਢੇ ਕਾਮਨ ਪਾਈਏ,
ਉਮਰ ਭਰ ਲਵੇ ਲੀਲੜੀਆਂ ਵੇ।

(ਕ-243) **ਕਾਮਦਾ ਅਥਵਾ ਫਲਦਾ ਇਕਾਦਸ਼ੀ :**

ਚੇਤਰ ਦੇ ਚਾਨਣ-ਪੱਖ ਦੀ ਇਕਾਦਸ਼ੀ, ਜਿਸਨੂੰ ਫਲਦਾ ਇਕਾਦਸ਼ੀ ਵੀ ਕਹਿੰਦੇ ਹਨ। ਵੈਸ਼ਨੋ ਮੱਤ ਅਨੁਸਾਰ ਇਸ ਤਿੱਥ ਨੂੰ ਵਰਤ ਰਖਣ ਨਾਲ ਸਭ ਮਨੋ-ਕਾਮਨਾ ਸਹਿਜ ਭਾਵ ਵਿਚ ਹੀ ਪੂਰੀਆਂ ਹੋ ਜਾਂਦੀਆਂ ਹਨ।

ਕਾਮਦਾ ਇਕਾਦਸ਼ੀ ਬਾਰੇ ਇਕ ਵਰਤ ਕਥਾ ਇਉਂ ਪ੍ਰਚਲਤ ਹੈ : ਨਾਗਿਆਂ ਦੇ ਰਾਜੇ ਪੁੰਡਰੀਕ ਦੇ ਦਰਬਾਰ ਦਾ ਇਕ ਗਾਇਕ ਲਲਿਤ, ਆਪਣੀ ਖ਼ੂਬਸੂਰਤ ਪਤਨੀ ਲਲਿਤਾ ਨਾਲ ਬੜਾ ਪ੍ਰੇਮ ਕਰਦਾ ਸੀ। ਇਕ ਵਾਰ ਦਰਬਾਰ ਵਿਚ ਗਾਉਂਦਿਆਂ, ਉਸ ਦਾ ਧਿਆਨ ਆਪਣੀ ਪਤਨੀ ਵਲ ਖਿਚਿਆ ਗਿਆ। ਉਹ ਧਿਆਨ ਵਿਚ ਇਤਨਾ ਮਗਨ ਹੋ ਗਿਆ ਕਿ ਉਸ ਤੋਂ ਪੱਦੇ ਗਲਤ ਪੜ੍ਹੇ ਗਏ। ਪੁੰਡਰੀਕ ਨੇ ਕਰੋਧ ਵਿਚ ਆ ਕੇ, ਉਸਨੂੰ ਰਾਖਸ਼ ਦੀ ਜੂਨੇ ਪੈਣ ਦਾ ਸਰਾਪ ਦਿਤਾ। ਜੋ ਉਸੇ ਪਲ ਪੂਰਨ ਹੋ ਗਿਆ ਅਤੇ ਲਲਿਤ ਰਾਖਸ਼ ਦੇ ਰੂਪ ਵਿਚ ਜੰਗਲਾਂ ਵਿਚ ਭਟਕਣ ਲਗਾ। ਲਲਿਤਾ ਇਸ ਬਿਪਤਾ ਵੇਲੇ ਵੀ ਪਰਛਾਵੇਂ ਵਾਂਗ ਲਲਿਤ ਦੇ ਨਾਲ ਰਹੀ। ਇਕ ਵਾਰ ਲਲਿਤਾ ਇਕ ਰਿਸ਼ੀ ਸਰੰਗ ਦੇ ਆਸ਼ਰਮ ਵਿਚ ਗਈ ਤੇ ਰਿਸ਼ੀ ਨੂੰ ਆਪਣੇ ਪਤੀ ਦੀ ਬਿਪਤਾ ਦਾ ਸਾਰਾ ਬ੍ਰਿਤਾਂਤ ਸੁਣਾ ਕੇ, ਇਸ ਸੰਕਟ ਤੋਂ ਮੁਕਤ ਹੋਣ ਦਾ ਉਪਾਓ ਪੁਛਿਆ। ਰਿਸ਼ੀ ਨੇ ਲਲਿਤ ਤੇ ਲਲਿਤਾ ਦੋਹਾਂ ਨੂੰ ਕਾਮਦਾ ਇਕਾਦਸ਼ੀ ਦਾ ਵਰਤ ਰੱਖਣ ਵਾਸਤੇ ਕਿਹਾ, ਜੋ ਦੋਹਾਂ ਨੇ ਵਿਧੀ-ਪੂਰਵਕ ਰਖਿਆ। ਲਲਿਤ ਰਾਖਸ਼ ਤੋਂ ਮੁੜ ਮਨੁੱਖ ਬਣ ਗਿਆ ਅਤੇ ਉਸਨੂੰ ਫਿਰ ਤੋਂ ਪੁੰਡਰੀਕ ਦੇ ਦਰਬਾਰ ਵਿਚ ਪਹਿਲੇ ਵਾਲਾ ਸਥਾਨ ਪ੍ਰਾਪਤ ਹੋ ਗਿਆ।

(ਕ-244) **ਕਾਮਦੇਵ :**

ਪੁਰਾਣਾ ਅਨੁਸਾਰ ਪ੍ਰੇਮ ਦਾ ਦੇਵਤਾ; ਇਸਦੀ ਪਤਨੀ ਦਾ ਨਾਂ ਰਤੀ ਹੈ। ਤਸਵੀਰਾਂ ਵਿਚ ਕਾਮਦੇਵ ਇਕ ਸੁੰਦਰ ਗਭਰੂ ਦੇ ਰੂਪ ਵਿਚ, ਤੋਤੇ ਦੀ ਸਵਾਰੀ ਕਰਦਾ ਵਿਖਾਇਆ ਜਾਂਦਾ ਹੈ। ਕਾਮਦੇਵ, ਇੰਦਰ ਦੀ ਸਭਾ ਵਿਚ ਰਹਿੰਦਾ ਹੈ ਅਤੇ ਸਭ ਅਪੱਛਰਾਂ ਇਸੇ ਦੇ ਹੀ ਅਧੀਨ ਹਨ। ਜਦੋਂ ਕਦੇ ਇੰਦਰ ਕਿਸੇ ਰਿਸ਼ੀ ਮੁਨੀ ਦਾ ਤੱਪ ਭੰਗ ਕਰਨਾ ਚਾਹੁੰਦਾ ਹੈ ਤਾਂ ਉਹ, ਕਾਮਦੇਵ ਨੂੰ ਆਦੇਸ਼ ਦਿੰਦਾ ਜੋ ਅਪੱਛਰਾਂ ਨੂੰ ਭੇਜਕੇ, ਰਿਸ਼ੀਆਂ ਵਿਚ ਕਾਮ ਉਤੇਜਿਤ ਕਰਦਾ ਹੈ। ਕਾਮਦੇਵ ਦੇ ਹੱਥਾਂ ਵਿਚ ਪੰਜ ਤੀਰ ਹਨ, ਜੋ ਲਾਲ ਕਮਲ, ਨੀਲ ਕਮਲ, ਅਸ਼ੋਕ, ਅੰਬਾਂ ਦੇ ਬੂਰ ਅਤੇ ਮਾਲਤੀ ਦੇ ਫੁੱਲਾਂ ਨਾਲ ਸਜੇ ਹੁੰਦੇ ਹਨ। ਜਿਨ੍ਹਾਂ ਦੇ ਤਰਤੀਬਵਾਰ ਨਾਂ ਹਨ- ਸੰਮੋਹਨ, ਉਨਮਾਦਨ, ਸ਼ੋਸ਼ਣ, ਤਾਪਨ ਤੇ ਸਤੰਭਨ। ਇਨ੍ਹਾਂ ਨੂੰ ਕਾਮਬਾਣ ਜਾਂ ਪੰਚਬਾਣ ਵੀ ਕਹਿੰਦੇ ਹਨ। ਪੁਰਾਣਾਂ ਅਨੁਸਾਰ ਕਾਮਦੇਵ ਦੀ ਕਮਾਨ ਗੰਨੇ ਦੀ ਬਣੀ ਹੋਈ ਹੈ ਅਤੇ ਚਿਲ੍ਹਾ ਮਖਿਆਰੀਆਂ ਦੀ ਤੰਦੀ ਦਾ।

ਕਾਮਦੇਵ ਦੀ ਉਤਪਤੀ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਤੈਤਿਰੀਯ ਬ੍ਰਾਹਮਣ ਅਨੁਸਾਰ ਕਾਮਦੇਵ ਇਨਸਾਫ਼ ਦੇ ਦੇਵਤੇ ਧਰਮ ਦਾ ਪੁੱਤਰ ਹੈ। ਪਰ ਹਰੀਵੰਸ਼ ਅਨੁਸਾਰ ਇਹ ਲਕਸ਼ਮੀ ਦਾ ਲੜਕਾ ਹੈ। ਕੁਝ ਪੁਰਾਣਾਂ ਵਿਚ ਕਾਮ ਨੂੰ ਬ੍ਰਹਮਾ ਦੇ ਹਿਰਦੇ ਵਿਚੋਂ ਪੈਦਾ ਹੋਇਆ ਦਸਿਆ ਹੈ। ਪੁਰਾਣਾਂ ਅਨੁਸਾਰ ਕਾਮ ਨੇ ਜੰਮਦੇ ਸਾਰ ਹੀ ਆਪਣੇ ਪਿਤਾ ਬ੍ਰਹਮਾ ਉਤੇ ਆਪਣਾ ਬਾਣ ਚਲਾਇਆ ਤਾਂ ਬ੍ਰਹਮਾ ਦੇ ਹਿਰਦੇ ਵਿਚ, ਆਪਣੀ ਲੜਕੀ ਲਈ ਕਾਮ ਜਾਗ ਪਿਆ। ਇਕ ਹੋਰ ਪੌਰਾਣਿਕ ਕਥਾ ਅਨੁਸਾਰ ਕਾਮਦੇਵ ਆਪਣੇ ਆਪ ਤੋਂ ਪੈਦਾ ਹੋਇਆ। ਇਸੇ ਲਈ ਇਹਨੂੰ 'ਆਤਮ ਭੂ' (ਸਵੈ-ਉਤਪਨ) ਵੀ ਕਹਿੰਦੇ ਹਨ। ਇਕ ਹੋਰ ਕਥਾ ਅਨੁਸਾਰ ਕਾਮਦੇਵ ਪਾਣੀ ਵਿਚੋਂ ਪੈਦਾ ਹੋਇਆ। ਇਸੇ ਲਈ ਇਹਨੂੰ ਇਰਾਜ (ਪਾਣੀ ਤੋਂ ਉਪਜਿਆ) ਵੀ ਕਿਹਾ ਜਾਂਦਾ ਹੈ।

ਕਾਮ ਦਾ ਸ੍ਰਿਸ਼ਟੀ ਦੇ ਹਰ ਪ੍ਰਾਣੀ ਉਤੇ ਅਧਿਕਾਰ ਹੈ। ਕਈ ਵਾਰ ਇਹ ਦੇਵਤਿਆਂ ਨੂੰ ਵੀ ਆਪਣੇ ਪ੍ਰੇਮ ਬਾਣ ਨਾਲ ਘਾਇਲ ਕਰ ਦਿੰਦਾ ਹੈ। ਜੇ ਇਹ ਕਿਸੇ ਰਿਸ਼ੀ ਮੁਨੀ ਜਾਂ ਤਪਸਵੀ ਉਤੇ ਬਾਣ ਛਡੇ ਤਾਂ ਉਹ ਕਾਮ ਵਿਚ ਅੰਨ੍ਹਾ ਹੋਇਆ ਆਪਣੀ ਸਾਰੀ ਸਾਧਨਾ ਭੰਗ ਕਰ ਬੈਠਦਾ ਹੈ।

ਕਾਮਦੇਵ ਦੀ ਪਤਨੀ ਦਾ ਨਾਉਂ ਰੱਤੀ ਹੈ, ਜੋ ਦਖਸ਼ ਦੀ ਕੰਨਿਆ ਸੀ। ਕਾਮ ਦਾ ਮਿਤ੍ਰ ਵਸੰਤ ਹੈ। ਕਾਮਦੇਵ ਤੇ ਰੱਤੀ ਦਾ ਇਕ ਪੁੱਤਰ ਅਨਿਰੁਧ ਤੇ ਇਕ ਧੀ ਤ੍ਰਿਸ਼ਨਾ ਪੈਦਾ ਹੋਈ।

ਕਾਮਦੇਵ ਨੂੰ ਅਨੰਗ ਵੀ ਕਹਿੰਦੇ ਹਨ। ਪੁਰਾਣਾਂ ਦੀ ਇਕ ਕਥਾ ਅਨੁਸਾਰ ਕਾਮਦੇਵ ਦਾ ਸਰੀਰ ਸ਼ਿਵ ਦੇ ਕਰੋਧ ਨਾਲ ਭਸਮ ਹੋਇਆ ਸੀ ਤੇ ਉਦੋਂ ਤੋਂ ਕਾਮ ਇਕ ਛਾਇਆ ਦੇ ਰੂਪ ਵਿਚ ਹੀ ਜਿੰਦਾ ਹੈ, ਸਰੀਰਕ ਰੂਪ ਵਿਚ ਨਹੀਂ।

ਪੁਰਾਣਾਂ ਅਨੁਸਾਰ ਕਾਮਦੇਵ ਨੇ ਬ੍ਰਹਮਾ ਦੀ ਪ੍ਰੇਰਨਾ 'ਤੇ ਸ਼ਿਵ ਜੀ ਦੇ ਮਨ ਵਿਚ, ਜਦੋਂ ਉਹ ਤਪਸਿਆ ਵਿਚ ਲੀਨ ਸਨ, ਵਾਸਨਾ ਪੈਦਾ ਕਰ ਦਿਤੀ। ਸ਼ਿਵ ਜੀ ਨੇ ਕਰੋਧ ਵਿਚ ਆ ਕੇ ਤੀਜੀ ਅੱਖ ਖੋਲ੍ਹੀ ਤੇ ਕਾਮਦੇਵ ਨੂੰ ਭਸਮ ਕਰ ਦਿਤਾ।। ਵਾਮਨ ਪੁਰਾਣ ਅਨੁਸਾਰ ਕਾਮ ਬਾਣ ਦਾ ਅਸਰ ਜਦੋਂ ਸ਼ਿਵ 'ਤੇ ਹੋਇਆ, ਤਾਂ ਉਹ ਆਤੁਰ ਹੋਏ ਤਿੰਨਾਂ ਲੋਕਾਂ ਵਿਚ ਭਟਕਦੇ ਫਿਰੇ। ਅਖੀਰ ਸ਼ਿਵ ਜੀ ਜੰਗਲ ਵਿਚ ਇਕ ਠੰਢੀ ਥਾਂ, ਕੂਲ ਦੇ ਕੰਢੇ ਜਾ ਬੈਠੇ, ਪਰ ਉਥੇ ਰਹਿੰਦੇ ਵਿਰਕਤਾਂ ਦੀਆਂ ਪਤਨੀਆਂ ਨੂੰ ਵੇਖਕੇ ਉਨ੍ਹਾਂ ਦਾ ਕਾਮ ਹੋਰ ਭੜਕ ਉਠਿਆ। ਫਿਰ ਸ਼ਿਵ ਜੀ ਦਰਿਆ ਦੇ ਠੰਢੇ ਪਾਣੀ ਵਿਚ ਜਾ ਬੈਠੇ। ਸ਼ਿਵ ਦੇ ਕਾਮ-ਸੇਕ ਨਾਲ ਦਰਿਆ ਉਬਲ ਗਿਆ। ਅਖੀਰ, ਤ੍ਰਿਪਤੀ ਲਈ ਸ਼ਿਵ ਨੇ ਸਤੀ ਦੀ ਸ਼ਰਨ ਲਈ।

ਕਾਮ ਦੇ ਭਸਮ ਹੋਣ ਤੇ ਰੱਤੀ ਵਿਜੋਗ ਵਿਚ ਵਿਆਕੁਲ ਹੋ ਕੇ, ਜੰਗਲ ਬੇਲਿਆਂ ਵਿਚ ਭਟਕਣ ਲਗੀ। ਸੰਸਾਰ ਵੀ ਰੁੱਖਾਂ ਤੋਂ ਬੇਰਸਾ ਹੋ ਗਿਆ। ਸੋ ਦੇਵਤਿਆਂ ਨੇ ਸ਼ਿਵ ਅਗੇ ਬੇਨਤੀ ਕੀਤੀ ਕਿ ਉਹ ਕਾਮ ਨੂੰ ਮੁੜ ਸੁਰਜੀਤ ਕਰਨ। ਤਾਂ ਸ਼ਿਵ ਨੇ ਕਾਮ ਨੂੰ ਪ੍ਰਦਯੁਮਨ ਦੇ ਰੂਪ ਵਿਚ ਕ੍ਰਿਸ਼ਨ ਅਤੇ ਰੁਕਮਣੀ ਦੇ ਘਰ ਜਨਮ ਲੈਣ ਦਾ ਆਦੇਸ਼ ਦਿਤਾ। ਸੰਭਰਾ ਨਾਉਂ ਦੇ ਅਸੁਰ ਦੀ ਮੌਤ ਪ੍ਰਦਯੁਮਨ ਦੇ ਹਥੋਂ ਲਿਖੀ ਹੋਈ ਸੀ। ਨਾਰਦ ਨੇ ਸੰਭਰਾ ਨੂੰ ਇਹ ਗੱਲ ਪਹਿਲਾਂ ਹੀ ਜਾ ਦਸੀ। ਸੰਭਰਾ ਨੇ ਜਾਦੂ-ਸ਼ਕਤੀ ਦੁਆਰਾ ਪ੍ਰਦਯੁਮਨ ਨੂੰ ਰੁਕਮਣੀ ਦੇ ਘਰੋਂ ਚੁਕ ਲਿਆਂਦਾ ਤੇ ਸਮੁੰਦਰ ਵਿਚ ਰੋਹੜ ਦਿਤਾ। ਇਕ ਮੱਛੀ ਪ੍ਰਦਯੁਮਨ ਨੂੰ ਸਮੂਲਤਾ ਨਿਗਲ ਗਈ। ਇਕ ਮਾਛੀ ਦੇ ਜਾਲ ਵਿਚ ਉਹ ਮੱਛੀ ਫੱਸ ਗਈ। ਮਾਛੀ ਨੇ ਉਹ ਮੱਛੀ ਸੰਭਰਾ ਅਗੇ ਵੇਚ ਦਿਤੀ।

ਰੱਤੀ ਨੇ ਨਾਰਦ ਦੀ ਸਲਾਹ ਮੰਨ ਕੇ, ਪਹਿਲੋਂ ਹੀ ਸੰਭਰਾ ਦੇ ਘਰ ਰਸੋਇਣ ਦੀ ਨੌਕਰੀ ਕਰ ਲਈ। ਸੰਭਰਾ ਨੇ ਰੱਤੀ ਨੂੰ ਮੱਛੀ ਪਕਾਣ ਵਾਸਤੇ ਦਿਤੀ। ਜਦੋਂ ਉਸ ਮੱਛੀ ਚੀਰੀ ਤਾਂ ਉਸਦੇ ਪੇਟ ਵਿਚੋਂ ਪ੍ਰਦਯੁਮਨ ਨਿਕਲਿਆ। ਨਾਰਦ ਨੇ ਰੱਤੀ ਨੂੰ ਦਸਿਆ ਕਿ ਪ੍ਰਦਯੁਮਨ ਉਸਦਾ ਪਤੀ ਕਾਮ ਹੀ ਤਾਂ ਹੈ। ਨਾਰਦ ਨੇ ਰੱਤੀ ਨੂੰ ਇਹ ਵਰ ਵੀ ਦਿਤਾ ਕਿ ਜਦੋਂ ਉਹ ਚਾਹੇਗੀ, ਇਹ ਬਾਲਕ ਪ੍ਰਦਯੁਮਨ ਦੂਜਿਆਂ ਨੂੰ ਵਿਖਾਈ ਨਹੀਂ ਦੇਵੇਗਾ। ਸੋ ਰੱਤੀ ਪ੍ਰਦਯੁਮਨ ਨੂੰ ਪਾਲਦੀ ਰਹੀ। ਜਦੋਂ ਉਹ ਜਵਾਨ ਹੋਇਆ ਤਾਂ ਰੱਤੀ ਉਸ ਨੂੰ ਅਸਲੀਅਤ ਦੱਸ ਕੇ, ਉਹਦੇ ਨਾਲ ਪਤਨੀ ਦੇ ਰੂਪ ਵਿਚ ਰਹਿਣ ਲਗ ਪਈ।

ਰੱਤੀ ਨੂੰ ਗਰਭਵਤੀ ਵੇਖ ਕੇ, ਸੰਭਰਾ ਕਰੋਧ ਵਿਚ ਆ

ਗਿਆ, ਅਤੇ ਉਹਨੂੰ ਮਾਰਨ ਲਗਾ ਤਾਂ ਪ੍ਰਦਯੁਮਨ ਨੇ ਪ੍ਰਗਟ ਹੋ ਕੇ, ਉਹਦੇ ਨਾਲ ਯੁੱਧ ਕੀਤਾ, ਜਿਸ ਵਿਚ ਸੁੰਬਰਾ ਮਾਰਿਆ ਗਿਆ। ਇਸ ਉਪਰੰਤ ਰੱਤੀ ਤੇ ਪ੍ਰਦਯੁਮਨ ਦਵਾਰਕਾ ਆ ਕੇ ਕ੍ਰਿਸ਼ਨ ਤੇ ਰੁਕਮਣੀ ਕੋਲ ਰਹਿਣ ਲਗ ਪਏ।

ਪੁਰਾਣੇ ਜ਼ਮਾਨੇ ਵਿਚ ਕਾਮਦੇਵ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਸਨ ਅਤੇ ਕਾਮਦੇਵ ਦੇ ਮੰਦਰਾਂ ਵਿਚ ਉਹਦੀ ਪੂਜਾ ਹੁੰਦੀ ਸੀ। ਕਾਮਦੇਵ ਦੀ ਪੂਜਾ ਦਾ ਵਿਸ਼ੇਸ਼ ਉਤਸਵ ਬਸੰਤ ਪੰਚਮੀ ਸੀ (ਵੇਖੋ : ਬਸੰਤ)।

(ਕ-245) **ਕਾਮਧੇਨੂ** :

ਇਕ ਪੌਰਾਣਿਕ ਗਊ, ਜੋ ਖੀਰ ਸਾਗਰ ਨੂੰ ਮੱਥਣ ਵੇਲੇ ਇਕ ਰਤਨ ਦੇ ਰੂਪ ਵਿਚ ਪ੍ਰਗਟ ਹੋਈ। ਇਸ ਗਊ ਦੇ ਸਨਮੁਖ ਜੋ ਵੀ ਕਾਮਨਾ ਕੀਤੀ ਜਾਵੇ, ਉਹ ਸਹਿਜ ਰੂਪ ਵਿਚ ਪੂਰੀ ਹੋ ਜਾਂਦੀ ਹੈ। ਇਸਨੂੰ ਸੰਰਾਭੀ ਜਾਂ ਸੁਰਭੀ ਵੀ ਕਹਿੰਦੇ ਹਨ (ਵੇਖੋ : ਸੁਰਭੀ)।

ਪੁਰਾਣਾਂ ਵਿਚ ਕਾਮਧੇਨੂ ਬਾਰੇ ਅਨੇਕਾਂ ਕਥਾਵਾਂ ਮਿਲਦੀਆਂ ਹਨ। ਕਾਲਿਕਾ-ਪੁਰਾਣ ਅਨੁਸਾਰ ਕਾਮਧੇਨ ਦਾ ਜਨਮ ਦਖਸ਼ ਦੀ ਕੰਨਿਆਂ, ਸੁਰਭੀ ਦੀ ਬੇਟੀ, ਰੋਹਿਣੀ ਦੇ ਉਦਰ ਤੋਂ, ਸੂਰਸੇਨ ਵੰਸ਼ ਦੇ ਸੰਜੋਗ ਤੋਂ ਹੋਇਆ। ਕਾਮਧੇਨ ਇਤਨੀ ਸੁਥਕ ਤੇ ਮਨਮੋਹਣੀ ਸੀ ਕਿ ਇਕ ਬੇਤਾਲ ਉਹਦੇ ਰੂਪ ਤੇ ਮੋਹਿਤ ਹੋ ਗਿਆ ਤੇ ਬਲਦ ਦਾ ਰੂਪ ਧਾਰ ਕੇ ਉਹਨੇ ਕਾਮਧੇਨ ਨਾਲ ਭੋਗ ਕੀਤਾ। ਫਲਸਰੂਪ, ਸ਼ਿਵ ਜੀ ਦੇ ਵਾਹਣ ਨੰਦੀ ਦਾ ਜਨਮ ਹੋਇਆ।

ਬ੍ਰਹਮ-ਵੈਵਰਤ ਪੁਰਾਣ ਅਨੁਸਾਰ ਕਾਮਧੇਨ ਪਹਿਲਾਂ ਵਿਸ਼ਨੂੰ ਲੋਕ ਵਿਚ ਨਿਵਾਸ ਕਰਦੀ ਸੀ। ਵਿਸ਼ਨੂੰ ਨੇ ਇਹ ਗਊ ਬ੍ਰਹਮਾ ਨੂੰ ਦਿੱਤੀ। ਬ੍ਰਹਮਾ ਨੇ ਭ੍ਰਿਗੂ ਰਿਸ਼ੀ ਨੂੰ ਅਤੇ ਭ੍ਰਿਗੂ ਨੇ ਅਗੋਂ ਜਮਦਗਨੀ ਰਿਸ਼ੀ ਨੂੰ ਸੌਂਪ ਦਿੱਤੀ। ਕਾਰਤਵੀਰਯ ਜੋ ਹੈਹਯਾਂ ਦਾ ਰਾਜਾ ਸੀ, ਜਮਦਗਨੀ ਦੇ ਆਸ਼ਰਮ ਵਿਚ ਗਿਆ ਤੇ ਕਾਮਧੇਨ ਨੂੰ ਜ਼ਬਰਦਸਤੀ ਖੋਹ ਲਿਆਇਆ। ਕਾਰਤਵੀਰਯ ਪਹਿਲਾਂ ਹੀ ਦੇਵਤਿਆਂ ਅਤੇ ਮਨੁੱਖਾਂ ਉਤੇ ਕਾਫ਼ੀ ਅਤਿਆਚਾਰ ਢਾਹ ਰਿਹਾ ਸੀ, ਵਿਸ਼ਨੂੰ ਨੇ ਕਾਰਤਵੀਰਯ ਨੂੰ ਮਾਰ ਕੇ ਇਹ ਗਊ ਜਮਦਗਨੀ ਨੂੰ ਵਾਪਿਸ ਕੀਤੀ।

ਇਕ ਹੋਰ ਪੌਰਾਣ-ਕਥਾ ਅਨੁਸਾਰ ਇਹ ਗਊ ਵਸ਼ਿਸ਼ਠ ਰਿਸ਼ੀ ਦੇ ਆਸ਼ਰਮ ਵਿਚ ਰਹਿੰਦੀ ਸੀ। ਜਦੋਂ ਕਾਰਤਵੀਰਯ ਇਸ ਗਊ ਨੂੰ ਆਸ਼ਰਮ ਵਿਚ ਖੋਹਣ ਵਾਸਤੇ ਗਿਆ ਤਾਂ ਇਸ ਗਊ ਨੇ ਵਸ਼ਿਸ਼ਠ ਦੀ ਮਦਦ ਕੀਤੀ ਤੇ ਉਹਦੇ ਵਾਸਤੇ ਯੋਧਿਆਂ ਦੀ ਫ਼ੌਜ ਸਿਰਜੀ, ਜਿਸ ਨੇ ਕਾਰਤਵੀਰਯ ਨੂੰ ਹਰਾ ਦਿੱਤਾ।

ਕਾਮਧੇਨ ਨੂੰ ਹੀ ਨੰਦਨੀ ਤੇ ਸੁਬਾਲਾ ਕਹਿੰਦੇ ਹਨ। ਪਰ ਇਕ ਧਾਰਨਾ ਅਨੁਸਾਰ ਇਹ ਦੋਵੇਂ ਨਾਉਂ ਸੰਰਾਭੀ ਦੀਆਂ ਧੀਆਂ ਦੇ ਹਨ।

(ਕ-246) **ਕਾਮਰੂਪ (ਕਿੱਸਾ)** :

ਕਾਮਰੂਪ ਪੰਜਾਬੀ ਦੀ ਇਕੋ ਇਕ ਅਜਿਹੀ ਦੰਤ-ਕਥਾ ਹੈ, ਜਿਸ ਵਿਚ ਭਾਰਤੀ, ਯੂਨਾਨੀ ਤੇ ਸਾਮੀ ਕਥਾਨਿਕ-ਰੂੜ੍ਹੀਆਂ ਇਕ ਮਿੱਸੀ ਇਕਾਈ ਵਿਚ ਰਚੀਆਂ ਹੋਈਆਂ ਹਨ। ਸੁਭਾਅ ਵਿਚ ਇਹ ਕਹਾਣੀ ਦੰਤ-ਕਥਾ ਨਾਲੋਂ ਪਰੀ ਕਹਾਣੀਆਂ ਦੇ ਵਧੇਰੇ ਨੇੜੇ ਹੈ ਤੇ ਇਸ ਵਿਚ ਅਲੌਕਿਕ, ਪਰਾਸਰੀਰਕ ਤੇ ਅਦਭੁਤ ਅੰਸ਼ ਕਾਫ਼ੀ ਬਹੁਤਾਤ ਵਿਚ ਹਨ। ਇਹੋ ਇਸ ਕਥਾ ਦੀ ਮਹਾਨਤਾ ਹੈ ਤੇ ਇਹੋ ਵਿਲੱਖਣਤਾ। ਵਾਤਾਵਰਨ ਕਿਧਰੇ ਰਹੱਸਮਈ ਹੈ, ਕਿਧਰੇ ਰੋਮਾਂਚਿਕ। ਕਿੱਸੇ ਵਿਚ ਵਾਸਤਵਿਕਤਾ ਅਤੇ ਸਮਾਜਿਕਤਾ ਦਾ ਅੰਸ਼ ਬਹੁਤ ਘਟ ਹੈ; ਇਹੋ ਵਜ੍ਹਾ ਹੈ ਕਿ ਇਹ ਦੰਤ-ਕਥਾ ਬਹੁਤੀ ਲੋਕ-ਪ੍ਰਿਯ ਨਹੀਂ ਹੋਈ।

ਇਹ ਕਥਾ ਪੰਜਾਬੀ ਵਿਚ ਹਿੰਦੀ ਦੇ ਪ੍ਰੇਮ-ਅਖਯਾਨਾ ਦੇ ਪ੍ਰਭਾਵ ਹੇਠ ਲਿਖੀ ਗਈ। ਮੂਲ ਕਹਾਣੀ ਵਿਚ, ਪੰਜਾਬੀ ਸੁਭਾਅ ਤੇ ਸਭਿਆਚਾਰ ਦੇ ਅਨੁਕੂਲ, ਬਹੁਤੇ ਪਰਿਵਰਤਨ ਵੀ ਨਹੀਂ ਕੀਤੇ ਗਏ। ਅਵਧ ਦੇ ਰਾਜੇ ਗਣਪਤੀ ਦਾ ਪੁੱਤਰ ਕੰਵਰ ਕਾਮਰੂਪ, ਆਪਣੇ ਛੇ ਮਿਤਰਾਂ ਨਾਲ, ਸੁਪਨੇ ਵਿਚ ਵੇਖੀ ਸੁੰਦਰੀ ਕਾਮਲਤਾ ਦੀ ਖੋਜ ਵਿਚ ਨਿਕਲਦਾ ਹੈ। ਤੂਫ਼ਾਨ ਦੇ ਆਉਣ ਨਾਲ ਜਹਾਜ਼ ਤਬਾਹ ਹੋ ਜਾਣ ਕਾਰਨ, ਕਾਮਰੂਪ ਸਰਨ ਦੀਪ ਜਾ ਪਹੁੰਚਦਾ ਹੈ। ਇਸ ਦੀਪ ਵਿਚ ਤੀਵੀਆਂ ਦਾ ਰਾਜ ਹੈ। ਚੰਦਰਮੁਖ ਪਰੀ, ਕਾਮਰੂਪ ਤੇ ਮੋਹਿਤ ਹੋ ਕੇ, ਉਸ ਨੂੰ ਚੁਕ ਕੇ ਲੈ ਜਾਂਦੀ ਹੈ ਅਤੇ ਉਸ ਨੂੰ ਇਕ ਸਾਲ ਤਕ ਆਪਣੇ ਪਾਸ ਰਖਦੀ ਹੈ। ਸਮੁੰਦਰੀ ਤੂਫ਼ਾਨ ਕਾਰਨ ਸਾਰੇ ਮਿੱਤਰ ਇਕ ਦੂਜੇ ਤੋਂ ਵਿਛੜ ਜਾਂਦੇ ਹਨ ਅਤੇ ਕਈ ਤਰ੍ਹਾਂ ਦੇ ਕਸ਼ਟ ਉਠਾਂਦੇ ਹਨ, ਲੇਕਿਨ ਅਲੌਕਿਕ ਤੇ ਰਹੱਸਮਈ ਪਰਸਥਿਤੀਆਂ ਵਿਚੋਂ ਲੰਘਦੇ, ਅਖ਼ੀਰ ਸਭ ਇਕੱਠੇ ਹੋ ਜਾਂਦੇ ਹਨ। ਕੰਵਰ ਕਾਮਰੂਪ, ਲੰਮੀ ਸਾਧਨਾ ਨਾਲ ਰਾਜਕੁਮਾਰੀ ਕਾਮਲਤਾ ਨੂੰ ਅਖ਼ੀਰ ਪ੍ਰਾਪਤ ਕਰ ਲੈਂਦਾ ਹੈ।

ਅਹਿਮਦਯਾਰ ਨੇ ਇਸ ਕਿੱਸੇ ਨੂੰ ਪੰਜਾਬੀ ਵਿਚ ਕਾਵਿਕ ਸਰੂਪ ਦਿੱਤਾ। ਉਸ ਅਨੁਸਾਰ ਕਥਾ ਇਸ ਪ੍ਰਕਾਰ ਹੈ :

ਕਾਮਰੂਪ ਅਵਧ ਨਗਰੀ ਦੇ ਰਾਜੇ ਗਜਪਤੀ ਦਾ ਪੁੱਤਰ ਸੀ। ਜੋਤਸ਼ੀਆਂ ਨੇ ਕੁੰਡਲੀ ਵੇਖ ਕੇ ਦਸਿਆ ਕਿ ਜਦੋਂ ਇਹ ਜਵਾਨ ਹੋਏਗਾ ਤਾਂ ਇਹ ਜੰਗਲ ਵਿਚ ਸ਼ਿਕਾਰ ਖੇਡਣ ਗਿਆ, ਕਿਸੇ ਸੁੰਦਰ ਮੁਟਿਆਰ ਦੇ ਇਸ਼ਕ ਵਿਚ ਫਸ ਜਾਵੇਗਾ"। ਸੋ ਰਾਜੇ ਗਜਪਤੀ ਨੇ, ਕਾਮਰੂਪ ਦੇ ਸ਼ਿਕਾਰ ਖੇਡਣ ਲਈ, ਸ਼ਹਿਰ ਦੇ ਬਾਹਰ ਇਕ ਖ਼ੂਬਸੂਰਤ ਬਾਗ਼ ਬਣਵਾ ਦਿੱਤਾ।

ਇਹ ਬਾਗ ਬਾਰਾਂ ਕੋਹਾਂ ਵਿਚ ਫੈਲਿਆ ਹੋਇਆ ਸੀ।

ਕਾਮਰੂਪ ਦਾ ਦਿਲ ਪਰਚਾਣ ਲਈ ਕੁਝ ਸਾਥੀ ਹਮੇਸ਼ਾ ਉਹਦੇ ਨਾਲ ਰਹਿੰਦੇ, ਜਿਨ੍ਹਾਂ ਦੇ ਨਾਂ ਮਿਹਤਰ ਚੰਦ (ਵਜ਼ੀਰ ਦਾ ਲੜਕਾ), ਪੰਡਿਤ ਵਿਦਿਆ ਚੰਦ (ਜੋਹਰੀ ਦਾ ਪੁੱਤਰ), ਨਾਨਕ ਚੰਦ (ਜੌਹਰੀ ਦਾ ਪੁੱਤਰ), ਧਨੰਤਰ (ਵੈਦ), ਚਾਤ੍ਰਮਨ (ਚਿਤਰਕਾਰ), ਰਸਰੰਗ (ਕਲੌਂਤ) ਸਨ। ਇਹ ਸਾਰੇ ਕਿਸੇ ਨਾ ਕਿਸੇ ਵਿਦਿਆ ਵਿਚ ਪਰਬੀਨ ਅਥਵਾ ਗੁਣੀ-ਗਿਆਨੀ ਸਨ। ਇਕ ਦਿਨ ਕਾਮਰੂਪ ਬਾਗ ਵਿਚ ਸੁੱਤਾ ਪਿਆ ਸੀ ਕਿ ਉਸ ਨੇ ਸੁਪਨੇ ਵਿਚ ਰਾਜਕੁਮਾਰੀ ਕਾਮਲਤਾ ਨੂੰ ਵੇਖਿਆ। ਕਾਮਰੂਪ ਕਾਮਲਤਾ ਦੇ ਰੂਪ 'ਤੇ ਅਜਿਹਾ ਮੋਹਿਤ ਹੋਇਆ ਕਿ ਉਹਨੂੰ ਪ੍ਰਾਪਤ ਕਰਨ ਲਈ ਵਿਆਕੁਲ ਹੋਣ ਲਗਾ। ਪਰ ਉਹਨੂੰ ਉਸ ਰਾਜਕੁਮਾਰੀ ਦਾ ਨਾਂ ਤੇ ਥਹੁ-ਪਤਾ ਯਾਦ ਨਾ ਰਿਹਾ। ਕਾਮਰੂਪ ਅੰਦਰੋ ਅੰਦਰੀਂ ਨਿਘਰਦਾ ਰਿਹਾ। ਰਾਜੇ ਨੇ ਬੜੇ ਇਲਾਜ ਕਰਵਾਏ, ਪਰ ਕੋਈ ਫਰਕ ਨਾ ਪਿਆ। ਅਖ਼ੀਰ ਰਾਜੇ ਨੂੰ ਮਿਹਤਰ ਚੰਦ ਤੋਂ ਪਤਾ ਚਲਿਆ ਕਿ ਕਾਮਰੂਪ ਸੁਪਨੇ ਵਿਚ ਦੇਖੀ ਇਕ ਰਾਜਕੁਮਾਰੀ ਦੇ ਪ੍ਰੇਮ ਵਿਚ ਵਿਆਕੁਲ ਹੈ।

ਰਾਜੇ ਨੇ ਕਾਮਰੂਪ ਦੀ, ਮਨ ਦੀ ਸ਼ਾਂਤੀ ਵਾਸਤੇ ਬੜਾ ਪੁੰਨ ਦਾਨ ਕਿੱਤਾ ਤੇ ਸਦਾਵਰਤ ਲਗਵਾਏ। ਇਕ ਸਦਾਵਰਤ ਵਿਚ ਇਕ ਬੁੱਢਾ ਪੰਡਤ ਸਮੀਤ ਬਚਨ ਵੀ ਹਾਜ਼ਰ ਹੋਇਆ। ਜੋ ਬਾਹਰਲੇ ਦੇਸਾਂ ਤੋਂ ਘੁੰਮ ਫਿਰ ਕੇ ਵਾਪਿਸ ਪਰਤਿਆ ਸੀ। ਉਸ ਨੇ ਰਾਜੇ ਨੂੰ ਦਸਿਆ ਕਿ ਉਹ ਘੁੰਮਦਾ ਫਿਰਦਾ ਇਕ ਟਾਪੂ ਸੰਗਲਾਦੀਪ ਵਿਚ ਗਿਆ, ਜਿਥੋਂ ਦੇ ਰਾਜੇ ਚਤਰਪਤੀ ਦੀ ਖ਼ੂਬਸੂਰਤ ਲੜਕੀ ਕਾਮਲਤਾ, ਸੁਪਨੇ ਵਿਚ ਇਕ ਸੁੰਦਰ ਰਾਜਕੁਮਾਰ ਨੂੰ ਵੇਖ ਕੇ, ਉਸ ਨਾਲ ਪ੍ਰੇਮ ਕਰਨ ਲਗ ਪਈ ਹੈ ਤੇ ਉਸੇ ਨਾਲ ਵਿਆਹ ਕਰਵਾਣਾ ਚਾਹੁੰਦੀ ਹੈ। ਇਹ ਗੱਲ ਉਸ ਪੰਡਤ ਨੂੰ ਕਾਮਲਤਾ ਦੀ ਸਖੀ ਕਾਮਕਲਾ ਨੇ ਦਸੀ ਸੀ।

ਸਮੀਤ ਬਚਨ ਕਾਮਰੂਪ ਦੀ ਸਾਰੀ ਵਿਥਿਆ ਸੁਣ ਕੇ, ਸਭ ਗੱਲ ਸਮਝ ਜਾਂਦਾ ਹੈ ਤੇ ਕਾਮਰੂਪ ਨੂੰ ਰਾਜਕੁਮਾਰੀ ਬਾਰੇ ਦਸ ਪਾਉਂਦਾ ਹੈ। ਇਹ ਗੱਲ ਸੁਣ ਕੇ, ਕਾਮਰੂਪ, ਰਾਜੇ ਤੋਂ ਚੋਰੀ ਕਾਮਲਤਾ ਨੂੰ ਮਿਲਣ ਸੰਗਲਾਦੀਪ ਜਾਣ ਦੀਆਂ ਤਿਆਰੀਆਂ ਕਰਦਾ ਰਿਹਾ। ਰਾਜਾ ਉਸ ਨੂੰ ਪ੍ਰਦੇਸ ਜਾਣ ਤੋਂ ਵਰਜਦਾ ਹੈ। ਅਖ਼ੀਰ ਕਾਮਰੂਪ ਆਪਣੇ ਸਾਥੀਆਂ ਮਿਹਤਰ ਚੰਦ, ਵਿਦਿਆ ਚੰਦ, ਧਨੰਤਰ ਆਦਿ ਨਾਲ ਜਹਾਜ਼ ਤੇ ਬੈਠ ਕੇ ਸੰਗਲਾਦੀਪ ਰਵਾਨਾ ਹੁੰਦਾ ਹੈ। ਬੁੱਢਾ ਪੰਡਤ ਸਮੀਤ ਬਚਨ ਵੀ ਉਨ੍ਹਾਂ ਦੇ ਨਾਲ ਹੀ ਚਲਦਾ ਹੈ।

ਅਚਾਨਕ ਸਮੁੰਦਰ ਵਿਚ ਭਿਆਨਕ ਤੂਫ਼ਾਨ ਆਉਂਦਾ ਹੈ ਅਤੇ ਜਹਾਜ਼ ਦੇ ਤਬਾਹ ਹੋਣ ਨਾਲ ਕਾਮਰੂਪ ਤੇ ਉਸ ਦੇ ਸਾਥੀ ਆਪੋ ਆਪਣੀ ਜਾਨ ਬਚਾਂਦੇ, ਤਖ਼ਤਿਆਂ ਉਤੇ ਰੁੜ੍ਹਦੇ; ਇਕ ਦੂਜੇ ਤੋਂ ਨਿਖੜ ਜਾਂਦੇ ਹਨ। ਕਾਮਰੂਪ ਤਿੰਨ ਦਿਨ ਲਗਾਤਾਰ ਸਮੁੰਦਰ ਵਿਚ ਤਖ਼ਤੇ 'ਤੇ ਭਟਕਦਾ, ਅਖ਼ੀਰ ਸਹੀ ਸਲਾਮਤ ਕੰਢੇ ਜਾ ਲਗਦਾ ਹੈ। ਕਾਮਰੂਪ ਨੇੜੇ ਦੇ ਇਕ ਸ਼ਹਿਰ ਵਿਚ ਜਾਂਦਾ ਹੈ। ਇਹ ਸ਼ਹਿਰ ਜ਼ਨਾਨਾ ਹੈ, ਤੀਵੀਆਂ ਦਾ ਰਾਜ ਹੈ, ਅਤੇ ਸਾਰਾ ਵਿਪਾਰ ਤੀਵੀਆਂ ਹੀ ਚਲਾਂਦੀਆਂ ਹਨ।

ਸ਼ਹਿਰ ਵਿਚ ਓਪਰੇ ਮਰਦ ਨੂੰ ਵੇਖ ਕੇ ਦੋ ਮੁਟਿਆਰਾਂ, ਕਾਮਰੂਪ ਨੂੰ ਬੰਦੀ ਬਣਾ ਕੇ ਆਪਣੀ ਰਾਣੀ ਇੰਦਰਵਤੀ ਦੇ ਸਾਹਮਣੇ ਪੇਸ਼ ਕਰਦੀਆਂ ਹਨ। ਇੰਦਰਵਤੀ ਕਾਮਰੂਪ ਤੇ ਮੋਹਿਤ ਹੋ ਜਾਂਦੀ ਹੈ ਤੇ ਆਪਣੇ ਮਨ ਦੀ ਗੱਲ ਉਹ ਆਪਣੀ ਸਹੇਲੀ ਪਦਮਾਵਤੀ ਨਾਲ ਸਾਂਝੀ ਕਰਦੀ ਹੈ। ਕਾਮਰੂਪ ਇੰਦਰਵਤੀ ਤੋਂ ਖਹਿੜਾ ਛੁਡਾਣਾ ਚਾਹੁੰਦਾ ਹੈ। ਕਾਮਰੂਪ ਨੂੰ ਇਕ ਵਾਰ ਫਿਰ ਸੁਪਨੇ ਵਿਚ ਕਾਮਲਤਾ ਦੇ ਦਰਸ਼ਨ ਹੁੰਦੇ ਹਨ। ਉਹ ਸਵੇਰੇ ਸਵੇਰੇ ਇੰਦਰਵਤੀ ਦਾ ਮਹਿਲ ਛੜ ਕੇ ਬਾਹਰ ਉਜਾੜ ਵਲ ਨਿਕਲ ਤੁਰਦਾ ਹੈ ਤੇ ਥਕ ਕੇ, ਇਕ ਦਰਖ਼ਤ ਹੇਠ ਜਾ ਲੰਮਾ ਪੈਂਦਾ ਹੈ। ਉਥੇ ਉਹਨੂੰ ਪਰੀਆਂ ਚੁਕ ਕੇ ਕੋਹ-ਕਾਫ਼ ਲੈ ਜਾਂਦੀਆਂ ਹਨ। ਪਰੀਆਂ ਦੀ ਰਾਣੀ ਤਾਰਾਵਤੀ ਕਾਮਰੂਪ ਨੂੰ ਵੇਖਦੇ ਸਾਰ ਮੁਹੱਬਤ ਕਰਨ ਲਗਦੀ ਹੈ।

ਸ਼ਾਹਪਰੀ ਤਾਰਾਵਤੀ ਦੀ ਮੰਗਣੀ, ਦੇਵਾਂ ਦੇ ਰਾਜੇ, ਸੁਧੀਰ ਦੇਓ ਨਾਲ, ਤੈਅ ਹੋ ਚੁਕੀ ਸੀ। ਕਾਮਰੂਪ ਨਾਲ ਤਾਰਾਵਤੀ ਦੇ ਇਸ਼ਕ ਦੀ ਗੱਲ ਸੁਧੀਰ ਕੋਲ ਪੁਜੀ। ਉਸ ਨੇ ਅਸਲੀਅਤ ਜਾਣਨੀ ਚਾਹੀ। ਇਕ ਵਾਰ, ਜਦੋਂ ਕਾਮਰੂਪ ਤੇ ਤਾਰਾਵਤੀ ਸ਼ਰਾਬ ਪੀ ਕੇ, ਪਲੰਘ ਤੇ ਸੁਤੇ ਪਏ ਸਨ ਤਾਂ ਸੁਧੀਰ ਦੇਓ ਦੇ ਹੁਕਮ ਨਾਲ, ਨੌਕਰਾਂ ਨੇ, ਉਨ੍ਹਾਂ ਦਾ ਪਲੰਘ ਚੁਕਵਾ ਕੇ ਸੁਧੀਰ ਦੇਓ ਕੋਲ ਜਾ ਹਾਜ਼ਰ ਕੀਤਾ।

ਕਾਮਰੂਪ ਸੁਧੀਰ ਦੇਓ ਨੂੰ ਅਸਲੀ ਗੱਲ ਦਸਦਾ ਹੈ। ਸਾਰੀ ਗੱਲ ਜਾਣ ਕੇ, ਸੁਧੀਰ ਦੀ ਆਗਿਆ ਨਾਲ, ਨੌਕਰ ਕਾਮਰੂਪ ਨੂੰ ਦੂਰ ਇਕ ਬਾਗ਼ ਵਿਚ ਛੱਡ ਆਉਂਦੇ ਹਨ। ਇਸ ਬਾਗ ਵਿਚ ਇਕ ਅਜੀਬ ਕਿਸਮ ਦੇ ਇਕ-ਟੰਗੇ ਰਾਖਸ਼ ਰਹਿੰਦੇ ਹਨ, ਜਿਨ੍ਹਾਂ ਦੀ ਲੰਮੀ ਦਾਹੜੀ, ਤੇ ਸਿਰ ਉਤੇ ਪਗੜੀ ਉਨ੍ਹਾਂ ਨੂੰ ਹੋਰ ਅਦਭੁਤ ਬਣਾ ਦਿੰਦੀ ਹੈ। ਕਾਮਰੂਪ ਦਾ ਬ੍ਰਿਤਾਂਤ ਸੁਣ ਕੇ, ਇਕ ਨੰਗਾ ਬਜ਼ੁਰਗ ਉਸ ਨੂੰ ਆਪਣੇ ਘਰ ਚਲਣ ਲਈ ਪ੍ਰੇਰਦਾ ਹੈ। ਦੋਵੇਂ ਉਥੋਂ ਚਲ ਪੈਂਦੇ ਹਨ। ਪਰ ਉਹ ਸ਼ਖ਼ਸ, ਇਕ ਟੰਗਾ ਹੋਣ ਕਰਕੇ, ਠੀਕ ਤਰ੍ਹਾਂ ਤੁਰ ਫਿਰ ਨਹੀਂ ਸਕਦਾ। ਕਾਮਰੂਪ ਉਸ ਨੂੰ ਆਪਣੇ ਕੰਧਾੜੇ ਤੇ ਚੁਕ ਲੈਂਦਾ ਹੈ। ਪਿੱਠ 'ਤੇ ਚੜ੍ਹਦੇ ਸਾਰ ਰਾਖਸ਼ ਆਪਣਾ ਰੰਗ ਵਿਖਾਂਦਾ ਹੈ। ਰਾਖਸ਼ ਆਪਣੀ ਪੂਛਲ ਕਸ ਕੇ, ਕਾਮਰੂਪ ਦੇ ਜਿਸਮ ਨਾਲ ਵਲ ਲੈਂਦਾ ਹੈ। ਇਕ ਟੰਗਾ ਹਰ ਵੇਲੇ ਭਾਵੇਂ ਦਿਨ ਹੋਵੇ ਜਾਂ ਰਾਤ, ਕਾਮਰੂਪ ਉਤੇ

ਸਵਾਰ ਰਹਿੰਦਾ ਹੈ। ਕਾਮਰੂਪ 'ਤੇ ਚੜ੍ਹਿਆ ਹੋਇਆ ਹੀ ਉਹ ਖਾਂਦਾ ਪੀਂਦਾ, ਸੌਂਦਾ ਤੇ ਹਰ ਤਰ੍ਹਾਂ ਦੇ ਕਾਰਜ ਸਾਧਦਾ ਹੈ।

ਕਾਮਰੂਪ ਨੇ ਇਕ-ਟੰਗੇ ਰਾਖਸ਼ ਤੋਂ ਜਾਨ ਛੁਡਾਣ ਲਈ ਕਈ ਸਬੀਲਾਂ ਸੋਚੀਆਂ ਪਰ ਸਭ ਵਿਅਰਥ। ਆਖ਼ਿਰ, ਕਾਮਰੂਪ, ਇਕ ਦਿਨ ਉਸ ਰਾਖਸ਼ ਨੂੰ ਅੰਗੂਰ ਦੀ ਸ਼ਰਾਬ ਪਿਲਾਉਂਦਾ ਹੈ, ਜੋ ਉਸ ਨੂੰ ਬਹੁਤ ਪਸੰਦ ਆਉਂਦੀ ਹੈ। ਬੁੱਢਾ ਰਾਖਸ਼ ਆਪਣੀ ਇਹ ਖ਼ੁਸ਼ੀ ਸਭਨਾਂ ਨਾਲ ਸਾਂਝੀ ਕਰਨੀ ਚਾਹੁੰਦਾ ਹੈ। ਉਹ ਰਾਖਸ਼ਾਂ ਦੀ ਸਾਰੀ ਕੌਮ ਨੂੰ ਦਾਅਵਤ ਦਿੰਦਾ ਹੈ। ਇਸ ਗੱਲ ਦੀ ਪ੍ਰੇਰਨਾ ਕਾਮਰੂਪ ਨੇ ਹੀ ਉਸ ਨੂੰ ਦਿੱਤੀ। ਇਸ ਦਾਅਵਤ ਵਿਚ, ਹਜ਼ਾਰਾਂ ਇਕ-ਟੰਗੇ ਰਾਖਸ਼, ਆਦਮੀਆਂ ਦੀਆਂ ਪਿੱਠਾਂ ਉਤੇ ਸਵਾਰ ਹੋ ਕੇ ਪਹੁੰਚੇ। ਜਦੋਂ ਇਕ-ਟੰਗੇ ਸ਼ਰਾਬ ਵਿਚ ਚੂਰ ਹੋ ਗਏ ਤਾਂ ਕੰਵਰ ਨੇ ਸਭ ਆਦਮੀਆਂ ਨੂੰ ਸਮਝਾਇਆ ਕਿ ਹੁਣ ਇਨ੍ਹਾਂ ਨੂੰ ਹੇਠਾਂ ਵਗਾਹ ਕੇ ਸੁੱਟੋ ਤੇ ਜਾਨੋਂ ਮਾਰ ਦਿਓ, ਇਸ ਤਰ੍ਹਾਂ ਕਾਮਰੂਪ ਨੇ ਆਪਣੇ ਆਪ ਨੂੰ ਤੇ ਹੋਰ ਮਨੁੱਖਾਂ ਨੂੰ ਇਕ-ਟੰਗੇ ਰਾਖਸ਼ਾਂ ਤੋਂ ਮੁਕਤ ਕਰਵਾਇਆ।

ਛੁਟਕਾਰਾ ਪਾਉਣ ਵਾਲੇ ਆਦਮੀਆਂ ਵਿਚੋਂ, ਇਕ ਕਾਮਰੂਪ ਦਾ ਦੋਸਤ, ਮਿਹਤਰ ਚੰਦ ਵੀ ਸੀ। ਮੁਕਤੀ ਪਾਉਂਦੇ ਹੀ ਉਹ ਕਾਮਰੂਪ ਨੂੰ ਮਿਲਿਆ। ਦੋਹਾਂ ਨੇ ਇਕ ਦੂਜੇ ਨੂੰ ਆਪੋ ਆਪਣੀ ਹੱਡਬੀਤੀ ਸੁਣਾਈ। ਉਥੋਂ ਉਹ ਜਿਧਰ ਮੂੰਹ ਆਇਆ ਤੁਰ ਪਏ। ਚਲਦਿਆਂ ਚਲਦਿਆਂ ਰਾਹ ਵਿਚ ਉਨ੍ਹਾਂ ਨੂੰ ਇਕ ਤੋਤਾ ਮਿਲਦਾ ਹੈ, ਜੋ ਕਾਮਰੂਪ ਦੇ ਹੱਥ ਉਤੇ ਆ ਬੈਠਦਾ ਹੈ। ਕਾਮਰੂਪ ਤੇ ਉਸ ਦਾ ਮਿੱਤਰ, ਇਕ ਨਦੀ ਦੇ ਕੰਢੇ, ਆਰਾਮ ਕਰ ਰਹੇ ਹੁੰਦੇ ਹਨ ਕਿ ਉਥੇ ਇਸ਼ਨਾਨ ਕਰਨ ਲਈ ਇਕ ਜੋਗੀ ਆਉਂਦਾ ਹੈ, ਜੋ ਉਨ੍ਹਾਂ ਦੋਹਾਂ ਨੂੰ ਆਪਣੀ ਕੁਟੀਆ ਵਿਚ ਲੈ ਜਾਂਦਾ ਹੈ। ਕੰਵਰ ਦੀ ਨਜ਼ਰ ਅਚਾਨਕ ਤੋਤੇ ਦੇ ਪੈਰਾਂ ਨਾਲ ਬੱਧੇ, ਨੀਲੇ ਧਾਗੇ ਤੇ ਜਾ ਪੈਂਦੀ ਹੈ। ਜਦੋਂ ਉਹ ਧਾਗਾ ਤੋੜਦਾ ਹੈ ਤਾਂ ਤੋਤੇ ਵਿਚੋਂ ਇਕ ਮਨੁੱਖੀ ਕਾਇਆ ਪ੍ਰਗਟ ਹੁੰਦੀ ਹੈ। ਇਹ ਸ਼ਖ਼ਸ ਕਾਮਰੂਪ ਦਾ ਹੀ ਸਾਥੀ ਪੰਡਿਤ ਵਿਦਿਆ ਚੰਦ ਸੀ, ਜੋ ਤੂਫ਼ਾਨ ਦੇ ਵੇਲੇ ਕਾਮਰੂਪ ਤੋਂ ਵਿਛੜ ਕੇ, ਦੇਵਾਂ ਦੀ ਨਗਰੀ ਵਿਚ ਜਾ ਪੁਜਾ ਸੀ। ਉਥੇ ਦੇਵ ਦੀ ਕਰੂਪ ਤੇ ਬੇਢੰਗੇ ਨੈਣ-ਨਕਸ਼ਾਂ ਵਾਲੀ ਲੜਕੀ, ਉਸ 'ਤੇ ਮੋਹਿਤ ਹੋ ਗਈ ਅਤੇ ਉਸ ਤੇ ਮੰਤ੍ਰ ਫੂਕ ਕੇ ਤੋਤਾ ਬਣਾ ਕੇ, ਕੋਲ ਰਖ ਲਿਆ। ਅਜ ਮੌਕਾ ਮਿਲਣ ਤੇ ਉਹ ਉਥੋਂ ਉਡ ਆਇਆ।

ਜੋਗੀ ਜਦੋਂ ਪਰਤ ਕੇ ਆਉਂਦਾ ਹੈ, ਤਾਂ ਦੋ ਦੀ ਥਾਂ ਤਿੰਨ ਆਦਮੀਆਂ ਨੂੰ ਵੇਖ ਕੇ ਹੈਰਾਨ ਰਹਿ ਜਾਂਦਾ ਹੈ। ਕਾਮਰੂਪ ਉਸ ਨੂੰ ਸਾਰਾ ਬ੍ਰਿਤਾਂਤ ਵਿਸਥਾਰ ਨਾਲ ਸਮਝਾਂਦਾ ਹੈ। ਗੱਲਾਂ ਗੱਲਾਂ ਵਿਚ ਇਹ ਭੇਤ ਖੁਲ੍ਹਦਾ ਹੈ ਕਿ ਇਸੇ ਜੋਗੀ ਦੇ ਵਰ ਨਾਲ ਕਾਮਰੂਪ ਨੇ ਜਨਮ ਲਿਆ ਸੀ। ਜੋਗੀ ਕਾਮਰੂਪ ਨੂੰ ਕੁਝ ਮੰਤਰ ਸਿਖਾਂਦਾ ਹੈ ਤੇ ਵਿਦਾਇਗੀ ਵੇਲੇ ਕਾਮਰੂਪ ਨੂੰ ਇਕ ਪਾਰਸ ਪੱਥਰ ਦਿੰਦਾ ਹੈ। ਤਿੰਨੋਂ ਸਾਥੀ ਜੋਗੀ ਤੋਂ ਅਲਵਿਦਾ ਲੈ ਕੇ ਹਰਦੁਆਰ ਪਹੁੰਚਦੇ ਹਨ।

ਤੂਫ਼ਾਨ ਵੇਲੇ ਕਾਮਰੂਪ ਦੇ ਦੋ ਹੋਰ ਸਾਥੀ ਧਨੰਤਰ ਵੈਦ ਅਤੇ ਚਾਤ੍ਰਰਮਨ, ਉਹਦੇ ਨਾਲੋਂ ਵਿਛੜ ਗਏ ਸਨ, ਉਨ੍ਹਾਂ ਨੂੰ ਵੀ ਕਈ ਮੁਸੀਬਤਾਂ ਝਾਗਣੀਆਂ ਪਈਆਂ। ਧਨੰਤਰ ਇਕ ਤਖ਼ਤੇ ਉਤੇ ਤੈਰਦਾ ਹੋਇਆ, ਇਕ ਹੋਰ ਜਹਾਜ਼ ਦੇ ਨੇੜੇ ਪੁਜਾ। ਉਸ ਜਹਾਜ਼ ਦੇ ਮਾਲਕ ਬੁਧਨਿਧ ਦੀ ਨਜ਼ਰ ਧਨੰਤਰ 'ਤੇ ਪੈ ਗਈ। ਉਸ ਨੇ ਆਪਣੇ ਨੌਕਰ ਦੀ ਮਦਦ ਨਾਲ ਰੱਸੇ ਸੁਟ ਕੇ, ਧਨੰਤਰ ਨੂੰ ਜਹਾਜ਼ 'ਤੇ ਚੜ੍ਹਾ ਲਿਆ। ਬੁਧਨਿਧ ਦਾ ਪੁੱਤਰ ਸਖ਼ਤ ਬੀਮਾਰ ਸੀ। ਧਨੰਤਰ ਨੇ ਉਸ ਦਾ ਇਲਾਜ ਕੀਤਾ ਤੇ ਉਹ ਮੁੜ ਨਵਾਂ ਨਰੋਆ ਹੋ ਗਿਆ। ਬੁਧਨਿਧ ਸੰਗਲਾਦੀਪ ਦਾ ਨਿਵਾਸੀ ਸੀ। ਧਨੰਤਰ ਦਾ ਵਿਸ਼ਵਾਸ ਸੀ ਕਿ ਕਾਮਰੂਪ ਉਸ ਨੂੰ ਸੰਗਲਾਦੀਪ ਵਿਚ ਹੀ ਮਿਲੇਗਾ। ਸੋ ਉਹ ਉਨ੍ਹਾਂ ਦੇ ਨਾਲ ਸੰਗਲਾਦੀਪ ਜਾ ਪੁਜਾ।

ਸੰਗਲਾਦੀਪ ਵਿਚ, ਕਾਮਲਤਾ ਕਾਮਰੂਪ ਦੀ ਮੁਹੱਬਤ ਵਿਚ ਵਿਆਕੁਲ ਸੀ। ਕਈ ਹਕੀਮਾਂ ਨੇ, ਉਸ ਨੂੰ ਬੀਮਾਰ ਸਮਝ ਕੇ ਉਹਦਾ ਇਲਾਜ ਕੀਤਾ, ਪਰ ਰਤਾ ਵੀ ਫ਼ਰਕ ਨਾ ਪਿਆ। ਸੋ ਧਨੰਤਰ ਨੇ ਉਸ ਦਾ ਇਲਾਜ ਸ਼ੁਰੂ ਕੀਤਾ।

ਇਕ ਹੋਰ ਸਾਥੀ ਚਾਤ੍ਰਰਮਨ ਤੂਫ਼ਾਨ ਵਿਚ ਭਟਕਦਾ ਹੋਇਆ, ਇਕ ਤਖ਼ਤੇ ਉਤੇ ਤਰਦਾ, ਕਿਸੇ ਬਾਗ਼ ਦੇ ਕੰਢੇ ਜਾ ਲਗਾ। ਬਾਗ਼ ਦੇ ਮਾਲੀ ਨੇ ਉਸ ਨੂੰ ਬਾਹਰ ਕਢਿਆ ਤੇ ਫਿਰ ਆਪਣੇ ਕੋਲ ਹੀ ਰਖ ਲਿਆ। ਚਾਤ੍ਰਰਮਨ ਚਿਤ੍ਰਕਾਰ ਸੀ ਤੇ ਵਿਹਲਾ ਸਮਾਂ ਗੁਜ਼ਾਰਨ ਲਈ, ਦੁਪਹਿਰੀਂ ਕਾਮਰੂਪ ਤੇ ਉਸ ਦੇ ਸਾਥੀਆਂ ਦੇ ਚਿੱਤਰ ਬਣਾਉਂਦਾ ਰਹਿੰਦਾ। ਇਹ ਬਾਗ਼ ਰਾਜੇ ਦਾ ਸੀ। ਰਾਜੇ ਕੀਚਪਤੀ ਨੇ ਤਸਵੀਰਾਂ ਵੇਖੀਆਂ ਤੇ ਉਸਦੀ ਕਲਾ ਵਿਚ ਨਿਪੁੰਨਤਾ ਵੇਖ ਕੇ, ਉਸ ਨੂੰ ਰਾਜੇ ਚਤਰਪਤੀ ਪਾਸ ਸੰਗਲਾਦੀਪ ਭੇਜ ਦਿੱਤਾ, ਰਾਜਾ ਕਲਾ ਦਾ ਰਸੀਆ ਸੀ। ਕੁਝ ਦਿਨਾਂ ਮਗਰੋਂ ਚਾਤ੍ਰਰਮਨ ਬੀਮਾਰ ਪੈ ਗਿਆ। ਉਸ ਦੇ ਇਲਾਜ ਲਈ ਧਨੰਤਰ ਨੂੰ ਬੁਲਾਇਆ ਗਿਆ। ਦੋਹਾਂ ਨੇ ਇਕ ਦੂਜੇ ਨੂੰ ਪਛਾਣ ਲਿਆ।

ਉਧਰ ਕਾਮਲਤਾ ਪ੍ਰੇਮ ਰੋਗ ਵਿਚ ਆਤੁਰ ਸੀ। ਧਨੰਤਰ ਨੇ ਉਸ ਨੂੰ ਬਾਗ਼ ਵਿਚ ਸੈਰ ਕਰਨ ਦੀ ਸਲਾਹ ਦਿੱਤੀ। ਚਾਤ੍ਰਰਮਨ ਨੇ ਕਾਮਰੂਪ ਦੀਆਂ ਕਈ ਤਸਵੀਰਾਂ ਬਣਾਈਆਂ। ਇਕ ਤਸਵੀਰ ਵਿਚ, ਉਸ ਨੇ ਕਾਮਰੂਪ ਦੀ ਸੰਗਤ ਵਿਚ, ਧਨੰਤਰ ਨੂੰ ਬੈਠੇ ਵਿਖਾਇਆ। ਇਹ ਚਿਤਰ ਵੇਖ ਕੇ ਕਾਮਲਤਾ ਨੂੰ ਸਮਝ ਆ ਗਈ ਕਿ ਧਨੰਤਰ ਤੇ ਚਾਤ੍ਰਰਮਨ, ਦੋਵੇਂ, ਕਾਮਰੂਪ ਦੇ ਸਾਥੀ ਹਨ। ਜਦੋਂ ਕਾਮਲਤਾ ਨੂੰ ਸਾਰੀ ਗੱਲ ਦਾ ਪਤਾ ਚਲਿਆ, ਤਾਂ ਉਸ ਨੇ

ਚਾਤੁਰਮਨ ਨੂੰ ਕਾਮਰੂਪ ਦੀ ਖੋਜ ਵਿਚ ਭੇਜਿਆ। ਚਾਤੁਰਮਨ ਕਈ ਥਾਈਂ ਭਟਕਦਾ ਹੋਇਆ, ਅਖ਼ੀਰ ਹਰਦੁਆਰ ਪੁਜਾ। ਪਰ ਉਥੇ ਵੀ ਉਸ ਨੂੰ ਨਿਰਾਸਤਾ ਦਾ ਮੂੰਹ ਵੇਖਣਾ ਪਿਆ। ਤੰਗ ਪੈ ਕੇ ਚਾਤੁਰਮਨ ਨੇ ਦਰਿਆ ਵਿਚ ਛਾਲ ਮਾਰ ਦਿੱਤੀ। ਪਰ ਕਾਮਰੂਪ ਦੇ ਸਾਥੀ, ਮਿਹਤਰ ਚੰਦ ਨੇ, ਉਹਨੂੰ ਡੁੱਬਣ ਤੋਂ ਬਚਾ ਲਿਆ ਅਤੇ ਇਸ ਤਰ੍ਹਾਂ ਚਾਤੁਰਮਨ ਦਾ ਮੇਲ ਕਾਮਰੂਪ ਨਾਲ ਹੋ ਗਿਆ। ਚਾਤੁਰਮਨ ਨੇ ਕਾਮਰੂਪ ਨੂੰ ਕਾਮਲਤਾ ਵਲੋਂ ਭੇਜੀ ਹੋਈ ਮੁੰਦਰੀ ਦਿੱਤੀ।

ਇਨ੍ਹੀਂ ਦਿਨੀਂ ਕਾਮਰੂਪ ਨੂੰ ਰੁਪਏ ਦੀ ਸਖ਼ਤ ਲੋੜ ਆ ਪਈ, ਉਸ ਨੇ ਆਪਣੇ ਕੋਲੋਂ ਨਾਲ ਬਚੇ ਲਾਲ ਨੂੰ, ਚਾਤੁਰਮਨ ਦੇ ਹੱਥ, ਹਰਦੁਆਰ ਦੇ ਇਕ ਜੌਹਰੀ, ਪ੍ਰਿਥੀਪਤ ਕੋਲ, ਵੇਚਣ ਲਈ ਭੇਜਿਆ। ਪ੍ਰਿਥੀਪਤ ਉਹ ਲਾਲ ਇਕ ਹੋਰ ਜੌਹਰੀ ਨਾਨਕ ਚੰਦ ਨੂੰ ਵਿਖਾਣ ਲਈ ਲੈ ਗਿਆ। ਨਾਨਕ ਚੰਦ ਨੇ ਚਾਤੁਰਮਨ ਨੂੰ ਪਛਾਣ ਲਿਆ। ਇਸ ਤਰ੍ਹਾਂ ਨਾਨਕ ਚੰਦ ਵੀ ਆਪਣੇ ਵਿਛੜੇ ਸਾਥੀਆਂ ਨੂੰ ਮਿਲ ਪਿਆ।

ਇਕ ਵਾਰ ਰਾਜੇ ਦੇ ਰੰਗ ਤਮਾਸ਼ੇ ਦੀ ਸਭਾ ਲਗੀ। ਕਾਮਰੂਪ ਵੀ ਉਸ ਸਭਾ ਵਿਚ ਮਨੋਰੰਜਨ ਲਈ ਗਿਆ। ਉਥੇ ਉਸ ਦਾ ਮੇਲ ਕਲੋਂਤ ਨਾਲ ਹੋ ਜਾਂਦਾ ਹੈ। ਇਸ ਤਰ੍ਹਾਂ ਪੁਰਾਣੇ ਵਿਛੜੇ ਸਾਰੇ ਸਾਥੀ ਮੁੜ ਇਕਠੇ ਹੋ ਜਾਂਦੇ ਹਨ।

ਇਨ੍ਹੀਂ ਦਿਨੀਂ, ਜਦੋਂ ਕਾਮਰੂਪ ਤੇ ਉਹਦੇ ਸਾਥੀ ਰਾਜੇ ਪ੍ਰਿਥੀਪਤ ਕੋਲ ਰਹਿ ਰਹੇ ਸਨ, ਤਾਂ ਜਗਨ ਨਾਥ ਦੇ ਰਾਜੇ ਝੱਜਰ ਸਿੰਘ ਨੇ ਧਾਵਾ ਬੋਲ ਦਿੱਤਾ। ਪਰ ਕਾਮਰੂਪ ਤੇ ਉਸ ਦੇ ਸਾਥੀ ਬੜੀ ਬਹਾਦਰੀ ਨਾਲ ਲੜਦੇ ਹੋਏ ਝੱਜਰ ਸਿੰਘ ਦੀ ਸੈਨਾ ਨੂੰ ਮਾਰ ਨਠਾਂਦੇ ਹਨ।

ਹੁਣ ਕਾਮਰੂਪ ਰਾਜੇ ਪ੍ਰਿਥੀਪਤ ਦੀ ਆਗਿਆ ਲੈ ਕੇ, ਸਾਥੀਆਂ ਸਮੇਤ ਸੰਗਲਾਦੀਪ ਰਵਾਨਾ ਹੁੰਦਾ ਹੈ। ਦਸ ਦਿਨਾਂ ਦਾ ਲੰਮਾ ਸਫ਼ਰ ਝਾਘ ਕੇ, ਉਹ ਸੰਗਲਾਦੀਪ ਪਹੁੰਚਦਾ ਹੈ। ਤੇ ਇਕ ਬਾਗ਼ ਵਿਚ ਜਾ ਡੇਰੇ ਜਮਾਂਦਾ ਹੈ। ਬਾਗ਼ ਵਿਚ ਹੀ, ਉਨ੍ਹਾਂ ਦਾ ਮੇਲ ਧਨੰਤਰ ਨਾਲ ਹੋ ਜਾਂਦਾ ਹੈ। ਧਨੰਤਰ ਕਾਮਲਤਾ ਦਾ ਇਲਾਜ ਨਹੀਂ ਕਰ ਸਕਿਆ, ਜਿਸ ਕਰਕੇ ਉਸ ਨੂੰ ਰਾਜੇ ਨੇ ਛੁੱਟੀ ਦੇ ਦਿੱਤੀ ਸੀ।

ਕਾਮਲਤਾ ਨੂੰ ਮਿਲਣ ਲਈ ਕਾਮਰੂਪ ਕੋਈ ਸਬੀਲ ਸੋਚਦਾ ਹੈ। ਉਹ ਵਿਦਿਆਚੰਦ ਪੰਡਤ ਦੇ ਪੈਰਾਂ ਵਿਚ, ਉਹਾ ਧਾਗਾ ਬੰਨ੍ਹ ਕੇ, ਉਸਨੂੰ ਫਿਰ ਤੋਤਾ ਬਣਾ ਦਿੰਦਾ ਹੈ। ਉਹ ਤੋਤਾ ਉਡਦਾ ਹੋਇਆ ਕਾਮਲਤਾ ਕੋਲ ਜਾ ਪਹੁੰਚਦਾ ਹੈ। ਕਾਮਲਤਾ ਉਸਨੂੰ ਫੜ ਕੇ ਖੇਡਣ ਲਗਦੀ ਹੈ ਤਾਂ ਉਸਦੀ ਨਜ਼ਰ ਤੋਤੇ ਦੇ ਪੈਰਾਂ ਵਿਚ ਬੱਧੇ ਨੀਲੇ ਧਾਗੇ ਤੇ ਜਾ ਪੈਂਦੀ ਹੈ। ਧਾਗਾ ਖੁੱਲ੍ਹਣ ਨਾਲ ਪੰਡਤ ਆਪਣੀ ਅਸਲੀ ਕਾਇਆ ਵਿਚ ਆ ਜਾਂਦਾ ਹੈ। ਪੰਡਤ ਕਾਮਲਤਾ ਨੂੰ ਕਾਮਰੂਪ ਦੇ ਆਉਣ ਬਾਰੇ ਦਸ ਪਾਉਂਦਾ ਹੈ।

ਉਧਰ ਰਾਜੇ ਨੇ ਕਾਮਲਤਾ ਦੇ ਸਵੰਬਰ ਦਾ ਫ਼ੈਸਲਾ ਕੀਤਾ। ਸਵੰਬਰ ਵਿਚ ਕੁਝ ਦਿਨ ਬਾਕੀ ਸਨ। ਨੀਲਾ ਧਾਗਾ ਪੈਰ ਨਾਲ ਬੰਨ੍ਹਣ ਕਰਕੇ, ਪੰਡਤ ਫਿਰ ਤੋਤਾ ਬਣ ਕੇ, ਉਡ ਜਾਂਦਾ ਹੈ ਅਤੇ ਕਾਮਲਤਾ ਦਾ ਸੁਨੇਹਾ ਕਾਮਰੂਪ ਨੂੰ ਜਾ ਪਹੁੰਚਾਂਦਾ ਹੈ। ਕਾਮਰੂਪ ਕਾਮਲਤਾ ਨੂੰ ਮੁੜ ਸੁਨੇਹਾ ਭੇਜਦਾ ਹੈ ਕਿ ਉਹ ਸਵੰਬਰ ਵਾਲੇ ਦਿਨ ਜੋਗੀ ਦੇ ਰੂਪ ਵਿਚ ਹਾਜ਼ਿਰ ਹੋਵੇਗਾ। ਉਸਦੇ ਸੱਜੇ ਪਾਸੇ ਧਨੰਤਰ ਵੈਦ ਅਤੇ ਖੱਬੇ ਵਲ ਸਮਿਤ ਬਚਨ ਤੇ ਕਲੋਂਤ ਹੋਣਗੇ ਅਤੇ ਉਸਦੇ ਹੱਥਾਂ ਵਿਚ ਤੋਤਾ ਹੋਵੇਗਾ।

ਸਵੰਬਰ ਵੇਲੇ ਕਾਮਲਤਾ, ਤੋਤੇ ਦੀਆਂ ਦਸੀਆਂ ਨਿਸ਼ਾਨੀਆਂ ਦੇ ਆਧਾਰ ਤੇ ਕਾਮਰੂਪ ਨੂੰ ਪਛਾਣ ਲੈਂਦੀ ਹੈ ਤੇ ਉਸ ਉਤੇ ਕੇਸਰ ਦਾ ਛੱਟਾ ਮਾਰਦੀ ਹੋਈ, ਉਸਦੇ ਗਲ ਵਿਚ ਫੁੱਲਾਂ ਦਾ ਹਾਰ ਪਾ ਦਿੰਦੀ ਹੈ। ਇਹ ਵੇਖ ਕੇ ਰਾਜਾ ਚਤਰਪਤੀ ਬੜਾ ਪਰੇਸ਼ਾਨ ਹੁੰਦਾ ਹੈ। ਉਹ ਸਮਝਦਾ ਹੈ ਕਿ ਅੱਧ-ਸੁਰਤੀ ਦੀ ਹਾਲਤ ਵਿਚ ਕਾਮਲਤਾ ਨੇ ਕਾਮਰੂਪ ਦੇ ਗਲ ਵਿਚ ਹਾਰ ਪਹਿਣਾ ਦਿਤਾ ਹੈ।

ਰਾਜੇ ਨੇ ਇਹ ਰਿਸ਼ਤਾ ਪ੍ਰਵਾਨ ਨਾ ਕੀਤਾ ਤੇ ਦੂਜੀ ਵਾਰ ਕਾਮਲਤਾ ਨੂੰ ਹਾਰ ਪਾਉਣ ਲਈ ਕਿਹਾ। ਦੂਜੀ ਵਾਰ ਵੀ ਕਾਮਲਤਾ ਨੇ ਕਾਮਰੂਪ ਦੇ ਕੰਠ ਵਿਚ ਹਾਰ ਪਹਿਣਾ ਦਿਤਾ। ਤਾਂ ਵੀ ਗੱਲ ਨਾ ਬਣੀ। ਫਿਰ, ਤੀਜੀ ਵਾਰ ਕਾਮਲਤਾ ਨੂੰ ਚੋਣ ਕਰਨ ਲਈ ਕਿਹਾ ਗਿਆ। ਐਤਕੀਂ ਵੀ ਉਸਨੇ ਉਹੋ ਕੁਝ ਕੀਤਾ।

ਇਸ 'ਤੇ ਰਾਜਾ ਬੜੇ ਕਰੋਧ ਵਿਚ ਆ ਗਿਆ ਤੇ ਜੋਗੀ ਦੇ ਰੂਪ ਵਿਚ ਉਥੇ ਬੈਠੇ ਕਾਮਰੂਪ ਨੂੰ ਇਕ ਖੂਹ ਜਿਹੇ ਵਿਚ ਕੈਦ ਕਰ ਦਿਤਾ ਅਤੇ ਕਾਮਲਤਾ ਨੂੰ ਸਖੀਆਂ ਸਮੇਤ, ਮਹਿਲ ਦੇ ਇਕ ਕਮਰੇ ਵਿਚ ਬੰਦ ਕਰ ਦਿਤਾ।

ਕਾਮਰੂਪ ਕੋਲ ਹਦਮ ਦਿਓ ਦਾ ਇਕ ਵਾਲ ਸੀ, ਜੋ ਦਿਓ ਨੇ ਮਿਹਤਰ ਚੰਦ ਨੂੰ ਦਿਤਾ ਸੀ। ਉਹ ਵਾਲ ਮਿਹਤਰ ਚੰਦ ਨੇ ਅਗੋਂ ਕਾਮਰੂਪ ਨੂੰ ਦੇ ਦਿਤਾ ਸੀ। ਉਸ ਵਾਲ ਦੇ ਧੁਖਾਣ ਨਾਲ ਹਦਮ ਦਿਓ ਫ਼ੌਰਨ ਹਾਜ਼ਿਰ ਹੋ ਗਿਆ ਅਤੇ ਕਾਮਰੂਪ ਨੂੰ ਖੂਹ ਵਿਚੋਂ ਬਾਹਰ ਕਢ ਕੇ, ਉਸਨੂੰ ਦੋ ਸੌ ਕੋਹ ਦੂਰ ਲੈ ਗਿਆ। ਦਿਓ ਦੀ ਮਦਦ ਨਾਲ ਇਕ ਵਡਾ ਲਸ਼ਕਰ ਇਕੱਠਾ ਕਰ ਕੇ ਸੰਗਲਾਦੀਪ 'ਤੇ ਧਾਵਾ ਬੋਲਿਆ। ਲਸ਼ਕਰ ਦੇ ਖ਼ਰਚੇ ਦਾ ਬੋਝ ਉਠਾਣ ਲਈ ਕਾਮਰੂਪ ਪਾਰਸ ਪੱਥਰ ਦੀ ਮਦਦ ਨਾਲ, ਲੋਹੇ ਦਾ ਸੋਨਾ ਬਣਾ ਕੇ ਬਾਜ਼ਾਰ ਵਿਚ ਵੇਚਦਾ ਹੈ।

ਅਖ਼ੀਰ ਲੜਾਈ ਵਿਚ, ਰਾਜਾ ਚਤਰਪਤੀ ਹਾਰ ਜਾਂਦਾ ਹੈ। ਕਾਮਰੂਪ ਰਾਜੇ ਚਤਰਪਤੀ ਦੇ ਅਗੇ ਆਪਣੀ ਅਸਲੀਅਤ ਪ੍ਰਗਟ ਕਰਦੇ ਹੋਏ ਕਹਿੰਦਾ ਹੈ ਕਿ ਜਿਸ ਜੋਗੀ ਨੂੰ ਤੂੰ ਖੂਹ ਵਿਚ ਕੈਦ ਕੀਤਾ ਸੀ, ਉਹ ਮੈਂ ਹੀ ਹਾਂ, ਅਵਧ ਦੇ ਰਾਜੇ

ਰਜਪਤੀ ਦਾ ਲੜਕਾ। ਇਹ ਗੱਲ ਜਾਣ ਕੇ ਰਾਜਾ ਚਤਰੰਪਤੀ ਬੜਾ ਖ਼ੁਸ਼ ਹੁੰਦਾ ਹੈ ਤੇ ਕਾਮਲਤਾ ਦਾ ਵਿਆਹ ਕਾਮਰੂਪ ਨਾਲ ਕਰ ਦਿੰਦਾ ਹੈ। ਕਾਮਰੂਪ ਦੇ ਬਾਕੀ ਸਾਥੀ ਵੀ ਆਪਣੇ ਕਿੱਤੇ ਤੇ ਉਮਰ ਅਨੁਸਾਰ ਕਾਮਲਤਾ ਦੀਆਂ ਸਖੀਆਂ ਜਾਂ ਸੰਗਲਾਦੀਪ ਦੀਆਂ ਮੁਟਿਆਰਾਂ ਨਾਲ ਵਿਆਹ ਕਰਵਾ ਲੈਂਦੇ ਹਨ।

ਲੋਕ-ਕਹਾਣੀਆਂ ਦੀਆਂ ਅਨੇਕਾਂ ਰੂੜ੍ਹੀਆਂ ਦਾ ਇਸ ਕਥਾ ਵਿਚ ਭਰਪੂਰ ਸੁਮੇਲ ਹੈ, ਪੰਜਾਬੀ ਸਭਿਆਚਾਰ ਨਾਲ ਘਟ ਜੁੜਿਆ ਹੋਇਆ ਹੋਣ ਕਰਕੇ ਇਹ ਕਿੱਸਾ ਬਹੁਤਾ ਪ੍ਰਚਲਤ ਨਹੀਂ ਹੋ ਸਕਿਆ।

(ਕ-247) **ਕਾਮਰੂਪ ਦੇਸ਼** :

ਆਸਾਮ ਦੇ ਪੱਛਮੀ ਖੇਤਰ ਵਿਚ, ਇਕ ਇਲਾਕਾ। ਮੱਧ-ਕਾਲ ਵਿਚ, ਕਾਮਰੂਪ ਨਗਰ ਜੰਤਰ-ਮੰਤਰ ਅਤੇ ਜਾਦੂ-ਟੂਣੇ ਲਈ ਬੜਾ ਪ੍ਰਸਿਧ ਸੀ। ਪੰਜਾਬ ਵਿਚ ਇਸ ਦੇਸ ਬਾਰੇ ਬੜੀਆਂ ਅਲੌਕਿਕ ਤੇ ਵਚਿਤ੍ਰ ਕਥਾ-ਕਹਾਣੀਆਂ ਪ੍ਰਚਲਤ ਹਨ। ਰਵਾਇਤ ਹੈ ਕਿ ਪਹਿਲੇ ਵੇਲਿਆਂ ਵਿਚ, ਇਥੋਂ ਦੀਆਂ ਤੀਵੀਆਂ, ਇਧਰੋਂ ਲੰਘਦੇ ਮੁਸਾਫ਼ਰਾਂ ਨੂੰ ਮੇਢਾ ਜਾਂ ਕੋਈ ਹੋਰ ਜਨੌਰ ਬਣਾ ਕੇ, ਕਿੱਲੇ ਨਾਲ ਬੰਨ੍ਹ ਦਿਤਾ ਕਰਦੀਆਂ ਸਨ ਅਤੇ ਰਾਤ ਵੇਲੇ, ਫਿਰ ਮਰਦ ਬਣਾ ਕੇ ਉਹਨੂੰ ਭੋਗਦੀਆਂ ਸਨ। ਇਕ ਪੰਜਾਬੀ ਗੀਤ ਵਿਚ, ਇਕ ਪਤਨੀ ਆਪਣੇ ਕੰਤ ਨੂੰ ਕਾਮਰੂਪ ਦੇ ਦੇਸ਼ ਨੂੰ ਜਾਣ ਤੋਂ ਵਰਜਦੀ ਹੋਈ ਕਹਿੰਦੀ ਹੈ :

ਕਾਮਰੂਪ ਨਾ ਜਾਈਂ ਵੇ ਢੋਲਾ !
ਉਥੋਂ ਦੀਆਂ ਨਾਰੀਆਂ, ਕਾਮਣਹਾਰੀਆਂ;
ਭੇਡੂ ਲੈਣ ਬਣਾ, ਵੇ ਮੈਂ ਵਾਰੀ ਲਾਲ।
ਵੇ ਕਰ ਲੈ ਖੇਤੀ ਸਾਬਰੀ
ਨਾ ਕਰੀਂ ਨਾਬਰੀ।
ਤੇ ਘਰ ਵਿਚ ਬਹਿ ਕੇ ਖਾਹ ਵੇ, ਮੈਂ ਵਾਰੀ ਲਾਲ।

ਜਨਮ-ਸਾਖੀਆਂ ਵਿਚ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਮਰਦਾਨੇ ਨਾਲ ਕਾਮਰੂਪ ਗਏ ਤਾਂ ਸ਼ਹਿਰ ਵਿਚ, ਖਾਣ ਵਾਸਤੇ ਸਾਮਗਰੀ ਲੈਣ ਗਏ ਮਰਦਾਨੇ ਨੂੰ ਉਥੋਂ ਦੀਆਂ ਨਾਰੀਆਂ ਨੇ ਭੇਡੂ ਬਣਾ ਕੇ ਕਿੱਲੇ ਨਾਲ ਬੰਨ੍ਹ ਦਿਤਾ। ਜਦੋਂ ਗੁਰੂ ਨਾਨਕ ਦੇਵ, ਮਰਦਾਨੇ ਨੂੰ ਢੂੰਡਣ ਗਏ ਤਾਂ ਤੀਵੀਆਂ ਨੇ ਉਨ੍ਹਾਂ 'ਤੇ ਵੀ ਜਾਦੂ ਟੂਣੇ ਕੀਤੇ। ਪਰ ਗੁਰੂ ਸਾਹਿਬ ਦੀ ਆਤਮਿਕ ਸ਼ਕਤੀ ਸਾਹਮਣੇ ਉਨ੍ਹਾਂ ਦੇ ਜਾਦੂ ਦੀ ਪੇਸ਼ ਨਾ ਗਈ।

ਕਾਮਰੂਪ ਬਾਰੇ ਅਜਿਹੀਆਂ ਕਥਾ-ਕਹਾਣੀਆਂ ਪ੍ਰਚਲਤ ਹੋਣ ਦੇ ਕਈ ਕਾਰਨ ਹਨ। ਇਕ ਤਾਂ ਇਥੋਂ ਦੇ ਲੋਕ ਸ਼ਾਕਤ ਮਤ ਦੇ ਧਾਰਨੀ ਸਨ - ਅਤੇ ਕਾਮਾਖਿਆ ਦੇਵੀ ਦੀ ਪੂਜਾ ਕਰਕੇ ਉਸਨੂੰ ਮਨੁੱਖੀ ਬਲੀ ਚੜ੍ਹਾਣ ਦੀ ਪਰੰਪਰਾ ਸੀ। ਇਥੇ ਕਾਮਾਖਿਆ ਦੇਵੀ ਦਾ ਇਕ ਪ੍ਰਸਿਧ ਮੰਦਰ ਹੈ। ਕਾਮਾਖਿਆ ਦੇਵੀ ਦੁਰਗਾ ਦੇਵੀ ਦਾ ਹੀ ਇਕ ਰੂਪ ਹੈ। ਇਸ ਤੀਰਥ ਦਾ ਵਰਨਣ ਕਾਲਿਕਾ ਪੁਰਾਣ ਵਿਚ ਮਿਲਦਾ ਹੈ। ਦੂਜਾ, ਇਹ ਕਬੀਲੇ ਤੰਤਰ-ਵਿਦਿਆ ਵਿਚ ਬੜੇ ਨਿਪੁੰਨ ਸਨ। ਤੀਜਾ, ਕਾਮਰੂਪ ਵਿਚ ਜੋ ਕਬੀਲੇ ਵਸਦੇ ਸਨ, ਉਨ੍ਹਾਂ ਵਿਚ ਮਾਤ੍ਰ ਪ੍ਰਧਾਨ ਸਮਾਜ ਦੀ ਪਰੰਪਰਾ ਸੀ, ਜਿਸ ਵਿਚ ਕੁੱਲ ਦੀ ਵਡਿਕੀ ਔਰਤ ਹੁੰਦੀ ਹੈ। ਇਨ੍ਹਾਂ ਕਾਰਨਾਂ ਕਰ ਕੇ ਇਥੇ ਤੀਵੀਆਂ ਦੇ ਰਾਜ ਦਾ ਭਰਮ ਸਿਰਜ ਲਿਆ ਗਿਆ।

ਪੁਰਾਣਾਂ ਤੇ ਮਹਾਂਭਾਰਤ ਵਿਚ, ਇਸ ਪ੍ਰਦੇਸ਼ ਦਾ ਨਾਂ ਪ੍ਰਾਗਜੋਤਿਸ਼ ਲਿਖਿਆ ਮਿਲਦਾ ਹੈ। ਮਹਾਂਭਾਰਤ ਵਿਚ ਤਾਂ ਨਾਰੀ ਰਾਜ ਸਥਾਪਿਤ ਹੋਣ ਬਾਰੇ ਸੰਕੇਤ ਵੀ ਹੈ। 643 ਈ: 'ਚ ਜਦੋਂ ਚੀਨੀ ਯਾਤ੍ਰੀ ਹਿਊਨਸਾਂਗ ਇਸ ਇਲਾਕੇ 'ਚ ਆਇਆ ਤਾਂ ਇਹਦਾ ਨਾਂ ਕਾਮਰੂਪ ਪ੍ਰਚਲਤ ਹੋ ਚੁਕਾ ਸੀ। ਸੰਭਵ ਹੈ ਕਿ ਮਹਾਂਭਾਰਤ ਯੁਗ ਤਕ ਇਸ ਖੇਤਰ ਦਾ ਪੁਰਾਣਾ ਨਾਂ ਪ੍ਰਾਗਜੋਤਿਸ਼ ਹੀ ਪ੍ਰਚਲਤ ਰਿਹਾ ਹੋਵੇ, ਜੋ ਮਗਰੋਂ ਹੌਲੇ ਹੌਲੇ ਕਾਮਾਖਿਆ ਦੇਵੀ ਦੀ ਪੂਜਾ ਦੀ ਪ੍ਰਧਾਨਤਾ ਸਦਕਾ, ਕਾਮਰੂਪ ਪ੍ਰਚਲਤ ਹੋ ਗਿਆ ਹੋਵੇ।

ਪੁਰਾਣਾਂ ਤੇ ਤੰਤਰਾਂ ਵਿਚ ਕਾਮਰੂਪ ਦਾ ਜ਼ਿਕਰ ਆਉਂਦਾ ਹੈ। ਪੁਰਾਣਾਂ ਅਨੁਸਾਰ ਇਸ ਨਗਰ ਦੀ ਸਥਾਪਨਾ ਨਰਕਾਸੁਰ ਨਾਂ ਦੇ ਪ੍ਰਤਾਪੀ ਪੌਰਾਣਿਕ ਰਾਜੇ ਨੇ ਕੀਤੀ। ਉਸਨੇ ਅਟਕਾਸੁਰ ਨਾਂ ਦੇ ਸ਼ਕਤੀਸ਼ਾਲੀ ਕਿਰਾਤ ਰਾਜੇ ਨੂੰ ਹਰਾ ਕੇ, ਉਸਦਾ ਬੱਧ ਕੀਤਾ, ਤੇ ਫਿਰ ਆਪਣਾ ਰਾਜ ਸਥਾਪਿਤ ਕੀਤਾ। ਪੁਰਾਣਾਂ ਅਨੁਸਾਰ ਨਰਕਾਸੁਰ ਨੇ ਪ੍ਰਾਗਜੋਤਿਸ਼ ਪੁਰ (ਗੁਹਾਟੀ) ਵਿਚ ਰਾਜਧਾਨੀ ਕਾਇਮ ਕਰਨ ਦੇ ਬਾਅਦ, ਕਾਮਾਖਿਆ ਵਿਚ ਭਾਰੀ ਗਿਣਤੀ ਵਿਚ ਬ੍ਰਾਹਮਣਾਂ ਨੂੰ ਵਸਾਇਆ। ਵਿਸ਼ਨੂੰ ਦੀ ਨਰਕਾਸੁਰ ਉਤੇ ਕ੍ਰਿਪਾ ਦ੍ਰਿਸ਼ਟੀ ਸੀ ਅਤੇ ਉਨ੍ਹਾਂ ਨੇ ਹੀ ਨਰਕਾਸੁਰ ਨੂੰ ਕਾਮਾਖਿਆ ਦੀ ਉਪਾਸਨਾ ਲਈ ਪ੍ਰੇਰਿਆ ਸੀ, ਪਰ ਬਾਅਦ ਵਿਚ ਨਰਕਾਸੁਰ ਦੁਰਾਚਾਰੀ ਹੋ ਗਿਆ ਅਤੇ ਉਸਨੇ ਕਾਮਾਖਿਆ ਦੇਵੀ ਨੂੰ ਆਪਣੀ ਪਤਨੀ ਬਣਾਉਣਾ ਚਾਹਿਆ, ਤਾਂ ਕ੍ਰਿਸ਼ਨ ਨੇ ਨਰਕਾਸੁਰ ਨੂੰ ਦੰਡ ਦੇਣ ਲਈ ਉਹਦੀ ਨਗਰੀ ਤੇ ਹੱਲਾ ਬੋਲਿਆ ਤੇ ਨਰਕਾਸੁਰ ਦਾ ਬੱਧ ਕੀਤਾ।

(ਕ-248) **ਕਾਮਲੋਂ ਦੀ ਜੈ ਦਿਆ** :

ਕਾਂਗੜੇ ਦੇ ਇਲਾਕੇ ਵਿਚ 'ਕਾਮਲੋਂ ਦੀ ਜੈ ਦਿਆ' ਬੜਾ ਪ੍ਰਸਿਧ ਜੈਕਾਰਾ ਹੈ। ਇਕ ਦੰਦ-ਕਥਾ ਅਨੁਸਾਰ ਜਦੋਂ ਕਾਂਗੜੇ ਦਾ ਪ੍ਰਸਿਧ ਰਾਜਾ ਸੰਸਾਰ ਚੰਦ (1760-1850) ਕਾਂਗੜੇ ਦਾ ਕਿਲ੍ਹਾ ਹਾਰ ਬੈਠਾ ਤਾਂ ਉਹ ਮਾਯੂਸ ਹੋ ਕੇ

ਆਪਣੀ ਗੱਦਣ ਰਾਣੀ ਅਤੇ ਪ੍ਰੇਮਕਾ ਜਮਾਲੋ ਦੇ ਨਾਲ ਅੰਮਤਰ ਦੇ ਮਹਿਲਾਂ ਵਿਚ ਜਾ ਵਸਿਆ। ਤਾਂ ਉਸ ਨੇ ਦਰਬਾਰੀਆਂ ਨੂੰ ਹੁਕਮ ਦਿੱਤਾ ਕਿ ਹੁਣ ਉਹ ਉਸ ਨੂੰ ਰਸਮੀ ਗੱਲਾਂ ਲਈ ਬਹੁਤਾ ਤੰਗ ਨਾ ਕੀਤਾ ਕਰਨ। ਮਹਿਲ ਦੇ ਬਾਹਰ ਇਕ ਕਾਮਲ ਦਾ ਦਰਖਤ ਸੀ। ਸੰਸਾਰ ਚੰਦ ਨੇ ਆਦੇਸ਼ ਦਿੱਤਾ ਕਿ ਉਸ ਦੇ ਦਰਬਾਰੀ, ਅਧਿਕਾਰੀ ਤੇ ਹੋਰ ਲੋਕ ਇਸੇ ਕਾਮਲ ਬ੍ਰਿੱਛ ਨੂੰ ਹੀ "ਜੈ ਦਿਆ" ਕਰਕੇ ਪਰਤ ਜਾਇਆ ਕਰਨ। ਉਦੋਂ ਤੋਂ 'ਕਾਮਲ ਦੀ ਜੈ ਦਿਆ' ਜੈਕਾਰਾ ਪ੍ਰਚਲਤ ਹੋ ਗਿਆ।

(ਕ-249) **ਕਾਮ ਵਾਸ਼ਨਾ :**

ਲੋਕਧਾਰਨਾ ਅਨੁਸਾਰ ਸੰਸਾਰ ਵਿਚ ਕਾਮ ਦਾ ਆਰੰਭ ਚੰਦਰਮੇ ਤੋਂ ਹੋਇਆ। ਚੰਦਰਮੇ ਦੇ ਪੈਦਾ ਹੋਣ ਤੋਂ ਪਹਿਲਾਂ ਸੰਸਾਰ ਵਿਚ ਨਰ ਤੇ ਮਾਦਾ ਇਕ ਦੂਜੇ ਵਾਸਤੇ ਕੋਈ ਖਿਚ ਨਹੀਂ ਸਨ ਰਖਦੇ।

ਦਸਮ ਗ੍ਰੰਥ ਵਿਚ 'ਚੌਬੀਸ ਅਵਤਾਰ' ਦੇ ਸਿਰਲੇਖ ਹੇਠ, ਚੰਦਰਮੇ ਦੇ ਉਦੇ ਹੁੰਦੇ ਨਾਲ ਕਾਮ ਵਾਸ਼ਨਾ ਦੇ ਜਾਗ੍ਰਿਤ ਹੋਣ ਦੀ ਕਥਾ ਵਿਸਥਾਰ ਨਾਲ ਮਿਲਦੀ ਹੈ। ਚੰਦਰਮੇ ਦੇ ਅਵਤਾਰ ਧਾਰਨ ਤੋਂ ਪਹਿਲਾਂ ਇਸਤ੍ਰੀ ਮਰਦ ਇਕ ਦੂਜੇ ਦੀ ਉਕੋ ਪਰਵਾਹ ਨਹੀਂ ਸਨ ਕਰਦੇ, ਉਨ੍ਹਾਂ ਵਿਚ ਕਾਮ ਨਹੀਂ ਸੀ ਜਾਗਦਾ :

ਪੂਜੇ ਨਾ ਕੋ ਤ੍ਰੀਯਾ ਨਾਥ
ਐਂਠੀ ਫਿਰੇ ਜੀਆ ਸਾਥ
ਦੁਖਾਵੈ ਨਾ ਤਿਤ ਕਿਹ ਕਾਮ
ਤਾਤੇ ਨਾ ਬਿਨਵਤ ਥਾਮ।

ਤੇ ਚੰਦਰਮੇ ਦੇ ਉਦੇ ਹੋਣ ਨਾਲ :

ਤਾਂਤੇ ਭਈ ਤ੍ਰੀਯਾ ਚੀਨ
ਸਭ ਗਰਬ ਗਯੋ ਛੀਨ
ਲਗੀ ਕਰਨ ਪਤਿ ਸੇਵਾ
ਯਾ ਤੇ ਪ੍ਰਸੰਨ ਭਏ ਦੇਵਾ।

ਇਕ ਹੋਰ ਮਿੱਥਕ ਕਥਾ ਅਨੁਸਾਰ ਕਾਮ ਵਾਸਨਾ ਦੀ ਬਿਰਤੀ ਦਾ ਮੁੱਢ ਪ੍ਰਜਾਪਤੀ ਤੋਂ ਬਝਿਆ। ਪੁਰਾਣਾਂ ਅਨੁਸਾਰ ਪ੍ਰਜਾਪਤੀ ਪਹਿਲਾਂ ਇਕਲਾ ਸੀ। ਉਸ ਨੇ ਆਪਣੇ ਜਿਸਮ ਦੇ ਦੋ ਹਿੱਸੇ ਕੀਤੇ। ਸੱਜੇ ਵਿਚੋਂ ਪੁਰਸ਼ ਅਤੇ ਖੱਬੇ ਵਿਚੋਂ ਇਸਤ੍ਰੀ ਉਤਪੰਨ ਹੋਈ ਤੇ ਦੋਹਾਂ ਦੇ ਜਿਨਸੀ ਭੋਗ ਦੁਆਰਾ ਸੰਸਾਰ ਦੀ ਉਤਪਤੀ ਹੋਈ।

ਪ੍ਰਾਣੀ ਦੇ ਅੰਦਰ ਜਿਨਸੀ ਭਾਵਨਾ ਸ੍ਰਿਸ਼ਟੀ ਦੀ ਰਚਨਾ ਤੇ ਵਿਕਾਸ ਲਈ ਸੁਭਾਵਿਕ ਮੰਨੀ ਗਈ ਹੈ। ਮਰਯਾਦਾ ਤੇ ਜਬਤ ਵਿਚ ਇਸ ਰੂਪ ਨੂੰ ਪਵਿਤ੍ਰ ਮੰਨਿਆ ਗਿਆ ਹੈ। ਇਸ ਲਈ ਕਾਮ ਮਨੁੱਖ ਦੀਆਂ ਚਾਰ ਬੁਨਿਆਦੀ ਲੋੜਾਂ—ਕਾਮ, ਅਰਥ, ਮੋਖ ਵਿਚੋਂ ਇਕ ਹੈ।

(ਕ-250) **ਕਾਨਾ :**

ਕਾਨੇ ਦੀ ਕਲਮ ਬਣਾਈ ਜਾਂਦੀ ਹੈ, ਇਸ ਬਾਰੇ ਇਕ ਮਿੱਥ ਇਉਂ ਪ੍ਰਚਲਤ ਹੈ—ਇਕ ਵਾਰ ਸਰਸਵਤੀ ਦੇਵੀ ਕਲਾ ਦੀ ਸਿਰਜਨਾ ਵਿਚ ਸਾਰਾ ਦਿਨ ਰੁਝੀ ਰਹੀ। ਤ੍ਰਿਕਾਲਾਂ ਵੇਲੇ ਉਹਦੇ ਮੁੜ੍ਹਕੇ ਦੀਆਂ ਧਾਰੀਆਂ ਚੋ ਚੋ ਕੇ ਡਿਗਣ ਲਗੀਆਂ। ਜਿਥੇ ਜਿਥੇ ਉਹਦਾ ਮੁੜ੍ਹਕਾ ਡਿਗਿਆ ਉਥੇ ਉਥੇ ਕਾਨੇ ਉਗ ਪਏ। ਇਸੇ ਲਈ ਕਾਨੇ ਦੀ ਕਲਮ ਉਤੇ ਸਰਸਵਤੀ ਦੀ ਬਖਸ਼ਿਸ਼ ਮੰਨੀ ਗਈ ਹੈ।

ਚੇਲੇ ਰੋਗਾਂ ਨੂੰ ਨਿਵਾਰਨ ਲਈ ਮੰਤਰ ਪੜ੍ਹਨ ਵੇਲੇ ਕਾਨੇ ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ ਮੰਤਰ ਸਹਿਜ ਭਾਵ ਵਿਚ ਰੋਗੀ ਦੇ ਜਿਸਮ ਦੀ ਰਗ ਰਗ ਵਿਚ, ਅਦ੍ਰਿਸ਼ਟ ਰੂਪ ਵਿਚ ਲਿਖਿਆ ਜਾਂਦਾ ਹੈ ਤੇ ਉਹਦਾ ਅਸਰ ਵੱਧ ਜਾਂਦਾ ਹੈ।

(ਕ-251) **ਕਾਰ :**

ਇਕ ਰੇਖਾ ਜਾਂ ਚੱਕਰ, ਜੋ ਕਿਸੇ ਪ੍ਰਾਣੀ ਜਾਂ ਵਸਤੂ ਦੇ ਆਲੇ ਦੁਆਲੇ, ਮੰਤ੍ਰ ਪੜ੍ਹ ਕੇ ਵਾਹ ਦਿੱਤਾ ਜਾਂਦਾ ਹੈ। ਨਿਸਚੇ ਅਨੁਸਾਰ ਭੂਤ ਪ੍ਰੇਤ ਤੇ ਚੰਦਰੀਆਂ ਸ਼ਕਤੀਆਂ ਇਸ ਕਾਰ ਨੂੰ ਉਲੰਘ ਨਹੀਂ ਸਕਦੀਆਂ। ਟੂਣੇ ਟੱਪੇ ਤੇ ਜਾਦੂ ਕਰਨ ਵਾਲੇ ਚੇਲੇ ਵੀ, ਕਾਰ ਦੀ ਵਰਤੋਂ ਕਰਦੇ ਹਨ ਤੇ ਆਪਣੇ ਆਲੇ ਦੁਆਲੇ ਚਾਕੂ ਨਾਲ ਇਕ ਚੱਕਰ ਵਾਹ ਲੈਂਦੇ ਹਨ; ਇਸ ਤਰ੍ਹਾਂ ਬਦਰੂਹਾਂ, ਚੇਲੇ ਉਤੇ ਕੋਈ ਮੰਦਾ ਪ੍ਰਭਾਵ ਨਹੀਂ ਪਾ ਸਕਦੀਆਂ।

ਪੰਜਾਬ ਵਿਚ ਜਦੋਂ ਗਾਹ ਗਾਹਣ ਮਗਰੋਂ ਅੰਨ ਤਿਆਰ ਹੋ ਜਾਂਦਾ ਹੈ ਤਾਂ ਤੋਲਣ ਤੋਂ ਪਹਿਲਾਂ ਅੰਨ ਦੇ ਦੁਆਲੇ ਕਾਰ (ਚੱਕਰ) ਜਿਹੀ ਵਾਹ ਦਿੱਤੀ ਜਾਂਦੀ, ਤਾਂ ਜੋ ਅੰਨ ਵਿਚ ਕੋਈ ਪ੍ਰੇਤਾਤਮਾ ਦਾਖਲ ਹੋ ਕੇ, ਅੰਨ ਨੂੰ ਨੁਕਸਾਨ ਨਾ ਪਹੁੰਚਾ ਦੇਵੇ।

ਰਾਮਾਇਣ ਅਨੁਸਾਰ ਜਦੋਂ ਰਾਮ ਤੇ ਲਛਮਣ ਸ਼ਿਕਾਰ ਖੇਡਣ ਲਈ ਜਾਂਦੇ ਤਾਂ ਮਗਰੋਂ ਸੀਤਾ ਦੀ ਰਾਖੀ ਵਾਸਤੇ ਕੁਟੀਆ ਦੇ ਦੁਆਲੇ ਇਕ ਕਾਰ ਵਾਹ ਜਾਂਦੇ ਸਨ। ਇਸ ਕਾਰ ਨੂੰ ਕੋਈ ਪ੍ਰਾਣੀ ਬਿਨਾਂ ਆਪਣੀ ਜਾਨ ਖਤਰੇ ਵਿਚ ਪਾਏ ਦੇ ਨਹੀਂ ਸੀ ਉਲੰਘ ਸਕਦਾ। ਜਦੋਂ ਲਛਮਣ, ਰਾਮ ਦੀ ਪੀੜਤ ਆਵਾਜ਼ਾਂ ਸੁਣ ਕੇ ਉਨ੍ਹਾਂ ਦੇ ਪਿਛੇ ਗਿਆ ਸੀ ਤਾਂ ਉਹ ਸੀਤਾ ਦੀ ਕੁਟੀਆ ਦੇ ਬਾਹਰ ਇਕ ਕਾਰ ਵਾਹ ਗਿਆ ਸੀ, ਜਿਸਨੂੰ ਲਛਮਣ ਰੇਖਾ ਵੀ ਕਿਹਾ ਜਾਂਦਾ ਹੈ। ਰਾਵਣ ਸੀਤਾ ਨੂੰ ਜੋਗੀ ਦਾ ਭੇਸ ਧਾਰ ਕੇ ਉਧਾਲਣ ਲਈ ਆਇਆ ਤਾਂ ਰਾਵਣ ਨੂੰ ਪਤਾ ਸੀ ਕਿ ਉਹ ਲਛਮਣ ਦੀ

ਵਾਹੀ ਕਾਰ ਨਹੀਂ ਉਲੰਘ ਸਕਦਾ, ਸੋ ਉਸ ਨੇ ਸੀਤਾ ਨੂੰ ਕਾਰ ਤੋਂ ਬਾਹਰ ਆ ਕੇ ਭਿਖਿਆ ਪਾਉਣ ਲਈ ਕਿਹਾ ਤੇ ਭਿਖਿਆ ਪਾਉਣ ਲਗੀ ਸੀਤਾ ਨੂੰ ਰਾਵਣ ਚੁਕ ਕੇ ਲੈ ਗਿਆ (ਵੇਖੋ : ਲਛਮਣ ਰੇਖਾ)।

(ਕ-252) **ਕਾਰਕਾ** :

ਡੋਗਰੀ ਪੰਜਾਬੀ ਦਾ ਇਕ ਪ੍ਰਸਿਧ ਕਾਵਿ ਰੂਪ; ਕਾਰਕਾਂ ਵਿਚ ਉਨ੍ਹਾਂ ਸ਼ਹੀਦਾਂ ਦਾ ਜਸ ਤੇ ਕੀਰਤੀ ਹੁੰਦੀ ਹੈ, ਜਿਨ੍ਹਾਂ ਨੇ ਦਇਆ ਧਰਮ ਦੇ ਨਾਂ ਤੇ ਆਪਣੀ ਜਾਨ ਕੁਰਬਾਨ ਕੀਤੀ ਹੋਵੇ। ਕਈ ਕਾਰਕਾ ਉਨ੍ਹਾਂ ਜੋਗੀਆਂ ਤੇ ਮਹਾਂਪੁਰਸ਼ਾਂ ਦੀ ਮਹਿਮਾ ਵਿਚ ਵੀ ਹਨ, ਜਿਨ੍ਹਾਂ ਨੇ ਅਲੋਕਿਕ ਚਮਤਕਾਰ ਵਿਖਾਏ।

ਕਾਰਕਾਂ ਇਕ ਤਰ੍ਹਾਂ ਦੀਆਂ ਵਾਰਾਂ ਹੀ ਹਨ। ਫ਼ਰਕ ਸਿਰਫ਼ ਇਤਨਾ ਹੈ ਕਿ ਵਾਰਾਂ ਵਿਚ ਦੇਸ਼ ਦੇ ਰਖਿਅਕਾਂ ਜਾਂ ਜ਼ੁਲਮ ਅਤਿਆਚਾਰ ਵਿਰੁਧ ਲੜਨ ਵਾਲੇ ਕਿਸੇ ਸੂਰਮੇ ਜਾਂ ਸ਼ਹੀਦ ਦੀ ਮਹਿਮਾ ਹੁੰਦੀ ਹੈ, ਪਰ ਕਾਰਕਾਂ ਵਿਚ ਮਾਨਵਤਾ ਜਾਂ ਨੈਤਿਕਤਾ ਲਈ ਕੁਰਬਾਨ ਹੋਣ ਵਾਲੇ ਪ੍ਰਾਣੀ ਦੀ।

ਕਾਰਕਾਂ ਨੂੰ ਜਿਆਦਾਤਰ ਜੋਗੀ ਜਾਂ ਦਰਵੇਸ਼ ਗਾਇਆ ਕਰਦੇ ਹਨ। ਜੋ ਬਹੁਤੇ ਮੁਸਲਮਾਨ ਹੁੰਦੇ ਹਨ। ਇਹ ਲੋਕ ਬੂਹਿਆਂ ਅਗੇ ਕਾਰਕਾਂ ਗਾ ਕੇ ਅਤੇ ਭਿਖਿਆ ਮੰਗ ਕੇ, ਆਪਣਾ ਗੁਜ਼ਾਰਾ ਤੋਰਦੇ ਹਨ। ਕਈ ਕਾਰਕਾ ਤਾਂ ਇਤਨੀਆਂ ਲੰਮੀਆਂ ਹੁੰਦੀਆਂ ਹਨ ਕਿ ਸਾਰੀ ਸਾਰੀ ਰਾਤ ਗਾਇਆਂ ਨਹੀਂ ਮੁਕਦੀਆਂ। ਡੋਗਰੀ ਵਿਚ ਬਾਬਾ ਜਿਤੋ, ਦਾਤਾਰਣੂ, ਰਾਜਕੁਮਾਰੀ, ਰੁੱਲ, ਬਾਬਾ ਕੋੜਾ, ਸ਼ਰਗਲ, ਸਿਧ ਗੋਰੀਆ, ਬਾਬਾ ਕੈਲੂ, ਬਾਬਾ ਨਾਹਰ ਸਿੰਘ ਆਦਿ ਦੀਆਂ ਕਾਰਕਾ ਕਾਫ਼ੀ ਪ੍ਰਸਿਧ ਹਨ। ਇਥੇ ਅਸੀਂ ਜਿਤੋ ਰੰਧਾਵੇ ਦੀ ਕਾਰਕ ਦਾ ਨਮੂਨਾ ਪੇਸ਼ ਕਰਦੇ ਹਾਂ :

ਘਰ ਰੂਪ ਦੇ ਨੰਗਰ ਤਰੁਠੇ, ਔਂਸ ਨਗਾਨੇ ਲਾਈ।
ਭਲੇ ਨਛੱਤਰ ਜਨਮ ਬਾਬੇ ਦਾ, ਨਾਰੋਂ ਮੰਗਲ ਗਾਈ।
ਔਂਦੀਆਂ ਨਾਰੀ ਗਾਨ ਵਸਾਬੇ, ਜੁੜ ਬਿਧਮਾਤ ਗਾਈ।
ਘੁਰੇ ਨਗਾਰੇ ਬਜਦੇ ਬਾਜੇ, ਬਜੇ ਅਨੰਤ ਬਧਾਈ।

ਜੰਮੂ ਦੇ ਇਲਾਕੇ ਵਿਚ ਜਿਤੋ ਰੰਧਾਵੇ ਦੀ ਕਾਰਕ ਸਭ ਤੋਂ ਜਿਆਦਾ ਲੋਕ-ਪ੍ਰਿਯ ਹੈ। ਪੰਜ ਸੌ ਸਾਲ ਹੋਏ ਜੰਮੂ ਦੇ ਰਾਜੇ ਅਜੈ ਦੇਵ ਦੇ ਰਾਜ ਵੇਲੇ ਬਾਬਾ ਜਿਤਾ ਪੈਦਾ ਹੋਇਆ। ਇਹ ਜਾਤ ਦਾ ਬ੍ਰਾਹਮਣ ਸੀ। ਜਿਤੇ ਨੂੰ ਜ਼ਿੰਦਗੀ ਵਿਚ ਬੜੇ ਦੁਖ ਉਠਾਣੇ ਪਏ। ਪਹਿਲਾਂ ਮਾਪੇ ਮਰ ਗਏ ਤੇ ਫਿਰ ਪਤਨੀ। ਜਿਤਾ ਆਪਣੇ ਇਕੋ ਇਕ ਬੱਚੇ ਨੂੰ ਲੈ ਕੇ ਜੰਮੂ ਤੋਂ ਅਠ ਦਸ ਮੀਲ ਪੱਛਮ ਵਲ, ਸ਼ਾਮਾ ਚਕ ਨਾਂ ਦੇ ਪਿੰਡ ਵਿਚ ਗਿਆ ਅਤੇ ਮਹਿਤਾ ਵੀਰ ਸਿੰਘ ਜਗੀਰਦਾਰ ਤੋਂ ਕੁਝ ਬੇਜ਼ਰ ਭੂਮੀ ਲੈ ਕੇ ਵਾਹੀ ਖੇਤੀ ਸ਼ੁਰੂ ਕੀਤੀ। ਫ਼ੈਸਲੇ ਅਨੁਸਾਰ ਪੈਦਾਵਾਰ ਦਾ ਚੌਥਾਈ ਹਿੱਸਾ ਉਹਨਾਂ ਨੇ ਮਹਿਤੇ ਨੂੰ ਦੇਣਾ ਸੀ। ਜਿਤੇ ਨੇ ਕਰੜੀ ਮਿਹਨਤ ਕੀਤੀ। ਫਲਸਰੂਪ ਕਾਫ਼ੀ ਸਾਰੀ ਮਿਕਦਾਰ ਵਿਚ ਫ਼ਸਲ ਪੈਦਾ ਹੋਈ। ਮਹਿਤੇ ਨੇ ਅੱਧੀ ਪੈਦਾਵਾਰ ਮੰਗੀ। ਪਰ ਜਿਤੇ ਨੇ ਫ਼ੈਸਲੇ ਮੁਜਬ ਇਕ ਚੌਥਾਈ ਹੀ ਦੇਣੀ ਚਾਹੀ। ਮਹਿਤੇ ਨੇ ਆਪਣੇ ਕੁਝ ਬੁਰਛਿਆਂ ਨੂੰ ਨਾਲ ਲੈ ਕੇ, ਬੋਹਲ ਉਤੇ ਜ਼ਬਰਦਸਤੀ ਕਬਜ਼ਾ ਕਰਨਾ ਚਾਹਿਆ। ਜਿਤੇ ਨੇ ਕੋਈ ਪੇਸ਼ ਨਾ ਜਾਂਦੀ ਵੇਖ, ਅਨਾਜ ਦੇ ਬੋਹਲ 'ਤੇ ਖੜੇ ਹੋ ਕੇ ਆਪਣੀ ਛਾਤੀ ਵਿਚ ਖੰਜਰ ਮਾਰ ਲਿਆ। ਮਗਰੋਂ ਜਿਤੇ ਦੇ ਲੜਕੇ ਨੇ ਉਥੇ ਹੀ ਅਨਾਜ ਦੇ ਢੇਰ ਤੇ ਜਿਤੇ ਦਾ ਦਾਹ-ਸੰਸਕਾਰ ਕਰ ਦਿੱਤਾ। ਫਿਰ ਉਹ ਪਿਤਾ ਦੇ ਨਾਲ ਖ਼ੁਦ ਵੀ ਉਥੇ ਹੀ ਸੜ ਮੋਇਆ।

ਜਿਤੇ ਦੀ ਬਦਅਸੀਸ ਕਾਰਨ, ਮਹਿਤੇ ਦੀ ਵੰਸ਼ ਨੂੰ ਬੜੇ ਦੁਖ ਉਠਾਉਣੇ ਪਏ। ਉਸ ਨੂੰ ਜਾਤ-ਬਰਾਦਰੀ ਵਿਚੋਂ ਛੇਕ ਦਿੱਤਾ ਗਿਆ। ਉਨ੍ਹਾਂ ਵਿਚੋਂ ਕੁਝ ਮੁਸਲਮਾਨ ਹੋ ਗਏ। ਅਖ਼ੀਰ ਮਹਿਤੇ ਦੀ ਬਰਾਦਰੀ ਨੇ ਜਿਤੇ ਦੀ ਪਕੀ ਸਮਾਧੀ ਬਣਾ ਕੇ ਉਹਨੂੰ ਆਪਣੇ ਕੁਲ ਦੇਵ ਦੇ ਰੂਪ ਵਿਚ ਪੂਜਿਆ। ਜੰਮੂ ਤੋਂ ਇਲਾਵਾ, ਪਛਮੀ ਅਤੇ ਪੂਰਬੀ ਪੰਜਾਬ ਦੇ ਨਾਲ ਲਗਦੇ ਕੁਝ ਇਲਾਕਿਆਂ ਵਿਚ, ਜਿਤੇ ਦੇ ਪੂਜਾ ਦੇ ਅਸਥਾਨ ਵੇਖਣ ਨੂੰ ਮਿਲਦੇ ਹਨ।

(ਕ-253) **ਕਾਰਤਿਕੇਯ** :

ਪੁਰਾਣਾਂ ਅਨੁਸਾਰ ਯੁੱਧ ਦਾ ਦੇਵਤਾ; ਇਸੇ ਨੂੰ ਸਕੰਦ ਵੀ ਕਹਿੰਦੇ ਹਨ। ਕਾਰਤਿਕੇਯ ਪਰਵਾਣੀ ਨਾਂ ਦੇ ਮੋਰ ਦੀ ਸਵਾਰੀ ਕਰਦਾ ਹੈ। ਇਸ ਦੇ ਇਕ ਹੱਥ ਵਿਚ ਧਨੁਸ਼ ਤੇ ਦੂਜੇ ਵਿਚ ਕਮਾਨ ਹੁੰਦੀ ਹੈ। ਇਹ ਆਪਣੀ ਅਥਾਹ-ਸ਼ਕਤੀ ਕਾਰਨ ਦੇਵਤਿਆਂ ਦਾ ਸੈਨਾਪਤੀ ਬਣਿਆ।

ਮਹਾਭਾਰਤ ਤੇ ਰਾਮਾਇਣ ਅਨੁਸਾਰ ਕਾਰਤਿਕੇਯ ਸ਼ਿਵ (ਰੁਦਰ) ਦਾ ਪੁੱਤਰ ਸੀ, ਜੋ ਗਰਭ ਵਿਚ ਪਏ ਬਗ਼ੈਰ ਪੈਦਾ ਹੋਇਆ। ਬ੍ਰਹਮਵੈਵਰਤ ਅਨੁਸਾਰ ਪਾਰਵਤੀ ਨਾਲ ਚੋਹਲ ਕਰਦਿਆਂ, ਸ਼ਿਵ ਜੀ ਦਾ ਵੀਰਜ ਪ੍ਰਿਥਵੀ ਉਤੇ, ਅੱਗ ਵਿਚ ਜਾ ਪਿਆ। ਉਥੋਂ ਉਹ ਬੁੜਕ ਕੇ ਸਰਕੰਡੇ ਵਿਚ ਜਾ ਡਿਗਾ। ਇਥੋਂ ਇਕ ਛੇ-ਮੁਖਾ ਬਾਲਕ ਜੰਮਿਆ। ਅਗਨੀ ਨਾਲ ਸੰਬੰਧਿਤ ਹੋਣ ਕਰਕੇ, ਇਸ ਨੂੰ ਅਗਨੀ ਭੂ, ਤੇ ਗੰਗਾ ਦਰਿਆ ਨਾਲ ਸੰਬੰਧਿਤ ਹੋਣ ਕਰਕੇ ਗੰਗਜ ਵੀ ਕਹਿੰਦੇ ਹਨ। ਇਸ ਬਾਲਕ ਦੀ ਪਾਲਨਾ ਚੰਦ੍ਰਮਾ ਦੀ ਇਸਤ੍ਰੀ ਕ੍ਰਿੱਤਿਕਾ ਨੇ ਕੀਤੀ, ਜਿਸ ਤੋਂ ਇਸ ਦਾ ਨਾਉਂ ਕਾਰਤਿਕੇਯ ਪਿਆ।

ਕਾਰਤਿਕੇਯ ਦੀ ਉਤਪਤੀ ਤਾਰਕਾ ਦੈਂਤ ਨੂੰ ਮਾਰਨ ਵਾਸਤੇ ਹੋਈ। ਤਾਰਕਾ ਨੇ ਤੱਪਾਂ ਦੁਆਰਾ ਇਤਨੀ ਸ਼ਕਤੀ ਧਾਰਨ ਕਰ ਲਈ ਸੀ ਕਿ ਉਹਦਾ ਨਾਸ ਕਰਨਾ ਦੇਵਤਿਆਂ ਦੇ

ਵਸ ਵਿਚ ਨਾ ਰਿਹਾ। ਇਕ ਹੋਰ ਪੌਰਾਣਿਕ-ਕਥਾ ਅਨੁਸਾਰ, ਜਦੋਂ ਬਾਣ ਦੈਂਤ ਨੇ ਦੇਵਤਿਆਂ ਉਤੇ ਧਾਵਾ ਬੋਲਿਆ ਤਾਂ ਕਾਰਤਿਕੇਯ ਉਸ ਦਾ ਪਿਛਾ ਕਰਦਾ ਹੋਇਆ ਬਰਛੇ ਨਾਲ ਕਰੌਂਚ ਪਰਬਤ ਨੂੰ ਚੀਰਦਾ ਹੋਇਆ ਲੰਘ ਗਿਆ ਅਤੇ ਬਾਣ ਨੂੰ ਮਾਰ ਕੇ ਸਾਹ ਲਿਆ। ਇਸ ਤਰ੍ਹਾਂ ਪਹਾੜ ਵਿਚੋਂ ਜੋ ਰਾਹ ਬਣਿਆ, ਉਸੇ ਵਿਚੋਂ ਹੀ, ਉੱਤਰ ਵਲੋਂ ਕੂੰਜਾਂ ਤੇ ਹੋਰ ਪੰਛੀ ਭਾਰਤ ਵਿਚ ਦਾਖਲ ਹੁੰਦੇ ਹਨ।

ਉੱਤਰੀ ਭਾਰਤ ਵਿਚ ਕਾਰਤਿਕੇਯ ਦੀ ਉਤਨੀ ਮਾਨਤਾ ਨਹੀਂ ਜਿਤਨੀ ਦੱਖਣ ਵਿਚ ਹੈ। ਦੱਖਣ ਵਿਚ ਇਸ ਦੇਵਤੇ ਦੀ ਸੁਬ੍ਰਾਹਮਣਯ ਦੇ ਨਾਂ ਨਾਲ ਪੂਜਾ ਹੁੰਦੀ ਹੈ। ਉੱਤਰੀ ਭਾਰਤ ਵਿਚ ਚੋਰ ਡਾਕੂ ਕਾਰਤਿਕੇਯ ਨੂੰ ਆਪਣਾ ਸਰਪ੍ਰਸਤ ਮੰਨ ਕੇ ਪੂਜਦੇ ਹਨ।

ਕਈ ਵਾਰ ਮੰਗਲ ਦੇਵਤੇ ਦਾ ਕਾਰਤਿਕੇਯ ਨਾਲ ਏਕੀਕਰਣ ਕੀਤਾ ਜਾਂਦਾ ਹੈ। ਕਾਰਤਿਕੇਯ ਦਾ ਬਰਛਾ ਵਿਸ਼ਵਕਰਮਾ ਨੇ, ਸੂਰਜ ਦੇ ਉਸ ਟੁਕੜੇ ਨਾਲੋਂ ਛਿਲ ਕੇ ਬਣਾਇਆ, ਜੋ ਸੂਰਜ ਦਾ ਤੇਜ ਘਟਾਣ ਲਈ, ਉਹਦੇ ਨਾਲੋਂ ਅੱਠਵਾਂ ਹਿਸਾ ਤਰਾਸ਼ਿਆ ਗਿਆ ਸੀ।

ਕਾਰਤਿਕੇਯ ਜੂਏ ਵਿਚ ਬੜਾ ਮਾਹਿਰ ਸੀ। ਇਕ ਵਾਰ ਸ਼ਿਵ ਜੀ ਆਪਣੀ ਪਤਨੀ ਨਾਲ ਜੂਆ ਖੇਡਦਿਆਂ ਸਾਰੀ ਪੂੰਜੀ ਹਾਰ ਗਏ ਤੇ ਗੰਗਾ ਦੇ ਕੰਢੇ ਸੰਨਿਆਸੀਆਂ ਵਾਂਗ ਰਹਿਣ ਲਗੇ। ਕਾਰਤਿਕੇਯ ਨੇ ਆਪਣੇ ਪਿਤਾ ਦੀ ਇਹ ਦੁਰਦਸ਼ਾ ਵੇਖ ਕੇ, ਜੂਏ ਦੀ ਕਲਾ ਸਿਖੀ ਅਤੇ ਪਾਰਬਤੀ ਨੂੰ ਵੰਗਾਰਿਆ। ਪਰ ਪਾਰਬਤੀ ਤੋਂ ਸਭ ਕੁਝ ਜਿਤ ਕੇ ਉਹਨਾਂ ਸ਼ਿਵ ਨੂੰ ਮੋੜ ਦਿੱਤਾ। ਗਣੇਸ਼ ਤੋਂ ਆਪਣੀ ਮਾਂ ਪਾਰਬਤੀ ਦੀ ਹਾਰ ਸਹਿਨ ਨਾ ਹੋਈ ਤੇ ਉਸ ਨੇ ਵੀ ਜੂਏ ਦੀ ਕਲਾ ਸਿਖੀ ਤੇ ਕਾਰਤਿਕੇਯ ਨੂੰ ਜੂਏ ਵਿਚ ਹਰਾ ਦਿੱਤਾ।

ਕਾਰਤਿਕੇਯ ਦੇ ਕੁਝ ਹੋਰ ਨਾਉਂ ਹਨ—ਗੰਗਾ ਪੁੱਤਰ, ਸੁਰਭੂ, ਦ੍ਵਾਦਸ ਕਰ (ਬਾਰਾਂ ਹੱਥਾਂ ਵਾਲਾ) ਦ੍ਵਾਦਸ਼ਾਕਸ (ਬਾਰਾਂ ਅੱਖਾਂ ਵਾਲਾ)। ਕਾਰਤਿਕੇਯ ਦੇ ਛੇ ਸੀਸ ਤੇ ਬਾਰਾਂ ਅੱਖਾਂ, ਕੰਨ, ਲੱਤਾਂ, ਬਾਹਵਾਂ ਹੋਣ ਬਾਰੇ ਵੀ ਇਕ ਮਿੱਥਕ ਕਥਾ ਪ੍ਰਚਲਤ ਹੈ:

ਮਹਾਂਭਾਰਤ ਅਨੁਸਾਰ ਅਗਨੀ ਨੇ ਰਿਸ਼ੀਆਂ ਦੀਆਂ ਛੇ ਪਤਨੀਆਂ ਨੂੰ ਵੇਖਿਆ, ਜੋ ਚੰਦਰਮੇ ਦੀਆਂ ਕਿਰਨਾਂ ਵਾਂਗ ਚਮਕਦੀਆਂ, ਸ਼ੋਅਲਿਆਂ ਵਾਂਗ ਭੱਖਦੀਆਂ ਅਤੇ ਤਾਰਿਆਂ ਵਾਂਗ ਅਦਭੁਤ ਸਨ। ਅਗਨੀ ਦੇਵਤੇ ਦੇ ਅੰਦਰ ਉਨ੍ਹਾਂ ਨੂੰ ਭੋਗਣ ਦੀ ਇਛਾ ਜਾਗੀ; ਪਰ ਉਸ ਨੇ ਆਪੇ 'ਤੇ ਕਾਬੂ ਪਾ ਲਿਆ। ਅਗਨੀ ਦਾ ਦਿਲ ਕੀਤਾ ਕਿ ਰਿਸ਼ੀਆਂ ਦੀਆਂ ਇਨ੍ਹਾਂ ਤੀਵੀਆਂ ਨੂੰ ਨੇੜਿਓਂ ਹੋ ਕੇ ਵੇਖੇ। ਸੋ ਅਗਨੀ ਨੇ ਉਨ੍ਹਾਂ ਦੇ ਘਰਾਂ ਨੂੰ ਚੁਲ੍ਹਿਆਂ ਦੀ ਅੱਗ ਵਿਚ, ਸ਼ੋਅਲੇ ਬਣ ਕੇ, ਉਨ੍ਹਾਂ ਦੀ ਖੂਬਸੂਰਤੀ ਨੂੰ ਭਖਣ ਦਾ ਆਨੰਦ ਲਿਆ। ਜਿਸ ਨਾਲ ਉਸ ਦੇ ਅੰਦਰੋਂ ਫਿਰ ਕਾਮ ਭੜਕ ਪਿਆ, ਪਰ ਉਹਨੇ ਕਾਬੂ ਪਾ ਲਿਆ।

ਦਖਸ਼ ਦੀ ਕੰਨਿਆ ਸਵਾਹਾ, ਅਗਨੀ ਨਾਲ ਪ੍ਰੇਮ ਕਰਨ ਲਗੀ। ਜਦੋਂ ਸਵਾਹਾ ਨੂੰ ਪਤਾ ਲਗਾ ਕਿ ਅਗਨੀ ਦੇਵਤਾ ਰਿਸ਼ੀਆਂ ਦੀਆਂ ਛੇ ਪਤਨੀਆਂ ਨਾਲ ਮੁਹੱਬਤ ਕਰਦਾ ਹੈ ਤੇ ਉਨ੍ਹਾਂ ਨੂੰ ਸਰੀਰਕ ਤੌਰ ਤੇ ਭੋਗਣ ਦਾ ਇੱਛਕ ਹੈ, ਤਾਂ ਸਵਾਹਾ ਉਨ੍ਹਾਂ ਰਿਸ਼ੀਆਂ ਦੀਆਂ ਪਤਨੀਆਂ ਦਾ ਰੂਪ ਧਾਰ ਕੇ ਅਗਨੀ ਕੋਲ ਛੇ ਵਾਰ ਗਈ। ਹਰੇਕ ਵਾਰ ਕਿਸੇ ਦੂਜੇ ਰਿਸ਼ੀ ਦੀ ਪਤਨੀ ਦਾ ਰੂਪ ਧਾਰ ਕੇ। ਇਸ ਤਰ੍ਹਾਂ ਛੇ ਵਾਰ ਅਗਨੀ ਦਾ ਜੋ ਵੀਰਜ ਝੜਿਆ, ਉਸ ਨੂੰ ਉਹ ਇਕ ਸੁਨਹਿਰੇ ਸਰੋਵਰ ਵਿਚ ਰਖਦੀ ਗਈ। ਇਥੋਂ ਇਕ ਬਾਲਕ ਕਾਰਤਿਕੇਯ ਪੈਦਾ ਹੋਇਆ, ਜਿਸ ਦੇ ਛੇ ਸੀਸ, ਦੁੱਗਣੀਆਂ ਅੱਖਾਂ, ਕੰਨ, ਬਾਹਵਾਂ, ਲੱਤਾਂ, ਪਰ ਇਕੋ ਪੇਟ ਤੇ ਇਕੋ ਗਰਦਨ ਸੀ।

(ਕ-254) **ਕਾਰਣ-ਕਾਰਜ ਸੰਬੰਧ** :

ਲੋਕਧਾਰਾ ਵਿਚ ਕਾਰਣ ਕਾਰਜ ਸਬੰਧ ਪੂਰਵ ਵਿਵੇਕ ਹੁੰਦੇ ਹਨ। ਇਨ੍ਹਾਂ ਦੀ ਤਰਕ ਲੋਕ-ਮਨ ਵਾਲੀ ਹੁੰਦੀ ਹੈ। ਪ੍ਰਕ੍ਰਿਤੀ ਵਿਚ ਪਹਿਲਾਂ ਕਾਰਨ ਬਣਦਾ ਹੈ, ਜੋ ਕਾਰਜ ਉਤਪਨ ਕਰਦਾ ਹੈ। ਜਿਥੇ ਧੂੰਆਂ ਉਡ ਰਿਹਾ ਹੋਵੇਗਾ, ਉਥੇ ਅੱਗ ਅਵਸ਼ ਹੋਵੇਗੀ। ਕਾਰਨ ਬਗੈਰ ਕਾਰਜ ਨਹੀਂ ਹੁੰਦਾ।

ਸਾਂਖ ਯੋਗ ਅਨੁਸਾਰ ਸਤਿ ਤੋਂ ਹਮੇਸ਼ਾਂ ਸਤਿ ਦੀ ਉਤਪਤੀ ਹੁੰਦੀ ਹੈ। ਅਸਤਿ ਤੋਂ ਕਦੇ ਸਤਿ ਪੈਦਾ ਨਹੀਂ ਹੋ ਸਕਦਾ। ਪਰ ਲੋਕਧਾਰਾ ਵਿਚ ਪ੍ਰਕ੍ਰਿਤੀ ਦੇ ਨੇਮਾਂ ਦੇ ਉਲਟ ਕਾਰਜ ਵੀ ਹੋ ਸਕਦੇ ਹਨ। ਸਤਿ ਤੋਂ ਅਸਤਿ ਅਤੇ ਅਸਤਿ ਤੋਂ ਸਤਿ ਦੀ ਉਤਪਤੀ ਵੀ ਹੋ ਸਕਦੀ ਹੈ। ਦਰਖਤਾਂ ਨਾਲ ਹੀਰੇ ਮੋਤੀ ਲਗ ਸਕਦੇ ਹਨ, ਰਾਜਕੁਮਾਰੀ ਜਦੋਂ ਰੋਂਦੀ ਹੈ ਤਾਂ ਮੋਤੀ ਝੜਦੇ ਹਨ। ਜਦੋਂ ਹਸਦੀ ਹੈ ਤਾਂ ਫੁੱਲ ਖਿੜਦੇ ਹਨ। ਸੱਪਣੀ ਸੁਹਣੀ ਮੁਟਿਆਰ ਦਾ ਰੂਪ ਧਾਰ ਸਕਦੀ ਹੈ। ਅਸੰਭਵ ਸੰਭਵ ਹੋ ਨਿਬੜਦਾ ਹੈ।

ਲੋਕਧਾਰਾ ਵਿਚ, ਕਾਰਣ-ਕਾਰਜ ਵਿਚ ਲੋਕ-ਮਨ ਆਪਣੇ ਕਿਸੇ ਪ੍ਰਵਿਰਤੀ ਦੁਆਰਾ ਸਬੰਧ ਕਾਇਮ ਕਰਦਾ ਹੈ। ਹੌਲੇ ਹੌਲੇ ਮਨੌਤ ਦਾ ਰੂਪ ਗ੍ਰਹਿਣ ਕਰ ਜਾਂਦੀ ਹੈ। ਇਸੇ ਲਈ ਲੋਕਧਾਰਾ ਵਿਚ ਕਈ ਵਾਰ ਕਾਰਨ-ਕਾਰਜ ਦਾ ਫਲ ਯਥਾਰਥ ਨਾਲੋਂ ਭਿੰਨ ਹੁੰਦਾ ਹੈ। ਜੇ ਕਿਸੇ ਸ਼ਖਸ ਨੂੰ ਕੋਈ ਰੋਗ ਗ੍ਰਸ ਲਏ ਤਾਂ ਲੋਕ-ਮਨ ਦੁਆਈਆਂ ਦੇਣ ਨਾਲੋਂ ਮੰਤਰਾਂ ਦੁਆਰਾ ਜਾਂ ਬਦਰੂਹਾਂ ਨੂੰ ਪਤਿਆ ਕੇ ਜਾਂ ਕਿਸੇ ਟੂਣੇ-ਟੱਪੇ ਦੁਆਰਾ, ਜਾਂ ਕਿਸੇ ਕਰਮ-ਕਾਂਡ ਦੁਆਰਾ, ਦੇਵਤਿਆਂ ਨੂੰ ਪ੍ਰਸੰਨ ਕਰਕੇ ਰੋਗ ਤੋਂ ਨਿਸਤਾਰਾ ਲੋਚਦਾ ਹੈ। ਕਿਉਂ ਜੋ ਧਾਰਨਾ ਹੈ ਕਿ ਰੋਗਾਂ ਨੂੰ ਹਮੇਸ਼ਾਂ ਬਦਰੂਹਾਂ ਹੀ ਫੈਲਾਂਦੀਆਂ ਹਨ ਜਾਂ ਇਹ ਕਿਸੇ ਦੇਵੀ ਦੇਵਤੇ ਪ੍ਰਤੀ ਕੀਤੀ

ਅਵਿਗਿਆ ਜਾਂ ਉਸਦੀ ਕਰੋਪੀ ਕਾਰਨ ਫੈਲਦੇ ਹਨ । ਇਸ ਲਈ ਲੋਕ-ਮਨ ਅਨੁਸਾਰ ਰੋਗਾਂ ਦੇ ਨਿਸਤਾਰੇ ਲਈ ਦਵਾ ਦਾਰੂ ਨਾਲੋਂ ਕਰਮ-ਕਾਂਡੀ ਵਿਸ਼ੇ ਵਧੇਰੇ ਹਿਤਕਰ ਹਨ । ਜਦੋਂ ਕਾਰਨ ਹੀ ਭੌਤਿਕ ਨਹੀਂ ਲੋਕ-ਮਾਨਸਿਕ ਹੋਵੇ ਤਾਂ ਨਿਸਤਾਰੇ ਦੀ ਵਿਧੀ ਵੀ ਭੌਤਿਕ ਦੀ ਥਾਂ ਲੋਕ-ਮਾਨਸਿਕ ਹੋਣੀ ਚਾਹੀਦੀ ਹੈ ।

ਇਹੋ ਗੱਲ ਪ੍ਰਕ੍ਰਿਤੀ ਦੇ ਦ੍ਰਿਸ਼ਟੀਮਾਨਾਂ ਬਾਰੇ ਆਖੀ ਜਾ ਸਕਦੀ ਹੈ । ਲੋਕ-ਮਨ ਮੀਂਹ ਦੇ ਨਾਲ ਓਲੇ ਪੈਣ ਦਾ ਕਾਰਨ ਵਿਗਿਆਨ ਨਾਲੋਂ ਵੱਖਰਾ ਮੰਨਦਾ ਹੈ । ਲੋਕਧਾਰਾ ਅਨੁਸਾਰ ਭੂਤ-ਪ੍ਰੇਤ ਬਦਰੂਹਾਂ/ਸ਼ੈਤਾਨ ਬਰਫ਼ ਦੇ ਗੋਲੇ ਬਣਾ ਕੇ ਲੋਕਾਂ 'ਤੇ ਸੁਟਦੇ ਹਨ । ਇਸ ਲਈ ਗੜੇ ਨੂੰ ਛੁਰੀ ਨਾਲ ਕਟ ਦੇਈਏ ਜਾਂ ਵਿਹੜੇ ਵਿਚ ਪੁੱਠਾ ਤਵਾ ਰੱਖ ਦੇਈਏ ਤਾਂ ਓਲੇ ਪੈਣੇ ਸੁੱਤੇ-ਸਿਧ ਬੰਦ ਹੋ ਜਾਂਦੇ ਹਨ । ਕਾਰਨ ? ਲੋਹੇ ਦੀ ਛੁਰੀ ਤੋਂ ਭੂਤ-ਪ੍ਰੇਤ ਬਦਰੂਹਾਂ/ਸ਼ੈਤਾਨ ਡਰਦੇ ਹਨ । ਜਦੋਂ ਓਲਾ ਕਟਿਆ ਜਾਵੇ ਤਾਂ ਛੁਰੀ ਵੇਖ ਕੇ, ਉਹ ਵੀ ਨੱਠ ਜਾਂਦੇ ਹਨ । ਲੋਕ-ਮਨ ਦਾ ਇਹੋ ਵਿਵੇਕ ਹੈ ।

ਇਸੇ ਤਰ੍ਹਾਂ ਤਵਾ ਪੁੱਠਾ ਕਰਕੇ, ਵਿਹੜੇ ਵਿਚ ਰੱਖਣ ਨਾਲ ਓਲੇ ਪੈਣੇ ਬੰਦ ਹੋ ਜਾਂਦੇ, ਮੰਨੇ ਹਨ । ਅਜਿਹੇ ਕਾਰਨ-ਕਾਰਜ ਦੇ ਵਿਵੇਕ ਦਾ ਆਧਾਰ ਲੋਕ-ਮਨ ਦੀਆਂ ਪ੍ਰਵਿਰਤੀਆਂ ਹਨ । ਲੋਕ ਹਰ ਜੜ੍ਹ ਚੇਤੰਨ ਵਸਤੂ ਨੂੰ ਪ੍ਰਾਣਧਾਰੀ ਤੇ ਸਰਗੁਣ ਸਮਝਦਾ ਹੈ । ਆਤਮਸ਼ੀਲ ਚਿੰਤਨ ਅਨੁਸਾਰ, ਓਲੇ ਪ੍ਰਾਣਧਾਰੀ ਅਤੇ ਮਨੁੱਖੀ ਬਿਰਤੀਆਂ ਵਾਲੇ ਹਨ । ਦੂਜਾ, ਪ੍ਰਤਿਰੂਪ ਚਿੰਤਨ ਅਨੁਸਾਰ ਮਨੁੱਖੀ ਸੰਸਾਰ ਦੇ ਸਮਾਨਾਂਤਰ ਹੀ ਪ੍ਰਾਕ੍ਰਿਤਕ ਸੰਸਾਰ ਹੈ । ਤੀਜਾ, ਮਨੁੱਖ ਜੋ ਭਾਵ ਤੇ ਬਿਰਤੀਆਂ ਆਪਣੇ 'ਨਿੱਜ' ਵਿਚ ਮਹਿਸੂਸ ਕਰਦਾ ਹੈ, ਉਹ 'ਪਰ' ਵਸਤੂ ਵਿਚੋਂ ਵੀ ਕਲਪ ਲੈਂਦਾ ਹੈ । ਸੋ ਇਹ ਤਿੰਨ ਪ੍ਰਵਿਰਤੀਆਂ ਹਨ, ਜੋ ਇਸ ਵਿਸ਼ੇਸ਼ ਕਰਮ-ਕਾਂਡ ਦੇ ਓਹਲੇ ਕੰਮ ਕਰ ਰਹੀਆਂ ਹਨ । ਹੁਣ ਜਿਵੇਂ ਕੋਈ ਸ਼ਖ਼ਸ ਕਿਸੇ ਦੇ ਘਰ ਆਵੇ ਤਾਂ ਅਗੋਂ ਘਰ ਦੇ ਲੋਕ ਉਸ ਦਾ ਸਵਾਗਤ ਕਰਨ ਦੀ ਥਾਂ ਉਹਦਾ ਮੂੰਹ ਕਾਲਾ ਕਰਨ ਵਾਸਤੇ ਤਵਾ ਚੁਕ ਕੇ, ਬਰੂਹਾਂ ਵਿਚ ਖੜੇ ਹੋ ਜਾਣ ਤਾਂ ਮਹਿਮਾਨ ਆਪਣਾ ਅਪਮਾਨ ਸਮਝ ਕੇ ਵਾਪਸ ਪਰਤ ਜਾਂਦਾ ਹੈ । ਐਨ ਇਸੇ ਤਰ੍ਹਾਂ ਓਲਿਆਂ ਨੂੰ, ਜੋ ਲੋਕ-ਮਨ ਅਨੁਸਾਰ ਪ੍ਰਾਣਧਾਰੀ ਹਨ, ਜਿਨ੍ਹਾਂ ਦਾ ਜਗਤ ਸਾਡੇ ਸੰਸਾਰ ਦੇ ਪ੍ਰਤਿਰੂਪ ਹੀ ਹੈ ਅਤੇ ਜੋ ਮਨੁਖ ਵਰਗੀਆਂ ਭਾਵਨਾਵਾਂ ਤੇ ਬਿਰਤੀਆਂ ਰਖਦੇ ਹਨ, ਜਦੋਂ ਪੁੱਠਾ ਤਵਾ ਵਿਖਾਇਆ ਜਾਵੇ ਤਾਂ ਓਲੇ ਅਪਮਾਨਤ ਹੋਣਾ ਨਹੀਂ ਚਾਹੁੰਦੇ ਅਤੇ ਧਰਤੀ ਉਤੇ ਪੈਣੋਂ ਹਟ ਜਾਂਦੇ ਹਨ । ਬਸ ਇਹੋ ਲੋਕ-ਵਿਵੇਕ ਹੈ । ਸੋ ਲੋਕਧਾਰਾ ਦੇ ਕਾਰਨ-ਕਾਰਜ ਦਾ ਆਧਾਰ ਮਨੌਤਾਂ ਹਨ । ਜੇ ਕੋਈ ਕਾਰਜ ਕਿਸੇ ਕਾਰਨ ਸਦਕਾ ਹੋਂਦ ਵਿਚ ਨਾ ਆਵੇ ਤਾਂ ਵਿਧੀ-ਵਿਧਾਨ ਵਿਚ ਕੋਈ ਭੁਲ ਹੋ ਗਈ ਸਮਝੀ ਜਾਂਦੀ ਹੈ ਜਾਂ ਫਿਰ ਕਿਸੇ ਵਡੇਰੀ ਸ਼ਕਤੀ ਦੀ ਕਰੋਪੀ । ਮਨੌਤ ਵਿਚ ਕੋਈ ਫ਼ਰਕ ਨਹੀਂ ਪੈਂਦਾ (ਵੇਖੋ : ਲੋਕ-ਮਨ) ।

ਲੋਕਧਾਰਾ ਵਿਚ ਸਹਿ ਤੋਂ ਸਹਿ ਦੀ ਉਤਪਤੀ ਮੰਨੀ ਗਈ ਹੈ । ਜੇ ਮੀਂਹ ਨਾ ਵਸਦਾ ਹੋਵੇ ਤਾਂ ਇਕ ਦੂਜੇ ਉਤੇ ਪਾਣੀ ਦੇ ਗੜਵੇ ਸੁਟਣਾ ਮੋਰ ਵਾਂਗ ਨੱਚਣ, ਬੱਦਲ ਵਾਂਗ ਗੜਕ ਪੈਦਾ ਕਰਨ ਨਾਲ ਮੀਂਹ ਸਹਿਜ ਭਾਵ ਵਿਚ ਹੋਣ ਲਗਦਾ ਹੈ । ਇਸੇ ਤਰ੍ਹਾਂ ਟੂਣਾ ਚਿੰਤਨ ਅਨੁਸਾਰ ਅੰਸ਼ ਤੋਂ ਅੰਸ਼ੀ ਵਲ ਯਾਤ੍ਰਾ ਇਕ ਸਾਧਾਰਨ ਕਰਮ ਹੈ ਜੇ ਕਿਸੇ ਪ੍ਰਾਣੀ ਦੇ ਸਿਰ ਦੇ ਵਾਲਾਂ ਦੀ ਲਿਟ, ਨਹੁੰ ਜਾਂ ਪਹਿਨੇ ਕਪੜਿਆਂ ਦੇ ਕਿਸੇ ਟੁਕੜੇ ਉਤੇ ਮੰਤਰਾਂ ਦੁਆਰਾ ਕੋਈ ਕਾਰਜ ਕੀਤਾ ਜਾਵੇ ਤਾਂ ਜਿਸ ਪ੍ਰਾਣੀ ਦਾ ਉਹ ਅੰਸ਼ ਹਨ, ਉਸ ਤੇ ਪ੍ਰਭਾਵ ਪਏਗਾ । ਕਈ ਚੇਲੇ ਕਿਸੇ ਰੋਗੀ ਦੇ ਰੁਮਾਲ ਉਤੇ ਮੰਤਰ ਪੜ੍ਹ ਕੇ ਜਾਂ ਫੂਕ ਮਾਰ ਕੇ ਮੂਲ ਰੋਗ ਦਾ ਨਿਵਾਰਨ ਕਰਦੇ ਹਨ । ਮੰਤਰ ਤੇ ਟੂਣੇ-ਟਾਮਣ ਦੁਆਰਾ ਨਾਮ ਤੋਂ ਨਾਮੀ ਤਕ ਪਹੁੰਚਣ ਦਾ ਕਾਰਜ ਵੀ, ਇਸੇ ਸੋਚ ਦਾ ਫਲ ਹੈ । ਸੋ ਲੋਕਧਾਰਾ ਵਿਚ ਕਾਰਣ-ਕਾਰਜ ਸਬੰਧ ਮਨੌਤਾਂ ਉਤੇ ਆਧਾਰਤ ਹੋਣ ਕਰਕੇ ਅਲੌਕਿਕ ਹਨ ।

(ਕ-255) **ਕਾਰੂੰ** :

ਮਿਸਰ ਦਾ ਇਕ ਰਾਜਾ ਜੋ ਮੂਸਾ ਦੇ ਚਾਚੇ ਯਸ਼ਰ ਦਾ ਪੁੱਤਰ ਸੀ । ਉਹ ਇਜ਼ਰਾਈਲ ਵੰਸ਼ ਨਾਲ ਸੰਬੰਧ ਰਖਦਾ ਸੀ । ਯਹੂਦੀ ਗ੍ਰੰਥਾਂ ਅਨੁਸਾਰ ਕਾਰੂੰ ਦੇ ਕੋਲ ਚਾਲੀ ਗੰਜ ਧਨ ਸੀ ਕਿ ਇਸ ਦੇ ਖ਼ਜ਼ਾਨੇ ਦੀਆਂ ਕੁੰਜੀਆਂ ਤਿੰਨ ਸੌ ਖੱਚਰਾਂ ਉਤੇ ਲਦੀਆਂ ਜਾਂਦੀਆਂ ਸਨ । ਧਨ ਦੇ ਅਭਿਮਾਨ ਵਿਚ, ਉਹ ਇਤਨਾ ਮਲੀਨ ਹੋ ਗਿਆ ਕਿ ਹਜ਼ਰਤ ਮੂਸਾ ਦੇ ਆਦੇਸ਼ਾਂ ਦੀ ਵੀ ਪ੍ਰਵਾਹ ਨਹੀਂ ਸੀ ਕਰਦਾ । ਉਲਟਾ ਮੂਸਾ ਉਤੇ ਤੁਹਮਤਾਂ ਲਗਾਂਦਾ ਫਿਰਦਾ । ਕੰਜੂਸ ਹੋਣ ਕਰਕੇ ਉਹ ਜ਼ਕਾਤ ਨਹੀਂ ਸੀ ਦੇਂਦਾ । ਅਖ਼ੀਰ, ਹਜ਼ਰਤ ਮੂਸਾ ਦੇ ਸਰਾਪ ਨਾਲ, ਕਾਰੂੰ ਆਪਣੇ ਖ਼ਜ਼ਾਨਿਆਂ ਸਮੇਤ, ਜ਼ਿਮੀਂ ਵਿਚ ਗਰਕ ਹੋ ਗਿਆ । ਕੁਰਾਨ ਸ਼ਰੀਫ਼ ਦੀਆਂ ਕਈ ਆਇਤਾਂ ਵਿਚ ਕਾਰੂੰ ਦੀ ਅਮੀਰੀ ਤੇ ਕੰਜੂਸੀ ਦਾ ਜ਼ਿਕਰ ਆਉਂਦਾ ਹੈ ।

ਨਿਊ ਪਰਸ਼ੀਅਨ ਇੰਗਲਿਸ਼ ਡਿਕਸ਼ਨਰੀ (ਜਿਲਦ 2, ਪੰਨਾ 509) ਅਨੁਸਾਰ ਕਰੂਸਸ ਜਾਂ ਕਾਰੂੰ ਲੀਡੀਆ (ਏਸ਼ੀਆ ਮਾਈਨਰ) ਦਾ ਬਾਦਸ਼ਾਹ ਸੀ, ਜੋ 560-546 ਬੀ.ਸੀ. ਵਿਚ ਹੋਇਆ । ਇਹ ਕਾਫ਼ੀ ਧਨਾਢ ਤੇ ਪ੍ਰਭੁੱਤਾ ਵਾਲਾ ਸਮਰਾਟ ਸੀ । ਇਸ ਕੋਲ ਇਕ ਵਾਰ ਇਕ ਸੰਤ ਸੋਲਨ ਆਇਆ । ਕਾਰੂੰ ਨੇ ਉਸ ਤੋਂ ਪੁਛਿਆ ਕਿ ਸੰਸਾਰ ਵਿਚ ਕਿਹੜਾ ਸੁਖੀ ਹੈ । ਸੋਲਨ ਦਾ ਜੁਆਬ ਸੀ ਕਿ ਜਿਸ

ਸ਼ਖ਼ਸ ਦਾ ਅੰਤ ਸੁਖੀ ਹੋਵੇ, ਉਸੇ ਨੂੰ ਹੀ ਸੁਖੀ ਜਾਣੋ। ਜਦੋਂ ਫ਼ਾਰਸ ਦੇ ਪਾਤਸ਼ਾਹ ਸਾਈਰਸ ਨੇ ਕਾਰੂੰ ਉਤੇ ਫ਼ਤਹਿ ਕਰ ਕੇ, ਉਹਨੂੰ ਬੰਦੀ ਬਣਾ ਲਿਆ। ਮਗਰੋਂ ਜਦੋਂ ਇਹਦੇ ਕਤਲ ਦਾ ਹੁਕਮ ਸੁਣਾਇਆ ਗਿਆ ਤਾਂ ਕਾਰੂੰ ਨੂੰ ਸੋਲਨ ਦੀ ਗੱਲ ਯਾਦ ਆਈ। ਫਾਹੇ ਲਗਣ ਵੇਲੇ ਕਾਰੂੰ ਨੇ ਤਿੰਨ ਵਾਰ ਸੋਲਨ ਦਾ ਨਾਂ ਲਿਆ। ਫ਼ਾਰਸ ਦੇ ਬਾਦਸ਼ਾਹ ਨੇ ਉਸ ਤੋਂ ਇਸ ਗੱਲ ਦਾ ਕਾਰਨ ਪੁਛਿਆ। ਕਾਰੂੰ ਦਾ ਬ੍ਰਿਤਾਂਤ ਸੁਣ ਕੇ ਫ਼ਾਰਸ ਦੇ ਬਾਦਸ਼ਾਹ ਨੇ, ਉਸ ਨੂੰ ਮਾਫ਼ ਕਰ ਦਿੱਤਾ।

ਕਾਰੂੰ ਬਾਰੇ ਕਈ ਦੰਦ-ਕਥਾਵਾਂ ਪੰਜਾਬ ਵਿਚ ਪ੍ਰਚਲਤ ਹਨ। ਇਕ ਦੰਦ-ਕਥਾ ਅਨੁਸਾਰ ਕਾਰੂੰ ਨੇ ਮਿਸਰ ਦਾ ਸਾਰਾ ਧਨ ਆਪਣੇ ਕੋਲ ਇਕੱਠਾ ਕਰ ਲਿਆ। ਇਹ ਜਾਣਨ ਵਾਸਤੇ ਕਿ ਉਸ ਦੀ ਪਰਜਾ ਕੋਲ ਹੋਰ ਧਨ ਬਚਿਆ ਤਾਂ ਨਹੀਂ, ਕਾਰੂੰ ਨੇ ਮਿਸਰ ਦੇ ਬਜ਼ਾਰ ਵਿਚ, ਇਕ ਹੁਸੀਨ ਮੁਟਿਆਰ ਨੂੰ, ਇਕ ਰੁਪਏ ਤੋਂ ਨੀਲਾਮ ਕਰਵਾਇਆ। ਇਕ ਗਭਰੂ ਜੋ ਉਸ ਮੁਟਿਆਰ ਨਾਲ ਪ੍ਰੇਮ ਕਰਦਾ ਸੀ, ਉਹ ਉਸ ਨੂੰ ਖ਼ਰੀਦਣ ਲਈ ਤਰਲੋਮੱਛੀ ਹੋ ਰਿਹਾ ਸੀ। ਪਰ ਰੁਪਿਆ ਤਾਂ ਬੰਦਾ ਮਾਰਿਆਂ ਕਿਧਰੋਂ ਨਹੀਂ ਸੀ ਮਿਲਦਾ। ਪੁੱਤਰ ਨੂੰ ਦੁਖੀ ਵੇਖ ਕੇ, ਉਹਦੀ ਮਾਂ ਨੇ ਉਸ ਨੂੰ ਦਸਿਆ ਕਿ ਜਦੋਂ ਉਸ ਦਾ ਪਿਓ ਮਰਿਆ ਸੀ ਤਾਂ ਉਸ ਦੇ ਮੂੰਹ ਵਿਚ ਚਾਂਦੀ ਦਾ ਇਕ ਰੁਪਿਆ ਪਾ ਕੇ, ਉਸ ਨੂੰ ਕਬਰ ਵਿਚ ਦਬਿਆ ਗਿਆ ਸੀ। ਪੁੱਤਰ ਨੇ ਪਿਓ ਦੀ ਕਬਰ ਪੁਟ ਕੇ ਰੁਪਿਆ ਕੱਢ ਲਿਆਂਦਾ ਅਤੇ ਆਪਣੀ ਪ੍ਰੇਮਿਕਾ ਨੂੰ ਖ਼ਰੀਦ ਲਿਆ। ਕਾਰੂੰ ਨੇ ਉਸ ਗਭਰੂ ਤੋਂ ਪੁਛਿਆ ਕਿ ਉਸ ਨੇ ਉਹ ਰੁਪਿਆ ਕਿਥੋਂ ਲਿਆਂਦਾ ਹੈ। ਗਭਰੂ ਨੇ ਅਸਲੀ ਗੱਲ ਦਸ ਦਿੱਤੀ। ਕਾਰੂੰ ਨੇ ਉਸੇ ਵੇਲੇ ਸਭ ਕਬਰਾਂ ਪੁਟਵਾਈਆਂ ਤੇ ਵਿਚੋਂ ਸਾਰਾ ਧਨ ਕਢਵਾ ਲਿਆ।

ਕਾਰੂੰ ਭਾਵੇਂ ਗੁਰੂ ਨਾਨਕ ਦੇਵ ਦਾ ਪੂਰਵ-ਵਰਤੀ ਸੀ, ਪਰ ਸਾਖੀਆਂ ਵਿਚ ਗੁਰੂ ਨਾਨਕ ਦੇਵ ਦੀ 'ਗੋਸ਼ਠੀ ਕਾਰੂੰ ਨਾਲ' ਹੋਈ ਮਿਲਦੀ ਹੈ। ਇਕ ਹੋਰ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਨੇ ਇਕ ਚਾਦਰ ਵਿਚ ਠੀਕਰੀਆਂ ਬੰਨ੍ਹ ਕੇ, ਬੁਚਕੀ ਕਾਰੂੰ ਨੂੰ ਦਿੱਤੀ ਤੇ ਕਿਹਾ ਕਿ ਉਹ ਇਹ ਬੁਚਕੀ ਆਪਣੇ ਕੋਲ ਰਖਣ ਤਾਂ ਉਹ ਕਾਰੂੰ ਕੋਲੋਂ ਅਗਲੇ ਜਹਾਨ ਵਿਚ, ਵਾਪਸ ਲੈ ਲੈਣਗੇ। ਕਾਰੂੰ ਨੇ ਕਿਹਾ ਕਿ ਇਹ ਗੱਲ ਕਿਵੇਂ ਸੰਭਵ ਹੋ ਸਕਦੀ ਹੈ।

ਗੁਰੂ ਨਾਨਕ ਦੇਵ ਨੇ ਉਤਰ ਦਿੱਤਾ : ਉਵੇਂ ਹੀ ਜਿਵੇਂ ਤੂੰ ਆਪਣੀ ਦੌਲਤ ਨਾਲ ਲੈ ਕੇ ਜਾਵੇਂਗਾ। ਇਹ ਗੱਲ ਸੁਣ ਕੇ ਕਾਰੂੰ ਨੂੰ ਗਿਆਨ ਹੋ ਗਿਆ ਤੇ ਉਸ ਆਪਣੀ ਸਾਰੀ ਦੌਲਤ ਗ਼ਰੀਬਾਂ ਵਿਚ ਵੰਡ ਦਿੱਤੀ।

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਨਾਨਕ ਦੀ ਇਕ ਬਾਣੀ 'ਨਸੀਹਤਨਾਮਾ' ਕਾਰੂੰ ਦੇ ਪ੍ਰਸੰਗ ਵਿਚ ਰਚੀ ਗਈ ਹੈ। ਇਹ ਰਚਨਾ ਆਦਿ ਗ੍ਰੰਥ ਵਿਚ ਨਹੀਂ। ਨਮੂਨਾ :

ਕੀਚੇ ਨੇਕ ਨਾਮੀ ਜੋ ਦੇਵੇ ਖੁਦਾਇ ॥
ਜੋ ਦੀਸੇ ਜ਼ਿਮੀ ਪਰ ਸੋ ਹੋਸੀ ਫਨਾਇ ॥

'ਨਸੀਹਤਨਾਮੇ' ਦੀ ਇਕ ਤੁਕ ਵਿਚ ਕਾਰੂੰ ਨੂੰ ਵੀ ਸੰਬੋਧਿਤ ਕੀਤਾ ਗਿਆ ਹੈ :

ਚਾਲੀ ਗੰਜ ਜੋੜੇ ਨਾ ਰਖਿਓ ਈਮਾਨ,
ਦੇਖੋ ਰੇ ਕਾਰੂੰ ! ਜੋ ਹੋਤੇ ਪਰੇਸ਼ਾਨ।

(ਕ-256) **ਕਾਲ** :

ਪੰਜਾਬੀ ਲੋਕਧਾਰਾ ਵਿਚ, ਕਾਲ ਦਾ ਖ਼ਾਸ ਮਹੱਤਵ ਹੈ ਤੇ ਇਹਦੇ ਬਾਰੇ ਅਨੇਕਾਂ ਅਖਾਣ, ਕਹਾਣੀਆਂ ਤੇ ਮਨੌਤਾਂ ਪ੍ਰਚਲਤ ਹਨ, ਜੋ ਲੋਕ-ਮਨ ਦੀ ਉਪਜ ਹੋਣ ਕਰ ਕੇ ਵਿਲੱਖਣ ਤੇ ਰੋਚਿਕ ਹਨ।

ਲੋਕਧਾਰਾ ਅਨੁਸਾਰ ਕਾਲ ਦਾ ਜਨਮ ਬ੍ਰਹਮਾ ਦੇ ਸਾਹ ਵਿਚੋਂ ਹੋਇਆ। ਬ੍ਰਹਮਾ ਨੇ ਪਹਿਲਾਂ ਸਵਾਸ ਲਿਆ ਤਾਂ ਕਾਲ ਦਾ ਨਿਰੰਤਰ ਪ੍ਰਵਾਹ ਤੁਰ ਪਿਆ ਅਤੇ ਜਦੋਂ ਕਲਪ ਦੇ ਆਖ਼ੀਰ ਵਿਚ ਬ੍ਰਹਮਾ ਅੰਤਮ ਸਵਾਸ ਲੈਣਗੇ, ਤਾਂ ਕਾਲ ਵੀ ਉਸ ਛਿਣ ਰੁਕ ਜਾਵੇਗਾ। ਫਿਰ ਨਵੇਂ ਬ੍ਰਹਮਾ ਦੇ ਨਾਲ ਨਵਾਂ ਕਲਪ ਸ਼ੁਰੂ ਹੋਵੇਗਾ ਤੇ ਸਮਾਂ ਅਗੇਰੇ ਤੁਰੇਗਾ। ਕਾਲ ਦਾ ਇਹ ਸੰਕਲਪ ਲੌਕਿਕ ਵੀ ਹੈ, ਤੇ ਦਿਲਚਸਪ ਵੀ, ਭਾਵੇਂ ਸਮੇਂ ਦਾ ਆਧਾਰ ਪੌਰਾਣਿਕ ਹੀ ਹੈ।

ਪੌਰਾਣਾਂ ਅਨੁਸਾਰ ਕਾਲ ਦਾ ਕਾਸਮਿਕ ਜੋੜ ਕਲਪ ਹੈ। ਕਲਪ ਬ੍ਰਹਮਾ ਦੇ ਇਕ ਦਿਨ ਦੇ ਤੁਲ ਹੈ, ਜੋ ਮਨੁਖ ਦੇ 4,320,000,000 ਸਾਲਾਂ ਦੇ ਬਰਾਬਰ ਹੁੰਦਾ ਹੈ। ਹਰ ਕਲਪ ਅਗੋਂ ਇਕ ਹਜ਼ਾਰ ਮਹਾਂਯੁਗਾਂ ਵਿਚ ਵੰਡਿਆ ਹੋਇਆ ਹੈ। ਹਰ ਮਹਾਂਯੁਗ ਦੀ ਉਮਰ ਚੌਹਾਂ ਜੁਗਾਂ ਦਾ ਜੋੜ ਹੈ। ਭਾਵ ਕ੍ਰਿਤ (ਸਤਿਜੁਗ) ਤ੍ਰੇਤਾ, ਦੁਆਪਰ ਤੇ ਕਲਿਯੁਗ ਦੀ ਸਾਰੀ ਅਵਧੀ ਇਕ ਮਹਾਂਯੁਗ ਬਣਦੀ ਹੈ।

ਹਰੇਕ ਯੁੱਗ ਦੇ ਆਰੰਭ ਵਿਚ 'ਸੰਧਯਾ' ਨਾਂ ਦੀ ਇਕ ਅੱਵਧੀ ਆਉਂਦੀ ਹੈ, ਅਤੇ ਇਸ ਦੇ ਅੰਤ ਵਿਚ ਏਨੇ ਸਮੇਂ ਦੀ ਹੀ ''ਸੰਧਯਾਸ'' ਦੀ ਅੱਵਧੀ। ਦੋਹਾਂ ਵੇਲਿਆਂ ਦੀ ਅੱਵਧੀ ਹਰ ਯੁੱਗ ਦਾ ਦਸਵਾਂ ਹਿੱਸਾ ਹੁੰਦੀ ਹੈ। ਇਸ ਤਰ੍ਹਾਂ ਚੌਹਾਂ ਯੁੱਗਾਂ ਵਿਚ ਦੇਵਤਿਆਂ ਦੇ ਸਾਲ ਦਾ ਪ੍ਰਮਾਣ ਇਸ ਪ੍ਰਕਾਰ ਹੈ :—

| | |
|---|---|
| 1. ਕ੍ਰਿਤ ਯੁੱਗ | 4000 |
| ਸੰਧਯਾ | 400 |
| ਸੰਧਯਾਸ | 400—4800 ਦੇਵ ਵਰ੍ਹੇ |
| 2 ਤ੍ਰੇਤਾ ਯੁੱਗ | 3000 |
| ਸੰਧਯਾ | 300 |
| ਸੰਧਯਾਸ | 300—3600 ਦੇਵ ਵਰ੍ਹੇ |

| | | |
|---|---|---|
| 3. ਦਵਾਪਰ ਯੁਗ | 2000 | |
| ਸੰਧਯਾ | 200 | |
| ਸੰਧਯਾਸ | 200—2400 ਦੇਵ ਵਰ੍ਹੇ | |
| 4. ਕਲਿਯੁਗ | 1000 | |
| ਸੰਧਯਾ | 100 | |
| ਸੰਧਯਾਸ | 100—1200 ਦੇਵ ਵਰ੍ਹੇ | |

ਕੁਲ ਜੋੜ=12,000 ਦੇਵ ਵਰ੍ਹੇ

ਦੇਵਤਿਆਂ ਦਾ ਇਕ ਸਾਲ ਮਨੁੱਖ ਦੇ 360 ਸਾਲਾਂ ਦੀ ਅੱਵਧੀ ਦੇ ਬਰਾਬਰ ਹੈ। ਇਸ ਤਰ੍ਹਾਂ ਇਹ ਕੁਲ ਜੋੜ 12,000 × 360=4,320,000 ਮਨੁਖੀ ਸਾਲ ਬਣਿਆ। ਇਹ ਅੱਵਧੀ ਇਕ ਮਹਾਂਯੁੱਗ ਦੀ ਬਣਦੀ ਹੈ। ਇਕ ਹਜ਼ਾਰ ਮਹਾਂਯੁੱਗਾਂ ਦਾ ਕੱਲਪ ਹੁੰਦਾ ਹੈ, ਜੋ 4,320,000,000 ਮਨੁਖੀ ਸਾਲਾਂ ਦੇ ਬਰਾਬਰ ਬਣਦਾ ਹੈ।

ਜਦੋਂ ਬ੍ਰਹਮਾ ਦਾ ਇਕ ਦਿਨ ਪੁੱਗਦਾ ਹੈ, ਅਥਵਾ ਇਕ ਕੱਲਪ ਦਾ ਅੰਤ ਹੁੰਦਾ ਹੈ ਤਾਂ ਤਿੰਨੋਂ ਲੋਕ-ਆਕਾਸ਼, ਧਰਤੀ ਅਤੇ ਪਤਾਲ ਨਸ਼ਟ ਹੋ ਜਾਂਦੇ ਹਨ। ਭਾਵ ਹਰ ਕੱਲਪ ਦੇ ਅੰਤ ਤੇ ਤਿੰਨੇ ਲੋਕ, ਸਭ ਪ੍ਰਾਣੀ, ਰਿਸ਼ੀ ਮੁਨੀ, ਦੇਵਤੇ ਤੇ ਅਸੁਰ ਆਦਿ ਮਹਾਂ ਪਰਲੋ ਵਿਚ ਖੈ ਹੋ ਜਾਂਦੇ ਹਨ। ਫਿਰ ਇਕ ਸੌ ਸਾਲਾਂ ਤਕ ਅੰਧਕਾਰ ਰਹਿੰਦਾ ਹੈ। ਇਸ ਅੱਵਧੀ ਮਗਰੋਂ, ਨਵਾਂ ਬ੍ਰਹਮਾ ਉਤਪੰਨ ਹੁੰਦਾ ਹੈ। ਜਿਹੜੇ ਪ੍ਰਾਣੀ ਪਹਿਲੇ ਕੱਲਪ ਵਿਚ ਮੁਕਤ ਨਹੀਂ ਹੁੰਦੇ, ਉਹ ਨਵੇਂ ਕੱਲਪ ਵਿਚ ਕਰਮਾਂ ਅਨੁਸਾਰ ਫਿਰ ਜਨਮ ਲੈਂਦੇ ਹਨ।

ਪੁਰਾਣਾਂ ਵਿਚ, ਵਖ ਵਖਰੇ ਕਾਲ ਦੇ ਪ੍ਰਮਾਣ ਪ੍ਰਚਲਤ ਹਨ। ਵਿਸ਼ਨੂੰ ਪੁਰਾਣ ਵਿਚ ਸਮੇਂ ਦਾ ਪ੍ਰਮਾਣ ਇਉਂ ਦਿੱਤਾ ਗਿਆ ਹੈ। ਸਭ ਤੋਂ ਛੋਟੀ ਇਕਾਈ ਨਿਮੱਖ ਹੈ, ਜੋ ਅੱਖ ਦੇ ਝਮਕਣ ਦੇ ਬਰਾਬਰ ਹੈ :

15 ਨਿਮੱਖ ਦਾ ਇਕ ਕਾਸ਼ਠਾ
30 ਕਾਸ਼ਠਾ ਦੀ ਕਲਾ
20 ਕਲਾ ਦਾ ਮਹੂਰਤ
60 ਮਹੂਰਤ ਦਾ ਇਕ ਦਿਨ ਰਾਤ
15 ਦਿਨ ਰਾਤ ਦਾ ਪੱਖ
2 ਪੱਖ ਦਾ ਇਕ ਮਹੀਨਾ
2 ਮਹੀਨੇ ਦੀ ਰੁੱਤ
6 ਮਹੀਨੇ ਦਾ ਅਯਨ
2 ਅਯਨ ਦਾ ਵਰ੍ਹਾ

ਜਯੋਤਿਸ਼ ਪ੍ਰਭਾਕਰ ਅਨੁਸਾਰ ਇਹ ਵੰਡ ਇਉਂ ਹੈ :—

15 ਨਿਮੱਖ ਦਾ ਵਿਸਾ
15 ਵਿਸੇ ਦਾ ਚਸਾ
3 ਚਸ ਦਾ ਪਲ
60 ਪਲ ਦੀ ਘੜੀ
8 ਘੜੀਆਂ ਦਾ ਪਹਿਰ
8 ਪਹਿਰਾਂ ਦਾ ਦਿਨ ਰਾਤ

ਕਾਲ ਦੇ ਕਈ ਹੋਰ ਪ੍ਰਮਾਣ ਵੀ ਪ੍ਰਚਲਤ ਹਨ।

### (ਕ-257) ਕਾਲ :

ਪੰਜਾਬ ਦਾ ਮੁੱਖ-ਧੰਦਾ ਕਿਰਸਾਨੀ ਰਿਹਾ ਹੈ। ਇਸ ਦੀ ਪੈਦਾਵਾਰ ਜ਼ਿਆਦਾਤਰ ਕਹਿਤ, ਬਾਰਸ਼ਾਂ ਉਤੇ ਨਿਰਭਰ ਹੈ। ਜਦੋਂ ਕਿਧਰੇ ਲੰਮੇ ਅਰਸੇ ਵਾਸਤੇ ਔੜ ਪਈ, ਇਥੇ ਵੀ ਕਾਲ ਪੈਂਦੇ ਰਹੇ। ਕੁਝ ਕਾਲ ਅਜਿਹੇ ਭਿਆਨਕ ਤੇ ਤਬਾਹਕੁਨ ਸਿੱਧ ਹੋਏ, ਕਿ ਉਨ੍ਹਾਂ ਦੀ ਸਿਮਰਤੀ ਬਜ਼ੁਰਗ ਪੀੜ੍ਹੀ ਦੇ ਮਨ ਵਿਚ ਸਥਿਰ ਹੋ ਗਈ। ਅਜਿਹਾ ਇਕ ਕਾਲ 1840 ਸੰਮਤ (1783 ਈ:) ਵਿਚ ਪਿਆ, ਜੋ ਚਾਲੀਸਵੇਂ ਦੇ ਨਾਂ ਨਾਲ ਪ੍ਰਸਿਧ ਹੋਇਆ। ਉਦੋਂ ਖੂਹਾਂ ਤੇ ਚਸ਼ਮਿਆਂ ਦਾ ਪਾਣੀ ਵੀ ਸੁਕ ਗਿਆ ਅਤੇ ਕਣਕ ਰੁਪਏ ਦੀ ਤਿੰਨ ਸੇਰ ਸੀ। ਜੋ ਉਸ ਜ਼ਮਾਨੇ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਮਹਿੰਗੀ ਸੀ। ਇਹ ਕਾਲ ਤਿੰਨ ਸਾਲ ਤਕ ਪਿਆ ਰਿਹਾ। ਇਸੇ ਕਾਲ ਤੋਂ ਕਮਜ਼ੋਰ ਅਤੇ ਦਲਿਦ੍ਰੀ ਸ਼ਖਸ ਲਈ 'ਚਾਲੀਸਵੇਂ ਦਾ ਮਾਰਿਆ ਹੋਇਆ' ਮੁਹਾਵਰਾ ਪ੍ਰਚਲਤ ਹੋਇਆ।

ਦੂਜਾ ਵਡਾ ਕਾਲ 1870 ਸੰਮਤ (ਜੂਨ 1803 ਈ:) ਤਕ ਦੋ ਸਾਲ ਪਿਆ ਰਿਹਾ। ਇਸ ਨੇ ਕਈ ਚੰਗੇ ਤੇ ਰਜੇ ਪੁਜੇ ਆਦਮੀਆਂ ਨੂੰ ਮੰਗਣ ਲਈ ਮਜਬੂਰ ਕਰ ਦਿੱਤਾ। ਜਿਸ ਕਰਕੇ 'ਸਤਰਵੇਂ ਦਾ ਭਿਖਾਰੀ' ਮੁਹਾਵਰਾ ਪ੍ਰਚਲਤ ਹੋਇਆ। ਇਹ ਕਾਲ ਪਹਿਲੇ ਕਾਲ ਜਿਤਨਾ ਦੁਖਦਾਈ ਨਹੀਂ ਸੀ ਅਤੇ ਇਸ ਕਾਲ ਦੇ ਦੌਰਾਨ ਕਣਕ ਰੁਪਏ ਦੀ ਸੱਤ ਸੇਰ ਵਿਕਦੀ ਰਹੀ।

ਤੀਜਾ ਵਡਾ ਕਾਲ 1890 ਸੰਮਤ (1833 ਈ:) ਤਕ ਦੋ ਸਾਲ ਰਿਹਾ। ਸੰਮਤ 1890 ਨੂੰ 'ਮਤਕਾਂ ਵਾਲਾ ਸਾਲ' ਕਹਿੰਦੇ ਹਨ। ਮਤਕਾ ਇਕ ਬੂਟਾ ਸੀ, ਜੋ ਪਹਿਲੀ ਬਾਰਸ਼ ਪੈਣ ਨਾਲ, ਹਰ ਥਾਂ ਭਾਰੀ ਮਾਤਰਾ ਵਿਚ ਪੈਦਾ ਹੋਇਆ। ਇਸ ਨਾਲ ਪਸ਼ੂਆਂ ਵਾਸਤੇ ਢੇਰ ਸਾਰਾ ਚਾਰਾ ਪ੍ਰਾਪਤ ਹੋ ਗਿਆ।

### (ਕ-258) ਕਾਲ ਸੂਤਰ :

ਪੁਰਾਣ ਅਨੁਸਾਰ ਪ੍ਰਮੁੱਖ ਨਰਕਾਂ ਦੀ ਸੰਖਿਆ ਇੱਕੀ ਹੈ, ਜਿਨ੍ਹਾਂ ਵਿਚੋਂ ਇਕ ਭਿਆਨਕ ਤੇ ਦੁਖਦਾਈ ਨਰਕ ਕਾਲ-ਸੂਤਰ ਹੈ। ਇਸ ਨਰਕ ਵਿਚ ਪ੍ਰਾਣੀ ਸਮੇਂ ਦੇ ਸੂਤਰ ਨਾਲ ਬੱਧਾ, ਕੋਹਲੂ ਦੇ ਬੈਲ ਵਾਂਗ ਗੇੜੇ ਕਟਦਾ ਰਹਿੰਦਾ ਹੈ।

### (ਕ-259) ਕਾਲ ਕੂਟ :

ਸਮੁੰਦਰ ਮੰਥਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ

ਰਤਨ; ਕਾਲ-ਕੂਟ ਇਕ ਵਿਸ਼ੇਸ਼ ਕਿਸਮ ਦਾ ਦੇਵੀ ਜ਼ਹਿਰ ਹੈ ਜੋ ਕਾਲ ਨੂੰ ਵੀ ਨਸ਼ਟ ਕਰ ਸਕਦਾ ਹੈ।

(ਕ-260) **ਕਾਲ ਕਲਿੱਚੀ** :

ਕਾਲੇ ਰੰਗ ਦੀ ਇਕ ਚਿੜੀ, ਜਿਸ ਨੂੰ ਸ਼ੀਆ ਮੁਸਲਮਾਨ ਬੜੀ ਮੁਤਬੱਰਕ ਤੇ ਸ਼ੁਭ ਮੰਨਦੇ ਹਨ। ਰਵਾਇਤ ਹੈ ਕਿ ਇਮਾਮ ਹੁਸੈਨ ਜਦੋਂ ਰਣ-ਖੇਤਰ ਵਿਚ ਘਾਇਲ ਹੋਏ ਪਏ ਸਨ, ਤਾਂ ਕਾਲ-ਕਲਿੱਚੀ ਨੇ, ਆਪਣੀ ਚੁੰਜ ਵਿਚ ਪਾਣੀ ਦੀਆਂ ਬੂੰਦਾਂ ਲਿਆ ਕੇ, ਉਨ੍ਹਾਂ ਦੇ ਮੂੰਹ ਵਿਚ ਪਾਈਆ ਸਨ।

ਕਾਲ ਕਲਿੱਚੀ, ਪੰਛੀਆ ਵਿਚੋਂ ਸਭ ਤੋਂ ਪਹਿਲਾਂ, ਸਰਘੀ ਵੇਲੇ ਜਾਗ ਕੇ ਗੀਤ ਛੁਹੰਦੀ ਹੈ। ਕਾਲ ਕਲਿੱਚੀ ਦੀ ਚਹਿਕ ਵਿਚ ਜੋ ਧੁਨੀ ਹੈ ਉਸ ਦਾ ਉਚਾਰਨ 'ਉਠ ਸੁਹਾਗਣ ਚੱਕੀ ਝੋ' ਮੰਨਿਆ ਗਿਆ ਹੈ। ਪਹਿਲਿਆਂ ਵਿਚ ਸਵਾਣੀਆਂ ਕਾਲ ਕਲਿੱਚੀ ਦੀ ਚਹਿਕ ਸੁਣ ਕੇ ਜਾਗ ਪੈਂਦੀਆਂ ਅਤੇ ਚੱਕੀਆਂ ਝੋਣੀਆਂ ਸ਼ੁਰੂ ਕਰ ਦਿੰਦੀਆਂ ਸਨ।

(ਕ-261) **ਕਾਲ ਦਾ ਸੰਕਲਪ** :

ਪੰਜਾਬੀ ਲੋਕਧਾਰਾ ਵਿਚ ਕਾਲ ਬਾਰੇ ਕਈ ਅਖਾਣ, ਕਹਾਣੀਆਂ ਤੇ ਮਨੌਤਾਂ ਪ੍ਰਚਲਤ ਹਨ। ਇਹ ਲੋਕ-ਮਨ ਦੀ ਉਪਜ ਹੋਣ ਕਾਰਨ, ਵਿਲੱਖਣ ਤੇ ਰੋਚਿਕ ਹਨ।

ਲੋਕਧਾਰਾ ਅਨੁਸਾਰ ਕਾਲ ਦਾ ਜਨਮ ਬ੍ਰਹਮਾ ਦੇ ਸਾਹ ਵਿਚੋਂ ਹੋਇਆ। ਜਦੋਂ ਬ੍ਰਹਮਾ ਨੇ ਸਾਹ ਲਿਆ, ਕਾਲ ਦਾ ਨਿਰੰਤਰ ਪ੍ਰਵਾਹ ਤੁਰ ਪਿਆ ਅਤੇ ਜਦੋਂ ਕਲਪ ਦੇ ਅੰਤ ਵਿਚ ਬ੍ਰਹਮਾ ਸਾਹ ਲੈਣਾ ਬੰਦ ਕਰ ਦੇਵੇਗਾ, ਤਾਂ ਕਾਲ ਵੀ ਰੁਕ ਜਾਵੇਗਾ। ਫਿਰ ਨਵੇਂ ਬ੍ਰਹਮਾ ਦੇ ਨਾਲ, ਨਵਾਂ ਕਾਲ ਸ਼ੁਰੂ ਹੋਵੇਗਾ। ਇਸੇ ਲਈ ਕਾਲ ਨੂੰ ਇਕ ਨਿਰੰਤਰ ਪ੍ਰਵਾਹ ਮੰਨਿਆ ਗਿਆ ਹੈ, ਜੋ ਹਮੇਸ਼ਾਂ ਤੁਰਦਾ ਰਹਿੰਦਾ ਹੈ।

ਲੰਘਿਆ ਸਮਾਂ ਹੱਥ ਨਹੀਂ ਆਉਂਦਾ।

ਲੰਘੇ ਹੱਥ ਨਾ ਆਉਂਦੇ ਪਾਣੀ, ਝੱਖੜ, ਕਾਲ।

ਕਾਲ-ਪ੍ਰਵਾਹ ਵਿਚ ਰਹਿਣ ਕਰਕੇ ਨਿਤ ਨਵਾਂ ਤੇ ਸਜਰਾ ਹੁੰਦਾ ਹੈ। ਨਿਤ ਨਵੀਂ ਸਵੇਰ ਚੜ੍ਹਦੀ ਹੈ, ਜੋ ਰਾਤ ਦੇ ਹਨੇਰੇ ਵਿਚ, ਆਪਣੇ ਪੁਰਾਣੇ ਜਿਸਮ ਨੂੰ ਖੋਰ ਕੇ ਨਵੇਂ ਜਲੌ ਨਾਲ ਉਤਰਦੀ ਹੈ। ਫਲਸਰੂਪ ਨਿਤ ਨਵੀਆਂ ਰੁੱਤਾਂ ਆਉਂਦੀਆਂ ਹਨ। ਭਾਵੇਂ ਕੋਈ ਰੁੱਤ ਮਨੁੱਖ ਕਈ ਵਾਰ ਹੰਢਾ ਚੁਕਾ ਹੁੰਦਾ ਹੈ। ਪਰ ਹਰ ਵਾਰ ਉਹ ਨਵੀਂ ਲਗਦੀ ਹੈ। ਸਮਾਂ ਪ੍ਰਵਾਹ ਵਿਚ ਵਹਿੰਦਾ ਹੋਇਆ ਵੀ ਰੁੱਤਾਂ ਦੇ ਚੱਕਰ ਵਿਚ ਜੀਂਦਾ ਹੈ। ਰੁੱਤਾਂ ਉਸ ਵਿਚੋਂ ਨਿਕਲਦੀਆਂ ਕਾਇਮ ਹਨ, ਇਸੇ ਕਾਲ-ਰੁੱਤ ਦੀ ਕਾਇਆ ਵਿਚ ਜੀਵਨ ਹੈ।

ਲੋਕ-ਧਾਰਨਾ ਅਨੁਸਾਰ ਸਮੇਂ ਨੂੰ ਸੂਰਜ ਜਨਮ ਦਿੰਦਾ ਹੈ। ਸੂਰਜ ਹੀ ਸਮੇਂ ਦਾ ਪ੍ਰਮਾਣ ਹੈ।

ਸਮੇਂ ਦਾ ਚਕਰ ਭਾਵੇਂ ਹਨੇਰੇ ਤੋਂ ਚਾਨਣ ਵਲ ਅਤੇ ਚਾਨਣ ਤੋਂ ਹਨੇਰੇ ਵਲ ਦਾ ਸਫ਼ਰ ਹੈ। ਪਰ ਸਮੇਂ ਦੇ ਸਫ਼ਰ ਨੂੰ ਪੌਰਾਣਿਕ ਸੰਕਲਪ ਚਾਨਣ ਤੋਂ ਹਨੇਰੇ ਵਲ ਦਾ ਅਥਵਾ ਸਤਿਯੁਗ ਤੋਂ ਕਲਿਯੁਗ ਦਾ ਸਫ਼ਰ ਮਿਥਦਾ ਹੈ। ਸਤਿਯੁਗ ਵਿਚ ਧਰਮ ਦੇ ਚਾਰ ਪੈਰ ਸਨ, ਜੋ ਹਰ ਯੁੱਗ ਵਿਚ ਇਕ ਇਕ ਕਰਕੇ ਘਟਦੇ ਗਏ ਹੁਣ ਕੱਲਜੁਗ ਵਿਚ ਧਰਮ ਇਕੋ ਚਰਨ 'ਤੇ ਖੜਾ ਹੈ।

(ਕ-262) **ਕਾਲ ਦੀ ਤਲਵਾਰ** :

ਕਾਲ ਦੀ ਤਲਵਾਰ ਬੜੀ ਭਿਅੰਕਰ ਹੈ ਅਤੇ ਮੌਤ ਦਾ ਡਰ ਹੀ ਮਨੁੱਖ ਨੂੰ ਖੋਟੇ ਕੰਮਾਂ ਤੇ ਰੰਗ-ਰਸਾਂ ਨੂੰ ਮਾਣਨ ਤੋਂ ਰੋਕੀ ਰਖਦਾ ਹੈ। ਇਸ ਗੱਲ ਦੇ ਪ੍ਰਮਾਣ ਵਜੋਂ ਇਕ ਦੰਦ-ਕਥਾ ਇਉਂ ਪ੍ਰਚਲਤ ਹੈ :

ਰਾਜਾ ਜਨਕ ਨੇ ਇਕ ਵਾਰ ਸੁਖਦੇਵ ਨੂੰ ਤੇਲ ਨਾਲ ਨਕੋ-ਨਕ ਭਰਿਆ ਕਟੋਰਾ ਦਿੰਦਾ ਹੋਏ ਕਿਹਾ ਕਿ ਜੇ ਉਹ ਸਾਰੇ ਨਗਰ ਦੀ ਪ੍ਰਕਰਮਾ ਕਰਕੇ, ਇਸ ਕਟੋਰੇ ਨੂੰ ਸਹੀ ਸਲਾਮਤ, ਬਿਨਾਂ ਇਕ ਬੂੰਦ ਵੀ ਗਿਰਾਏ ਦੇ, ਵਾਪਸ ਲੈ ਆਵੇ ਤਾਂ ਉਸਨੂੰ ਮੂੰਹ ਮੰਗਿਆ ਇਨਾਮ ਮਿਲੇਗਾ। ਪਰ ਜੇ ਇਕ ਬੂੰਦ ਵੀ ਕਿਧਰੇ ਰਾਹ ਵਿਚ ਡਿਗ ਪਈ, ਤਾਂ ਸੁਖਦੇਵ ਦੇ ਪਿਛੇ ਪਿਛੇ ਨੰਗੀ ਤਲਵਾਰ ਚੁੱਕਕੇ ਆਉਂਦਾ ਜਲਾਦ, ਉਸੇ ਛਿਣ ਉਸਦਾ ਸਿਰ ਵੱਢ ਦੇਵੇਗਾ। ਜਦੋਂ ਸੁਖਦੇਵ ਨਗਰ ਦੀ ਪ੍ਰਕਰਮਾਂ ਤੋਂ ਨਿਕਲਿਆ ਤਾਂ ਜਨਕ ਨੇ ਨਗਰ ਦੇ ਚਾਰ ਚੁਫੇਰੇ ਜਿਥੋਂ ਜਿਥੋਂ ਸੁਖਦੇਵ ਨੇ ਲੰਘਣਾ ਸੀ, ਉਥੇ ਉਥੇ ਰੰਗ-ਤਮਾਸ਼ੇ ਤੇ ਨਾਚ ਰਚਾ ਦਿਤੇ। ਪਰ ਸੁਖਦੇਵ ਆਸੇ ਪਾਸੇ ਵਲ ਕਿਧਰੇ ਨਹੀਂ ਸੀ ਵੇਖਦਾ ਕਿ ਮਤਾਂ ਬੇਧਿਆਨੀ ਵਿਚ ਕੋਈ ਬੂੰਦ ਹੇਠਾਂ ਡੁਲ੍ਹ ਜਾਵੇ, ਕਾਲ ਦੀ ਤਲਵਾਰ, ਜੋ ਉਸਦੇ ਸਿਰ 'ਤੇ ਲਟਕ ਰਹੀ ਹੈ, ਉਸਨੂੰ ਖ਼ਤਮ ਕਰ ਦੇਵੇ। ਉਸਨੇ ਕਟੋਰੇ ਵਿਚ ਧਿਆਨ ਜੋੜੀ ਰਖਿਆ ਤੇ ਬਿਨਾਂ ਇਕ ਕਤਰਾ ਡੋਗੇ, ਸਹੀ ਸਲਾਮਤ ਵਾਪਸ ਟਿਕਾਣੇ ਪਹੁੰਚ ਗਿਆ। ਇਹ ਕਥਾ ਪ੍ਰੇਮਾ-ਭਗਤੀ ਵਿਚ ਕਰਦੀ ਇਕਾਗਰ ਸਾਧਨਾ ਦੇ ਪ੍ਰਮਾਣ ਵਜੋਂ ਵਰਤੀ ਜਾਂਦੀ ਹੈ।

(ਕ-263) **ਕਾਲ ਦਿਓ ਤੇ ਕਬੀਰੂ** :

ਰਾਜੇ ਰਸਾਲੂ ਨੇ, ਜਿਨ੍ਹਾਂ ਸੱਤਾਂ ਰਾਖਸ਼ਾਂ ਦਾ ਮਾਣਕਿਆਲੇ ਵਿਖੇ ਨਾਸ ਕੀਤਾ ਸੀ, ਉਨ੍ਹਾਂ ਵਿਚੋਂ ਦੋ ਰਾਖਸ਼ ਕਾਲ ਦਿਓ ਤੇ ਕਬੀਰੂ ਬੜੇ ਸ਼ਕਤੀਸ਼ਾਲੀ ਸਨ। ਬਾਕੀ ਪੰਜਾਂ ਰਾਖਸ਼ਾਂ ਦੇ ਨਾਂ ਟੁੰਡੀਆ, ਮੁੰਡੀਆ, ਰੁਖੜੂ, ਗਰਜਾ ਤੇ ਥਿਰਿਆ ਸਨ। ਇਹ ਸਭ ਰਾਖਸ਼ ਅਥਾਹ ਸ਼ਕਤੀਆਂ ਦੇ

ਮਾਲਕ ਸਨ ਅਤੇ ਇਨ੍ਹਾਂ ਸਭਨਾਂ ਨੇ ਪ੍ਰਕ੍ਰਿਤੀ ਦੀ ਕਿਸੇ ਨਾ ਕਿਸੇ ਸ਼ਕਤੀ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਸੀ। ਕਾਲ ਦਿਓ ਜੋ ਇਨ੍ਹਾਂ ਸਭਨਾਂ ਵਿਚੋਂ ਵਡਾ ਸੀ, ਉਸਨੇ ਪਹਾੜਾਂ ਦੀ ਆਤਮ ਸ਼ਕਤੀ ਨੂੰ, ਆਪਣੇ ਕਾਬੂ ਵਿਚ ਕੀਤਾ ਹੋਇਆ ਸੀ। ਜੰਗਲ ਦੇ ਸਾਰੇ ਦਰੱਖਤ ਰੁੱਖੜ ਦੈਂਤ ਦਾ ਹੁਕਮ ਪਾਲਦੇ ਸਨ। ਗਰਜੇ ਦਾ ਹਵਾ ਪਾਣੀ ਉਤੇ ਪੂਰਾ ਅਧਿਕਾਰ ਸੀ। ਕਬੀਰੂ ਦਾ ਹਨੇਰੀ ਝੱਖੜ ਉਤੇ। ਟੁੰਡੀਏ ਨੇ ਧੁੰਦ ਨੂੰ ਵਸ ਵਿਚ ਕੀਤਾ ਹੋਇਆ ਸੀ ਅਤੇ ਮੁੰਡੀਏ ਨੇ ਧੂਏ ਨੂੰ। ਥਿਰੀਆ ਦਾ ਬੱਦਲਾਂ ਉਤੇ ਅਧਿਕਾਰ ਸੀ ਇਸ ਤਰ੍ਹਾਂ ਸਾਰੀ ਕੁਦਰਤ ਇਨ੍ਹਾਂ ਸੱਤਾਂ ਰਾਖਸ਼ਾਂ ਨੇ ਵਸ ਵਿਚ ਕੀਤੀ ਹੋਈ ਸੀ।

ਰਸਾਲੂ ਨੇ ਰਾਖਸ਼ਾਂ ਉਤੇ ਧਾਵਾ ਬੋਲਿਆ। ਪਹਿਲਾਂ ਉਨ੍ਹਾਂ ਰਸਾਲੂ ਦਾ ਡੱਟ ਕੇ ਮੁਕਾਬਲਾ ਕੀਤਾ। ਪਰ ਉਹ ਉਹਦੀ ਤਾਬ ਨਾ ਲਾ ਸਕੇ ਤੇ ਜਿਧਰ ਮੂੰਹ ਆਇਆ ਨੱਠ ਗਏ। ਕਬੀਰੂ ਕੱਸੀ ਦੇ ਪਾਣੀ ਵਿਚ ਛੁਪ ਗਿਆ। ਰਸਾਲੂ ਨੇ ਤੋਤੇ ਦੀ ਮਦਦ ਨਾਲ ਕਬੀਰੂ ਨੂੰ ਲਭਿਆ। ਤੋਤੇ ਨੇ ਇਕ ਥਾਂ ਪਾਣੀ ਵਿਚ ਬੁਲਬੁਲੇ ਉਠਦੇ ਵੇਖੇ। ਉਸੇ ਪਾਣੀ ਹੇਠ ਕਬੀਰੂ ਛੁਪਿਆ ਬੈਠਾ ਸੀ। ਜਦੋਂ ਕਬੀਰੂ ਪਾਣੀ ਵਿਚ ਸਾਹ ਲੈਣ ਲਈ ਹਵਾ ਖਿਚਦਾ ਤਾਂ ਕੁਲਬੁਲੇ ਬਣਦੇ ਸਨ। ਰਸਾਲੂ ਨੇ ਬੁਲਬੁਲਿਆਂ ਦਾ ਨਿਸ਼ਾਨਾ ਬੰਨ੍ਹ ਕੇ ਪਾਣੀ ਵਿਚ ਤੀਰ ਛਡਿਆ, ਜੋ ਕਬੀਰੂ ਦੀ ਖੋਪੜੀ ਨੂੰ ਚੀਰਦਾ, ਉਸਦੇ ਜਿਸਮ ਵਿਚੋਂ ਪਾਰ ਲੰਘ ਗਿਆ। ਅਤੇ ਕਬੀਰੂ ਨੇ ਪਾਣੀ ਵਿਚ ਹੀ ਸਿੱਸਕ ਸਿੱਸਕ ਕੇ ਪ੍ਰਾਣ ਤਿਆਗ ਦਿਤੇ। ਉਸਦੇ ਸਰੀਰ ਵਿਚੋਂ ਲਹੂ ਦੀਆਂ ਤਤੀਰੀਆਂ ਨਿਕਲੀਆਂ, ਜਿਸ ਨਾਲ ਕੱਸੀ ਦਾ ਰੰਗ ਉਦੋਂ ਤੋਂ ਹਮੇਸ਼ਾਂ ਲਈ ਲਾਲ ਹੋ ਗਿਆ। ਉਦੋਂ ਤੋਂ ਕੱਸੀ ਦੇ ਪਾਣੀ ਵਿਚੋਂ ਲਹੂ ਦੀ ਗੰਧ ਆਉਂਦੀ ਹੈ।

ਕਾਲ ਦਿਓ ਇਕ ਪਹਾੜੀ ਉਤੇ ਚਟਾਨ ਦਾ ਰੂਪ ਧਾਰ ਕੇ ਜਾ ਲੰਮਾ ਪਿਆ। ਰਸਾਲੂ ਨੇ ਉਸਨੂੰ ਬੜੇ ਤੀਰ ਮਾਰੇ, ਪਰ ਉਹਦੇ ਸਿਲ ਹੋ ਗਏ ਜਿਸਮ ਤੇ ਕੋਈ ਅਸਰ ਨਾ ਹੋਇਆ। ਰਸਾਲੂ ਨੇ ਰਾਖਸ਼ਾਂ ਦੀ ਭੈਣ ਥੀਰੂ ਨੂੰ ਭਰੋਸੇ ਵਿਚ ਲੈ ਕੇ, ਉਹਦੇ ਤੋਂ ਕਾਲ ਦਿਓ ਦੀ ਮੌਤ ਦਾ ਰਾਜ਼ ਪੁਛਿਆ। ਥੀਰੂ ਨੇ ਮਜਬੂਰ ਹੋ ਕੇ ਦਸਿਆ ਕਿ ਜਦੋਂ ਕਾਲ ਦਿਓ ਸਿੱਲ-ਪੱਥਰ ਹੋ ਜਾਂਦਾ ਹੈ, ਤਾਂ ਉਹਦਾ ਦਿਲ ਪੱਥਰ ਨਹੀਂ ਬਣਦਾ, ਉਹ ਮਾਸ ਦੀ ਬੋਟੀ ਹੀ ਬਣਿਆ ਰਹਿੰਦਾ ਹੈ। ਉਸ ਦੇ ਧੜਕਦੇ ਦਿਲ ਵਿਚ ਤੀਰ ਮਾਰਨ ਨਾਲ ਉਹਦੀ ਮਿਰਤੂ ਹੋ ਸਕਦੀ ਹੈ।

ਰਸਾਲੂ ਨੇ ਕਾਲ ਦਿਓ ਦੇ ਧੜਕਦੇ ਦਿਲ ਵਿਚ ਤੀਰ ਮਾਰ ਕ ਉਸਨੂੰ ਖ਼ਤਮ ਕਰ ਦਿੱਤਾ।

(ਕ-264) **ਕਾਲਨੇਮੀ** :

(1) ਇਕ ਅਸੁਰ ਜੋ ਰਾਵਣ ਦਾ ਚਾਚਾ ਸੀ। ਰਾਮਾਇਣ ਅਨੁਸਾਰ ਜਦੋਂ ਹਨੂਮਾਨ ਸੰਜੀਵਨੀ ਬੂਟੀ ਦੀ ਭਾਲ ਵਿਚ ਗੰਧਮਾਦਨ ਪਰਬਤ ਉਤੇ ਗਿਆ, ਤਾਂ ਰਾਵਣ ਨੇ ਅੱਧਾ ਰਾਜ ਦੇਣ ਦਾ ਲਾਲਚ ਦੇ ਕੇ ਹਨੂਮਾਨ ਨੂੰ ਮਾਰਨ ਵਾਸਤੇ, ਕਾਲਨੇਮੀ ਨੂੰ ਭੇਜਿਆ। ਕਾਲਨੇਮੀ, ਸਾਧੂ ਦਾ ਭੇਖ ਧਾਰ ਕੇ, ਹਨੂਮਾਨ ਤੋਂ ਪਹਿਲਾਂ ਹੀ ਉਥੇ ਪਹੁੰਚ ਗਿਆ ਅਤੇ ਹਨੂਮਾਨ ਨੂੰ ਆਪਣੀ ਕੁਟੀਆ ਵਿਚ ਭੋਜਨ ਖਾਣ ਦਾ ਨਿਓਤਾ ਦਿਤਾ।

ਗੰਧਮਾਦਨ ਦੇ ਇਕ ਸਰੋਵਰ ਵਿਚ ਇਸ਼ਨਾਨ ਕਰਨ ਲਗਿਆਂ, ਹਨੂਮਾਨ ਦਾ ਪੈਰ ਇਕ ਮਗਰਮੱਛ ਨੇ ਆਪਣੇ ਦੰਦਾਂ ਵਿਚ ਜਕੜ ਲਿਆ। ਹਨੂਮਾਨ ਨੇ ਮਗਰਮੱਛ ਨੂੰ ਪਾਣੀ ਵਿਚੋਂ ਧੂਹ ਕੇ ਬਾਹਰ ਕੱਢਿਆ ਅਤੇ ਮਾਰ ਦਿੱਤਾ। ਉਸ ਦੀ ਲੋਥ ਵਿਚੋਂ ਇਕ ਸੁੰਦਰ ਅਪੱਛਰਾ ਉਦੇ ਹੋਈ, ਜਿਸ ਨੇ ਹਨੂਮਾਨ ਨੂੰ ਦਸਿਆ ਕਿ ਦਕਸ਼ ਦੇ ਸਰਾਪ ਕਾਰਨ, ਉਹਨੂੰ ਇਹ ਜੂਨ ਭੋਗਣੀ ਪਈ ਅਤੇ ਉਹਦੀ ਮੁਕਤੀ ਹਨੂਮਾਨ ਦੇ ਹਥੋਂ ਹੀ ਲਿਖੀ ਸੀ। ਅਪੱਛਰਾ ਨੇ ਹੀ ਹਨੂਮਾਨ ਨੂੰ ਕਾਲਨੇਮੀ ਦੀ ਅਸਲੀਅਤ ਦਸ ਕੇ, ਸੁਚੇਤ ਰਹਿਣ ਲਈ ਕਿਹਾ। ਕਾਲਨੇਮੀ ਨੇ ਆਪਣੇ ਮਾਇਆ-ਜਾਲ ਦੁਆਰਾ ਪਹਾੜ ਦੀਆਂ ਸਭ ਬੂਟੀਆਂ ਉਤੇ ਅਜਿਹਾ ਮੰਤਰ ਧੂੜਿਆ ਕਿ ਉਹ ਸਭ ਸੰਜੀਵਨੀ ਬੂਟੀ ਦਾ ਭੁਲੇਖਾ ਪਾਉਣ ਲਗੀਆਂ। ਤਾਂ ਹਨੂਮਾਨ ਕਾਲਨੇਮੀ ਕੋਲ ਗਿਆ ਤੇ ਉਸ ਨੂੰ ਪੈਰ ਤੋਂ ਫੜ ਕੇ ਇਤਨੇ ਜ਼ੋਰ ਨਾਲ ਘੁੰਮਾ ਕੇ ਸੁਟਿਆ ਕਿ ਉਹ ਰਾਵਣ ਦੇ ਦਰਬਾਰ ਵਿਚ ਉਹਦੇ ਪੈਰਾਂ ਵਿਚ ਜਾ ਡਿਗਿਆ ਤੇ ਪ੍ਰਾਣ ਤਿਆਗ ਦਿੱਤੇ।

(2) ਪੁਰਾਣਾਂ ਅਨੁਸਾਰ ਕਾਲਨੇਮੀ ਇਕ ਦੈਂਤ ਸੀ, ਜੋ ਵਿਰੋਚਨ ਦਾ ਪੁੱਤਰ ਅਤੇ ਹਿਰਣਯਕਸ਼ਿਪ ਦਾ ਪੋਤਰਾ ਸੀ। ਇਸ ਨੇ ਦੇਵਤਿਆਂ ਨੂੰ ਇੰਦਰਪੁਰੀ ਵਿਚੋਂ ਕੱਢ ਕੇ ਉਥੇ ਕਬਜ਼ਾ ਕਰ ਲਿਆ। ਅਖੀਰ, ਵਿਸ਼ਨੂੰ ਦੇ ਹਥੋਂ ਇਹਦਾ ਸੰਘਾਰ ਹੋਇਆ।

ਪੌਰਾਣਿਕ ਪਰੰਪਰਾ ਅਨੁਸਾਰ ਕੰਸ ਪੂਰਬਲੇ ਜਨਮ ਵਿਚ ਕਾਲਨੇਮੀ ਦੈਂਤ ਹੀ ਸੀ।

(ਕ-265) **ਕਾਲ ਪੀਹੜੀ** :

ਇਤਿਹਾਸ ਵਿਚ ਇਕ ਸਮਾਂ ਅਜਿਹਾ ਵੀ ਆਇਆ, ਜਦੋਂ ਬੇਦੀਆਂ ਦੀਆਂ ਧੀਆਂ ਨੂੰ, ਗੁਰੂ ਨਾਨਕ ਦੇਵ ਜੀ ਦੀ ਅੰਸ਼-ਔਲਾਦ ਸਮਝ ਕੇ, ਉਨ੍ਹਾਂ ਪ੍ਰਤੀ ਸਤਿਕਾਰ ਵਜੋਂ, ਕੋਈ ਵਿਆਹ ਨਹੀਂ ਸੀ ਕਰਦਾ। ਉਦੋਂ ਬੇਦੀਆਂ ਵਿਚ ਕੁੜੀਆਂ ਮਾਰਨ ਦਾ ਰਵਾਜ ਆਮ ਪ੍ਰਚਲਤ ਹੋ ਗਿਆ।

ਰਵਾਇਤ ਹੈ ਕਿ ਬਾਬਾ ਸ੍ਰੀ ਚੰਦ ਦੇ ਮੰਦਰ, ਜੋ ਪਖੋ ਕੇ

(ਡੇਹਰਾ ਬਾਬਾ ਨਾਨਕ) ਵਿਚ ਹੈ, ਕਦੇ ਇਕ ਪੀਹੜੀ ਪਈ ਹੁੰਦੀ ਸੀ, ਜਿਸ ਨੂੰ 'ਕਾਲ ਪੀਹੜੀ' ਕਹਿੰਦੇ ਸਨ। ਜਦੋਂ ਬੇਦੀਆਂ ਦੇ ਘਰ ਕੋਈ ਧੀ ਜੰਮਦੀ ਤਾਂ ਉਹ ਇਸ ਕਾਲ ਪੀਹੜੀ ਉੱਤੇ ਲਿਟਾ ਜਾਂਦੇ, ਜਿਥੇ ਉਹ ਕੁੜੀ ਆਪਣੇ ਆਪ ਹੀ ਪਈ ਪਈ ਮਰ ਜਾਂਦੀ। ਮਗਰੋਂ ਰਾਵੀ ਵਿਚ ਹੜ੍ਹ ਆਉਂਦੇ ਨਾਲ, ਇਸ ਮੰਦਰ ਦੀ ਤਬਾਹੀ ਵੀ ਹੋ ਗਈ ਨਾਲ ਇਹ ਪੀੜ੍ਹੀ ਵੀ ਰੁੜ੍ਹ ਗਈ।

(ਕ-266) **ਕਾਲਮੁੱਖੀ** :

(1) ਕਾਲੇ ਮੁੱਖ ਵਾਲੇ ਉਹ ਲੋਕ, ਜੋ ਮਨੁੱਖਾਂ ਤੇ ਰਾਖਸ਼ਣੀਆਂ ਦੇ ਸੰਜੋਗ ਤੋਂ ਪੈਦਾ ਹੋਏ।

(2) ਸਲਵਾਨ ਦੀ ਦੰਦ-ਕਥਾ ਵਿਚ ਇਕ ਰਾਜੇ ਕਾਲਮੁਖੀ ਦਾ ਵਰਨਣ ਹੈ, ਜੋ ਬੜਾ ਅਤਿਆਚਾਰੀ, ਅਯਾਸ਼ ਤੇ ਵਿਭਚਾਰੀ ਸੀ। ਇਸ ਦਾ ਹੁਕਮ ਸੀ ਕਿ ਜਿਹੜਾ ਡੋਲਾ ਉਸਦੇ ਰਾਜ ਵਿਚ ਆਵੇ ਜਾਂ ਰਾਜ ਵਿਚੋਂ ਲੰਘੇ, ਉਹ ਇਕ ਰਾਤ ਲਈ ਰਾਜੇ ਦੇ ਮਹਿਲਾਂ ਵਿਚ ਰਖਿਆ ਜਾਵੇ। ਰਾਜਾ ਉਸ ਕੰਨਿਆਂ ਨੂੰ ਪਹਿਲਾਂ ਭੋਗਦਾ ਤੇ ਫਿਰ ਸੁਗਾਤਾਂ ਦੇ ਕੇ ਵਿਦਾ ਕਰ ਦੇਂਦਾ। ਸਲਵਾਨ ਨੇ ਬਾਸਕ ਨਾਗ ਦੀ ਮਦਦ ਨਾਲ ਕਾਲਮੁਖੀ ਨੂੰ ਮਾਰ ਮੁਕਾਇਆ।

(3) ਸ਼ੈਵ ਮਤ ਨਾਲ ਸੰਬੰਧਿਤ ਇਕ ਸੰਪਰਦਾਇ, ਇਹ ਸ਼ਿਵ ਜੀ ਦੀ ਮਹਾਕਾਲ ਜਾਂ ਭੈਰੋਂ ਦੇ ਰੂਪ ਵਿਚ ਪੂਜਾ ਕਰਦੇ ਹਨ, ਜੋ ਸ਼ਿਵ ਦਾ ਵਿਕਰਾਲ ਰੂਪ ਹੈ। ਇਸ ਪਖੋਂ ਇਹ ਲੋਕ ਅਗੋਹਰੀਆ ਨਾਲ ਜਾ ਰਲਦੇ ਹਨ। ਇਹ ਲੋਕ ਕਪਾਲ ਵਿਚ ਭੋਜਨ ਕਰਦੇ, ਮਸਾਣ ਦਾ ਸੇਵਨ ਕਰਦੇ, ਪਿੰਡੇ ਤੇ ਭਸਮ ਰਮਾਂਦੇ, ਡੰਡਾ ਧਾਰਨ ਕਰਦੇ ਅਤੇ ਸੁਰ-ਪਾਤਰ ਹਮੇਸ਼ਾ ਕੋਲ ਰਖਦੇ ਹਨ। ਇਸੇ ਸੁਰ-ਪਾਤਰ ਵਿਚ ਭੈਰੋਂ ਦੀ ਪੂਜਾ ਕਰਦੇ ਹਨ। ਕਾਲਮੁਖੀ ਕਾਪਾਲਕਾ ਦੀ ਹੀ ਇਕ ਕਟੜਪੰਥੀ ਕਿਸਮ ਹੈ।

ਕਾਲਮੁਖੀ ਮਥੇ ਉੱਤੇ ਕਾਲੀਆਂ ਧਾਰੀਆਂ ਦਾ ਟਿੱਕਾ ਲਗਾਂਦੇ ਹਨ। ਇਸੇ ਤੋਂ ਇਨ੍ਹਾਂ ਦਾ ਨਾਂ ਕਾਲਮੁਖੀ ਪੈ ਗਿਆ। ਪਰ 'ਸਰਵਦਰਸ਼ਨ ਸੰਗ੍ਰਹਿ' ਅਨੁਸਾਰ ਇਹ ਸ਼ਿਵ ਜੀ ਦੀ ਨੀਲ ਕੰਠੀ, ਕ੍ਰਿਸ਼ਨ ਵਰਣ ਅਤੇ ਮੁੰਡਮਾਲਾ ਧਾਰੀ ਦੀ ਸ਼ਕਲ ਵਿਚ ਉਪਾਸਨਾ ਕਰਨ ਕਰਕੇ ਕਾਲਮੁਖੀ ਅਖਵਾਂਦੇ ਹਨ।

(ਕ-267) **ਕਾਲ ਭੈਰਵ** :

ਭੈਰਵ ਰੁਦ੍ਰ ਅਥਵਾ ਸ਼ਿਵ ਦਾ ਹੀ ਇਕ ਵਿਕਰਾਲ ਰੂਪ ਹੈ। ਪੁਰਾਣਾਂ ਅਨੁਸਾਰ ਭੈਰਵ ਦੇ ਅੱਠ ਰੂਪ ਹਨ-ਅਸਿਤਾਂਗ, ਸੰਹਾਰ, ਰੁਰੁ, ਕਾਲ, ਕ੍ਰੋਧ, ਤਾਮ੍ਰਚੂੜ, ਚੰਦ੍ਰਚੂਡ ਅਤੇ ਮਹਾਨ। ਇਨ੍ਹਾਂ ਸਭਨਾਂ ਵਿਚ ਕਾਲ ਭੈਰਵ ਦੀ ਜਿਆਦਾ ਮਾਨਤਾ ਹੈ। ਪੰਜਾਬ ਤੇ ਉਤਰੀ ਭਾਰਤ ਦੇ ਕਈ ਹੋਰ ਭਾਗਾਂ ਵਿਚ ਕਾਲ ਭੈਰਵ ਨਾਲ ਕੁੱਤਾ ਹੁੰਦਾ ਹੈ। ਕੁੱਤੇ ਦੀ ਸਵਾਰੀ ਕਰਨ ਕਰਕੇ ਇਹ ਸਵਾਸਵ ਨਾਂ ਨਾਲ ਪ੍ਰਸਿਧ ਹੈ। ਭੈਰੋਂ ਕਾਲ ਭੈਰੋਂ ਦੇ ਰੂਪ ਵਿਚ ਹੀ ਸ਼ਿਵ ਮੰਦਰਾਂ ਦਾ ਰਾਖਾ ਹੈ। ਇਸ ਦੀਆਂ ਅੱਠ ਬਾਹਵਾਂ ਹਨ, ਕੰਠ ਵਿਚ ਮੁੰਡ ਮਾਲਾ ਤੇ ਕੁੰਡਲ ਹਨ। ਬਾਹਵਾਂ ਵਿਚ ਸੱਪ ਦੇ ਕੰਗਣ ਹਨ, ਕੰਠ ਦੁਆਲੇ ਸੱਪ ਕੁੰਡਲ ਮਾਰੀ ਰਖਦਾ ਹੈ। ਕਾਲ ਭੈਰਵ ਦੇ ਹੱਥ ਵਿਚ ਤਲਵਾਰ ਤੇ ਦੂਜੇ ਵਿਚ ਲਹੂ ਦਾ ਛੰਨਾ ਹੈ।

ਸ਼ਿਵ ਦੇ ਇਕ ਰੂਪ ਵਜੋਂ, ਕਾਲ ਭੈਰੋਂ ਦੀ, ਚੰਦਰਮਾਸ ਦੀ ਹਨੇਰੀ ਅਸ਼ਟਮੀ ਨੂੰ ਪੂਜਾ ਕੀਤੀ ਜਾਂਦੀ ਹੈ। ਖਾਸ ਤੌਰ ਤੇ ਕੱਤਕ ਦੀ ਅਸ਼ਟਮੀ ਨੂੰ, ਜੋ ਉਹਦਾ ਜਨਮ ਦਿਵਸ ਵੀ ਹੈ। ਬਨਾਰਸ ਵਿਚ ਕਾਲ-ਭੈਰੋਂ ਦਾ ਇਕ ਮੰਦਰ ਹੈ ਜੋ ਗੋਰਖ-ਪੰਥੀਆਂ ਨਾਲ ਸੰਬੰਧਿਤ ਹੈ। ਇਥੇ ਜੋਗੀਆਂ ਦਾ ਅਖਾੜਾ ਵੀ ਹੈ। ਲਾਹੌਰ ਵਿਚ ਟਕਸਾਲੀ ਗੇਟ ਦੇ ਕੋਲ ਆਦੀ-ਪੰਥੀਆਂ ਦਾ ਇਕ ਡੇਰਾ ਹੈ। ਇਥੇ ਸ਼ਿਵ ਦਾ ਮੰਦਰ ਤੇ ਕੁਝ ਸਮਾਧੀਆਂ ਵੀ ਹਨ। ਮੰਦਰ ਦੇ ਸਾਹਮਣੇ ਇਕ ਕਾਲਾ ਭਰਮਾ ਗੋਲ ਪੱਥਰ ਹੈ, ਜਿਸ ਵਿਚ ਕਾਲ ਭੈਰੋਂ ਦੀ ਮੂਰਤੀ ਉਕਰੀ ਹੋਈ ਹੈ। ਉਹਨੇ ਹਥ ਵਿਚ ਤ੍ਰਿਸ਼ੂਲ ਟੁੰਗਿਆ ਹੋਇਆ ਹੈ (ਵੇਖੋ : ਭੈਰੋਂ)।

(ਕ-268) **ਕਾਲ ਯਵਨ** :

ਇਕ ਦੈਂਤ ਜੋ ਗੋਪਾਲੀ ਅਪੱਛਰਾ ਦੇ ਉਦਰ ਤੋਂ ਗਰੱਗਯ ਰਿਸ਼ੀ ਦਾ ਪੁੱਤਰ ਸੀ। ਰੰਗ ਦਾ ਕਾਲਾ ਹੋਣ ਕਰਕੇ ਇਸ ਦਾ ਇਹ ਨਾਉਂ ਪੈ ਗਿਆ। ਯਾਵਨ ਉਪਾਧੀ ਤੋਂ ਖਿਆਲ ਕੀਤਾ ਜਾਂਦਾ ਹੈ ਕਿ ਇਹ ਯੂਨਾਨੀ ਸੀ। ਡਾਕਟਰ ਸਪੂਨਰ ਇਸ ਨੂੰ ਪਰਸ਼ੀਆ ਦਾ ਰਾਜਾ ਲਿਖਦਾ ਹੈ। ਇਸ ਪ੍ਰਦੇਸੀ ਧਾੜਵੀ ਨੇ ਮਥਰਾ ਉੱਤੇ ਜਦੋਂ ਕ੍ਰਿਸ਼ਨ ਦੇ ਰਾਜ ਅਧਿਕਾਰ ਵੇਲੇ ਧਾਵਾ ਬੋਲਿਆ, ਫਲਸਰੂਪ ਕ੍ਰਿਸ਼ਨ ਨੂੰ ਮਥਰਾ ਖ਼ਾਲੀ ਕਰਕੇ ਦਵਾਰਕਾ ਜਾਣਾ ਪਿਆ। ਮਗਧ ਦਾ ਰਾਜਾ ਜਰਾਸਿੰਧ ਸੀ ਅਤੇ ਕ੍ਰਿਸ਼ਨ ਦੇ ਮਾਮੇ ਕੰਸ ਦਾ ਸਹੁਰਾ ਸੀ, ਨੇ ਮਥਰਾ ਉੱਤੇ ਪਹਿਲਾਂ ਧਾਵਾ ਬੋਲਿਆ ਤੇ ਸ਼ਹਿਰ ਨੂੰ ਘੇਰੇ ਵਿਚ ਲੈ ਲਿਆ। ਕਾਲ ਯਵਨ ਜਰਾਸਿੰਧ ਦਾ ਮਿਤ੍ਰ ਸੀ, ਉਹ ਤਿੰਨ ਕਰੋੜ ਦਾ ਲਸ਼ਕਰ ਲੈ ਕੇ ਜਰਾਸਿੰਧ ਦੀ ਮਦਦ ਵਾਸਤੇ ਪਹੁੰਚਿਆ। ਇਨ੍ਹਾਂ ਦੋਹਾਂ ਨਾਲ, ਕ੍ਰਿਸ਼ਨ ਨੇ 17 ਵਾਰ ਯੁੱਧ ਕੀਤੇ। ਅਖੀਰ ਕ੍ਰਿਸ਼ਨ ਹਾਰ ਖਾ ਕੇ ਮੈਦਾਨ ਵਿਚੋਂ ਨੱਠ ਪਿਆ। ਕਾਲ ਯਵਨ ਨੇ ਕ੍ਰਿਸ਼ਨ ਦਾ ਪਿੱਛਾ ਕੀਤਾ। ਕ੍ਰਿਸ਼ਨ ਨੱਠਦਾ ਹੋਇਆ, ਪਹਾੜ ਦੀ ਇਕ ਗੁਫਾ ਵਿਚ ਜਾ ਛੁਪਿਆ, ਜਿਥੇ ਮੁਚਕੰਦ ਲੰਮੀ ਨੀਂਦਰ ਸੁੱਤਾ ਪਿਆ ਸੀ। ਮੁਚਕੰਦ ਨੇ ਦੇਵਤਿਆਂ ਨਾਲ ਕਈ ਯੁੱਧ ਲੜੇ ਸਨ। ਜਦੋਂ ਕਾਰਤਿਕੇਯ ਨੇ ਜਨਮ ਲਿਆ ਤਾਂ ਇੰਦਰ ਨੇ

ਮੁਚਕੰਦ ਨੂੰ ਦੁਆਪਰ ਯੁਗ ਤਕ ਲੰਮੀਆਂ ਤਾਣ ਕੇ ਸੌਣ ਵਾਸਤੇ ਕਿਹਾ। ਨਾਲ ਹੀ ਵਰ ਦਿਤਾ ਕਿ ਜਿਹੜਾ ਤੈਨੂੰ ਨੀਂਦਰ ਤੋਂ ਉਠਾਏਗਾ, ਉਹ ਤੇਰੀ ਕਹਿਰ ਭਰੀ ਨਜ਼ਰ ਨਾਲ ਭਸਮ ਹੋ ਜਾਵੇਗਾ। ਕ੍ਰਿਸਨ ਨੇ ਗੁਫਾ ਦੇ ਅੰਦਰ ਆ ਕੇ, ਕਾਲ ਯਵਨ ਨੂੰ ਭੁਲੇਖੇ ਵਿਚ ਪਾਉਣ ਲਈ, ਆਪਣੀ ਚਾਦਰ ਮੁਚਕੰਦ ਉਤੇ ਪਾ ਦਿਤੀ ਤੇ ਆਪ ਇਕ ਪਾਸੇ ਛੁਪ ਗਿਆ। ਕਾਲ ਯਵਨ ਪਿੱਛਾ ਕਰਦਾ ਹੋਇਆ ਗੁਫਾ ਦੇ ਅੰਦਰ ਆਇਆ ਤੇ ਮੁਚਕੰਦ ਨੂੰ ਹੀ ਕ੍ਰਿਸ਼ਨ ਸਮਝ ਕੇ ਉਸ ਨੂੰ ਠੁੱਡਾ ਮਾਰ ਕੇ ਜਗਾ ਦਿਤਾ। ਮੁਚਕੰਦ ਦੀ ਕਹਿਰ ਭਰੀ ਦ੍ਰਿਸ਼ਟੀ ਪੈਂਦੇ ਸਾਰ ਕਾਲ ਯਵਨ ਭਸਮ ਹੋ ਗਿਆ।

ਵਿਸ਼ਨੂੰ ਪੁਰਾਣ ਅਤੇ ਹਰੀਵੰਸ ਅਨੁਸਾਰ, ਕਾਲ ਯਵਨ ਗਰੱਗ ਬ੍ਰਾਹਮਣ ਦਾ ਪੁੱਤਰ ਸੀ, ਜਿਸ ਦਾ ਯਾਦਵਾਂ ਨਾਲ ਵੈਰ ਸੀ। ਕਾਲ ਯਵਨ ਤੇ ਗਰੱਗ ਤੋਂ ਇਕ ਯਵਨ ਰਾਜੇ ਦੀ ਬਾਝ ਪਤਨੀ ਗੋਪਾਲੀ ਨਾਲ ਸੰਜੋਗ ਤੋਂ ਪੈਦਾ ਹੋਇਆ। ਭਾਗਵਤ ਅਨੁਸਾਰ ਕਾਲ ਯਵਨ ਨੂੰ ਨਾਰਦ ਰਿਸ਼ੀ ਨੇ ਮਗਧ ਦੇ ਜਰਾਸਿੰਧ ਦੀ ਮਦਦ ਲਈ ਭੇਜਿਆ ਸੀ।

ਭਾਰਤ ਵਿਚ ਕਾਲ ਯਵਨ ਦੇ ਕਈ ਉਪਾਸਕ ਹਨ, ਜੋ ਦੇਵਤੇ ਬਰਾਬਰ ਸਮਝਕੇ ਇਸਦੀ ਉਪਾਸ਼ਨਾ ਕਰਦੇ ਹਨ।

ਗੁਰਬਾਣੀ ਵਿਚ ਕਾਲ ਯਵਨ ਵਲ ਸੰਕੇਤ ਹੈ ਕਿ ਕਿਵੇਂ ਪ੍ਰਭੂ ਭਗਤਾਂ ਦੀ ਰਖਿਆ ਕਰਦਾ ਅਤੇ ਦੁਸ਼ਟਾਂ ਦਾ ਨਾਸ ਕਰਦਾ ਹੈ :—

ਜਰਾਸੰਧਿ ਕਾਲਜਮੁਨ ਸੰਘਾਰੇ।
ਰਕਤਬੀਜ ਕਾਲੁਨੇਮੁ ਬਿਦਾਰੇ॥ (ਗਉੜੀ ਮਹਲਾ ੧)

(ਕ-269) **ਕਾਲ ਰਾਤਰੀ :**

(1) ਹਿੰਦੂ ਸ਼ਾਸਤ੍ਰਾਂ ਅਨੁਸਾਰ ਮਨੁੱਖੀ ਜੀਵਨ ਦੀ ਇਕ ਵਿਸ਼ੇਸ਼ ਰਾਤ, ਜਿਸ ਉਪ੍ਰੰਤ ਪ੍ਰਾਣੀ ਨੂੰ ਕਿਸੇ ਕਿਸਮ ਦੇ ਧਰਮ-ਕਰਮ ਤੇ ਪੁੰਨ-ਦਾਨ ਦੀ ਲੋੜ ਨਹੀਂ ਰਹਿੰਦੀ। ਇਹ ਰਾਤ ਉਮਰ ਦੇ 77ਵੇਂ ਵਰ੍ਹੇ ਦੇ ਸਤਵੇਂ ਮਹੀਨੇ ਦੀ ਸਤਵੀਂ ਰਾਤ ਨੂੰ ਪੈਂਦੀ ਹੈ।

(2) ਕਾਲੀ ਦੇਵੀ ਦਾ ਇਕ ਨਾਉਂ; ਬਲੀ ਦੇਣ ਵੇਲੇ ਕੁਹਾੜੀ 'ਤੇ ਜੋ ਮੰਤਰ ਪੜ੍ਹੇ ਜਾਂਦੇ ਹਨ, ਉਨ੍ਹਾਂ ਵਿਚ ਕਾਲ-ਰਾਤਰੀ ਨੂੰ ਹੀ ਪਤਿਆਇਆ ਜਾਂਦਾ ਹੈ (ਵੇਖੋ : ਕਾਲੀ ਦੇਵੀ)।

(ਕ-270) **ਕਾਲਾ :**

ਕਾਲੀ ਵਸਤੂ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ ਜੁੜੇ ਹੋਏ ਹਨ। ਕਾਲੀ ਵਸਤ ਨਹਿਸ ਹੁੰਦੀ ਹੈ ਤੇ ਇਸਦਾ ਪ੍ਰਛਾਵਾਂ ਹੋਰ ਜ਼ਿਆਦਾ ਨਹਿਸ਼। ਕਾਲਾ ਰੰਗ ਬਦ-ਨਜ਼ਰ ਨੂੰ ਦੂਰ ਰਖਦਾ ਹੈ। ਇਸੇ ਲਈ ਕਈ ਹਲਵਾਈ ਦੁੱਧ ਦਹੀਂ ਦੀ ਕੜਾਹੀ ਵਿਚ ਕੋਲਾ ਰਖ ਦਿੰਦੇ ਹਨ। ਇਸ ਤਰ੍ਹਾਂ ਦੁੱਧ ਫਿਟਦਾ ਨਹੀਂ ਅਤੇ ਦਹੀਂ ਪਾਣੀ ਨਹੀਂ ਛਡਦਾ। ਕਈ ਮਾਵਾਂ ਆਪਣੇ ਬੱਚੇ ਦੇ ਮੱਥੇ ਤੇ ਕਾਲਖ ਜਾਂ ਸੁਰਮੇਂ ਨਾਲ ਕਾਟੇ ਦਾ ਨਿਸ਼ਾਨ ਲਗਾ ਦਿੰਦੀਆਂ ਹਨ। ਇਸ ਤਰ੍ਹਾਂ, ਬੱਚੇ ਦਾ ਸੁਹਜ ਖੰਡਿਤ ਹੋ ਜਾਣ ਕਾਰਣ, ਉਹ ਬਦ-ਨਜ਼ਰ ਤੋਂ ਬਚਿਆ ਰਹਿੰਦਾ ਹੈ। ਪਰ ਕੰਨਿਆਂ ਦੇ ਮੱਥੇ ਉਤੇ ਕਾਲਾ ਟਿੱਕਾ ਜਾਂ ਨਿਸ਼ਾਨ ਲਗਾਣਾ ਅਪਸ਼ਗਨ ਹੈ। ਕੁੱਲ ਨੂੰ ਦਾਗ ਲਗਦਾ ਹੈ।

ਮਕਾਨ ਨੂੰ ਨਜ਼ਰ ਤੋਂ ਬਚਾਣ ਲਈ, ਕਈ ਲੋਕ ਕਾਲੀ ਕਟਵੀ ਉਤੇ ਚਿਟੇ ਜਾਂ ਲਾਲ ਰੰਗ ਨਾਲ ਡਰਾਵਣੇ ਨਕਸ਼ ਬਣਾ ਕੇ, ਮਕਾਨ ਦੇ ਮੱਥੇ ਉਤੇ ਟੰਗ ਦਿੰਦੇ ਹਨ। ਕਈ ਲੋਕ ਮਕਾਨ ਦੇ ਮੱਥੇ ਕਾਲੀ ਜੁੱਤੀ ਲਟਕਾ ਦਿੰਦੇ ਹਨ। ਚੰਦਰੀ ਨਜ਼ਰ ਨੂੰ, ਦੂਰ ਰੱਖਣ ਲਈ, ਕਈ ਮਾਵਾਂ ਬੱਚਿਆਂ ਦੇ ਲੱਕ ਦੁਆਲੇ ਕਾਲਾ ਧਾਗਾ ਬੰਨ੍ਹ ਦਿੰਦੀਆਂ ਹਨ, ਜਿਸ ਵਿਚ ਕੋਈ ਕੌਡੀ ਪਰੋ ਦਿੱਤੀ ਜਾਂਦੀ ਹੈ। ਧਾਰਨਾ ਹੈ ਕਿ ਜੇ ਨਜ਼ਰ ਦਾ ਵਾਰ ਹੋਵੇ ਤਾਂ ਕੌਡੀ ਫੱਟ ਜਾਂਦੀ ਹੈ, ਤੇ ਬੱਚੇ ਨੂੰ ਨਜ਼ਰ ਨਹੀਂ ਲਗਦੀ।

ਜੇ ਕਾਲਾ ਭੂੰਡ ਕਿਸੇ ਦੇ ਘਰ ਗੇੜੇ ਕਟੇ ਤਾਂ ਇਹ ਸ਼ੁਭ ਸ਼ਗਨ ਹੈ। ਘਰ ਵਿਚ ਧਨ ਦੌਲਤ ਦਾ ਵਾਧਾ ਹੁੰਦਾ ਹੈ ਜਾਂ ਕੋਈ ਖ਼ੁਸ਼ਖਬਰੀ ਮਿਲਦੀ ਹੈ। ਕਾਲੇ ਮੋਟੇ ਭੂੰਡ ਨੂੰ 'ਸੱਪ ਦੀ ਨਾਨੀ' ਵੀ ਕਿਹਾ ਜਾਂਦਾ ਹੈ। ਸੱਪ ਜਦੋਂ ਸੌ ਵਰ੍ਹੇ ਉਮਰ ਭੋਗ ਲੈਂਦਾ ਹੈ, ਤਾਂ ਉਹ ਇਛਾਧਾਰੀ ਬਣਦਾ ਹੈ ਤੇ ਇੱਛਾ ਅਨੁਸਾਰ ਕੋਈ ਵੀ ਸਰੂਪ ਗ੍ਰਹਿਣ ਕਰ ਸਕਦਾ ਹੈ। ਪਰ ਜਦੋਂ ਸੱਪਣੀ ਦੇ ਦੁਹਤਰੇ ਜੰਮ ਪੈਣ ਤਾਂ ਉਹਦੇ ਵਿਚ ਕਾਲੇ ਭੂੰਡ ਦਾ ਰੂਪ ਗ੍ਰਹਿਣ ਕਰਨ ਦੀ ਸ਼ਕਤੀ ਵੀ ਆ ਜਾਂਦੀ ਹੈ ਤਾਂ ਹੀ ਇਸ ਨੂੰ ਸੱਪ ਦੀ ਨਾਨੀ ਕਹਿੰਦੇ ਹਨ। ਸੱਪ ਦਾ ਧਨ ਦੌਲਤ ਨਾਲ ਸੰਬੰਧ ਮੰਨਿਆ ਗਿਆ ਹੈ। ਇਹ ਖ਼ਜ਼ਾਨਿਆਂ ਦੀ ਰਾਖੀ ਕਰਦਾ ਹੈ, ਇਸ ਲਈ ਕਾਲਾ ਭੂੰਡ ਘਰ ਵਿਚ ਉਡੇ ਤਾਂ ਧਨ ਦਾ ਆਗਮਨ ਹੈ।

ਜਦੋਂ ਓਲੇ (ਗੜੇ) ਪੈ ਰਹੇ ਹੋਣ ਤਾਂ ਉਨ੍ਹਾਂ ਨੂੰ ਬੰਦ ਕਰਨ ਲਈ ਲੋਕੀਂ ਕਾਲੇ ਤਵੇ ਨੂੰ ਮੂੰਧਾ ਮਾਰ ਕੇ ਵਿਹੜੇ ਵਿਚ ਰਖ ਦਿੰਦੇ ਹਨ। ਭਾਵ ਇਹ ਹੈ ਕਿ ਲੋਕੀਂ ਓਲਿਆਂ ਦਾ ਸਵਾਗਤ ਨਹੀਂ ਕਰ ਰਹੇ ਤੇ ਗੜਿਆਂ ਦਾ ਮੂੰਹ ਕਾਲਾ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਗੜੇ ਪੈਣੋਂ ਹਟ ਜਾਂਦੇ ਹਨ।

ਪਹਿਲਿਆਂ ਵਿਚ ਚੋਰਾਂ ਤੇ ਵਿਭਚਾਰੀਆਂ ਦਾ ਮੂੰਹ ਕਾਲਾ ਕਰ ਕੇ ਖੋਤੇ ਉਤੇ ਪਿੱਠ ਵਲ ਮੂੰਹ ਕਰ ਕੇ, ਫਿਰਾ ਦੇਣ ਦਾ ਢੰਗ ਪ੍ਰਚਲਤ ਸੀ।

ਕਾਲੇ ਰੰਗ ਦੇ ਹਿਰਨ ਬਾਰੇ ਕਾਫ਼ੀ ਸਾਰੀ ਲੋਕਧਾਰਾ ਮਿਲਦੀ ਹੈ (ਵੇਖੋ : ਕੰਨ ਪਾਟੇ ਜੰਗੀ)।

ਭਡਵਾੜ ਗੋਤ ਦੇ ਖੱਤਰੀ ਵਿਆਹ ਜਾਂ ਹੋਰ ਮੰਗਲ ਕਾਰਜਾਂ ਵੇਲੇ, ਕਾਲੀ ਦੇਵੀ ਦੀ ਪੂਜਾ ਕਰਦੇ ਹਨ, ਖ਼ਾਸ ਤੌਰ ਤੇ ਜਨੇਊ ਦੀ ਰਸਮ ਵੇਲੇ।

ਜੇ ਕੋਈ ਓਪਰਾ ਬੰਦਾ ਕਾਲੇ ਤਿਲ ਪੇਸ਼ ਕਰੇ ਤਾਂ ਉਹ ਕਦੇ ਨਹੀਂ ਚਬਣੇ ਚਾਹੀਦੇ। ਕਿਸੇ ਹਥੋਂ ਕਾਲੇ ਤਿਲ ਖਾਣ ਵਾਲੇ ਨੂੰ, ਖਵਾਉਣ ਵਾਲੇ ਦਾ, ਅਗਲੇ ਜਨਮ, ਗ਼ੁਲਾਮ ਬਣ ਕੇ ਰਹਿਣਾ ਪਏਗਾ। ਵਿਆਹ ਵੇਲੇ ਕਈ ਲੋਕ ਦੂਲ੍ਹੇ ਦੀ ਤਲੀ ਤੇ ਕਾਲੇ ਤਿਲ ਜਾਂ ਕਾਲੇ ਤਿਲ ਤੇ ਸ਼ਕਰ ਰਲਾ ਕੇ ਦੂਲਣ ਨੂੰ ਖਵਾਂਦੇ ਹਨ ਤਾਂ ਜੋ ਦੂਲ੍ਹਣ ਦੂਲ੍ਹੇ ਦੇ ਵਸ ਵਿਚ ਰਹੇ। ਕਾਲੇ ਤਿਲਾਂ ਦੁਆਰਾ ਕਈ ਟੂਣੇ-ਟੱਪੇ ਵੀ ਕੀਤੇ ਜਾਂਦੇ ਹਨ। ਇਸ ਲਈ ਜੇ ਕਿਧਰੇ ਜ਼ਿਮੀਂ ਉਤੇ ਕਾਲੇ ਤਿਲ ਖਿਖਰੇ ਹੋਣ ਤਾਂ ਉਨ੍ਹਾਂ ਉਤੋਂ ਦੀ ਲੰਘਣਾ ਠੀਕ ਨਹੀਂ। ਹੋ ਸਕਦਾ ਹੈ, ਕਿਸੇ ਟੂਣਾ ਕੀਤਾ ਹੋਵੇ।

ਸਨਿਚਰਵਾਰ ਅਤੇ ਮੰਗਲਵਾਰ ਨੂੰ, ਕਾਲੇ ਮਾਂਹ ਦਾਨ ਕਰਨ ਨਾਲ ਸਰੀਰ ਦੇ ਸਾਰੇ ਕਸ਼ਟ ਦੂਰ ਹੋ ਜਾਂਦੇ ਮੰਨੇ ਗਏ ਹਨ।

ਚੇਤਰ-ਪੋਹ ਤੇ ਮਾਂਹ ਦੇ ਮਹੀਨੇ, ਅਸ਼ੁਭ ਹੋਣ ਕਰਕੇ, ਕਾਲੇ ਮਹੀਨੇ ਮੰਨੇ ਜਾਂਦੇ ਹਨ। ਇਨ੍ਹਾਂ ਵਿਚ ਮੰਗਲ ਕਾਰਜ ਨਹੀਂ ਕੀਤੇ ਜਾਂਦੇ। ਇਨ੍ਹਾਂ ਮਹੀਨਿਆਂ ਵਿਚ ਨਵੇਂ ਜੰਮੇ ਬਾਲ ਦਾ 'ਬਾਹਰ ਵਧਾਣ' ਵੀ ਨਹੀਂ ਕੀਤਾ ਜਾਂਦਾ। ਕਾਲੇ ਮਹੀਨੇ ਦਾ ਨਾਂ ਜੇ ਕਿਸੇ ਕਮੀ-ਕਮੀਣ ਤੋਂ ਸੁਣਿਆ ਜਾਵੇ ਤਾਂ ਇਹ ਮਹੀਨੇ ਅਸ਼ੁਭ ਨਹੀਂ ਰਹਿੰਦੇ। ਚੇਤਰ ਦਾ ਮਹੀਨਾ ਪਹਿਲੀ ਵਾਰ ਡੂੰਮ ਤੋਂ ਸੁਣਿਆ ਚੰਗਾ ਹੁੰਦਾ ਹੈ ਅਤੇ ਮਾਂਹ ਦਾ ਬ੍ਰਾਹਮਣ ਦੇ ਮੂੰਹੋਂ ਸੁਣਨਾ (ਗੁਲਾਮਰੀ 1, 239)।

## (ਕ-271) ਕਾਲਾ ਜਾਦੂ :

ਜਾਦੂ ਮਨੁਖਤਾ ਦੇ ਪ੍ਰਸੰਗ ਵਿਚ, ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਚਿੱਟਾ, ਦੂਜਾ ਕਾਲਾ। ਚਿੱਟਾ ਜਾਦੂ ਮਨੁਖਤਾ ਦੇ ਭਲੇ ਲਈ ਵਰਤਿਆ ਜਾਂਦਾ ਹੈ ਅਤੇ ਕਲਿਆਨਕਾਰੀ ਹੈ। ਇਸ ਦੁਆਰਾ ਰੋਗ ਦੂਰ ਕੀਤੇ ਜਾਂਦੇ, ਬਚਾਓ ਕੀਤਾ ਜਾਂਦਾ, ਔਤ ਵੇਲੇ ਵਰਖਾ ਪ੍ਰਾਪਤ ਕੀਤੀ ਜਾਂਦੀ ਹੈ। ਸਖਤ ਬਾਰਸ਼ਾਂ ਵੇਲੇ ਹੜ੍ਹ ਰੋਕੇ ਜਾਂਦੇ, ਫ਼ਸਲਾਂ ਦੀ ਉਪਜਾਇਕਤਾ ਵਧਾਈ ਜਾਂਦੀ ਹੈ। ਇਸ ਤਰ੍ਹਾਂ ਚਿੱਟੇ ਜਾਦੂ ਦੁਆਰਾ ਸ਼ੁਭ ਫਲ ਦੀ ਕਾਮਨਾ ਕੀਤੀ ਜਾਂਦੀ ਹੈ।

ਇਸ ਦੇ ਉਲਟ ਕਾਲੇ ਜਾਦੂ ਦੀ ਵਰਤੋਂ, ਲੋਕਾਂ ਨੂੰ ਨੁਕਸਾਨ ਪਹੁੰਚਾਣ ਵਾਸਤੇ ਕੀਤੀ ਜਾਂਦੀ ਹੈ। ਜਿਵੇਂ ਜੰਤਰਾਂ ਮੰਤਰਾਂ ਦੁਆਰਾ ਕਿਸੇ ਦੁਸ਼ਮਣ ਨੂੰ ਰੋਗੀ ਕਰਨਾ, ਕੱਚੇ ਮਸਾਣ ਦੁਆਰਾ, ਕਿਸੇ ਸ਼ਖ਼ਸ ਅੰਦਰ ਰੋਗ ਦਾਖ਼ਲ ਕਰਨਾ; ਮੁੱਠ ਸੁਟ ਕੇ ਕਿਸੇ ਨੂੰ ਨੁਕਸਾਨ ਪਹੁੰਚਾਣਾ। ਗੁੱਡਾ ਫੂਕਣਾ ਆਦਿ, ਅਜਿਹੇ ਜਾਦੂ ਦੀ ਨਿਖੇਧੀ ਕੀਤੀ ਜਾਂਦੀ ਹੈ (ਵੇਖੋ : ਜਾਦੂ ਟੂਣਾ)।

## (ਕ-272) ਕਾਲਾ ਮਿਹਰ :

ਸਿਧੂ ਜੱਟਾਂ ਦਾ ਜਠੇਰਾ; ਇਸ ਨੂੰ ਕਾਲਾ ਪੀਰ ਵੀ ਕਿਹਾ ਜਾਂਦਾ ਹੈ। ਇਸ ਦੀ ਸਮਾਧ ਸਿਆਲਕੋਟ ਵਿਚ ਥਾਣਾ ਸਤਰਾ ਵਿਖੇ ਹੈ। ਕਾਲੇ ਮਿਹਰ ਸੰਬੰਧੀ ਜੋ ਦੰਦ ਕਥਾਵਾਂ ਪ੍ਰਚਲਤ ਹਨ, ਉਨ੍ਹਾਂ ਅਨੁਸਾਰ ਇਹ ਕਨ ਦੇ ਪੁੱਤਰ ਵਾੜ ਦਾ ਪੋਤਰਾ ਸੀ ਅਤੇ ਇਸ ਦਾ ਅਸਲੀ ਨਾਂ ਜੈਮਲ ਸੀ ਤੇ ਪਿਉ ਦਾ ਨਾਉਂ ਬੋਘਾ।

ਜੈਮਲ ਦੇ ਪੋਤਰਾਂ ਤੇ ਭੱਟੀਆਂ ਵਿਚ ਦੁਸ਼ਮਣੀ ਚਲੀ ਆ ਰਹੀ ਸੀ। ਭੱਟੀਆਂ ਨੇ ਜੈਮਲ ਦੇ ਕੁਲ-ਪ੍ਰੋਹਤ ਕਾਲੀਆ ਬ੍ਰਾਹਮਣ ਨਾਲ ਸਾਜ਼ਸ਼ ਗੁੰਦੀ ਕਿ ਜੇ ਉਹ ਆਪਣੇ ਜਜਮਾਨ ਨੂੰ ਖਾਣੇ ਵਿਚ ਕੋਈ ਚੀਜ਼ ਰਲਾ ਕੇ ਮਾਰ ਦੇਵੇ, ਤਾਂ ਉਹ ਉਸ ਨੂੰ ਆਪਣਾ ਪ੍ਰੋਹਿਤ ਮੁਕਰਰ ਕਰ ਲੈਣਗੇ। ਕਾਲੀਆ ਬ੍ਰਾਹਮਣ ਜੈਮਲ ਦੀ ਰੋਟੀ ਪਕਾਇਆ ਕਰਦਾ ਸੀ, ਉਸ ਨੇ ਜੈਮਲ ਨੂੰ ਰੋਟੀ ਵਿਚ ਭੰਗ ਮਿਲਾ ਕੇ ਖਵਾ ਦਿੱਤੀ। ਭੰਗ ਦੇ ਅਸਰ ਹੇਠ ਹੀ ਜੈਮਲ ਦਾ ਸਿਰ ਭੱਟੀਆਂ ਨੇ ਵੱਢ ਦਿੱਤਾ। ਪਰ ਉਹ ਬਿਨਾਂ ਸੀਸ ਦੇ ਹੀ ਭੱਟੀਆਂ ਨਾਲ ਲੜਦਾ ਰਿਹਾ। ਉਸ ਨੇ ਭੱਟੀਆਂ ਦੇ ਅਜਿਹੇ ਆਹੂ ਲਾਹੇ ਕਿ ਭੱਟੀ ਮੈਦਾਨ ਛਡ ਕੇ ਨਸ ਪਏ। ਇਹ ਕ੍ਰਿਸ਼ਮਾ ਵੇਖ ਇਕ ਲਲਾਰੀ ਨੇ ਭੱਟੀਆਂ ਨੂੰ ਮਿਹਣਾ ਮਾਰਿਆ ਕਿ ਤੁਸੀਂ ਤਾਂ ਧੜ ਨਾਲ ਵੀ ਲੜਨ ਦਾ ਸਾਹਸ ਨਹੀਂ ਰਖਦੇ। ਜੇ ਜੈਮਲ ਦੇ ਸਿਰ ਤੇ ਸੀਸ ਹੁੰਦਾ ਤਾਂ ਕੀ ਕਰਦੇ ? ਲਲਾਰੀ ਦਾ ਮਿਹਣਾ ਸੁਣ ਕੇ ਭੱਟੀ ਵਾਪਸ ਆ ਗਏ ਤੇ ਜੈਮਲ ਨੂੰ ਉਨ੍ਹਾਂ ਨੇ ਧਰਤੀ ਉਤੇ ਪਟਕਾ ਮਾਰਿਆ। ਇਸੇ ਲਈ ਜੈਮਲ ਦੀ ਵੰਸ਼ 'ਚ ਨੀਲੇ ਰੰਗ ਦੇ ਕਪੜੇ ਪਹਿਨਣੇ ਵਰਜਿਤ ਹਨ, ਕਿਉਂਕਿ ਜੈਮਲ ਭੱਟੀਆਂ ਨੂੰ ਨਸਾ ਦੇਂਦਾ, ਜੇ ਲਲਾਰੀ ਭੱਟੀਆਂ ਨੂੰ ਮਿਹਣਾ ਨਾ ਮਾਰਦਾ। ਕਾਲੀਆ ਨੇ ਜੈਮਲ ਨੂੰ ਭੰਗ ਪਿਲਾ ਕੇ ਭੱਟੀਆਂ ਦੀ ਜੋ ਮਦਦ ਕੀਤੀ, ਉਸ ਦੇ ਸ਼ੁਕਰਾਨੇ ਵਜੋਂ ਭੱਟੀ ਅਜੇ ਵੀ ਕਾਲੀਆ ਦੀ ਵੰਸ਼ ਨੂੰ ਆਪਣਾ ਪ੍ਰੋਹਿਤ ਮੰਨਦੇ ਹਨ ਤੇ ਆਦਰ ਦੇਂਦੇ ਹਨ। ਪਰ ਇਸ ਦੇ ਉਲਟ ਸਿੰਧੂ ਕਿਸੇ ਬ੍ਰਾਹਮਣ ਤੇ ਵਿਸਾਹ ਨਹੀਂ ਖਾਂਦੇ, ਕਿਉਂ ਜੋ ਜੈਮਲ ਨਾਲ ਕਾਲੀਆ ਬ੍ਰਾਹਮਣ ਨੇ ਵਿਸ਼ਵਾਸਘਾਤ ਕੀਤਾ ਸੀ। ਪਰ ਹਿੰਦੂਆਂ ਦਾ ਬ੍ਰਾਹਮਣਾਂ ਤੋਂ ਬਿਨਾਂ ਛੁਟਕਾਰਾ ਨਹੀਂ ਹੁੰਦਾ, ਇਸ ਲਈ ਉਨ੍ਹਾਂ ਕਾਲੀਆ ਬ੍ਰਾਹਮਣ ਦੇ ਦੋਹਤਰੇ ਜਿਓਗਣ ਦੀ ਵੰਸ਼ ਨੂੰ ਆਪਣਾ ਪ੍ਰੋਹਿਤ ਥਾਪ ਲਿਆ। ਜੈਮਲ ਨੂੰ 'ਕਾਲਾ ਮਿਹਰ' ਕਿਹਾ ਜਾਂਦਾ ਹੈ ਤੇ ਇਸ ਦੀ ਉਪਰੋਕਤ ਧੱਧ ਬਾਰੇ ਇਕ ਵਾਰ ਮਿਰਾਸੀਆਂ

ਵਿਚ ਪ੍ਰਚਲਤ ਹੈ, ਜਿਸ ਦੀਆਂ ਕੁਝ ਤੁੱਕਾਂ ਇਉਂ ਹਨ :

ਮੇਰੀ ਮੜ੍ਹੀ ਤੇ ਬਾਹਮਣ ਜੋ ਚੜ੍ਹੇ,
ਸਿਰ ਵਢ ਕਰੇ ਅਜ਼ਾਦ ।
ਮੇਰਾ ਤੇ ਬਾਹਮਣ ਦਾ ਵੈਰ ਏ,
ਜਿਉਂ ਦੀਵੇ ਤੇ ਭੰਬਟ ਬਾਦ ।
ਇਟ ਮੰਨਣੀ, ਨੀਲ ਨਹੀਂ ਪਹਿਨਣਾ,
ਉਸ ਸਿੰਧੂ ਦੀ ਚਲੇਗੀ ਮੋਹਰ ਛਾਪ ।
ਮੇਰਾ ਮਣਸਿਆ ਪੂਜਿਆ ਦੇਣਾ ਮਿਰਾਸੀ ਨੂੰ
ਖਾਨ ਪਾਣ ਕਰਨ ਬਿਲਾਸ ।
ਕਾਲਾ ਮਿਹਰ ਗਿਆ ਹਰ ਭਾਤ ।

ਕੁਝ ਦਹਾਕੇ ਪਹਿਲਾਂ ਸਿੰਧੂ ਪੱਕੀਆਂ ਇੱਟਾਂ ਨਹੀਂ ਸਨ ਵਰਤਦੇ । ਸਿੰਧੂ ਇਸ ਦਾ ਕਾਰਨ ਇਹ ਦਸਦੇ ਹਨ ਕਿ ਕਾਲਾ ਮਿਹਰ ਦੀ ਸਮਾਧੀ ਪੱਕੀਆਂ ਇੱਟਾਂ ਨਾਲ ਬਣੀ ਹੋਈ ਹੈ, ਸੋ ਉਹ ਪੱਕੀਆਂ ਇੱਟਾਂ ਨਹੀਂ ਵਰਤਦੇ । ਇਹ ਪਰੰਪਰਾ ਸਮੇਂ ਨਾਲ ਘਟਦੀ ਜਾ ਰਹੀ ਹੈ ।

ਕਿਹਾ ਜਾਂਦਾ ਹੈ ਕਿ ਕਾਲਾ ਮਿਹਰ ਆਪਣੀਆਂ ਅੱਖਾਂ ਖੋਲ੍ਹ ਕੇ ਸੌਂਦਾ ਸੀ । ਇਸੇ ਲਈ ਸਿੰਧੂ ਕਾਣੀ ਨੀਂਦ ਸੌਂਦੇ ਹਨ, ਅਥਵਾ ਸੌਣ ਲਗਿਆਂ ਆਪਣੀਆਂ ਅੱਖਾਂ ਅੱਧ-ਖੁਲ੍ਹੀਆਂ ਰਖਦੇ ਹਨ ।

ਕਾਲਾ ਮਿਹਰ ਬਾਰੇ ਪ੍ਰਚਲਤ ਇਕ ਹੋਰ ਰੂਪਾਂਤਰ ਅਨੁਸਾਰ ਕਾਲਾ ਮਿਹਰ ਗਵਾਲਾ ਸੀ । ਉਹ ਜੰਗਲ ਵਿਚ ਪਸ਼ੂ ਚਾਰਦਾ ਤੇ ਉਸ ਦੀ ਲੜਕੀ ਉਸ ਲਈ ਦੁਪਹਿਰ ਦਾ ਖਾਣਾ ਲਿਆਇਆ ਕਰਦੀ ਸੀ । ਵਾਪਸ ਜਾਂਦਿਆਂ ਉਸ ਦੀ ਕੁੜੀ ਨੂੰ, ਦਿੱਲੀ ਦੇ ਸਮਰਾਟ ਦੇ ਕੁਝ ਸਿਪਾਹੀਆਂ ਫੜ ਲਿਆ । ਜਦੋਂ ਕਾਲਾ ਮਿਹਰ ਨੂੰ ਖ਼ਬਰ ਮਿਲੀ ਤਾਂ ਉਹ ਵੈਰੀਆਂ ਉਤੇ ਟੁਟ ਕੇ ਪੈ ਗਿਆ । ਕਈ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰਨ ਮਗਰੋਂ, ਉਸ ਦਾ ਆਪਣਾ ਸਿਰ ਵੱਢਿਆ ਗਿਆ । ਉਹ ਸਿਰਹਾਲੀ ਦੇ ਸਥਾਨ ਉਤੇ ਡਿਗ ਕੇ ਮਰਿਆ ਅਤੇ ਇਥੇ ਇਸ ਦੀ ਸਮਾਧ ਬਣਾਈ ਗਈ । ਇਸ ਜਠੇਰੇ ਦੀ ਸਮਾਧ ਨੂੰ ਸਿੰਧੂ ਜੱਟ ਪੂਜਦੇ ਹਨ ਤੇ ਇਸ ਸਮਾਧ ਦੁਆਲੇ ਦੂਲ੍ਹਨ ਤੇ ਦੂਲ੍ਹਾ ਵਿਆਹ ਮਗਰੋਂ ਇਥੇ ਆ ਕੇ ਸਤ ਪ੍ਰਕਰਮਾ ਕਰਦੇ ਹਨ । ਸਿੰਧੂ ਇਥੇ ਆ ਕੇ ਸਮੇਂ ਸਮੇਂ ਭੇਟਾਂ ਚਾੜ੍ਹਦੇ ਰਹਿੰਦੇ ਹਨ ।

(ਕ-273) **ਕਾਲੀ ਕਮਲੀ ਵਾਲੇ ਮੌਲਾ :**

ਮੁਸਲਮਾਨਾਂ ਵਿਚ ਖ਼ਵਾਜਾ ਮੁਈਨੁੱਦ-ਦੀਨ ਹਸਨ ਸਿਜਜ਼ੀ ਚਿਸ਼ਤੀ ਅਜਮੇਰ ਵਾਲਿਆਂ ਨੂੰ ਕਾਲੀ ਕਮਲੀ ਵਾਲੇ ਕਿਹਾ ਜਾਂਦਾ ਹੈ । ਆਪ ਖ਼ਵਾਜਾ ਹਸਨ ਬਸਰੀ, ਜਿਨ੍ਹਾਂ ਨੇ ਫ਼ਕੀਰੀ ਦੀ ਦੌਲਤ, ਹਜ਼ਰਤ ਅਲੀ ਤੋਂ ਪ੍ਰਾਪਤ ਕੀਤੀ ਸੀ, ਦੇ ਚੌਦਵੇਂ ਖ਼ਲੀਫ਼ੇ ਸਨ ਅਤੇ ਆਪ ਨੇ ਹੀ ਹਿੰਦੁਸਤਾਨ ਵਿਚ ਚਿਸ਼ਤੀ ਸੰਪ੍ਰਦਾਇ ਦੀ ਨੀਂਹ ਰਖੀ । ਖ਼ਵਾਜਾ ਸਾਹਿਬ ਨੇ ਪਹਿਲਾਂ ਦਿੱਲੀ ਅਤੇ ਮਗਰੋਂ ਅਜਮੇਰ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ ਤੇ ਇਨ੍ਹਾਂ ਦੀ ਪਵਿਤਰ ਸਿਮਰਤੀ ਵਿਚ ਅਜਮੇਰ ਨੂੰ ਅਜਮੇਰ ਸ਼ਰੀਫ਼ ਕਿਹਾ ਜਾਣ ਲਗਾ । ਫ਼ਰੀਦ ਸ਼ਕਰਗੰਜ ਇਨ੍ਹਾਂ ਦੇ ਖ਼ਲੀਫ਼ੇ ਬਖ਼ਤਯਾਰ ਕਾਕੀ ਦੇ ਖ਼ਲੀਫ਼ੇ ਸਨ ।

ਮੁਸਲਮਾਨਾਂ ਵਿਚ ਇਹ 'ਕਾਲੀ ਕਮਲੀ ਵਾਲੇ ਮੌਲਾ' ਦੇ ਨਾਉਂ ਨਾਲ ਵੀ ਪ੍ਰਸਿਧ ਹਨ ।

(ਕ-274) **ਕਾਲੀ ਨਾਗ (ਕਾਲੀਆ) :**

ਪੌਰਾਣਾਂ ਅਨੁਸਾਰ ਪੰਜ ਫਣਾਂ ਵਾਲਾ ਇਕ ਭਿਆਨਕ ਨਾਗ, ਜੋ ਸੱਪਾਂ ਦਾ ਰਾਜਾ ਸੀ ਅਤੇ ਗੋਕਲ ਦੇ ਨੇੜੇ, ਜਮਨਾ ਦਰਿਆ ਵਿਚ, ਆਪਣੇ ਸਾਥੀਆਂ ਸਮੇਤ ਰਿਹਾ ਕਰਦਾ ਸੀ । ਇਸ ਸੱਪ ਦੇ ਮੂੰਹ ਵਿਚੋਂ ਭਿਆਨਕ ਸ਼ੋਅਲੇ ਤੇ ਧੂੰਆਂ ਨਿਕਲਿਆ ਕਰਦਾ ਸੀ । ਕ੍ਰਿਸ਼ਨ ਦੀ, ਬਾਲ ਅਵਸਥਾ ਵਿਚ, ਜਮਨਾ ਵਿਚ ਇਸ਼ਨਾਨ ਕਰਦਿਆਂ, ਕਾਲੀ ਨਾਗ ਨਾਲ ਟਕਰ ਹੋ ਗਈ । ਦੋਹਾਂ ਵਿਚ ਬੜੀ ਗਜ਼ਬਨਾਕ ਲੜਾਈ ਹੋਈ । ਕਾਲੀਆ ਨੇ ਕ੍ਰਿਸ਼ਨ ਨੂੰ ਆਪਣੇ ਕੁੰਡਲਾਂ ਵਿਚ ਮਜ਼ਬੂਤੀ ਨਾਲ ਜਕੜ ਲਿਆ । ਕਾਲੀਏ ਦੇ ਸਾਥੀਆਂ ਨੇ ਵੀ ਚਾਰ ਚੁਫੇਰੇ ਤੋਂ ਕ੍ਰਿਸ਼ਨ ਨੂੰ ਘੇਰ ਲਿਆ । ਤਟ ਉਤੇ ਖਲੋਤੇ ਬਲਰਾਮ ਨੇ, ਕ੍ਰਿਸ਼ਨ ਨੂੰ ਆਪਣੀ ਦੈਵੀ ਸ਼ਕਤੀ ਦਾ ਪ੍ਰਯੋਗ ਕਰਨ ਦੀ ਪ੍ਰੇਰਨਾ ਦਿੱਤੀ । ਫਲਸਰੂਪ ਕ੍ਰਿਸ਼ਨ ਨੇ ਸਭਨਾਂ ਨਾਗਾਂ ਉਤੇ ਵਿਜੇ ਪ੍ਰਾਪਤ ਕੀਤੀ ਅਤੇ ਫੇਰ ਕਾਲੀਏ ਦੇ ਫਣਾਂ ਉਤੇ ਪੈਰ ਰਖ ਕੇ ਨੱਚਣ ਲਗਾ । ਨਾਗਾਂ ਨੇ ਕਾਲੀਏ ਦੀ ਜਾਨ ਬਖ਼ਸ਼ੀ ਲਈ, ਕ੍ਰਿਸ਼ਨ ਅਗੇ ਤਰਲੇ ਕੀਤੇ । ਕ੍ਰਿਸ਼ਨ ਨੇ ਇਸ ਸ਼ਰਤ ਉਤੇ ਕਾਲੀਏ ਨੂੰ ਛਡਿਆ ਕਿ ਉਹ ਜਮਨਾ ਦਰਿਆ ਨੂੰ ਹਮੇਸ਼ਾ ਲਈ ਤਿਆਗ ਕੇ ਸਮੁੰਦਰ ਵਿਚ ਜਾ ਵਸੇ ।

ਇਕ ਹੋਰ ਕਥਾ ਅਨੁਸਾਰ ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੇ ਵਿਚਾਰ ਨਾਲ, ਉਨ੍ਹਾਂ ਦੇ ਪਾਲਕ ਪਿਤਾ ਨੰਦ ਨੂੰ ਸੁਨੇਹਾ ਭਿਜਵਾਇਆ ਕਿ ਉਹ ਜਮਨਾ ਦੇ ਕੰਢੇ ਦੇ ਛੰਭ ਵਿਚੋਂ, ਕੰਵਲ ਫੁੱਲ ਤੋੜ ਕੇ ਭੇਜਣ । ਭਾਵ ਇਹ ਸੀ ਕਿ ਕਾਲੀ ਨਾਗ ਸਾਰੇ ਪਰਿਵਾਰ ਨੂੰ ਡਸ ਕੇ ਮਾਰ ਮੁਕਾਵੇਗਾ । ਪਰ ਜਦੋਂ ਕ੍ਰਿਸ਼ਨ ਨੇ ਛੰਭ ਵਿਚ ਛਾਲ ਮਾਰੀ ਤਾਂ ਉਨ੍ਹਾਂ ਦਾ ਪੈਰ ਕਾਲੀ ਨਾਗ ਉਤੇ ਜਾ ਵਜਾ । ਕਾਲੀ ਨਾਗ ਨੇ ਡੰਗ ਮਾਰਨ ਦੀ ਥਾਂ ਕ੍ਰਿਸ਼ਨ ਦੀ ਸ਼ਰਨ ਲੈ ਲਈ, ਜਿਸ ਨਾਲ ਉਹਦਾ ਉਧਾਰ ਹੋ ਗਿਆ ।

ਇਕ ਹੋਰ ਕਥਾ ਅਨੁਸਾਰ ਕਾਲੀ ਨਾਗ ਦੇ ਸੌ ਫਣ ਸਨ ਅਤੇ ਉਹ ਗਰੁੜ ਤੋਂ ਡਰਦਾ ਹੋਇਆ, ਜਮਨਾ ਦੇ ਇਕ ਡੂੰਘੇ ਕੁੰਡ ਵਿਚ ਜਾ ਛੁਪਿਆ । ਕਾਲੀ ਨਾਗ ਜਦੋਂ ਫੁੰਕਾਰੇ

ਮਾਰਦਾ ਤਾਂ ਉਹਦੇ ਨਾਲ ਜਮਨਾ ਦਾ ਪਾਣੀ ਉੱਬਲਣ ਲੱਗਦਾ।

ਗੁਰਬਾਣੀ ਵਿਚ ਕਈ ਥਾਈਂ ਕਾਲੀ ਨਾਗ ਵਲ ਸੰਕੇਤ ਹੈ :

ਜੀਅ ਉਪਾਇ ਜੁਗਤਿ ਹਥ ਕੀਨੀ
ਕਾਲੀ ਨਥਿ ਕਿਆ ਵਡਾ ਭਇਆ ॥
(ਆਸਾ ਮਹਲਾ ੧)

(ਕ-275) **ਕਾਲੀ ਦੇਵੀ :**

ਦੁਰਗਾ ਦੇਵੀ ਦਾ ਇਕ ਬੀਭਤਸ ਰੂਪ; ਸ਼ਿਵ ਜੀ ਦੀ ਨਾਰੀ ਸ਼ਕਤੀ ਦੇ ਦੋ ਰੂਪ ਮੰਨੇ ਜਾਂਦੇ ਹਨ—ਇਕ ਸਨਿਮਰ ਤੇ ਦੂਜਾ ਭਿਅੰਕਰ। ਸਨਿਮਰ ਰੂਪ ਵਿਚ ਇਹ ਸ਼ਕਤੀ ਦੇਵੀ ਉਮਾ (ਪ੍ਰਕਾਸ਼ ਤੇ ਸੁੰਦਰਤਾ ਦੀ ਪ੍ਰਤੀਕ) ਤੇ ਗੌਰੀ (ਪ੍ਰਤਿਭਾ ਵਾਲੀ) ਪਾਰਬਤੀ (ਪਹਾੜਾਂ ਵਿਚ ਵੱਸਣ ਵਾਲੀ) ਤੇ ਜੱਗ ਮਾਤਾ ਭਵਾਨੀ ਹੈ। ਭਿਅੰਕਰ ਰੂਪ ਵਿਚ ਇਹ ਸ਼ਕਤੀ ਦੁਰਗਾ (ਅਪਹੁੰਚ), ਭੈਰਵੀ (ਵਿਕਰਾਲ), ਚੰਡੀ ਤੇ ਚੰਡਿਕਾ (ਭਿਅੰਕਰ), ਸ਼ਿਆਮ (ਸਾਂਵਲੇ ਰੰਗ ਦੀ) ਤੇ ਕਾਲੀ (ਕਾਲੇ ਰੰਗ ਦੀ) ਹੈ। ਕਾਲੀ ਦੇ ਰੂਪ ਵਿਚ ਇਹ ਸ਼ਕਤੀ ਸਭ ਤੋਂ ਵਧ ਵਿਕਰਾਲ ਤੇ ਕਰੂਪ ਹੈ। ਇਸਦੀ ਚਮੜੀ ਕਾਲੀ ਸਿਆਹ ਹੈ ਤੇ ਚਿਹਰਾ ਬੀਭਤਸ, ਮੂੰਹ ਵਿਚੋਂ ਲਹੂ ਚੋ ਰਿਹਾ ਹੈ ਅਤੇ ਕੰਠ ਵਿਚ ਸੱਪ ਅਤੇ ਮਨੁੱਖਾਂ ਦੀਆਂ ਖੋਪਰੀਆਂ ਲਟਕ ਰਹੀਆਂ ਹਨ। ਕਾਲੀ ਦੀਆਂ ਚਾਰ ਬਾਹਵਾਂ ਹਨ। ਇਕ ਹੱਥ ਵਿਚ ਤਲਵਾਰ ਹੈ, ਦੂਜੇ ਵਿਚ ਰਾਖਸ਼ ਦਾ ਸਿਰ ਜੋ ਉਸਨੇ ਖੁਦ ਵੱਢਿਆ ਸੀ। ਬਾਕੀ ਦੋਹਾਂ ਹੱਥਾਂ ਨਾਲ ਉਹ ਪੁਜਾਰੀਆਂ ਨੂੰ ਉਤਸਾਹਿਤ ਕਰਦੀ ਹੈ। ਇਨ੍ਹਾਂ ਹੱਥਾਂ ਵਿਚ ਵੀ ਉਸਨੇ ਕਈ ਵਾਰ ਦੋ ਲੋਥਾਂ ਚੁਕੀਆਂ ਹੋਈਆਂ ਹਨ। ਦੋ ਲੋਥਾਂ ਉਸਦੇ ਕੰਨਾਂ ਵਿਚ ਵਾਲੀਆਂ ਵਾਂਗ ਲਟਕ ਰਹੀਆਂ ਹੁੰਦੀਆਂ ਹਨ। ਕਾਲੀ ਦੇਵੀ ਦੀ ਕਮਰਬੰਦ, ਮੁਰਦਾ ਮਨੁੱਖੀ ਹੱਥਾਂ ਦੀ ਬਣੀ ਹੋਈ ਹੈ ਤੇ ਰੱਤੀ ਜੀਭ ਮੂੰਹ ਵਿਚੋਂ ਬਾਹਰ ਲਮਕੀ ਹੋਈ ਹੈ। ਅੱਖਾਂ ਲਾਲ ਭੱਖਦੀਆਂ ਜਿਵੇਂ ਸ਼ਰਾਬੀ ਹੋਣ। ਚਿਹਰੇ ਤੇ ਭਿਭੂਤ, ਜਿਸਮ ਉਪਰ ਲਹੂ ਲਿਪਿਆ ਹੋਇਆ ਹੈ। ਜਦੋਂ ਕਾਲੀ ਨਚਦੀ ਹੈ ਤਾਂ ਉਸਦਾ ਇਕ ਪੈਰ ਸ਼ਿਵ ਜੀ ਦੇ ਪੱਟਾਂ ਉਤੇ ਅਤੇ ਦੂਜਾ, ਛਾਤੀ ਉਤੇ ਟਿਕਿਆ ਹੁੰਦਾ ਹੈ। ਸ਼ਿਵ ਜੀ ਦੀ ਕਾਇਆ ਨੂੰ, ਨ੍ਰਿਤ ਸਥਲ ਬਣਾਉਣ ਦਾ ਕਾਰਨ, ਇਹ ਦਸਿਆ ਜਾਂਦਾ ਹੈ ਕਿ ਰਾਖਸ਼ਾਂ ਉਪਰ ਫਤਹਿ ਪ੍ਰਾਪਤ ਕਰਨ ਮਗਰੋਂ ਕਾਲੀ ਆਵੇਸ਼ ਵਿਚ ਆ ਕੇ ਇਤਨੀ ਜਿਆਦਾ ਨੱਚੀ ਕਿ ਧਰਤੀ ਕੰਬਣ ਲਗ ਪਈ। ਸ਼ਿਵ ਜੀ ਦੇ ਵਰਜਣ ਤੇ ਵੀ ਕਾਲੀ ਨਚਦੀ ਰਹੀ, ਸ਼ਿਵ ਜੀ ਉਹਦੇ ਪੈਰਾਂ ਹੇਠ ਲਿਤਾੜੇ ਗਏ, ਪਰ ਉਸ ਫਿਰ ਵੀ ਨਾਚ ਬੰਦ ਨਾ ਕੀਤਾ। ਅਚਾਨਕ ਕਾਲੀ ਦੀ ਨਜ਼ਰ ਆਪਣੇ ਪੈਰਾਂ ਵਿਚ ਪਏ ਪਤੀ ਸ਼ਿਵ 'ਤੇ ਜਾ ਪਈ। ਘਬਰਾ ਕੇ ਉਹਨੇ ਨੱਚਣਾ ਬੰਦ ਕਰ ਦਿਤਾ। ਸ਼ਰਮ ਨਾਲ ਉਹ ਜੀਭ ਕੱਢਣ ਲਗੀ। ਕਾਲੀ ਦਾ ਨਿਵਾਸ ਮਸਾਣਾਂ ਵਿਚ ਮੰਨਿਆ ਜਾਂਦਾ ਹੈ।

ਕਾਲੀ ਦੇਵੀ ਆਦਿਮ ਕਾਲ ਦੀਆਂ ਦੇਵੀਆਂ ਵਿਚੋਂ ਇਕ ਮੰਨੀ ਜਾਂਦੀ ਹੈ। ਵੈਦਿਕ ਕਾਲ ਵਿਚ ਕਾਲੀ ਨੂੰ ਅਗਨੀ ਦੇਵਤੇ ਨਾਲ ਸੰਬੰਧਿਤ ਕੀਤਾ ਜਾਂਦਾ ਰਿਹਾ। ਇਸ ਦੇਵਤੇ ਦੀਆਂ ਸੱਤ ਜੀਭਾਂ ਹਨ ਜਿਨ੍ਹਾਂ ਨਾਲ ਉਹ ਆਹੂਤੀ ਦੀ ਸਾਮਗਰੀ ਅਤੇ ਘਿਓ ਚਟਿਆ ਕਰਦਾ। ਇਨ੍ਹਾਂ ਵਿਚੋਂ ਸਭ ਤੋਂ ਭਿਅੰਕਰ ਜੀਭ ਦਾ ਨਾਉਂ ਕਾਲੀ ਸੀ।

ਮਾਰਕੰਡੇ ਪੁਰਾਣ ਅਨੁਸਾਰ ਕਾਲੀ ਦੀ ਉਤਪੱਤੀ, ਚੰਡੀ ਦੇ ਮੱਥੇ ਵਿਚੋਂ ਹੋਈ। ਚੰਡ ਰਾਖਸ਼ ਨਾਲ ਯੁੱਧ ਕਰਦਿਆਂ ਭਗਵਤੀ ਦੇਵੀ ਦਾ ਰੰਗ ਕਾਲਾ ਪੈ ਗਿਆ ਸੀ। ਉਸ ਵੇਲੇ ਉਹਦੇ ਮੱਥੇ ਵਿਚੋਂ ਕਾਲੀ ਦੇਵੀ ਦਾ ਉਦੈ ਹੋਇਆ। ਕਾਲੀ, ਚੰਡੀ ਦੇਵੀ ਦੀ ਵਿਕਰਾਲ ਸ਼ਕਤੀ ਦਾ ਪ੍ਰਤੀਕ ਹੈ। ਇਸੇ ਪੁਰਾਣ ਵਿਚ ਇਕ ਹੋਰ ਥਾਂ ਲਿਖਿਆ ਹੈ ਕਿ ਕਾਲੀ ਦੀ ਸਿਰਜਣਾ ਲਕਸ਼ਮੀ ਦੇਵੀ ਨੇ ਕੀਤੀ। ਸੰਸਾਰ ਦੀਆਂ ਸਭ ਵਸਤੂਆਂ ਦੀ ਉਤਪੱਤੀ ਮਹਾਂ ਲਕਸ਼ਮੀ ਤੋਂ ਹੋਈ, ਜੋ ਸਭਨਾਂ ਜੀਆਂ ਦੇ ਅੰਦਰ ਵਸਦੀ ਹੈ। ਮਹਾਂ ਲਕਸ਼ਮੀ ਨੇ ਆਪਣੇ ਨਾਲੋਂ ਹਨੇਰੇ ਦੇ ਤੱਤ ਅਲਹਿਦਾ ਕੀਤੇ ਤੇ ਉਨ੍ਹਾਂ ਨਾਲ ਕਾਲੀ ਦੇਵੀ ਨੂੰ ਰਚਿਆ ਤੇ ਇਹੋ ਮਹਾਕਾਲੀ, ਏਕਾਵੀਰਾ ਤੇ ਕਾਲ-ਰਾਤ੍ਰੀ ਆਦਿ ਨਾਵਾਂ ਨਾਲ ਪ੍ਰਸਿਧ ਹੋਈ। ਇਸ ਉਪ੍ਰੰਤ ਮਹਾ ਲਕਸ਼ਮੀ ਨੇ ਸਦਗੁਣਾਂ ਤੇ ਚਾਨਣੇ ਤੱਤਾਂ ਨਾਲ ਸਰਸਵਤੀ ਪੈਦਾ ਕੀਤੀ। ਇਸ ਤਰ੍ਹਾਂ ਕਾਲੀ ਮਹਾ ਲਕਸ਼ਮੀ ਦੇ ਸਿਰਜੇ ਤਿੰਨ ਰੂਪਾਂ ਵਿਚੋਂ ਇਕ ਮੰਨੀ ਜਾਂਦੀ ਹੈ।

ਇਕ ਹੋਰ ਕਥਾ ਅਨੁਸਾਰ ਜਦੋਂ ਅਸੁਰਾਂ ਨੇ ਦੇਵਤਿਆਂ ਤੋਂ ਰਾਜ ਭਾਗ ਖੋਹ ਲਿਆ ਤਾਂ ਦੇਵਤਿਆਂ ਨੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਦੀ ਸ਼ਰਨ ਜਾ ਲਈ। ਇਨ੍ਹਾਂ ਤਿੰਨਾਂ ਨੇ ਅਸੁਰਾਂ ਦੇ ਮੁਕਾਬਲੇ ਵਿਚ ਆਪਣੇ ਆਪ ਨੂੰ ਅਸਮਰਥ ਸਮਝ ਕੇ ਮਹਾਂਕਾਲੀ ਅਗੇ ਪ੍ਰਾਰਥਨਾ ਕੀਤੀ। ਮਹਾਂਕਾਲੀ ਨੇ ਤਾਰਿਣੀ ਦੀ ਮਦਦ ਨਾਲ ਦੁਆਦਸ ਦੇਵੀਆਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚੋਂ ਪਹਿਲੀ ਥਾਂ ਕਾਲੀ ਨੂੰ ਪ੍ਰਾਪਤ ਹੈ। ਇਸ ਤਰ੍ਹਾਂ ਕਾਲੀ ਮਹਾਂਕਾਲੀ ਦਾ ਹੀ ਇਕ ਰੂਪ ਹੈ।

ਅਧਿਆਤਮ ਰਾਮਾਇਣ ਅਨੁਸਾਰ ਕਾਲੀ ਸੀਤਾ ਦਾ ਹੀ ਇਕ ਰੂਪ ਸੀ। ਜਦੋਂ ਰਾਮਚੰਦਰ, ਰਾਵਣ ਦਾ ਸੰਘਾਰ ਕਰ ਕੇ ਵਾਪਿਸ ਪਰਤੇ ਤਾਂ ਉਹ ਆਪਣੀ ਸ਼ਕਤੀ ਦਾ ਘੁਮੰਡ ਕਰਨ ਲਗੇ। ਉਦੋਂ ਸੀਤਾ ਨੇ ਕਿਹਾ ਕਿ ਤੁਸਾਂ ਤਾਂ ਦਸ ਸਿਰਾਂ ਵਾਲੇ ਇਕ ਦਹਿਸਰ, ਰਾਵਣ ਨੂੰ ਮਾਰਿਆ ਹੈ। ਪਰ ਹਜ਼ਾਰਾਂ ਸਿਰਾਂ ਵਾਲਾ ਇਕ ਮਹਿਰਾਵਣ ਵੀ ਇਸੇ ਧਰਤੀ

ਉਤੇ ਵਸਦਾ ਹੈ, ਉਹਨੂੰ ਵੀ ਮਾਰ ਕੇ ਵਿਖਾਓ, ਤਾਂ ਜਾਣਾਂ। ਰਾਮ ਚੰਦਰ ਉਸੇ ਵੇਲੇ ਉਸ ਦੀਪ ਵਲ ਚਲ ਪਏ। ਮਹਿਰਾਵਣ ਦਾ ਠਿਕਾਣਾ ਲੱਭ ਕੇ ਰਾਮ ਚੰਦਰ ਨੇ, ਆਪਣੇ ਰਾਖਸ, ਬਾਂਦਰ ਤੇ ਹੋਰ ਸੈਨਾ ਨਾਲ, ਮਹਿਰਾਵਣ 'ਤੇ ਹੱਲਾ ਬੋਲ ਦਿਤਾ। ਮਹਿਰਾਵਣ ਨੇ ਤਿੰਨ ਤੀਰ ਛਡੇ। ਪਹਿਲੇ ਤੀਰ ਨਾਲ ਸਾਰੀ ਸੈਨਾ ਕਿਸ਼ਕੰਧਾ ਜਾ ਪੁਜੀ। ਦੂਜੇ ਤੀਰ ਨਾਲ ਸਾਰੇ ਰਾਂਖਸ਼ ਲੰਕਾ ਜਾ ਪੁਜੇ ਅਤੇ ਤੀਜੇ ਨਾਲ ਬਾਕੀ ਸਭ ਅਜੁਧਿਆ ਜਾ ਪੁਜੇ। ਰਾਮ ਚੰਦਰ ਉਥੇ ਇਕੱਲੇ ਰਹਿ ਗਏ ਅਤੇ ਘਬਰਾ ਕੇ ਰੋਣ ਲਗੇ। ਸੀਤਾ ਆਪਣੇ ਖ਼ਾਵੰਦ ਦੀ ਇਸ ਦਸ਼ਾ ਤੇ ਹੱਸੀ। ਫਿਰ ਕਾਲੀ ਦਾ ਰੂਪ ਧਾਰ ਕੇ ਉਹ ਹਜ਼ਾਰ ਮੁਖੇ ਮਹਿਰਾਵਣ ਨਾਲ ਯੁੱਧ ਕਰਨ ਲਗੀ। ਦਸ ਦਿਨ ਲਗਾਤਾਰ ਲੜਾਈ ਹੁੰਦੀ ਰਹੀ। ਅਖੀਰ ਸੀਤਾ ਨੇ ਮਹਿਰਾਵਣ ਦੇ ਸਿਰ ਵੱਢ ਸੁਟੇ। ਸੀਤਾ ਮਹਿਰਾਵਣ ਦੀ ਦੇਹ 'ਤੇ ਨੱਚਣ ਲਗੀ, ਜਿਸ ਕਰਕੇ ਧਰਤੀ ਆਪਣੇ ਧੁਰੇ ਤੋਂ ਹਿਲ ਗਈ। ਧਰਤੀ ਦੀ ਰਖਿਆ ਕਰਨ ਦੇ ਵਿਚਾਰ ਨਾਲ ਸ਼ਿਵ ਧਰਤੀ ਉਤੇ ਲੰਮੇ ਪੈ ਕੇ ਫੈਲ ਗਏ। ਪਰ ਸੀਤਾ ਫਿਰ ਵੀ ਨਚਦੀ ਰਹੀ। ਸ਼ਿਵ ਸੀਤਾ ਦਾ ਸਾਰਾ ਨ੍ਰਿਤ ਆਪਣੀ ਛਾਤੀ ਤੇ ਸੰਭਾਲਦਾ ਗਿਆ ਤੇ ਇਸ ਤਰ੍ਹਾਂ ਧਰਤੀ ਨੂੰ ਬਚਾ ਲਿਆ। ਤਾਂ ਸੀਤਾ ਆਪਣੇ ਅਸਲੀ ਰੂਪ ਵਿਚ, ਰਾਮ ਚੰਦਰ ਕੋਲ ਪਰਤ ਆਈ।

ਚੰਡੀ ਦੀ ਵਾਰ (ਦਸਮ ਗ੍ਰੰਥ) ਅਨੁਸਾਰ ਕਾਲੀ ਦੇਵੀ ਚੰਡੀ ਦੇ ਮੱਥੇ ਵਿਚੋਂ ਪ੍ਰਗਟ ਹੋਈ। ਜਦੋਂ ਚੰਡੀ ਰਕਤਬੀਜ ਨਾਲ ਯੁੱਧ ਕਰ ਰਹੀ ਸੀ ਤਾਂ ਜਿਥੇ ਜਿਥੇ ਰਕਤਬੀਜ ਦੇ ਲਹੂ ਦੀਆਂ ਬੂੰਦਾਂ ਡਿਗਦੀਆਂ, ਉਥੇ ਉਹਨੇ ਹੀ ਬਲ ਵਾਲੇ ਹਜ਼ਾਰਾਂ ਰਾਖਸ਼ ਉਤਪੰਨ ਹੋ ਜਾਂਦੇ। ਚੰਡਿਕਾ ਭਿਆਨਕ ਸਥਿਤੀ ਵਿਚ ਫਸ ਗਈ। ਤਾਂ ਉਸਨੇ ਆਪਣੀ ਸਾਰੀ ਸ਼ਕਤੀ ਇਕੱਠੀ ਕਰਕੇ, ਆਪਣੇ ਅੰਦਰੋਂ ਕਾਲੀ ਦੇਵੀ ਨੂੰ ਉਤਪੰਨ ਕੀਤਾ, ਜੋ ਰਕਤਬੀਜ ਦੇ ਲਹੂ ਦੀਆਂ ਬੂੰਦਾਂ ਧਰਤੀ ਉਤੇ ਡਿਗਣ ਤੋਂ ਪਹਿਲਾਂ ਹੀ ਚਟ ਲੈਂਦੀ ਰਹੀ, ਇਸ ਤਰ੍ਹਾਂ ਚੰਡੀ ਰਕਤਬੀਜ ਨੂੰ ਨਸ਼ਟ ਕਰਨ ਵਿਚ ਸਫਲ ਰਹੀ।

ਕਾਲੀ ਦੀ ਪੂਜਾ ਦੀ ਪ੍ਰਥਾ ਬੜੀ ਪ੍ਰਾਚੀਨ ਹੈ। ਇਹ ਆਦਿ ਵਾਸੀਆਂ ਦੀ ਕੋਈ ਕਰੂਰ ਦੇਵੀ ਹੋਣੀ ਹੈ, ਜਿਸਨੂੰ ਮਗਰੋਂ ਦੇਵੀ ਮਾਲਾ ਵਿਚ ਪਰੋ ਲਿਆ ਗਿਆ ਤੇ ਇਸਨੂੰ ਦੁਰਗਾ ਦਾ ਹੀ ਇਕ ਬੀਭਤਸ ਰੂਪ ਸਵੀਕਾਰ ਕਰ ਲਿਆ ਗਿਆ। ਕਾਲੀ ਸ਼ਕਤੀ ਪੂਜਾ ਦਾ ਹੀ ਇਕ ਰੂਪ ਹੈ। ਪਰ ਦੂਜੀ ਸਦੀ ਈ: ਪੂਰਬ ਤੋਂ ਪਹਿਲਾਂ ਕਾਲੀ ਦੀ ਪੂਜਾ ਦੇ ਠੋਸ ਸਬੂਤ ਨਹੀਂ ਮਿਲਦੇ। ਕਾਲੀ ਦੇਵੀ ਬਲੀ ਉਤੇ ਬੜੀ ਪ੍ਰਸੰਨ ਹੁੰਦੀ ਹੈ। ਕਾਲਿਕਾ ਪੁਰਾਣ ਅਨੁਸਾਰ, ਕਾਲੀ ਦੇਵੀ ਨੂੰ ਹਿਰਨ ਤੇ ਗੈਂਡੇ ਦੀ ਬਲੀ ਦੇਣ ਨਾਲ, ਕਾਲੀ ਉਸ ਪ੍ਰਾਣੀ ਤੇ ਪੰਜ ਸੌ ਸਾਲ ਤਕ ਪ੍ਰਸੰਨ ਰਹਿੰਦੀ ਹੈ। ਮਨੁਖ ਦੀ ਬਲੀ ਲੈ ਕੇ ਉਹ ਇਕ ਹਜ਼ਾਰ ਸਾਲ ਤਕ ਅਤੇ ਜੇ ਕਾਲੀ ਨੂੰ ਤਿੰਨ ਮਾਨਵ ਬਲੀਆਂ ਦਿਤੀਆਂ ਜਾਣ ਤਾਂ ਇਕ ਲੱਖ ਸਾਲ ਤਕ ਦੇਵੀ ਦੀ ਬਖਸ਼ਿਸ਼ ਰਹਿੰਦੀ ਹੈ। ਜੇ ਬਲੀ ਦੇਣ ਵਾਲਾ ਆਪਣੇ ਸਰੀਰ ਵਿਚੋਂ ਲਹੂ ਕੱਢ ਕੇ ਦੇਵੀ ਦੀ ਮੂਰਤੀ ਤੇ ਛੱਟੇ ਮਾਰੇ ਤਾਂ ਇਹ ਅਹੂਤੀ ਸਭ ਤੋਂ ਉਤਮ ਮੰਨੀ ਜਾਂਦੀ ਹੈ।

ਤਾਂਤ੍ਰਿਕ ਸ਼ਾਸਤ੍ਰਾਂ ਤੇ ਆਗਮ ਗ੍ਰੰਥਾਂ ਵਿਚ, ਕਾਲੀ ਦੀ ਪੂਜਾ ਦਾ ਵਰਨਣ ਵੇਰਵੇ ਨਾਲ ਮਿਲਦਾ ਹੈ। ਆਗਮ ਗ੍ਰੰਥਾਂ ਵਿਚ ਕਾਲੀ ਦੇ ਅਨੇਕਾਂ ਰੂਪਾਂ—ਮਹਾਕਾਲੀ, ਭਦ੍ਰਕਾਲੀ, ਦੱਖਛਣਾ ਕਾਲੀ ਆਦਿ ਦੇ ਸਰੂਪ, ਲੱਛਣ ਤੇ ਪੂਜਾ-ਵਿਧੀਆਂ ਦਾ ਜ਼ਿਕਰ ਮਿਲਦਾ ਹੈ। ਤਾਂਤ੍ਰਿਕ ਅਨੁਸਾਰ ਭੈਰਵ,ਖੇਤ੍ਰਪਾਲ, ਗਣੇਸ਼ ਤੇ ਜੋਗਣੀਆਂ ਕਾਲੀ ਦੇਵੀ ਦੀਆਂ ਹੀ ਦਾਸੀਆਂ ਹਨ।

ਕਾਲੀ ਤੰਤ੍ਰ ਤੇ ਬ੍ਰਹਨਨੀਲ ਤੰਤ੍ਰ ਵਿਚ ਕਾਲੀ ਦੇਵੀ ਦੀ ਪੂਜਾ ਬਾਰੇ ਪੂਰਾ ਵੇਰਵਾ ਹੈ। ਪੂਜਾ-ਅਰਚਾ ਦੇ ਪ੍ਰਸੰਗ ਵਿਚ ਹਰੇਕ ਦਿਨ ਛੇ ਰੁੱਤਾਂ ਦਾ ਮੰਨਿਆ ਗਿਆ ਹੈ। ਇਨ੍ਹਾਂ ਰੁੱਤਾਂ ਵਿਚ, ਤੰਤਰਾਂ ਵਿਚ ਖਟ ਕਰਮ ਕਰਨ ਦਾ ਆਦੇਸ਼ ਦਿਤਾ ਗਿਆ ਹੈ। ਕਾਲੀ ਦੀ ਪੂਜਾ ਵਿਚ, ਸੁਰਾ ਪਾਨ ਬੀੜਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਸੁਰਾ ਨੂੰ ਮੰਤਰਾਂ ਨਾਲ ਸ਼ੁਧ ਕਰਕੇ ਸੇਵਨ ਕਰਨ ਦਾ ਵਿਧਾਨ ਹੈ। ਕਾਲੀ ਦੀ ਪੂਜਾ, ਕੱਤਕ ਦੇ ਹਨੇਰੇ ਪੱਖ ਵਿਚ, ਖ਼ਾਸ ਤੌਰ ਤੇ ਰਾਤ ਦੇ ਵੇਲੇ ਜ਼ਿਆਦਾ ਫਲਦਾਇਕ ਹੈ। ਪੂਜਾ ਵੇਲੇ ਕਾਲੀ ਸਤੋਤਰ ਪੜ੍ਹੇ ਜਾਂਦੇ ਹਨ। ਕਾਲੀ ਦੀ ਪੂਜਾ ਵੇਲੇ ਇਕ ਜੰਤਰ ਬਣਾ ਕੇ ਵੀ ਪੂਜਿਆ ਜਾਂਦਾ ਹੈ।

ਜੋਗਣੀਆਂ, ਸ਼ਾਕਣੀਆਂ ਤੇ ਡਾਕਣੀਆਂ ਵੀ ਕਾਲੀ ਦੇਵੀ ਨਾਲ ਸੰਬੰਧਿਤ ਹਨ। ਜੋਗਣੀਆਂ ਦੁਰਗਾ ਦੇਵੀ ਦੀਆਂ ਦਾਸੀਆਂ ਹਨ। ਇਨ੍ਹਾਂ ਦੀ ਸੰਖਿਆ ਕਿਸੇ ਥਾਂ ਅੱਠ, ਕਿਸੇ ਥਾਂ ਸੱਠ ਅਤੇ ਕਿਧਰੇ ਪੰਜਾਸੀ ਮੰਨੀ ਗਈ ਹੈ। ਜੋਗਣੀਆਂ ਆਪਣੀ ਰਹੱਸਮਈ ਸ਼ਕਤੀ ਦੁਆਰਾ ਆਪਣੀ ਸੰਖਿਆ ਦਸ ਲੱਖ ਤਕ ਵਧਾ ਲੈਂਦੀਆਂ ਹਨ। ਇਹ ਸ਼ਕਲ ਦੀਆਂ ਡਰਾਵਣੀਆਂ ਤੇ ਮਨ ਦੀਆਂ ਕਰੂਰ ਹੁੰਦੀਆਂ ਹਨ। ਇਨ੍ਹਾਂ ਨੂੰ ਜਾਦੂ-ਟੂਣੇ ਦੀ ਅਥਾਹ ਸ਼ਕਤੀ ਪ੍ਰਾਪਤ ਹੈ। ਜੋਗਣੀਆਂ ਸਭ ਭ੍ਰੇਪਦਰਾਂ ਦੀ ਜੜ੍ਹ ਹਨ।

ਡਾਕਣੀ ਬੜੇ ਕਠੋਰ ਚਿੱਤ ਦੀਆਂ ਰਾਖਸ਼ਣੀਆਂ ਹਨ, ਜੋ ਕਾਲੀ ਦੀ ਸੇਵਾ ਵਿਚ ਮੌਜੂਦ ਰਹਿੰਦੀਆਂ ਹਨ। ਸ਼ਾਕਣੀਆਂ ਭੂਤਨੀਆਂ ਹਨ। ਇਨ੍ਹਾਂ ਦੇ ਚਾਰ ਹੱਥ ਹੁੰਦੇ ਹਨ। ਜਿਨ੍ਹਾਂ ਵਿਚੋਂ ਇਕ ਵਿਚ ਤ੍ਰਿਸ਼ੂਲ, ਦੂਜੇ ਵਿਚ ਕੰਵਲ, ਤੀਜੇ ਵਿਚ ਢੋਲ ਅਤੇ ਚੌਥੇ ਵਿਚ ਕੁਹਾੜੀ ਫੜੀ ਹੁੰਦੀ ਹੈ। ਇਨ੍ਹਾਂ ਦੀਆਂ ਤਿੰਨ ਅੱਖਾਂ ਹਨ, ਜੋ ਅੰਗਾਰਿਆਂ ਵਾਂਗ ਭੱਖਦੀਆਂ ਰਹਿੰਦੀਆਂ ਹਨ। ਇਕ ਨਾਸ ਵਿਚੋਂ ਲਹੂ ਦੀ

ਧਾਰਾ ਵਗਦੀ ਰਹਿੰਦੀ ਹੈ। ਦੰਦ ਬਾਹਰ ਨਿਕਲੇ ਹੋਏ ਤੇ ਡਰਾਉਣੇ। ਡਾਹਣੀਆਂ ਮਨੁੱਖ ਦਾ ਮਾਸ ਸਵਾਦ ਨਾਲ ਛੱਕਦੀਆਂ ਹਨ। ਉਹ ਜਿਗਰ-ਖੋਰ ਵੀ ਹਨ। ਕੇਵਲ ਇਕ ਦ੍ਰਿਸ਼ਟੀ ਨਾਲ ਹੀ ਪ੍ਰਾਣੀ ਦਾ ਜਿਗਰ ਕੱਢ ਕੇ ਖਾ ਜਾਂਦੀਆਂ ਹਨ ਤੇ ਬੰਦਾ ਘੁਲ ਘੁਲ ਕੇ ਪ੍ਰਾਣ ਤਿਆਗ ਦਿੰਦਾ ਹੈ। ਜਿਸ ਬੱਚੇ ਤੇ ਡਾਕਣੀ ਦੀ ਨਜ਼ਰ ਪੈ ਜਾਏ, ਉਹ ਸੁਕਣਾ ਸ਼ੁਰੂ ਹੋ ਜਾਂਦਾ ਹੈ। ਡਾਕਣੀਆਂ ਕਾਲੇ ਹਿਰਨ ਦੀ ਖਲੜੀ ਪਹਿਨਦੀਆਂ ਹਨ।

ਕਾਲੀ ਦੇਵੀ ਦਾ ਸਭ ਤੋਂ ਪ੍ਰਸਿਧ ਮੰਦਰ ਕਲਕੱਤੇ ਵਿਚ ਕਾਲੀ ਘਾਟ ਵਿਖੇ ਹੈ। ਕਾਲੀ ਦੀ ਪੂਜਾ ਜ਼ਿਆਦਾਤਰ ਕਲਕੱਤੇ ਵਿਚ ਹੀ ਹੁੰਦੀ ਹੈ, ਜਿਸ ਕਰਕੇ ਇਸ ਦੇਵੀ ਨੂੰ 'ਕਾਲੀ ਕਲਕੱਤੇ ਵਾਲੀ' ਵੀ ਕਹਿੰਦੇ ਹਨ।

ਪੰਜਾਬ ਵਿਚ ਕਾਲੀ ਦੇਵੀ ਦੇ ਕਈ ਮੰਦਰ ਹਨ। ਆਮ ਤੌਰ ਤੇ ਕਾਲੀ ਨੂੰ ਕੱਤਕ ਦੇ ਹਨੇਰੇ ਪੱਖ ਵਿਚ, ਰਾਤ ਵੇਲੇ ਪੂਜਿਆ ਜਾਂਦਾ ਹੈ ਅਤੇ ਬੱਕਰੇ ਦੀ ਬਲੀ ਦਿਤੀ ਜਾਂਦੀ ਹੈ। ਪੂਜਾ ਵੇਲੇ 'ਕਾਲੀ ਸਤੋਤਰ' ਪੜ੍ਹੇ ਜਾਂਦੇ ਹਨ। ਪੁਰਾਣੇ ਵੇਲਿਆਂ ਵਿਚ ਠੱਗ ਕਾਲੀ ਦੇਵੀ ਦੀ ਪੂਜਾ ਕਰਦੇ ਸਨ ਅਤੇ ਜੰਗਲਾਂ ਵਿਚ ਮੁਸਾਫ਼ਰਾਂ ਨੂੰ ਲੁਟ ਲੈਂਦੇ। ਕਈ ਵਾਰ ਜੇ ਕੋਈ ਇਕੱਲਾ-ਦੁਕੱਲਾ ਮੁਸਾਫ਼ਰ ਹੱਥ ਲਗ ਜਾਂਦਾ ਤਾਂ ਉਹਦੀ ਕਾਲੀ ਦੇਵੀ ਨਮਿਤ ਬਲੀ ਵੀ ਚੜ੍ਹਾਈ ਜਾਂਦੀ। ਕਈ ਪੱਛੜੀਆਂ ਜਾਤੀਆਂ ਵਿਚ ਵੀ, ਕਾਲੀ ਦੇਵੀ ਦੀ ਮਾਨਤਾ ਹੈ। ਪੰਜਾਬ ਦੇ ਬਾਵਰੀਏ, ਕਾਲੀ ਭਵਾਨੀ ਦੀ ਪੂਜਾ ਕਰਦੇ ਹਨ। ਦੁਸਹਿਰੇ ਵਾਲੇ ਦਿਨ ਕੋਈ ਦੇਵੀ ਭਗਤ ਕਾਲੀ ਮਾਈ ਦਾ ਸਵਾਂਗ ਭਰ ਕੇ ਮੇਲੇ ਦੇ ਗੇੜੇ ਕਢਦਾ ਤੇ ਲੋਕਾਂ ਤੋਂ ਦਾਨ ਲੈਂਦਾ ਹੈ।

(ਕ-276) **ਕਾਲੀ ਪੋਸ਼** :

ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ, ਜੋ ਹਰ ਵੇਲੇ ਸਿਆਹ ਰੰਗ ਦੇ ਲਿਬਾਸ ਪਹਿਨਦੇ ਹਨ। ਇਸਦਾ ਭਾਵ ਹੈ ਕਿ ਉਹ ਸੰਸਾਰ ਵਿਚ ਹਰ ਵੇਲੇ ਮਾਤਮ ਵਿਚ ਵਿਚਰਦੇ ਹਨ।

(ਕ-277) **ਕਾਲੂ ਬਲਾ** :

ਇਸਲਾਮ ਅਨੁਸਾਰ, ਸੰਸਾਰ ਦੇ ਆਰੰਭ ਦਾ ਉਹ ਪਹਿਲਾ ਦਿਨ, ਜਦੋਂ ਅੱਲਾ ਨੇ ਰੂਹਾਂ ਪੈਦਾ ਕੀਤੀਆਂ ਅਤੇ ਵੱਖ-ਵੱਖ ਰੂਹਾਂ ਦੇ ਆਪੋ ਵਿਚ ਰਿਸ਼ਤੇ ਜੋੜੇ। ਕਾਜ਼ੀ ਨਾਲ ਬਹਿਸ ਕਰਦਿਆਂ ਹੀਰ ਕਹਿੰਦੀ ਹੈ ਕਿ ਉਸ ਦਾ ਵਿਆਹ ਰਾਂਝੇ ਨਾਲ ਮੁੱਢ ਕਦੀਮੀ ਹੈ : "ਕਾਲੂ ਬਲਾ ਕੇ ਦਿਨ ਨਿਕਾਹ ਪੜ੍ਹਿਆ, ਰੂਹ ਨਬੀ ਨੇ ਆਪ ਪੜ੍ਹਾਇਆ ਈ"—ਵਾਰਸ ਸ਼ਾਹ।

ਜਦੋਂ ਅੱਲਾ ਨੇ ਰੂਹਾਂ ਪੈਦਾ ਕੀਤੀਆਂ। ਉਸ ਵੇਲੇ ਉਨ੍ਹਾਂ ਅੰਦਰ ਕੁਝ ਸ਼ੌਕ ਪੈਦਾ ਹੋ ਗਏ। ਇਹ ਸ਼ੌਕ, 'ਸ਼ੌਕ ਅਲਸਤ' ਅਖਵਾਉਂਦੇ ਹਨ ਤੇ ਹਰ ਰੂਹ ਵਿਚ ਬੜੇ ਪ੍ਰਬਲ ਮੰਨੇ ਜਾਂਦੇ ਹਨ।

(ਕ-278) **ਕਾਲੇ ਜੋੜੇ ਤੇ ਕਾਲੇ ਘੋੜੇ** :

ਇਕ ਰਹੱਸਮਈ ਲਸ਼ਕਰ; ਸਭ ਸਿਪਾਹੀਆਂ ਨੇ ਕਾਲੇ ਰੰਗ ਦੀ ਵਰਦੀ ਪਹਿਨੀ ਹੁੰਦੀ ਹੈ ਅਤੇ ਹੇਠਾਂ ਕਾਲੇ ਰੰਗ ਦੇ ਘੋੜੇ ਹੁੰਦੇ ਹਨ। ਇਹ ਲਸ਼ਕਰ ਪੰਜਾਂ-ਪੀਰਾਂ ਦੀ ਗੁਪਤ ਫ਼ੌਜ ਹੈ, ਜੋ ਭੀੜਾ ਸਮੇਂ ਸ਼ਰਧਾਲੂਆਂ ਦੀ ਮਦਦ ਲਈ ਪਹੁੰਚਦੀ ਹੈ। ਦਮੋਦਰ ਨੇ ਹੀਰ ਰਾਂਝੇ ਦੇ ਕਿੱਸੇ ਵਿਚ ਕਈ ਥਾਈਂ ਕਾਲੇ ਜੋੜੇ ਤੇ ਕਾਲੇ ਘੋੜੇ ਵਲ ਸੰਕੇਤ ਕੀਤਾ ਹੈ। ਜਦੋਂ ਕਦੇ ਰਾਂਝਾ ਜਾਂ ਹੀਰ ਸੰਕਟ ਵਿਚ ਹੁੰਦੇ ਹਨ ਤਾਂ ਇਹ ਗੈਬੀ ਲਸ਼ਕਰ ਉਨ੍ਹਾਂ ਦੀ ਸਹਾਇਤਾ ਕਰਦਾ ਹੈ। ਜਦੋਂ ਪਿੰਡ ਦੇ ਚਾਕ ਰਾਂਝੇ ਨੂੰ ਮਾਰਨ ਲਗੇ ਜਾਂ ਮਗਰੋਂ ਖੇੜੇ ਰਾਂਝੇ ਨੂੰ ਨਦੀ ਵਿਚ ਡਬੋਣ ਲਗੇ ਤਾਂ ਉਨ੍ਹਾਂ ਨੂੰ ਕਾਲੇ ਜੋੜੇ ਤੇ ਕਾਲੇ ਘੋੜੇ ਇਹ ਲਸ਼ਕਰ ਵਿਖਾਈ ਦਿੱਤਾ, ਇਸੇ ਤਰ੍ਹਾਂ ਜਦੋਂ ਹੀਰ ਦੇ ਮਾਪੇ ਹੀਰ ਨੂੰ ਜ਼ਹਿਰ ਦੇ ਕੇ ਮਾਰਨ ਲਗੇ, ਤਾਂ ਉਨ੍ਹਾਂ ਨੂੰ ਕਾਲੇ ਜੋੜੇ ਤੇ ਕਾਲੇ ਘੋੜੇ ਵਿਖਾਈ ਦਿੱਤੇ।

(ਕ-279) **ਕਾਵਾਂ ਠੂੰਗਾ (ਕਾਵਾਂ ਘੋੜੀ)** :

ਬੱਚਿਆਂ ਦੀ ਇਕ ਖੇਡ। ਪਹਿਲਾਂ ਬੱਚੇ ਪੁਗਦੇ ਹਨ, ਜਿਸ ਸਿਰ ਮੀਟੀ ਆਉਂਦੀ ਹੈ, ਉਹ ਘੋੜੀ ਬਣ ਜਾਂਦਾ ਹੈ। ਇਕ ਹੋਰ ਦੂਜਾ ਖਿਡਾਰੀ ਜੋ ਸਭ ਤੋਂ ਪਹਿਲਾਂ ਪੁਗਦਾ ਹੈ, ਉਹ ਘੋੜੀ ਦਾ ਮਾਲਕ ਬਣਦਾ ਹੈ। ਬਾਕੀ ਦੇ ਸਭ ਬੱਚੇ ਕਾਂ ਬਣਦੇ ਹਨ ਤੇ 'ਕਾਂ ਕਾਂ' ਕਰਕੇ ਸ਼ੋਰ ਮਚਾਂਦੇ ਤੇ ਬੂੜਕਦੇ ਹਨ।

ਸਵਾਰ ਘੋੜੀ ਨੂੰ ਕਿਸੇ ਦਰੱਖਤ ਜਾਂ ਕਿੱਲੇ ਨਾਲ ਬੰਨ੍ਹ ਕੇ ਉਹ ਘਾਹ ਖੋਤਰਦਾ ਹੋਇਆ ਦੂਰ ਨਿਕਲ ਜਾਂਦਾ ਹੈ।

ਪਿਛੋਂ ਘੋੜੀ ਨੂੰ ਇਕੱਲੀ ਵੇਖ ਕੇ ਉਸ ਉਤੇ ਸਵਾਰੀ ਕਰਨਾ ਚਾਹੁੰਦੇ ਹਨ। ਮੀਟੀ ਵਾਲਾ ਮੁੰਡਾ ਝੁਕ ਕੇ ਘੋੜੀ ਬਣਿਆ ਰਹਿੰਦਾ ਹੈ ਤੇ ਜਿਹੜਾ ਵੀ ਚਾਹੇ ਉਸ ਦੀ ਸਵਾਰੀ ਕਰਦਾ ਹੈ। ਘੋੜੀ ਦੋਲਤੀਆਂ ਮਾਰ ਕੇ, ਤੇ ਉਛਲ ਕੇ, ਉਸਨੂੰ ਹੇਠਾਂ ਡੇਗਦੀ ਹੈ। ਉਹ ਕਿਸੇ ਨੂੰ ਸਵਾਰ ਨਹੀਂ ਹੋਣ ਦੇਂਦੀ। ਜੇ ਕੋਈ ਮੁੰਡਾ ਘੋੜੀ ਤੇ ਚੜ੍ਹ ਜਾਵੇ ਤਾਂ ਬਾਕੀ ਕਾਂ ਬਣ ਕੇ ਕਾਂ ਕਾਂ ਕਰਦੇ ਤੇ ਘੋੜੀ ਨੂੰ ਠੂੰਗੇ ਮਾਰਦੇ ਹਨ, ਜਿਵੇਂ ਉਸਦੇ ਜ਼ਖ਼ਮ ਨੂੰ ਠੂੰਗਾ ਮਾਰ ਰਹੇ ਹੋਣ। ਠੂੰਗਾ ਮਾਰਨਾ ਇਕ ਤਰ੍ਹਾਂ ਚੂੰਢੀਆਂ ਵੱਢਣਾ ਹੁੰਦਾ ਹੈ।

ਫਿਰ ਘੋੜੀ ਹਿਣਕਦੀ ਹੈ ਤੇ ਘੋੜੀ ਦਾ ਸਾਈ ਨਸਿਆ ਆਂਦਾ ਹੈ। ਸਵਾਰ ਡਰ ਕੇ ਨਸ ਜਾਂਦਾ ਹੈ।

ਮਾਲਕ ਨੇ ਕੇਵਲ ਸਵਾਰ ਨੂੰ ਫੜਨਾ ਹੁੰਦਾ ਹੈ ਤੇ ਪਿਛੋਂ ਕਾ ਖਿਡਾਰੀ, ਘੋੜੀ ਨੂੰ ਚੂੰਢੀਆਂ ਮਾਰਦੇ ਹਨ। ਜਿਹੜਾ ਫੜਿਆ ਜਾਵੇ ਉਹ ਘੋੜੀ ਤੇ ਪਹਿਲਾ ਸਵਾਰ ਬਣਦਾ ਹੈ।

(ਕ-280) **ਕਾਵਿ ਕਥਾਵਾਂ** :

ਪੰਜਾਬੀ ਵਿਚ, ਕਥਾਤਮਿਕ ਕਾਵਿ ਲਈ, ਕੋਈ ਇਕ ਉਚੇਚਾ ਪਰਿਭਾਸ਼ਕ ਸ਼ਬਦ ਪ੍ਰਚਲਤ ਨਹੀਂ। ਵੈਸੇ ਕਿੱਸਾ, ਚਿੱਠਾ, ਵਾਰ, ਸਾਕਾ, ਸ਼ਹੀਦੀ, ਸ਼ਾਦੀ ਅਤੇ ਪ੍ਰਸੰਗ ਆਦਿ ਬਿਰਤਾਂਤਕ ਕਾਵਿ-ਰੂਪਾਂ ਵਿਚ, ਕਿਸੇ ਕਥਾ-ਕਹਾਣੀ ਜਾਂ ਵਿਸ਼ੇਸ਼ ਘਟਨਾ/ਘਟਨਾਵਾਂ ਦਾ ਹੀ ਵਰਣਨ ਹੁੰਦਾ ਹੈ। ਇਹ ਸਭ ਰੂਪ ਤੇ ਇਨ੍ਹਾਂ ਦਾ ਕਾਵਿਕ ਵਿਧਾਨ ਪਰੰਪਰਕ ਹਨ ਅਤੇ ਇਨ੍ਹਾਂ ਸਭਿਆਚਾਰਕ ਸਿਰਜਨਾਵਾਂ ਵਿਚ ਪੰਜਾਬੀਆਂ ਦੀ ਸਾਮੂਹਿਕ ਮਾਨਸਿਕਤਾ ਆਪਣੇ ਜਲੌ ਵਿਚ ਪ੍ਰਗਟ ਹੋਈ ਹੈ। ਇਨ੍ਹਾਂ ਵਿਚੋਂ ਕੁਝ ਰੂਪ ਸਾਕੇ, 'ਸ਼ਹੀਦੀ' ਆਦਿ ਤਾਂ ਆਕਾਰ ਵਿਚ ਛੋਟੇ ਅਤੇ ਇਕਹਿਰੀ ਘਟਨਾ ਬੁਣਤੀ ਦੇ ਹਨ ਤੇ ਸੁਭਾਵ ਵਿਚ ਸਰੋਦੀ ਵੀ। ਜਿਥੇ ਕਿ ਦੂਜੇ ਪਾਸੇ ਕਿੱਸੇ ਵਰਗੇ ਰੂਪ ਜਟਿਲ ਬੁਣਤੀ ਤੇ ਵਿਆਪਕ ਪਸਾਰ ਕਾਰਨ, ਮਹਾਕਾਵਿ ਦੀ ਸੀਮਾ ਜਾ ਛੂਹੰਦੇ ਹਨ। ਇਹ ਮੂਲ ਬਿਰਤੀ ਵੀ ਸਭ ਰਚਨਾਵਾਂ ਵਿਚ ਸਥਿਰ ਨਹੀਂ ਰਹੀ। ਢਾਡੀਆਂ ਦੇ ਰਚੇ ਕਈ ਸਾਕੇ ਆਕਾਰ ਵਿਚ ਵਿਆਪਕ ਤੇ ਸੰਘਣੀ ਜਟਿਲ ਬੁਣਤੀ ਵਾਲੇ ਵੀ ਪ੍ਰਾਪਤ ਹਨ। ਕਈ ਕਿੱਸੇ ਪੱਟੜੀਆਂ ਉਤੇ ਚੁਵਰਕੀ ਦੀ ਸ਼ਕਲ ਵਿਚ ਛਪੇ ਵੇਖਣ ਲਈ ਮਿਲਦੇ ਹਨ। ਇਸ ਲਈ ਇਨ੍ਹਾਂ ਸਭਨਾਂ ਬਿਰਤੀਆਂ ਤੇ ਪਰੰਪਰਾਵਾਂ ਨੂੰ ਕਿਸੇ ਇਕ ਸਰਲ-ਪਰਿਭਾਸ਼ਾ ਵਿਚ ਬੰਨ੍ਹਣਾ ਸਹਿਜ ਨਹੀਂ।

ਕਾਵਿ ਕਥਾ ਪਦ ਅਸੀਂ ਇਥੇ ਬੈਲਡ (Ballad) ਦੇ ਸਮਾਨਾਰਥ ਵਰਤ ਰਹੇ ਹਾਂ। ਅੰਗਰੇਜ਼ੀ-ਪੰਜਾਬੀ ਕੋਸ਼ਾਂ ਵਿਚ 'ਬੈਲਡ' ਦੇ ਅਰਥ ਕਿੱਸਾ, ਵਾਰ, ਸਾਕਾ, ਗਾਥਾ-ਕਾਵਿ ਆਦਿ ਦਿੱਤੇ ਮਿਲਦੇ ਹਨ। ਪਰ ਕਿੱਸਾ, ਵਾਰ ਜਾਂ ਸਾਕਾ ਕਾਵਿ ਨੂੰ ਉਸ ਭਾਂਤ ਬੈਲਡ ਨਹੀਂ ਮੰਨਿਆ ਜਾ ਸਕਦਾ, ਜਿਸ ਭਾਂਤ ਅੰਗਰੇਜ਼ੀ ਵਿਚ ਇਹ ਸ਼ਬਦ ਵਰਤਿਆ ਜਾਂਦਾ ਹੈ। ਕੁਝ ਵਿਦਵਾਨਾਂ ਨੇ ਕਾਵਿ-ਕਥਾ ਲਈ ਗਾਥਾ ਸ਼ਬਦ ਦੀ ਵਰਤੋਂ ਵੀ ਕੀਤੀ ਹੈ, ਪਰ ਇਹ ਸ਼ਬਦ ਪੰਜਾਬੀ ਦੀ ਸਭਿਆਚਾਰਕ ਸਿਰਜਨਾ ਦਾ ਕਦੇ ਹਿੱਸਾ ਨਹੀਂ ਬਣਿਆ। ਮਧਕਾਲੀ ਲੋਕ-ਸਾਹਿਤ ਵਿਚ ਪੰਜਾਬ ਵਿਚ ਕੋਈ ਵੀ ਕਾਵਿ-ਰੂਪ ਇਸ ਨਾਂ ਨਾਲ ਪ੍ਰਚਲਤ ਨਹੀਂ ਸੀ। ਪੰਜਾਬੀ ਵਿਚ ਮੱਧਕਾਲ ਵਿਚ ਲੋਕ-ਗੀਤਾਂ ਲਈ ਗਾਉਣ ਤੇ ਕਾਵਿ-ਕਥਾਵਾਂ ਲਈ ਲੰਮੇ ਗਾਉਣ ਆਦਿ ਸ਼ਬਦ ਦਾ ਪ੍ਰਯੋਗ ਵੀ ਹੁੰਦਾ ਰਿਹਾ। ਕੁਝ ਲੰਮੀਆਂ ਕਾਵਿ-ਕਥਾਵਾਂ, ਜੋ ਸੰਬਾਦਾਂ ਵਿਚ ਪ੍ਰਾਪਤ ਹਨ, ਨੂੰ 'ਸਾਂਗ' ਵੀ ਕਹਿ ਲਿਆ ਜਾਂਦਾ ਸੀ। ਸਾਂਗ ਵਿਚ ਕਿਸੇ ਦੰਦ-ਕਥਾ ਨੂੰ ਕਾਵਿ-ਸੰਬਾਦਾਂ ਦੁਆਰਾ, ਨ੍ਰਿਤ ਤੇ ਸੰਗੀਤ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਡੀਆਂ ਕਈ ਕਾਵਿ-ਕਥਾਵਾਂ ਸਵਾਂਗਾਂ ਦੀਆਂ ਹੀ ਭਾਵਪੂਰਤ ਟੁਕੜੀਆਂ ਹਨ, ਜੋ ਆਪਣੀ ਰੋਚਿਕਤਾ ਕਾਰਨ ਲੋਕਾਂ ਦੀ ਸਿਮਰਤੀ ਵਿਚ ਜਿਉਂਦੀਆਂ ਰਹੀਆਂ।

ਮੇਰੀ ਜਾਚੇ ਕਾਵਿ-ਕਥਾ ਭਾਵਨਾ ਨਾਲ ਗੁੱਧੀ ਵਰਣਾਤਮਿਕ ਰੂਪ-ਰਚਨਾ ਹੈ, ਜਿਸ ਵਿਚ ਕਈ ਲੋਕ-ਕਥਾ, ਗੀਤਾਂ ਵਰਗੀ ਸਰੋਦੀ ਲੈਅ ਤੇ ਸਰਲਤਾ ਨਾਲ, ਛੋਟੇ ਛੋਟੇ ਪਦਿਆਂ ਵਿਚ ਪੇਸ਼ ਕੀਤੀ ਗਈ ਹੁੰਦੀ ਹੈ। ਇਸ ਵਿਚੋਂ ਕਥਾ ਦੀ ਰੋਚਿਕਤਾ ਤੇ ਗੀਤ ਦੀ ਭਾਵੁਕਤਾ ਦਾ ਮਿੱਸਾ ਰਸ ਝਰਦਾ ਰਹਿੰਦਾ ਹੈ। ਮੌਖਿਕ ਪਰੰਪਰਾ ਨਾਲ ਜੁੜੀ, ਇਸ ਸਭਿਆਚਾਰਕ ਰਚਨਾ ਦਾ, ਲੋਕ-ਧੁਨਾਂ ਵਿਚ ਗਾਇਆ ਜਾਣਾ ਲਾਜ਼ਮੀ ਹੈ।

ਅਜਿਹੀ ਕਾਵਿ ਰਚਨਾ ਮੱਧਕਾਲ ਵਿਚ ਕਾਫ਼ੀ ਮਾਤਰਾ ਵਿਚ ਪੈਦਾ ਹੋਈ ਅਤੇ ਲੋਕ-ਨਾਇਕਾਂ, ਸੰਤਾਂ ਮਹਾਤਮਾਵਾਂ, ਪੀਰਾਂ ਫ਼ਕੀਰਾਂ ਤੇ ਸ਼ਹੀਦਾਂ ਆਦਿ ਨਾਲ ਸੰਬੰਧਿਤ ਅਨੇਕਾਂ ਕਾਵਿ-ਕਥਾਵਾਂ ਸਿਰਜੀਆਂ ਗਈਆਂ, ਜਿਨ੍ਹਾਂ ਵਿਚ ਬੈਲਡ ਦੇ ਪ੍ਰਮੁਖ ਲੱਛਣ-ਪਰੰਪਰਾਗਤ ਕਥਾਨਿਕ, ਗੀਤਾਤਮਿਕਤਾ ਤੇ ਨਿਜੀ ਭਾਵਨਾ ਦੀ ਥਾਂ ਸਮੂਹਿਕ ਮਾਨਸਿਕਤਾ ਪ੍ਰਾਪਤ ਸੀ। ਬੈਲਡ ਵਾਂਗ ਹੀ ਇਹ ਕਾਵਿ ਛੋਟੇ ਛੋਟੇ ਪਦਿਆਂ ਵਿਚ ਰਚੀ ਗਈ ਤੇ ਲੋਕ-ਧੁਨਾਂ ਵਿਚ ਗਾਈ ਜਾਂਦੀ ਰਹੀ। ਲੋਕ-ਰੂੜੀਆਂ ਅਤੇ ਸਭਿਆਚਾਰਕ ਤੱਤਾਂ ਸਦਕਾ ਇਨ੍ਹਾਂ ਵਿਚੋਂ ਮੱਧਕਾਲੀ ਪੰਜਾਬੀਅਤ ਦੀ ਨੁਹਾਰ ਪਛਾਣੀ ਜਾ ਸਕਦੀ ਸੀ। ਪਰ ਉਪ੍ਰੋਕਤ ਕਾਵਿ-ਰੂਪਾਂ ਵਾਂਗ ਇਸ ਦਾ ਕੋਈ ਨਿਵੇਕਲਾ ਪਰਿਭਾਸ਼ਕ ਨਾਂ ਨਹੀਂ ਪ੍ਰਚਲਤ ਹੋਇਆ। ਇਸੇ ਵਜ੍ਹਾ ਕਰਕੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਜਿਥੇ ਉਪ੍ਰੋਕਤ ਕਾਵਿ-ਰੂਪਾਂ ਕਿੱਸਾ, ਵਾਰ ਆਦਿ ਬਾਰੇ ਭਰਵੀਂ ਚਰਚਾ ਹੋਈ ਮਿਲਦੀ ਹੈ, ਉਥੇ ਬੈਲਡ ਦਾ ਵਖਰੇ ਰੂਪ-ਰਚਨਾ ਦੇ ਤੌਰ ਤੇ ਸਿਧਾਂਤਕ ਜਾਂ ਵਿਸ਼ਲੇਸ਼ਣਾਤਮਿਕ ਅਧਿਐਨ ਨਹੀਂ ਮਿਲਦਾ।

ਪਹਿਲਾਂ ਅਸੀਂ ਬੈਲਡ ਦੇ ਮੁੱਖ ਲੱਛਣਾਂ ਤੇ ਵਿਚਾਰ ਕਰਾਂਗੇ, ਫਿਰ ਪੰਜਾਬੀ ਕਾਵਿ-ਕਥਾਵਾਂ ਦਾ ਅਧਿਐਨ ਕਰਕੇ, ਉਨ੍ਹਾਂ ਦੀ ਮੂਲ-ਪ੍ਰਕ੍ਰਿਤੀ ਤੇ ਸਭਿਆਚਾਰਕ ਪ੍ਰਕਾਰਜ ਬਾਰੇ ਚਰਚਾ ਕਰਾਂਗੇ।

ਕਾਵਿ-ਕਥਾ ਵਿਚ ਕੋਈ ਲੋਕ-ਪ੍ਰਸਿਧ ਕਹਾਣੀ, ਕਾਵਿ ਦੇ ਮਾਧਿਅਮ ਦੁਆਰਾ ਬਿਆਨ ਕੀਤੀ ਜਾਂਦੀ ਹੈ। ਇਹ ਕਹਾਣੀ ਭਾਵੇਂ ਕਲਪਿਤ ਹੋਵੇ, ਭਾਵੇਂ ਮਿਥਕ ਜਾਂ ਇਤਿਹਾਸਕ, ਇਹ ਲੋਕ-ਬੋਧ ਦਾ ਅੰਗ ਹੋਣਾ ਜ਼ਰੂਰੀ ਹੈ। ਜੇ ਅੰਗ ਨਹੀਂ ਤਾਂ ਇਸ ਵਿਚ ਇਤਿਹਾਸ ਯਥਾਰਥ ਬਣਨ ਦੇ ਸਮਰਥ ਹੋਵੇ। ਕੋਈ ਕਾਵਿ-ਕਥਾ ਤਾਂ ਹੀ ਲੋਕ-ਪ੍ਰਿਯ

ਹੋ ਸਕਦੀ ਹੈ ਜੇ ਇਸ ਕਥਾ ਨਾਲ ਲੋਕ-ਭਾਵਨਾ ਜੁੜੀਆਂ ਹੋਣ ਜਾਂ ਜਿਨ੍ਹਾਂ ਦੀ ਕਹਾਣੀ ਲੋਕ-ਮਨ ਵਿਚੋਂ ਜਾਂ ਸਭਿਆਚਾਰਕ ਮਾਨਸਿਕਤਾ ਵਿਚੋਂ ਦੀ ਲੰਘ ਕੇ, ਇਕ ਵਿਲੱਖਣ ਸਰੂਪ ਧਾਰ ਲਏ ਜਾਂ ਫਿਰ ਇਤਿਹਾਸਕ ਯਥਾਰਥ ਦਾ ਹਿੱਸਾ ਬਣ ਚੁਕੀ ਹੋਵੇ—ਲੋਕਾਂ ਦੀ ਸੋਚ ਤੇ ਸੁਪਨਿਆ ਦੇ ਅਨੁਕੂਲ। ਲੋਕਾਂ ਤੋਂ ਟੁੱਟੀ ਹੋਈ ਨੀਰਸ ਕਥਾ ਲੋਕ-ਬੋਧ ਦਾ ਅੰਗ ਨਹੀਂ ਬਣਦੀ ਅਤੇ ਗਮੰਤਰੀ ਤੇ ਭੱਟ ਮਿਰਾਸੀ ਵੀ, ਉਸ ਨੂੰ ਸਾਂਭਣ ਲਈ ਆਪਣੀ ਸਿਮਰਤੀ ਤੇ ਵਾਧੂ ਬੋਝ ਪਾਉਣ ਲਈ ਤਿਆਰ ਨਹੀਂ ਹੁੰਦੇ। ਲੋਕ-ਭਾਵਨਾ ਨਾਲ ਜੁੜੀ ਕਹਾਣੀ ਇਕ ਸਰਬ-ਸਾਂਝੀ ਅਪੀਲ ਗ੍ਰਹਿਣ ਕਰ ਲੈਂਦੀ ਹੈ। ਲੋਕ ਉਸ ਤੋਂ ਉਤੇਜਿਤ ਹੁੰਦੇ ਹਨ ਅਤੇ ਉਸ ਨਾਲ ਇਕਸੁਰ ਹੋ ਕੇ ਆਪਣਾ ਅੰਦਰਲਾ ਪ੍ਰਜਵੱਲਤ ਕਰਦੇ ਸਭਿਆਚਾਰਕ ਅਨੰਦ ਮਾਣਦੇ ਹਨ।

ਦੂਜਾ, ਕਾਵਿ-ਕਥਾ ਵਿਚ ਵਸਤੂ ਨਾਟਕੀ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਕਈ ਵਾਰ ਦੋ ਪਾਤਰ ਰੂ-ਬਰੂ ਹੋ ਕੇ ਆਪੋ ਵਿਚ ਖਹਿਬੜਦੇ ਜਾਂ ਮਿਹਣੋ ਮਿਹਣੀ ਹੋਏ ਆਪਣੇ ਹਿਰਦੇ ਦੀਆਂ ਭਾਵਨਾਵਾਂ ਵਿਅਕਤ ਕਰਦੇ ਹਨ। ਬਹੁਤੀ ਵਾਰ ਤਾਂ ਕਥਾ ਦੀ ਮੂਲ ਘਟਨਾ ਤਾਂ ਪਿਛੋਕੜ ਵਿਚ ਹੀ ਰਹਿ ਜਾਂਦੀ ਹੈ ਅਤੇ ਕਾਵਿ-ਕਥਾ ਵਿਚ ਉਸ ਦੀ ਨੁਹਾਰ ਇਤਨੀ ਧੁੰਦਲੀ ਹੁੰਦੀ ਹੈ ਕਿ ਜੇ ਪਹਿਲੋਂ ਕਹਾਣੀ ਪਤਾ ਨਾ ਹੋਵੇ ਤਾਂ ਸਹਿਜੇ ਪੂਰੀ ਪਛਾਣੀ ਨਹੀਂ ਬਣਦੀ। ਪਰ ਕਾਵਿ-ਸੰਬਾਦ ਇਤਨੇ ਤਿਖੇ, ਭਾਵਪੂਰਤ ਨਾਟਕੀ ਤੇ ਪ੍ਰਭਾਵਸ਼ਾਲੀ ਹੁੰਦੇ ਹਨ ਕਿ ਘਟਨਾ ਜਾਣਨ ਦੀ ਲੋੜ ਹੀ ਨਹੀਂ ਰਹਿੰਦੀ। ਉਹ ਆਪਣੀ ਰੌਚਿਕਤਾ ਦੇ ਬਲ 'ਤੇ ਹੀ ਜਿੰਦਾ ਰਹਿ ਸਕਦੇ ਹਨ।

ਪੰਜਾਬੀ ਕਾਵਿ-ਕਥਾਵਾਂ ਵਿਚ ਨਾਟਕੀ ਤੱਤ ਕਾਫ਼ੀ ਬਹੁਲਤਾ ਵਿਚ ਪ੍ਰਾਪਤ ਹੈ। ਇਹ ਪ੍ਰਧਾਨ ਤੱਤਾਂ ਵਿਚੋਂ ਹੈ, ਜਿਸ ਦੇ ਕੁਝ ਵਿਸ਼ੇਸ਼ ਕਾਰਨ ਹਨ। ਬਹੁਤੀ ਵਾਰ ਦੋ ਪਾਤਰ ਰੂ-ਬਰੂ ਹੋ ਕੇ, ਕਦੇ ਆਪਣੀਆਂ ਭਾਵਨਾਵਾਂ ਤੇ ਵੇਦਨਾਵਾਂ ਪ੍ਰਗਟ ਕਰਦੇ ਹਨ, ਕਦੇ ਆਪੋ ਵਿਚ ਟਕਰਾਂਦੇ ਹਨ। ਕਈ ਵਾਰ ਇਕ-ਪਾਤ੍ਰੀ ਮਨ-ਬਚਨੀ ਹੁੰਦੀ ਹੈ। ਕੋਈ ਲੋਕ-ਪਾਤਰ ਆਪਣੇ ਦਿਲ ਦੀ ਭੜਾਸ ਕਢ ਰਿਹਾ ਹੁੰਦਾ ਹੈ। ਜਿਵੇਂ ਕਿ ਉਪਰ ਸੰਕੇਤ ਕੀਤਾ ਜਾ ਚੁਕਾ ਹੈ। ਪੰਜਾਬੀ ਕਾਵਿ-ਕਥਾਵਾਂ, ਸਵਾਂਗਾਂ ਦੇ ਰੂਪ ਵਿਚ ਰਚੀਆਂ ਜਾਂਦੀਆਂ ਜਾਂ ਸਵਾਂਗਾਂ ਦੀਆਂ ਹੀ ਕੁਝ ਟੁੱਕੜੀਆਂ ਆਪਣੀ ਨਿਵੇਕਲੀ ਹੋਂਦ ਸਥਾਪਿਤ ਕਰ ਕੇ ਕਾਵਿ-ਕਥਾਵਾਂ ਦੇ ਰੂਪ ਵਿਚਰਨ ਲਗਦੇ। ਸਵਾਂਗ 19ਵੀਂ ਸਦੀ ਦੇ ਆਰੰਭ ਤਕ ਸਾਡੇ ਪਿੰਡਾਂ ਵਿਚ ਬੜੇ ਲੋਕ-ਪ੍ਰਿਯ ਸਨ ਅਤੇ ਇਹ ਕਾਵਿ-ਸੰਬਾਦਾਂ ਵਿਚ ਰਚੇ ਜਾਂਦੇ, ਜੋ ਬੜੇ ਨਾਟਕੀ, ਰੌਚਕਤਾ ਤੇ ਭਾਵਪੂਰਤ ਹੁੰਦੇ ਸਨ।

ਨਾਟਕੀ-ਤੱਤ ਦੀ ਬਹੁਲਤਾ ਦਾ ਦੂਜਾ ਕਾਰਨ ਕਾਵਿ-ਕਥਾਵਾਂ ਦੀ ਅਦਾਇਗੀ ਸਦਕਾ ਹੈ। ਇਨ੍ਹਾਂ ਰਚਨਾਵਾਂ ਨੂੰ ਆਮ ਤੌਰ ਤੇ ਗਾਇਕ, ਸਾਜ਼ਾਂ ਨਾਲ ਲੋਕ-ਧੁਨਾਂ 'ਤੇ ਗਾਉਂਦੇ ਸਨ। ਘਟੋ ਘਟ ਦੋ ਗਾਇਕਾਂ ਦਾ ਹੋਣਾ ਤਾਂ ਲਾਜ਼ਮੀ ਹੈ ਜੋ ਵਾਰੋ ਵਾਰੀ ਬੰਦਾਂ ਨੂੰ ਪੜ੍ਹਦੇ ਜਾਂਦੇ, ਇਸ ਲਈ ਜੇ ਕਥਾ ਕਾਵਿ-ਸੰਬਾਦਾਂ ਵਿਚ ਹੋਵੇ ਤਾਂ ਅਦਾਇਗੀ ਜ਼ਿਆਦਾ ਸੁਭਾਵਿਕ ਲਗਦੀ ਹੈ। ਕਹਾਣੀ ਦਾ ਵੇਰਵਾ ਉਨ੍ਹਾਂ ਦੋਹਾਂ ਵਿਚੋਂ ਇਕ ਜਾਂ ਕੋਈ ਤੀਜਾ ਸ਼ਖ਼ਸ ਜੋ ਇਸ ਗਾਇਕ ਜੱਥੇ ਦਾ ਮੁਖੀਆ ਹੁੰਦਾ ਹੈ, ਆਮ ਵਾਰਤਕ ਵਿਚ ਹੀ ਦੇਂਦਾ ਹੈ।

ਬਹੁਤੀ ਵਾਰ ਕਥਾ-ਕਾਵਿ ਲਈ ਕੋਈ ਨਾਟਕੀ ਘਟਨਾ ਚੁਣੀ ਜਾਂਦੀ ਹੈ, ਜਿਵੇਂ ਰਾਜੇ ਰਸਾਲੂ ਦਾ ਮਾਣਕਿਆਲੇ ਵਿਚੋਂ ਲੰਘਦਿਆਂ ਇਕ ਬੱਢੀ ਤੀਵੀਂ ਨੂੰ ਪਹਿਲਾਂ ਹਸਦਿਆਂ ਤੇ ਫਿਰ ਰੋਂਦਿਆਂ ਵੇਖ ਕੇ, ਅਸਲੀ ਗੱਲ ਜਾਣਨ ਲਈ ਉਤਸਕ ਹੋਣਾ; ਇਹ ਸੁਆਲ ਜੁਆਬ ਬੜੇ ਰੌਚਿਕ ਹਨ। ਕਾਵਿ ਵਿਚ ਹੋਣ ਕਰਕੇ ਸਵਾਦ ਵਿਚ ਹੋਰ ਵਾਧਾ ਹੁੰਦਾ ਹੈ।

ਲੋਕ-ਧੁਨਾਂ ਵਿਚ ਗਾਈ ਜਾਣ ਵਾਲੀ, ਸਭਿਆਚਾਰਕ ਸਿਰਜਨਾ ਹੋਣ ਕਰਕੇ ਕਾਵਿ-ਕਥਾ ਵਿਚ ਸੰਗੀਤਾਤਮਿਕਤਾ ਦਾ ਹੋਣਾ ਲਾਜ਼ਮੀ ਹੈ। ਜੇ ਇਹ ਗਾਏ ਜਾਣ ਦੇ ਯੋਗ ਨਹੀਂ ਤਾਂ ਇਸ ਦੀਆਂ ਕਾਵਿ-ਟੁਕੜੀਆਂ ਨੂੰ, ਜ਼ਬਾਨੀ ਯਾਦ ਰੱਖਣ ਦਾ ਕੀ ਫ਼ਾਇਦਾ ? ਫਿਰ ਇਹ ਲੋਕ-ਧੁਨਾਂ ਵਿਚ ਗਾਈ ਜਾ ਸਕੇ, ਨਹੀਂ ਤਾਂ ਇਹ ਮੌਖਿਕ ਪਰੰਪਰਾ ਦੁਆਰਾ ਦੀਰਘ ਆਯੂ ਨਹੀਂ ਭੋਗ ਸਕੇਗੀ। ਕਾਵਿ-ਕਥਾ ਨੂੰ ਆਮ ਤੌਰ ਤੇ ਭੱਟ, ਮਿਰਾਸੀ, ਜੋਗੀ, ਤੇ ਗਮੰਤਰੀ ਆਦਿ ਵੀਣਾ, ਸਾਰੰਗੀ ਜਾਂ ਇਕਤਾਰੇ ਆਦਿ ਦੀ ਸੁਰ ਵਿਚ ਗਾਉਂਦੇ ਹਨ ਅਤੇ ਇਸ ਨੂੰ ਲੋਕ-ਧੁਨਾਂ ਵਿਚ ਬੰਨ੍ਹਿਆ ਜਾਂਦਾ ਹੈ। ਜੇ ਕਾਵਿ-ਕਥਾ ਸਰੋਦੀ ਬਿਰਤਾਂਤ ਹੋਵੇ ਤੇ ਇਸ ਵਿਚ ਸੁਰ-ਤਾਲ ਧੜਕਦਾ ਹੋਵੇ।

ਕਾਵਿ-ਕਥਾਵਾਂ ਨੇ ਛੰਦ-ਕਥਾ ਦਾ ਸਰੂਪ ਗ੍ਰਹਿਣ ਕਰਨਾ ਹੁੰਦਾ ਹੈ, ਨਾਲੇ ਰਤਾ ਵਖਰੀ ਪਛਾਣ ਕਾਇਮ ਕਰਨੀ ਹੁੰਦੀ ਹੈ, ਇਸ ਲਈ ਉਹਦੇ ਵਿਚ ਇਕ ਤਾਂ ਇਤਿਹਾਸਕ ਯਥਾਰਥ ਬਣਨ ਦੀ ਸਮਰਥਾ ਹੋਣੀ ਚਾਹੀਦੀ ਹੈ। ਦੂਜਾ, ਲੋਕ-ਮਾਨਸੀ ਤੱਤ ਦੁਆਰਾ ਉਸ ਦਾ ਪਸਾਰ ਮਿੱਥਕ ਹੋਵੇ।

ਲੋਕ-ਮਾਨਸਿਕਤਾ ਵਿਚੋਂ ਨਿਸਰੀਆਂ ਹੋਣ ਕਰਕੇ, ਕਾਵਿ-ਕਥਾਵਾਂ ਵਿਚ ਲੋਕ-ਮਨ ਆਪਣੇ ਪੂਰੇ ਜਲੌ ਵਿਚ ਹੁੰਦਾ ਹੈ। ਇਸੇ ਪ੍ਰਕ੍ਰਿਤੀ ਸਦਕਾ ਕਾਵਿ-ਕਥਾਵਾਂ ਵਿਚਲੇ ਮੁੱਖੀ ਪਾਤਰ ਜਾਂ ਲੋਕ-ਨਾਇਕ ਦੀ ਰਤਾ ਵਖਰੀ ਪਛਾਣ ਕਾਇਮ ਹੁੰਦੀ ਹੈ। ਲੋਕ-ਮਨ ਵਿਚੋਂ ਲੰਘ ਕੇ ਕੋਈ ਕਥਾ ਜਾਂ ਘਟਨਾ ਵਿਲੱਖਣ ਸਰੂਪ ਗ੍ਰਹਿਣ ਕਰ ਲੈਂਦੀ ਹੈ।

ਜੜ੍ਹ ਵਸਤੂਆਂ ਪ੍ਰਾਣਧਾਰੀ ਹੋ ਨਿਬੜਦੀਆਂ ਹਨ। ਅਮੂਰਤ ਤੇ ਦੇਹਹੀਨ ਕਲਪਿਤ ਚੀਜ਼ਾਂ ਸਮੂਰਤ ਹੋ ਕੇ ਸਾਡੇ ਸਾਹਮਣੇ ਇਕ ਦੂਜੇ ਨਾਲ ਖਹਿਬੜਦੀਆਂ ਹਨ, ਜਿਵੇਂ ਕਲੂ ਤੇ ਨਾਰਦ ਦੇ ਝਗੜੇ ਵਿਚ ਕਲੂ ਇਕ ਪ੍ਰਾਣਧਾਰੀ ਸਰੂਪ ਗ੍ਰਹਿਣ ਕਰ ਲੈਂਦੀ ਹੈ। ਗੁੱਗੇ ਪੀਰ ਨੇ ਜਦੋਂ ਮਾਸੀ ਦੇ ਪੁੱਤਰ ਸੁਰਜਨ ਤੇ ਅਰਜਨ ਦਾ ਸਿਰ ਵੱਢ ਦਿੱਤਾ ਤਾਂ ਮਾਂ ਦੀ ਲਾਅਨਤ-ਮੁਲਾਮਤ ਸੁਣ ਕੇ, ਗੁੱਗੇ ਨੇ ਧਰਤੀ ਦੀ ਗੋਦ ਵਿਚ ਜਿਊਂਦੇ-ਜੀਅ ਸਮਾਉਣਾ ਚਾਹਿਆ ਤਾਂ ਧਰਤੀ ਉਸ ਨੂੰ ਕਹਿੰਦੀ ਹੈ ਕਿ ਉਹ ਕੇਵਲ ਮੁਸਲਮਾਨਾਂ ਨੂੰ ਹੀ ਆਪਣੀ ਗੋਦ ਵਿਚ ਜਗ੍ਹਾ ਦੇ ਸਕਦੀ ਹੈ, ਹਿੰਦੂਆਂ ਨੂੰ ਨਹੀਂ। ਤਾਂ ਗੁੱਗਾ ਕਿਸੇ ਪੀਰ ਤੋਂ ਇਸਲਾਮ ਮਤ ਗ੍ਰਹਿਣ ਕਰਦਾ ਹੈ। ਫਿਰ ਆਪਣੇ ਘੋੜੇ ਤੇ ਬਰਛੇ ਸਮੇਤ ਧਰਤੀ ਦੀ ਗੋਦ ਵਿਚ ਅਲੋਪ ਹੋ ਜਾਂਦਾ ਹੈ। ਪਸ਼ੂ-ਪੰਛੀ ਮਨੁੱਖੀ ਚੇਤਨਾ ਤੇ ਬਿਰਤੀਆਂ ਗ੍ਰਹਿਣ ਕਰਕੇ, ਉਨ੍ਹਾਂ ਵਾਂਗ ਹੀ ਬੋਲਦੇ ਤੇ ਉਨ੍ਹਾਂ ਵਰਗੇ ਹੀ ਕਾਰਜ ਕਰਦੇ ਹਨ। ਹੀਰਾ ਹਿਰਨ ਰਾਜਾ ਰਸਾਲੂ ਹਥੋਂ ਹੋਏ ਆਪਣੇ ਅਪਮਾਨ ਦਾ ਬਦਲਾ ਲੈਣ ਲਈ, ਰਾਜੇ ਹੋਡੀ ਨੂੰ ਆਪਣੇ ਪਿਛੇ ਲਗਾ ਕੇ, ਕੋਕਿਲਾਂ ਦੇ ਮਹਿਲ ਹੇਠ ਲਿਆ ਖੜਾ ਕਰਦਾ ਹੈ ਅਤੇ ਦੋਹਾਂ ਦੇ ਮਿਲਾਪ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਰਾਜਾ ਰਸਾਲੂ ਜਦੋਂ 'ਚਾਨਣੀ' ਦੇ ਸਤਿ ਦੀ ਪਰਖ ਕਰਨ ਲਈ ਰਸਾਲੂ ਮਹਿਲ ਵਿਚ ਜਾਂਦਾ ਹੈ, ਤਾਂ ਉਹ ਜਿਸ ਦਰਵਾਜ਼ੇ ਨੂੰ ਛੂਹੰਦਾ ਹੈ, ਉਸ ਦਾ ਤਾਲਾ, ਰਸਾਲੂ ਦੇ ਸਤਿ ਦੇ ਬਲ ਸਦਕਾ ਆਪਣੇ ਆਪ ਖੁੱਲ੍ਹਦਾ ਜਾਂਦਾ ਹੈ। ਇਸੇ ਕਾਵਿ-ਕਥਾ ਵਿਚ ਚਾਂਦਨੀ ਕੱਚੇ-ਧਾਗੇ ਨਾਲ ਬੰਨ੍ਹੇ ਕੱਚੇ ਘੜੇ ਦੁਆਰਾ, ਖੂਹ ਵਿਚੋਂ ਪਾਣੀ ਭਰ ਕੇ, ਆਪਣੇ ਸਤਿ ਦੀ ਪ੍ਰੀਖਿਆ ਦੇਂਦੀ ਹੈ। ਗਾਜ਼ੀ ਦੀਆਂ ਕਾਵਿ-ਕਥਾਵਾਂ ਵਿਚ, ਗਾਜੀ ਦਾ, ਕਾਫ਼ਰਾਂ ਨਾਲ ਲੜਦਿਆਂ ਸਿਰ ਕਟਿਆ ਜਾਂਦਾ ਹੈ, ਤਾਂ ਉਹ ਬੇਸੀਸੇ ਧੜ ਨਾਲ ਹੀ ਲੜਦਾ, ਕਾਫ਼ਰਾਂ ਦੇ ਆਹੂ ਲਾਹੁੰਦਾ ਜਾਂਦਾ ਹੈ। ਐਨ ਇਸੇ ਤਰ੍ਹਾਂ, ਬਾਬਾ ਦੀਪ ਸਿੰਘ ਸ਼ਹੀਦ ਹੋਣ ਮਗਰੋਂ, ਤਲੀ ਉਤੇ ਸੀਸ ਧਰ ਕੇ ਮੁਸਲਮਾਨਾਂ ਨਾਲ ਜੂਝਦਾ, ਆਹੂ ਲਾਹੁੰਦਾ, ਅੰਮ੍ਰਿਤਸਰ ਸਰੋਵਰ ਦੇ ਕੰਢੇ ਪਹੁੰਚ ਕੇ ਪ੍ਰਾਣ ਤਿਆਗਦਾ ਹੈ। ਇਸ ਤਰ੍ਹਾਂ ਦੇ ਅਨੇਕਾਂ ਤੱਤ, ਜੋ ਲੋਕ ਮਨ ਦੀ ਅਭਿਵਿਅਕਤੀ ਹਨ, ਕਾਵਿ ਕਥਾਵਾ ਵਿਚ ਰਚ ਮਿਚ ਕੇ ਉਸ ਦੀ ਪ੍ਰਕ੍ਰਿਤੀ ਨੂੰ ਵਾਸਤਵਿਕ ਤੋਂ ਅਲੌਕਿਕ ਬਣਾ ਦਿੰਦੇ ਹਨ। ਇਹ ਮਿੱਥਕ ਤੱਤ ਸਾਡੀਆਂ ਕਾਵਿ-ਕਥਾਵਾਂ ਦੀ ਹੋਣੀ ਬਣੇ ਰਹੇ ਹਨ।

ਪਰ ਕਾਵਿ-ਕਥਾ ਜਦੋਂ ਤਕ ਇਤਿਹਾਸਕ ਯਥਾਰਥ ਨਹੀਂ ਬਣਦੀ, ਇਹਦਾ ਤਿੱਖਾ ਪ੍ਰਭਾਵ ਨਹੀਂ ਪੈਂਦਾ। ਇਸ ਨੇ ਇਕ ਕਲਪਿਤ ਜਿਹੀ ਕਹਾਣੀ ਨਹੀਂ, ਦੰਦ-ਕਥਾ ਬਣਾ ਕੇ ਸਫ਼ਰ ਤੈਅ ਕਰਨਾ ਹੁੰਦਾ ਹੈ। ਇਹ ਭਾਵੇਂ ਕਲਪਿਤ ਹੋਵੇ ਤੇ ਭਾਵੇਂ ਅਲੌਕਿਕ, ਸਮੇਂ ਦੇ ਲੋਕ-ਸੱਚ ਨਾਲ ਬੱਝੀ ਹੋਣੀ ਜ਼ਰੂਰੀ ਹੈ। ਸਮੇਂ ਦਾ ਲੋਕ-ਸੱਚ ਹੀ ਇਸ ਨੂੰ ਇਤਿਹਾਸਕ ਵਾਸਤਵਿਕਤਾ ਪ੍ਰਦਾਨ ਕਰੇਗਾ। ਇਹ ਲੋਕ-ਸੱਚ ਜਾਂ ਤਾਂ ਸਮੇਂ ਸਥਾਨ ਦੀ ਇਤਿਹਾਸਕਤਾ ਨਾਲ ਸਿੰਜ ਕੇ ਪੈਦਾ ਕੀਤਾ ਜਾਂਦਾ ਹੈ, ਜਾਂ ਲੋਕ-ਸੰਸਕ੍ਰਿਤੀ ਨਾਲ ਇਕ ਸੁਰ ਹੋ ਕੇ। ਇਸੇ ਲਈ ਲੋਕ ਨਾਇਕਾਂ ਨਾਲ ਜਾਂ ਇਤਿਹਾਸਕ ਵੇਰਵਿਆਂ ਨਾਲ ਸੰਬੰਧਿਤ ਕਾਵਿ-ਕਥਾਵਾਂ ਲੰਮੀ ਜ਼ਿੰਦਗੀ ਭੋਗਦੀਆਂ ਹਨ। ਸਾਡੀਆਂ ਬਹੁਤ ਸਾਰੀਆਂ ਕਾਵਿ-ਕਥਾਵਾਂ ਰਾਜੇ ਰਸਾਲੂ ਤੇ ਦੁੱਲ੍ਹਾ ਭੱਟੀ ਵਰਗੇ ਬੀਰ ਨਾਇਕਾਂ, ਪੂਰਨ ਭਗਤ ਤੇ ਹਕੀਕਤ ਰਾਏ ਵਰਗੇ ਧਰਮੀ ਨਾਇਕਾਂ ਅਤੇ ਹੀਰ ਰਾਂਝੇ, ਸੋਹਣੀ ਮਹੀਂਵਾਲ ਤੇ ਸੱਸੀ ਪੁੰਨੂੰ ਵਰਗੇ ਪ੍ਰੀਤ-ਨਾਇਕਾਂ ਦੁਆਲੇ ਘੁੰਮਦੀਆਂ ਹਨ, ਜਿਹੜੀਆਂ ਕਥਾਵਾਂ ਲੋਕ-ਨਾਇਕਾਂ ਨਾਲ ਸੰਬੰਧਤ ਨਹੀਂ, ਉਨ੍ਹਾਂ ਵਿਚ ਵੀ 'ਸਿਪਾਹੀਆਂ' ਵਰਗੇ ਲੋਕ-ਪਾਤਰ ਹਨ, ਜਿਨ੍ਹਾਂ ਦੁਆਲੇ ਕੋਈ ਸਭਿਆਚਾਰਕ ਭਾਵਨਾ ਜੁੜੀ ਹੋਈ ਹੈ। ਪੰਜਾਬੀਆਂ ਨੂੰ ਨਿਤ ਮੁਹਿੰਮਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਇਸ ਲਈ ਕਈ ਵਾਰ ਉਹ ਘਰੋਂ ਜਾਣ ਵੇਲੇ ਵਿਆਹ ਤਾਂ ਕਰ ਜਾਂਦੇ ਰਹੇ, ਪਰ ਮੁਕਲਾਵੇ ਬਗੈਰ ਹੀ ਯੁੱਧ ਵਿਚ ਜਾ ਸ਼ਾਮਿਲ ਹੁੰਦੇ ਰਹੇ। ਕਈ ਸਾਲਾਂ ਮਗਰੋਂ ਜਦੋਂ ਉਹ ਪਰਤ ਕੇ ਆਪਣੇ ਸਹੁਰੇ ਘਰ ਜਾਂਦੇ ਹੋਏ ਖੂਹ 'ਤੇ ਪਾਣੀ ਭਰਦੀ ਆਪਣੀ ਤ੍ਰੀਮਤ ਉਤੇ ਹੀ ਮੋਹਿਤ ਹੋ ਜਾਂਦੇ ਹਨ ਤਾਂ ਅਜਬ ਜਿਹੀ ਤਣਾਓ ਸਥਿਤੀ ਉਪਜਦੀ ਹੈ, ਉਹ ਆਪਣੀ ਹੀ ਤ੍ਰੀਮਤ ਤੋਂ ਖਰੀਆਂ ਕਠੋਰ ਸੁਣਦਾ ਹੈ। ਘਰ ਜਾ ਕੇ ਜਦੋਂ ਤ੍ਰੀਮਤ ਨੂੰ ਪਤਾ ਚਲਦਾ ਹੈ ਕਿ ਉਹ ਸਿਪਾਹੀ ਤਾਂ ਉਹਦਾ ਆਪਣਾ ਹੀ ਖ਼ਾਵੰਦ ਹੈ ਤਾਂ ਇਹ ਨਾਟਕੀ ਸਥਿਤੀ ਅਜਬ ਰੰਗ ਬੰਨ੍ਹਦੀ ਹੈ।

ਕਾਵਿ-ਕਥਾ ਕਾਲ ਦੇ ਪ੍ਰਵਾਹ ਵਿਚ ਫੈਲ ਕੇ ਮੌਖਿਕ ਪਰੰਪਰਾ ਦਾ ਅੰਗ ਬਣ ਕੇ ਵਿਚਰਦੀ ਹੈ। ਹਰ ਪੀੜ੍ਹੀ, ਪਰੰਪਰਾ ਤੋਂ ਵਿਰਸੇ ਵਿਚ ਮਿਲੀਆਂ ਕਾਵਿ-ਕਥਾਵਾਂ ਦੇ ਭੰਡਾਰੇ ਨੂੰ, ਆਪਣੇ ਯੁੱਗ ਦੀ ਨਵ-ਸਿਰਜਨਾ ਸਮੇਤ, ਮੂੰਹੋਂ ਮੂੰਹ ਅਗੇ ਤੋਰਦੀ ਰਹੀ ਹੈ। ਇਸ ਭੰਡਾਰੇ ਵਿਚੋਂ ਉਹ ਕਾਵਿ-ਕਥਾਵਾਂ, ਜੋ ਸਮੇਂ ਦੀ ਲੋਕ-ਚੇਤਨਾ ਨਾਲ ਤੁਰ ਨਹੀਂ ਸਕੀਆਂ, ਨਿਕਾਰਾ ਤੇ ਅਪਮਾਨਤ ਹੋ ਕੇ ਖਾਰਜ ਹੁੰਦੀਆਂ ਰਹੀਆਂ ਹਨ। ਪਰ ਜਿਹੜੀਆਂ ਕਥਾਵਾਂ ਆਪਣੇ ਰੋਚਿਕਤਾ ਜਾਂ ਫਿਰ ਜੁੱਗ ਦੇ ਲੋਕ ਸੱਚ ਸਦਕਾ ਨਰੋਈਆਂ ਰਹਿ ਕੇ ਅਗੇ ਯਾਤਰਾ ਕਰ ਸਕੀਆਂ ਹਨ, ਉਨ੍ਹਾਂ ਵਿਚ ਵੀ ਕਾਫ਼ੀ ਪਰਿਵਰਤਨ ਹੋਏ ਹਨ। ਮੌਖਿਕ ਪਰੰਪਰਾ ਨਾਲ ਜੁੜੀ ਰਚਨਾ ਕਦੇ ਸਥਿਰ ਰੂਪ ਨਹੀਂ ਭੋਗਦੀ, ਤਬਦੀਲੀ ਉਸ ਦੀ ਹੋਣੀ ਹੈ। ਇਸ ਲਈ ਕਿਸੇ

ਕਾਵਿ-ਕਥਾ ਦਾ ਇਕ ਨਿਸ਼ਚਤ ਰੂਪ ਨਹੀਂ ਹੁੰਦਾ। ਲੋਕ-ਗੀਤਾਂ ਵਾਂਗ ਕਾਵਿ-ਕਥਾਵਾਂ ਕਈ ਰੂਪਾਂਤਰਾਂ ਵਿਚ ਵਿਗਸਦੀਆਂ ਹਨ।

ਕਾਵਿ ਕਥਾ ਦੇ ਭਿੰਨ ਭਿੰਨ ਰੂਪਾਂਤਰ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਕਾਵਿ-ਕਥਾ ਆਪਣੇ ਸਿਰਜਕ ਨਾਲੋਂ ਵਿਛੁੰਨ ਜਾਂਦੀ ਹੈ। ਉਹ ਵਿਅਕਤੀ ਤੋਂ ਲੋਕ ਵਲ ਯਾਤਰਾ ਕਰਦੀ ਹੈ। ਇਸ ਖੁਲ੍ਹੇ ਡੁਲ੍ਹੇ ਰਾਹ ਉਤੇ, ਕਦਮ ਕਦਮ 'ਤੇ ਉਸ ਵਿਚ ਤਬਦੀਲੀਆਂ ਹੋਣੀਆਂ ਸੁਭਾਵਿਕ ਹਨ। ਇਹ ਹਮੇਸ਼ਾ ਪੁੰਘਰਦੀਆਂ ਰਹਿੰਦੀਆਂ ਹਨ। ਕੋਈ ਸ਼ਖਸ ਉਸ ਵਿਚ ਨਵੇਂ ਬੰਦ ਸ਼ਾਮਿਲ ਕਰ ਦਿੰਦਾ ਹੈ, ਕੋਈ ਹੋਰ ਕੁਝ ਬੰਦ ਵਾਧੂ ਸਮਝ ਕੇ ਛਾਂਗ ਸੁਟਦਾ ਹੈ। ਕੋਈ ਕੁਝ ਸ਼ਬਦ ਕੱਢ ਕੇ ਸਥਾਨਿਕ ਸ਼ਬਦ ਬੀੜ ਦਿੰਦਾ ਹੈ ਤੇ ਕੋਈ ਸਥਾਨਿਕ ਮੁਹਾਵਰਾ। ਇਸ ਤਰ੍ਹਾਂ ਉਹ ਕਾਵਿ-ਕਥਾ, ਨਾ ਕਿਸੇ ਇਕ ਸਮੇਂ ਦੀ ਕਿਰਤ ਰਹਿੰਦੀ ਹੈ, ਨਾ ਕਿਸੇ ਇਕ ਵਿਅਕਤੀ ਦੀ ਰਚਨਾ। ਉਹ ਸਰਬ ਸਮਿਆਂ ਦੀ ਕਿਰਤਾਂ ਬਣ ਕੇ, ਲੋਕਾਂ ਦੀ ਸਾਮੂਹਿਕ ਰਚਨਾ ਹੋ ਨਿਬੜਦੀ ਹੈ। ਫਿਰ ਉਹ ਸੁਤੰਤਰ ਹੋ ਕੇ ਲੰਮੇ ਪੈਂਡੇ ਪੈ ਜਾਂਦੀ ਹੈ ਕਾਲ ਤੋਂ ਮੁਕਤ ਤੇ ਵਿਅਕਤਿਤਵ-ਹੀਨ। ਇਸ ਲੰਮੇ ਸਫ਼ਰ ਵਿਚ ਉਸ ਦੇ ਕਈ ਰੂਪਾਂਤਰ ਹੋਂਦ ਵਿਚ ਆ ਜਾਂਦੇ ਹਨ, ਕੋਈ ਪ੍ਰਮਾਣਿਕ ਪਾਠ ਨਹੀਂ ਰਹਿੰਦਾ।

ਸੋ ਕਾਵਿ-ਕਥਾ ਵਿਚ ਹੇਠ ਲਿਖੇ ਲੱਛਣਾਂ ਦਾ ਹੋਣਾ ਲਾਜ਼ਮੀ ਹੈ :—

(1) ਲੋਕਪ੍ਰਿਯ ਨਾਟਕੀ ਕਥਾ
(2) ਸੰਗੀਤਾਤਮਕਤਾ ਲੋਕ-ਧੁਨਾਂ ਵਿਚ ਗਾਏ ਜਾਣ ਦੀ ਸਮਰਥਾ
(3) ਲੋਕ ਮਨ ਦਾ ਪ੍ਰਗਟਾਵਾ
(4) ਇਤਿਹਾਸਕ ਯਥਾਰਥ ਜਾਂ ਸਾਂਸਕ੍ਰਿਤਕ ਪਸਾਰ
(5) ਮੌਖਿਕ ਪਰੰਪਰਾ, ਅਗਿਆਤ ਰਚਨਾ ਤੇ ਪ੍ਰਮਾਣਿਕ ਪਾਠ ਦੀ ਘਾਟ ਅਥਵਾ ਰੂਪਾਂਤਰਾਂ ਦੀ ਅਨੇਕਤਾ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਾਵਿ ਕਥਾ ਲੋਕ-ਵਸਤੂ ਹੈ ਤੇ ਇਹਦੀ ਸਿਰਜਣ ਪ੍ਰਕ੍ਰਿਆ ਵਿਸ਼ਿਸ਼ਟ ਕਾਵਿ ਨਾਲੋਂ ਵਖਰੀ ਵਿਧੀ ਦੀ ਹੁੰਦੀ ਹੈ। ਇਸ ਲਈ ਕਾਵਿ-ਕਥਾ ਨੂੰ ਉਸ ਦੇ ਸਹੀ ਪਰਿਪੇਖ ਵਿਚ ਸਮਝਣ ਲਈ, ਪਹਿਲਾਂ ਉਹਦੀ ਸਿਰਜਨ ਪ੍ਰਕ੍ਰਿਆ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਜਿਥੋਂ ਤਕ ਸਿਰਜਨਾ ਦਾ ਸਿਧਾਂਤਕ ਪੱਖ ਹੈ, ਕੋਈ ਵੀ ਬਾਣੀਗਤ ਕ੍ਰਿਤ ਸਾਮੂਹਿਕ ਤੌਰ ਤੇ ਨਹੀਂ ਰਚੀ ਜਾ ਸਕਦੀ। ਕਾਵਿ ਦੀ ਸਿਰਜਣਾ ਵਿਚ ਨਿਰਾ ਅਨੁਭਵ ਹੀ ਦਰਕਾਰ ਨਹੀਂ ਹੁੰਦਾ, ਸਗੋਂ ਕਲਪਨਾ ਅਤੇ ਸੰਵੇਦਨਾ ਵੀ ਮਹੱਤਵਪੂਰਨ ਭੂਮਿਕਾ ਨਿਭਾਂਦੀਆਂ ਹਨ। ਕਿਸੇ ਸਮੂਹ ਦਾ ਅਨੁਭਵ ਤਾਂ ਸਾਂਝਾ ਹੋ ਸਕਦਾ ਹੈ, ਪਰ ਕਲਪਨਾ ਕਿਸੇ ਇਕ ਦਿਸ਼ਾ ਵਿਚ ਨਹੀਂ ਉਡਾਰੀ ਭਰਦੀ। ਭਾਵਨਾਵਾਂ ਦੀ ਗਹਿਰਾਈ ਵਖੋ ਵਖਰੀ ਹੋਣ ਕਰਕੇ, ਸੰਵੇਦਨਾ ਵੀ ਇਕੋ ਰੂਪ ਤੇ ਰੰਗ ਵਿਚ ਨਹੀਂ ਉਭਰਦੀ। ਇਸ ਲਈ ਭਾਵੇਂ ਕੋਈ ਲੋਕ-ਗੀਤ ਹੋਵੇ ਤੇ ਭਾਵੇਂ ਕਾਵਿ-ਕਥਾ, ਉਸਦੀ ਪ੍ਰਥਮ ਰਚਨਾ ਕਿਸੇ ਸਮੂਹ ਦੀ ਨਹੀਂ, ਇਕੱਲੇ ਵਿਅਕਤੀ ਦੇ ਹਥੋਂ ਹੀ ਹੁੰਦੀ ਹੈ। ਕਾਵਿ-ਕਥਾ ਵਿਚ ਤਾਂ ਬ੍ਰਿਤਾਂਤ ਨੇ ਇਕ ਵਿਸ਼ਾਲ ਕਲੇਵਰ ਵਿਚ ਫੈਲਣਾ ਹੁੰਦਾ ਹੈ, ਇਸ ਵਿਚ ਕਈ ਤੰਦਾਂ ਨੂੰ ਇਕ ਦੂਜੇ ਵਿਚ ਬੁਣ ਕੇ, ਇਕ ਖ਼ਾਸ ਰੰਗ ਰੂਪ ਵਿਚ ਸਮੇਟਣਾ ਪੈਂਦਾ ਹੈ। ਇਸ ਲਈ ਕੋਈ ਕਾਵਿ-ਬ੍ਰਿਤਾਂਤ ਮੁੱਢਲੀ ਅਵਸਥਾ ਵਿਚ ਕਿਸੇ ਇਕ ਵਿਅਕਤੀ ਦੀ ਹੀ ਕਿਰਤ ਹੈ। ਜੇ ਇਕ ਤੋਂ ਵਧੀਕ ਵਿਅਕਤੀ ਹੋਣ ਤਾਂ ਉਨ੍ਹਾਂ ਨੇ ਆਪੋ ਆਪਣਾ ਖੰਡ ਵੰਡ ਲਿਆ ਹੁੰਦਾ ਹੈ।

ਕਾਵਿ-ਕਥਾ ਤਾਂ ਵੈਸੇ ਵੀ ਸਮੂਹ ਵਲੋਂ ਰਚਣੀ ਕਠਿਨ ਹੈ। ਹਰ ਕਾਵਿ-ਕਥਾ ਦਾ ਇਕ ਪ੍ਰਬੰਧ ਹੁੰਦਾ ਹੈ ਤੇ ਇਹ ਪ੍ਰਬੰਧ ਕਲਪਨਾ ਦੇ ਪਸਾਰ ਵਿਚੋਂ ਉਭਰਦਾ ਹੋਣ ਕਰਕੇ ਕੇਵਲ ਇਕੋ ਕਵੀ ਹੀ ਨਿਭਾ ਸਕਦਾ ਹੈ। ਦੂਜੇ ਕਵੀ ਤਾਂ ਇਸ ਵਿਚ ਸੋਧ ਜਾਂ ਵਾਧਾ ਘਾਟਾ ਕਰ ਸਕਦੇ ਹਨ।

ਪਰ ਕੁਝ ਹੋਰ ਪਹਿਲੂ ਵੀ ਹਨ—ਜੇ ਕਿਸੇ ਕਾਵਿ-ਕਥਾ ਵਿਚ ਇਕ ਤੋਂ ਵਧੀਕ ਸੁਤੰਤਰ ਘਟਨਾਵਾਂ ਹੋਣ, ਤਾਂ ਸੰਭਵ ਹੈ ਕਿ ਇਕ ਘਟਨਾ ਕਿਸੇ ਇਕ ਵਿਅਕਤੀ ਦੀ ਰਚਨਾ ਹੋਵੇ, ਦੂਜੀ ਕਿਸੇ ਹੋਰ ਦੀ ਤੇ ਕਿਸੇ ਤੀਜੇ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਬਣਤਰ ਵਿਚ ਬੰਨ੍ਹ ਕੇ ਇਕ ਸਰੂਪ ਦੇ ਦਿੱਤਾ ਹੋਵੇ। ਇਹ ਵੀ ਸੰਭਵ ਹੈ ਕਿ ਕਿਸੇ ਕਾਵਿ-ਕਥਾ ਦੇ ਕੁਝ ਬੰਦ ਇਕ ਕਵੀ ਦੀ ਕਿਰਤ ਹੋਣ ਅਤੇ ਕੁਝ ਹੋਰ ਬੰਦ ਕਿਸੇ ਦੂਜੇ ਕਵੀ ਦੇ। ਉਨ੍ਹਾਂ ਵਿਚ ਕਿਸੇ ਤੀਜੇ ਵਿਅਕਤੀ ਨੇ ਕੁਝ ਪਰਿਵਰਤਨ ਕਰ ਲਏ ਹੋਣ, ਇਸ ਪਖੋਂ ਉਹ ਕਈ ਕਵੀਆਂ ਦੀ ਸਾਮੂਹਿਕ ਰਚਨਾ ਤਾਂ ਬਣ ਸਕਦੀ ਹੈ। ਪਰ ਮੂਲ ਕਿਰਤ ਭਾਵੇਂ ਅੰਸ਼ਿਕ ਮਾਤਰ ਤੇ ਭਾਵੇਂ ਪੂਰੀ, ਹਮੇਸ਼ਾ ਹੀ ਕਿਸੇ ਇਕ ਅਨੁਭਵੀ ਦੀ ਹੀ ਹੁੰਦੀ ਹੈ।

ਪਰ ਇਤਨੀ ਗੱਲ ਦੇ ਬਾਵਜੂਦ ਵੀ ਜ਼ੇਕਬ ਗ੍ਰਿਮ ਵਰਗੇ ਵਿਦਵਾਨ, ਜਿਨ੍ਹਾਂ ਕਾਵਿ-ਕਥਾਵਾਂ 'ਤੇ ਬੁਨਿਆਦੀ ਕੰਮ ਕੀਤਾ, ਕਾਵਿ-ਕਥਾ ਨੂੰ ਸਮੂਹ ਦੀ ਕਿਰਤ ਮੰਨਦੇ ਹਨ, ਕਿਸੇ ਇਕ ਵਿਅਕਤੀ ਦੀ ਰਚਨਾ ਨਹੀਂ। ਇਸੇ ਲਈ ਇਥੇ ਕੁਝ ਹੋਰ ਪਹਿਲੂਆਂ ਬਾਰੇ ਚਰਚਾ ਕਰਨੀ ਜ਼ਰੂਰੀ ਹੈ।

ਇਕ ਤਾਂ ਇਹ ਕਿ ਕਾਵਿ ਦੀ ਪ੍ਰਕ੍ਰਿਤੀ ਹੀ ਐਸੀ ਹੈ ਕਿ ਕਵਿਤਾ ਰਚਣ ਦੀ ਯੋਗਤਾ ਸਮਾਜ ਦੇ ਬਹੁਤੇ ਵਿਅਕਤੀਆਂ ਵਿਚ ਨਹੀਂ ਹੁੰਦੀ। ਕਾਵਿ-ਪ੍ਰਤਿਭਾ ਕਿਸੇ ਵਿਰਲੇ ਅਨੁਭਵੀ ਕੋਲ ਹੀ ਹੁੰਦੀ ਹੈ ਅਤੇ ਸਮਾਜ ਵਿਚ ਕੋਈ ਕੋਈ ਵਿਅਕਤੀ ਹੀ ਇਸ ਇਲਾਹੀ ਦਾਤ ਨਾਲ

ਵਰੋਸਾਇਆ ਹੁੰਦਾ ਹੈ। ਸੋ, ਕਿਸੇ ਇਲਾਕੇ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਵਿਅਕਤੀ ਹੀ ਮੌਖਿਕ ਰੂਪ ਤੇ ਕਾਵਿ ਰਚਣ ਜਾਂ ਕਿਸੇ ਕਵਿਤਾ ਵਿਚ ਪਰਿਵਰਤਨ ਕਰਨ ਦੀ ਯੋਗਤਾ ਰਖਦੇ ਹਨ।

ਦੂਜਾ, ਲੋਕ-ਸਭਿਆਚਾਰ ਵਿਚ ਕਿਸੇ ਇਕ ਸਮੂਹ ਦੀ ਲਗਭਗ ਇਕੋ ਜਿਹੀ ਮਾਨਸਿਕ ਅਵਸਥਾ ਹੁੰਦੀ ਹੈ। ਉਨ੍ਹਾਂ ਦੇ ਅਨੁਭਵ ਸਮੂਹਿਕ ਹੁੰਦੇ ਹਨ ਤੇ ਪਰਵਿਰਤੀਆਂ ਇਕੋ ਜਿਹੀਆਂ। ਸੋਚ ਦੀ ਦਿਸ਼ਾ ਵੀ ਇਕੋ ਹੁੰਦੀ ਹੈ। ਸੰਕਲਪ, ਧਾਰਨਾ ਤੇ ਵਿਚਾਰ ਇਕੋ ਪੈਟਰਨ ਵਿਚ ਢਲੇ ਹੋਣ ਕਰਕੇ ਕੋਈ ਵਿਅਕਤੀ ਸਮੂਹ ਨਾਲੋਂ ਅੱਡਰਾ ਨਹੀਂ ਹੁੰਦਾ। ਅਜਿਹੀ ਮਨੋ-ਸਥਿਤੀ ਵਿਚ ਜਦੋਂ ਕੋਈ ਅਨੁਭਵੀ ਲੋਕ-ਪੱਧਰ ਉਤੇ ਕਿਸੇ ਕਿਰਤ ਦੀ ਰਚਨਾ ਕਰਦਾ ਹੈ, ਤਾਂ ਉਹ ਸਮੂਹ ਦੀਆਂ ਭਾਵਨਾਵਾਂ ਨੂੰ ਉਨ੍ਹਾਂ ਦੇ ਸਾਂਸਕ੍ਰਿਤਕ ਪਰਿਪੇਖ ਵਿਚ ਹੀ ਵਿਅਕਤ ਕਰਦਾ ਹੈ। ਇਸ ਤਰ੍ਹਾਂ ਉਸ ਵਿਅਕਤੀ ਦੀ ਰਚਨਾ ਵਿਚ, ਆਪਣੇ ਵਿਅਕਤਿਤਵ ਨਾਲੋਂ, ਸਮੂਹ ਦੀ ਮਾਨਸਿਕਤਾ, ਪੂਰੇ ਜਲੌ ਵਿਚ ਹੁੰਦੀ ਹੈ ਤੇ ਉਹ ਰਚਨਾ ਲੋਕ-ਰਚਨਾ ਦਾ ਹੀ ਭਾਅ ਮਾਰਦੀ ਹੈ।

ਇਸੇ ਭਾਵਨਾ ਸਦਕਾ ਕੋਈ ਕਾਵਿ-ਕਥਾ ਲੋਕ ਜਾਂ ਸਮੂਹ ਦੀ ਕਿਰਤ ਮੰਨੀ ਜਾਂਦੀ ਹੈ। ਕਿਉਂ ਜੋ ਇਕ ਤੇ ਇਹ ਲੋਕ ਅਨੁਭਵ ਨੂੰ ਲੋਕਾਂ ਦੇ ਮੁਹਾਵਰੇ ਵਿਚ ਰੂਪਮਾਨ ਕਰਦੀ ਹੈ। ਦੂਜਾ, ਇਹ ਲੋਕਾਂ ਦੀ ਮਾਨਸਿਕ ਅਵਸਥਾ ਤੇ ਸੰਸਕ੍ਰਿਤਕ ਪਛਾਣ ਦੇ ਅਨੁਕੂਲ ਹੁੰਦੀ ਹੈ। ਤੀਜਾ, ਇਸ ਵਿਚ ਲੋਕ ਵਿਸ਼ਵਾਸ, ਸੰਕਲਪ ਤੇ ਧਾਰਨਾਵਾਂ ਵਿਅਕਤ ਹੁੰਦੀਆਂ ਹਨ ਤੇ ਚੌਥੀ ਤੇ ਵੱਡੀ ਗੱਲ, ਇਸ ਦਾ ਰਚਨਹਾਰ, ਸਿਰਜਨਾ ਦੇ ਛਿਣਾਂ ਵਿਚ ਆਪਣੀ ਹਉਂ ਨੂੰ ਲੋਕ-ਹਉਂ, ਆਪਣੇ ਮਨ ਨੂੰ ਲੋਕ-ਮਨ ਤੇ ਆਪਣੀ ਬੁੱਧੀ ਨੂੰ ਲੋਕ-ਬੁੱਧ ਨਾਲ ਜੋੜ ਕੇ ਰਚਨਾ ਕਰਦਾ ਤੇ ਸਾਰਾ ਬਿੰਬ ਤੇ ਕਾਵਿ-ਵਿਧਾਨ ਅਤੇ ਰੂਪ ਲੋਕ-ਕਾਵਿ ਵਾਲਾ ਰਖਦਾ ਹੈ। ਇਸ ਤਰ੍ਹਾਂ ਜੋ ਰਚਨਾ ਹੋਂਦ ਵਿਚ ਆਉਂਦੀ ਹੈ, ਉਹ ਕਿਸੇ ਇਕ ਵਿਅਕਤੀ ਦੀ ਰਚਨਾ ਹੁੰਦਿਆਂ ਵੀ, ਸਮੂਹਿਕ ਕਿਰਤ ਜਾਪਦੀ ਹੈ। ਕਈ ਤਰ੍ਹਾਂ ਦੀਆਂ ਕਾਵਿਕ ਤੇ ਸਭਿਆਚਾਰਕ ਸੋਧਾਂ ਉਸ ਦੀ ਸ਼ਕਲ ਸੂਰਤ ਬਦਲ ਦੇਂਦੀਆਂ ਹਨ।

ਫਿਰ ਉਸ ਰਚਨਾ ਨਾਲ ਕਿਸੇ ਵਿਅਕਤੀ ਦਾ ਨਾਉਂ ਨਹੀਂ ਜੁੜਿਆ ਹੁੰਦਾ ਅਤੇ ਉਹ ਸਮੇਂ ਦੇ ਪ੍ਰਵਾਹ ਵਿਚ ਬਿਨਾਂ ਕਿਸੇ ਦੀ ਸ਼ਖ਼ਸੀ ਮਲਕੀਅਤ ਦੇ ਉਹ ਲੋਕ-ਕਿਰਤ ਦੇ ਰੂਪ ਵਿਚ ਠਿਲਦੀ ਹੈ, ਤੇ ਉਸ ਵਿਚ ਜਿਹੜੀ ਥੋੜੀ-ਬਹੁਤ ਲੋਕ-ਭਾਵਨਾ ਨਾਲੋਂ ਪ੍ਰਤਿਕੂਲਤਾ ਹੁੰਦੀ ਵੀ ਹੈ, ਉਸ ਨੂੰ ਲੋਕ-ਬੁੱਧ ਕੁਰੇਦ ਕੇ ਸੁਟਦਾ ਹੈ। ਕਈ ਵਿਅਕਤੀ ਲੋਕ-ਸੁਰਤ ਦੇ ਅਨੁਕੂਲ ਉਸ ਵਿਚ ਸੋਧਾਂ ਕਰਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਉਹ ਵਿਗਸਦੀ ਹੋਈ, ਇਕ ਪਛਾਣੇ ਹੋਏ ਚਿਹਰੇ ਮੁਹਰ ਵਿਚ ਢਲ ਜਾਂਦੀ ਹੈ ਤੇ ਅਖ਼ੀਰ ਪਰੰਪਰਾ ਦੇ ਪ੍ਰਵਾਹ ਵਿਚ ਆਪਣੇ ਇਤਿਹਾਸਕ ਸਿਰਜਨ ਕਾਲ ਤੇ ਮੂਲ-ਵਿਅਕਤਿਤਵ ਦੀ ਪਛਾਣ ਗੰਵਾ ਕੇ, ਲੋਕ-ਸਾਮੂਹਿਕ ਵਸਤੂ ਬਣ ਜਾਂਦੀ ਹੈ। ਇਹੋ ਪ੍ਰਕ੍ਰਿਤੀ ਸਾਰੀ ਲੋਕ-ਕਾਵਿ ਦੀ ਹੈ।

ਪੰਜਾਬੀ ਦੀਆਂ ਬਹੁਤੀਆਂ ਕਾਵਿ-ਕਥਾਵਾਂ ਦੀ ਸਿਰਜਨਾ, ਭੱਟਾਂ ਤੇ ਮਿਰਾਸੀਆਂ ਨੇ ਕੀਤੀ ਹੈ। ਜਿਵੇਂ ਕਿ ਅੱਗੇ ਚਲ ਕੇ ਵੇਖਾਂਗੇ। ਇਹੋ ਭੱਟ ਤੇ ਮਿਰਾਸੀ ਭਿੰਨ ਭਿੰਨ ਕਿੱਤਿਆਂ ਤੇ ਸੰਪਰਦਾਵਾਂ ਨਾਲ ਜੁੜ ਕੇ ਸਵਾਂਗੀ, ਰਾਸਧਾਰੀਏ, ਗੌਮੰਤਰੀ, ਭਰਾਈ, ਢਾਡੀ, ਰਬਾਬੀ ਤੇ ਪਿਰਾਹਿਨ ਆਦਿ ਦੇ ਨਾਵਾਂ ਨਾਲ ਪ੍ਰਸਿਧ ਹੋਏ।

ਭੱਟ ਪਰੰਪਰਾ ਆਪਣੇ ਆਪ ਵਿਚ ਇਕ ਸੰਸਥਾ ਸੀ, ਜਿਸ ਨੇ ਪੰਜਾਬੀ ਲੋਕ-ਕਾਵਿ ਦੀ ਸਮਰਿਧੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਰ ਭੱਟ ਕਿਸੇ ਜਾਤ ਬਰਾਦਰੀ ਜਾਂ ਕੁਲ ਗੋਤ ਨਾਲ ਬੱਝਿਆ ਹੁੰਦਾ ਸੀ। ਇਕ ਤਾਂ ਕੁੱਲ ਦੀ ਬੰਸਾਵਲੀ ਉਸ ਦੇ ਜ਼ਿੰਮੇ ਹੁੰਦੀ, ਦੂਜਾ, ਉਹ ਜਿਸ ਕਬੀਲੇ ਜਾਂ ਕੁਲ ਗੋਤ ਨਾਲ ਸੰਬੰਧਿਤ ਹੁੰਦਾ, ਉਸ ਦੇ ਵਡੇਰਿਆਂ, ਜਠੇਰਿਆਂ ਤੇ ਸਤੀਆਂ ਦੀ ਮਹਿਮਾ ਵਿਚ ਵਾਰਾਂ ਜਾਂ ਕਾਵਿ-ਕਥਾਵਾਂ ਰਚਦਾ। ਮੱਧਕਾਲ ਵਿਚ ਪੰਜਾਬ ਵਿਚ ਲੋਕ ਜੀਵਨ ਕਬੀਲਿਆਂ ਦੀ ਪੱਧਰ ਤੇ ਸਾਮੂਹਿਕ ਰੂਪ ਵਿਚ ਜਿਉਂਦੇ ਸਨ। ਇਨ੍ਹਾਂ ਕਬੀਲਿਆਂ ਦਾ ਆਪਸੀ ਵੈਰ ਵਿਰੋਧ ਵੀ ਚਲਦਾ ਰਹਿੰਦਾ। ਕਈ ਵਾਰ ਹਥਿਆਰਬੰਦ ਲੜਾਈਆਂ ਵੀ ਹੁੰਦੀਆਂ। ਇਕ ਪਿੰਡ ਵਿਚ ਪ੍ਰਧਾਨ ਰੂਪ ਵਿਚ ਇਕੋ ਕਬੀਲੇ ਦੀ ਵਸੋਂ ਹੁੰਦੀ ਸੀ। ਕੇਂਦਰ ਵਿਚ ਭਾਵੇਂ ਕਿਸੇ ਬਾਦਸ਼ਾਹ ਦਾ ਰਾਜ ਹੋਵੇ, ਸਥਾਨਕ ਪੱਧਰ ਤੇ ਖੇਤਰ ਦੇ ਕਬੀਲਿਆਂ ਦੇ ਵਡਿਕਿਆਂ ਦਾ ਹੀ ਚੌਧਰਮਾ ਹੁੰਦਾ। ਭੱਟ ਤੇ ਮਿਰਾਸੀ ਇਨ੍ਹਾਂ ਕਬੀਲਿਆਂ ਦੇ ਬਜ਼ੁਰਗਾਂ ਦੀ ਮਹਿਮਾ ਵਿਚ ਵਾਰਾਂ ਰਚਦੇ ਰਹੇ।

ਭੱਟਾਂ ਨੇ ਜ਼ਿਆਦਾਤਰ ਬੀਰ-ਕਾਵਿ ਹੀ ਰਚੀ। ਉਸ ਦੀ ਸਿਰਜਨਾ ਰਵਾਇਤੀ ਕਿਸਮ ਦੀ ਹੁੰਦੀ ਅਤੇ ਬਹੁਤੀ ਵਾਰ ਕਿਸੇ ਪੁਰਾਣੀ ਰਚਨਾ ਵਿਚ ਹੀ, ਲੋੜ ਅਨੁਸਾਰ ਨਾਵਾਂ ਥਾਵਾਂ ਵਿਚ ਕੁਝ ਤਬਦੀਲੀਆਂ ਕਰਕੇ, ਉਸ ਕਿਰਤ ਨੂੰ ਕਿਸੇ ਨਵੇਂ ਯੋਧੇ, ਨਾਇਕ ਜਾਂ ਬਜ਼ੁਰਗਾਂ ਨਾਲ ਜੋੜ ਦਿੰਦੇ। ਕੁਝ ਨਵੇਂ ਬੰਦ ਵੀ ਰਚ ਲਏ ਜਾਂਦੇ। ਇਸ ਤਰ੍ਹਾਂ ਪੁਰਾਣੀਆਂ ਕਿਰਤਾਂ ਉਨ੍ਹਾਂ ਦੇ ਹੱਥਾਂ ਵਿਚ ਨਵਾਂ ਸਰੂਪ ਗ੍ਰਹਿਣ ਕਰਦੀਆਂ ਅਗੇ ਤੁਰਦੀਆਂ ਰਹੀਆਂ ਅਤੇ ਸਮਾਂ ਵਿਹਾ ਚੁਕੀਆਂ ਕਿਰਤਾਂ ਉਨ੍ਹਾਂ ਦੇ ਹੱਥੋਂ ਹੀ ਬਿਨਸਦੀਆਂ ਰਹੀਆਂ।

ਪਰ ਲੋਕ-ਕਥਾਵਾਂ ਨੂੰ, ਕਾਵਿ ਦਾ ਜਾਮਾ ਪਹਿਨਾਣ

ਵਿਚ, ਵੱਡਾ ਹੱਥ ਰਾਸਧਾਰੀਆਂ ਅਤੇ ਸਵਾਂਗੀਆਂ ਦਾ ਹੈ। ਰਾਸਧਾਰੀਏ ਛੰਦ-ਕਥਾਵਾਂ ਨੂੰ ਨਿਰਤ, ਕਾਵਿ ਤੇ ਸੰਗੀਤ ਦੁਆਰਾ ਪੇਸ਼ ਕਰਦੇ ਸਨ ਅਤੇ ਸਵਾਂਗੀ ਕਥਾ ਨੂੰ ਕਾਵਿ-ਸੰਬਾਦਾਂ, ਗੀਤਾਂ ਅਤੇ ਨਕਲ-ਸਵਾਂਗ ਦੁਆਰਾ ਪੇਸ਼ ਕਰਦੇ ਸਨ। ਭਾਵੇਂ ਦੋਹਾਂ ਵਿਚ ਕਾਵਿ ਸੰਬਾਦ ਹੁੰਦੇ, ਪਰ ਰਾਸਾਂ ਵਿਚ ਨਿਰਤ ਤੇ ਗੀਤ ਨੂੰ ਪ੍ਰਧਾਨਤਾ ਹੁੰਦੀ। ਜਦੋਂ ਕਿ ਸਵਾਂਗ ਵਿਚ ਭੇਖ ਅਤੇ ਨਾਟ ਉਤੇ ਬਲ ਦਿੱਤਾ ਜਾਂਦਾ। ਤੀਵੀਆਂ ਦਾ ਅਭਿਨੈ ਲਵੇ ਮੁੰਡੇ, ਜਨਾਨੇ ਕਪੜੇ ਪਹਿਨ ਕੇ ਕਰਦੇ। ਪਿੰਡ ਦੇ ਪਰ੍ਹਿਆਂ ਵਿਚ ਰਾਸਾ ਤੇ ਸਵਾਗ ਰਚੇ ਜਾਂਦੇ, ਜਿਥੇ ਲੋਕਾਂ ਦੇ ਮਨੋਰੰਜਨ ਨੂੰ ਮੁਖ ਰਖਿਆ ਜਾਂਦਾ। ਰਾਸਾਂ ਦੀ ਹੀਰ ਜਿਤਨੀ ਨ੍ਰਿਤ ਨਾਲ ਮਨ ਮੋਹੰਦੀ, ਸਵਾਂਗ ਦੀ ਹੀਰ ਉਤਨਾ ਸੰਬਾਦਾਂ ਨਾਲ ਰੰਗ ਬੰਨ੍ਹਦੀ।

ਰਾਸਧਾਰੀਏ ਅਤੇ ਸਵਾਂਗੀ ਕਿਸੇ ਇਕ ਕਬੀਲੇ ਨਾਲ ਨਹੀਂ ਸੀ ਬਝੇ ਹੁੰਦੇ, ਉਨ੍ਹਾਂ ਦੀਆਂ ਫਿਰਤੂ ਟੋਲੀਆਂ ਸਾਰੇ ਇਲਾਕੇ ਨੂੰ ਗਾਹੁੰਦੀਆਂ ਫਿਰਦੀਆਂ ਬਸੰਤ ਪੰਚਮੀ ਦੇ ਨੇੜੇ ਸਵਾਂਗ ਪੈਣੇ ਸ਼ੁਰੂ ਹੁੰਦੇ ਤੇ ਹੋਲਿਆਂ ਤਕ ਲਗਾਤਾਰ, ਇਨ੍ਹਾਂ ਦਾ ਤਾਂਤਾ ਬਝਿਆ ਰਹਿੰਦਾ। ਹਰ ਰਾਤ ਕੋਈ ਨਵਾਂ ਸਵਾਂਗ ਖੇਡਿਆ ਜਾਂਦਾ। ਰਾਜਾ ਰਸਾਲੂ ਦਾ ਸਵਾਗ ਤਾਂ ਕਾਫ਼ੀ ਲੰਮਾ ਹੁੰਦਾ। ਹਰ ਰੋਜ਼ ਉਸੇ ਦੇ ਜੀਵਨ ਦੀਆਂ ਇਕ ਦੋ ਘਟਨਾਵਾਂ ਹੀ ਸਵਾਂਗ ਦੁਆਰਾ ਪੇਸ਼ ਹੁੰਦੀਆਂ। ਇਸ ਲਈ ਉਨ੍ਹਾਂ ਦਾ ਸੰਬੰਧ ਸਮੁਚੀ ਲੋਕਾਈ ਨਾਲ ਰਹਿੰਦਾ। ਉਨ੍ਹਾਂ ਨੇ ਤਾਂ ਲੋਕਾਂ ਨੂੰ ਕਾਵਿ, ਸੰਗੀਤ ਤੇ ਨਿਰਤ ਦੁਆਰਾ ਸਹਜ-ਅਨੰਦ ਦੇਣਾ ਹੁੰਦਾ। ਇਸ ਲਈ ਉਹ ਉਨ੍ਹਾਂ ਕਥਾਵਾਂ ਦੀ ਹੀ ਪੇਸ਼ਕਾਰੀ ਕਰਦੇ, ਜੋ ਲੋਕਾਂ ਵਿਚ ਪ੍ਰਿਯ ਸਨ। ਸਵਾਂਗੀਆਂ ਨੇ ਹੀ ਰਾਜਾ ਰਸਾਲੂ, ਹੀਰ ਰਾਂਝਾ, ਸੱਸੀ ਪੁੰਨੂੰ, ਪੂਰਨ ਭਗਤ ਤੇ ਦੁਲ੍ਹਾ ਭੱਟੀ ਆਦਿ ਦੀਆਂ ਛੰਦ-ਕਥਾਵਾਂ ਨੂੰ ਲੋਕ-ਰੁਚੀ ਦੇ ਅਨੁਕੂਲ ਢਾਲਿਆ ਤੇ ਇਨ੍ਹਾਂ ਕਥਾਵਾਂ ਵਿਚ ਵੰਨ-ਸੁਵੰਨੀਆਂ ਤੇ ਨਵੀਆਂ ਕਥਾਨਿਕ ਰੂੜ੍ਹੀਆਂ ਦਾਖ਼ਲ ਕੀਤੀਆਂ, ਤੱਥ ਵਿਚ ਮਿਥ ਦੀ ਮਿੱਸ ਕੀਤੀ। ਵਾਸਤਵਿਕਤਾ ਨੂੰ ਲੋਕ-ਮਨ ਵਿਚ ਲੰਘਾ ਕੇ ਲੌਕਿਕ ਤੋਂ ਅਲੋਕਿਕ ਬਣਾਇਆ ਅਤੇ ਨਾਇਕ ਨੂੰ ਲੋਕ-ਆਦਰਸ਼ਾਂ ਅਨੁਕੂਲ ਢਾਲ ਕੇ, ਮਿੱਥਕ ਚਰਿਤ੍ਰ ਪ੍ਰਦਾਨ ਕੀਤਾ। ਇਨ੍ਹਾਂ ਲੋਕਾਂ ਨੂੰ ਕਲਾ ਵਿਰਸੇ ਵਿਚ ਮਿਲੀ ਹੋਈ ਸੀ, ਜੋ ਇਨ੍ਹਾਂ ਦਾ ਕਿੱਤਾ ਬਣ ਚੁਕੀ ਸੀ। ਇਨ੍ਹਾਂ ਵਿਚ ਲੋਕ-ਪੱਧਰ ਤੇ ਕਵਿਤਾ ਰਚਣ ਦੀ ਮੁਹਾਰਤ ਸੀ।

ਇਨ੍ਹਾਂ ਸਵਾਂਗਾਂ ਦੇ ਕੁਝ ਕਾਵਿ-ਸੰਬਾਦ ਜੋ ਆਪਣੇ ਆਪ ਵਿਚ ਕਿਸੇ ਘਟਨਾ ਦਾ ਸੰਪੂਰਨ ਬੋਧ ਕਰਵਾਉਂਦੇ ਸਨ, ਹੌਲੇ ਹੌਲੇ ਕਾਵਿ ਕਥਾਵਾਂ ਦੇ ਰੂਪ ਵਿਚ ਵਿਚਰਨ ਲਗੇ। ਸਾਡੀਆਂ ਬਹੁਤ ਸਾਰੀਆਂ ਪ੍ਰਾਪਤ ਕਾਵਿ-ਕਥਾਵਾਂ ਦੀ ਉਤਪਤੀ ਇਸੇ ਤਰ੍ਹਾਂ ਹੋਈ, ਜਿਸਦਾ ਹੁੰਗਾਰਾ ਉਨ੍ਹਾਂ ਵਿਚਲੇ ਕਾਵਿ-ਸੰਬਾਦ ਭਰਦੇ ਹਨ।

ਭੱਟਾਂ, ਰਾਸਧਾਰੀਆਂ ਵਾਂਗ ਮੁਸਲਮਾਨਾਂ ਵਿਚ ਮਿਰਾਸੀ ਸਨ। ਮਿਰਾਸੀਆਂ ਦਾ ਮੁਸਲਮਾਨਾਂ ਦੇ ਭਾਈਚਾਰੇ ਵਿਚ ਬਿਲਕੁਲ ਉਹ ਕਿਰਦਾਰ ਸੀ, ਜੋ ਭੱਟਾਂ ਦਾ ਹਿੰਦੂ ਘਰਾਂ ਵਿਚ। ਮਿਰਾਸੀ ਆਪਣੇ ਜਜਮਾਨਾਂ ਦੀਆਂ ਬੰਸਾਵਾਲੀਆਂ ਜਿਨ੍ਹਾਂ ਨੂੰ ਉਹ ਕੁਰਸੀਨਾਮੇ ਕਹਿੰਦੇ ਸਨ, ਰਚ ਕੇ ਪੀੜ੍ਹੀ ਦਰ ਪੀੜ੍ਹੀ ਅਗੇ ਤੋਰਦੇ ਸਨ। ਉਹ ਮੁਸਲਮਾਨ ਕਬੀਲਿਆਂ ਦੇ ਵਡਿਕਿਆਂ ਅਤੇ ਯੋਧਿਆਂ ਦੀ ਬਹਾਦਰੀ ਦੇ ਕਾਰਨਾਮੇ, ਕਾਵਿ ਵਿਚ ਰਚ ਕੇ, ਕਬੀਲੇ ਦੇ ਲੋਕਾਂ ਨੂੰ ਸੁਣਾਉਂਦੇ ਅਤੇ ਇਨਾਮ ਪ੍ਰਾਪਤ ਕਰਦੇ ਸਨ। ਕੁਝ ਮਿਰਾਸੀ ਢੱਡ ਤੇ ਸਾਰੰਗੀ ਨਾਲ ਗਾਉਂਦੇ ਸਨ, ਪਰ ਕੁਝ ਰਬਾਬ ਨਾਲ। ਪਹਿਲੇ ਮਿਰਾਸੀ ਢਾਡੀ ਦੇ ਨਾਂ ਨਾਲ ਪ੍ਰਸਿਧ ਹੋਏ ਤੇ ਦੂਜੇ ਰਬਾਬੀ ਨਾਲ। ਢਾਡੀ ਤੇ ਰਬਾਬੀ ਗੁਰੂ ਘਰ ਨਾਲ ਜੁੜ ਗਏ। ਇਹ ਧਰਮ ਵਲੋਂ ਭਾਵੇਂ ਮੁਸਲਮਾਨ ਸਨ, ਪਰ ਇਹ ਗੁਰਬਾਣੀ ਦਾ ਕੀਰਤਨ ਕਰਦੇ ਸਨ। ਇਨ੍ਹਾਂ ਨੇ ਸਿੱਖ ਸ਼ਹੀਦਾਂ 'ਤੇ ਸਾਕਿਆਂ ਬਾਰੇ ਕਾਵਿ-ਕਥਾਵਾਂ ਰਚੀਆਂ। ਸਿੰਘ ਸਭਾ ਲਹਿਰ ਵੇਲੇ ਕਈ ਰਬਾਬੀਆਂ ਤੇ ਢਾਡੀਆਂ ਨੇ ਸਿੱਖ ਧਰਮ ਕਬੂਲ ਕਰ ਲਿਆ ਕਿਉਂ ਜੋ ਉਨ੍ਹਾਂ ਦਾ ਅੰਨ ਪਾਣੀ ਸਿੱਖਾਂ ਨਾਲ ਜੁੜਿਆ ਹੋਇਆ ਸੀ।

ਕੁਝ ਮਿਰਾਸੀ ਪੀਰਾਂ ਦੇ ਤਕੀਏ ਤੇ ਖ਼ਾਨਗਾਹਾਂ ਉਤੇ ਪੀਰਾਂ ਦੀ ਮਹਿਮਾ ਅਤੇ ਕੱਵਾਲੀਆਂ ਗਾਉਂਦੇ। ਪੀਰਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਵੀ ਕਾਵਿ ਦਾ ਜਾਮਾ ਪਹਿਨਾਦੇ ਰਹੇ। ਪੀਰ ਖ਼ਾਨਿਆਂ ਨਾਲ ਸੰਬੰਧਿਤ ਮਿਰਾਸੀਆਂ ਨੂੰ ਪੀਰਾਹਿਨ ਵੀ ਕਹਿੰਦੇ ਹਨ। ਸਖੀ ਸਰਵਰ (ਨਿਗਾਹੀਆ ਪੀਰ) ਦਾ ਜੱਸ ਗਾਉਣ ਵਾਲੇ ਮਿਰਾਸੀਆਂ ਦੀ ਇਕ ਵਖਰੀ ਸ਼੍ਰੇਣੀ ਹੋਂਦ ਵਿਚ ਆ ਗਈ। ਇਹ ਢੋਲ ਦੇ ਨਾਲ ਨੱਚਦੇ ਤੇ ਠੁਮਕਦੇ ਹੋਏ ਸਿਰਫ਼ ਨਿਗਾਹੀਆ ਦਾ ਹੀ ਜੱਸ ਗਾਉਂਦੇ ਹਨ। ਇਨ੍ਹਾਂ ਨੂੰ ਭਰਾਈ ਕਿਹਾ ਜਾਂਦਾ ਹੈ।

ਉਪਰੋਕਤ ਚਰਚਾ ਦਾ ਭਾਵ ਇਹ ਹੈ ਕਿ ਪੰਜਾਬ ਵਿਚ ਭੱਟ ਅਤੇ ਮਿਰਾਸੀ ਅਗੋਂ ਕਈ ਸ਼ਾਖਾਂ ਵਿਚ ਵੰਡੇ ਗਏ ਅਤੇ ਵਖੋ ਵਖਰੀਆਂ ਸੰਪ੍ਰਦਾਵਾਂ ਤੇ ਸੰਸਥਾਵਾਂ ਨਾਲ ਸੰਬੰਧਿਤ ਹੋ ਕੇ, ਅੱਡ ਅੱਡ ਨਾਂ ਗ੍ਰਹਿਣ ਕਰ ਗਏ। ਇਨ੍ਹਾਂ ਭੱਟਾਂ ਵਿਚੋਂ ਹੀ ਕਵੀਸ਼ਰਾਂ ਦੀ ਸੰਸਥਾ ਵੀ ਉਭਰੀ। ਇਹੋ ਭੱਟ ਮਿਰਾਸੀ ਸਾਡੀਆਂ ਬਹੁਤ ਸਾਰੀਆਂ ਕਾਵਿ-ਕਥਾਵਾਂ ਦੇ ਸਿਰਜਕ ਹਨ। ਇਨ੍ਹਾਂ ਦੀ ਸਾਰੀ ਰਚਨਾ ਸੁਭਾਵ ਵਿਚ ਪਰੰਪਰਕ ਸੀ ਅਤੇ ਰੂਪ ਤੇ ਬਿਰਤੀ ਵਿਚ ਲੋਕ-ਕਾਵਿ ਨਾਲ ਇਕ ਸੁਰ ਹੋਣ ਕਰਕੇ ਸਮੇਂ ਨਾਲ ਲੋਕ-ਸਾਹਿਤ ਦਾ ਹਿੱਸਾ ਬਣਦੀ ਰਹੀ। ਭੱਟਾਂ ਮਿਰਾਸੀਆਂ ਦੀ ਸਾਰੀ ਸਿਰਜਨਾ ਵਿਚ ਕੁਝ ਸਾਂਝੇ ਲੱਛਣ ਹਨ :

1. ਇਹ ਲੋਕ ਆਪਣੀ ਰਚਨਾ ਨਾਲ ਨਾਉਂ ਨਹੀਂ ਸੀ ਜੋੜਦੇ ।
2. ਜੋ ਕੁਝ ਵੀ ਉਹ ਰਚਦੇ ਸਨ, ਉਸਦਾ ਕੇਵਲ ਕੁਝ ਅੰਸ਼ ਹੀ ਪੁਨਰ-ਸਿਰਜਨਾ ਹੁੰਦਾ, ਬਾਕੀ ਸਾਰਾ ਵੇਲਾ-ਵਿਹਾ ਚੁਕੀਆਂ ਰਚਨਾਵਾਂ ਵਿਚੋਂ ਹੀ ਟਾਂਕ ਲਿਆ ਜਾਂਦਾ ਜਾਂ ਪੁਰਾਣੇ ਦੀ ਨਕਲ 'ਤੇ ਹੀ ਕੁਝ ਨਵਾਂ ਰਚ ਲਿਆ ਜਾਂਦਾ । ਕਈ ਵਾਰ ਕਿਸੇ ਪੁਰਾਣੀ ਰਚਨਾ ਦੇ ਬੰਦ ਤਰੋੜ ਮਰੋੜ ਕੇ, ਨਵੀਂ ਰਚਨਾ ਵਿਚ ਮੜ੍ਹ ਲਏ ਜਾਂਦੇ । 'ਗੱਲਾਂ ਅਗਲੀਆਂ' ਹੁੰਦੀਆਂ ਬਸ 'ਸ਼ਤਰੰਜ ਦੀ ਗੋਟ' ਹੀ ਨਵੀਂ ਤਰ੍ਹਾਂ ਚਲਦੀਂ ।
3. ਜੇ ਕੋਈ ਪ੍ਰਤਿਭਾਸ਼ਾਲੀ ਭੱਟ ਮਿਰਾਸੀ ਨਵੀਂ ਰਚਨਾ ਵੀ ਕਰਦਾ ਤਾਂ ਉਸ ਵਿਚ ਆਪਣੀ ਨਿਜੀ ਭਾਵਨਾ ਅਤੇ ਵਿਅਕਤੀਗਤ ਅਨੁਭਵ ਪੇਸ਼ ਕਰਨ ਦੀ ਥਾਂ ਸਾਮੂਹਿਕ ਮਾਨਸਿਕਤਾ ਤੇ ਲੋਕ-ਅਨੁਭਵ ਨੂੰ ਹੀ ਰੂਪਮਾਨ ਕਰਦਾ । ਵਸਤੂ ਦੀ ਪੇਸ਼ਕਾਰੀ ਵਿਚ, ਜੋ ਵਿਧੀਆਂ ਵਰਤੀਆਂ ਜਾਂਦੀਆਂ, ਉਹ ਸਭ ਲੋਕ-ਕਾਵਿ ਵਾਲੀਆਂ ਹੁੰਦੀਆਂ । ਮੂਲ ਮੁਹਾਵਰਾ ਪਰੰਪਰਕ ਹੀ ਰਹਿੰਦਾ ਤੇ ਰਚਨਾ ਵਿਅਕਤੀਗਤ ਹੋ ਕੇ ਵਿਅਕਤਿਤਵਹੀਣ ਰਹਿੰਦੀ ।
4 ਇਹ ਰਚਨਾ ਮੁਖ ਰੂਪ ਵਿਚ, ਲੋਕਾਂ ਦੇ ਮਨੋਰੰਜਨ ਲਈ ਰਚੀ ਜਾਂਦੀ ਸੀ । ਇਸ ਲਈ ਇਸਦਾ ਵਸਤੂ, ਰੂਪ ਤੇ ਮੁਹਾਵਰਾ ਜਿਥੇ ਲੋਕ-ਸਭਿਆਚਾਰ ਮੁਖ ਹੁੰਦਾ, ਉਥੇ ਇਹ ਲੋਕ ਤੱਤਾਂ ਤੋਂ ਰੂੜ੍ਹੀਆਂ ਨਾਲ ਵੀ ਓਤ-ਪ੍ਰੋਤ ਹੁੰਦੀ । ਇਸ ਰਚਨਾ ਨੂੰ ਲੋਕ-ਧੁਨਾਂ ਵਿਚ ਹੀ ਗਾਇਆ ਜਾਂਦਾ ।

ਜੇ ਅਜਿਹੀ ਰਚਨਾ ਵਿਚ ਲੋਕ ਬਿਰਤੀ ਨਾਲ ਇਕਸੁਰ ਹੋਣ 'ਚ ਕੋਈ ਕਸਰ ਕੂਣ ਰਹਿ ਜਾਂਦੀ ਤਾਂ ਜਦੋਂ ਉਹ ਰਚਨਾ ਮੂੰਹੋਂ ਮੂੰਹ ਅਗੇ ਤੁਰਦੀ ਤਾਂ ਲੋਕੀਂ ਆਪਣੀਆਂ ਸਾਮੂਹਿਕ ਭਾਵਨਾ ਅਨੁਸਾਰ ਇਸ ਵਿਚ ਤਬਦੀਲੀਆਂ ਕਰਦੇ ਰਹਿੰਦੇ । ਇਸੇ ਕਰਕੇ ਇਸ ਰਚਨਾ ਦਾਂ ਕੋਈ ਇਕ ਪ੍ਰਮਾਣਿਕ ਰੂਪਾਂਤਰ ਨਹੀਂ ਸੀ ਰਹਿੰਦਾ ।

ਪਰ ਇਸਦੇ ਬਾਵਜੂਦ ਵੀ ਕੁਝ ਨਿੱਕੀਆ ਕਾਵਿ-ਕਥਾਵਾਂ ਅਜਿਹੀਆਂ ਪ੍ਰਾਪਤ ਹਨ ਜੋ ਆਮ ਲੋਕਾਂ ਦੀਆਂ ਕਿਰਤਾਂ ਹਨ । ਇਨ੍ਹਾਂ ਕਾਵਿ-ਕਥਾਵਾਂ ਵਿਚ ਪ੍ਰਥਾ ਨਾਲੋਂ ਗੀਤ ਦੀ ਪਧਾਨਤਾ ਹੈ । ਜਿਵੇਂ ਹੇਠਲੀ ਕਾਵਿ ਕਥਾ :

ਉਚੀ ਦਕੋਉਂ ਧੰਬਣ ਲੱਭੀ ਆ
ਵੇ ਚੰਨ ਧੰਬਣ ਲੱਭੀ ਆ
ਰਾਜੇ ਦੀ ਨਜਰੀ ਪਈ
ਵੇ ਮੈਂ ਵਾਰੀ, ਰਾਜੇ ਦੀ ਨਜਰੀ ਪਈ ।

ਛੋੜ ਮਹਿੰਡੀ ਵੀਣੀ ਨੂੰ
ਵੇ ਚੰਨਾ ਵੀਣੀ ਨੂੰ
ਵੇ ਮਹਿੰਡੀ ਜਾਤ ਜੁਲਾਹੀ
ਵੇ ਮੈਂ ਵਾਰੀ ਮਹਿੰਡੀ ਜਾਤ ਜੁਲਾਹੀ ।

ਕੀ ਕਰਾਂ ਤਹਿੰਡੀ ਜਾਤ ਨੂੰ
ਵੇ ਚੰਨਾ ਜਾਤ ਨੂੰ
ਤੇਰਾ ਰੰਗ ਸੁਰਮਈ
ਵੇ ਮੈਂ ਵਾਰੀ ਤੇਰਾ ਰੰਗ ਸੁਰਮਈ ।

ਇਹ ਕਥਾ ਬਿਰਤਾਂਤਕ ਨਾਲੋਂ ਭਾਵੁਕ ਵਧੇਰੇ ਹੈ ਤੇ ਚਰਿਤ੍ਰ ਵਿਚ ਕਾਵਿ-ਕਥਾ ਨਾਲੋਂ ਲੋਕ-ਗੀਤ ਜਿਆਦਾ । ਕਾਵਿ ਅਤੇ ਕਾਵਿ-ਕਥਾ ਦੇ ਦਰਮਿਆਨ ਦੀਆਂ ਅਜਿਹੀਆਂ ਚੀਜ਼ਾਂ, ਜੋ ਬ੍ਰਿਤਾਂਤਕ ਵੇਰਵੇ ਤੋਂ ਮੁਕਤ ਹਨ ਜਾਂ ਅਜਿਹੇ ਵੇਰਵੇ ਵਲ ਕੇਵਲ ਸੰਕੇਤ ਹੀ ਕਰਦੀਆਂ ਹਨ, ਲੋਕਾਂ ਦੀ ਹੀ ਕਿਰਤ ਹਨ ।

(ਕ-281) **ਕਿਆਮਤ** :

ਕੁਰਾਨ ਅਨੁਸਾਰ ਕਿਆਮਤ ਆਉਣ ਨਾਲ, ਸਾਰੇ ਸੰਸਾਰ ਦਾ ਅੰਤ ਹੋ ਜਾਵੇਗਾ । ਸੂਰਜ ਧਰਤੀ ਦੇ ਬਿਲਕੁਲ ਨੇੜੇ ਉਤਰ ਆਵੇਗਾ, ਬਸ ਨੇੜੇ ਜਿਤਨਾ ਉੱਚਾ ਅਤੇ ਧਰਤੀ ਦੀ ਹਰ ਚੀਜ਼ ਨੂੰ ਸਾੜ ਕੇ ਫਨਾਹ ਕਰ ਦੇਵੇਗਾ ।

ਇਸ ਪਿਛੋਂ ਸਭ ਮੁਰਦੇ ਕਬਰਾਂ ਵਿਚੋਂ ਉਠਣਗੇ ਅਤੇ ਆਪੋ ਆਪਣੇ ਕਰਮਾਂ ਦਾ ਫਲ ਭੁਗਤਣਗੇ । ਹਰੇਕ ਸ਼ਖਸ ਦੀ ਨੇਕੀ ਤੇ ਬਦੀ ਦੇ ਕੰਮ ਪੂਰੀ ਤਰ੍ਹਾਂ ਤੋਲੇ ਜਾਣਗੇ । ਜੇ ਕਿਸੇ ਪ੍ਰਾਣੀ ਦੇ ਨੇਕ ਕੰਮ ਜਿਆਦਾ ਮਾਤਰਾ ਵਿਚ ਹੋਣਗੇ ਤਾਂ ਉਹਨੂੰ ਫਲ ਮਿਲੇਗਾ । ਜੇ ਮੰਦੇ ਕਰਮ ਜਿਆਦਾ ਹੋਣਗੇ ਤਾਂ ਉਸ ਨੂੰ ਸਜ਼ਾ ਭੋਗਣੀ ਪਵੇਗੀ ।

ਹਰੇਕ ਪ੍ਰਾਣੀ ਆਪਣੇ ਨਾਲ ਹੋਏ ਜ਼ੁਲਮਾਂ, ਬੇਇਨਸਾਫੀਆਂ, ਤੇ ਵਧੀਕੀਆਂ ਦਾ ਗਿਣ ਗਿਣ ਕੇ ਹਿਸਾਬ ਲਏਗਾ ਅਤੇ ਹਰੇਕ ਨੂੰ ਦੂਜੇ ਪ੍ਰਾਣੀ ਦੀ ਤਸੱਲੀ ਕਰਾਉਣੀ ਪਏਗੀ । ਕਿਉਂ ਜੋ ਉਦੋਂ ਕਿਸੇ ਕੋਲ ਕੋਈ ਪਦਾਰਥ ਦੇਣ ਲੈਣ ਲਈ ਨਹੀਂ ਹੋਵੇਗਾ । ਇਸ ਕਰਕੇ, ਜਿਸਨੇ ਜ਼ੁਲਮ, ਅਨਿਆਂ, ਜਾਂ ਵਧੀਕੀ ਕੀਤੀ ਹੋਵੇਗੀ, ਉਸ ਦੀ ਨੇਕ ਕੰਮਾਂ ਵਿਚੋਂ ਕੁਝ ਮਾਤਰਾ ਲੈ ਕੇ, ਦੂਜੇ ਦੇ ਹਿਸਾਬ ਵਿਚ ਜਮਾਂ ਕਰ ਦਿਤੀ ਜਾਵੇਗੀ । ਜਿਸ ਨਾਲ ਜ਼ੁਲਮ, ਬੇਇਨਸਾਫੀ ਜਾਂ ਵਧੀਕੀ ਹੋਈ ਹੋਵੇਗੀ, ਇਸ ਤੋਂ ਬਾਅਦ ਫਰਿਸ਼ਤੇ ਦਸਣਗੇ ਕਿ ਹਰੇਕ ਸ਼ਖਸ ਨੂੰ, ਆਪਣਾ ਹੱਕ ਮਿਲ ਗਿਆ ਹੈ । ਲੈਣ/ਦੇਣ ਤੋਂ ਬਾਅਦ ਕਿਸੇ ਸ਼ਖਸ ਦੇ ਨੇਕ ਕਰਮ ਕਿਤਨੇ ਬਣਦੇ ਹਨ—ਕੀੜੀ ਜਾਂ ਚੂਹੇ ਜਿਤਨੇ । ਅੱਲਾਹ ਜੇ ਚਾਹੇਗਾ ਤਾਂ ਆਪਣੀ ਬਖਸ਼ਿਸ਼ ਨਾਲ ਉਨ੍ਹਾਂ ਨੂੰ ਦੁਗਣੇ ਕਰ ਦੇਵੇਗਾ ਤਾਂ ਜੋ ਉਹ ਬੇਹਿਸ਼ਤ ਵਿਚ ਦਾਖਲ

ਹੋ ਸਕਣ । ਪਰ ਜੇ ਦੂਜੇ ਪਾਸੇ ਲੈਣ ਦੇਣ ਪਿਛੋਂ, ਪ੍ਰਾਣੀ ਦੇ ਸ਼ੁਭ ਕਰਮਾਂ ਦਾ ਭੰਡਾਰ ਖ਼ਤਮ ਹੋ ਗਿਆ ਹੋਵੇ ਅਤੇ ਪਿੱਛੇ ਮੰਦੇ ਕੰਮ ਹੀ ਰਹਿ ਗਏ ਹੋਣ, ਜੇ ਫਿਰ ਵੀ ਕੋਈ ਅਜਿਹਾ ਬੰਦਾ ਨਿਕਲ ਆਵੇ, ਜਿਸ ਨਾਲ ਉਸ ਜ਼ੁਲਮ, ਬੇਇਨਸਾਫ਼ੀ ਜਾਂ ਵਧੀਕੀ ਕੀਤੀ ਹੋਵੇ, ਅਤੇ ਉਹ ਸੰਤੁਸ਼ਟ ਨਾ ਹੋਇਆ ਹੋਵੇ, ਤਾਂ ਉਸ ਦੇ ਗੁਨਾਹਾਂ ਵਿਚ ਉਸ ਸ਼ਖ਼ਸ ਦੇ ਗੁਨਾਹਾਂ ਦੇ ਬਰਾਬਰ ਮਾਤਰਾ ਵਧਾ ਦਿਤੀ ਜਾਵੇਗੀ । ਭਾਵ ਉਸਦੇ ਗੁਨਾਹਾਂ ਦਾ ਫਲ ਉਸ ਨੂੰ ਮਿਲੇਗਾ ਤੇ ਉਹ ਨਰਕ ਵਿਚ ਆਪਣੇ ਤੇ ਦੂਜੇ ਲੋਕਾਂ ਦੇ ਗੁਨਾਹਾਂ ਨਾਲ ਲਦਿਆ ਹੋਇਆ ਜਾਵੇਗਾ ।

ਕਿਆਮਤ ਅਰਬੀ ਦਾ ਸ਼ਬਦ ਹੈ, ਜੋ ਇਬਰਾਨੀ ਦੇ ਧਾਤੂ 'ਕੁਮ' ਤੋਂ ਬਣਿਆ, ਇਸ ਦਾ ਅਰਥ 'ਇਨਸਾਫ਼ ਕਰਨਾ' ਹੈ। ਕਿਆਮਤ ਦਾ ਸੰਕਲਪ ਸਭ ਤੋਂ ਪਹਿਲਾਂ ਯਹੂਦੀਆਂ ਵਿਚ ਪ੍ਰਚਲਤ ਹੋਇਆ, ਉਨ੍ਹਾਂ ਨੇ ਇਹ ਸੰਕਲਪ ਆਪਣੀ ਲੋਕਧਾਰਾ ਵਿਚੋਂ ਲਿਆ ।

ਯਹੂਦੀਆਂ ਤੋਂ ਇਹ ਵਿਚਾਰ ਈਸਾਈਆਂ ਵਿਚ ਪ੍ਰਚਲਤ ਹੋਇਆ । ਬਾਈਬਲ ਅਨੁਸਾਰ ਕਿਆਮਤ ਦੇ ਦਿਨ ਸਭ ਮਨੁੱਖ ਮੁੜ ਜ਼ਿੰਦਾ ਹੋਣਗੇ ਅਤੇ ਈਸਾ ਮਸੀਹ ਇਨਸਾਫ਼ ਕਰਨ ਲਈ ਪ੍ਰਗਟ ਹੋਣਗੇ । ਭਲੇ ਪੁਰਸ਼ਾਂ ਨੂੰ ਸਵਰਗ ਵਿਚ ਭੇਜਿਆ ਜਾਵੇਗਾ ਤੇ ਬੁਰਿਆਂ ਨੂੰ ਨਰਕ ਵਿਚ । ਈਸਾਈਆਂ ਤੋਂ ਇਹ ਵਿਚਾਰ ਇਸਲਾਮ ਵਿਚ ਆਇਆ ।

(ਕ-282) **ਕ੍ਰਿਸ਼ਨ** :

ਕ੍ਰਿਸ਼ਨ ਵਿਸ਼ਨੂੰ ਦਾ ਸਭ ਤੋਂ ਦਿਲਚਸਪ ਅਵਤਾਰ ਹੈ । ਇਸ ਬਾਰੇ, ਬੀਰਤਾ ਦੀਆਂ ਘਟਨਾਵਾਂ ਤੋਂ ਇਲਾਵਾ, ਪ੍ਰੇਮ-ਕ੍ਰੀੜਾ ਦੀਆਂ ਰੋਮਾਂਚਿਕ ਕਥਾਵਾਂ ਵੀ ਮਿਲਦੀਆਂ ਹਨ । ਕ੍ਰਿਸ਼ਨ ਕਈ ਰੰਗਾਂ ਵਿਚ ਪੂਰੇ ਫੈਲਾਅ ਵਿਚ ਜੀਵਿਆ ਹੈ ਤੇ ਇਸਦਾ ਚਰਿਤ੍ਰ ਬਹੁਰੰਗਾ ਹੈ । ਇਸ ਦੀ ਜੀਵਨ-ਕਥਾ ਪੜ੍ਹ ਕੇ ਵਿਚਾਰ ਉਠਦਾ ਹੈ ਕਿ ਕ੍ਰਿਸ਼ਨ ਇਕ ਲੋਕ-ਨਾਇਕ ਸੀ, ਜਿਸ ਨੂੰ ਮਗਰੋਂ ਲੋਕ-ਮਨ ਨੇ ਵਡਿਆ ਕੇ, ਅਵਤਾਰਾਂ ਵਿਚ ਰਲਾ ਲਿਆ ।

ਕ੍ਰਿਸ਼ਨ ਦਾ ਸਭ ਤੋਂ ਪੁਰਾਣਾ ਹਵਾਲਾ ਰਿਗ-ਵੇਦ ਵਿਚ ਮਿਲਦਾ ਹੈ, ਪਰ ਇਸ ਕ੍ਰਿਸ਼ਨ ਦਾ ਦੇਵ ਕ੍ਰਿਸ਼ਨ ਨਾਲ ਕੋਈ ਸੰਬੰਧ ਨਹੀਂ ਪ੍ਰਗਟ ਹੁੰਦਾ । ਇਕ ਵੈਦਿਕ ਰਿੱਚ ਵਿਚ ਤਾਂ ਪੰਜਾਹ ਹਜ਼ਾਰ ਕ੍ਰਿਸ਼ਨਾਂ ਦਾ ਵਰਨਣ ਹੈ । ਇਨ੍ਹਾਂ ਨੂੰ ਇਨ੍ਹਾਂ ਦੀਆਂ ਗਰਭਵਤੀਆਂ ਪਤਨੀਆਂ ਸਮੇਤ, ਇਸ ਵਾਸਤੇ ਕਤਲ ਕਰ ਦਿਤਾ ਗਿਆ, ਤਾਂ ਜੋ ਇਨ੍ਹਾਂ ਸਭਨਾਂ ਕਬੀਲੀਆਂ ਦਾ ਬੀਜ ਨਾਸ ਹੋ ਜਾਵੇ । ਇਹ ਕ੍ਰਿਸ਼ਨ ਆਦਿਵਾਸੀਆਂ ਦਾ ਕੋਈ ਕਬੀਲਾ ਹੋਵੇਗਾ । ਇਸ ਗੱਲ ਦਾ ਵਰਨਣ ਕਰਨ ਤੋਂ ਭਾਵ ਹੈ ਕਿ ਕ੍ਰਿਸ਼ਨ ਕਈ ਹੋਏ ਹਨ ਅਤੇ ਕੁਝ ਕ੍ਰਿਸ਼ਨ ਰਾਖਸ਼ੀ ਸੁਭਾਅ ਦੇ ਵੀ ਸਨ ।

ਦੇਵਕੀ ਦੇ ਪੁੱਤਰ, ਕ੍ਰਿਸ਼ਨ ਦਾ ਸਭ ਤੋਂ ਪਹਿਲਾ ਵਰਨਣ, ਛਾਂਦੋਗਯ ਉਪਨਿਸ਼ਦ ਵਿਚ ਮਿਲਦਾ ਹੈ । ਪਰ ਬੀਰਤਾ ਕਾਲ ਵਿਚ ਕ੍ਰਿਸ਼ਨ ਦੀ ਬਹਾਦਰੀ ਤੇ ਰੋਮਾਂਚਿਕਤਾ ਦਾ ਜੋ ਸੰਕਲਪ ਉਭਰਿਆ, ਉਸਨੇ ਕ੍ਰਿਸ਼ਨ ਨੂੰ ਸਭ ਦੇਵਤਿਆਂ ਤੇ ਅਵਤਾਰਾਂ ਤੋਂ ਜ਼ਿਆਦਾ ਪ੍ਰਸਿਧ ਤੇ ਲੋਕ-ਪ੍ਰਿਯ ਬਣਾ ਦਿਤਾ । ਉਹ ਲੋਕ-ਧਰਮੀ ਨਾਇਕ ਹੋ ਕੇ ਉਭਰਿਆ ।

ਮਹਾਂਭਾਰਤ ਵਿਚ ਕ੍ਰਿਸ਼ਨ ਇਕ ਮਹਾਨ ਧਰਮੀ ਨਾਇਕ ਦੇ ਚਰਿਤ੍ਰ ਵਜੋਂ ਉਭਰਿਆ । ਤੇ ਉਸ ਦੇ ਜੀਵਨ ਨੂੰ ਅਧਿਆਤਮਕ ਰੰਗਣ ਦਿਤੀ ਗਈ । ਉਹਦੀਆਂ ਜੀਵਨ-ਘਟਨਾਵਾਂ ਨੂੰ ਇਕ ਖ਼ਾਸ ਸੇਧ ਤੇ ਮੋੜ ਦਿਤੇ ਗਏ, ਫਲਸਰੂਪ ਉਸਨੂੰ ਹਿੰਦੂ ਅਵਤਾਰ ਮਾਲਾ ਵਿਚ ਉਚਤਮ ਪਦਵੀ ਪ੍ਰਾਪਤ ਹੋ ਗਈ । ਕ੍ਰਿਸ਼ਨ ਦੇ ਜੀਵਨ ਵਿਚ ਜੋ ਤਬਦੀਲੀਆਂ ਸਮੇਂ ਸਮੇਂ ਹੋਈਆਂ, ਉਹਨਾਂ ਦਾ ਇਤਿਹਾਸਕ ਅਧਿਐਨ ਬੜਾ ਰੋਚਕ ਸਿਧ ਹੋ ਸਕਦਾ ਹੈ ।

ਭਾਗਵਤ ਗੀਤਾ ਦੀ ਰਚਨਾ ਵੀ ਕ੍ਰਿਸ਼ਨ ਨਾਲ ਜੋੜੀ ਜਾਂਦੀ ਹੈ, ਪਰ ਇਹ ਰਚਨਾ ਪਿਛਲੇਰੇ ਸਮੇਂ ਦੀ ਕਿਰਤ ਮੰਨੀ ਜਾਂਦੀ ਹੈ, ਇਹ ਰਚਨਾ ਕਿਸੇ ਵਿਦਵਾਨ ਰਿਸ਼ੀ ਦੀ ਸਿਰਜਨਾ ਹੈ, ਜਿਸ ਨੇ ਆਪਣੀ ਰਚਨਾ ਨਾਲ ਕ੍ਰਿਸ਼ਨ ਦਾ ਨਾਂ ਜੋੜ ਦਿਤਾ । ਆਪਣੇ ਗੁਰ-ਪੀਰ ਜਾਂ ਇਸ਼ਟ ਨਾਲ ਮਗਰਲੇ ਕਾਲ ਦੀਆਂ ਰਚਨਾਵਾਂ ਨੂੰ ਜੋੜਨ ਦੀ ਰੁੱਚੀ ਭਾਰਤੀ ਸੁਭਾਅ ਵਿਚ ਹੈ ਤੇ ਇਹ ਨਮਿਤ ਕਰਮ ਮੰਨਿਆ ਜਾਂਦਾ ਹੈ । ਇਸਦਾ ਬੜਾ ਮਹਾਤਮ ਹੈ ।

ਭਾਗਵਤ ਗੀਤਾ ਵਿਚ, ਕ੍ਰਿਸ਼ਨ ਨੇ ਆਪਣੇ ਆਪ ਨੂੰ ਪ੍ਰਮਾਤਮਾ ਕਿਹਾ, ਜਿਸਨੇ ਸਾਰੇ ਬ੍ਰਹਿਮੰਡ ਦੀ ਸਿਰਜਨਾ ਕੀਤੀ, ਜੋ ਸਮੇਂ ਸਮੇਂ ਧਰਮ ਦੀ ਹਾਨੀ ਹੋਣ ਤੇ ਦੁਨੀਆਂ ਵਿਚ ਜਨਮ ਲੈਂਦਾ ਹੈ । ਉਹ ਅਜੋਨੀ ਤੇ ਸਰਬ-ਵਿਆਪਕ ਹੈ । ਉਹ ਪਰਮ ਵਿਸ਼ਵ ਆਤਮਾ ਹੈ ।

ਕ੍ਰਿਸ਼ਨ ਦਾ ਜੋ ਦੈਵੀ ਸਰੂਪ ਮਹਾਂਭਾਰਤ ਵਿਚ ਸਥਾਪਿਤ ਹੋਇਆ ਹੈ, ਮਗਰੋਂ ਉਹ ਹਰੀਵੰਸ਼ ਤੇ ਪੌਰਾਣਾਂ ਵਿਚ ਕਈ ਨਵੀਆਂ ਦਿਸ਼ਾਵਾਂ ਵਲ ਹੋਰ ਵਿਗਸਤ ਹੋਇਆ । ਭਾਗਵਤ-ਪੁਰਾਣ ਵਿਚ ਕ੍ਰਿਸ਼ਨ ਦੀਆਂ ਬਾਲ-ਲੀਲਾਵਾਂ ਤੇ ਗੋਪੀਆਂ ਨਾਲ ਪ੍ਰੇਮ-ਕ੍ਰੀੜਾ ਦਾ ਵਰਨਣ ਬੜਾ ਮਨੋਰੰਜਕ ਹੈ । ਇਨ੍ਹਾਂ ਲੀਲਾਵਾਂ ਨੇ ਕ੍ਰਿਸ਼ਨ ਨੂੰ ਇਕ ਵਿਲੱਖਣ ਵਿਅੱਕਤਿਤਵ ਪ੍ਰਦਾਨ ਕੀਤਾ, ਜੋ ਦੈਵੀ ਨਾਲੋਂ ਲੌਕਿਕ ਅਤੇ ਰਹੱਸਮਈ ਨਾਲੋਂ ਸੰਸਾਰਕ ਜ਼ਿਆਦਾ ਹੈ । ਵਿਦਵਾਨਾਂ ਦੀ ਧਾਰਨਾ ਹੈ ਕਿ ਕ੍ਰਿਸ਼ਨ ਦੀ ਬਾਲ-ਅਵਸਥਾ ਨਾਲ ਸੰਬੰਧਿਤ ਲੀਲਾਵਾਂ, ਆਧੁਨਿਕ ਸਮੇਂ ਦੀਆਂ ਕਿਰਤਾਂ ਹਨ, ਪ੍ਰਾਚੀਨ ਘਟਨਾਵਾਂ ਉਹ ਹੀ ਹਨ ਜੋ ਪਾਂਡੂਆਂ ਜਾਂ ਕੰਸ ਨਾਲ ਵਾਪਰੀਆਂ ।

ਕ੍ਰਿਸ਼ਨ ਯਾਦਵ ਵੰਸ਼ ਵਿਚੋਂ ਸੀ, ਜੋ ਯਯਾਤੀ ਦੇ ਪੁੱਤਰ ਯੱਦੂ ਤੋਂ ਚਲੀ। ਦੁਆਪਰ ਯੁੱਗ ਵਿਚ ਯਾਦਵ ਗਊਆਂ ਬੱਕਰੀਆਂ ਚਾਰਨ ਵਾਲੇ ਚਰਵਾਹਿਆਂ ਦੀ ਇਕ ਜਾਤੀ ਸੀ ਅਤੇ ਕ੍ਰਿਸ਼ਨ ਦੇ ਪੈਦਾ ਹੋਣ ਵੇਲੇ, ਇਹ ਲੋਕ ਜਮਨਾ ਦਰਿਆ ਦੇ ਕੰਢੇ ਬਿੰਦਰਾਬਨ ਅਤੇ ਗੋਕਲ ਵਿਚ ਰਹਿੰਦੇ ਸਨ।

ਉਨ੍ਹੀਂ ਦਿਨੀਂ ਮੱਥਰਾ ਵਿਚ ਰਾਜੇ ਉਗਰਸੇਨ ਦਾ ਰਾਜ ਸੀ। ਉਗਰਸੇਨ ਆਪਣੇ ਭਰਾ ਦੇਵਕ ਦੀ ਲੜਕੀ ਦੇਵਕੀ ਨਾਲ ਬੜਾ ਮੋਹ ਕਰਦਾ ਸੀ, ਦੇਵਕੀ ਦਾ ਵਿਆਹ ਯਾਦਵ ਕੁੱਲ ਦੇ ਵਾਸੁਦੇਵ ਨਾਲ ਹੋਇਆ। ਉਗਰਸੇਨ ਦਾ ਪੁੱਤਰ ਕੰਸ ਬੜਾ ਅਤਿਆਚਾਰੀ ਤੇ ਰਾਖਸ਼ੀ ਬਿਰਤੀਆਂ ਵਾਲਾ ਸੀ। ਕੰਸ ਉਗਰਸੇਨ ਤੋਂ ਰਾਜ ਖੋਹ ਕੇ ਉਹ ਖੁਦ ਗੱਦੀ ਉਤੇ ਜਾ ਬੈਠਾ। ਕੰਸ ਨੂੰ ਅਕਾਸ਼ਬਾਣੀ ਹੋਈ ਕਿ ਉਹ ਦੇਵਕੀ ਦੀ ਅਠਵੀਂ ਉਲਾਦ ਦੇ ਹਥੋਂ ਮਾਰਿਆ ਜਾਵੇਗਾ। ਸੋ ਕੰਸ ਨੇ ਇਸ ਅਕਾਸ਼ਬਾਣੀ ਨੂੰ, ਝੁਠਲਾਣ ਲਈ, ਦੇਵਕੀ ਤੇ ਵਾਸੁਦੇਵ ਦੋਹਾਂ ਨੂੰ ਬੰਦੀ ਬਣਾ ਲਿਆ ਤੇ ਦੇਵਕੀ ਦੇ ਉਦਰ ਤੋਂ ਜੋ ਬੱਚੇ ਪੈਦਾ ਹੁੰਦੇ ਗਏ ਉਹਨਾਂ ਨੂੰ ਵਾਰੋ ਵਾਰੀ ਮਰਵਾ ਸੁਟਦਾ ਰਿਹਾ।

ਭਾਗਵਤ ਪੁਰਾਣ ਅਨੁਸਾਰ, ਕ੍ਰਿਸ਼ਨ ਨੇ ਕੰਸ ਦੇ ਅਤਿਆਚਾਰਾਂ ਨੂੰ ਖ਼ਤਮ ਕਰਨ ਲਈ ਅਵਤਾਰ ਧਾਰਨ ਕੀਤਾ। ਕੰਸ ਇਕ ਅਸੁਰ ਦੀ ਔਲਾਦ ਸੀ। ਮੱਥਰਾ ਦੇ ਰਾਜੇ ਉਗਰਸੇਨ ਦੀ ਇਸਤ੍ਰੀ ਬੜੀ ਖੂਬਸੂਰਤ ਸੀ, ਪਰ ਉਹ ਬਾਂਝ ਸੀ। ਇਕ ਵਾਰ ਜੰਗਲ ਵਿਚ ਵਿਚਰਦਿਆਂ, ਉਹ ਆਪਣੀਆਂ ਸਾਥਣਾਂ ਤੋਂ ਵਿਛੜ.ਕੇ ਰਾਹੋਂ ਭਟਕ ਗਈ। ਇਕ ਅਸੁਰ ਉਸਦੇ ਰੂਪ ਤੇ ਜੋਬਨ 'ਤੇ ਮੋਹਿਤ ਹੋ ਗਿਆ ਤੇ ਉਸਨੇ ਉਗਰਸੇਨ ਦਾ ਰੂਪ ਧਾਰ ਕੇ ਉਸਨੂੰ ਭੋਗਿਆ। ਫਲਸਰੂਪ ਕੰਸ ਨੇ ਜਨਮ ਲਿਆ। ਛੋਟਿਆਂ ਹੁੰਦਿਆਂ ਹੀ ਕੰਸ ਬੜਾ ਨਿਰਦਈ ਸੀ, ਉਹ ਖੇਡ ਦੇ ਦੌਰਾਨ ਆਪਣੇ ਸਾਥੀਆਂ ਨੂੰ ਫੜ ਕੇ ਉਨ੍ਹਾਂ ਦੇ ਗਲੇ ਦਬਾ ਕੇ ਮਾਰ ਦਿੰਦਾ। ਜਦੋਂ ਉਹ ਵਡਾ ਹੋਇਆ ਤਾਂ ਉਸ ਨੇ ਉਗਰਸੇਨ ਨੂੰ ਕਿਹਾ ਕਿ ਉਹ ਰਾਮ ਦੀ ਥਾਂ ਮਹਾਦੇਵ ਦੀ ਪੂਜਾ ਕੀਤਾ ਕਰੇ। ਉਗਰਸੇਨ ਨਾ ਮੰਨਿਆ ਤਾਂ ਕੰਸ ਨੇ ਉਸ ਨੂੰ ਗੱਦੀ ਤੋਂ ਉਤਾਰ ਕੇ ਬੰਦੀ ਬਣਾ ਲਿਆ ਅਤੇ ਪਰਜਾ ਨੂੰ ਆਦੇਸ਼ ਦਿਤਾ ਕਿ ਰਾਮ ਨੂੰ ਪੂਜਣ ਦੀ ਥਾਂ ਸ਼ਿਵ ਦੀ ਪੂਜਾ ਕੀਤੀ ਜਾਵੇ। ਕੰਸ ਨੇ ਲੋਕਾਂ 'ਤੇ ਬੜੇ ਅਤਿਆਚਾਰ ਢਾਹੇ, ਧਰਤੀ ਪਾਪਾਂ ਦੇ ਬੋਝ ਹੇਠ ਜਦੋਂ ਦੱਬ ਗਈ ਤਾਂ ਉਹਨੇ ਗਊ ਦਾ ਰੂਪ ਧਾਰ ਕੇ, ਇੰਦਰ ਕੋਲ ਫਰਿਆਦ ਕੀਤੀ ਕਿ ਧਰਤੀ ਉਤੇ ਧਰਮ-ਨਿਆਂ ਨਹੀਂ ਰਿਹਾ। ਜੇ ਇੰਦਰ ਆਗਿਆ ਦੇਵੇ ਤਾਂ ਉਹ ਪਤਾਲ ਵਿਚ ਧਸ ਜਾਵੇ।

ਇੰਦਰ ਧਰਤੀ ਨੂੰ ਬ੍ਰਹਮਾ ਕੋਲ ਲੈ ਗਿਆ। ਬ੍ਰਹਮਾ ਸ਼ਿਵਜੀ ਕੋਲ ਅਤੇ ਸ਼ਿਵਜੀ ਵਿਸ਼ਨੂੰ ਕੋਲ। ਤਾਂ ਵਿਸ਼ਨੂੰ ਨੇ ਧਰਤੀ ਨੂੰ ਦਿਲਾਸਾ ਦੇਂਦੇ ਹੋਏ ਕਿਹਾ ਕਿ ਉਹ ਅਵਤਾਰ ਧਾਰ ਕੇ ਕੰਸ ਦਾ ਨਾਸ ਕਰਨਗੇ। ਵਿਸ਼ਨੂੰ ਨੇ ਮੁੜ ਰਾਮ ਵਾਂਗ ਹੀ ਕ੍ਰਿਸ਼ਨ ਦੇ ਰੂਪ ਵਿਚ, ਅਵਤਾਰ ਧਾਰਨ ਦਾ ਨਿਸਚਾ ਕੀਤਾ। ਲੱਛਮਣ, ਬਲਰਾਮ ਦੇ ਰੂਪ ਵਿਚ, ਉਹਦਾ ਭਰਾ ਬਣਿਆ ਅਤੇ ਸੀਤਾ ਰੁਕਮਣੀ ਦੇ ਰੂਪ ਵਿਚ ਉਹਦੀ ਪਤਨੀ।

ਵਿਸ਼ਨੂੰ ਪੁਰਾਣ ਅਨੁਸਾਰ, ਜਦੋਂ ਦੇਵਤਿਆਂ ਨੇ ਵਿਸ਼ਨੂੰ ਨੂੰ ਅਵਤਾਰ ਧਾਰਨ ਲਈ ਕਿਹਾ ਤਾਂ ਵਿਸ਼ਨੂੰ ਨੇ ਆਪਣੇ ਜਿਸਮ ਨਾਲੋਂ ਦੋ ਵਾਲ ਤੋੜੇ, ਇਕ ਚਿੱਟਾ ਦੂਜਾ ਕਾਲਾ। ਅਤੇ ਦੇਵਤਿਆਂ ਨੂੰ ਦਸਿਆ ਕਿ ਮੇਰੇ ਇਹ ਦੋਵੇਂ ਵਾਲ ਧਰਤੀ ਉਤੇ ਜਾ ਕੇ, ਧਰਤੀ ਨੂੰ ਪਾਪਾਂ ਦੇ ਬੋਝ ਤੋਂ ਮੁਕਤ ਕਰਨਗੇ। ਚਿੱਟਾ ਵਾਲ ਗੈਬੀ ਢੰਗ ਨਾਲ, ਰੋਹਿਣੀ ਦੇ ਗਰਭ ਵਿਚ ਜਾ ਟਿਕਿਆ ਅਤੇ ਕਾਲਾ ਦੇਵਕੀ ਦੇ ਗਰਭ ਵਿਚ। ਇਸ ਤਰ੍ਹਾਂ ਚਿਟੇ ਵਾਲ ਤੋਂ ਬਲਰਾਮ ਤੇ ਕਾਲੇ ਤੋਂ ਕ੍ਰਿਸ਼ਨ ਦੀ ਉਤਪਤੀ ਹੋਈ। ਵਿਸ਼ਨੂੰ ਦੇ ਇਕ ਵਾਲ ਤੋਂ ਉਤਪੰਨ ਹੋਣ ਦੇ ਨਾਤੇ, ਕ੍ਰਿਸ਼ਨ ਵਿਸ਼ਨੂੰ ਦੇ ਦੈਵੀ ਅੰਸ਼ ਦਾ ਹੀ ਅਵਤਾਰ ਹੈ। ਕਾਲੇ ਕੇਸ ਤੋਂ ਪੈਦਾ ਹੋਣ ਕਰਕੇ ਕ੍ਰਿਸ਼ਨ ਨੂੰ ਕੇਸ਼ਵ ਵੀ ਕਿਹਾ ਜਾਂਦਾ ਹੈ।

ਇਕ ਵਾਰ ਜਦੋਂ ਕੰਸ ਰੱਥ ਵਿਚ, ਵਾਸੁਦੇਵ ਅਤੇ ਦੇਵਕੀ ਨੂੰ ਬਿਠਾ ਕੇ ਕਿਧਰੇ ਜਾ ਰਿਹਾ ਸੀ ਤਾਂ ਅਕਾਸ਼ਵਾਣੀ ਹੋਈ, ਜੋ ਬੱਦਲਾਂ ਵਾਂਗ ਗਰਜੀ : "ਕੰਸ ! ਤੂੰ ਕਿਤਨਾ ਮੂਰਖ ਏਂ, ਜਿਸ ਦੇਵਕੀ ਨੂੰ ਤੂੰ ਰੱਥ ਵਿਚ ਬਿਠਾ ਕੇ ਸੈਰ ਕਰਵਾ ਰਿਹਾ ਏਂ, ਉਸਦਾ ਅੱਠਵਾਂ ਬੱਚਾ ਤੇਰੀ ਜਾਨ ਲੈ ਲਏਗਾ।" ਕੰਸ ਨੇ ਉਸੇ ਵੇਲੇ ਤਲਵਾਰ ਧੂਹ ਲਈ ਤੇ ਦੇਵਕੀ ਨੂੰ ਮਾਰਨਾ ਚਾਹਿਆ, ਪਰ ਵਾਸੁਦੇਵ ਨੇ ਕਿਹਾ, "ਤੂੰ ਵੱਡਾ ਯੋਧਾ ਏਂ, ਯੋਧੇ ਤੀਵੀਆਂ 'ਤੇ ਹੱਥ ਨਹੀਂ ਚੁਕਦੇ। ਮੈਂ ਦੇਵਕੀ ਦੀ ਕੁਖੋਂ ਪੈਦਾ ਹੋਈ, ਹਰ ਸੰਤਾਨ ਤੇਰੇ ਹਵਾਲੇ ਕਰ ਦਿਆਂਗਾ।" ਕੰਸ ਨੇ ਉਸੇ ਵੇਲੇ ਦੇਵਕੀ ਨੂੰ ਬੰਦੀ ਬਣਾ ਲਿਆ। ਦੇਵਕੀ ਦੇ ਹਰੇਕ ਬਾਲ ਨੂੰ ਕੰਸ ਜੰਮਦਿਆਂ ਸਾਰ ਮਾਰ ਦਿੰਦਾ ਰਿਹਾ, ਪਰ ਕੰਸ ਨੂੰ ਜੋ ਬੱਚੇ ਦਿਤੇ ਜਾਂਦੇ ਰਹੇ, ਉਹ ਯੋਗਨਿੰਦਰਾ, ਪਤਾਲ ਵਿਚੋਂ ਹਿਰਣੇਕਸ਼ਪ ਦੇ ਚੁਕ ਕੇ ਲਿਆਂਦੀ ਰਹੀ ਅਤੇ ਉਨ੍ਹਾਂ ਬੱਚਿਆਂ ਨੂੰ ਉਹ ਦੇਵਕੀ ਦੀ ਗੋਦ ਵਿਚ ਰਖਦੀ ਰਹੀ। ਯੋਗਨਿੰਦਰਾ ਵਿਸ਼ਨੂੰ ਦੀ ਮਾਇਆ ਸ਼ਕਤੀ ਹੈ। ਵਿਸ਼ਨੂੰ ਨੇ ਯੋਗਨਿੰਦਰਾ ਨੂੰ ਕਿਹਾ ਸੀ, "ਦੇਵੀ, ਤੂੰ ਪਤਾਲ ਵਿਚ ਜਾ ਤੇ ਉਥੋਂ ਦੀਆਂ ਛੇ ਰਾਜਕੁਮਾਰੀਆਂ ਦੇਵਕੀ ਦੇ ਗਰਭ ਵਿਚੋਂ ਉਤਪਨ ਕਰੋ। ਜਦੋਂ ਕੰਸ ਇਹ ਮਾਰ ਦੇਵੇ ਤਾਂ ਸੱਤਵਾਂ ਬੱਚਾ ਸ਼ੇਸ਼ਨਾਗ ਦੇ ਅੰਸ਼ ਦਾ ਹੋਵੇਗਾ, ਜੋ ਮੇਰਾ ਹੀ ਅੰਗ ਹੈ" ਅਤੇ ਇਸ

ਬੱਚੇ ਨੂੰ ਜੰਮਣ ਤੋਂ ਪਹਿਲਾਂ ਰੋਹਿਣੀ ਦੇ ਗਰਭ ਵਿਚ ਪਾ ਦਿਤਾ। ਰੋਹਿਣੀ ਵਾਸੂਦੇਵ ਦੀ ਪਤਨੀ ਸੀ ਤੇ ਗੋਕਲ ਵਿਚ ਰਹਿੰਦੀ ਸੀ। ਇਹੋ ਬੱਚਾ ਬਲਰਾਮ ਸੀ। ਅਠਵੇਂ ਬੱਚੇ ਵਾਰੀ ਵਿਸ਼ਨੂੰ ਨੇ ਖ਼ੁਦ ਅਵਤਾਰ ਲਿਆ।

ਜਦੋਂ ਦੇਵਕੀ ਨੇ ਅੱਠਵੇਂ ਬੱਚੇ ਨੂੰ ਜਨਮ ਦਿਤਾ ਤਾਂ ਵਾਸੂਦੇਵ ਪਹਿਰੇਦਾਰਾਂ ਦੀ ਅੱਖ ਬਚਾ ਕੇ, ਨੰਦ ਦੇ ਘਰ ਗਏ ਤੇ ਉਥੋਂ ਯਸ਼ੋਧਾ ਦੀ ਬੱਚੀ ਨਾਲ ਉਸ ਬੱਚੇ ਨੂੰ ਵਟਾ ਲਿਆਏ। ਸ਼ੇਸ਼ਨਾਗ ਉਨ੍ਹਾਂ ਦੀ ਸਹਾਇਤਾ ਲਈ ਨਾਲ ਰਿਹਾ। ਜਮਨਾ ਦਰਿਆ, ਜੋ ਪੂਰੇ ਜੋਬਨ ਤੇ ਸੀ, ਗੋਡੇ ਗੋਡੇ ਡੂੰਘਾ ਹੋ ਗਿਆ। ਕੰਸ ਨੇ ਇਸੇ ਬੱਚੀ ਨੂੰ ਜੋ ਅਸਲੋਂ ਯੋਗਮਾਇਆ ਸੀ, ਕੰਸ ਨੇ ਨਵਾਂ ਜੰਮਿਆ ਬਾਲ ਸਮਝ ਕੇ, ਪੱਥਰ ਨਾਲ ਪਟਕਾ ਕੇ ਮਾਰਿਆ। ਪੱਥਰ ਨਾਲ ਲਗਦੇ ਸਾਰ ਉਹ ਬੱਚੀ ਸ਼ਕਤੀ ਬਣ ਕੇ, ਅਸਮਾਨ ਵਲ ਉਭਰੀ ਤੇ ਇਕ ਵਿਰਾਟ ਸਰੂਪ ਧਾਰਨ ਕਰ ਲਿਆ। ਉਸ ਦੇਵੀ ਦੀਆਂ ਅੱਠ ਬਾਹਵਾਂ ਸਨ ਅਤੇ ਹਰੇਕ ਬਾਂਹ ਵਿਚ ਕੋਈ ਨਾ ਕੋਈ ਹਥਿਆਰ ਸੀ। ਉਹ ਕੰਸ ਦਾ ਮਖ਼ੌਲ ਉਡਾਂਦੀ ਹੋਈ ਕਹਿਣ ਲਗੀ, "ਮੈਨੂੰ ਜ਼ਿਮੀਂ ਉਤੇ ਪਟਕਾ ਕੇ ਮਾਰਨ ਦਾ ਕੋਈ ਫ਼ੈਦਾ ਨਹੀਂ। ਜਿਸਨੇ ਤੇਰਾ ਬੱਧ ਕਰਨਾ ਏ ਉਹ ਪੈਦਾ ਹੋ ਚੁਕਾ ਏ।" ਪੁਰਾਣਾਂ ਅਨੁਸਾਰ ਕੰਸ ਕਾਲਨੇਮੀ ਦਾ ਅਵਤਾਰ ਸੀ, ਜਿਸਨੂੰ ਵਿਸ਼ਨੂੰ ਨੇ ਤ੍ਰੇਤਾ ਯੁੱਗ ਵਿਚ ਰਾਮ ਦੇ ਰੂਪ ਵਿਚ ਮਾਰਿਆ ਸੀ। ਕੰਸ ਨੇ ਯੋਗਮਾਇਆ ਦੀ ਗੱਲ ਸੁਣ ਕੇ ਉਨ੍ਹਾਂ ਸਭ ਬੱਚਿਆਂ ਨੂੰ ਮਰਵਾ ਦੇਣ ਦਾ ਹੁਕਮ ਦਿਤਾ, ਜਿਨ੍ਹਾਂ ਵਿਚ ਕੋਈ ਵਿਲੱਖਣ ਚਿੰਨ੍ਹ ਸਨ।

ਜਦੋਂ ਕ੍ਰਿਸ਼ਨ ਗੋਕਲ ਵਿਚ ਨੰਦ ਦੇ ਘਰ ਪਲ ਰਿਹਾ ਸੀ ਤਾਂ ਉਹਨੂੰ ਮਾਰਨ ਲਈ ਉਗਰਸੇਨ ਨੇ ਕਈ ਯਤਨ ਕੀਤੇ। ਕੰਸ ਨੇ ਬਾਲ ਕ੍ਰਿਸ਼ਨ ਦੀ ਜਾਨ ਲੈਣ ਲਈ ਪੂਤਨਾ ਨੂੰ ਭੇਜਿਆ। ਪੂਤਨਾ ਨੇ ਆਪਣੀਆਂ ਦੁੱਧੀਆਂ ਨਾਲ ਜ਼ਹਿਰ ਮਲ ਕੇ, ਕ੍ਰਿਸ਼ਨ ਨੂੰ ਜ਼ਹਿਰੀਲਾ ਦੁੱਧ ਚੁੰਘਾਣਾ ਚਾਹਿਆ। ਪਰ ਕ੍ਰਿਸ਼ਨ ਨੇ ਉਹਦਾ ਦੁੱਧ ਚੁੰਘਦਿਆਂ ਇਤਨੇ ਜ਼ੋਰ ਦੀਆਂ ਦੰਦੀਆਂ ਵੱਢੀਆਂ ਕਿ ਪੀੜ ਨਾਲ ਵਿਲਕਦੀ ਪੂਤਨਾ ਨੇ ਪ੍ਰਾਣ ਤਿਆਗ ਦਿਤੇ। ਪੂਤਨਾ ਦੀਆਂ ਚੀਖਾਂ ਸੁਣ ਕੇ ਯਸ਼ੋਧਾ ਦੌੜੀ ਆਈ ਅਤੇ ਗਊ-ਦੁਮ ਕ੍ਰਿਸ਼ਨ ਦੇ ਮੂੰਹ ਤੇ ਫੇਰੀ। ਨੰਦ ਨੇ ਕ੍ਰਿਸ਼ਨ ਦੇ ਸਿਰ ਉਤੇ ਗੋਹੇ ਦੀ ਪਾਥੀ ਰਖੀ ਤੇ ਬਾਂਹ ਤੇ ਜੰਤਰ ਰੱਖ ਕੇ ਵਿਸ਼ਨੂੰ ਦੀ ਬਖ਼ਸ਼ਿਸ਼ ਮੰਗੀ।

ਕ੍ਰਿਸ਼ਨ ਨੇ ਬਾਲ ਉਮਰ ਵਿਚ ਕਈ ਚਮਤਕਾਰ ਵਿਖਾਏ। ਬੜੇ ਅਲੌਕਿਕ, ਇਕ ਵਾਰ ਕ੍ਰਿਸ਼ਨ ਨੇ ਮਛੇਰਿਆਂ ਨੂੰ ਬੜਾ ਸਤਾਇਆ। ਫਿਰ ਦੁੱਧ-ਦਹੀਂ ਦੇ ਭਾਂਡੇ ਤੋੜ ਦਿਤੇ, ਤਾਂ ਯਸ਼ੋਧਾ ਨੇ ਕਰੋਧ ਵਿਚ ਆ ਕੇ ਕ੍ਰਿਸ਼ਨ ਨੂੰ, ਓਖਲੀ ਨਾਲ ਬੰਨ੍ਹ ਦਿਤਾ। ਕ੍ਰਿਸ਼ਨ ਓਖਲੀ ਨੂੰ ਧੂਹਦਾ, ਦੋ ਅਰਜਨ ਦਰਖ਼ਤਾਂ ਵਿਚਕਾਰ ਜਾ ਕੇ, ਫਸਾ ਦਿਤਾ, ਜਿਸ ਨਾਲ ਦੋਵੇਂ ਦਰਖ਼ਤ ਜੜ੍ਹੋਂ ਹਿਲ ਗਏ। ਇਸ ਤਰ੍ਹਾਂ ਬਗ਼ੈਰ ਹਨੇਰੀ ਝੱਖੜ ਦੇ ਦੋ ਦਰਖ਼ਤ ਦੇ ਪੁਟੇ ਜਾਣ ਨੂੰ ਬਦਸ਼ਗਨੀ ਸਮਝ ਕੇ, ਕੁਝ ਲੋਕ ਬਿੰਦਰਾਬਨ ਜਾ ਬਸੇ। ਭਾਗਵਤ ਪੁਰਾਣ ਅਨੁਸਾਰ ਦੋਵੇਂ ਅਰਜਨ ਦਰਖ਼ਤ ਕੁਬੇਰ ਦੇ ਪੁਤਰ ਸਨ, ਜੋ ਨਾਰਦ ਦੇ ਸਰਾਪ ਸਦਕਾ ਇਸ ਸਰੂਪ ਵਿਚ ਦੁਖ ਭੋਗ ਰਹੇ ਸਨ। ਕ੍ਰਿਸ਼ਨ ਨੇ ਉਨ੍ਹਾਂ ਦੀ ਮੁਕਤੀ ਲਈ ਇਹ ਚਮਤਕਾਰ ਵਿਖਾਇਆ।

ਭਾਗਵਤ ਪੁਰਾਣ ਵਿਚ, ਕ੍ਰਿਸ਼ਨ ਦੀਆਂ ਬਾਲ-ਲੀਲਾਵਾਂ ਬਾਰੇ, ਕਾਫ਼ੀ ਵਿਸਥਾਰ ਨਾਲ ਲਿਖਿਆ ਮਿਲਦਾ ਹੈ। ਕ੍ਰਿਸ਼ਨ ਨੂੰ ਮੱਖਣ ਚੰਗਾ ਲਗਦਾ ਸੀ ਤੇ ਉਹ ਆਪਣੇ ਘਰ ਤੋਂ ਇਲਾਵਾ, ਗਵਾਲਣਾਂ ਦੇ ਘਰੋਂ ਵੀ ਮੱਖਣ ਚੁਰਾ ਕੇ ਖਾ ਜਾਂਦਾ। ਇਨ੍ਹੀਂ ਦਿਨੀਂ ਕੰਸ ਦੇ ਭੇਜੇ ਕਈ ਰਾਖਸ਼ਾਂ ਨਾਲ, ਕ੍ਰਿਸ਼ਨ ਨੂੰ ਨਜਿਠਣਾ ਪਿਆ। ਤ੍ਰਿਣਾਵਰਤ ਨਾਂ ਦੇ ਰਾਖਸ਼ ਨੇ ਤੂਫ਼ਾਨ ਦਾ ਰੂਪ ਧਾਰ ਕੇ, ਬਾਲ ਕ੍ਰਿਸ਼ਨ ਨੂੰ ਆਪਣੇ ਨਾਲ ਉਡਾ ਕੇ ਲਿਜਾਣਾ ਚਾਹਿਆ। ਪਰ ਕ੍ਰਿਸ਼ਨ ਨੇ ਰਾਖਸ਼ ਨੂੰ ਪੈਰਾਂ ਤੋਂ ਫੜ ਕੇ ਇਤਨੇ ਜ਼ੋਰ ਦਾ ਧਰਤੀ ਤੇ ਪਟਕਾਇਆ ਕਿ ਉਹਦੇ ਥਾਂ 'ਤੇ ਹੀ ਪ੍ਰਾਣ ਨਿਕਲ ਗਏ। ਅਗਲੇ ਦਿਨ ਇਕ ਹੋਰ ਰਾਖਸ਼ ਨੇ, ਵਿਰਾਟ ਲਮਢੀਂਗ ਦਾ ਰੂਪ ਧਾਰ ਕੇ, ਕ੍ਰਿਸ਼ਨ ਨੂੰ ਆਪਣੀ ਚੁੰਝ ਵਿਚ ਦਬਾ ਲਿਆ। ਪਰ ਕ੍ਰਿਸ਼ਨ ਤੱਪਦੇ ਲੋਹੇ ਵਾਂਗ ਭੱਖਣ ਲਗਾ, ਜਿਸ ਕਰ ਕੇ ਲਮਢੀਂਗ ਨੇ ਚੁੰਝ ਢਿੱਲੀ ਕਰ ਦਿਤੀ। ਕ੍ਰਿਸ਼ਨ ਨੇ ਲਮਢੀਂਗ ਨੂੰ ਚੁੰਝ ਤੋਂ ਫੜ ਕੇ ਪੈਰਾਂ ਹੇਠ ਅਜਿਹਾ ਮਸਲਿਆ ਕਿ ਉਹਦੀ ਥਾਂ 'ਤੇ ਹੀ ਮੌਤ ਹੋ ਗਈ। ਇਕ ਹੋਰ ਰਾਖਸ਼, ਅਜਹਦੇ ਦਾ ਰੂਪ ਧਾਰ ਕੇ, ਕ੍ਰਿਸ਼ਨ ਨੂੰ ਉਹਦੇ ਸਾਥੀ ਗਵਾਲਿਆਂ ਤੇ ਗਾਵਾਂ ਸਮੇਤ ਨਿਗਲ ਗਿਆ ਤਾਂ ਕ੍ਰਿਸ਼ਨ ਨੇ ਅਜਹਦਾ ਦੇ ਪੇਟ ਵਿਚ ਜਾ ਕੇ ਇਤਨਾ ਵਿਰਾਟ ਰੂਪ ਧਾਰਨ ਕੀਤਾ ਕਿ ਅਜਹਦੇ ਦੇ ਟੁਕੜੇ ਟੁਕੜੇ ਹੋ ਗਏ।

ਵਿਸ਼ਨੂੰ ਪੁਰਾਣ ਅਨੁਸਾਰ ਜਮਨਾ ਦਰਿਆ ਵਿਚ, ਕਾਲੀਆ ਨਾਂ ਦਾ ਇਕ ਸਰਪ ਰਹਿੰਦਾ ਸੀ, ਜੋ ਆਪਣੇ ਫੁੰਕਾਰਿਆਂ ਨਾਲ, ਪਾਣੀ ਨੂੰ ਇਤਨਾ ਉਬਾਲ ਦਿੰਦਾ ਕਿ ਆਸ ਪਾਸ ਦੇ ਦਰਖ਼ਤ, ਉਸ ਦੇ ਫੁੰਕਾਰਿਆਂ ਨਾਲ ਝੁਲਸ ਗਏ। ਤਾਂ ਕ੍ਰਿਸ਼ਨ ਨੇ ਦਰਿਆ ਵਿਚ ਕੁਦ ਕੇ ਉਸ ਨਾਲ ਘੋਰ ਯੁੱਧ ਕੀਤਾ। ਕਾਲੀਆ ਨੂੰ ਜਦੋਂ ਕ੍ਰਿਸ਼ਨ ਮਾਰਨ ਲਗਾ ਤਾਂ ਉਹਦੀ ਸਰਪਣੀ ਨੇ ਤਰਲਾ ਕੀਤਾ। ਕ੍ਰਿਸ਼ਨ ਨੇ ਉਸਦੀ ਜਾਨ ਬਖ਼ਸ਼ੀ ਇਸ ਸ਼ਰਤ 'ਤੇ ਕੀਤੀ, ਕਿ ਉਹ ਜਮਨਾ ਦਰਿਆ ਛਡ ਕੇ ਸਮੁੰਦਰ ਵਿਚ ਜਾ ਵਸੇਗਾ।

ਕ੍ਰਿਸ਼ਨ ਨੇ ਇਕ ਮੌਕੇ ਤੇ ਇੰਦਰ ਨੂੰ ਨਰਾਜ਼ ਕਰ ਲਿਆ। ਜਦੋਂ ਗੁਆਲੇ ਵਰਖਾ ਦੇ ਦੇਵਤੇ, ਇੰਦਰ ਦੀ ਪੂਜਾ ਕਰਨ ਲਗੇ ਤਾਂ ਕ੍ਰਿਸ਼ਨ ਨੇ ਲੋਕਾਂ ਨੂੰ ਇੰਦਰ ਦੀ

ਪੂਜਾ ਛਡ ਕੇ, ਗੋਵਰਧਨ ਪਰਬਤ ਨੂੰ ਪੂਜਣ ਲਈ ਪ੍ਰੇਰਿਆ। ਜਦੋਂ ਗਵਾਲੇ ਗੋਵਰਧਨ ਦੀ ਪੂਜਾ ਕਰਨ ਲਗੇ, ਤਾਂ ਉਹਦੇ ਵਿਚੋਂ ਕ੍ਰਿਸ਼ਨ ਦਾ ਦੈਵੀ ਰੂਪ ਪ੍ਰਗਟ ਹੋਇਆ। ਸੋ ਇਕ ਤਰ੍ਹਾਂ ਨਾਲ ਇਹ ਉਹਦੀ ਆਪਣੀ ਹੀ ਪੂਜਾ ਸੀ। ਇੰਦਰ ਨੇ ਆਪਣੀ ਪੂਜਾ ਬੰਦ ਹੋ ਜਾਣ ਤੇ ਨਰਾਜ਼ ਹੋ ਕੇ ਮੂਸਲਾਧਾਰ ਮੀਂਹ ਵਸਾਇਆ। ਅਜਿਹੇ ਮੂਸਲਾਧਾਰ ਮੀਂਹ ਵਿਚ, ਗੁਆਲਿਆਂ ਤੇ ਉਹਨਾਂ ਦੇ ਪਸ਼ੂਆਂ ਦੇ ਰੁੜ੍ਹਨ ਦਾ ਖ਼ਤਰਾ ਸੀ, ਕ੍ਰਿਸ਼ਨ ਨੇ ਉਹਨਾਂ ਦੀ ਰਖਿਆ ਲਈ ਗੋਵਰਧਨ ਪਰਬਤ ਨੂੰ, ਲਗਾਤਾਰ ਸੱਤ ਦਿਨ ਤੇ ਸੱਤ ਰਾਤਾਂ ਆਪਣੀ ਉਂਗਲੀ ਤੇ ਛੱਤਰੀ ਵਾਂਗ ਟਿਕਾਈ ਰਖਿਆ। ਇਸ ਚਮਤਕਾਰ ਸਦਕਾ ਕ੍ਰਿਸ਼ਨ ਨੂੰ ਗੋਵਰਧਨ ਧਰ ਕਿਹਾ ਜਾਣ ਲਗਾ। ਇੰਦਰ ਨੇ ਕ੍ਰਿਸ਼ਨ ਦੀ ਪ੍ਰਸ਼ੰਸਾ ਕਰਦੇ ਹੋਏ, ਉਹਦੇ ਵਲ ਦੋਸਤੀ ਦਾ ਹੱਥ ਵਧਾਇਆ।

ਜਦੋਂ ਕ੍ਰਿਸ਼ਨ ਜਵਾਨ ਹੋਇਆ, ਤਾ ਵੀ ਕੰਸ ਕ੍ਰਿਸ਼ਨ ਨੂੰ ਮਰਵਾਣ ਦੇ ਨਿਸਫਲ ਯਤਨ ਕਰਦਾ ਰਿਹਾ। ਇਨ੍ਹੀਂ ਦਿਨੀਂ ਕੰਸ ਨੇ ਬੈਲ ਦੀ ਸ਼ਕਲ ਵਿਚ ਅਰਿਸ਼ਟ ਅਤੇ ਘੋੜੇ ਦੀ ਸ਼ਕਲ ਵਿਚ ਕੇਸ਼ਵ ਨਾਂ ਦੇ ਦੋ ਵਿਕਰਾਲ ਦੈਂਤਾਂ ਨੂੰ, ਕ੍ਰਿਸ਼ਨ ਨੂੰ ਮਾਰਨ ਲਈ ਭੇਜਿਆ।

ਅਖ਼ੀਰ, ਕੰਸ ਨੇ ਕ੍ਰਿਸ਼ਨ ਨੂੰ ਮਾਰਨ ਲਈ, ਅਕਰੂਰ ਨਾਂ ਦੇ ਦੂਤ ਦੁਆਰਾ, ਕ੍ਰਿਸ਼ਨ ਤੇ ਬਲਰਾਮ ਨੂੰ ਮਥਰਾ ਵਿਚ ਖੇਡਾਂ ਵੇਖਣ ਲਈ ਸੱਦਾ ਭੇਜਿਆ। ਅਕਰੂਰ ਨੇ ਕ੍ਰਿਸ਼ਨ ਨੂੰ ਕੰਸ ਦੀ ਬਦਨੀਤੀ ਬਾਰੇ ਵੀ ਖ਼ਬਰ ਦੇ ਦਿਤੀ। ਉਸਨੇ ਸਾਰੀ ਸਾਜ਼ਸ਼ ਬਾਰੇ ਦਸ ਦਿਤਾ।

ਜਦੋਂ ਕ੍ਰਿਸ਼ਨ ਮਥਰਾ ਪੂਜਾ ਲਈ ਜਾ ਰਿਹਾ ਸੀ ਤਾਂ ਰਾਹ ਵਿਚ ਉਸਨੂੰ ਕੰਸ ਦਾ ਧੋਬੀ ਮਿਲਿਆ। ਕ੍ਰਿਸ਼ਨ ਨੇ ਉਸਦੇ ਕਪੜੇ ਬਿਖੇਰ ਕੇ ਜਾਣ ਬੁਝ ਕੇ ਝਗੜਾ ਮੁਲ ਲਿਆ ਤੇ ਫਿਰ ਉਸਨੂੰ ਮਾਰ ਕੇ ਕੰਸ ਦੀ ਸਭ ਤੋਂ ਸੁਹਣੀ ਪੁਸ਼ਾਕ ਚੁਕ ਕੇ ਪਹਿਨ ਲਈ।

ਖੇਡਾਂ ਦੇ ਦੌਰਾਨ ਕ੍ਰਿਸ਼ਨ ਨੇ ਕੰਸ ਦੇ ਪ੍ਰਸਿਧ ਮੁਕੇਬਾਜ਼ ਚੰਡੂਰ ਤੇ ਲੜਾਕੂ ਹਾਥੀ ਨੂੰ ਮਾਰ ਸੁਟਿਆ, ਜੋ ਕ੍ਰਿਸ਼ਨ ਨੂੰ ਮਾਰਨ ਲਈ ਭੇਜੇ ਗਏ ਸਨ। ਕੰਸ ਕਰੋਧ ਵਿਚ ਆ ਗਿਆ ਤੇ ਆਪਣੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਉਹ ਕ੍ਰਿਸ਼ਨ ਨੂੰ ਮਰਵਾ ਦੇਣ। ਕ੍ਰਿਸ਼ਨ ਨੇ ਕੰਸ ਨੂੰ ਮਾਰ ਕੇ ਉਗਰਸੇਨ ਨੂੰ ਤਖ਼ਤ 'ਤੇ ਬਿਠਾ ਦਿਤਾ।

ਜਵਾਨੀ ਵੇਲੇ ਕ੍ਰਿਸ਼ਨ ਦਾ ਗੋਪੀਆਂ ਨਾਲ ਬੜਾ ਪਿਆਰ ਸੀ। ਕ੍ਰਿਸ਼ਨ ਕਈ ਵਾਰ ਦਰਿਆ ਵਿਚ ਨਹਾਂਦੀਆਂ ਗੋਪੀਆਂ ਦੇ ਕਪੜੇ ਚੁਰਾ ਕੇ, ਦਰਖ਼ਤ ਉਤੇ ਚੜ੍ਹ ਜਾਂਦਾ। ਨਗਨ ਗੋਪੀਆਂ ਕਪੜਿਆਂ ਲਈ ਤਰਲੇ ਕੱਢਦੀਆਂ ਫਿਰਦੀਆਂ। ਗੋਪੀਆਂ ਵਿਚ ਕ੍ਰਿਸ਼ਨ ਦੀ ਪ੍ਰਸਿਧ ਸਖੀ ਰਾਧਾ ਸੀ, ਜੋ ਅਯਨਘੋਸ਼ ਨਾਂ ਦੇ ਗਵਾਲੇ ਦੀ ਪਤਨੀ ਸੀ।

ਰਾਧਾ ਦੀ ਨਨਾਣ ਨੇ ਅਯਨਘੋਸ਼ ਨੂੰ ਰਾਧਾ ਦੇ ਕ੍ਰਿਸ਼ਨ ਨਾਲ ਪ੍ਰੇਮ ਬਾਰੇ ਦਸ ਦਿਤਾ। ਰਾਧਾ ਨੇ ਆਪਣਾ ਡਰ ਕ੍ਰਿਸ਼ਨ ਅਗੇ ਪ੍ਰਗਟ ਕੀਤਾ, ਪਰ ਕ੍ਰਿਸ਼ਨ ਨੇ ਕਿਹਾ ਕਿ ਜਦੋਂ ਕਦੇ ਰਾਧਾ ਇਕਲੀ ਉਹਦੇ ਕੋਲ ਹੋਈ ਤੇ ਉਪਰੋਂ ਉਹਦਾ ਪਤੀ ਆ ਗਿਆ ਤਾਂ ਉਹ ਖ਼ੁਦ ਸਹਿਜੇ ਕਾਲੀ ਦੇਵੀ ਵਿਚ ਬਦਲ ਜਾਵੇਗਾ ਤੇ ਉਹਦੇ ਪਤੀ ਨੂੰ ਲਗੇਗਾ ਕਿ ਰਾਧਾ ਕਾਲੀ ਦੀ ਪੂਜਾ ਕਰ ਰਹੀ ਹੈ। ਅਯਨਘੋਸ਼ ਕਈ ਵਾਰ ਵੇਖਣ ਗਿਆ ਤਾਂ ਰਾਧਾ ਨੂੰ ਕਾਲੀ ਦੀ ਪੂਜਾ ਕਰਦੀ ਵੇਖ, ਤਸੱਲੀ ਨਾਲ ਵਾਪਿਸ ਚਲਾ ਆਇਆ।

ਕ੍ਰਿਸ਼ਨ ਬੰਸੀ ਵਜਾਇਆ ਕਰਦੇ ਤੇ ਉਸ ਦੀ ਸੁਰ 'ਤੇ ਗੋਪੀਆਂ ਨੱਚਿਆ ਕਰਦੀਆਂ। ਗੋਪੀਆਂ ਕ੍ਰਿਸ਼ਨ ਦਾ ਹੱਥ ਫੜ ਕੇ ਨਚਦੀਆਂ ਤਾਂ ਕ੍ਰਿਸ਼ਨ ਆਪਣੇ ਚਮਤਕਾਰ ਨਾਲ ਆਪਣੇ ਬੇਸ਼ੁਮਾਰ ਹੱਥ ਸਿਰਜ ਲੈਂਦਾ ਤੇ ਹਰ ਗੋਪੀ ਨੂੰ ਇਉਂ ਲਗਦਾ ਕਿ ਉਹ ਕ੍ਰਿਸ਼ਨ ਦਾ ਹੱਥ ਫੜ ਕੇ ਨੱਚ ਰਹੀ ਹੈ।

ਕ੍ਰਿਸ਼ਨ ਦਾ ਸਬੰਧ ਕੁਬਜਾ ਨਾਲ ਵੀ ਜੋੜਿਆ ਗਿਆ ਹੈ, ਜੋ ਸਰੀਰ ਦੀ ਕੁਬੀ ਸੀ। ਜਦੋਂ ਕ੍ਰਿਸ਼ਨ ਖੇਡਾਂ ਦੇ ਮੁਕਾਬਲੇ ਵਿਚ ਹਿੱਸਾ ਲੈਣ ਮਥਰਾ ਗਿਆ ਤਾਂ ਰਾਹ ਵਿਚ ਉਹਨੂੰ ਕੁਬਜਾ ਮਿਲੀ, ਜਿਸ ਦੀ ਪਿੱਠ ਉਤੇ ਲਤ ਮਾਰ ਕੇ ਕ੍ਰਿਸ਼ਨ ਨੇ, ਉਸਨੂੰ ਨਵਾਂ-ਨਰੋਆ ਕਰ ਦਿਤਾ।

ਮਥਰਾ ਵਿਚ ਰਹਿੰਦਿਆਂ ਇਕ ਵਾਰ ਕ੍ਰਿਸ਼ਨ ਪਾਤਾਲ ਵਿਚ ਗਿਆ ਅਤੇ ਆਪਣੇ ਛੇਆਂ ਭਰਾਵਾਂ ਨੂੰ, ਜਿਨ੍ਹਾਂ ਨੂੰ ਕੰਸ ਨੇ ਮਾਰ ਸੁਟਿਆ ਸੀ, ਵਾਪਸ ਧਰਤੀ ਉਤੇ ਲੈ ਆਇਆ ਤੇ ਉਹ ਆਪਣੀ ਮਾਂ ਦਾ ਦੁੱਧ ਚੱਖ ਕੇ ਤੇ ਧਾਰਾਂ ਬਖ਼ਸ਼ਵਾ ਕੇ, ਸਵਰਗ ਨੂੰ ਚਲੇ ਗਏ। ਇਥੇ ਰਹਿੰਦਿਆਂ ਹੀ ਕ੍ਰਿਸ਼ਨ ਨੇ ਪੰਚਜਨ ਰਾਖਸ਼ ਦਾ ਖ਼ਾਤਮਾ ਕੀਤਾ। ਇਹ ਰਾਖਸ਼ ਸਮੁੰਦਰ ਵਿਚ ਸੰਖ ਦੇ ਰੂਪ ਵਿਚ ਰਿਹਾ ਕਰਦਾ ਸੀ। ਕ੍ਰਿਸ਼ਨ ਨੇ 'ਪੰਚਜਨ' ਸੰਖ ਨੂੰ ਆਪਣਾ ਸੰਖ ਬਣਾ ਲਿਆ।

ਕੰਸ ਨੂੰ ਮਾਰਨ ਮਗਰੋਂ, ਕ੍ਰਿਸ਼ਮ ਮਥਰਾ ਹੀ ਰਿਹਾ, ਜਿਥੇ ਉਹਨੂੰ ਪਹਿਲਾਂ ਕੰਸ ਦੇ ਸਹੁਰੇ ਜਰਾਸਿੰਧ ਦੇ ਹੱਲਿਆਂ ਦਾ ਮੁਕਾਬਲਾ ਕਰਨਾ ਪਿਆ। ਜਰਾਸਿੰਧ ਨੇ 18 ਵਾਰ ਮਥਰਾ ਤੇ ਧਾਵਾ ਬੋਲਿਆ। ਜਦੋਂ ਮਥਰਾ ਦੇ ਲੋਕ ਲੜ ਲੜ ਕੇ ਥੱਕ ਗਏ ਤਾਂ ਯਵਨਾਂ ਦੇ ਰਾਜੇ, ਕਾਲਯਵਨ ਨੇ, ਯਾਦਵਾਂ ਉਤੇ ਧਾਵਾ ਬੋਲ ਦਿਤਾ। ਕ੍ਰਿਸ਼ਨ ਮਥਰਾ ਛਡਕੇ ਨੱਠ ਗਏ। ਕਾਲਯਵਨ ਨੇ ਕ੍ਰਿਸ਼ਨ ਦਾ ਪਿਛਾ ਕੀਤਾ। ਕ੍ਰਿਸ਼ਨ ਇਕ ਗੁਫਾ ਵਿਚ ਜਾ ਛੁਪਿਆ। ਉਥੇ ਮੁਚਕੰਦ ਲੰਮੀਆਂ ਤਾਣ ਕੇ ਸੁਤਾ ਪਿਆ ਸੀ। ਕ੍ਰਿਸ਼ਨ ਨੇ ਆਪਣੀ ਚਾਦਰ ਉਹਦੇ ਉਤੇ ਪਾ ਦਿਤੀ। ਕਾਲਯਵਨ ਨੇ ਮੁਚਕੰਦ ਨੂੰ, ਕ੍ਰਿਸ਼ਨ ਸਮਝ ਕੇ ਲੱਤ ਕਢ ਮਾਰੀ। ਮੁਚਕੰਦ ਨੇ ਕਰੋਧ ਨਾਲ ਕਾਲਯਵਨ ਵਲ ਦੇਖਿਆ ਤੇ ਉਹ ਭਸਮ ਹੋ ਗਿਆ।

ਮੁਚਕੰਦ ਨੇ ਦੇਵਤਿਆਂ ਤੋਂ ਵਰ ਹਾਸਿਲ ਕੀਤਾ ਸੀ ਕਿ ਜੋ ਕੋਈ ਉਸ ਨੂੰ ਨੀਂਦ ਤੋਂ ਜਗਾਵੇਗਾ, ਉਹ ਉਹਦੀ ਅਗਨ-ਦ੍ਰਿਸ਼ਟੀ ਨਾਲ ਭਸਮ ਹੋ ਜਾਵੇਗਾ। ਇਸ ਘਟਨਾ ਪਿਛੋਂ ਕ੍ਰਿਸ਼ਨ ਗੁਜਰਾਤ ਦੇ ਸਮੁੰਦਰੀ ਤਟ ਵਲ ਚਲਾ ਗਿਆ। ਉਥੇ ਦਵਾਰਕਾ ਨਾਂ ਦਾ ਇਕ ਨਵਾਂ ਸ਼ਹਿਰ ਵਸਾਇਆ ਅਤੇ ਉਸ ਦੀ ਪੱਕੀ ਕਿਲ੍ਹੇਬੰਦੀ ਕੀਤੀ।

ਦਵਾਰਕਾ ਵਿਚ ਰਹਿੰਦਿਆਂ, ਕ੍ਰਿਸ਼ਨ ਨੇ ਆਪਣੀ ਸ਼ਕਤੀ ਦੇ ਕਈ ਚਮਤਕਾਰ ਵਿਖਾਏ। ਕ੍ਰਿਸ਼ਨ ਦਾ ਵਿਦਰਭ ਦੇ ਰਾਜੇ ਭੀਸ਼ਮ ਦੀ ਕੰਨਿਆਂ ਰੁਕਮਣੀ ਨਾਲ ਪ੍ਰੇਮ ਹੋ ਗਿਆ। ਪਰ ਉਹਦਾ ਭਰਾ ਰੁਕਮਣ, ਕ੍ਰਿਸ਼ਨ ਨਾਲ ਘਿਰਣਾ ਕਰਦਾ ਸੀ। ਉਹ ਇਸ ਵਿਆਹ ਲਈ ਰਜ਼ਾਮੰਦ ਨਹੀਂ ਸੀ। ਜਰਾਸਿੰਧ ਦੀ ਪ੍ਰੇਰਨਾ ਤੇ ਰੁਕਮਣੀ ਦੀ ਸਗਾਈ ਸ਼ਿਸ਼ੂਪਾਲ ਨਾਲ ਕਰ ਦਿਤੀ ਗਈ। 'ਵਿਸ਼ਨੂੰ ਪੁਰਾਣ' ਅਨੁਸਾਰ ਇਹ ਸ਼ਿਸ਼ੂਪਾਲ ਪੂਰਵ ਜਨਮ ਵਿਚ ਹਿਰਣਯਕਸ਼ਿਪ ਸੀ, ਜਿਸਨੂੰ ਵਿਸ਼ਨੂੰ ਨੇ ਨਰਸਿੰਘ ਦਾ ਰੂਪ ਧਾਰ ਕੇ ਮਾਰਿਆ ਸੀ। ਅਗਲੀ ਜੂਨ ਇਸ ਨੇ ਰਾਵਣ ਦੇ ਰੂਪ ਵਿਚ ਜਨਮ ਲਿਆ ਤੇ ਰਾਮ ਹਥੋਂ ਮਾਰਿਆ ਗਿਆ। ਜਦੋਂ ਰੁਕਮਣੀ ਦਾ ਵਿਆਹ ਸ਼ਿਸ਼ੂਪਾਲ ਨਾਲ ਹੋਣ ਲਗਾ ਤਾਂ ਕ੍ਰਿਸ਼ਨ ਰੁਕਮਣੀ ਨੂੰ ਉਧਾਲ ਕੇ ਲੈ ਗਿਆ। ਰੁਕਮਣੀ ਪਿਛਲੇ ਜਨਮ ਵਿਚ ਸੀਤਾ ਬਣੀ ਜੋ ਲੱਛਮੀ ਦਾ ਅਵਤਾਰ ਵੀ ਹੈ।

ਕ੍ਰਿਸ਼ਨ ਨੇ ਕੁਝ ਹੋਰ ਵਿਆਹ ਵੀ ਕੀਤੇ, ਜਿਨ੍ਹਾਂ ਨਾਲ ਬੜੀਆਂ ਰੌਚਿਕ ਘਟਨਾਵਾਂ ਸਬੰਧਿਤ ਹਨ। ਇਕ ਵਾਰ ਯਾਦਵਾਂ ਦਾ ਮੁਖੀਆ ਸਤ੍ਰਾਜਿਤ, ਕ੍ਰਿਸ਼ਨ ਨੂੰ ਦਵਾਰਕਾ ਮਿਲਣ ਆਇਆ। ਉਹਦੇ ਕੋਲ ਇਕ ਬੜੀ ਖ਼ੂਬਸੂਰਤ ਮਣੀ ਸੀ। ਉਹ ਸੂਰਜ ਵਾਂਗ ਚਮਕ ਰਹੀ ਸੀ। ਇਸ ਮਣੀ ਨੂੰ ਸਤ੍ਰਾਜਿਤ ਨੇ ਸੂਰਜ ਦੀ ਪੂਜਾ ਕਰਕੇ ਪ੍ਰਾਪਤ ਕੀਤਾ ਸੀ। ਇਹ ਮਣੀ ਇਤਨੀ ਬਰਕਤ ਵਾਲੀ ਸੀ ਕਿ ਸੋਨੇ ਦੇ ਅਠ ਭਾਰ ਰੋਜ਼ ਇਸ ਵਿਚੋਂ ਉਦੇ ਹੁੰਦੇ ਸਨ। ਜਿਸ ਕੋਲ ਇਹ ਮਣੀ ਹੁੰਦੀ ਉਸ ਤੋਂ ਅੱਗ, ਜੰਗਲੀ ਜਾਨਵਰ, ਚੋਰ-ਡਾਕੂ, ਦੁੱਖ-ਦਲਿਦਰ ਤੇ ਭੁੱਖ-ਨੰਗ ਦੂਰ ਰਹਿੰਦੀ। ਇਹ ਮਣੀ ਨੇਕ ਬੰਦੇ ਵਾਸਤੇ ਬੜੀ ਸ਼ੁਭ ਸੀ, ਪਰ ਜੇ ਇਸਨੂੰ ਭੈੜੇ ਚਾਲਚਲਨ ਵਾਲਾ ਪਹਿਨ ਲੈਂਦਾ ਤਾਂ ਉਸ ਦੀ ਮੌਤ ਦਾ ਕਾਰਨ ਬਣਦੀ। ਕ੍ਰਿਸ਼ਨ ਨੇ ਇਸ ਮਣੀ ਨੂੰ ਪ੍ਰਾਪਤ ਕਰਨਾ ਚਾਹਿਆ। ਸਤ੍ਰਾਜਿਤ ਨੇ ਮਣੀ ਨੂੰ ਸੁਰੱਖਿਅਤ ਰਖਣ ਵਾਸਤੇ, ਉਸਨੂੰ ਆਪਣੇ ਭਰਾ ਪ੍ਰਸੇਨ ਨੂੰ ਦੇ ਦਿਤੀ। ਪ੍ਰਸੇਨ ਇਕ ਵਾਰ ਸ਼ਿਕਾਰ 'ਤੇ ਗਿਆ। ਇਕ ਸ਼ੇਰ ਨੇ ਪ੍ਰਸੇਨ ਨੂੰ ਮਾਰ ਕੇ ਇਹ ਮਣੀ ਆਪਣੇ ਮੂੰਹ ਵਿਚ ਰਖ ਕੇ ਨਠ ਗਿਆ। ਰਿੱਛਾਂ ਦੇ ਰਾਜੇ ਜਾਮਵੰਤ ਨੂੰ, ਮਣੀ ਬਾਰੇ ਪਤਾ ਲਗਾ ਤਾਂ ਉਹਨੇ ਸ਼ੇਰ ਨੂੰ ਮਾਰ ਕੇ ਉਸ ਤੋਂ ਮਣੀ ਖੋਹ ਲਈ। ਜਦੋਂ ਪ੍ਰਸੇਨ ਸ਼ਿਕਾਰ ਖੇਡਣ ਗਿਆ, ਵਾਪਿਸ ਨਾ ਆਇਆ ਤਾਂ ਯਾਦਵਾਂ ਨੂੰ ਸ਼ਕ ਪਿਆ ਕਿ ਕ੍ਰਿਸ਼ਨ ਨੇ ਪ੍ਰਸੇਨ ਨੂੰ ਮਾਰ ਕੇ ਉਹ ਮਣੀ ਖੋਹ ਲਈ ਹੋਵੇਗੀ। ਸੋ, ਕ੍ਰਿਸ਼ਨ ਨੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ, ਜੰਗਲ ਵਿਚ ਜਾ ਕੇ, ਪ੍ਰਸੇਨ ਦੀ ਮੌਤ ਦਾ ਕਾਰਨ ਲਭਿਆ। ਸਾਰੀ ਗੱਲ ਦਾ ਪਤਾ ਲਗਾ ਕੇ ਜਾਮਵੰਤ ਦਾ ਪਿੱਛਾ ਕਰਦਾ ਕ੍ਰਿਸ਼ਨ, ਗੁਫਾ ਵਿਚ ਗਿਆ ਅਤੇ ਉਥੇ ਰਿੱਛਾਂ ਦਾ ਸ਼ਹਿਜ਼ਾਦਾ ਸੁਕਮਾਰ ਮਣੀ ਨਾਲ ਬੈਠਾ ਖੇਡ ਰਿਹਾ ਸੀ। ਕ੍ਰਿਸ਼ਨ ਇੱਕੀ ਦਿਨ ਲਗਾਤਾਰ ਜਾਮਵੰਤ ਨਾਲ ਲੜਦਾ ਰਿਹਾ ਅਤੇ ਉਸਦੇ ਕੋਲੋਂ ਮਣੀ ਮੁਸ਼ਕਲ ਨਾਲ ਵਾਪਸ ਲਈ ਤੇ ਉਸਦੀ ਲੜਕੀ ਜਾਮਵੰਤੀ ਨਾਲ ਵਿਆਹ ਕੀਤਾ। ਜਿਨ੍ਹਾਂ ਦਿਨਾਂ ਵਿਚ ਉਹ ਜਾਮਵੰਤ ਨਾਲ ਜੰਗਲ ਵਿਚ ਲੜ ਰਿਹਾ ਸੀ, ਉਨ੍ਹੀਂ ਦਿਨੀਂ ਦੁਆਰਕਾ ਵਾਸੀਆਂ ਨੂੰ ਕ੍ਰਿਸ਼ਨ ਦੀ ਕੋਈ ਖ਼ਬਰ ਨਾ ਮਿਲੀ ਅਤੇ ਉਨ੍ਹਾਂ ਨੇ ਕ੍ਰਿਸ਼ਨ ਨੂੰ ਮਰ ਗਿਆ ਜਾਣ ਕੇ, ਉਸਦਾ ਪਿੰਡ-ਪੱਤਲ ਵੀ ਕਰ ਦਿਤਾ। ਵਾਪਿਸ ਆ ਕੇ ਕ੍ਰਿਸ਼ਨ ਨੇ ਸਤ੍ਰਾਜਿਤ ਨੂੰ ਉਹ ਮਣੀ ਮੋੜ ਦਿਤੀ ਤੇ ਉਸਦੀ ਕੰਨਿਆਂ ਸੱਤਯਭਾਮਾ ਨਾਲ ਵਿਆਹ ਕਰਵਾ ਲਿਆ।

ਰੁਕਮਣੀ ਦੀ ਘਟਨਾ ਤੋਂ ਕੁਝ ਦਿਨ ਬਾਅਦ ਇੰਦਰ ਕ੍ਰਿਸ਼ਨ ਕੋਲ ਆਇਆ ਅਤੇ ਪ੍ਰਾਗਯੋਤਿਸ਼ ਦੇ ਰਾਜੇ ਨਰਕਾਸੁਰ ਵਿਰੁਧ ਸਹਾਇਤਾ ਮੰਗੀ। ਨਰਕਾਸੁਰ ਲੋਕਾਂ ਉਤੇ ਬੜੇ ਅਤਿਆਚਾਰ ਢਾਹ ਰਿਹਾ ਸੀ। ਉਹ ਬੜਾ ਕਾਮੀ ਤੇ ਵਿਭਚਾਰੀ ਸੀ। ਉਹ ਕਈ ਦੇਵਤਿਆਂ, ਰਿਸ਼ੀਆਂ ਮੁਨੀਆਂ, ਰਾਖਸ਼ਾਂ ਤੇ ਰਾਜਿਆਂ ਦੀਆਂ ਕੰਨਿਆਵਾਂ ਉਧਾਲ ਕੇ ਲੈ ਗਿਆ ਤੇ ਆਪਣੇ ਮਹਿਲਾਂ ਵਿਚ ਪਾ ਲਈਆਂ। ਇਥੋਂ ਤਕ ਕਿ ਉਹ ਇੰਦਰ ਦੀ ਮਾਂ ਅਦਿਤੀ ਦੀਆਂ ਵਾਲੀਆਂ ਵੀ ਖੋਹ ਕੇ ਲੈ ਗਿਆ। ਇਨ੍ਹਾਂ ਵਾਲੀਆਂ ਵਿਚੋਂ ਅੰਮ੍ਰਿਤ ਵਰ੍ਹਦਾ ਸੀ। ਨਰਕਾਸੁਰ, ਵਰੁਣ ਦਾ ਛੱਤਰ ਵੀ ਖੋਹ ਲਿਆਇਆ। ਕ੍ਰਿਸ਼ਨ ਨੇ ਨਰਕਾਸੁਰ ਦੀ ਰਾਜਧਾਨੀ ਉਤੇ ਧਾਵਾ ਬੋਲ ਦਿਤਾ ਅਤੇ ਸ਼ਹਿਰ ਦੇ ਰਖਿਅਕ ਗੁਰੂ ਰਾਖਸ਼ ਨੂੰ ਮਾਰ ਕੇ ਅਖ਼ੀਰ ਨਰਕਾਸੁਰ ਦਾ ਵੀ ਖ਼ਾਤਮਾ ਕਰ ਦਿਤਾ। ਇੰਦਰ ਨੂੰ ਵਾਲੀਆਂ ਵਾਪਿਸ ਕੀਤੀਆਂ ਗਈਆਂ। ਨਰਕਾਸੁਰ ਦੇ ਜ਼ਨਾਨੇ ਮਹਿਲ ਵਿਚ 16,100 ਮੁਟਿਆਰਾਂ ਸਨ। ਕ੍ਰਿਸ਼ਨ ਨੇ ਉਹਨਾਂ 16,100 ਮੁਟਿਆਰਾਂ ਨੂੰ ਵਿਆਹ ਲਿਆ। ਕ੍ਰਿਸ਼ਨ ਨੇ ਉਹਨਾਂ ਨੂੰ ਵਖੋ ਵਖਰੇ ਮਹਿਲ ਵਿਚ ਰਖਿਆ ਅਤੇ ਉਤਨੇ ਹੀ ਰੂਪ ਧਾਰ ਕੇ ਇਨ੍ਹਾਂ ਨਾਲ ਇਉਂ ਵਸਦਾ ਰਿਹਾ ਕਿ ਹਰੇਕ ਮੁਟਿਆਰ ਨੂੰ ਇਹ ਅਹਿਸਾਸ ਰਿਹਾ ਕਿ ਕ੍ਰਿਸ਼ਨ ਕੇਵਲ ਉਸੇ ਦਾ ਹੈ ਤੇ ਉਸ ਨਾਲ ਰਹਿੰਦਾ ਹੈ।

ਇਕ ਵਾਰ ਕ੍ਰਿਸ਼ਨ, ਆਪਣੀ ਪਤਨੀ ਸੱਤਯਭਾਮਾ ਨਾਲ, ਇੰਦਰਪੁਰੀ ਵਿਚ ਇੰਦਰ ਨੂੰ ਮਿਲਣ ਵਾਸਤੇ ਗਿਆ। ਇੰਦਰ ਨੇ ਬੜੀ ਸੇਵਾ ਕੀਤੀ। ਵਾਪਸੀ ਉਤੇ ਕ੍ਰਿਸ਼ਨ

ਇੰਦਰਪੁਰੀ ਵਿਚੋਂ ਪਾਰਜਾਤ ਦਾ ਪ੍ਰਸਿਧ ਬ੍ਰਿਛ ਚੁਰਾ ਕੇ ਲਿਆਇਆ, ਜੋ ਇੰਦਰ ਨੂੰ ਸਮੁੰਦਰ ਮੱਥਣ ਵੇਲੇ ਰਤਨਾਂ ਵਜੋਂ ਪ੍ਰਾਪਤ ਹੋਇਆ ਸੀ। ਇੰਦਰ ਨੇ ਆਪਣੀ ਸੈਨਾ ਨਾਲ ਕ੍ਰਿਸ਼ਨ 'ਤੇ ਧਾਵਾ ਬੋਲਿਆ, ਪਰ ਉਹਨੂੰ ਹਾਰ ਖਾਣੀ ਪਈ।

ਕ੍ਰਿਸ਼ਨ ਦਾ ਸ਼ਿਵ ਜੀ ਨਾਲ ਇਕ ਵਾਰ ਝਗੜਾ ਹੋ ਗਿਆ। ਕ੍ਰਿਸ਼ਨ ਦੇ ਦੂਹਤਰੇ ਅਨਿਰੁਧ ਉਤੇ, ਬਾਣ ਦੈਂਤ ਦੀ ਕੰਨਿਆਂ, ਊਸ਼ਾ, ਮੋਹਿਤ ਹੋ ਗਈ ਤੇ ਆਪਣੀ ਸਹੇਲੀ ਦੀ ਮਦਦ ਨਾਲ ਅਨਿਰੁਧ ਨੂੰ ਚੁਕ ਲਿਆਂਦਾ। ਬਾਣ ਸ਼ਿਵ ਦਾ ਭਗਤ ਸੀ। ਜਦੋਂ ਬਾਣ ਨੂੰ ਪਤਾ ਲਗਾ ਤਾਂ ਉਸਨੇ ਅਨਿਰੁਧ ਨੂੰ ਬੰਦੀ ਬਣਾ ਲਿਆ। ਕ੍ਰਿਸ਼ਨ, ਬਲਰਾਮ ਅਤੇ ਪ੍ਰਦਯੁਮਨ ਉਸਨੂੰ ਛੁਡਾਉਣ ਲਈ ਗਏ। ਦੋਹਾਂ ਧਿਰਾਂ ਵਿਚ ਲੜਾਈ ਹੋ ਗਈ। ਕ੍ਰਿਸ਼ਨ ਨੇ ਸੁਦਰਸ਼ਨ ਚੱਕਰ ਦੀ ਵਰਤੋਂ ਕੀਤੀ, ਜਿਸ ਨਾਲ ਬਾਣ ਦੀਆਂ ਸੌ ਬਾਹਵਾਂ ਕਟੀਆਂ ਗਈਆਂ। ਜਦੋਂ ਉਹ ਦੁਬਾਰਾ ਚੱਕਰ ਦੀ ਵਰਤੋਂ ਕਰਨਾ ਲਗਾ, ਤਾਂ ਸ਼ਿਵ ਨੇ ਵਿਚ ਪੈ ਕੇ ਬਾਣ ਦੀ ਜਾਨ ਬਖਸ਼ ਦਿਤੀ। ਸ਼ਿਵ ਦੀ ਬੇਨਤੀ ਮੰਨ ਕੇ ਕ੍ਰਿਸ਼ਨ ਨੇ ਕਿਹਾ ਕਿ "ਤੇਰੇ ਮੇਰੇ ਵਿਚ ਕੋਈ ਅੰਤਰ ਨਹੀਂ, ਮੈਂ ਤੂੰ ਇਕ ਹੀ ਹਾਂ।"

ਬਾਣ ਨੂੰ ਫ਼ਤਹਿ ਕਰਨ ਮਗਰੋਂ ਜਦੋਂ ਕ੍ਰਿਸ਼ਨ ਸੋਨਿਤਪੁਰ ਵਲ ਜਾ ਰਿਹਾ ਸੀ, ਜਿਥੇ ਉਸਦਾ ਦੂਹਤਰਾ ਬੰਦੀ ਸੀ, ਤਾਂ ਕ੍ਰਿਸ਼ਨ ਦਾ ਵਾਹ ਇਕ ਅਨੋਖੇ ਸ਼ਤਰੂ ਨਾਲ ਪਿਆ, ਜਿਸ ਦੇ ਤਿੰਨ ਸਿਰ ਅਤੇ ਤਿੰਨ ਪੈਰ ਸਨ ਅਤੇ ਜੋ ਵਿਕਰਾਲ ਜਿਹੀ ਸ਼ਕਲ ਦਾ ਸੀ। ਇਹ ਤਾਪ (ਬੁਖ਼ਾਰ) ਸੀ, ਜੋ ਮਹੇਸ਼ਵਰਾ (ਸ਼ਿਵ) ਦੇ ਜਿਸਮ ਵਿਚੋਂ ਉਦੈ ਹੋ ਕੇ ਕ੍ਰਿਸ਼ਨ ਨਾਲ ਜੂਝਣ ਲਗਾ। ਇਸਦੀ ਥੋੜੀ ਜਿਹੀ ਧੂੜ ਬਲਰਾਮ 'ਤੇ ਪਈ ਤੇ ਉਹਦਾ ਸਰੀਰ ਅੱਗ ਵਾਂਗ ਤੱਪਣ ਲਗਾ, ਪਲਕਾਂ ਕੰਬਣ ਲਗੀਆਂ। ਪਰ ਬਲਰਾਮ ਕ੍ਰਿਸ਼ਨ ਦੇ ਜਿਸਮ ਨਾਲ ਲਿਪਟ ਗਿਆ, ਜਿਸ ਨਾਲ ਉਹਨੂੰ ਕੁਝ ਸ਼ਾਂਤੀ ਮਿਲੀ। ਤਾਂ ਕ੍ਰਿਸ਼ਨ ਨੇ ਵੀ ਆਪਣੇ ਅੰਦਰੋਂ ਤਾਪ ਉਦੇ ਕੀਤਾ ਤਾਂ ਸ਼ਿਵ ਦੇ ਤਾਪ ਰੂਪ ਨੇ ਕ੍ਰਿਸ਼ਨ ਦੇ ਤਾਪ ਰੂਪ ਨੂੰ ਕ੍ਰਿਸ਼ਨ ਦੇ ਜਿਸਮ ਵਿਚੋਂ ਬਾਹਰ ਕਢਿਆ ਤੇ ਫਿਰ ਤਬਾਹੀ ਮੱਚਣ ਤੋਂ ਰੋਕਣ ਲਈ ਬ੍ਰਹਮਾ ਨੇ ਉਸਨੂੰ ਆਪਣੇ ਵਿਚ ਸਮਾ ਲਿਆ। ਤਾਂ ਸ਼ਿਵ ਦਾ ਤਾਪ ਇਹ ਕਹਿੰਦਾ ਹੋਇਆ ਚਲਾ ਗਿਆ "ਜੋ ਵੀ ਸਾਡੇ ਦੋਹਾਂ ਦੀ ਲੜਾਈ ਦੀ ਕਥਾ ਸੁਣੇਗਾ ਉਸਨੂੰ ਬੁਖ਼ਾਰ ਨਹੀਂ ਰਹੇਗਾ।"

ਇਕ ਸ਼ਖ਼ਸ ਪੌਂਣਡ੍ਰਕ ਆਪਣੇ ਆਪ ਨੂੰ ਵਿਸ਼ਨੂੰ ਦਾ ਅਸਲੀ ਅਵਤਾਰ ਦਸਦਾ ਸੀ ਅਤੇ ਉਹ ਵਾਸਦੇਵ ਦੀ ਵੰਸ਼ ਵਿਚੋਂ ਹੀ ਸੀ। ਇਸ ਨੇ ਕ੍ਰਿਸ਼ਨ ਦੀ ਉਪਾਧੀ ਧਾਰਨ ਕਰ ਲਈ ਅਤੇ ਕ੍ਰਿਸ਼ਨ ਨੂੰ ਧੋਖੇਬਾਜ਼ ਤੇ ਨਕਲੀ ਕਹਿਣ ਲਗਾ। ਇਸਨੇ ਕਾਂਸ਼ੀ ਦੇ ਰਾਜੇ ਨੂੰ ਆਪਣਾ ਸਹਾਇਕ ਬਣਾ ਲਿਆ। ਇਸਨੇ ਕ੍ਰਿਸ਼ਨ ਨੂੰ ਕਾਂਸ਼ੀ ਆਉਣ ਦਾ ਆਦੇਸ਼ ਦਿਤਾ ਤਾਂ ਜੋ ਉਹ ਕ੍ਰਿਸ਼ਨ ਦਾ ਜੱਸ ਗਾਏ। ਕ੍ਰਿਸ਼ਨ ਨੇ ਆ ਕੇ ਪੌਂਣਡ੍ਰਕ ਨੂੰ ਮਾਰ ਦਿਤਾ ਅਤੇ ਆਪਣੇ ਚੱਕਰ ਨਾਲ ਕਾਂਸ਼ੀ ਨੂੰ ਤਬਾਹ ਕਰ ਦਿਤਾ। ਕ੍ਰਿਸ਼ਨ ਨੇ ਉਹ ਚੱਕਰ, ਉਸ ਨਕਲੀ ਕ੍ਰਿਸ਼ਨ ਨੂੰ ਚਲਾਣ ਲਈ ਕਿਹਾ, ਪਰ ਉਹ ਉਹਦੇ ਤੋਂ ਸੰਭਲਿਆ ਹੀ ਨਾ। ਨਕਲੀ ਕ੍ਰਿਸ਼ਨ ਨੂੰ ਚੱਕਰ ਨੇ ਟੁਕੜੇ ਟੁਕੜੇ ਕਰ ਦਿਤਾ। ਪਰ ਕਾਂਸ਼ੀ ਦਾ ਰਾਜਾ ਤਾਂ ਵੀ ਲੜਦਾ ਰਿਹਾ। ਲੋਕਾਂ ਨੇ ਸ਼ਿਵ ਅਗੇ ਦੁਹਾਈ ਪਾਈ। ਸ਼ਿਵ ਨੇ, ਇਕ ਖ਼ੌਫ਼ਨਾਕ ਦੇਵੀ ਉਸਦੀ ਸਹਾਇਤਾ ਲਈ ਭੇਜੀ। ਚੱਕਰ ਨੇ ਉਸ ਦੇਵੀ ਦਾ ਪਿਛਾ ਕੀਤਾ ਤੇ ਸਾਰਾ ਨਗਰ ਤਬਾਹ ਕਰ ਦਿਤਾ।

ਕ੍ਰਿਸ਼ਨ ਦਾ ਅੰਤ ਸਰਾਪ ਕਾਰਨ ਹੋਇਆ, ਜੋ ਨਾਰਦ ਤੇ ਹੋਰ ਰਿਸ਼ੀਆਂ ਨੇ, ਯਾਦਵ ਕੁਲ ਦੇ ਮੁੰਡਿਆਂ ਨੂੰ ਦਿਤਾ ਸੀ। ਯਾਦਵ ਕੁਲ ਦੇ ਕੁਝ ਮੁੰਡੇ ਕ੍ਰਿਸ਼ਨ ਦੇ ਪੁੱਤਰ ਸਾਂਭ ਨੂੰ ਜਨਾਨੇ ਕਪੜੇ ਪਹਿਨਾ ਕੇ ਇਕ ਰਿਸ਼ੀ ਕੋਲ ਲੈ ਗਏ ਤੇ ਮੌਜੂ ਉਡਾਂਦੇ ਹੋਏ ਕਹਿਣ ਲਗੇ, "ਇਸ ਔਰਤ ਦੇ ਕੁਖੋਂ ਕੌਣ ਜੰਮੇਗੀ ?" ਰਿਸ਼ੀ ਨੇ ਕਰੋਧ ਵਿਚ ਕਿਹਾ, "ਇਹ ਕੁਖ ਉਸ ਮੁੰਡੇ ਨੂੰ ਜਨਮ ਦੇਵੇਗਾ, ਜੋ ਯਾਦਵਾਂ ਦੀ ਕੁਲ ਨੂੰ ਨਸ਼ਟ ਕਰ ਦੇਵੇਗਾ।" ਉਸੇ ਵੇਲੇ ਡੰਡਾ ਉਹਦੇ ਜਿਸਮ ਵਿਚੋਂ ਉਦੈ ਹੋਇਆ। ਉਗਰਸੈਨ ਨੇ ਉਹ ਡੰਡਾ ਸਾੜ ਸਾੜ ਕੇ ਧੂੜੀ ਬਣਾ ਦਿਤੀ ਤੇ ਬਾਕੀ ਚੂਰਾ ਸਮੁੰਦਰ ਵਿਚ ਸੁਟਵਾ ਦਿਤੀ। ਉਸ ਧੂੜੀ ਵਿਚੋਂ ਢੇਰ ਸਾਰਾ ਘਾਹ ਜੰਮਿਆ। ਇਕ ਵਾਰ ਯਾਦਵ ਕੁਲ ਦੇ ਲੋਕ ਸਮੁੰਦਰ ਦੇ ਕੰਢੇ ਬੈਠੇ ਸ਼ਰਾਬ ਪੀ ਰਹੇ ਸਨ ਕਿ ਆਪੋ ਵਿਚ ਝਗੜ ਪਏ ਤੇ ਉਹ ਜ਼ਹਿਰੀਲਾ ਘਾਹ ਪੁਟ ਪੁਟ ਕੇ ਇਕ ਦੂਜੇ ਵਲ ਸੁਟਦੇ ਰਹੇ। ਫਲਸਰੂਪ ਸਾਰੀ ਕੁਲ ਬਰਬਾਦ ਹੋ ਗਈ। ਸਿਰਫ਼ ਕ੍ਰਿਸ਼ਨ ਤੇ ਬਲਰਾਮ ਬਾਕੀ ਰਹੇ।

ਇਕ ਵਾਰ ਬਲਰਾਮ, ਨਦੀ ਦੇ ਕੰਢੇ ਤੇ ਬੈਠਾ, ਅਰਾਮ ਕਰ ਰਿਹਾ ਸੀ ਕਿ ਉਹਦੇ ਮੂੰਹ ਵਿਚੋਂ ਸ਼ੇਸ਼ਨਾਗ ਨਿਕਲਿਆ, ਜਿਸਦਾ ਕਿ ਉਹ ਅਵਤਾਰ ਸੀ ਤੇ ਉਸੇ ਛਿਣ ਬਲਰਾਮ ਦਾ ਅੰਤ ਹੋ ਗਿਆ। ਹੁਣ ਇਸ ਕੁਲ ਵਿਚੋਂ ਕੇਵਲ ਕ੍ਰਿਸ਼ਨ ਹੀ ਰਹਿ ਗਿਆ।

ਇਕ ਵਾਰ ਕ੍ਰਿਸ਼ਨ ਦਰਿਆ ਦੇ ਕੰਢੇ ਉਤੇ ਲੇਟਿਆ ਪਿਆ ਸੀ। ਪੈਰ ਉਨ੍ਹਾਂ ਨੇ ਗੋਡੇ ਉਤੇ ਰਖੇ ਹੋਏ ਸਨ। ਜਰਧ ਸ਼ਿਕਾਰੀ ਨੇ ਹਿਰਨ ਸਮਝਿਆ ਤੇ ਤੀਰ ਛਡ ਦਿਤਾ ਜਿਸ ਨਾਲ ਕ੍ਰਿਸ਼ਨ ਦੀ ਮ੍ਰਿਤੂ ਹੋ ਗਈ।

ਮਹਾਂਭਾਰਤ ਵਿਚ ਕ੍ਰਿਸ਼ਨ ਨੂੰ ਸ਼ਿਵ ਦਾ ਪੁਜਾਰੀ ਦਸਿਆ ਗਿਆ ਹੈ ਅਤੇ ਕਈ ਥਾਈਂ ਮਹਾਂਦੇਵ ਨੂੰ ਸ੍ਰਿਸ਼ਟੀ ਦਾ ਆਦਿ, ਅੰਤ ਤੇ ਮੱਧ ਮੰਨਿਆ ਹੈ। ਸ਼ਿਵ ਤੋਂ ਹੀ ਕ੍ਰਿਸ਼ਨ ਨੇ ਸੁਦਰਸ਼ਨ ਚੱਕਰ ਪ੍ਰਾਪਤ ਕੀਤਾ ਅਤੇ ਮਗਰੋਂ ਹੋਰ ਹਥਿਆਰ ਵੀ ਪ੍ਰਾਪਤ ਕੀਤੇ। ਕ੍ਰਿਸ਼ਨ ਮੱਧਕਾਲ ਵਿਚ

ਪੰਜਾਬ ਦਾ ਪ੍ਰਸਿਧ ਲੋਕ-ਨਾਇਕ ਰਿਹਾ ਹੈ ਅਤੇ ਕ੍ਰਿਸ਼ਨ ਦੀ ਪੂਜਾ ਲੋਕ-ਧਰਮ ਦਾ ਇਕ ਵਿਸ਼ੇਸ਼ ਅੰਗ। ਕ੍ਰਿਸ਼ਨ ਦੀਆਂ ਜੀਵਨ ਘਟਨਾਵਾਂ ਬਾਰੇ ਕਾਫ਼ੀ ਕਾਵਿ ਮਿਲਦੀ ਹੈ, ਜੋ ਕ੍ਰਿਸ਼ਨ ਕਾਵਿ ਨਾਂ ਨਾਲ ਪ੍ਰਚਲਤ ਹੈ।

(ਕ-283) **ਕ੍ਰਿਸ਼ਨ ਪੱਖ** :

ਚੰਦਰਮੇ ਦੇ ਹਨੇਰੇ ਪੱਖ ਦੀਆਂ ਤਿੱਥਾਂ, ਪੂਰਨਮਾਸ਼ੀ ਤੋਂ ਮੱਸਿਆ ਤਕ ਦਾ ਸਮਾਂ ਜਦੋਂ ਚੰਨ ਘਟਦਾ ਹੈ। ਇਨ੍ਹਾਂ ਤਿੱਥਾਂ ਨੂੰ ਹਿੰਦੂ ਅਸ਼ੁਭ ਮੰਨਦੇ ਹਨ ਅਤੇ ਕੋਈ ਮੰਗਲ ਕਾਰਜ ਨਹੀਂ ਕਰਦੇ।

(ਕ-284) **ਕ੍ਰਿਸ਼ਨ ਲੀਲਾ** :

(ਵੇਖੋ : ਲੀਲਾ)।

(ਕ-285) **ਕਿੱਸਾ** :

ਪੰਜਾਬੀ ਵਿਚ ਕਿੱਸਾ ਇਕ ਅਜਿਹਾ ਕਾਵਿ-ਰੂਪ ਹੈ, ਜਿਸਦਾ ਸਿੱਧਾ ਸਬੰਧ ਪੰਜਾਬੀ ਲੋਕਧਾਰਾ ਨਾਲ ਰਿਹਾ ਹੈ ਅਤੇ ਜਿਸ ਵਿਚ ਲੋਕ-ਮਨ ਦੀ ਅਭਿਵਿਅਕਤੀ, ਕਿਧਰੇ ਆਪਣੇ ਪੂਰੇ ਸਰੂਪ ਵਿਚ ਤੇ ਕਿਧਰੇ ਅੰਸ਼ਿਕ ਮਾਤਰਾ ਵਿਚ ਹੋਣ ਕਰਕੇ, ਇਸ ਵਿਚ ਲੋਕ ਤੱਤ, ਰੂੜ੍ਹੀਆਂ, ਤੇ ਹੋਰ ਸਾਮਗਰੀ, ਬਾਕੀ ਸਭ ਕਾਵਿ ਰੂਪਾਂ ਨਾਲੋਂ ਵਧੇਰੇ ਮਾਤਰਾ ਵਿਚ ਮਿਲਦੀ ਹੈ। ਜੇ ਵੇਖਿਆ ਜਾਵੇ ਤਾਂ ਕਿੱਸਾ ਲੋਕਧਾਰਾ ਦਾ ਇਕ ਅਹਿਮ ਰੂਪ, ਦੰਦ-ਕਥਾਵਾਂ ਨੂੰ ਹੀ ਲੋਕ-ਪੱਧਰ ਉਤੇ, ਉਹਦੀਆਂ ਲੋਕ-ਰੁਚੀਆਂ ਤੇ ਵਿਸ਼ਵਾਸਾਂ ਸਮੇਤ, ਕਾਵਿ-ਰੂਪ ਵਿਚ ਪੇਸ਼ ਕਰਦਾ ਹੈ। ਇਸ ਲਈ ਕਿੱਸਾ ਦਾ ਰੂਪ ਲੋਕਧਾਰਾ ਦੇ ਵਧੇਰੇ ਨੇੜੇ ਹੈ। ਸਿੱਧੇ ਸ਼ਬਦਾਂ ਵਿਚ ਇਹ ਕਿੱਸੇ ਵਿਚ ਲੋਕ-ਕਹਾਣੀ ਨੂੰ ਲੋਕ-ਕਾਵਿ ਦੇ ਰੰਗਾਂ ਵਿਚ ਪ੍ਰਗਟ ਕੀਤਾ ਹੁੰਦਾ ਹੈ। ਕਿੱਸਾ ਲੋਕ-ਮਨ ਦੀ ਹੀ ਇਕ ਵਿਸ਼ਿਸ਼ਟ ਅਭਿਵਿਅਕਤੀ ਕਹੀ ਜਾ ਸਕਦੀ ਹੈ।

'ਕਿੱਸਾ' ਅਰਬੀ ਦਾ ਸ਼ਬਦ ਹੈ, ਜਿਸਦੇ ਅਰਥ ਕਥਾ-ਕਹਾਣੀ ਆਦਿ ਦੇ ਹਨ। ਅਰਬੀ ਫ਼ਾਰਸੀ ਵਿਚ ਵਾਰਤਕ ਵਿਚ ਲਿਖੇ ਕਿੱਸੇ-ਕਹਾਣੀ ਵਾਸਤੇ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਫ਼ਾਰਸੀ ਵਿਚ ਛੰਦ ਵਿਚ ਰਚੀ ਬ੍ਰਿਤਾਂਤਕ ਕਹਾਣੀ ਲਈ, ਮਸਨਵੀ ਸ਼ਬਦ ਵਰਤਿਆ ਜਾਂਦਾ ਹੈ। ਜਿਸ ਤੋਂ ਇਹ ਪ੍ਰਭਾਵ ਗ੍ਰਹਿਣ ਕਰ ਲਿਆ ਗਿਆ ਕਿ ਕਿੱਸਾ ਮਸਨਵੀ ਦੇ ਪ੍ਰਭਾਵ ਹੇਠ ਉਪਜਿਆ।

ਪਰ ਪੰਜਾਬੀ ਵਿਚ, ਕਿੱਸਾ ਲੋਕਧਾਰਾ ਨਾਲ ਸਬੰਧਿਤ ਹੋਣ ਕਰਕੇ ਕਿਸੇ ਬਾਹਰਲੇ ਪ੍ਰਭਾਵ ਤੋਂ ਪੈਦਾ ਨਹੀਂ ਹੋਇਆ, ਸਗੋਂ ਇਹ ਪੰਜਾਬੀ ਲੋਕਧਾਰਾ ਦੇ ਕੁਝ ਕਾਵਿ-ਰੂਪਾਂ ਦਾ ਹੀ ਵਿਕਾਸ ਹੈ। ਬਾਹਰਲਾ ਪ੍ਰਭਾਵ ਸਿਰਫ਼ ਇਤਨਾ ਹੀ ਹੋ ਸਕਦਾ ਹੈ ਕਿ ਅਰਬੀ-ਫ਼ਾਰਸੀ ਦੇ ਅਸਰ ਹੇਠ, ਪੰਜਾਬੀ ਕਾਵਿ ਵਿਚ ਇਕ ਨਵੀਂ ਚੇਤਨਾ ਉਭਰੀ। ਫਲਸਰੂਪ ਸਦਕਾ ਪੰਜਾਬੀ ਸਾਹਿਤ ਕੁਝ ਨਵੀਆਂ ਦਿਸ਼ਾਵਾਂ ਵਿਚ ਫੈਲਿਆ।

ਸਾਡਾ ਕਿੱਸਾ ਕਾਵਿ ਪੰਜਾਬੀ ਦੇ ਹੋਰ ਪ੍ਰਚਲਤ ਲੋਕਧਾਰਾਈ ਰੂਪਾਂ ਵਿਚੋਂ ਹੀ ਹੋਂਦ ਵਿਚ ਆਇਆ। ਇਹ ਕਾਵਿ ਰੂਪ ਹਨ–ਵਾਰ, ਕਥਾ-ਕਾਵਿ, ਚਿੱਠਾ ਤੇ ਸਵਾਂਗ। ਕਿੱਸਾ ਕਾਵਿ ਨੇ ਬ੍ਰਿਤਾਂਤ ਲੋਕ-ਕਹਾਣੀਆਂ ਵਿਚੋਂ ਲਏ ਹਨ। ਵਾਰ ਵਾਂਗ ਕਿੱਸਿਆਂ ਦੇ ਨਾਇਕ ਅਤੇ ਨਾਇਕਾਵਾਂ ਦੇ ਚਰਿਤ੍ਰ ਨੂੰ ਵਡਿਆਇਆ ਹੈ। ਉਨ੍ਹਾਂ ਦੀ ਖ਼ੂਬਸੂਰਤੀ ਅਤੇ ਇਸ਼ਕ ਦਾ ਜਸ ਗਾਇਆ ਹੈ। ਉਹ ਧਰਮੀ ਕਰਮੀ, ਉਚੇ ਸੁਚੇ ਤੇ ਜਲੋ ਨਾਲ ਭਰਪੂਰ ਵਿਅਕਤੀ ਹਨ। ਜਿਨ੍ਹਾਂ ਦਾ ਸਭ ਤੋਂ ਵਡਾ ਆਦਰਸ਼ ਇਸ਼ਕ ਮਜਾਜ਼ੀ ਹੈ ਜਿਸ ਨੂੰ ਉਨ੍ਹਾਂ ਸਹਿਜ ਭਾਵ ਵਿਚ ਹੀ ਹਕੀਕੀ ਵਿਚ ਸਿਰਜਿਆ ਤੇ ਹੰਢਾਇਆ ਹੈ। ਕਥਾ-ਕਾਵਿ ਤੋਂ ਕਿੱਸੇ ਨੇ ਮੁਹਾਂਦਰਾ ਲਿਆ ਹੈ, ਭਾਵ ਘਟਨਾਵਾਂ ਨੂੰ ਅੱਡ ਅੱਡ ਲੈ ਕੇ ਉਨ੍ਹਾਂ ਦਾ ਵਰਨਣ ਇਉਂ ਕੀਤਾ ਹੈ ਕਿ ਉਹ ਪੂਰੀ ਕਥਾ ਦਾ ਵੀ ਹਿੱਸਾ ਹਨ ਤੇ ਅੱਡ ਅੱਡ ਵੀ ਸੰਪੂਰਨ ਲਗਦੀਆਂ ਹਨ। ਸਵਾਂਗ ਤੋਂ ਨਾਟਕੀ ਰੰਗ, ਦੂ-ਬਦੂ ਹੋ ਕੇ ਗੱਲਾਂ ਕਰਨ ਲਗੀਆਂ। ਇਸ ਤਰ੍ਹਾਂ ਸਾਡਾ ਕਿੱਸਾ ਕਾਵਿ ਸ਼ੁਧ ਰੂਪ ਵਿਚ ਦੇਸੀ ਹੈ। ਮਾਲਵੇ ਵਿਚ ਕਿੱਸੇ ਨੂੰ ਚਿੱਠਾ ਆਖਦੇ ਹਨ। ਚਿੱਠੇ ਵਿਚ ਕਿਸੇ ਲੋਕ-ਵਿਅਕਤੀ ਦੇ ਜੀਵਨ ਦੀਆਂ ਘਟਨਾਵਾਂ ਲੜੀਵਾਰ ਬ੍ਰਿਤਾਂਤ ਦੇ ਕਾਵਿ ਰੂਪ ਵਿਚ ਵਰਨਣ ਹੁੰਦੀਆਂ ਹਨ।

ਕਿੱਸਾ ਕਾਵਿ ਦੀ ਆਪਣੀ ਦੇਸੀ ਪਰੰਪਰਾ ਹੈ ਤੇ ਇਸਨੂੰ ਫ਼ਾਰਸੀ ਦੇ ਕਿਸੇ ਕਾਵਿ-ਰੂਪ ਦੇ ਪ੍ਰਭਾਵ ਹੇਠਾਂ ਪੈਦਾ ਹੋਈ ਦਸਣਾ ਆਪਣੀ ਮੰਸਕ੍ਰਿਤੀ ਅਤੇ ਲੋਕਧਾਰਾ ਤੋਂ ਅਗਿਆਨਤਾ ਪ੍ਰਗਟ ਕਰਨਾ ਹੈ। ਕਿੱਸਾ ਕਾਵਿ ਦਾ ਵਿਕਾਸ ਪੰਜਾਬ ਵਿਚ ਪ੍ਰਚਲਤ ਸਵਾਂਗ ਤੋਂ ਹੋਇਆ, ਜਿਨ੍ਹਾਂ ਵਿਚੋਂ ਕਿਸੇ ਲੋਕਪ੍ਰਿਯ ਕਥਾ-ਕਹਾਣੀ ਨੂੰ ਕਾਵਿ ਸੰਵਾਦਾਂ ਅਤੇ ਸੰਗੀਤ ਤੇ ਨਿਰਤ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਸਵਾਂਗ ਦੇ ਕਾਵਿ-ਸੰਵਾਦਾਂ ਅਤੇ ਚਰਿਤ੍ਰ ਉਤੇ ਹੀ ਸਾਡੇ ਕਿੱਸੇ ਦੀ ਬੁਨਿਆਦ ਰਖੀ ਗਈ। ਜਿਸਦਾ ਹੁੰਗਾਰਾ ਸਾਡੇ ਕਿੱਸਿਆਂ ਦੀ ਨਾਟਕੀ ਤੇ ਲੋਕਧਾਰਾਈ ਬਿਰਤੀ ਭਰਦੀ ਹੈ।

ਸਵਾਂਗ ਵਿਚ ਕਿਸੇ ਲੌਕਿਕ ਕਹਾਣੀ ਨੂੰ ਕਾਵਿ ਸੰਵਾਦਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਪਰੰਪਰਾ ਬੜੀ ਪੁਰਾਣੀ ਹੈ। ਪੰਜਾਬੀ ਵਿਚ ਪ੍ਰਚਲਤ ਲੋਕ-ਕਥਾਵਾਂ ਦੇ ਸਵਾਂਗ ਰਾਸਧਾਰੀਏ ਤੇ ਸਵਾਂਗੀ ਲੋਕਾਂ ਨੂੰ ਵਿਖਾਂਦੇ ਰਹੇ। ਸਾਡੀ ਲੋਕ-ਕਾਵਿ ਪਰੰਪਰਾ ਮਹਾਨ ਸਿਕੰਦਰ ਵੇਲੇ ਤੋਂ ਪ੍ਰਚਲਤ ਹੈ ਤੇ ਸਮੇਂ ਨਾਲ ਨਵੀਆਂ ਰੁਚੀਆਂ ਗ੍ਰਹਿਣ ਕਰਕੇ ਇਸ

ਪਰੰਪਰਾ ਨੇ ਬਹੁ-ਦਿਸ਼ਾਵੀ ਵਿਕਾਸ ਕੀਤਾ । ਜਦੋਂ ਰਾਸਾਂ ਦਾ ਰਵਾਜ ਪ੍ਰਚਲਤ ਹੋਇਆ ਤਾਂ ਸਾਡੇ ਸਵਾਂਗ ਨੇ ਰਾਸਾਂ ਦੇ ਤੱਤ ਆਪਣੇ ਵਿਚ ਰਲਾ ਲਏ ਤੇ ਇਕ ਵਿਲੱਖਣ ਰੂਪ ਧਾਰ ਲਿਆ ।

ਪੰਜਾਬ ਵਿਚ ਦਮੋਦਰ ਦੇ ਜ਼ਮਾਨੇ ਵਿਚ ਅਨੇਕਾਂ ਪ੍ਰੀਤ-ਕਹਾਣੀਆਂ ਦੇ ਸਵਾਂਗ ਖੇਡੇ ਜਾਂਦੇ ਸਨ । ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ ਆਦਿ ਪ੍ਰੀਤ-ਕਹਾਣੀਆਂ ਸਵਾਂਗ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਸਨ ; ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ, ਰਾਸਾਂ ਦੇ ਪ੍ਰਭਾਵ ਹੇਠ ਸਾਡੇ ਸਵਾਂਗਾਂ ਦੀ ਪ੍ਰਕ੍ਰਿਤੀ ਧਾਰਮਿਕ ਸੀ, ਅਤੇ ਪੂਰਨ ਭਗਤ ਤੇ ਰਾਜਾ ਰਸਾਲੂ ਆਦਿ ਦ੍ਰਿਸ਼ ਵਿਚ ਧਰਮ ਜਾਂ ਬੀਰਤਾ ਜਾਂ ਫਿਰ ਦੋਵੇਂ ਤੱਤ ਅਭਿਵਿਅਕਤ ਹੋਏ, ਉਨ੍ਹਾਂ ਦੇ ਸਵਾਂਗ ਆਮ ਪ੍ਰਚਲਤ ਸਨ । ਰਸਾਲੂ ਦੇ ਸਵਾਂਗਾਂ ਦੀਆਂ ਅਨੇਕਾਂ ਤੁਕਾਂ ਲੋਕਾਂ ਦੇ ਮੂੰਹ ਹੁਣ ਤਕ ਚੜ੍ਹੀਆਂ ਹੋਈਆਂ ਹਨ, ਪਰ ਦਮੋਦਰ ਦੇ ਸਮੇਂ ਫ਼ਾਰਸੀ ਪ੍ਰਭਾਵ ਵਿਚ, ਪੰਜਾਬੀ ਸਵਾਂਗ ਧਾਰਮਿਕ ਬਿਰਤੀ ਨੂੰ ਤਿਆਗ ਕੇ ਰੋਮਾਂਚਿਕ ਬਿਰਤੀ ਗ੍ਰਹਿਣ ਕਰ ਗਏ ।

ਦਮੋਦਰ ਹਟਵਾਣੀਏਂ ਨੇ ਕਈ ਤਰ੍ਹਾਂ ਦੇ ਸਵਾਂਗ, ਖ਼ਾਸ ਤੌਰ ਤੇ ਹੀਰ ਰਾਂਝੇ ਦਾ ਸਵਾਂਗ ਵੇਖਿਆ ਹੋਣਾ ਹੈ । ਹੀਰ ਰਾਂਝੇ ਦੀ ਦੰਦ-ਕਥਾ ਨੂੰ ਸਥਾਨਿਕ ਰੰਗ ਦਿਤੇ । ਇਨ੍ਹਾਂ ਸਵਾਂਗਾਂ ਤੋਂ ਪ੍ਰਭਾਵਿਤ ਹੋ ਕੇ ਦਮੋਦਰ ਨੇ ਹੀਰ ਦੇ ਕਿੱਸੇ ਦੀ ਪੁਨਰ ਰਚਨਾ ਕੀਤੀ । ਸਵਾਂਗ ਨਾਲ ਉਸਦੇ ਕਿੱਸੇ ਦੀ ਪ੍ਰਕ੍ਰਿਤੀ ਕਾਫ਼ੀ ਹਦ ਤਕ ਮਿਲਦੀ ਹੈ । ਸਵਾਂਗ ਵਾਂਗ ਹੀ ਸਾਰਾ ਕਿੱਸਾ ਸੰਵਾਦਾਂ ਵਿਚ ਹੈ ਤੇ ਰੰਗ ਨਾਟਕੀ ਹੈ । ਹੋ ਸਕਦਾ ਹੈ ਕਿ ਦਮੋਦਰ ਨੇ ਸਵਾਂਗ ਵਾਂਗ ਖੇਡਣ ਲਈ ਹੀ ਇਹ ਕਿੱਸਾ ਲਿਖਿਆ ਹੋਵੇ । ਦਮੋਦਰ ਦਾ ਅੱਖੀਂ ਡਿੱਠਾ ਵਾਕੰਸ਼ ਵੀ ਕਿਸੇ ਅਜਿਹੇ ਸਵਾਂਗ ਵਲ ਸੰਕੇਤ ਕਰ ਰਿਹਾ ਹੈ, ਜੋ ਉਸਨੇ ਕਿੱਸਾ ਲਿਖਣ ਤੋਂ ਪਹਿਲਾਂ ਵੇਖਿਆ ਜਾਂ ਕਿੱਸਾ ਲਿਖਣ ਦੇ ਦੌਰਾਨ ਵੇਖਦਾ ਰਿਹਾ, ਜਿਸ ਦਾ ਬਿੰਬ ਉਸ ਦੀਆਂ ਅੱਖਾਂ ਸਾਹਮਣੇ ਸੁਰਜੀਤ ਸੀ ।

ਕਿੱਸੇ ਦੇ ਕਾਵਿ-ਰੂਪ ਦੇ ਪਰਿਪੇਖ ਵਿਚ ਅਧਿਐਨ ਕਰਨ ਨਾਲ, ਇਹ ਤੱਥ ਯਥਾਰਥ ਪ੍ਰਤੀਤ ਹੋਏ ਹਨ । ਸਾਡੇ ਕਿੱਸਿਆਂ ਦੇ ਆਰੰਭ ਵਿਚ, ਮੰਗਲਾ-ਚਰਨ ਹੁੰਦਾ ਹੈ । ਸਵਾਂਗ ਵਿਚ ਵੀ ਪਹਿਲਾਂ ਦੇਵੀ ਦੇਵਤੇ ਨੂੰ ਧਿਆ ਕੇ ਫਿਰ ਕਥਾ ਆਰੰਭ ਹੁੰਦੀ ਸੀ । ਸਵਾਂਗਾਂ ਵਾਂਗ ਕਿੱਸੇ ਦੀ ਮਿੱਥ ਵੀ ਦੰਦ-ਕਥਾਵਾਂ ਵਿਚੋਂ ਲਈ ਜਾਂਦੀ ਸੀ । ਸਵਾਂਗ ਦੀ ਬਣਤਰ ਵਿਚ ਸੰਵਾਦਾਂ ਦੀ ਬਹੁਲਤਾ ਹੁੰਦੀ ਸੀ, ਜੋ ਪਾਤਰ ਗਾ ਕੇ ਬੋਲਿਆ ਕਰਦੇ ਸਨ । ਜਦੋਂ ਕਿਧਰੇ ਕਥਾ ਕਹਾਣੀ ਵਰਨਣ ਕਰਨੀ ਹੁੰਦੀ, ਸਵਾਂਗ ਦਾ ਸੂਤਰਧਾਰ ਕਹਾਣੀ ਨੂੰ ਬਿਆਨ ਕਰਦਾ । ਇਹੋ ਹਾਲ ਕਿੱਸਿਆਂ ਵਿਚ ਹੈ । ਕਵੀ ਆਪਣੇ ਵਲੋਂ ਕਹਾਣੀ (ਕਵਿਓ ਵਾਚ) ਵਿਚ ਜਾਂ ਕਲਾਮ ਸ਼ਾਇਰ ਵਿਚ ਪੇਸ਼ ਕਰਦਾ ਹੈ । ਸਵਾਂਗ ਵਿਚ ਭਾਵੁਕ ਸਥਿਤੀ ਸਿਰਜ ਕੇ ਪਾਤਰਾਂ ਨੂੰ ਦੂ-ਬਦੂ ਪੇਸ਼ ਕੀਤਾ ਜਾਂਦਾ ਤੇ ਉਹਨਾਂ ਦੇ ਪ੍ਰਤੀਕਰਮ ਤੇ ਆਪਸੀ ਸੰਘਰਸ਼ ਹੀ ਸਵਾਂਗਾਂ ਦੀ ਜਾਨ ਹੁੰਦੀ । ਇਹੋ ਗੱਲ ਕਿੱਸੇ ਬਾਰੇ ਕਹੀ ਜਾ ਸਕਦੀ ਹੈ । ਬਣਤਰ ਦੇ ਪਖੋਂ ਕਿੱਸਾ ਸਵਾਂਗਾਂ ਦੇ ਰੂਪ ਦਾ ਹੀ ਵਿਕਾਸ ਹੈ ।

ਲੋਕ-ਕਹਾਣੀ ਵਾਂਗ ਕਿੱਸਾ ਲੋਕ-ਮਨ ਦੀ ਕਾਵਿਕ ਬ੍ਰਿਤਾਂਤਕ ਅਭਵਿਅਕਤੀ ਹੀ ਰਹੀ ਹੈ । ਇਸ ਵਿਚ ਕਥਾ ਦਾ ਉਹ ਲੋਕ-ਰੂਪ ਲਿਆ ਗਿਆ ਹੈ, ਜੋ ਲੋਕ-ਮਨ ਵਿਚ ਲੰਘਣ ਕਰਕੇ ਯਥਾਰਥ ਨਾਲ ਵਿਲੱਖਣ ਸਰੂਪ ਦਾ ਹੈ, ਜਿਸ ਵਿਚ ਕਹਾਣੀ ਤੋਂ ਪੂਰਵ ਹੀ ਗਿਆਨ ਹੋ ਜਾਂਦਾ ਹੈ ਕਿ ਰਾਂਝਾ ਹੀਰ ਨੂੰ ਮੁਹੱਬਤ ਕਰੇਗਾ ਜਾਂ ਪੰਜ ਪੀਰ ਰਾਂਝੇ ਤੋਂ ਪ੍ਰਸੰਨ ਹੋ ਕੇ, ਉਸਨੂੰ ਹੀਰ ਬਖ਼ਸ਼ ਦਿੰਦੇ ਹਨ । ਰਾਂਝੇ ਉਤੇ ਸੰਕਟ ਆਉਂਦਾ ਹੈ ਤਾਂ "ਕਾਲੇ ਜੋੜੇ ਤੇ ਕਾਲੇ ਘੋੜੇ" ਸਵਾਰ ਲਸ਼ਕਰ ਮਦਦ ਲਈ ਬਹੁੜਦੇ ਹਨ । ਇਹ 'ਅਗੰਮੀ ਬਹੁੜੀ' ਬਾਰ ਬਾਰ ਦੁਹਰਾਈ ਗਈ ਹੈ । ਰਾਂਝੇ ਦੀ ਬਦਅਸੀਸੀ ਨਾਲ ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ । ਸੈਦਾ ਜਦੋਂ ਹੀਰ ਦੀ ਸੇਜ ਭੋਗਣਾ ਚਾਹੁੰਦਾ ਹੈ ਤਾਂ ਉਸਨੂੰ ਹੀਰ ਦੇ ਜਿਸਮ ਵਿਚੋਂ ਸੇਕ ਆਉਂਦਾ ਹੈ । ਜਿਵੇਂ ਉਹ ਕਿਸੇ ਸੇਅਲੇ ਵਲ ਨਸ ਰਿਹਾ ਹੋਵੇ । ਹੀਰ ਦੀ ਮੌਤ ਦੀ ਖ਼ਬਰ ਸੁਣ ਕੇ ਉਸੇ ਵੇਲੇ ਰਾਂਝਾ ਵੀ ਪ੍ਰਾਣ ਤਿਆਗ ਦਿੰਦਾ ਹੈ ਤੇ ਦੋਵਾਂ ਦੀਆਂ ਰੂਹਾਂ ਪਰਲੋਕ ਵਿੱਚ ਇਕੱਠੀਆਂ ਜਾਂਦੀਆਂ ਹਨ । ਇਸੇ ਤਰ੍ਹਾਂ 'ਸੱਸੀ ਪੁੰਨੂੰ' ਵਿਚ ਸੱਸੀ ਦਾ ਜੰਮਦੇ ਸਾਰ ਸੰਦੂਕ ਦਰਿਆ ਵਿੱਚ ਰੋੜ੍ਹਨਾ; ਉਸ ਦੇ ਪੁੰਨੂੰ ਨਾਲ ਇਸ਼ਕ ਬਾਰੇ ਨਜੂਮੀਆਂ ਦੀ ਭਵਿੱਖਬਾਣੀ; ਸੱਸੀ ਦਾ ਪੁੰਨੂੰ ਨੂੰ ਵੇਖੇ ਬਗੈਰ ਕੇਵਲ ਮੂਰਤ ਵੇਖ ਕੇ ਇਸ਼ਕ ਹੋ ਜਾਣਾ; ਮਰਨ ਮਗਰੋਂ ਸੱਸੀ ਦੇ ਵਿਜੋਗ ਵਿੱਚ ਪੁੰਨੂੰ ਦਾ ਸਮਾ ਜਾਣਾ ਆਦਿ । ਇਸ ਤਰ੍ਹਾਂ ਸੋਹਣੀ ਮਹੀਂਵਾਲ ਦੀਆਂ ਰੂਹਾਂ ਦਾ ਇਕੱਠਿਆਂ ਪਰਲੋਕ ਜਾਣਾ, ਕੁਝ ਕੁ ਅਜਿਹੀਆਂ ਕਥਾਨਕ ਰੂੜ੍ਹੀਆਂ ਹਨ, ਜੋ ਲੋਕ-ਕਹਾਣੀਆਂ ਵਿੱਚ ਮਿਲਦੀਆਂ ਹਨ ਅਤੇ ਕਿੱਸਿਆਂ ਨੂੰ ਰੋਮਾਂਚਿਕ ਬਣਾਉਣ ਤੋਂ ਇਲਾਵਾ ਲੋਕਧਾਰਾ ਦੇ ਖੇਤਰ ਦੀ ਹੀ ਵਸਤੂ ਬਣਾਂਦੀਆਂ ਹਨ । ਲੋਕ-ਮਨ ਦੀ ਇਹ ਅਭਿਵਿਅਕਤੀ ਭਾਵੇਂ ਕਿੱਸਿਆਂ ਦੀ ਵਾਸਤਵਿਕਤਾ ਨੂੰ ਖੰਡਤ ਕਰਦੀ ਹੈ, ਪਰ ਲੋਕਾਂ ਦੇ ਵਿਸ਼ਵਾਸ ਤੇ ਧਾਰਨਾਵਾਂ ਦਾ ਅਨਿਖੜ ਹਿੱਸਾ ਹੋਣ ਕਰਕੇ, ਓਪਰੀ ਵੀ ਨਹੀਂ ਲਗਦੀ ਤੇ ਸਭ ਕੁਝ ਸਹਿਜ ਪ੍ਰਤੀਤ ਹੁੰਦਾ ਹੈ ।

ਕਿੱਸਾ-ਕਾਵਿ ਵਿੱਚ ਲੋਕ-ਮਨ ਦੀ ਅਭਿਵਿਅਕਤੀ ਦੇ ਅਨੇਕਾਂ ਰੂਪ—ਅਮੂਰਤ ਦਾ ਸਮੂਰਤੀਕਰਨ, ਸੂਖਮ ਦਾ

ਸਥੂਲੀਕਰਨ, ਅਪ੍ਰਾਕ੍ਰਿਤਕ ਦ੍ਰਿਸ਼ਟਮਾਨਾਂ ਦਾ ਮਾਨਵੀਕਰਣ ਵੀ ਮਿਲਦਾ ਹੈ। ਇਨ੍ਹਾਂ ਕਾਵਿਕ ਜੁਗਤਾਂ ਸਦਕਾ ਕਿੱਸਾ ਕਾਵਿ ਵਿਚ ਅਲੌਕਿਕਤਾ ਦਾ ਰੰਗ ਵੀ ਕਾਫ਼ੀ ਭਰਵਾਂ ਹੁੰਦਾ ਗਿਆ।

ਦੂਜਾ ਤੱਤ, ਜੋ ਕਿੱਸਿਆਂ ਵਿਚ ਪ੍ਰਬਲ ਹੈ, ਉਹ ਹੈ ਲੋਕ-ਸੰਸਕ੍ਰਿਤੀ ਦਾ ਹੋਣਾ। ਕਿੱਸਿਆਂ ਵਿਚ ਲੋਕ ਸੰਸਕ੍ਰਿਤੀ ਦੇ ਅਨੇਕਾਂ ਤੱਤ ਮਿਲਦੇ ਹਨ ਅਤੇ ਸਮਾਜਿਕ ਰਸਮਾਂ ਰੀਤਾਂ, ਲੋਕ-ਧਰਮ, ਵਿਸ਼ਵਾਸਾਂ ਆਦਿ ਦਾ ਕੋਸ਼ ਤਿਆਰ ਕੀਤਾ ਜਾ ਸਕਦਾ ਹੈ। ਲੋਕ-ਸੰਸਕ੍ਰਿਤੀ ਕਿਸੇ ਇਕ ਧਰਮ ਪ੍ਰਤੀ ਰੁਚਿਤ ਨਹੀਂ ਹੁੰਦੀ। ਇਸਦਾ ਆਪਣਾ ਵਖਰਾ ਖੇਤਰ ਲੋਕ-ਧਰਮ ਹੈ। ਇਸ ਲਈ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਭਾਵੇਂ ਮੁਸਲਮਾਨ ਪਾਤਰ ਹਨ, ਪਰ ਧਰਮ ਵਲੋਂ ਪਕੇ ਸ਼ਰ੍ਹਈ ਨਹੀਂ। ਇਹ ਸਾਂਝਾ ਲੋਕ-ਧਰਮ ਹੈ। ਰਾਂਝਾ ਪੀਰਾਂ ਨੂੰ ਤਾਂ ਧਿਆਂਦਾ ਹੈ, ਪਰ ਨਿਮਾਜ਼ੀ ਨੂੰ ਨਹੀਂ। ਹੀਰ ਸ਼ਰ੍ਹਾ ਨਾਲੋਂ ਇਸ਼ਕ ਨੂੰ ਵਡਿਆਂਦੀ ਹੈ।

ਕਿੱਸਾ ਕਾਵਿ ਲੋਕ-ਸੰਸਕ੍ਰਿਤੀ ਨਾਲ ਵਿਆਪਕ ਰੂਪ ਵਿਚ ਜੁੜੇ ਹੋਣ ਦੇ ਬਾਵਜੂਦ ਵੀ, ਕਈ ਪ੍ਰਚਲਤ ਸਾਂਸਕ੍ਰਿਤਕ ਕਦਰਾਂ-ਕੀਮਤਾਂ ਦੇ ਵਿਰੁਧ ਵਿਦਰੋਹ ਦੀ ਸੁਰ ਵੀ ਅਲਾਪਦਾ ਹੈ। ਇਹੋ ਕਾਰਨ ਹੈ ਕਿ ਵਾਰਸ ਸ਼ਾਹ ਦੀ ਹੀਰ ਜਿਥੇ ਸਾਹਿਤਕ ਪੱਧਰ ਉਤੇ ਪੰਜਾਬੀ ਦਾ ਇਕ ਸ਼ਾਹਕਾਰ ਹੈ, ਉਥੇ ਪੰਜਾਬੀ ਘਰਾਂ ਵਿਚ ਇਕ ਸਮੇਂ ਇਸ ਦਾ ਪੜ੍ਹਨਾ ਵਰਜਿਤ ਰਿਹਾ।

ਕਿੱਸਾ ਕਾਵਿ ਨੇ ਲੋਕ-ਸੰਸਕ੍ਰਿਤੀ ਦੀਆਂ ਰੂੜ੍ਹੀਆਂ, ਸੰਕਲਪਾਂ ਤੇ ਧਾਰਨਾਵਾਂ ਨੂੰ ਆਪਣੇ ਕਲੇਵਰ ਵਿਚ ਰਚਾਇਆ ਹੈ। ਪਰ ਇਹ ਕਾਵਿ ਬੁਨਿਆਦੀ ਤੌਰ ਉਤੇ ਲੌਕਿਕ ਹੋਣ ਦੇ ਬਾਵਜੂਦ ਵੀ ਸ਼ੁਧ ਨਹੀਂ ਰਿਹਾ ਅਤੇ ਤਤਕਾਲੀ ਅਧਿਆਤਮਕ ਬਿਰਤੀ ਦੀ ਲਾਗ ਤੋਂ ਮੁਕਤ ਨਹੀਂ ਰਹਿ ਸਕਿਆ। ਇਸ ਲਈ ਕਿੱਸਿਆਂ ਵਿਚ ਵਸਤੂ ਨੂੰ ਅਧਿਆਤਮਕ ਅਰਥ ਦੇਣ ਜਾਂ ਪਾਤਰਾਂ ਦੀ ਦੁਨਿਆਵੀ ਇਸ਼ਕ ਨੂੰ ਹਕੀਕੀ ਇਸ਼ਕ ਦੇ ਰੰਗ ਵਿਚ ਪੇਸ਼ ਕਰਨ ਦੀ ਸੂਫ਼ੀ ਬਿਰਤੀ, ਦੇਖੀ ਜਾ ਸਕਦੀ ਹੈ। ਇਸ ਦੇ ਬਾਵਜੂਦ ਵੀ ਕਿੱਸਾ ਕਾਵਿ ਦਾ ਬੁਨਿਆਦੀ ਤੇ ਵਿਆਪਕ ਰੰਗ ਰੋਮਾਂਚਿਕ ਹੈ।

ਤੀਜਾ ਤੱਤ ਲੋਕ-ਰੁਚੀਆਂ ਦਾ ਹੈ। ਕਿੱਸਾ ਸਾਰ ਵਿਚ ਲੋਕ-ਸੰਕਲਪਾਂ, ਧਾਰਨਾਵਾਂ ਤੇ ਕਥਾਨਿਕ ਰੂੜ੍ਹੀਆਂ ਨੂੰ ਹੀ ਵਸਤੂ ਬਣਾਇਆ ਗਿਆ। ਸਭ ਕਿੱਸਿਆਂ ਵਿਚ ਹੋਣੀ ਬੜੀ ਬਲਵਾਨ ਹੈ। ਸਭ ਕੁਝ ਪਹਿਲਾਂ ਤੋਂ ਹੀ ਮਿਥਿਆ ਹੋਇਆ ਹੈ, ਇਸ ਲੋਕ-ਸੰਕਲਪ ਤੋਂ ਕਿੱਸਕਾਰ ਮੁਕਤ ਨਹੀਂ ਹੋ ਸਕੇ। ਕਿਧਰੇ ਲੋਕ-ਰੂੜ੍ਹੀਆਂ ਦਾ ਪਸਾਰ ਹੈ ਤੇ ਕਿਧਰੇ ਖੰਡਨ ਪਰ ਇਹ ਤੱਤ ਗੈਰਹਾਜ਼ਿਰ ਕਿਧਰੇ ਵੀ ਨਹੀਂ।

ਕਿੱਸਾ ਕਾਵਿ ਵਿਚ ਲੋਕ-ਕਾਵ ਦੇ ਪੈਟਰਨ, ਸੈਲੀਆਂ ਤੇ ਜੁਗਤਾਂ ਨੂੰ ਅਚੇਤ ਤੌਰ ਤੇ ਵੀ ਅਤੇ ਸੁਚੇਤ ਤੌਰ ਤੇ ਵੀ, ਅਪਣਾਇਆ ਗਿਆ। ਵਿਚਾਰਾਂ ਨੂੰ ਆਖਣ ਦੇ ਪੈਟਰਨ ਉਤੇ, ਇਕ ਸਮੂਹ ਵਿਚ ਸੰਗਠਿਤ ਕਰਕੇ ਇਕ ਖ਼ਾਸ ਦ੍ਰਿਸ਼ਟੀ ਪ੍ਰਦਾਨ ਕਰਨ ਦੀ ਲੋਕ-ਰੁਚੀ ਵੀ ਕਾਫ਼ੀ ਹੈ। ਦੁਹਰਾਓ ਦੀ ਵਿਧੀ ਨੂੰ ਕਿਧਰੇ ਭਾਵਾਂ ਦੇ ਪ੍ਰਸਾਰ ਲਈ ਵਰਤਿਆ ਹੈ ਅਤੇ ਕਿਧਰੇ ਭਾਵਾਂ ਨੂੰ ਗਿਲੇ ਤੋਂ ਬਲਵਾਨ ਬਨਾਉਣ ਲਈ।

ਪੰਜਾਬੀ ਵਿਚ ਕਿੱਸੇ ਦਾ ਮੁਢ ਦਮੋਦਰ ਦੀ ਹੀਰ ਤੋਂ ਬਝਿਆ। ਦਮੋਦਰ ਨੇ ਕਈ ਸਵਾਂਗਾਂ ਤੇ ਖ਼ਾਸ ਤੌਰ ਤੇ ਹੀਰ ਰਾਂਝੇ ਦਾ ਸਵਾਂਗ ਵੇਖਿਆ। ਤੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੀਰ ਦੇ ਕਿੱਸੇ ਦੀ ਰਚਨਾ ਕੀਤੀ। ਸਵਾਂਗ ਨਾਲ ਉਸਦੇ ਕਿੱਸੇ ਦੀ ਪ੍ਰਕ੍ਰਿਤੀ ਬਹੁਤ ਮਿਲਦੀ ਹੈ। ਦਮੋਦਰ ਦਾ 'ਅੱਖੀਂ ਡਿਠਾ' ਵਾਕੰਸ਼ ਵੀ ਕਿਸੇ ਅਜਿਹੇ ਸਵਾਂਗ ਵਲ ਸੰਕੇਤ ਕਰ ਰਿਹਾ ਹੈ, ਜੋ ਉਹਨੇ ਕਿੱਸਾ ਲਿਖਣ ਤੋਂ ਪਹਿਲਾਂ ਵੇਖਿਆ ਜਾਂ ਕਿੱਸੇ ਲਿਖਣ ਦੇ ਦੌਰਾਨ ਵੇਖਦਾ ਰਿਹਾ। ਹੀਰ ਰਾਂਝੇ ਦਾ ਜੀਵਨ ਬਿੰਬ ਉਸ ਦੀਆਂ ਅੱਖਾਂ ਸਾਹਮਣੇ ਸੁਰਜੀਤ ਰਿਹਾ।

ਪਹਿਲਾ ਕਿੱਸਾ ਪ੍ਰੀਤ ਦੀ ਦਦ-ਕਥਾ ਨਾਲ ਸਬੰਧਿਤ ਹੋਣ ਕਰ ਕੇ ਅਤੇ ਮਗਰੋਂ ਦੇ ਪ੍ਰਸਿਧ ਕਿੱਸੇ ਵੀ ਪ੍ਰੀਤ-ਕਥਾਵਾਂ ਨਾਲ ਝੁਕੇ ਹੋਣ ਕਰਕੇ ਕਿੱਸੇ ਦਾ ਸੰਬੰਧ ਪ੍ਰੀਤ ਕਹਾਣੀ ਨਾਲ ਜੁੜ ਗਿਆ। ਕਿੱਸੇ ਤੋਂ ਭਾਵ ਕਿਸੇ ਕਾਵਿਬੱਧ ਪ੍ਰੀਤ-ਕਥਾ ਤੋਂ ਲਿਆ ਜਾਣ ਲਗਾ। ਪਰ ਕਿੱਸੇ ਵਿਚ ਹਰ ਤਰ੍ਹਾਂ ਦੀ ਕਹਾਣੀ ਨੂੰ ਵਸਤੂ ਬਣਾਇਆ ਜਾ ਸਕਦਾ ਹੈ। ਕਿੱਸਾ, ਲੋਕ-ਮਨ ਨੂੰ ਅਭਿਵਿਅਕਤ ਕਰਦੀ, ਸੰਸਕ੍ਰਿਤੀ ਨਾਲ ਗਹਿਰਾਈ ਨਾਲ ਜੁੜੀ, ਨਾਟਕੀ ਵਿਧੀ ਨਾਲ ਪੇਸ਼ ਕੀਤੀ ਕਾਵਿ-ਬਧ ਕਥਾ ਹੈ, ਜਿਸ ਵਿਚ ਲੋਕ ਕਾਵਿ ਦੀਆਂ ਜੁਗਤਾਂ ਰਾਹੀਂ, ਉਤਦ੍ਰਿਸ਼ਟਤਾ ਪੈਦਾ ਕੀਤੀ ਜਾਂਦੀ ਹੈ ਅਤੇ ਲੋਕ-ਕਥਾਨਿਕ ਰੂੜ੍ਹੀਆਂ ਰਾਹੀਂ ਕਿੱਸੇ ਦਾ ਪਸਾਰ ਕੀਤਾ ਜਾਂਦਾ ਹੈ। ਇਸ ਲਈ ਇਹ ਕਾਵਿ-ਰੂਪ ਲੋਕਾਂ ਦਾ ਵਧੇਰੇ ਹਰਮਨ ਪਿਆਰਾ ਰਿਹਾ। ਇਨ੍ਹਾਂ ਕਿੱਸਿਆਂ ਵਿਚ ਪਾਤਰਾਂ ਦੀ ਵਾਰਤਾਲਾਪ ਉਤੇ ਜ਼ਿਆਦਾ ਬਲ ਹੈ, ਜੋ ਸਵਾਂਗਾਂ ਦਾ ਸਿਧਾ ਪ੍ਰਭਾਵ ਹੈ। ਇਸ ਵਾਰਤਾਲਾਪ ਨੇ ਕਿੱਸਾ ਕਾਵਿ ਨੂੰ ਸਾਂਸਕ੍ਰਿਤਕ ਰੰਗ ਵਿਚ ਰੰਗਿਆ ਤੇ ਸੁਭਾਵਿਕ ਬਣਾਇਆ ਹੈ। ਸਵਾਂਗਾਂ ਵਿਚ ਜੋ ਕੰਮ ਗੀਤ ਕਹਾਣੀ ਬਿਆਨ ਕਰਨ ਵਿਚ ਕਰਦਾ ਹੈ, ਉਹੋ ਭੂਮਿਕਾ 'ਕਲਾਮ ਸ਼ਾਇਰ' (ਕਵਿਓਵਾਚ) ਕਿੱਸੇ ਵਿਚ ਨਿਭਾਂਦੀ ਹੈ। ਇਸੇ ਦੁਆਰਾ ਕਹਾਣੀ ਨੂੰ ਅਗੇ ਤੋਰਿਆ ਜਾਂਦਾ ਤੇ ਵਾਰਤਾਲਾਪ ਦਾ ਅਕੇਵਾਂ ਤੋੜਿਆ ਜਾਂਦਾ ਹੈ। ਵਾਰਸਸ਼ਾਹ ਵਰਗੇ ਕਈ ਕਵੀਆਂ ਨੇ ਆਪਣੇ ਨਿਜੀ ਵਿਚਾਰ,

ਤੇ ਜੀਵਨ ਦਰਸ਼ਨ ਕਿੱਸੇ ਦੁਆਰਾ ਪੇਸ਼ ਕੀਤੇ ਹਨ। ਸਾਂਸਕ੍ਰਿਤਕ ਰੁੱਚੀਆਂ ਓਤ-ਪੋਤ ਹੋਈਆਂ ਹੁੰਦੀਆਂ ਹਨ, ਜਿਸ ਕਰਕੇ ਇਹ ਸੰਸਾਰਕ ਰਚਨਾ ਬਣ ਗਈ ਹੈ।

(ਕ-286) **ਕਿਸਾਸ** :

ਮੁਸਲਮਾਨੀ ਸ਼ਰ੍ਹਾ ਅਨੁਸਾਰ ਕਿਸੇ ਅਪਰਾਧੀ ਨੂੰ ਬਦਲੇ ਵਿਚ ਉਹੋ ਸਜ਼ਾ ਦੇਣੀ, ਜਿਸ ਲਈ ਕਿ ਉਹ ਕਸੂਰਵਾਰ ਹੈ, ਜਿਵੇਂ ਖ਼ੂਨ ਦੇ ਬਦਲੇ ਅਪਰਾਧੀ ਨੂੰ ਕਤਲ ਕਰਨਾ, ਅੱਖ ਦੇ ਬਦਲੇ ਵਿਚ ਅੱਖ ਕਢਣੀ ਤੇ ਦੰਦ ਭੰਨਣ ਦੇ ਬਦਲੇ ਵਿਚ ਦੰਦ ਤੋੜ ਦੇਣੇ ਆਦਿ।

(ਕ-287) **ਕਿਸਬਤਨਾਮਾ** :

ਮੁਸਲਮਾਨ ਨਾਈਆਂ ਦਾ ਇਕ ਗ੍ਰੰਥ, ਜਿਸ ਨੂੰ ਉਹ ਬੜਾ ਪਵਿਤ੍ਰ ਮੰਨਦੇ ਹਨ। ਇਸ ਵਿਚ ਨਾਈਆਂ ਦੀਆਂ ਪੁਰਾਣੀਆਂ ਰਵਾਇਤਾਂ, ਮਨੌਤਾਂ ਤੇ ਆਦੇਸ਼ ਦਰਜ ਮਿਲਦੇ ਹਨ। ਇਸ ਗ੍ਰੰਥ ਉਤੇ ਨਾਈ ਪੂਰੀ ਸ਼ਰਧਾ ਨਾਲ ਅਮਲ ਕਰਦੇ ਹਨ। ਇਸ ਗ੍ਰੰਥ ਅਨੁਸਾਰ ਅੱਲ੍ਹਾ ਨੇ ਪਹਿਲਾਂ ਜਬਰੀਲ ਨੂੰ ਆਦਮ ਦਾ ਸਿਰ ਮੁੰਨਣ ਵਾਸਤੇ ਕਿਹਾ। ਆਦਮ ਨੇ ਜਬਰੀਲ ਤੋਂ ਸਿਰ ਮੁੰਨਣ ਦੀ ਵਿਧੀ ਸਿੱਖ ਲਈ ਤੇ ਇਹ ਕਲਾ ਅਲੀ ਤੇ ਉਸਦੇ ਵਡਕਿਆਂ ਰਾਹੀਂ ਸੁਲੇਮਾਨ ਪਾਰਸ ਤਕ ਪੁਜੀ। ਇਸ ਗ੍ਰੰਥ ਨੂੰ ਸੁਲੇਮਾਨ ਦੀ ਹੀ ਕਿਰਤ ਮੰਨਿਆ ਜਾਂਦਾ ਹੈ। ਇਸ ਗ੍ਰੰਥ ਵਿਚ ਕੁਝ ਤੁੱਕਾਂ ਹਨ ਜਿਨ੍ਹਾਂ ਨੂੰ ਖ਼ਾਸ ਖ਼ਾਸ ਮੌਕਿਆਂ ਉਤੇ ਪੜ੍ਹਨ ਦਾ ਆਦੇਸ਼ ਹੈ। ਜਿਵੇਂ ਜੇ ਨਾਈ ਦੱਖਣ ਵਲ ਮੂੰਹ ਕਰਕੇ ਆਪਣੇ ਜਜਮਾਨ ਦਾ ਸਿਰ ਮੁੰਨੇ ਤਾਂ ਉਸਨੂੰ ਇਕ ਖ਼ਾਸ ਤੁੱਕ ਪੜ੍ਹਨੀ ਚਾਹੀਦੀ ਹੈ, ਜੇ ਉੱਤਰ ਵਲ ਤਾਂ ਦੂਜੀ ਖ਼ਾਸ ਤੁੱਕ। ਉਸਤਰਾ ਪਕੜਨ ਤੇ ਵਰਤਣ ਸਮੇਂ ਪੜ੍ਹਨ ਲਈ ਵਖਰੀਆਂ ਤੁਕਾਂ ਹਨ। ਨਾਈਆਂ ਦੀ ਹਰ ਕਿਰਿਆ ਨਾਲ ਸਬੰਧਿਤ ਕੋਈ ਨਾ ਕੋਈ ਤੁਕ ਦਰਜ ਹੈ। ਜਿਵੇਂ ਕੈਂਚੀ ਜਾਂ ਨਹੇਰਨਾ ਫੜਨ ਸਮੇਂ ਜਾਂ ਜਾਂ ਦੰਦ ਕੱਢਣ ਸਮੇਂ ਦੀਆਂ ਵਖਰੀਆਂ ਤੁਕਾਂ ਹਨ। ਇਸ ਗ੍ਰੰਥ ਵਿਚ ਆਦੇਸ਼ ਹੈ, ਕਿ ਜਦੋਂ ਨਾਈ ਸਿਰ ਮੁੰਨਣ ਦਾ ਕਿੱਤਾ ਅਪਣਾਏ ਤਾਂ ਪਹਿਲੀ ਵਾਰ ਅੱਲਾਹ ਦੇ ਨਾਉਂ ਤੇ ਪੰਜ ਬੰਦਿਆਂ ਦਾ ਸਿਰ ਮੁਫ਼ਤ ਵਿਚ ਮੁੰਨੇ!

(ਕ-288) **ਕਿੱਕਰ** :

ਇਕ ਕੰਡਿਆਲਾ ਬ੍ਰਿਛ, ਜਿਸਦੇ ਪੱਤੇ ਬੜੇ ਬਰੀਕ ਤੇ ਫੁੱਲ ਪੀਲੇ ਰੰਗ ਦੇ ਹੁੰਦੇ ਹਨ। ਇਸ ਦੀਆਂ ਟਹਿਣੀਆਂ ਦੀ ਦਾਤਨ ਦੰਦਾਂ ਵਾਸਤੇ ਬੜੀ ਮੁਫ਼ੀਦ ਹੈ ਤੇ ਛਿਲਕਾ ਚਮੜਾ ਰੰਗਣ ਦੇ ਕੰਮ ਆਉਂਦਾ ਹੈ। ਕਿੱਕਰ ਦੀਆਂ ਫਲੀਆਂ ਤਾਂ ਬੱਕਰੀਆਂ ਬੜੀ ਰੀਝ ਨਾਲ ਖਾਂਦੀਆਂ ਹਨ। ਇਸ ਫਲੀ ਨੂੰ ਪੀਸ ਕੇ ਕਈ ਦੇਸੀ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਕਿੱਕਰ ਦੀ ਚੀੜ੍ਹ (ਗੂੰਦ) ਤੋਂ ਪਿੰਡਾਂ ਵਿਚ, ਕਾਲੀ ਸਿਆਹੀ ਬਨਾਉਣ ਦੇ ਕੰਮ ਵੀ ਆਉਂਦੀ ਹੈ। ਦੇਸੀ ਕਿੱਕਰ ਦੀ ਲਕੜੀ ਬੜੀ ਸਖ਼ਤ ਹੁੰਦੀ ਹੈ। ਕਿਸਾਨ ਇਸ ਲਕੜੀ ਤੋਂ ਵਾਹੀ ਖੇਤੀ ਦੇ ਕਈ ਸੰਦ ਬਣਾਉਣ ਲਈ ਵਰਤਦਾ ਹੈ। ਕਿੱਕਰ ਦੀ ਲਕੜੀ ਨੂੰ ਹਵਨ ਸਮੇਂ ਅੱਗ ਬਾਲਣ ਲਈ ਵਰਤਿਆ ਜਾਂਦਾ ਹੈ।

ਕਿੱਕਰ ਨਾਲ ਕਈ ਤਰ੍ਹਾਂ ਦੇ ਭਰਮ ਤੇ ਵਿਸ਼ਵਾਸ ਜੁੜੇ ਹੋਏ ਹਨ। ਇਸ ਬ੍ਰਿਛ ਉਤੇ ਚੰਦਰੀਆਂ ਤੇ ਪ੍ਰੇਤ ਰੂਹਾਂ ਦਾ ਨਿਵਾਸ ਮੰਨਿਆ ਗਿਆ ਹੈ। ਇਸ ਲਈ ਉਸ ਦਰਖ਼ਤ ਹੇਠ, ਰਾਤ ਵੇਲੇ, ਮੰਜੀ ਵਿਛਾ ਕੇ ਲੇਟਣਾ ਠੀਕ ਨਹੀਂ। ਕਈ ਅੰਧ-ਵਿਸ਼ਵਾਸੀ ਤਾਂ ਕਿੱਕਰ ਦੀ ਲਕੜੀ ਦੀ ਮੰਜੀ ਬਨਾਉਣੀ ਵੀ ਠੀਕ ਨਹੀਂ ਸਮਝਦੇ। ਧਾਰਨਾ ਹੈ ਕਿ ਕਿੱਕਰ ਦੀ ਬਣੀ ਮੰਜੀ ਉਤੇ ਸੌਣ ਵਾਲੇ ਨੂੰ, ਚੰਦਰੀਆਂ ਰੂਹਾਂ ਬਹੁਤ ਤੰਗ ਕਰਦੀਆਂ ਹਨ। ਕਈ ਵਾਰ ਉਸਦੀ ਮੰਜੀ ਨੂੰ ਵੀ ਉਲਟ ਦੇਂਦੀਆਂ ਹਨ।

ਕਿੱਕਰ ਦੁਖ ਨਿਵਾਰਨ ਦੀ ਪਰਾਸਰੀਰਕ ਸ਼ਕਤੀ ਵੀ ਰਖਦਾ ਮੰਨਿਆ ਗਿਆ ਹੈ। ਜੇ ਕਿਸੇ ਸ਼ਖ਼ਸ ਨੂੰ ਬੁਖ਼ਾਰ ਹੋਵੇ ਤਾਂ ਉਹ ਆਪਣੇ ਪੈਰ ਦੇ ਖੱਬੇ ਅੰਗੂਠੇ ਨਾਲ, ਸੂਤਰ ਦਾ ਧਾਗਾ ਬੰਨ੍ਹ ਕੇ; ਧਾਗੇ ਨੂੰ ਸਰੀਰ ਦੁਆਲੇ ਵਲਦਾ ਹੋਇਆ, ਸਿਰ ਤਕ ਲੈ ਜਾਵੇ ਤੇ ਫਿਰ ਇਸ ਧਾਗੇ ਨੂੰ ਸਰੀਰ ਤੋਂ ਉਤਾਰ ਕੇ ਅੱਟੀ ਬਣਾ ਲਏ। ਇਸ ਤਰ੍ਹਾਂ ਸੱਤ ਵਾਰ ਕਰਕੇ ਉਹ ਧਾਗੇ ਦੀਆਂ ਸੱਤ ਅੱਟੀਆਂ ਬਣਾਏ। ਫਿਰ ਇਨ੍ਹਾਂ ਸੱਤਾਂ ਅੱਟੀਆਂ ਨੂੰ ਕਿੱਕਰ ਦੇ ਤਨੇ ਦੇ ਆਲੇ ਦੁਆਲੇ ਵਲੇਟ ਕੇ, ਕਿੱਕਰ ਨਾਲ ਗਲਵਕੜੀ ਪਾ ਕੇ ਸੱਤ ਫੇਰੇ ਲਏ। ਕਿੱਕਰ ਪ੍ਰਸੰਨ ਹੋ ਕੇ ਉਸ ਸ਼ਖ਼ਸ ਦਾ ਬੁਖ਼ਾਰ ਆਪਣੇ ਸਿਰ ਤੇ ਲੈ ਲੈਂਦਾ ਹੈ। ਇਸ ਟੂਣੇ ਦੀ ਇਕ ਹੋਰ ਵਿਧੀ ਵੀ ਹੈ, ਜਿਸ ਸ਼ਖ਼ਸ ਨੂੰ ਬੁਖ਼ਾਰ ਚੜ੍ਹਿਆ ਹੋਵੇ, ਉਹ ਆਪਣੇ ਖੱਬੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਤਕ, ਲੰਮਾ ਸੂਤਰ ਦਾ ਧਾਗਾ ਲੈ ਕੇ ਸੱਤ ਗੰਢਾਂ ਮਾਰੇ ਅਤੇ ਫਿਰ ਇਸ ਗੁੱਛੇ ਨੂੰ ਦਰਖ਼ਤ ਦੇ ਦੁਆਲੇ ਵਲੇਟ ਕੇ ਦਰਖ਼ਤ ਨਾਲ ਸਤ ਵਾਰ ਗਲਵਕੜੀ ਪਾਵੇ ਤਾਂ ਉਸ ਸ਼ਖ਼ਸ ਦਾ ਬੁਖ਼ਾਰ ਉਤਰ ਜਾਂਦਾ ਹੈ। ਸੂਤਰ ਦੇ ਧਾਗੇ ਤੇ ਅੱਟੀਆਂ, ਕਈ ਕਿੱਕਰਾਂ ਦੇ ਬ੍ਰਿਛ ਦੁਆਲੇ ਆਮ ਵੇਖਣ ਨੂੰ ਮਿਲਦੀਆਂ ਹਨ।

ਕਈ ਲੋਕੀਂ ਕਿੱਕਰ ਦੇ ਬ੍ਰਿਛ ਨੂੰ ਘਰ ਦੇ ਨੇੜੇ ਨਹੀਂ ਉਗਾਉਂਦੇ। ਧਾਰਨਾ ਹੈ ਕਿ ਇਹ ਬ੍ਰਿਛ ਉਜਾੜ ਮੰਗਦਾ ਹੈ। ਇਸ ਵਿਸ਼ਵਾਸ ਦਾ ਇਕ ਕਾਰਨ ਤਾਂ ਇਹ ਹੈ ਕਿ ਲੋਕੀਂ ਇਸ ਦਰਖ਼ਤ ਉਤੇ ਚੰਦਰੀਆਂ ਰੂਹਾਂ ਦਾ ਨਿਵਾਸ ਮੰਨਦੇ ਹਨ ਤੇ ਦੂਜਾ ਇਹ ਹੈ ਕਿ ਇਸ ਵਿਚੋਂ ਲਾਲ ਭਾਅ ਦੀ ਲਹੂ ਰੰਗੀ ਗੂੰਦ ਨਿਕਲਦੀ ਹੈ। ਇਸੇ ਲਈ ਕਿੱਕਰ ਅਸ਼ੁਭ ਹੈ।

ਖੱਤਰੀਆਂ ਦੀ ਇਕ ਗੋਤ, ਜਣੇਪੇ ਪਿਛੋਂ ਬੱਚੇ ਦੀ ਮਾਂ ਨੂੰ ਜ਼ਿਮੀਂ ਉਤੇ ਸੁਲਾਂਦੇ ਹਨ, ਅਤੇ ਉਸ ਦੇ ਸਿਰਹਾਣੇ ਹੇਠ ਕਿੱਕਰ ਦੇ ਸੱਤ ਕੰਡੇ ਰਖ ਦੇਂਦੇ ਹਨ—ਅਖੇ, ਚੋਦਰੀਆਂ ਰੂਹਾਂ ਨੇੜੇ ਨਹੀਂ ਢੁੱਕਦੀਆਂ।

ਲੋਕ-ਗੀਤਾਂ, ਅਖਾਣਾਂ, ਬੁਝਾਰਤਾਂ ਤੇ ਲੋਕ-ਕਹਾਣੀਆਂ ਵਿਚ ਕਿੱਕਰ ਦਾ ਵਰਨਣ ਆਮ ਮਿਲਦਾ ਹੈ। ਕਿੱਕਰ ਦੇ ਪੀਲੇ ਫੁੱਲਾਂ ਦਾ ਜ਼ਿਕਰ ਇਕ ਲੋਕ ਗੀਤ ਵਿਚ ਇਉਂ ਹੈ :

ਸੂਹੇ ਵੇ ਚੀਰੇ ਵਾਲਿਆ ਫੁੱਲ ਕਿੱਕਰਾਂ ਦੇ,
ਕਿੱਕਰਾਂ ਲਾਈ ਬਹਾਰ ਮੇਲੇ ਮਿੱਤ੍ਰਾਂ ਦੇ।

ਕਿੱਕਰ ਦੀ ਲਕੜੀ ਦੀ ਮਜ਼ਬੂਤੀ ਦਾ ਵਰਨਣ ਇਕ ਅਖਾਣ ਵਿਚ ਇੰਜ ਮਿਲਦਾ ਹੈ :—ਕਿਲਾ ਕਿੱਕਰ ਦਾ, ਮਿਲਣਾ ਮਿੱਤਰ ਦਾ। ਇਕ ਲੋਕ-ਕਹਾਣੀ 'ਚਿੜੀ ਵਿਚਾਰੀ ਕੀ ਕਰੇ' ਵਿਚ ਕਿੱਕਰ ਕਾਂ ਨੂੰ ਪਕੜ ਕੇ ਦੰਡ ਦੇਣ ਵਿਚ ਚਿੜੀ ਦੀ ਮਦਦ ਨਹੀਂ ਕਰਦਾ ਅਤੇ ਚਿੜੀ ਕਿੱਕਰ ਤੋਂ ਖਿਝ ਕੇ ਉਸ ਨੂੰ ਕਟਾਣ ਲਈ ਤਰਖਾਣ ਨੂੰ ਬੁਲਾਂਦੀ ਹੈ।

ਸਾਵਣ ਦੇ ਮਹੀਨੇ ਕੁੜੀਆਂ ਕਿੱਕਰ ਉਤੇ ਪੀਂਘਾਂ ਪਾ ਕੇ ਝੂਟਦੀਆਂ ਹਨ, ਕਿਉਂ ਜੋ ਇਸ ਦੇ ਟਾਹਣ ਮਜ਼ਬੂਤ ਹੁੰਦੇ ਹਨ ਤੇ ਹੁਲਾਰਿਆਂ ਨਾਲ ਟੁਟਦੇ ਨਹੀਂ।

'ਕਿੱਕਰਾਂ ਤੇ ਪੀਂਘ ਪਈ ਵੇ ਮਾਹੀਆ,
ਮਨ ਹੁਲਾਰੇ ਖਾਵੇ।
ਰੁੱਤ ਨਸ਼ੇ ਵਿਚ ਵੇਖ ਕੇ,
ਮੇਰਾ ਮਨ ਬਉਰਾ ਹੋ ਜਾਵੇ।

(ਕ-289) **ਕਿੱਕਲੀ :**

ਕਿੱਕਲੀ ਛੋਟੀਆਂ ਕੁੜੀਆਂ ਦਾ ਨਾਚ ਹੈ। ਵੇਖਿਆ ਜਾਵੇ ਤਾਂ ਇਹ ਖੇਡ ਦੀ ਖੇਡ ਹੈ ਤੇ ਨਾਚ ਦਾ ਨਾਚ। ਕੁੜੀਆਂ ਕਿੱਕਲੀ ਰਾਹੀਂ ਖੇਡ ਤੇ ਨਾਚ ਦੋਹਾਂ ਦਾ ਝਸ ਪੂਰਾ ਕਰ ਲੈਂਦੀਆਂ ਹਨ।

ਇਹ ਨਾਚ ਕੁੜੀਆਂ, ਦੋ ਦੋ ਦੇ ਜੋਟਿਆਂ ਵਿਚ ਨੱਚਦੀਆਂ ਹਨ। ਦੋ ਕੁੜੀਆਂ ਆਹਮੋ-ਸਾਹਮਣੇ ਹੋ ਕੇ ਇਕ ਦੂਜੇ ਦਾ ਹੱਥ ਇਉਂ ਪਕੜਦੀਆਂ ਹਨ ਕਿ ਬਾਹਵਾਂ ਦੀ ਸੰਗਲੀ ਜਿਹੀ ਬੱਝ ਜਾਂਦੀ ਹੈ। ਫਿਰ ਪੈਰਾਂ ਦੀਆਂ ਅਗਲੀਆਂ ਤਲੀਆਂ ਉਤੇ, ਭਾਰ ਪਾ ਕੇ ਜ਼ੋਰ ਨਾਲ ਭੰਬੀਰੀ ਵਾਂਗ ਘੁੰਮਦੀਆਂ ਹਨ। ਘੁੰਮਦਿਆਂ ਹੋਇਆਂ ਉਹ ਆਪਣਾ ਸਾਰਾ ਭਾਰ ਪਿਛੇ ਵੱਲ ਸੁੱਟ ਦੇਂਦੀਆਂ ਹਨ ਭਾਵੇਂ ਸਰੀਰ ਦੇ ਉਪਰਲੇ ਅੱਧੇ ਧੜ ਨੂੰ ਪਿਛੇ ਵਲ ਕਸ ਕੇ ਰਖਦੀਆਂ ਹਨ।

ਦੋਵੇਂ ਕੁੜੀਆਂ ਇਕ ਦੂਜੇ ਨਾਲ ਤਾਲ ਮੇਚ ਕੇ ਉਛਲਦੀਆਂ ਹਨ ਤੇ ਪੈਰਾਂ ਨਾਲ ਧੱਮਕ ਦੇਂਦੀਆਂ ਹਨ ਤੇ ਨਾਲੋ ਨਾਲ ਘੇਰੇ ਵਿਚ ਘੁੰਮਦੀਆਂ ਜਾਂਦੀਆਂ ਹਨ। ਕੁੜੀਆਂ ਉਦੋਂ ਤਕ ਨਚਦੀਆਂ ਰਹਿੰਦੀਆਂ ਹਨ, ਜਦੋਂ ਤਕ ਉਹ ਹੱਫ ਨਾ ਜਾਣ। ਨੱਚਣ ਵੇਲੇ ਪੈਰਾਂ ਦੇ ਤਾਲ ਦਾ ਉਚੇਚਾ ਖਿਆਲ ਰਖਿਆ ਜਾਂਦਾ ਹੈ। ਜੇ ਕੁੜੀਆਂ ਛੋਟੀਆਂ ਹੋਣ ਤਾਂ ਦੂਰੋਂ ਇੰਜ ਲਗਦਾ ਹੈ, ਜਿਵੇਂ ਕੰਵਲ-ਫੁੱਲ ਚੱਕਰ ਲਾ ਰਹੇ ਹੋਣ। ਜੇ ਵਡੀਆਂ ਹੋਣ ਤਾਂ ਉਨ੍ਹਾਂ ਦੀਆਂ ਚੁੰਨੀਆਂ ਲਹਿਰਾਂਦੀਆਂ, ਤੇ ਗੁੱਤਾਂ ਹਵਾ ਵਿਚ ਸੱਪਣੀ ਵਾਂਗ ਤੈਰਦੀਆਂ, ਅਜਬ ਦ੍ਰਿਸ਼ ਪੇਸ਼ ਕਰਦੀਆਂ ਹਨ। ਜਿਥੇ ਕਿੱਕਲੀ ਮਨੋਰੰਜਨ ਦਾ ਉਤਮ ਸਾਧਨ ਹੈ, ਉਥੇ ਸਰੀਰ ਵਿਚ ਚੁਸਤੀ ਤੇ ਨਰੋਆਪਨ ਲਿਆਂਦੀ ਹੈ ਤੇ ਇਕ ਤਰ੍ਹਾਂ ਸਾਰੇ ਪਠਿਆਂ ਦੀ ਵਰਜ਼ਿਸ਼ ਜਿਹੀ ਹੋ ਜਾਂਦੀ ਹੈ।

ਕਿੱਕਲੀ ਨਾਲ ਗੀਤ ਵੀ ਗਾਏ ਜਾਂਦੇ ਹਨ, ਜਿਨ੍ਹਾਂ ਦੇ ਛੋਟੇ ਛੋਟੇ ਤੁਕਾਂਤ ਤਾਲ ਦੇ ਅਨੁਕੂਲ ਹੁੰਦੇ ਹਨ। ਇਕ ਪੂਰੀ ਗੀਤ ਦੀ ਸਮਾਪਤੀ ਤੇ ਕਿੱਕਲੀ ਦਾ ਇਕ ਹਿਲੋਰਾ ਸਮਾਪਤ ਹੋ ਜਾਂਦਾ ਹੈ। ਇਨ੍ਹਾਂ ਗੀਤਾਂ ਵਿਚ ਮਾਪਿਆਂ ਤੇ ਵੀਰਾਂ ਨੂੰ ਸਲਾਹਿਆ ਗਿਆ ਹੁੰਦਾ ਹੈ। ਕੁਝ ਗੀਤਾਂ ਵਿਚ ਪੇਕੇ ਘਰ ਦੇ ਸੁੱਖਾਂ-ਸੱਧਰਾਂ ਅਤੇ ਸਹੁਰੇ ਘਰ ਦੇ ਵਿਚ, ਸੱਸ-ਨਨਾਣ ਦੇ ਅਤਿਆਚਾਰਾਂ ਵਲ ਭਾਵੁਕ ਜਿਹਾ ਸੰਕੇਤ ਹੈ। ਇਹ ਗੀਤ ਜਵਾਨੀ ਨੂੰ ਛੁਹ ਰਹੀਆਂ ਕੁੜੀਆਂ ਦੀਆਂ ਨਿਰਛਲ ਭਾਵਨਾਵਾਂ ਤੇ ਰੀਝਾਂ ਦੇ ਉਬਾਲ ਹਨ :

(ੳ) ਚੁਲ੍ਹੀ ਪਿਛੇ ਅੰਬ ਪਕੇ,
ਮੈਂ ਤਰੋੜ ਤਰੋੜ ਖਾਨੀ ਆਂ।
ਸੱਸੂ ਭੇਜੇ ਕਪੜੇ,
ਮੈਂ ਅੱਗ ਚਾ ਲਾਨੀ ਆਂ।
ਮਾਊ ਘਲੇ ਕਪੜੇ,
ਮੈਂ ਖੁਸ਼ ਹੋ ਹੰਢਾਨੀ ਆਂ।
ਮਾਹੀ ਮੇਰਾ ਪਾਤਸ਼ਾਹ,
ਮੈਂ ਉਹਦੀ ਪਟਰਾਣੀ ਆਂ।

(ਅ) ਗਈ ਸਾਂ ਮੈਂ ਗੰਗਾ,
ਚੜ੍ਹਾ ਲਿਆਈ ਵੰਗਾਂ,
'ਜਮਾਨੀ ਮੇਰਾ ਘਗਰਾ,
ਮੈਂ ਕਿਹੜੀ ਕਿੱਲੀ ਟੰਗਾਂ,
ਨੀ ਮੈਂ ਏਸ ਕਿੱਲੀ ਟੰਗਾਂ,
ਨੀ ਮੈਂ ਓਸ ਕਿੱਲੀ ਟੰਗਾਂ।

(ਕ-290) **ਕਿੰਗ :**

ਇਕ ਪ੍ਰਸਿਧ ਸਾਜ਼, ਜੋ ਫਿਰਤੂ ਸਾਧੂਆਂ, ਜੋਗੀਆਂ ਤੇ ਨਾਥਾਂ ਕੋਲ ਹੁੰਦਾ ਹੈ। ਇਹ ਸਾਜ, ਇਕ ਸਿਧੇ ਸਾਦੇ ਡੰਡੇ ਦੇ ਸਿਰ ਉਤੇ, ਤੂੰਬਾ ਮੜ੍ਹ ਕੇ ਬਣਾਇਆ ਜਾਂਦਾ ਹੈ। ਤੂੰਬੇ ਦੇ ਉਤੋਂ ਦੀ ਇਕ ਤਾਰ ਲੰਘਾ ਕੇ, ਉਸ ਨੂੰ ਡੰਡੇ ਦੇ ਦੁਹਾਂ ਸਿਰਿਆਂ ਨਾਲ ਕਸ ਦਿਤਾ ਜਾਂਦਾ ਹੈ। ਇਕਤਾਰਾ ਨੂੰ

ਉਂਗਲ ਨਾਲ ਵਜਾਇਆ ਜਾਂਦਾ ਹੈ। ਇਹ ਸਾਜ਼ ਇਕੋ ਤਾਰ ਦਾ ਹੋਣ ਕਰਕੇ 'ਇਕਤਾਰਾ' ਵੀ ਅਖਵਾਉਂਦਾ ਹੈ। ਇਸ ਸਾਜ਼ ਨੂੰ ਕਿੰਗਰੀ ਵੀ ਕਹਿੰਦੇ ਹਨ।

(ਕ-291) **ਕਿਥੇ ਚੱਲੇ** :

ਜਦੋਂ ਕੋਈ ਸ਼ਖ਼ਸ, ਕਿਸੇ ਕੰਮ ਲਈ ਘਰੋਂ ਨਿਕਲੇ, ਤਾਂ ਰਾਹ ਵਿਚ ਕਿਥੇ ਪੈ ਜਾਵੇ ਅਥਵਾ ਕੋਈ ਜਾਣਕਾਰ ਰਾਹ ਵਿਚ ਪੁਛੇ ਕਿ ਤੁਸੀਂ ਕਿਥੇ ਚਲੇ ਹੋ, ਤਾਂ ਲੋਕ-ਨਿਸਚੇ ਅਨੁਸਾਰ ਕੰਮ ਵਿਚ ਸਫਲਤਾ ਨਹੀਂ ਮਿਲਦੀ। ਕਈ ਅੰਧਵਿਸ਼ਵਾਸੀ ਲੋਕ ਤਾਂ ਰਾਹ ਵਿਚ ਮਿਲੇ ਵਾਕਫ਼ਕਾਰ ਨੂੰ ਪਹਿਲੋਂ ਹੀ ਤਾੜਨਾ ਕਰ ਦੇਂਦੇ ਹਨ ਕਿ ਉਹ ਕਿਥੇ ਨਾ ਪਾਵਣ। ਇਸ ਤਰ੍ਹਾਂ ਕੰਮ ਤੇ ਨਿਕਲੇ ਨੂੰ ਪਿਛੋਂ ਆਵਾਜ਼ ਪੌਣ ਨਾਲ ਵੀ, ਲੋਕ-ਧਾਰਨਾ ਅਨੁਸਾਰ, ਕੰਮ ਸੰਪੂਰਨ ਨਹੀਂ ਹੁੰਦਾ ਅਥਵਾ ਕੋਈ ਵਿਘਨ ਪੈ ਜਾਂਦਾ ਹੈ।

(ਕ-292) **ਕਿੰਨਰ** :

ਇਕ ਤਰ੍ਹਾਂ ਦੇ ਪੌਰਾਣਿਕ ਪੁਰਸ਼ ਜਿਨ੍ਹਾਂ ਦੇ ਮੂੰਹ ਸਿਰ ਘੋੜੇ ਦੇ ਤੇ ਧੜ ਆਦਮੀ ਵਰਗੇ ਹੁੰਦੇ ਹਨ। ਕਿੰਨਰ ਸੰਗੀਤ ਵਿਦਿਆ ਵਿਚ ਬੜੀ ਮੁਹਾਰਤ ਰਖਦੇ ਹਨ। ਕਿੰਨਰ ਪੁਲਸਤਯ ਰਿਸ਼ੀ ਦੀ ਉਲਾਦ ਮੰਨੇ ਗਏ ਹਨ। ਕਈਆਂ ਨੇ ਕਿੰਨਰ ਨੂੰ ਕਸ਼ਯਪ ਦੇ ਪੁਤਰ ਦਸਿਆ ਹੈ। ਇਕ ਮਿਥਕ ਕਥਾ ਅਨੁਸਾਰ ਕਿੰਨਰ ਯਖਸ਼ਾਂ ਦੇ ਨਾਲ ਹੀ ਬ੍ਰਹਮਾ ਦੇ ਅੰਗੂਠੇ ਵਿਚੋਂ ਪੈਦਾ ਹੋਏ।

ਕਿੰਨਰ ਕੈਲਾਸ਼ ਪਰਬਤ ਉਤੇ ਧਨ ਦੇ ਦਿਉਤੇ ਕੁਬੇਰ ਪਾਸ ਰਹਿੰਦੇ ਹਨ। ਇੰਦਰ ਦੀ ਸਭਾ ਵਿਚ, ਕਿੰਨਰ ਨਾਚ ਕਰਦੇ ਤੇ ਗੰਧਰਵ ਸਾਜ਼ ਵਜਾਉਂਦੇ ਹਨ। ਪੰਜਾਬ ਵਿਚ ਇਨ੍ਹਾਂ ਨੂੰ ਘੋੜਮੁਖੇ ਕਹਿੰਦੇ ਹਨ।

(ਕ-293) **ਕਿਬਲਾ** .

ਕਿਬਲੇ ਦੇ ਅਰਥ ਹਨ ਸਾਹਮਣੇ ਹੋਣਾ, ਭਾਵ ਉਹ ਦਿਸ਼ਾ ਜਿਧਰ ਮੂੰਹ ਕਰ ਕੇ ਨਮਾਜ਼ ਪੜ੍ਹੀ ਜਾਵੇ। ਮੁਸਲਮਾਨ ਕਾਅਬੇ ਨੂੰ ਸਭ ਤੋਂ ਵੱਧ ਪਵਿਤ੍ਰ ਸਥਾਨ ਮੰਨਦੇ ਹਨ ਅਤੇ ਉਸੇ ਦਿਸ਼ਾ ਵਲ ਮੂੰਹ ਕਰ ਕੇ ਨਮਾਜ਼ ਪੜ੍ਹਦੇ ਹਨ। ਇਸ ਲਈ ਕਾਅਬਾ ਮੁਸਲਮਾਨਾਂ ਦਾ ਕਿਬਲਾ ਹੈ।

ਯਹੂਦੀਆਂ ਦਾ ਕਿਬਲਾ ਜਰੂਸਲਮ ਹੈ। ਯਹੂਦੀ ਉਪਾਸਨਾ ਕਰਨ ਲਗਿਆਂ ਜਰੂਸਲਮ ਵਲ ਮੂੰਹ ਕਰਦੇ ਹਨ। ਈਸਾਈ ਪਰੰਪਰਾ ਵੀ ਯਹੂਦੀਆਂ ਵਾਲੀ ਹੀ ਹੈ, ਪਰ ਮੁਸਲਮਾਨਾਂ ਨੇ ਇਸ ਪਰੰਪਰਾ ਨੂੰ ਬਦਲਿਆ।

ਕਿਬਲੇ ਦੀ ਠੀਕ ਦਿਸ਼ਾ ਜਾਣਨ ਲਈ, ਮੁਸਲਮਾਨਾਂ ਵਿਚ ਇਕ ਯੰਤਰ, ਜਿਸ ਨੂੰ ਕਿਬਲਾਨੁਮਾ ਕਹਿੰਦੇ ਹਨ, ਵਰਤਿਆ ਜਾਂਦਾ ਹੈ। ਇਹ ਯੰਤਰ ਕੁਤਬਨੁਮਾ ਵਾਂਗ ਹੀ ਬਣਿਆ ਹੁੰਦਾ ਹੈ ਤੇ ਇਸ ਤੋਂ ਸਹਿਜੇ ਹੀ, ਕਿਬਲੇ ਦੀ ਦਿਸ਼ਾ ਮਾਲੂਮ ਕੀਤੀ ਜਾ ਸਕਦੀ ਹੈ। ਪਹਿਲਿਆਂ ਵਿਚ ਮੁਸਲਮਾਨ ਕਿਬਲੇ ਦੀ ਠੀਕ ਦਿਸ਼ਾ ਜਾਣਨ ਲਈ, ਆਪਣੇ ਕੋਠੇ ਉਤੇ ਮੁਰਗੇ ਦੀ ਸ਼ਕਲ ਦਾ ਟੀਨ ਦਾ ਇਕ ਪੱਤਰਾ ਗਡ ਦੇਂਦੇ ਸਨ ਤੇ ਉਸ ਤੋਂ ਕਿਬਲੇ ਦੀ ਦਿਸ਼ਾ ਦਾ ਅਨੁਮਾਨ ਲਗਾਉਂਦੇ ਸਨ।

ਮੁਸਲਮਾਨਾਂ ਵਿਚ ਕਿਬਲਾ ਆਦਰ ਬੋਧਕ ਸ਼ਬਦ ਹੈ।

(ਕ-294) **ਕਿਬਲਾ-ਏ-ਆਲਮ** :

ਇਕ ਪੀਰ ਜਿਨ੍ਹਾਂ ਦਾ ਅਸਲੀ ਨਾਂ ਖ਼ਵਾਜਾ ਨੂਰ ਮੁਹੰਮਦ ਸੀ। ਉਹ ਮੁੱਢ ਦੇ ਪੰਵਾਰ ਰਾਜਪੂਤ ਸਨ ਅਤੇ ਜ਼ਾਤ ਦੇ ਖੱਰਲ। ਬਹਾਵਲਪੁਰ ਗਜ਼ਟੀਅਰ (ਪੰਨਾ 176-178) ਅਨੁਸਾਰ ਇਨ੍ਹਾਂ ਦਾ ਜਨਮ 14 ਅਜ਼ਾਨ 1142 ਹਿਜਰੀ ਨੂੰ ਪਿੰਡ ਚੌਤਾਲਾ ਇਲਾਕਾ ਸ਼ੇਹਰ ਫ਼ਰੀਦ ਵਿਚ ਹੋਇਆ। ਇਨ੍ਹਾਂ ਨੇ ਛੋਟੀ ਉਮਰ ਵਿਚ ਹੀ ਸਾਰਾ ਕੁਰਾਨ ਜ਼ਬਾਨੀ ਹਿਫ਼ਜ਼ ਕਰ ਲਿਆ ਸੀ। ਇਨ੍ਹਾਂ ਨੇ ਉਚੀ ਸਿਖਿਆ ਬਕਲਾਣਾ (ਪਾਕਿਸਤਾਨ) ਡੇਰਾ ਗ਼ਾਜ਼ੀ ਖ਼ਾਨ ਅਤੇ ਲਾਹੌਰ ਵਿਚੋਂ ਪ੍ਰਾਪਤ ਕੀਤੀ ਅਤੇ ਫਿਰ ਦਿੱਲੀ ਵਿਚ 16 ਸਾਲ ਮੌਲਾਨਾ ਫ਼ਖ਼ਰ-ਉਦੀਨ ਮੁਹਿਬ-ਉਨ-ਨਬੀ ਨਾਲ ਰਹੇ ਅਤੇ ਖ਼ਿਲਾਫ਼ਤ ਪ੍ਰਾਪਤ ਕੀਤੀ।

ਇਨ੍ਹਾਂ ਦਾ ਨਾਂ ਨੂਰ ਮੁਹੰਮਦ, ਇਨ੍ਹਾਂ ਦੇ ਪੀਰ ਮੁਰਸ਼ਦ ਮੌਲਾਨਾ ਫ਼ਖ਼ਰ-ਉਦੀਨ ਨੇ ਤਜਵੀਜ਼ ਕੀਤਾ ਸੀ। ਮਨਾਕਿਬਲ ਮਾਹਬੂਬੈਨ ਵਿਚ ਇਕ ਤੁਕ ਦਿਤੀ ਹੋਈ ਹੈ, ਜੋ ਫ਼ਖ਼ਰ-ਉਦੀਨ ਦੀ ਹੈ, ਜੋ ਉਹ ਕਿਬਲਾ ਦੇ ਆਲਮ ਬਾਰੇ ਵਰਤਿਆ ਕਰਦੇ ਸਨ।

ਤਨ ਮਟਕੇ ਮਨ ਝਰਨਾ, ਸੁਰਤ ਬਲੋਵਣਹਾਰ।
ਮੱਖਨ ਪੰਜਾਬੀ ਲੈ ਗਿਆ, ਛਾਛ ਪਿਊ ਸੰਸਾਰ।

ਖ਼ਵਾਜਾ ਨੂਰ ਮੁਹੰਮਦ ਦੇ ਕਈ ਮੋਅਜਜ਼ੇ ਲੋਕਾਂ ਵਿਚ ਪ੍ਰਚਲਤ ਹਨ। ਰਵਾਇਤ ਹੈ ਕਿ ਉਹ ਆਪਣੇ ਕਲਪਿਤ ਸਰੀਰ 'ਵਜੂਦੇ ਜ਼ਿਲੀ' ਨੂੰ ਇਕੋ ਸਮੇਂ ਕਈ ਥਾਈਂ ਪ੍ਰਗਟ ਕਰਦੇ ਸਨ। ਇਕ ਵਾਰ 'ਮਹਾਰਾਂ' ਵਿਚ ਬੈਠਿਆਂ ਆਪਣੇ ਇਕ ਮੁਰੀਦ ਦੇ ਡੁਬਦੇ ਜਹਾਜ਼ ਨੂੰ, ਜੋ ਮੱਕੇ ਮਦੀਨੇ ਹੱਜ ਲਈ ਗਿਆ ਸੀ, ਉਨ੍ਹਾਂ ਨੇ ਗ਼ੈਬੀ ਸ਼ਕਤੀ ਨਾਲ ਬਚਾ ਲਿਆ ਸੀ।

ਖ਼ਵਾਜਾ ਨੇ ਆਪਣੇ ਇਕ ਮੁਰੀਦ ਦਾ ਜਨਾਜ਼ਾ ਪੜ੍ਹਨ ਦਾ ਬਚਨ ਕੀਤਾ, ਪਰ ਇਨ੍ਹਾਂ ਦੀ ਮ੍ਰਿਤੂ ਮੁਰੀਦ ਤੋਂ ਪਹਿਲਾ ਹੋ ਗਈ। ਜਦੋਂ ਮੁਰੀਦ ਦੇ ਜਨਾਜ਼ਾ ਪੜ੍ਹਨ ਦਾ ਸਮਾਂ ਆਇਆ ਤਾਂ ਕਿਬਲਾ-ਏ-ਆਲਮ ਨੇ ਪ੍ਰਗਟ ਹੋ ਕੇ ਜਨਾਜ਼ਾ ਪੜ੍ਹਿਆ। ਇਨ੍ਹਾਂ ਦੀ ਮ੍ਰਿਤੂ 63 ਸਾਲਾਂ ਦੀ ਉਮਰ

ਵਿਚ 1205 ਹਿਜਰੀ ਨੂੰ ਹੋਈ ਅਤੇ ਇਨ੍ਹਾਂ ਦੀ ਵਸੀਅਤ ਅਨੁਸਾਰ, ਇਨ੍ਹਾਂ ਨੂੰ ਚਿਸ਼ਤੀਆਂ ਵਿਚ ਉਸ ਟੁਕੜੇ ਵਿਚ ਦਫ਼ਨ ਕੀਤਾ ਗਿਆ, ਜਿਸ ਬਾਰੇ ਕਿਹਾ ਜਾਂਦਾ ਹੈ, 'ਅਜੀਜ ਜ਼ਮੀਨ ਬੂਏ ਦਿਲਾਂ ਆਯਦ' ਭਾਵ ਇਸ ਧਰਤੀ ਵਿਚੋਂ (ਪੀਰਾਂ ਦੇ) ਦਿਲਾਂ ਦੀ ਖ਼ੁਸ਼ਬੂ ਆਉਂਦੀ ਹੈ।

(ਕ-295) **ਕਿਰਨ** :

ਗੁਰਦਾਸਪੁਰ ਦੇ ਜ਼ਿਲ੍ਹੇ ਵਿਚ ਵਗਦੀ ਇਕ ਨਦੀ, ਜੋ ਦੀਨਾ ਨਗਰ ਦੇ ਪੱਛਮ ਵਿਚ ਬਹਰਾਮਪੁਰ ਦੇ ਛੰਭਾਂ ਵਿਚੋਂ ਨਿਕਲਦੀ ਹੈ। ਇਹ ਨਦੀ ਰਾਵੀ ਦਰਿਆ ਦੇ ਨਾਲ ਨਾਲ ਵਗਦੀ ਹੋਈ, ਅੰਮ੍ਰਿਤਸਰ ਜ਼ਿਲ੍ਹੇ ਵਿਚ ਆ ਦਾਖ਼ਲ ਹੁੰਦੀ ਹੈ ਤੇ ਅਖ਼ੀਰ ਰਾਵੀ ਦਰਿਆ ਵਿਚ ਰਲ ਕੇ ਆਪਣੀ ਹੋਂਦ ਖ਼ਤਮ ਕਰ ਦੇਂਦੀ ਹੈ। ਅੰਮ੍ਰਿਤਸਰ ਸ਼ਹਿਰ ਦੀ ਹਦ ਦੇ ਨੇੜੇ ਇਸ ਨੂੰ 'ਸਕੀ ਨਾਲਾ' ਵੀ ਕਹਿੰਦੇ ਹਨ।

ਰਵਾਇਤ ਹੈ ਕਿ ਇਸ ਨਦੀ ਨੂੰ ਪੌਰਾਣਿਕ ਕਾਲ ਵਿਚ ਰਾਜੇ ਕਿਰਨ ਨੇ ਖੁਦਵਾਇਆ ਸੀ ਤੇ ਰਾਜੇ ਦੇ ਨਾਉਂ ਤੋਂ ਨਦੀ ਦਾ ਨਾਉਂ ਵੀ, ਕਿਰਨ ਪੈ ਗਿਆ। ਇਕ ਹੋਰ ਦੰਦ-ਕਥਾ ਅਨੁਸਾਰ ਇਹ ਨਾਲਾ, ਉਸ ਪਹੇ ਉਤੇ ਬਣਿਆ ਜਿਥੋਂ ਇਕ ਸੱਪ ਲੰਘਿਆ ਸੀ। ਇਸੇ ਲਈ ਇਹ ਨਦੀ ਸੱਪ ਵਾਂਗ ਵਲ ਖਾਂਦੀ ਵਗਦੀ ਹੈ।

(ਕ-296) **ਕਿਰਨ ਮਕਿਰਨੀ** :

ਛੋਟੇ ਬੱਚਿਆਂ ਦੀ ਇਕ ਖੇਡ, ਜੋ ਛੁਹਣ ਛੁਹਾਈ ਦੀ ਹੀ ਇਕ ਵੰਨਗੀ ਹੈ। ਇਸ ਖੇਡ ਨੂੰ ਕੁੜੀਆਂ ਵਧੇਰੇ ਸਵਾਦ ਨਾਲ ਖੇਡਦੀਆਂ ਹਨ। ਪਹਿਲਾਂ ਬੱਚੇ ਪੁੱਗਦੇ ਹਨ। ਜਿਹੜਾ ਇਕ ਨਹੀਂ ਪੁੱਗਦਾ ਉਸ ਦੇ ਸਿਰ ਮੀਟੀ ਆ ਜਾਂਦੀ ਹੈ। ਇਕ ਵੱਡਾ ਬੱਚਾ ਦਾਈ ਬਣ ਜਾਂਦਾ ਹੈ ਤੇ ਮੀਟੀ ਦੇਣ ਵਾਲਾ ਉਸ ਦੀ ਝੋਲੀ ਅੱਗੇ ਲੱਤਾਂ ਪਸਾਰ ਕੇ ਬੈਠ ਜਾਂਦਾ ਹੈ। ਦਾਈ ਉਸ ਬੱਚੇ ਦੀਆਂ ਦੋਹਾਂ ਹੱਥਾਂ ਨਾਲ ਅੱਖਾਂ ਬੰਦ ਕਰ ਰਖਦੀ ਹੈ। ਖਿਡਾਰੀ ਵਾਰੋ ਵਾਰੀ ਮੀਟੀ ਦੇਣ ਵਾਲੇ ਬੱਚੇ ਦੀਆਂ ਲੱਤਾਂ ਤੋਂ ਟਪਦੇ ਹਨ। ਦਾਈ ਉਚਾਰਦੀ ਹੈ: ਕਿਰਨ ਮਕਿਰਨੀ ਕੌਣ ਕਿਰਿਆ, ਕੌਣ ਕਿਰਿਆ ?

ਅਗੋਂ ਮੀਟੀ ਦੇਣ ਵਾਲਾ ਬੱਚਾ, ਅੰਦਾਜ਼ੇ ਨਾਲ ਹੀ ਕਿਸੇ ਇਕ ਬੱਚੇ ਦਾ ਨਾਉਂ ਲੈ ਦੇਂਦਾ ਹੈ, ਜੇ ਠੀਕ ਬੁੱਝ ਲਿਆ ਜਾਵੇ ਤਾਂ ਉਸ ਬੱਚੇ ਦੇ ਸਿਰ ਮੀਟੀ ਆ ਜਾਂਦੀ ਹੈ ਤੇ ਖੇਡ ਪਹਿਲਾਂ ਵਾਂਗ ਮੁੜ ਸ਼ੁਰੂ ਹੋ ਜਾਂਦੀ ਹੈ। ਜੇ ਕਿਆਸ ਗ਼ਲਤ ਨਿਕਲੇ ਤੇ ਲੱਤਾਂ ਤੋਂ ਟੱਪਣ ਵਾਲੇ, ਕਿਸੇ ਬੱਚੇ ਨੂੰ ਵੀ ਉਹ ਨਾ ਪਛਾਣ ਸਕੇ ਤਾਂ ਫਿਰ ਮੀਟੀ ਵਾਲਾ ਬੱਚਾ ਸਭ ਬੱਚਿਆਂ ਦੇ ਪਿਛੇ, ਉਨ੍ਹਾਂ ਨੂੰ ਛੁਹਣ ਲਈ ਨੱਠਦਾ ਹੈ, ਜਿਸ ਨੂੰ ਛੁਹ ਲਏ ਉਸਦੇ ਸਿਰ ਮੀਟੀ ਆ ਜਾਂਦੀ ਹੈ ਤੇ ਫਿਰ ਨਵੇਂ ਸਿਰੇ ਤੋਂ ਖੇਡ ਸ਼ੁਰੂ ਹੋ ਜਾਂਦੀ ਹੈ।

(ਕ-297) **ਕਿਰਲ ਕਾਂਗਾ** :

ਇਹ ਖੇਡ ਜੋ ਮੁੰਡੇ ਕਿਸੇ ਦਰਖ਼ਤ ਹੇਠਾਂ ਖੇਡਦੇ ਹਨ। ਪਹਿਲਾਂ ਮੁੰਡੇ ਪੁੱਗਦੇ ਹਨ ਤੇ ਅਣਪੁਗੇ ਦੇ ਸਿਰ ਮੀਟੀ ਆਉਂਦੀ ਹੈ। ਦਰਖ਼ਤ ਹੇਠਾਂ ਇਕ ਨਿਕਾ ਜਿਹਾ ਦਾਇਰਾ ਬਣਾ ਕੇ ਉਸਦੇ ਅੰਦਰ, ਇਕ ਡੰਡਾ ਰਖ ਦੇਂਦੇ ਹਨ। ਖੇਡ ਸ਼ੁਰੂ ਕਰਨ ਵੇਲੇ ਇਕ ਮੁਖੀ ਖਿਡਾਰੀ ਡੰਡੇ ਨੂੰ ਫੜ ਕੇ ਆਪਣੀ ਸੱਜੀ ਲੱਤ ਹੇਠੋਂ ਲੰਘਾ ਕੇ ਜਿਤਨੀ ਦੂਰ ਹੋ ਸਕੇ ਸੁਟਦਾ ਹੈ ਤੇ ਮੁੰਡੇ ਦਰਖ਼ਤ ਉਤੇ ਇਕ ਇਕ ਕਰ ਕੇ ਚੜ੍ਹ ਜਾਂਦੇ ਹਨ। ਮੀਟੀ ਦੇਣ ਵਾਲਾ ਮੁੰਡਾ ਉਸ ਡੰਡੇ ਨੂੰ ਚੁੱਕ ਕੇ ਲਿਆਂਦਾ ਤੇ ਦਾਇਰੇ ਵਿਚ ਰਖ ਕੇ ਫਿਰ ਦੂਜੇ ਖਿਡਾਰੀਆਂ ਪਿਛੇ ਦੌੜਨ ਲਗਦਾ ਹੈ ਤੇ ਛੁਹਣ ਲਈ ਦਰਖ਼ਤ ਤੇ ਚੜ੍ਹਦਾ ਹੈ। ਇਸ ਖੇਡ ਵਿਚ ਮੀਟੀ ਦੇਣ ਵਾਲੇ ਨੂੰ ਹੱਥ ਨਾਲ ਨਹੀਂ, ਪੈਰ ਨਾਲ ਛੁਹਣਾ ਹੁੰਦਾ ਹੈ। ਪੈਰ ਨਾਲ ਪੈਰ ਲਾ ਕੇ ਜਿਹੜਾ ਖਿਡਾਰੀ ਦਰਖ਼ਤ ਹੇਠ ਦਾਇਰੇ ਵਿਚ ਪਿਆ ਡੰਡਾ ਚੁਕ ਕੇ ਚੁੰਮ ਲਏ, ਉਸਨੂੰ ਫਿਰ ਛੂਹਿਆ ਨਹੀਂ ਜਾਂਦਾ। ਜੇ ਉਹ ਕਿਸੇ ਨੂੰ ਪੈਰ ਨਾਲ ਛੁਹ ਲੈਂਦਾ ਹੈ ਤਾਂ ਉਸ ਸਿਰ ਮੀਟੀ ਆ ਜਾਂਦੀ ਹੈ। ਛੁਹਣ ਵਾਲਾ ਖਿਡਾਰੀ, ਅਗਲੀ ਵਾਰ ਡੰਡਾ, ਆਪਣੀ ਲੱਤ ਹੇਠੋਂ ਸੁਟਦਾ ਹੈ ਤੇ ਮੀਟੀ ਵਾਲਾ ਡੰਡਾ ਚੁਕਣ ਲਈ ਦੌੜਦਾ ਹੈ। ਜੇ ਉਹ ਕਿਸੇ ਨੂੰ ਵੀ ਛੁਹ ਨਾ ਸਕੇ ਤਾਂ ਦੁਬਾਰਾ ਖੇਡ ਸ਼ੁਰੂ ਹੋ ਜਾਂਦੀ ਹੈ।

(ਕ-298) **ਕਿਰਿਆ ਕਰਮ** :

ਪ੍ਰਾਣੀ ਦੇ ਮਰਨ ਤੋਂ ਮਗਰੋਂ ਚੌਥੇ, ਦਸਵੇਂ, ਬਾਰ੍ਹਵੇਂ, ਤੇਰ੍ਹਵੇਂ ਜਾਂ ਸਤਾਰ੍ਹਵੇਂ ਦਿਨ ਕੀਤੇ ਜਾਂਦੇ ਧਾਰਮਿਕ ਸੰਸਕਾਰ; ਕਈ ਚੌਥੇ ਦਿਨ ਕਰਦੇ ਨੇ ਤੇ ਇਸਨੂੰ 'ਚੌਥਾ' ਕਿਹਾ ਜਾਂਦਾ ਹੈ। ਜੇ ਤੇਰ੍ਹਵੇਂ ਦਿਨ ਕੀਤਾ ਜਾਵੇ ਤਾਂ ਤੇਰ੍ਹਵਾਂ, ਜੇ ਸਤਾਰ੍ਹਵੇਂ ਦਿਨ ਕੀਤੇ ਜਾਣ ਤਾਂ 'ਸਤਾਰ੍ਹਵਾਂ' ਕਹਿੰਦੇ ਹਨ। ਕਈ ਲੋਕ ਦਸਵੇਂ ਜਾਂ ਬਾਰ੍ਹਵੇਂ ਦਿਨ ਵੀ ਕਿਰਿਆ ਕਰਮ ਕਰਦੇ ਹਨ (ਵੇਖੋ : ਅੰਤੇਸ਼ਟੀ)।

(ਕ-299) **ਕਿਰਾੜ** :

ਪੱਛਮੀ ਪੰਜਾਬ ਵਿਚ ਕਿਰਾੜ ਸ਼ਬਦ ਹਿੰਦੂ ਖੱਤਰੀਆਂ, ਹਟਵਾਣੀਆਂ ਵਾਸਤੇ ਪ੍ਰਯੋਗ ਕੀਤਾ ਜਾਂਦਾ ਰਿਹਾ। ਪਹਿਲਾਂ ਇਹ ਸ਼ਬਦ ਆਦਰ-ਬੋਧਕ ਸੀ, ਪਰ ਮੁਸਲਮਾਨਾਂ ਦੇ ਰਾਜ ਵੇਲੇ, ਇਹ ਸ਼ਬਦ ਨਿੰਦਾ-ਵਾਚਕ ਹੋ ਗਿਆ। ਅਖਾਣਾਂ ਵਿਚ ਕਿਰਾੜਾਂ ਦੀ ਨਿੰਦਿਆ ਕੀਤੀ ਗਈ ਹੈ, ਜਿਵੇਂ

'ਕਾਂ ਕਿਰਾੜ ਕੁੱਤੇ ਦਾ, ਵਿਸਾਹ ਨਾ ਖਾਈਏ ਸੁੱਤੇ ਦਾ' ਜਾਂ 'ਹੋਣੀ ਧਾੜ ਕਿਰਾੜਾਂ ਵਰਗੇ' ।

(ਕ-300) **ਕਿਰੜਾਕੀ** :

ਕਿਰਾੜਾਂ ਵਿਚ ਵਰਤੀ ਜਾਂਦੀ ਇਕ ਲਿੱਪੀ; ਜੋ ਦੇਸ਼ ਵੰਡ ਤੋਂ ਪਹਿਲਾਂ ਮੁਜ਼ਫ਼ਰਗੜ੍ਹ ਤੇ ਉਸਦੇ ਆਸ ਪਾਸ ਦੇ ਇਲਾਕੇ ਦੇ ਕਿਰਾੜਾਂ (ਪਿੰਡੂ ਦੁਕਾਨਦਾਰਾਂ) ਵਿਚ ਆਮ ਪ੍ਰਚਲਤ ਸੀ । ਇਹ ਬੜੀ ਅਪੂਰਨ ਜਿਹੀ ਲਿੱਪੀ ਹੈ ਤੇ ਬਹੁਤੀ ਵਾਰ ਠੀਕ ਤਰ੍ਹਾਂ ਪੜ੍ਹੀ ਵੀ ਨਹੀਂ ਜਾਂਦੀ । ਇਸ ਲਿੱਪੀ ਵਿਚ ਲਗਾਂ ਮਾਤਰਾਂ ਦੀ ਵਰਤੋਂ ਨਹੀਂ ਹੁੰਦੀ ਤੇ ਇਕੋ ਸ਼ਬਦ ਨੂੰ ਕਈ ਤਰ੍ਹਾਂ ਨਾਲ ਪੜ੍ਹਿਆ ਜਾ ਸਕਦਾ ਹੈ ਜਿਵੇਂ ਦਿਲ ਤੇ ਢੋਲਾ ਦੋਵੇਂ ਸ਼ਬਦ ਦ ਤੇ ਲ ਅੱਖਰ ਮਿਲਾ ਕੇ ਲਿਖੇ ਜਾਂਦੇ ਹਨ ਤੇ ਮਾਤਰਾਂ ਦੋਹਾਂ ਵਿਚ ਨਹੀਂ ਲਗਾਈ ਜਾਂਦੀ । ਇਸੇ ਤਰ੍ਹਾਂ ਵੱਟ ਨੂੰ ਵਾਟ, ਵੱਟਾ, ਵੱਟੀ, ਵੋਟ ਪੜ੍ਹਿਆ ਜਾ ਸਕਦਾ ਹੈ ਤੇ ਠੀਕ ਸ਼ਬਦ ਕਿਹੜਾ ਹੈ ਇਹ ਕੇਵਲ ਪ੍ਰਸੰਗ ਵਿਚੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ।

ਇਸ ਲਿੱਪੀ ਸੰਬੰਧੀ ਕਈ ਲਤੀਫ਼ੇ ਪ੍ਰਚਲਤ ਹਨ । ਇਕ ਵਾਰ ਇਕ ਲੜਕੇ ਨੇ ਆਪਣੇ ਕਿਸੇ ਰਿਸ਼ਤੇਦਾਰ ਨੂੰ ਚਿੱਠੀ ਲਿਖੀ—'ਲਾਲਾ ਜੀ ਅਜਮੇਰ ਗਏ', ਪਰ ਅੱਗੋਂ ਪੜ੍ਹਨ ਵਾਲਿਆਂ ਨੇ ਪੜ੍ਹਿਆ ਕਿ 'ਲਾਲਾ ਜੀ ਅਜ ਮਰ ਗਏ ।' ਤੇ ਘਰ ਵਿਚ ਰੋਣਾ ਪਿਟਣਾ ਸ਼ੁਰੂ ਹੋ ਗਿਆ ।

(ਕ-301) **ਕ੍ਰਿਤ ਯੁੱਗ** :

ਚੁਹਾਂ ਯੁੱਗਾਂ ਵਿਚ ਪਹਿਲਾ ਯੁੱਗ ਜਿਸ ਨੂੰ ਸਤਿ ਯੁੱਗ ਕਿਹਾ ਜਾਂਦਾ ਹੈ, ਇਸਨੂੰ ਕ੍ਰਿਤ ਯੁੱਗ ਵੀ ਕਿਹਾ ਜਾਂਦਾ ਹੈ, ਕਿਉਂ ਜੋ ਨਰ ਮਨੁੱਖ ਆਪਣੇ ਸਾਰੇ ਕੰਮ ਖ਼ੁਦ ਕਰਦਾ ਸੀ ।

(ਕ-302) **ਕਿਲ** :

(1) ਕਿਲ ਜਾਦੂ ਟੂਣੇ ਲਈ ਬੜਾ ਉਪਯੋਗੀ ਮੰਨਿਆ ਗਿਆ ਹੈ । ਇਕ ਤਾਂ ਲੋਹੇ ਦਾ ਹੋਣ ਕਰਕੇ ਪ੍ਰੇਤ ਰੂਹਾਂ ਨੂੰ ਦੂਰ ਰਖਦਾ ਹੈ । ਦੂਜਾ, ਇਸਦੀ ਨੋਕ ਵਿਚ ਕਾਬੂ ਕਰਨ ਦੀ ਸ਼ਕਤੀ ਹੈ ।

ਜਦੋਂ ਕੋਈ, ਗਰਭਵਤੀ ਔਰਤ ਮਰ ਜਾਵੇ ਤਾਂ ਪਿੰਡਾਂ ਵਿਚ ਪੱਛੜੀਆ ਸ਼੍ਰੇਣੀਆਂ ਦੇ ਲੋਕ, ਉਹਦੀਆਂ ਅੱਖਾਂ ਵਿਚ ਮਿਰਚਾਂ ਪਾ ਦਿੰਦੇ ਹਨ ਅਤੇ ਹੱਥਾਂ-ਪੈਰਾਂ ਵਿਚ ਕਿਲ ਠੋਕ ਦਿੰਦੇ ਹਨ । ਇਸ ਤਰ੍ਹਾਂ ਜੇ ਉਹ ਤੀਵੀਂ ਮਰ ਕੇ ਚੁੜੇਲ ਬਣ ਜਾਵੇ ਤਾਂ ਅੰਨ੍ਹੀ ਹੋਣ ਕਰਕੇ ਤੇ ਹੱਥਾਂ ਪੈਰਾਂ ਵਿਚ ਕਿਲ ਗੱਡੇ ਹੋਣ ਕਰਕੇ ਤੁਰ ਨਹੀਂ ਸਕਦੀ । ਕਿਸੇ ਨੂੰ ਦੁੱਖ ਤਸੀਹੇ ਨਹੀਂ ਦੇ ਸਕਦੀ ।

ਦਾੜ੍ਹ ਦਰਦ ਨੂੰ ਦੂਰ ਕਰਨ ਲਈ ਵੀ ਮੰਤ੍ਰਿਆ ਹੋਇਆ ਕਿਲ ਵਰਤਿਆ ਜਾਂਦਾ ਹੈ ।

(2) ਤੀਵੀਂ ਦੇ ਨੱਕ ਵਿਚ ਪਹਿਨਣ ਵਾਲਾ ਇਕ ਗਹਿਣਾ, ਜਿਸਨੂੰ ਕੋਕਾ ਵੀ ਕਹਿੰਦੇ ਹਨ ।

(ਕ-303) **ਕੀਮਾ ਮਲਕੀ** :

ਇਹ ਪ੍ਰੀਤ-ਕਥਾ ਅਕਬਰ ਦੇ ਰਾਜ ਸਮੇਂ ਵਾਪਰੀ, ਮਲਕੀ ਰਾਇ ਮੁਬਾਰਕ ਦੀ ਧੀ ਸੀ, ਜੋ ਸਿੰਧ (ਪਾਕਿਸਤਾਨ) ਦੇ ਇਕ ਨਗਰ ਗੜ੍ਹ ਮੁਗਲਾਨਾ ਦਾ ਵਸਨੀਕ ਸੀ । ਮਲਕੀ ਦਾ ਚਾਚਾ ਦਰੀਆ ਉਸਦਾ ਵਿਆਹ ਅਕਬਰ ਨਾਲ ਕਰਨਾ ਚਾਹੁੰਦਾ ਸੀ, ਪਰ ਰਾਇ ਮੁਬਾਰਕ ਨੇ, ਉਸਦਾ ਰਿਸ਼ਤਾ ਤਖ਼ਤ ਹਜ਼ਾਰੇ ਦੇ ਕੀਮੇ ਨਾਲ ਕਰ ਦਿਤਾ, ਜੋ ਰਾਂਝੇ ਦੇ ਭਤੀਜੇ ਜਾਨੀ ਦਾ ਲੜਕਾ ਸੀ । ਕੀਮੇ ਨੂੰ ਕੁਝ ਚਿਰ ਜੇਲ੍ਹ ਵਿਚ ਕੈਦ ਵੀ ਕਟਣੀ ਪਈ । ਪਰ ਬਾਅਦ ਵਿਚ ਇਸਨੂੰ ਅਕਬਰ ਨੇ ਰਿਹਾ ਕਰ ਦਿਤਾ । ਮਲਕੀ ਤੇ ਕੀਮਾ ਦਾ ਵਿਆਹ ਹੋ ਗਿਆ ਸੀ । ਇਹ ਇਸ਼ਕ ਸੁਖਾਂਤ ਵਿਚ ਨਿਬੜਿਆ ।

ਇਹ ਪ੍ਰੀਤ ਕਿੱਸਾ 'ਹੀਰ ਰਾਂਝੇ' ਦੇ 'ਕਥਾ ਚੱਕਰ' ਦਾ ਅੰਗ ਹੈ ।

(ਕ-304) **ਕੀਰਤਪੁਰ** :

ਪੰਜਾਬ ਦਾ ਇਕ ਨਗਰ ਜਿਥੇ ਸਿੱਖਾਂ ਦੇ ਅਨੇਕਾਂ ਪਵਿਤ੍ਰ ਗੁਰ-ਧਾਮ ਹਨ । ਇਹ ਨਗਰ ਰੋਪੜ ਤੋਂ 14 ਮੀਲ ਦੂਰ, ਪਹਾੜੀ ਇਲਾਕੇ ਵਿਚ, ਸਤਲੁਜ ਦੇ ਕੰਢੇ ਸਥਿਤ ਹੈ । ਇਹ ਰਮਣੀਕ ਸਥਾਨ 1626 ਈ: ਵਿਚ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੁੱਤਰ ਬਾਬਾ ਗੁਰਦਿਤਾ ਦੁਆਰਾ ਵਸਾਇਆ । ਇਸ ਇਲਾਕੇ ਦੀ ਸਾਰੀ ਜ਼ਮੀਨ ਉਨ੍ਹਾਂ ਨੇ ਰਾਜਾ ਤਾਰਾਚੰਦ ਕਹਿਲੂਰੀਏ ਤੋਂ ਖ਼ਰੀਦੀ ।

ਸਿੱਖ ਧਰਮ ਵਿਚ ਕੀਰਤਪੁਰ ਦਾ ਉਹ ਹੀ ਮਹੱਤਵ ਹੈ, ਜੋ ਹਿੰਦੂਆਂ ਲਈ ਹਰਦੁਆਰ ਦਾ । ਬਹੁਤੇ ਸਿੱਖ ਆਪਣੇ ਮ੍ਰਿਤਕ ਸੰਬੰਧੀਆਂ ਦੇ ਫੁੱਲ ਕੀਰਤਪੁਰ ਆ ਕੇ, ਸਤਲੁਜ ਵਿਚ ਜਲ-ਪ੍ਰਵਾਹ ਕਰਦੇ ਹਨ । ਇਹ ਅਸਥਾਨ ਪਾਤਾਲ ਪੁਰੀ ਦੇ ਨਾਂ ਨਾਲ ਪ੍ਰਸਿਧ ਹੈ ।

ਕੀਰਤਪੁਰ ਵਿਚ ਕੁਝ ਪ੍ਰਸਿਧ ਤੇ ਧਾਰਮਕ ਅਸਥਾਨ ਹਨ :

1. ਸ਼ੀਸ਼ ਮਹਲ : ਗੁਰੂ ਹਰਿਗੋਬਿੰਦ ਜੀ ਦਾ ਨਿਵਾਸ ਅਸਥਾਨ, ਇਥੇ ਹੀ ਗੁਰੂ ਹਰਿਰਾਏ ਤੇ ਗੁਰੂ ਹਰਿਕ੍ਰਿਸ਼ਨ ਦਾ ਜਨਮ ਹੋਇਆ ਸੀ ।
2. ਹਰਿਮੰਦਰ ਸਾਹਿਬ : ਗੁਰੂ ਹਰਿਗੋਬਿੰਦ ਦਾ ਨਿਵਾਸ ਅਸਥਾਨ ।

3. ਗੁਰੂ ਦਾ ਖੂਹ : ਇਹ ਖੂਹ ਗੁਰੂ ਹਰਿਗੋਬਿੰਦ ਨੇ ਬਣਵਾਇਆ। ਇਸਦੇ ਜਲ ਨੂੰ ਅੰਮ੍ਰਿਤ ਵਾਂਗ ਪਵਿਤ੍ਰ ਸਮਝਿਆ ਜਾਂਦਾ ਹੈ।

4. ਚਰਨ ਮਲ : ਗੁਰੂ ਨਾਨਕ ਦੇਵ ਦੀ ਸਿਮ੍ਰਤੀ ਵਿਚ ਗੁਰਦਵਾਰਾ ਜਿਥੇ ਬੁਢਣ ਸ਼ਾਹ ਨੂੰ ਉਪਦੇਸ਼ ਦਿਤਾ ਗਿਆ ਸੀ।

5 ਚਬੱਚਾ ਸਾਹਿਬ : ਗੁਰੂ ਹਰਿਰਾਇ ਦਾ ਗੁਰਦਵਾਰਾ, ਇਥੇ ਗੁਰੂ ਜੀ ਘੋੜਿਆਂ ਵਿਚ ਦਾਣਾ ਵੰਡਦੇ ਸਨ।

6. ਤਖ਼ਤ ਸਾਹਿਬ : ਗੁਰੂ ਹਰਿਰਾਏ ਤੇ ਗੁਰੂ ਹਰਿਕ੍ਰਿਸ਼ਨ ਨੂੰ ਇਥੇ ਗੁਰਿਆਈ ਦੇ ਤਿਲਕ ਲਗੇ ਸਨ।

7. ਤੀਰ ਮੰਜ ਸਾਹਿਬ : ਇਥੋਂ ਗੁਰੂ ਹਰਗੋਬਿੰਦ ਤੀਰ ਚਲਾਇਆ ਕਰਦੇ ਸਨ।

8. ਦਮਦਮਾ ਸਾਹਿਬ : ਇਥੇ ਗੁਰੂ ਹਰਿਰਾਇ ਦੀਵਾਨ ਸਜਾਇਆ ਕਰਦੇ ਸਨ।

9. ਦੇਹਰਾ ਬਾਬਾ ਗੁਰਦਿਤਾ ਜੀ : ਇਥੇ ਗੁਰੂ ਹਰਿਗੋਬਿੰਦ ਦੇ ਸਪੁੱਤਰ ਬਾਬਾ ਗੁਰਦਿਤਾ ਦਾ ਸਸਕਾਰ ਹੋਇਆ ਸੀ।

10. ਪਾਤਾਲ ਪੁਰੀ : ਗੁਰੂ ਹਰਿਗੋਬਿੰਦ ਤੇ ਗੁਰੂ ਹਰਿਰਾਇ ਦਾ ਸਸਕਾਰ ਅਸਥਾਨ, ਗੁਰੂ ਹਰਿਕ੍ਰਿਸ਼ਨ ਦੀ ਬਿਭੂਤੀ ਵੀ ਇਥੇ ਲਿਆ ਕੇ ਰਖੀ ਗਈ ਸੀ।

11. ਬੁੱਢਣਸ਼ਾਹ ਦਾ ਤਕੀਆ।

12. ਵਿਮਾਨ ਗੜ੍ਹ : ਇਥੇ ਦਿੱਲੀ ਤੋਂ ਗੁਰੂ ਤੇਗ ਬਹਾਦਰ ਦਾ ਆਇਆ ਸੀਸ ਰਖਿਆ ਗਿਆ ਸੀ, ਜੋ ਮਗਰੋਂ ਵਿਮਾਨ ਵਿਚ ਰਖ ਕੇ ਅਨੰਦਪੁਰ ਲਿਜਾਇਆ ਗਿਆ ਸੀ।

(ਕ-305) **ਕੀਲ** :

ਤੰਤਰ-ਸ਼ਾਸਤ੍ਰ ਅਨੁਸਾਰ ਉਹ ਮੰਤਰ ਜੋ ਕਿਸੇ ਦੂਜੇ ਮੰਤਰ ਦੇ ਅਸਰ ਨੂੰ ਖ਼ਤਮ ਕਰ ਦੇਵੇ, ਇਹ ਮੰਤਰ ਬਾਕੀ ਮੰਤਰਾਂ ਤੋਂ ਜ਼ੋਰਦਾਰ ਹੁੰਦਾ ਹੈ ਤੇ ਪਹਿਲਾਂ ਹੋਏ ਸਭ ਮੰਤ੍ਰਾਂ ਦੇ ਅਸਰ ਨੂੰ ਜ਼ਾਇਆ ਕਰ ਦਿੰਦਾ ਹੈ।

(ਕ-306) **ਕੀਲਣਾ** :

ਜਦੋਂ ਕਿਸੇ ਸ਼ਖ਼ਸ ਨੂੰ ਕੋਈ ਚੰਦਰੀ ਰੂਹ ਚੰਬੜੀ ਹੋਵੇ ਅਥਵਾ ਪਕੜ ਹੋਵੇ ਤਾਂ ਚੇਲੇ ਮੰਤਰ ਪੜ੍ਹ ਕੇ ਜ਼ਿਮੀਂ ਵਿਚ ਮੇਖ ਗਡਦੇ ਹਨ, ਜਿਸ ਨਾਲ ਨਿਸਚਾ ਹੈ ਕਿ ਚੰਦਰੀ ਰੂਹ ਕਾਬੂ ਵਿਚ ਆ ਜਾਂਦੀ ਹੈ। ਇਸ ਕਿਰਿਆ ਨੂੰ ਕੀਲਣਾ ਕਹਿੰਦੇ ਹਨ।

(ਕ-307) **ਕੀੜ** :

ਖੱਤਰੀਆਂ ਦੀ ਇਕ ਗੋਤ, ਜੋ ਸਰੀਣਾ ਦੀ ਉਪਵੰਡ ਵਿਚੋਂ ਹੈ। ਇਸ ਗੋਤ ਦੇ ਲੋਕ ਗਊ ਮੱਝ ਦੇ ਸੂਣ ਮਗਰੋਂ ਪਹਿਲੀ ਵਾਰ ਚੋਏ ਦੁੱਧ ਅਥਵਾ ਬਹੁਲੀ ਨੂੰ, ਕੀੜਿਆਂ ਦੀਆਂ ਖੁੱਡਾਂ ਨੂੰ ਭੇਟ ਕਰਦੇ ਸਨ। ਕੀੜਾ ਪ੍ਰਾਚੀਨ ਜਾਤੀ ਹੈ ਅਤੇ ਇਨ੍ਹਾਂ ਉਤੇ ਸ਼ਾਹੀ ਰਾਜਿਆਂ ਦਾ ਅਧਿਕਾਰ ਰਿਹਾ।

(ਕ-308) **ਕੀੜਗਰਾਮ** :

ਇਕ ਪ੍ਰਾਚੀਨ ਨਗਰ, ਜਿਸ ਦਾ ਜ਼ਿਕਰ ਜਨਮ-ਸਾਖੀਆਂ ਵਿਚ ਮਿਲਦਾ ਹੈ। ਕੀੜਗਰਾਮ ਪ੍ਰਾਚੀਨ ਕਾਲ ਦੀ ਇਕ ਕੀੜ ਜਾਤੀ ਨੇ ਵਸਾਇਆ ਸੀ। ਇਸ ਨਗਰ ਦਾ ਅਜੋਕਾ ਨਾਉਂ ਬੈਜਨਾਥ ਹੈ, ਜੋ ਕਾਂਗੜੇ ਜ਼ਿਲ੍ਹੇ ਦਾ ਇਕ ਪਿੰਡ ਹੈ ਅਤੇ ਕੋਟ ਕਾਂਗੜਾ ਤੋਂ 30 ਮੀਲ ਪੂਰਬ ਵਲ, ਬਿਆਸ ਦਰਿਆ ਵਿਚ ਲੀਨ ਹੋਣ ਵਾਲੀ ਇਕ ਨਦੀ ਦੇ ਪੂਰਬੀ ਅਥਵਾ ਖੱਬੇ ਕੰਢੇ ਉਤੇ ਸਥਿਤ ਹੈ। ਇਹ ਨਗਰ ਪਾਲਮਪੁਰ ਤੋਂ 11 ਮੀਲ ਦੂਰ ਹੈ। ਬੈਜਨਾਥ ਅਥਵਾ ਕੀੜਗਰਾਮ ਦੇ ਆਲੇ ਦੁਆਲੇ ਦੇ ਖੇਤਰ ਨੂੰ ਪ੍ਰਾਚੀਨ ਕਾਲ ਵਿਚ ਕੀੜਾ ਦੇਸ਼ ਕਹਿੰਦੇ ਸਨ। ਇਥੇ ਦੋ ਹਿੰਦੂ ਮੰਦਰ ਹਨ, ਜਿਨ੍ਹਾਂ ਵਿਚ ਪ੍ਰਾਚੀਨ ਸ਼ਾਰਦਾ ਲਿੱਪੀ ਦੇ ਸ਼ਿਲਾ-ਲੇਖ ਮਿਲਦੇ ਹਨ ਜੋ 804-805 ਈਸਵੀ ਦੇ ਹਨ। ਇਨ੍ਹਾਂ ਸ਼ਿਲਾ-ਲੇਖਾਂ ਉਤੇ ਕੀੜਗਰਾਮ ਦੇ ਰਾਜਿਆਂ ਤੇ ਰਾਜਕੁਮਾਰਾਂ ਦੀ ਬੰਸਾਵਲੀ ਦਿਤੀ ਹੋਈ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਜਨਮ-ਸਾਖੀਆਂ ਵਿਚ ਕੀੜਗਰਾਮ ਦਾ ਜ਼ਿਕਰ ਆਉਂਦਾ ਹੈ, ਗੁਰੂ ਨਾਨਕ ਦੇਵ ਦੇ ਸਮੇਂ, ਬੈਜਨਾਥ ਨੂੰ ਹੀ ਕੀੜਗਰਾਮ ਕਿਹਾ ਜਾਂਦਾ ਸੀ।

ਜਨਮ ਸਾਖੀ ਪਰੰਪਰਾ (ਪੰਨਾ 104) ਵਿਚ ਜੇ. ਹੱਚੀਸਨ ਦੀ ਪੁਸਤਕ 'ਪੰਜਾਬ ਹਿਲ ਸਟੇਟਸ' (ਜਿਲਦ 6,ਪੰਨਾ 216, 325, 906) ਦਾ ਹਵਾਲਾ ਦੇਕੇ ਕੀੜਗਰਾਮ ਬਾਰੇ ਲਿਖਿਆ ਹੈ "ਕੀੜਗਰਾਮ ਨਵੀਨ ਬੈਜਨਾਥ ਜ਼ਿਲ੍ਹਾ ਕਾਂਗੜਾ ਦਾ ਪ੍ਰਸਿਧ ਨਗਰ ਹੈ, ਜੋ ਪਾਲਮ ਤੋਂ ਯਾਰਾਂ ਮੀਲ ਪੂਰਬ ਵਲ ਹੈ। ਬੈਜਨਾਥ ਵਿਚ ਦੋ ਪ੍ਰਸਿਧ ਮੰਦਰ ਹਨ, ਜਿਨ੍ਹਾਂ ਵਿਚ ਕੀੜਗਰਾਮ ਦੇ ਰਾਜਿਆਂ ਦੀਆਂ ਬੰਸਾਵਲੀਆਂ ਲਿਖੀਆ ਮਿਲਦੀਆਂ ਹਨ। ਬਾਰ੍ਹਵੀਂ ਸਦੀ ਵਿਚ ਕੀੜਗਰਾਮ ਨਗਰ ਅਤੇ ਇਸ ਵਿਚ ਵਸਦੀ ਕੀੜ ਜਾਤੀ ਬਹੁਤ ਪ੍ਰਸਿਧ ਸੀ, ਜਿਵੇਂ ਕਿ ਚੰਬੇ ਵਿਚ ਮਿਲੀਆਂ, ਪਿੱਤਲ ਦੀਆਂ ਤਖ਼ਤੀਆਂ (ਜਿਨ੍ਹਾਂ ਦੀ ਮਿਤੀ 1050 ਈਸਵੀ ਹੈ) ਤੋਂ ਪਤਾ ਲਗਦਾ ਹੈ। ਪਰ ਗੁਰੂ ਨਾਨਕ ਸਾਹਿਬ ਵੇਲੇ ਕੀੜ ਲੋਕਾਂ ਦਾ ਰਾਜ ਪਤਨ 'ਤੇ ਸੀ ਤੇ ਕੀੜਗਰਾਮ ਦਾ ਰਾਜ ਕਾਂਗੜੇ ਦੇ ਅਧੀਨ ਸਮਝਿਆ ਜਾਂਦਾ ਸੀ...ਕੀੜਾ ਦੇ ਪਤਨ ਨਾਲ ਕੀੜਗਰਾਮ ਵਿਚ ਬਣਿਆ ਕਿਲ੍ਹਾ ਢਹਿ ਗਿਆ ਤੇ ਨਗਰ ਦਾ ਨਾ ਪਿੰਡ ਵਿਚ ਇਕ ਪੁਰਾਣੇ ਮੰਦਰ ਬੈਜਨਾਥ (ਸ਼ਿਵ ਦਾ ਮੰਦਰ) ਦੇ ਨਾ ਤੋਂ ਬੈਜਨਾਥ ਹੋ ਗਿਆ।"

ਵਲਾਇਤ ਵਾਲੀ ਜਨਮ-ਸਾਖੀ ਵਿਚ, ਗੁਰੂ ਨਾਨਕ ਦੇਵ

ਦਾ ਕੀੜਗਰਾਮ ਜਾਣ ਦਾ ਵਰਣਨ ਮਿਲਦਾ ਹੈ। ਪਰ ਇਸ ਜਨਮ-ਸਾਖੀ ਵਿਚ ਕੀੜਗਰਾਮ ਨੂੰ 'ਕੀੜਿਆਂ ਦਾ ਨਗਰ' ਲਿਖਿਆ ਹੈ।

(ਕ 309) **ਕੀੜ ਕੜਾਂਗਾ** :

ਕਿਸ਼ੋਰ ਉਮਰ ਦੇ ਬੱਚਿਆਂ ਦੀ ਇਕ ਖੇਡ, ਜੋ ਛੂਹਣ-ਛੁਹਾਣ ਦੀਆਂ ਖੇਡਾਂ ਦੇ ਅੰਤਰਗਤ ਆਉਂਦੀ ਹੈ। ਕਿਸੇ ਖੁਲ੍ਹੀ ਥਾਂ ਉਤੇ, ਖਿਡਾਰੀ ਇਕਠੇ ਹੁੰਦੇ ਤੇ ਸਭ ਤੋਂ ਪਹਿਲਾਂ ਸਾਰੇ ਪੁੱਗਦੇ ਹਨ। ਜਿਹੜਾ ਪੱਗਣੋਂ ਰਹਿ ਜਾਵੇ ਉਸ ਸਿਰ ਮੀਟੀ ਆ ਜਾਂਦੀ ਹੈ। ਫਿਰ ਭੋਇੰ ਉਤੇ ਦੋ ਤਿੰਨ ਫੁੱਟ ਚੌੜਾ ਇਕ ਦਾਇਰਾ ਬਣਾ ਲਿਆ ਜਾਂਦਾ ਹੈ। ਪੁੱਗੇ ਹੋਏ ਖਿਡਾਰੀਆਂ ਵਿਚੋਂ ਕੋਈ ਇਕ, ਉਸ ਚੱਕਰ ਵਿਚ ਇਕ ਲਤ ਦੇ ਭਾਰ ਖੜਾ ਹੋ ਕੇ, ਦੂਜੀ ਲਤ ਹੇਠੋਂ ਡੇਢ ਦੋ ਫੁਟ ਲੰਮਾ ਡੰਡਾ ਲੰਘਾ ਕੇ ਸੁਟਦਾ ਹੈ। ਜੇ ਡੰਡਾ ਦਾਇਰੇ ਦੇ ਅੰਦਰ ਡਿਗੇ ਤਾਂ ਡੰਡਾ ਸੁੱਟਣ ਵਾਲੇ ਸਿਰ ਮੀਟੀ ਆ ਜਾਂਦੀ ਹੈ। ਜੇ ਬਾਹਰ ਡਿਗੇ ਤਾਂ ਜਿਸ ਸਿਰ ਮੀਟੀ ਹੁੰਦੀ ਹੈ, ਉਹ ਡੰਡੇ ਨੂੰ ਚੁੱਕ ਕੇ ਚੱਕਰ ਵਿਚ ਲਿਆ ਕੇ ਰਖਦਾ ਹੈ। ਉਦੋਂ ਤਕ ਬਾਕੀ ਸਾਰੇ ਖਿਡਾਰੀ ਇਧਰ ਉਧਰ ਛੁੱਪ ਜਾਂਦੇ ਹਨ। ਜੇ ਨੇੜੇ ਦਰਖਤ ਹੋਵੇ ਤਾਂ ਕਈ ਉਸ ਉਤੇ ਚੜ੍ਹ ਜਾਂਦੇ ਹਨ। ਮੀਟੀ ਵਾਲਾ ਬਾਕੀ ਖਿਡਾਰੀਆਂ ਨੂੰ ਛੂਹਣ ਦਾ ਯਤਨ ਕਰਦਾ ਹੈ। ਜਿਹੜਾ ਖਿਡਾਰੀ ਮੀਟੀ ਵਾਲੇ ਤੋਂ ਆਪਾ ਬਚਾ ਕੇ ਚੱਕਰ ਤਕ ਪਹੁੰਚ ਕੇ, ਡੰਡਾ ਛੂਹ ਲਏ ਜਾਂ ਚੁੰਮ ਲਏ ਤਾਂ ਮੀਟੀ ਦੇਣ ਵਾਲਾ ਉਸ ਨੂੰ ਨਹੀਂ ਛੁਹੰਦਾ। ਜੇ ਕੋਈ ਖਿਡਾਰੀ ਛੁਹਿਆ ਜਾਵੇ ਤਾਂ ਉਸ ਸਿਰ ਮੀਟੀ ਆ ਜਾਂਦੀ ਹੈ। ਜੇ ਮੀਟੀ ਵਾਲਾ ਕਿਸੇ ਨੂੰ ਵੀ ਨਾ ਛੂਹ ਸਕੇ ਤੇ ਸਭ ਵਾਰੋ ਵਾਰੀ ਆ ਕੇ, ਚੱਕਰ ਵਿਚੋਂ ਪਏ ਡੰਡੇ ਨੂੰ, ਬਿਨਾਂ ਛੂਹੇ ਚੁੰਮ ਲੈਣ ਤਾਂ ਮੀਟੀ ਉਸੇ ਸਿਰ ਰਹਿੰਦੀ ਹੈ। ਫਿਰ ਨਵੇਂ ਸਿਰਿਓਂ ਖੇਡ ਸ਼ੁਰੂ ਹੋ ਜਾਂਦੀ ਹੈ।

ਜੇ ਇਹ ਖੇਡ ਦਰਖਤ ਉਤੇ ਚੜ੍ਹ ਕੇ ਖੇਡੀ ਜਾਵੇ ਤਾਂ ਇਸ ਨੂੰ 'ਜੰਡ ਪਲੰਗ', 'ਜੰਡ ਖੜਗ', 'ਪੀਲ ਪਲਾਂਗੜ' ਕਹਿੰਦੇ ਹਨ।

(ਕ-310) **ਕੀੜੀ** :

ਕੀੜੀ ਮਿਹਨਤ, ਲਗਨ ਤੇ ਦਾਨਾਈ ਦੀ ਪ੍ਰਤੀਕ ਹੈ। ਪੰਜਾਬੀ ਵਿਚ ਕੀੜੀ ਬਾਰੇ ਕਈ ਮਨੌਤਾਂ, ਅਖਾਣ, ਬੁਝਾਰਤਾਂ ਤੇ ਕਥਾਵਾਂ ਪ੍ਰਚਲਤ ਹਨ। ਕੀੜੀਆਂ ਵਿਚ ਹਿੰਦੂ ਵਰਣ ਵਾਂਗ ਚਾਰ ਜਾਤਾਂ ਮੰਨੀਆਂ ਜਾਂਦੀਆਂ ਹਨ। ਲਾਲ ਕੀੜੀਆਂ ਬ੍ਰਾਹਮਣ ਜਾਤੀ ਦੀਆਂ, ਭੂਰੀਆਂ ਵੈਸ਼ ਜਾਤੀ ਦੀਆਂ, ਚਿੱਟੀਆਂ ਖਤਰੀ ਜਾਤੀ ਦੀਆਂ ਤੇ ਕਾਲੀਆਂ ਚਮਾਰ ਜਾਤੀ ਦੀਆਂ ਮੰਨੀਆਂ ਗਈਆਂ ਹਨ। ਲਾਲ ਕੀੜੀਆਂ ਨੂੰ ਅੰਨ ਦੇਣ ਦਾ ਵਧੇਰੇ ਮਹਾਤਮ ਹੈ। ਚਿੱਟੀਆਂ ਕੀੜੀਆਂ ਨੂੰ ਅੰਨ-ਪਾਉਣ ਨਾਲ ਉਪਜਾਇਕਤਾ ਸ਼ਕਤੀ ਬਲਵਾਨ ਹੁੰਦੀ ਹੈ।

ਕੀੜੀਆਂ ਨੂੰ ਤਿਲਚੋਲਾ ਪਾਉਣੀ ਬੜਾ ਪੁੰਨ ਕਰਮ ਮੰਨਿਆ ਗਿਆ ਹੈ। ਹਿੰਦੂ ਖ਼ਾਸ ਤੌਰ ਤੇ ਜੈਨੀ, ਖ਼ਾਸ ਖ਼ਾਸ ਦਿਨਾਂ ਤੇ ਉਤਸਵਾਂ ਉਤੇ ਕੀੜੀਆਂ ਦੇ ਭੋਣ ਉਤੇ ਤਿਲਚੋਲੀ ਬਿਖੇਰਦੇ ਹਨ। ਧਾਰਨਾ ਹੈ ਕਿ ਇਹ ਸਭ ਵਸਤੂਆਂ ਉਨ੍ਹਾਂ ਦੇ ਪਿੱਤਰਾਂ ਨੂੰ ਪਹੁੰਚਦੀਆਂ ਹਨ। ਜਿਤਨਾ ਕਿਸੇ ਦੇ ਅੰਨ ਦੇ ਨਾਲ ਕੀੜੀਆਂ ਆਪਣਾ ਭੰਡਾਰ ਭਰਦੀਆਂ ਹਨ, ਉਤਨਾ ਉਸ ਦੇ ਪਿੱਤਰਾਂ ਦਾ ਅੰਨ-ਭੰਡਾਰ ਭਰਪੂਰ ਹੁੰਦਾ ਹੈ।

ਕੀੜੀਆਂ ਦੀਆਂ ਖੁਡਾਂ ਨੂੰ ਤੋੜਨਾ ਮਹਾਂ ਪਾਪ ਸਮਝਿਆ ਜਾਂਦਾ ਹੈ, ਕਿਉਂ ਜੋ ਕੀੜੀ ਨਿਮਾਣੀ ਤੇ ਨਿਰਦੋਸ਼ ਮੰਨੀ ਜਾਂਦੀ ਹੈ। ਕੀੜੀਆਂ ਦੇ ਭੋਣ ਮਾਂ ਕਿਸੇ ਅਜਿਹੀ ਥਾਂ ਜਿਥੇ ਕੀੜੀਆਂ ਕਠੀਆਂ ਹੋਣ, ਲੰਘਣਾ ਨਹੀਂ ਚਾਹੀਦਾ, ਤਾਂ ਜੋ ਕੀੜੀਆਂ ਪੈਰਾਂ ਹੇਠਾਂ ਆ ਕੇ ਨਾ ਮਰ ਜਾਣ। ਅਣਜਾਣੇ ਵਿਚ ਮਰੀ ਕੀੜੀ ਦਾ ਕੋਈ ਪਾਪ ਨਹੀਂ, ਪਰ ਜਾਣ ਬੁਝ ਕੇ ਮਾਰੀ ਕੀੜੀ ਦਾ ਪਾਪ, ਮਨੁਖ ਦੀ ਹੱਤਿਆ ਦੇ ਤੁੱਲ ਹੈ। ਇਸੇ ਲਈ ਨਿਰਦੋਸ਼ ਆਦਮੀ ਲਈ ਇਕ ਮੁਹਾਵਰਾ ਵਰਤਿਆ ਜਾਂਦਾ ਹੈ: ਇਹ ਤਾਂ ਮੋਈ ਕੀੜੀ ਤੇ ਪੈਰ ਨਹੀਂ ਧਰਦਾ।

ਕਈ ਲਘੂ-ਕਥਾਵਾਂ ਵਿਚ ਕੀੜੀਆਂ ਦਾ ਵਰਨਣ ਆਉਂਦਾ ਹੈ। ਇਕ ਲਘੂ ਕਥਾ ਅਨੁਸਾਰ ਦੋ ਭਾਈਵਾਲ ਜਦੋਂ ਤਕ ਇਮਾਨਦਾਰੀ ਨਾਲ ਕੰਮ ਕਰਦੇ ਰਹੇ, ਕੀੜ੍ਹਿਆਂ ਦੂਜੇ ਲੋਕਾਂ ਦੇ ਗੁਦਾਮਾਂ ਵਿਚੋਂ ਅਨਾਜ ਢੋ ਢੋ ਕੇ, ਉਨ੍ਹਾਂ ਦੇ ਗੁਦਾਮਾਂ ਵਿਚ ਲਿਆਂਦੀਆਂ ਰਹੀਆਂ। ਪਰ ਜਦੋਂ ਭਾਈਵਾਲਾਂ ਦੇ ਦਿਲਾਂ ਵਿਚ ਬੇਈਮਾਨੀ ਆ ਗਈ ਤਾਂ ਕੀੜੀਆਂ ਨੇ ਉਨ੍ਹਾਂ ਦੇ ਗੁਦਾਮ ਵਿਚੋਂ ਅਨਾਜ ਢੋ ਕੇ, ਦੂਜੇ ਗੁਦਾਮਾਂ ਵਿਚ ਲਿਜਾਣਾ ਸ਼ੁਰੂ ਕਰ ਦਿਤਾ।

ਪੁਰਾਤਨ ਜਨਮ-ਸਾਖੀ ਦੀ ਇਕ ਸਾਖੀ ਅਨੁਸਾਰ ਕੀੜੀਆਂ ਦੇ ਇਕ ਲਸ਼ਕਰ ਨੇ ਬਾਦਸ਼ਾਹ ਦੀ ਸਾਰੀ ਸੈਨਾ ਤਬਾਹ ਕਰ ਦਿਤੀ ਸੀ।

ਈਸਪ ਦੀ ਇਕ ਪ੍ਰਸਿਧ ਨੀਤੀ-ਕਥਾ ਅਨੁਸਾਰ ਇਕ ਟਿੱਡਾ ਗਰਮੀਆਂ ਦੇ ਦਿਨਾਂ ਵਿਚ ਆਪਣਾ ਸਾਰਾ ਸਮਾਂ ਨੱਚਣ ਕੁੱਦਣ ਵਿਚ ਗੁਜ਼ਾਰਦਾ ਰਿਹਾ ਤੇ ਸਰਦੀਆਂ ਵਿਚ ਜਦੋਂ ਉਹ ਭੁੱਖਾ ਮਰਨ ਲਗਾ ਤਾਂ ਉਸ ਕੀੜੀਆਂ ਕੋਲੋਂ ਅੰਨ ਖਾਣ ਲਈ ਮੰਗਿਆ। ਕੀੜੀਆਂ ਨੇ ਪੁਛਿਆ, "ਤੂੰ ਸਾਰੀਆਂ ਗਰਮੀਆਂ ਅੰਨ ਕਿਉਂ ਨਹੀਂ ਜੋੜਿਆ ?" ਟਿੱਡੇ ਨੇ ਉਤਰ ਦਿਤਾ ਕਿ ਉਹ ਚੰਗੇ ਮੌਸਮ ਵਿਚ

ਨਚਦਾ ਟਪਦਾ ਰਿਹਾ, ਤਾਂ ਕੀੜੀਆਂ ਨੇ ਕਿਹਾ ਕਿ ਉਹ ਸਰਦੀਆਂ ਵੀ ਨੱਚ ਟੱਪ ਕੇ ਗੁਜ਼ਾਰ ਲਏ।

(ਕ-311) **ਕੀੜੀਆਂ ਦੇ ਭੌਣ** :

ਕੀੜੀਆਂ ਜਦੋਂ ਆਪਣੀਆਂ ਖੁੱਡਾਂ ਬਣਾਂਦੀਆਂ ਹਨ, ਤਾਂ ਦਾਣਾ ਦਾਣਾ ਕਰਕੇ ਮਿੱਟੀ ਨੂੰ ਖੁਣਦੀਆਂ ਤੇ ਖੁੱਡ ਤੋਂ ਬਾਹਰ ਫੈਲਾਂਦੀਆਂ ਹਨ। ਉਸ ਥਾਂ ਨੂੰ ਕੀੜੀਆਂ ਦਾ ਭੌਣ ਕਿਹਾ ਜਾਂਦਾ ਹੈ। ਖੁੱਡ ਵਿਚ ਕੀੜੀਆਂ ਆਪਣੇ ਅੰਨ ਭੰਡਾਰੇ ਨੂੰ ਸੰਭਾਲਦੀਆਂ ਹਨ। ਹਿੰਦੂ ਮੰਗਲਵਾਰ ਵਾਲੇ ਦਿਨ, ਕੀੜੀਆਂ ਦੇ ਭੌਣ ਉਤੇ ਤਿਲਚੌਲੀ ਬਿਖੇਰਦੇ ਹਨ। ਜੈਨ ਖ਼ਾਸ ਖ਼ਾਸ ਉਤਸਵਾਂ ਤੇ ਪੁਰਬਾਂ ਵੇਲੇ ਸਮੇਂ ਤੇ ਵੈਸੇ ਵੀ ਕਦੇ ਕਦੇ ਕੀੜੀਆਂ ਦੇ ਭੌਣ ਉਤੇ ਅੰਨ, ਮਿੱਠਾ ਜਾਂ ਤਿਲਚੌਲੀ ਬਿਖੇਰਦੇ ਹਨ। ਇਸ ਦਾ ਬੜਾ ਮਹਾਤਮ ਹੈ। ਹਿੰਦੂਆਂ ਦਾ ਨਿਸਚਾ ਹੈ ਕਿ ਕੀੜੀਆਂ ਦੇ ਭੌਣ ਤੇ ਬਿਖੇਰੀ ਸਾਮਗਰੀ ਕਈ ਗੁਣਾ ਵਧ ਹੋ ਕੇ ਪਿੱਤਰਾਂ ਤਕ ਪਹੁੰਚਦੀ ਹੈ।

ਕੀੜੀਆਂ ਦੇ ਭੌਣ ਦੀ ਮਿੱਟੀ ਕਈ ਰੋਗਾਂ ਲਈ ਵੀ ਲਾਭਦਾਇਕ ਦਸੀ ਜਾਂਦੀ ਹੈ।

(ਕ-312) **ਕੁਆਰ ਹਲੂਫਾ** :

ਵਿਆਹ ਸਮੇਂ, ਜਦੋਂ ਬਰਾਤ ਕੁੜੀ ਵਾਲਿਆਂ ਦੇ ਪਿੰਡ ਪਹੁੰਚ ਕੇ, ਚੋਪਾਲ ਵਿਚ ਟਿਕਾਣਾ ਕਰਦੀ ਹੈ ਤਾਂ ਕੰਨਿਆ ਪੱਖ ਵਾਲੇ ਜਾਂਞੀਆਂ ਲਈ ਕੁਝ ਕੱਚੀ ਰਸਦ ਭੇਜਦੇ ਹਨ। ਕਿਉਂ ਜੋ ਇਹ ਵਸਤ ਲਾਵਾਂ ਹੋਣ ਤੋਂ ਪਹਿਲਾਂ ਭੇਜੀ ਜਾਂਦੀ ਹੈ। ਇਸ ਕਰ ਕੇ ਇਸ ਨੂੰ 'ਕੁਆਰ ਹਲੂਫਾ' ਕਹਿੰਦੇ ਹਨ। ਲਹਿੰਦੇ ਵਿਚ ਇਸ ਰੀਤ ਦਾ ਆਮ ਰਵਾਜ ਹੈ। 'ਲਥੇ ਬਾਗ ਬਹਾਦਰ ਸਭੇ, ਕੁਆਰ ਹਲੂਵੇ ਲਿਆਏ'—ਹੀਰ ਦਮੋਦਰ।

(ਕ-313) **ਕੁਆਰ ਗੰਦਲ** :

ਇਕ ਪੌਦਾ, ਜੋ ਘਰ ਵਿਚ ਲਗਾਣਾ ਸ਼ੁਭ ਸਮਝਿਆ ਜਾਂਦਾ ਹੈ। ਧਾਰਨਾ ਹੈ ਕਿ ਕੁਆਰ ਗੰਦਲ ਘਰ ਵਿਚ ਲਗਾਣ ਨਾਲ, ਘਰ ਦੇ ਜੀਅ ਦੀਰਘ ਆਯੂ ਭੋਗਦੇ ਹਨ ਅਤੇ ਉਨ੍ਹਾਂ ਵਿਚ ਦਲਿਦਰ ਤੇ ਸੰਤਾਪ ਨੂੰ ਖਿੜੇ ਮਥੇ ਝਾਘਣ ਦੀ ਸਮਰਥਾ ਪੈਦਾ ਹੋ ਜਾਂਦੀ ਹੈ। ਅਸਲ ਵਿਚ ਕੁਆਰ ਗੰਦਲ ਪਾਣੀ ਤੇ ਖਾਦ ਤੋਂ ਬਗ਼ੈਰ ਹੀ ਦੋ ਤਿੰਨ ਸਾਲ ਤਕ ਤਾਜ਼ੀ ਤੇ ਨਰੋਈ ਰਹਿ ਸਕਦੀ ਹੈ, ਜਿਸ ਤੋਂ ਇਹ ਨਿਸਚਾ ਬਣਿਆ ਜਾਪਦਾ ਹੈ।

ਪੰਜਾਬੀ ਗੀਤਾਂ ਵਿਚ ਕੁਆਰ ਗੰਦਲ ਨਜ਼ਾਕਤ, ਲਚਕੀਲਾਪਨ ਤੇ ਸੁੰਦਰਤਾ ਦਾ ਪ੍ਰਤੀਕ ਹੈ—'ਕੱਚੀਏ ਕੁਆਰ ਗੰਦਲੇ, ਤੈਨੂੰ ਖਾਣਗੇ ਨਸੀਬਾਂ ਵਾਲੇ।'

(ਕ-314) **ਕੁਆਰ ਧੋਤੀ** :

ਵਿਆਹ ਤੋਂ ਇਕ ਦਿਨ ਪਹਿਲਾਂ, ਮੁੰਡੇ ਵਾਲੇ, ਨਾਈ ਜਾਂ ਕਿਸੇ ਸਬੰਧੀ ਦੇ ਹੱਥ, ਵਿਆਹੁੰਦੜ ਕੁੜੀ ਦੇ ਪਹਿਨਣ ਵਾਸਤੇ, ਕੁਝ ਕਪੜੇ ਤੇ ਸਾਮਗਰੀ ਭੇਜਦੇ ਹਨ, ਜਿਸ ਨੂੰ ਧਨ-ਪੋਠੋਹਾਰ ਵਿਚ 'ਕੁਆਰ ਧੋਤੀ' ਕਿਹਾ ਜਾਂਦਾ ਹੈ। ਮਾਝੇ ਵਿਚ ਇਸ ਨੂੰ 'ਬਿੱਧ'। ਇਸ ਵਿਚ ਕੰਨਿਆ ਲਈ ਕੱਛ, ਬੁਨੈਨ, ਤੌਲੀਆ ਤੇ ਤ੍ਰੇਵਰ ਹੁੰਦਾ ਹੈ। ਇਸ ਤੋਂ ਇਲਾਵਾ ਇਕ ਗੰਢ ਵਿਚ ਮਹਿੰਦੀ, ਮੌਲੀ, ਗਿਰੀ-ਛੁਹਾਰੇ, ਖੋਪੇ ਦੀਆਂ ਠੂਠੀਆਂ, ਮਖਾਣੇ, ਤੇ ਕੇਸਰ ਆਦਿ ਹੁੰਦਾ ਹੈ। ਕਈ ਲੋਕ ਇਸ ਵਿਚ ਹਾਰ ਸ਼ਿੰਗਾਰ ਦੀਆਂ ਚੀਜ਼ਾਂ ਸੁਰਮਾ, ਦਾਤਨ ਤੇ ਬਿੰਦੀ ਵੀ ਭੇਜਦੇ ਹਨ। ਵਿਆਹੁੰਦੜ ਕੁੜੀ ਇਸ਼ਨਾਨ ਕਰਨ ਪਿਛੋਂ, ਕੁਆਰ ਧੋਤੀ ਵਿਚ ਆਏ ਸ਼ਗਨਾਂ ਦੇ ਕਪੜੇ ਪਹਿਨਦੀ ਹੈ ਅਤੇ ਫਿਰ ਫੱਟਲੀਆਂ ਉਤੇ ਬਿਠਾ ਦਿਤੀ ਜਾਂਦੀ ਹੈ। ਜਦੋਂ ਤਕ ਕੁਆਰ ਧੋਤੀ ਨਹੀਂ ਆ ਜਾਂਦੀ, ਕੁੜੀ ਕੋਈ ਚੀਜ਼ ਮੂੰਹ ਨਹੀਂ ਲਗਾਂਦੀ। ਕਈ ਘਰਾਂ ਵਿਚ ਤਾਂ ਪੇਕੇ ਪਰਿਵਾਰ ਦੀਆਂ ਤੀਵੀਆਂ ਵਰਤ ਵੀ ਰਖਦੀਆਂ ਹਨ (ਵੇਖੋ : ਬਿੱਧ)।

(ਕ-315) **ਕੁਆਰੀ ਰੋਟੀ** :

ਜੰਞ ਨੂੰ, ਵਿਆਹ ਦੀ ਪੂਰਵ-ਸੰਧਿਆ ਨੂੰ ਦਿਤੀ ਰੋਟੀ; ਇਹ ਰੋਟੀ ਲਾਵਾਂ ਫੇਰਿਆਂ ਤੋਂ ਪਹਿਲਾਂ ਦੇਣ ਕਰ ਕੇ, 'ਕੁਆਰੀ ਰੋਟੀ' ਅਖਵਾਂਦੀ ਹੈ। ਇਸ ਰੋਟੀ ਨੂੰ 'ਕੱਚੀ ਰੋਟੀ' ਵੀ ਕਹਿੰਦੇ ਹਨ, ਕਿਉਂ ਜੋ ਫੇਰਿਆਂ ਦੇ ਬੰਧਨ ਤੋਂ ਪਹਿਲਾਂ ਰਿਸ਼ਤਾ 'ਕੱਚਾ ਕੁਆਰਾ' ਸਮਝਿਆ ਜਾਂਦਾ ਹੈ। ਇਹ ਰੋਟੀ ਆਮ ਤੌਰ ਤੇ, ਕੁੜੀ ਦੇ ਚਾਚੇ ਤਾਏ ਕਰਦੇ ਹਨ ਤੇ ਇਸ ਵਿਚ ਖਾਣ ਦੀਆਂ ਵਸਤੂਆਂ ਦੀ ਸੰਖਿਆ ਅਗਲੀ ਭਲਕ ਫੇਰਿਆਂ ਲਾਵਾਂ ਤੋਂ ਬਾਅਦ ਦਿਤੀ ਜਾਣ ਵਾਲੀ ਰੋਟੀ ਨਾਲੋਂ ਘਟ ਹੁੰਦੀ ਹੈ, ਜਿਸ ਲਈ ਇਸ ਨੂੰ 'ਹਲਕੀ ਰੋਟੀ' ਵੀ ਕਹਿੰਦੇ ਹਨ।

ਮਾਝੇ-ਮਾਲਵੇ ਵਿਚ, ਇਸ ਰੋਟੀ ਵਿਚ, ਚਾਵਲ, ਸ਼ਕਰ ਤੇ ਕੁਝ ਹੋਰ ਮਿੱਠੇ ਪਦਾਰਥ ਸ਼ਾਮਿਲ ਹੁੰਦੇ ਹਨ। ਲੂਣ ਮਿਰਚ ਉੱਕੀ ਨਹੀਂ ਵਰਤੀ ਜਾਂਦੀ, ਇਸ ਲਈ ਇਸ ਰੋਟੀ ਨੂੰ 'ਮਿੱਠੀ ਰੋਟੀ' ਵੀ ਕਹਿੰਦੇ ਹਨ। ਧਾਰਨਾ ਹੈ ਕਿ ਕੁੜਮਾਂ ਨੂੰ ਪਹਿਲੀ ਵਾਰ ਮਿੱਠੀ ਰੋਟੀ ਖੁਆਣ ਨਾਲ, ਦੋਹਾਂ ਧਿਰਾਂ ਵਿਚ ਪਿਆਰ ਮਿਠਾਸ ਬਣੀ ਰਹਿੰਦੀ ਹੈ। ਇਹ ਰੋਟੀ ਦਾਦਕੇ ਪ੍ਰਵਾਰ ਅਥਵਾ ਚਾਚੇ ਤਾਇਆਂ ਵਲੋਂ ਕੀਤੀ ਜਾਣ ਕਰਕੇ, ਧਨੀ ਪੋਠੋਹਾਰ ਵਿਚ 'ਦਾਦਕੀ ਰੋਟੀ' ਅਖਵਾਉਂਦੀ ਹੈ।

ਕੁਆਰੀ ਰੋਟੀ ਵੇਲੇ ਸਿੱਠਣੀਆਂ ਵੀ ਦਿਤੀਆਂ ਜਾਂਦੀਆਂ ਹਨ । ਤੀਵੀਆਂ ਕਈ ਵਾਰ ਦੋ ਟੋਲੀਆਂ ਬਣਾ ਕੇ ਗਾਉਂਦੀਆਂ ਹਨ :

ਪਹਿਲੀ ਟੋਲੀ :

ਲਾੜੇ ਦੀ ਭੈਣ ਚੜ੍ਹ ਗਈ ਡੇਕ
ਚੜ੍ਹ ਗਈ ਡੇਕ
ਟੁਟ ਗਿਆ ਨੱਥਣਾ, ਡਿੱਗ ਪਈ ਹੇਠ ।
ਡਿੱਗ ਪਈ ਹੇਠ, ਪੁੱਛ ਲੈ ਮੁੰਡਿਓ ਰਾਜ਼ੀ ਏ ?

ਦੂਜੀ ਟੋਲੀ :

ਰਾਜ਼ੀ ਏ ਪਈ ਰਾਜ਼ੀ ਏ
ਸਾਡੇ ਆਉਣ ਨੂੰ ਰਾਜ਼ੀ ਏ, ਤੁਸੀਂ ਲੈਣੀ ਹੈ ਕਿ ਨਾ ?

ਦਾਦਕਿਆਂ ਨੂੰ ਵਖਰੀਆਂ ਸਿੱਠਣੀਆਂ ਦਿਤੀਆਂ ਜਾਂਦੀਆਂ ਹਨ :

ਉੱਧਲ ਗਈਆਂ ਵੇ ਲਾਡਲਿਆ ਤੇਰੀਆਂ ਦਾਦਕੀਆਂ,
ਚੂਹੜੇ ਛਡ ਚਮਿਆਰਾਂ ਦੇ ਗਈਆਂ ਵੇ,
ਲਾਡਲਿਆ ਤੇਰੀਆਂ ਦਾਦਕੀਆਂ ।

ਬਰਾਤੀਆਂ ਨੂੰ ਸਿੱਠਣੀਆਂ :

ਕੋਰੀ 'ਤੇ ਤੌੜੀ ਅਸੀਂ ਰਿੰਨੀਆਂ ਗੁਲੀਆਂ
ਸੁੱਖੀ ਲਦੀ ਲਾੜਾ ਕਢਦਾ ਬੁੱਲੀਆਂ
ਰੋਟੀ ਭਿਜਾਵਣੀ ਪਈ
ਨਿਲਜਿਓ ਲੱਜ ਤੁਹਾਨੂੰ ਨਹੀਂ ।
ਸਾਡੇ ਵੇ ਵਿਹੜੇ ਮੁੱਢ ਮਕੱਈ ਦਾ
ਦਾਣੇ ਤਾਂ ਮੰਗਦਾ ਉੱਧਲ ਗਈ ਦਾ
ਭੱਠੀ ਤਪਾਵਣੀ ਪਈ ।
ਨਿਲਜਿਓ ਲੱਜ ਤੁਹਾਨੂੰ ਨਹੀਂ ।

(ਕ-316) **ਕੁਸ਼ਤੀ :**

ਪੰਜਾਬ ਵਿਚ ਮੇਲਿਆਂ ਤੇ ਛਿੰਝਾਂ ਵਿਚ ਕੁਸ਼ਤੀਆਂ ਆਮ ਵੇਖਣ ਵਿਚ ਆਉਂਦੀਆਂ ਹਨ । ਕੁਸ਼ਤੀ ਅਖਾੜੇ ਵਿਚ ਲੜੀ ਜਾਂਦੀ ਹੈ, ਜਿਥੇ ਧਰਤੀ ਨੂੰ ਪੁਟ ਕੇ ਪੋਲੀ ਕਰ ਲਿਆ ਜਾਂਦਾ ਹੈ ਤਾਂ ਜੋ ਡਿੱਗਣ ਨਾਲ ਪਹਿਲਵਾਨਾਂ ਨੂੰ ਸੱਟ ਫੱਟ ਨਾ ਲਗੇ ।

ਕੁਸ਼ਤੀ ਵੇਲੇ ਪਹਿਲਵਾਨ ਸਿਵਾਏ ਕੱਛ ਤੇ ਲੰਗੋਟ ਦੇ, ਬਾਕੀ ਸਭ ਕਪੜੇ ਉਤਾਰ ਦੇਂਦੇ ਹਨ । ਸਰੀਰ ਨੂੰ ਤੇਲ ਨਾਲ ਚੋਪੜ ਕੇ ਚੰਗੀ ਤਰ੍ਹਾਂ ਚਮਕਾਇਆ ਜਾਂਦਾ ਹੈ, ਇਸਦਾ ਇਕ ਫੈਦਾ ਇਹ ਹੁੰਦਾ ਹੈ ਕਿ ਜਦੋਂ ਦੂਜਾ ਪਹਿਲਵਾਨ ਫੜਦਾ ਹੈ ਤੇ ਉਸਦੇ ਹੱਥ ਤਿਲਕ ਪੈਂਦੇ ਹਨ । ਅਖਾੜੇ ਵਿਚ ਉਤਰ ਕੇ ਪਹਿਲਵਾਨ ਪਹਿਲਾਂ ਧਰਤੀ ਮਾਤਾ ਨੂੰ ਛੂਹ ਕੇ ਪ੍ਰਨਾਮ ਕਰਦਾ ਤੇ ਫਿਰ ਅਖਾੜੇ ਦਾ ਚੱਕਰ ਬੜੀ ਐਂਠ ਨਾਲ ਕਟਦਾ ਹੈ ਅਤੇ ਫਿਰ ਗੁਰੂ ਪੀਰ ਨੂੰ ਧਿਆ ਕੇ, ਪੱਟਾਂ ਉਤੇ ਹੱਥ ਮਾਰਦਾ ਦੁਸ਼ਮਣ ਉਤੇ ਟੁੱਟ ਪੈਂਦਾ ਹੈ। ਆਪਣੇ ਹੱਥਾਂ ਉਤੇ ਉਸ ਪਹਿਲਾਂ ਤੋਂ ਹੀ ਮਿੱਟੀ ਮਲ ਲਈ ਹੁੰਦੀ ਹੈ, ਤਾਂ ਜੋ ਦੂਜੇ ਪਹਿਲਵਾਨ ਦੇ ਪਿੰਡੇ ਤੋਂ ਉਸਦਾ ਹੱਥ ਨਾ ਤਿਲਕੇ ।

ਕੁਸ਼ਤੀ ਵਿਚ, ਵਿਰੋਧੀ ਖਿਡਾਰੀ ਨੂੰ ਬਲ ਤੇ ਕਰਤਬ ਨਾਲ, ਧਰਤੀ ਉਤੇ ਡੇਗਣਾ ਹੁੰਦਾ ਹੈ । ਜਦੋਂ ਤਕ ਵਿਰੋਧੀ ਖਿਡਾਰੀ ਧਰਤੀ ਉਤੇ ਪਿੱਠ ਦੇ ਭਾਰ ਡਿਗ ਕੇ, ਦੋਵੇਂ ਮੋਢੇ ਜਿਤ ਨਹੀਂ ਹੋ ਜਾਂਦਾ, ਉਦੋਂ ਤਕ ਉਸਦੀ ਹਾਰ ਨਹੀਂ ਹੁੰਦੀ । ਪਿੱਠ ਤੇ ਦੋਹਾਂ ਮੋਢਿਆਂ ਨੂੰ ਕਠਿਆਂ ਧਰਤੀ ਨਾਲ ਲਗਾਣਾ ਬੜੀ ਕਠਨ ਕਿਰਿਆ ਹੈ ਤੇ ਇਸ ਲਈ ਬਲ ਤੇ ਹੁਨਰ ਦੀ ਲੋੜ ਹੈ । ਕਈ ਵਾਰੀ ਖਿਡਾਰੀ ਡਿਗਦਾ ਡਿਗਦਾ ਪਾਸੇ ਭਾਰ ਹੋ ਜਾਂਦਾ ਹੈ ਜਾਂ ਪੁੱਠਾ ਲੇਟ ਜਾਂਦਾ ਹੈ ਤੇ ਫਿਰ ਉਸਦੀ ਪਿੱਠ ਲਗਾਣੀ ਕਠਨ ਹੋ ਜਾਂਦੀ ਹੈ । ਕੁਸ਼ਤੀ ਵੇਲੇ ਕੁਝ ਨੇਮਾਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ ਜਿਵੇਂ ਦੂਜੇ ਖਿਡਾਰੀ ਨੂੰ ਚਪੇੜ, ਮੁੱਕਾ ਜਾਂ ਠੁੱਡਾ ਆਦਿ ਮਾਰਨਾ ਵਰਜਿਤ ਹੈ । ਲੰਗੋਟ ਜਾਂ ਕੱਛ ਨੂੰ ਵੀ ਫੜਨ ਦੀ ਮਨਾਹੀ ਹੈ ।

ਕੁਸ਼ਤੀ ਉਦੋਂ ਤਕ ਜਾਰੀ ਰਹਿੰਦੀ ਹੈ, ਜਦੋਂ ਤਕ ਇਕ ਖਿਡਾਰੀ ਦੇ ਦੋਵੇਂ ਮੋਢੇ ਤੇ ਪਿੱਠ ਦੂਜਾ ਖਿਡਾਰੀ ਧਰਤੀ ਨਾਲ ਨਹੀਂ ਲਗਾ ਦੇਂਦਾ । 'ਹੋਰਨਾਂ ਦੇਸ਼ਾਂ ਦੀਆਂ ਕੁਸ਼ਤੀਆਂ ਨਾਲ ਸਾਡਾ ਜੋ ਥੋੜ੍ਹਾ ਬਹੁਤ ਫ਼ਰਕ ਹੈ, ਉਹ ਇਸਦੇ 'ਢਾਹੁਣ' ਵਾਲੇ ਨੇਮ ਵਿਚ ਹੈ । ਪੰਜਾਬੀ ਨੇਮ ਅਨੁਸਾਰ ਘੁਲਣ ਵਾਲਾ, ਉਸ ਸਮੇਂ ਢੱਠਾ ਸਮਝਿਆ ਜਾਂਦਾ ਹੈ, ਜਦੋਂ ਉਸਦੇ ਦੋਵੇਂ ਮੋਢੇ, ਧਰਤੀ ਨਾਲ ਇਕੋ ਵਾਰ ਲਗ ਜਾਣ' (ਪੰਜਾਬ, ਪੰਨਾ 147) ।

(ਕ-317) **ਕੁਸਪਾਤੀ :**

ਕੁਸ਼ਾ ਘਾਹ ਦਾ ਛੱਲਾ, ਹਿੰਦੂ ਧਾਰਮਿਕ ਰਹੁ-ਰੀਤੀਆਂ ਅਨੁਸ਼ਠਾਨਾਂ ਤੇ ਪਿਤ੍ਰਾਂ ਨਾਲ ਸਬੰਧਿਤ ਕਰਮ ਸਮੇਂ ਉਂਗਲੀਆਂ ਵਿਚ ਇਸ ਛੱਲੇ ਨੂੰ ਪਹਿਨਦੇ ਹਨ । ਇਹ ਛੱਲਾ ਚੀਚੀ ਦੇ ਨਾਲ ਦੀ ਉਂਗਲ ਵਿਚ ਪਹਿਨਿਆ ਜਾਂਦਾ ਹੈ । ਹਿੰਦੂ ਕੁਸ਼ਾ ਘਾਹ ਨੂੰ ਬੜਾ ਪਵਿਤ੍ਰ ਮੰਨਦੇ ਹਨ (ਵੇਖੋ : ਕੁਸ਼ਾ)।

(ਕ-318) **ਕੁਸ਼ਲ ਗੋਤਰ :**

ਇਕ ਸਾਂਝਾ ਗੋਤਰ, ਵਿਆਹ ਦੇ ਸੰਕਲਪ ਸਮੇਂ ਦੋਹਾਂ ਧਿਰਾਂ ਦੇ ਕੁੱਲ-ਪ੍ਰੋਹਿਤ, ਆਪੋ ਆਪਣੀ ਧਿਰ ਦੇ ਖ਼ਾਨਦਾਨ, ਗੋਤ ਤੇ ਸ਼ਾਖ ਦਾ ਉਚਾਰਨ ਕਰਦੇ ਹਨ । ਜਿਨ੍ਹਾਂ ਨੂੰ ਆਪਣੇ ਗੋਤਰ ਦਾ ਪਤਾ ਨਹੀਂ ਹੁੰਦਾ, ਉਹ ਹਿੰਦੂ ਆਪਣਾ ਗੋਤਰ 'ਕੁਸ਼ਲ ਗੋਤਰ' ਕਹਿ ਕੇ ਰਸਮ ਪੂਰੀ ਕਰ ਲੈਂਦੇ ਹਨ । ਇਸੇ ਤੋਂ ਅਖਾਣ ਹੈ : ਜਿਸਦਾ ਕੋਈ ਗੋਤਰ ਨਹੀਂ, ਉਸਦਾ ਕੁਸ਼ਲ

ਗੋਤਰ (ਵੇਖੋ : ਗੋਤਰ) ।

(ਕ-319) **ਕੁਸ਼ਲਿਆ** :

ਰਾਜੇ ਦਸਰਥ ਦੀ ਵੱਡੀ ਰਾਣੀ, ਜਿਸ ਦੇ ਕੁਖੋਂ ਰਾਮ ਚੰਦਰ ਨੇ ਜਨਮ ਲਿਆ । ਕੋਸ਼ਲ ਦੇਸ਼ ਦੇ ਰਾਜੇ ਦੀ ਕੰਨਿਆ ਹੋਣ ਕਰਕੇ ਉਹ ਕੁਸ਼ਲਿਆ ਅਖਵਾਈ ।

(ਕ-320) **ਕੁੱਸਾ** :

ਦੱਭ ਘਾਹ; ਇਕ ਘਾਹ, ਜਿਸਨੂੰ ਹਿੰਦੂ ਪਵਿਤਰ ਤੇ ਸ਼ੁਭ ਮੰਨਦੇ ਹਨ । ਪੁਰਾਣਾਂ ਅਨੁਸਾਰ ਇਸ ਘਾਹ ਦੀ ਉਤਪਤੀ ਵਿਸ਼ਨੂੰ ਦੇ ਕੇਸਾਂ ਵਿਚੋਂ ਹੋਈ । ਵਿਸ਼ਕਰਮਾ ਅਵਤਾਰ ਧਾਰਨ ਵੇਲੇ ਵਿਸ਼ਨੂੰ ਦੇ ਕੁਝ ਵਾਲ ਝੜ ਕੇ ਡਿਗ ਪਏ, ਜੋ ਪਿਛੋਂ ਘਾਹ ਦੀ ਸ਼ਕਲ ਵਿਚ ਭੋਇੰ ਵਿਚੋਂ ਉਗ ਪਏ । ਇਕ ਮਿਥਕ ਕਥਾ ਅਨੁਸਾਰ ਸਮੁੰਦਰ ਦੇ ਰਿੜਕਣ ਵੇਲੇ, ਜੋ ਅੰਮ੍ਰਿਤ-ਕਲਸ਼ ਨਿਕਲਿਆ, ਉਸਨੂੰ ਇਕ ਤੋਂ ਦੂਜੀ ਥਾਂ ਲਿਜਾਂਦਿਆਂ ਕੁਝ ਬੂੰਦਾਂ ਧਰਤੀ ਉਤੇ ਡੁੱਲੀਆਂ, ਜਿਥੇ ਜਿਥੇ ਅੰਮ੍ਰਿਤ ਦੀ ਛਿੱਟ ਪਈ, ਕੁੱਸਾ ਘਾਹ ਪੈਦਾ ਹੋ ਗਿਆ । ਮਹਾਂਭਾਰਤ ਦੀ ਕਥਾ ਅਨੁਸਾਰ ਜਦੋਂ ਗਰੁੜ ਨੇ ਚੰਦਰਮੇ ਤੋਂ ਸ਼ੇਸ਼ਨਾਗ ਲਈ ਕੁਝ ਅੰਮ੍ਰਿਤ ਮੰਗਿਆ ਤਾਂ ਜੋ ਆਪਣਿਆਂ ਨੂੰ ਉਨ੍ਹਾਂ ਦੀ ਦਾਸਤਾ ਤੋਂ ਛੁਡਾ ਸਕੇ ਤੇ ਇੰਦਰ ਨੇ ਦੇਣ ਤੋਂ ਮਨ੍ਹਾ ਕੀਤੀ ਕਿ ਉਹ ਉਸਨੂੰ ਉਹਦੇ ਤਖ਼ਤ ਤੋਂ ਲਾਹ ਦੇਣਗੇ । ਗਰੁੜ ਨੇ ਇੰਦਰ ਨੂੰ ਕਿਹਾ ਕਿ ਅੰਮ੍ਰਿਤ ਦੇਣ ਤੋਂ ਬਾਅਦ ਉਹ ਬੇਸ਼ਕ ਚੁਰਾ ਕੇ ਲੈ ਜਾਏ । ਗਰੁੜ ਨੇ ਘਾਹ ਤੇ ਭਾਂਡਾ ਰਖਿਆ ਤੇ ਨਾਗ ਨਹਾਣ ਲਗਾ ਤਾਂ ਇੰਦਰ ਉਹ ਕਲਸ਼ ਚੁਰਾ ਕੇ ਲੈ ਗਿਆ । ਘਾਹ ਪਵਿਤਰ ਹੋਇਆ ਤੇ ਘਾਹ ਨਾਲ ਲਕਟਣ ਨਾਲ ਜ਼ਬਾਨ ਛਿਲੀ ਗਈ ।

ਵੇਦ-ਮੰਤਰ ਉਚਾਰਨ ਸਮੇਂ ਬ੍ਰਾਹਮਣ ਇਹ ਘਾਹ ਆਪਣੇ ਹੱਥਾਂ ਵਿਚ ਰਖਦੇ ਹਨ । ਪਹਿਲਿਆਂ ਵਿਚ ਬਲੀ ਸਮੇਂ ਇਹ ਘਾਹ, ਜਿਸ ਜੀਵ ਦੀ ਬਲੀ ਦਿਤੀ ਜਾਣੀ ਹੁੰਦੀ, ਉਸ ਉਤੇ ਖਿਖੇਰ ਦੇਂਦੇ ਸਨ । ਤੀਰਥਾਂ ਦੇ ਇਸ਼ਨਾਨ ਜਾਂ ਯਾਤ੍ਰਾ ਸਮੇਂ ਕੁੱਸਾ ਘਾਹ ਨੂੰ ਹਿੰਦੂ ਆਪਣੇ ਕੋਲ ਰਖਦੇ ਹਨ ਤੇ ਆਦਰ ਨਾਲ ਇਸ ਘਾਹ ਨੂੰ ਕੁਸਪਾਤੀ (ਭਾਵ ਕੁੱਸਾ ਦੇ ਪੱਤੇ) ਕਹਿੰਦੇ ਹਨ । ਹਿੰਦੂਆਂ ਦੇ ਤੀਰਥਾਂ ਤੇ ਪਾਵਨ ਦਰਿਆਵਾਂ ਦੇ ਘਾਟਾਂ ਉਤੇ ਬ੍ਰਾਹਮਣ ਇਹ ਘਾਹ ਆਪਣੇ ਜਜਮਾਨਾਂ ਲਈ ਇਕੱਠਾ ਕਰਕੇ ਰਖਦੇ ਹਨ ।

ਹਿੰਦੂ ਸੰਸਕਾਰਾਂ ਤੇ ਧਾਰਮਿਕ ਰਹੁ-ਰੀਤੀਆਂ, ਵਿਆਹ ਤੇ ਸਰਾਧ ਸਮੇਂ ਇਸ ਘਾਹ ਨੂੰ ਹੋਰ ਸਾਮਿਗਰੀ ਨਾਲ ਰਖਦੇ ਹਨ । ਦੇਵਤਿਆਂ ਨੂੰ ਭੇਟਾ ਚਾੜ੍ਹਨ ਲਗਿਆਂ, ਕਈ ਸਨਾਤਨੀ ਹਿੰਦੂ ਕੁੱਸਾ ਘਾਹ ਦਾ ਛੱਲਾ ਉਂਗਲ ਵਿਚ ਪਹਿਨ ਲੈਂਦੇ ਹਨ । ਸੂਰਜ ਤੇ ਚੰਦ੍ਰ ਗ੍ਰਹਿਣ ਸਮੇਂ ਕੁੱਸਾ ਨੂੰ ਖਾਣ ਪੀਣ ਦੀਆਂ ਵਸਤੂਆਂ ਵਿਚ ਰਖ ਦਿਤਾ ਜਾਂਦਾ ਹੈ । ਇਸ ਤਰ੍ਹਾਂ ਕਰਨ ਨਾਲ ਖਾਣ ਪੀਣ ਦੀ ਸਾਮਿਗਰੀ ਭ੍ਰਿਸ਼ਟ ਨਹੀਂ ਹੁੰਦੀ । ਪ੍ਰਾਣੀ ਦੇ ਮਰਨ ਸਮੇਂ, ਧਰਤੀ ਉਤੇ ਲਿਟਾਣ ਵੇਲੇ, ਹਿੰਦੂ ਪਹਿਲਾਂ ਜ਼ਿਮੀਂ ਉਪਰ ਕੁੱਸਾ ਘਾਹ ਵਿਛਾ ਦੇਂਦੇ ਹਨ ।

ਸ੍ਰੀ ਰਾਮ ਚੰਦਰ ਦੇ ਲੜਕੇ ਕੁਸ਼ ਦੀ ਉਤਪਤੀ ਇਸੇ ਘਾਹ ਤੋਂ ਹੋਈ ਦਸੀ ਜਾਂਦੀ ਹੈ । ਇਕ ਕਥਾ ਅਨੁਸਾਰ ਜਦੋਂ ਸੀਤਾ ਦਾ ਪੁਤਰ ਲਵ, ਜੰਗਲ ਵਿਚ ਖੇਡਦਾ ਗੁੰਮ ਗਿਆ ਅਤੇ ਸੀਤਾ ਉਸਦੇ ਵਿਛੋੜੇ ਵਿਚ ਮੱਛੀ ਵਾਂਗ ਤੜਪਣ ਲਗੀ ਤਾਂ ਵਾਲਮੀਕੀ ਰਿਸ਼ੀ ਨੇ ਕੁੱਸਾ ਘਾਹ ਨਾਲ ਇਕ ਬਾਲਕ ਬਣਾਇਆ ਤੇ ਆਪਣੀ ਦੈਵੀ ਸ਼ਕਤੀ ਨਾਲ ਇਸ ਵਿਚ ਜਿੰਦ ਫੂਕ ਦਿਤੀ । ਫਿਰ ਇਸ ਬਾਲਕ ਨੂੰ, ਜੋ ਕੁਸ਼ ਅਖਵਾਇਆ ਸੀਤਾ ਦੀ ਝੋਲੀ ਵਿਚ ਪਾ ਦਿਤਾ । ਪਿਛੋਂ ਲਵ ਵੀ ਮਿਲ ਪਿਆ ਤੇ ਲਵ ਤੇ ਕੁਸ਼ ਦੋਵੇਂ ਸੱਕੇ ਭਰਾ ਕਰਕੇ ਜਾਣੇ ਜਾਣ ਲਗੇ (ਵੇਖੋ : ਕਥਾ ਸਰਿਤ ਸਾਗਰ 4 : 128) ।

ਕੁੱਸਾ ਘਾਹ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ । ਰਿਸ਼ੀ ਮੁਨੀ ਇਸ ਦੀਆਂ ਲੰਮੀਆਂ ਅਤੇ ਪਤਲੀਆਂ ਮਲੂਕ ਪੱਤੀਆਂ ਨਾਲ ਆਸਨ ਬਣਾ ਕੇ, ਬੈਠਿਆ ਕਰਦੇ ਸਨ ਜਿਸ ਨੂੰ ਕੁਸਾਸਨ ਕਿਹਾ ਜਾਂਦਾ ਸੀ । ਇਹ ਆਸਨ ਮ੍ਰਿਗ ਛਾਲ ਜਿਤਨਾ ਹੀ ਪਵਿਤ੍ਰ ਮੰਨਿਆ ਜਾਂਦਾ ਸੀ । ਪਹਿਲਿਆਂ ਵਿਚ, ਹੱਥ ਵਿਚ ਕੱਸਾ ਘਾਹ ਦੀਆਂ ਪੱਤੀਆਂ ਲੈ ਕੇ ਇਸ਼ਨਾਨ ਕੀਤਾ ਜਾਂਦਾ ਸੀ, ਇਸ ਨਾਲ ਇਸ਼ਨਾਨ ਦਾ ਮਹਾਤਮ ਵਧ ਜਾਂਦਾ ਹੈ । ਇਸੇ ਤਰ੍ਹਾਂ ਕੰਨਿਆਂ ਦਾਨ ਕੁਸਾ ਘਾਹ ਫੜ ਕੇ ਕੀਤਾ ਜਾਂਦਾ ਸੀ ।

ਇਸ ਘਾਹ ਦੀ ਇਕ ਕਿਸਮ ਦਰਭ ਹੈ ਜਿਸ ਨਾਲ ਪਿੱਤਰਾਂ ਦਾ ਤਰਪਣ ਕੀਤਾ ਜਾਂਦਾ ਹੈ । ਪਾਣਨੀ ਦੀ ਅਸ਼ਟ-ਧਿਆਈ ਵਿਚ ਵੀ ਯੱਗ ਦੇ ਸਬੰਧ ਵਿਚ ਕੁੱਸਾ ਦਾ ਵਰਨਣ ਮਿਲਦਾ ਹੈ ਤੇ ਇਹ ਘਾਹ ਪਵਿਤ੍ਰ ਦਸਿਆ ਗਿਆ ਹੈ ।

(ਕ-321) **ਕੁੱਕਨਸ** :

ਇਕ ਕਲਪਿਤ ਪੰਛੀ ਜਿਸਨੂੰ 'ਆਤਸ਼ਜ਼ਨ' ਵੀ ਕਹਿੰਦੇ ਹਨ । ਕੁੱਕਨਸ ਕਾਫ਼ੀ ਲੰਮੀ ਉਮਰ ਭੋਗਦਾ ਹੈ । ਇਸ ਦੀ ਮਾਦਾ ਨਹੀਂ ਹੁੰਦੀ । ਇਹ ਜਦੋਂ ਬੁੱਢਾ ਹੁੰਦਾ ਹੈ ਤਾਂ ਲਕੜੀਆਂ ਇਕਠੀਆਂ ਕਰਕੇ ਚੁੰਝ ਨਾਲ ਰਗੜ ਕੇ ਅੱਗ ਬਾਲ ਕੇ ਫਿਰ ਇਹ ਪੰਛੀ ਰਾਖ ਹੋ ਜਾਂਦਾ ਹੈ ਤੇ ਉਸ ਵਿਚੋਂ ਨਵਾਂ ਅਕਾਰ ਲੈ ਕੇ ਉਭਰਦਾ ਹੈ । ਇਹ ਨਵ-ਜਾਗ੍ਰਤੀ ਦਾ ਪ੍ਰਤੀਕ ਹੈ । ਪੰਜਾਬੀ ਕੋਸ਼ (1,633) ਅਨੁਸਾਰ "ਇਸ ਪੰਛੀ ਦੀ ਆਵਾਜ਼ ਤੋਂ ਸਿਆਣਿਆਂ ਨੇ ਰਾਗ ਵਿਦਿਆ ਕਢੀ ਹੈ । ਇਸ ਦੀ ਉਮਰ ਹਜ਼ਾਰ ਸਾਲ ਹੁੰਦੀ ਹੈ, ਪਰ

ਇਸ ਦਾ ਜੋੜਾ ਨਹੀਂ ਹੁੰਦਾ। ਇਹਦੀ ਨਸਲ ਇਉਂ ਚਲਦੀ ਹੈ ਕਿ ਜਦੋਂ ਕੁੱਕਨਸ ਬੁੱਢਾ ਹੋ ਜਾਂਦਾ ਹੈ ਤਾਂ ਲਕੜੀਆਂ ਇਕਠੀਆਂ ਕਰ ਕੇ, ਉਨ੍ਹਾਂ ਵਿਚ ਬੈਠ ਜਾਂਦਾ ਹੈ ਤੇ ਆਪਣੀ ਚੁੰਝ ਵਿਚੋਂ, ਜਿਸ ਵਿਚ ਬਹੁਤ ਸਾਰੇ ਛੇਕ ਹੁੰਦੇ ਹਨ, ਆਵਾਜ਼ ਪੈਦਾ ਕਰਦਾ ਹੈ। ਹਰੇਕ ਛੇਕ ਵਿਚੋਂ ਵਖਰੇ ਵਖਰੇ ਰਾਗ ਨਿਕਲਦੇ ਹਨ। ਇਨ੍ਹਾਂ ਰਾਗਾਂ ਵਿਚੋਂ ਇਕ ਰਾਗ ਦੀਪਕ ਵੀ ਹੁੰਦਾ ਹੈ। ਦੀਪਕ ਰਾਗ ਦਾ ਅਲਾਪ ਕਰਦਿਆਂ ਹੀ ਲਕੜਾਂ ਨੂੰ ਅੱਗ ਲੱਗ ਜਾਂਦੀ ਹੈ ਤੇ ਪੰਛੀ ਜਲ ਕੇ ਰਾਖ ਹੋ ਜਾਂਦਾ ਹੈ। ਬਾਜ਼ਿਆਂ ਦਾ ਇਹ ਵੀ ਖ਼ਿਆਲ ਹੈ ਕਿ ਇਸ ਦੀ ਚੁੰਝ ਵਿਚ 360 ਛੇਕ ਹੁੰਦੇ ਹਨ। ਜਦ ਇਹਦੀ ਮੌਤ ਨੇੜੇ ਆਉਂਦੀ ਹੈ, ਤਾਂ ਲਕੜੀਆਂ ਵਿਚ ਬੈਠ ਕੇ ਰਾਗ ਅਲਾਪਣਾ ਸ਼ੁਰੂ ਕਰਦਾ ਹੈ। ਆਪਣੀ ਆਵਾਜ਼ ਤੇ ਮਸਤ ਹੋ ਕੇ ਫੜਫੜਾਉਂਦਾ ਹੈ, ਇਥੋਂ ਤਕ ਕਿ ਪਰਾਂ ਵਿਚੋਂ ਅੱਗ ਨਿਕਲ ਪੈਂਦੀ ਹੈ। ਫੇਰ ਰੱਬ ਦੀ ਕੁਦਰਤ ਨਾਲ ਮੀਂਹ ਵਰ੍ਹਦਾ ਹੈ ਤੇ ਇਸ ਦੀ ਰਾਖ ਵਿਚ ਇਕ ਅੰਡਾ ਪੈਦਾ ਹੋ ਜਾਂਦਾ ਹੈ। ਇਸ ਵਿਚੋਂ ਫੇਰ ਇਸ ਜਾਨਵਰ ਦੀ ਉਤਪੱਤੀ ਹੋ ਜਾਂਦੀ ਹੈ।"

(ਕ-322) **ਕੁੰਗੀ (ਕੰਗਿਆਰੀ)** :

ਬੱਲੀਆਂ ਵਾਲੇ ਅਨਾਜਾਂ—ਕਣਕ, ਜਵਾਰ ਅਤੇ ਕਪਾਹ ਆਦਿ ਦਾ ਇਕ ਰੋਗ; ਇਹ ਰੋਗ, ਬਹੁਤੇ ਮੀਂਹ ਪੈਣ ਜਾਂ ਬੱਦਲਵਾਈ ਰਹਿਣ ਕਰਕੇ, ਫ਼ਸਲ ਨੂੰ ਲੱਗ ਜਾਂਦਾ ਹੈ, ਪਰ ਧੁੱਪਾਂ ਲਗਣ ਨਾਲ ਛੇਤੀ ਦੂਰ ਹੋ ਜਾਂਦਾ ਹੈ। ਇਸ ਰੋਗ ਦਾ ਕਾਰਨ ਕੁੰਗੂ (ਕੇਸਰ) ਰੰਗਾ ਇਕ ਬਾਰੀਕ ਕੀੜਾ ਹੁੰਦਾ ਹੈ ਜਿਸ ਨੂੰ ਕੁੰਗੂ ਕਹਿੰਦੇ ਹਨ। ਇਸ ਰੋਗ ਕਰਕੇ ਬੱਲੀ ਜਾਂ ਫੁੱਟੀ ਉਤੇ ਕਾਲੀ ਮੈਲ ਜੰਮ ਜਾਂਦੀ ਹੈ ਅਤੇ ਬੱਲੀ ਵਿਚ ਜਾਂ ਤਾਂ ਦਾਣੇ ਪੈਂਦੇ ਹੀ ਨਹੀਂ ਜਾਂ ਪੈ ਕੇ ਸੜ ਜਾਂਦੇ ਹਨ। ਕਪਾਹ ਦੀ ਫੁੱਟੀ ਦਾ ਰੂੰ ਧੁਆਖਿਆ ਜਾਂਦਾ ਹੈ, ਕਣਕ ਨੂੰ ਇਹ ਰੋਗ ਫੱਗਣ-ਚੇਤਰ ਵਿਚ ਲਗਦਾ ਅਤੇ ਕਪਾਹ ਨੂੰ ਅਸੂ-ਕੱਤਕ ਵਿਚ। ਕਿਰਸਾਨ ਨਾਲ ਸਬੰਧਿਤ ਕਹਾਵਤਾਂ ਵਿਚੋਂ ਕੁੰਗੀ ਦਾ ਵਰਣਨ ਆਉਂਦਾ ਹੈ।

ਧੁੰਧ ਪਈ ਸਿਆਲ ਤਾਂ ਮਾੜਾ ਪੈਂਦਾ ਮਾਲ,
ਕੁੰਗੀ ਲਗਦੀ ਕਣਕਾਂ ਨਾਲ,
ਖੇਤੀ ਕਦੇ ਨਾ ਹੋਏ ਬਹਾਲ।

ਫ਼ਸਲ ਦੀ ਕੁੰਗੀ ਤੋਂ ਰਖਿਆ ਲਈ, ਕਈ ਤਰ੍ਹਾਂ ਦੇ ਟੂਣੇ-ਟੱਪੇ ਵੀ ਕੀਤੇ ਜਾਂਦੇ ਹਨ।

(ਕ-323) **ਕੁੰਗੂ** :

ਆਂਵਲੇ ਅਤੇ ਹਲਦੀ ਨੂੰ ਪੀਹ ਕੇ ਬਣਾਇਆ ਇਕ ਰੰਗ, ਜੋ ਬੜਾ ਪਵਿਤਰ ਤੇ ਸ਼ੁਭ ਮੰਨਿਆ ਜਾਂਦਾ ਹੈ। ਤੀਵੀਆਂ ਇਸ ਨਾਲ ਮਾਂਗ ਭਰਦੀਆਂ ਹਨ। ਵੈਸ਼ਨੋ ਮਤ ਵਾਲੇ ਇਸ ਰੰਗ ਦਾ ਤਿਲਕ ਮੱਥੇ ਉਤੇ ਲਗਾਂਦੇ ਹਨ। ਸ਼ਗਨ ਜਾਂ ਮੰਗਲ ਕਾਰਜਾਂ ਸਮੇਂ, ਕੁੰਗੂ ਨੂੰ ਪਾਣੀ ਦੇ ਕਟੋਰੇ ਵਿਚ ਘੋਲ ਕੇ, ਮੰਗਲ ਪੁਰਬ ਵਿਚ ਸ਼ਾਮਿਲ ਹੋਏ ਲੋਕਾਂ ਉਤੇ ਤਰੌਂਕਿਆ ਜਾਂਦਾ ਹੈ। ਪਹਿਲਿਆਂ ਵਿਚ, ਜਦੋਂ ਕੋਈ ਰਾਜਾ, ਰਾਜ-ਤਿਲਕ ਦੀ ਰਸਮ ਤੋਂ ਬਾਅਦ ਪਹਿਲੀ ਵਾਰ ਸਿੰਘਾਸਨ ਉਤੇ ਬੈਠਦਾ ਸੀ, ਤਾਂ ਉਸ ਉਤੇ ਕੁੰਗੂ ਦੀ ਕਟੋਰੀ ਡੋਲ੍ਹੀ ਜਾਂਦੀ।

ਹਿੰਦੂ ਦੇਵ-ਪੂਜਾ ਵੇਲੇ ਮੂਰਤੀਆਂ ਨੂੰ ਕੁੰਗੂ ਦਾ ਛੱਟਾ ਦੇਂਦੇ ਹਨ ਅਤੇ ਨੌਰਾਤਿਆਂ ਤੇ ਦੀਵਾਲੀ ਦੇ ਦਿਨੀਂ, ਤਰਤੀਬਵਾਰ ਸਾਂਝੀ ਦੇਵੀ ਤੇ ਲਖਸ਼ਮੀ ਦੀ ਮੂਰਤ ਕੁੰਗੂ ਦੀ ਸਿਆਹੀ ਨਾਲ, ਘਰਾਂ ਦੀਆਂ ਕੰਧਾਂ ਉਤੇ ਚਿਤਰਦੇ ਹਨ।

(ਕ-324) **ਕੁਚੱਜੀ** :

ਪੰਜਾਬੀ ਦਾ ਇਕ ਲੋਕ-ਕਾਵਿ ਰੂਪ; ਭਾਰਤੀ ਸੰਸਕ੍ਰਿਤੀ ਤੇ ਧਰਮ ਵਿਚ ਜੀਵ ਨੂੰ ਇਸਤ੍ਰੀ ਤੇ ਪ੍ਰਭੂ ਨੂੰ ਪਤੀ ਮੰਨਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਲੋਕ-ਕਾਵਿ ਤੇ ਅਧਿਆਤਮਕ ਕਾਵਿ ਵਿਚ ਕੁਝ ਕਾਵਿ-ਰੂਪ ਉਭਰੇ। ਇਹ ਸੰਸਾਰ ਸਾਡਾ ਪੇਕਾ ਘਰ ਹੈ ਤੇ ਅਗਲਾ ਸੰਸਾਰ ਸਹੁਰਾ ਘਰ। ਜੀਵ ਇਸਤ੍ਰੀ ਨੇ ਸ਼ੁਭ ਕਰਮਾਂ ਦਾ ਦਾਜ ਅਗਲੇ ਲੋਕ, ਪਤੀ ਨੂੰ ਰਿਝਾਣ ਲਈ ਤਿਆਰ ਕਰਨਾ ਹੈ। ਜਿਹੜੀ ਜੀਵ ਇਸਤ੍ਰੀ ਇਸ ਲੋਕ ਵਿਚ ਆਪਣਾ ਅੱਗਾ ਸੰਵਾਰਨ ਵਿਚ ਜੁਟੀ ਰਹਿੰਦੀ ਹੈ, ਉਹ ਸੁਚੱਜੀ ਹੈ, ਜੋ ਸੰਸਾਰ ਦੀ ਮੋਹ ਮਾਇਆ ਵਿਚ ਰੁੱਝੀ ਹੋਵੇ ਤਾਂ ਉਹ ਕੁਚੱਜੀ।

ਲੋਕ-ਗੀਤਾਂ ਵਿਚ ਵੀ ਇਹ ਦੋਵੇਂ ਰੂਪ ਮਿਲਦੇ ਹਨ।

(ਕ-325) **ਕੁਚੀਲ** :

ਉਸ ਇਸਤ੍ਰੀ ਦਾ ਪ੍ਰੇਤ, ਜਿਸ ਦੀ ਮ੍ਰਿਤੂ ਗਰਭ ਦੇ ਦਿਨਾਂ ਵਿਚ ਹੋ ਗਈ ਹੋਵੇ। ਕੁਚੀਲ ਬਾਰੇ ਕਈ ਭਰਮ-ਵਹਿਮ ਲੋਕਾਂ ਵਿਚ ਪ੍ਰਚਲਤ ਹਨ। ਅਜਿਹੀ ਤੀਵੀਂ ਆਪਣੇ ਪਿਛੇ ਰਹਿ ਗਏ ਬੱਚੇ ਲਈ ਭਟਕਦੀ ਹੈ ਤੇ ਭੂਤ-ਪ੍ਰੇਤ ਬਣ ਕੇ ਵਾਪਸ ਆ ਜਾਂਦੀ ਹੈ। ਕਈ ਕਹਿੰਦੇ ਹਨ ਕਿ ਇਹ ਆਪਣੇ ਬੱਚੇ ਨੂੰ ਮਾਰ ਕੇ ਸਬਰ ਕਰਦੀ ਹੈ। ਕੁਚੀਲ ਤੋਂ ਬਚਣ ਲਈ ਕਈ ਉਪਾਅ ਕੀਤੇ ਜਾਂਦੇ ਹਨ। ਕਈ ਥਾਈਂ ਕੁਚੀਲ ਦਾ ਦਾਹ-ਸੰਸਕਾਰ ਕਰਨ ਤੋਂ ਪਹਿਲਾਂ, ਉਸ ਦੀਆਂ ਅੱਖਾਂ ਵਿਚ ਨਿਮਕ ਜਾਂ ਨੀਲਾ ਥੋਥਾ ਪਾ ਦਿੰਦੇ ਹਨ, ਤਾਂ ਜੋ ਕੁਚੀਲ ਅੰਨ੍ਹੀ ਹੋ ਜਾਏ ਤੇ ਘਰ ਪਰਤਣ ਲਈ ਰਾਹ ਨਾ ਲਭ ਸਕੇ। ਕਈ ਜਾਤਾਂ ਵਿਚ ਉਸਦੇ ਪੈਰ ਵਿਚ ਮੇਖਾਂ ਤੇ ਅੱਖੀਆਂ ਵਿਚ ਸੂਈਆਂ ਚੋਭ ਦੇਂਦੇ ਹਨ।

(ਕ-326) **ਕੁੰਜ ਗਲੀ** :

ਬਿੰਦਰਾਬਨ ਦੀ ਇਕ ਪ੍ਰਸਿਧ ਗਲੀ, ਜਿਸੇ ਕ੍ਰਿਸ਼ਨ ਬਚਪਨ ਵਿਚ ਸਖੀਆਂ ਨਾਲ ਖੇਡਿਆ ਕਰਦੇ ਸਨ । ਕ੍ਰਿਸ਼ਨ ਦੀਆਂ ਬਾਲ-ਲੀਲਾ ਦੀਆਂ ਸਾਖੀਆਂ ਵਿਚ ਇਸ ਗਲੀ ਦਾ ਜਿਕਰ ਆਉਂਦਾ ਹੈ ।

(ਕ-327) **ਕੁੱਠਾ** :

ਮੁਸਲਮਾਨੀ ਵਿਧੀ ਨਾਲ, ਹਲਾਲ ਕਰ ਪਸ਼ੂ ਦਾ ਮਾਸ; ਸਿੱਖਾਂ ਵਿਚ ਕੁੱਠਾ ਖਾਣਾ ਵਰਜਿਤ ਹੈ । ਸਿੱਖਾਂ ਵਿਚ 'ਝਟਕਾ' ਖਾਣ ਦੀ ਪਰੰਪਰਾ ਹੈ । ਹਿੰਦੂਆਂ ਵਿਚ ਝਟਕੇ ਕੁੱਠੇ ਵਿਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ (ਵੇਖੋ : ਝਟਕਾ)।

(ਕ-328) **ਕੁੰਡਲ** :

ਜੋਗੀ ਕੰਨਾਂ ਵਿਚ ਜੋ ਮੁੰਦਰਾਂ ਪਹਿਨਦੇ ਹਨ, ਉਹ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਇਕ ਦਰਸ਼ਨੀ ਤੇ ਦੂਜੀਆਂ ਕੁੰਡਲ ਵਾਂਗ ਗੋਲ ਹੁੰਦੀਆਂ ਹਨ । ਕੁੰਡਲ ਸਿੰਙ, ਧਾਤ ਜਾਂ ਲਕੜੀ ਦਾ ਬਣਿਆ ਹੁੰਦਾ ਹੈ । ਇਹ ਨਾਥਾਂ ਦੀ ਇਕ ਤਰ੍ਹਾਂ ਦੀ ਰੱਖ ਹੁੰਦੀ ਹੈ ।

(ਕ-329) **ਕੁੰਡਲੀ** :

ਕਿਸੇ ਪ੍ਰਾਣੀ ਦੇ ਜਨਮ ਸਮੇਂ ਦੇ ਗ੍ਰਹਿਆਂ ਦੀ ਸਥਿਤੀ ਨੂੰ ਦਰਸਾਣ ਵਾਲਾ ਇਕ ਖਾਕਾ । ਕੁੰਡਲੀ ਵਿਚ ਬਾਰ੍ਹਾਂ ਘਰ ਬਣੇ ਹੁੰਦੇ ਹਨ ਅਤੇ ਗ੍ਰਹਿਆਂ ਦੀ ਸਥਿਤੀ ਦਾ ਪ੍ਰਭਾਵ, ਪ੍ਰਾਣੀ ਦੀ ਜ਼ਿੰਦਗੀ ਉਤੇ ਪੈਣਾ ਮੰਨਿਆ ਜਾਂਦਾ ਹੈ (ਵੇਖੋ : ਜਨਮ ਕੁੰਡਲੀ) ।

(ਕ-330) **ਕੁਤਬਾ** :

ਇਮਾਮ ਵਲੋਂ ਖ਼ਾਸ ਖ਼ਾਸ ਮੌਕਿਆਂ ਉਤੇ ਦਿਤਾ ਉਪਦੇਸ਼; ਮੁਸਲਮਾਨਾਂ ਵਿਚ ਜੁੰਮੇ ਦੀ ਨਿਮਾਜ਼ ਤੋਂ ਪਹਿਲਾਂ ਜਾਂ ਈਦ ਦੀ ਨਿਮਾਜ਼ ਤੋਂ ਬਾਅਦ, ਇਮਾਮ ਵਲੋਂ ਦਿਤਾ ਉਪਦੇਸ਼ ।

(ਕ-331) **ਕੁੱਤਾ** :

ਕੁੱਤੇ ਨਾਲ ਕਈ ਤਰ੍ਹਾਂ ਦੇ ਭਰਮ-ਵਹਿਮ ਤੇ ਵਿਸ਼ਵਾਸ਼ ਸਬੰਧਿਤ ਹਨ । ਪੁਰਾਣਾਂ ਅਨੁਸਾਰ ਕੁੱਤਾ ਯਮ ਦਾ ਵਾਹਕ ਹੈ । ਲੋਕ-ਨਿਸਚੇ ਅਨੁਸਾਰ ਕੁੱਤੇ ਨੂੰ ਯਮਦੂਤ ਵਿਖਾਈ ਦੇ ਜਾਂਦੇ ਹਨ । ਯਮਦੂਤ ਵੇਖਦੇ ਸਾਰ ਉਹ ਰੋਣ ਲਗਦਾ ਹੈ, ਇਸੇ ਵਾਸਤੇ ਕੁੱਤੇ ਦੇ ਰੋਣੇ ਨੂੰ ਅਸ਼ੁਭ ਮੰਨਿਆ ਜਾਂਦਾ ਹੈ । ਕਹਿੰਦੇ ਹਨ ਜਿਸ ਬੂਹੇ ਅਗੇ ਕੁੱਤਾ ਰੋਵੇ, ਉਸ ਘਰ ਕੋਈ ਭਾਣਾ ਵਰਤਣ ਵਾਲਾ ਹੁੰਦਾ ਹੈ ।

ਜੇ ਕੁੱਤਾ ਲੱਤਾਂ ਉਪਰ ਵਲ ਕਰ ਕੇ ਪੁੱਠਾ ਲੇਟੇ, ਤਾਂ ਅਸ਼ੁਭ ਮੰਨਿਆ ਜਾਂਦਾ ਹੈ । ਵੇਖਣ ਵਾਲੇ ਤੇ ਕੋਈ ਸੰਕਟ ਪੈਂਦਾ ਹੈ । ਜੇ ਕੁੱਤਾ ਆਕੜਾਂ ਭੰਨ ਰਿਹਾ ਹੋਵੇ ਤਾਂ ਕੋਈ ਰੋਗ ਫੈਲਣ ਦਾ ਡਰ ਹੁੰਦਾ ਹੈ ।

ਕੁੱਤਾ ਕਿਵੇਂ ਮਨੁੱਖ ਦਾ ਸੇਵਕ ਬਣਿਆ, ਇਸ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ–ਕੁੱਤੇ ਨੂੰ ਬ੍ਰਹਮਾ ਨੇ ਰਚ ਕੇ ਸੰਸਾਰ ਉਤੇ, ਇਹ ਆਦੇਸ਼ ਦੇ ਕੇ ਭੇਜਿਆ ਕਿ ਜਿਹੜਾ ਜੀਵ ਸੰਸਾਰ ਵਿਚ ਸਭ ਤੋਂ ਸ਼ਕਤੀਸ਼ਾਲੀ ਹੈ, ਉਸਦੀ ਉਹ ਸੇਵਾ ਕਰੇ । ਕੁੱਤਾ ਸੰਸਾਰ ਦੇ ਸ਼ਕਤੀਸ਼ਾਲੀ ਜੀਵ ਨੂੰ ਲੱਭਣ ਲਈ ਥਾਂ ਥਾਂ ਭਟਕਦਾ ਫਿਰਿਆ । ਜੰਗਲ ਵਿਚ ਉਸਦੀ ਇਕ ਹਾਥੀ ਤੇ ਨਜ਼ਰ ਪਈ । ਉਸਦੀ ਭਾਰੀ ਦੇਹ ਨੂੰ ਵੇਖ ਕੇ ਕੁੱਤੇ ਨੇ ਉਸਨੂੰ ਸਭ ਤੋਂ ਵਧ ਸ਼ਕਤੀਸ਼ਾਲੀ ਸਮਝਿਆ ਤੇ ਆਪਣੀ ਸੇਵਾ ਉਸਨੂੰ ਅਰਪਣ ਕੀਤੀ । ਹਾਥੀ ਮੰਨ ਗਿਆ । ਜਦੋਂ ਰਾਤ ਵੇਲੇ ਸਰ ਸਰ ਦੀ ਆਵਾਜ਼ ਸੁਣ ਕੇ ਕੁੱਤਾ ਭੌਂਕਣ ਲਗਾ ਤਾਂ ਹਾਥੀ ਨੇ ਉਸਨੂੰ ਵਰਜਦਿਆਂ ਕਿਹਾ, "ਇਸ ਵੇਲੇ ਜੇ ਤੂੰ ਭੌਂਕਿਆ ਤਾਂ ਕੋਈ ਸ਼ੇਰ ਆ ਝਪਟੇਗਾ ਤੇ ਤੈਨੂੰ ਮਾਰ ਦੇਵੇਗਾ ।"

ਕੁੱਤਾ ਸੋਚਣ ਲਗਾ ਜੇ ਹਾਥੀ ਦੇ ਹੁੰਦਿਆਂ ਸ਼ੇਰ ਮਾਰ ਜਾਵੇਗਾ ਤਾਂ ਫਿਰ ਸ਼ੇਰ ਹਾਥੀ ਨਾਲੋਂ ਵਧੇਰੇ ਤਾਕਤਵਰ ਹੋਇਆ । ਸੋ, ਉਸ ਹਾਥੀ ਨੂੰ ਛਡ ਕੇ ਸ਼ੇਰ ਦੀ ਨੌਕਰੀ ਕਰ ਲਈ । ਪਰ ਜਦੋਂ ਰਾਤ ਵੇਲੇ ਸਰ ਸਰ ਦੀ ਆਵਾਜ਼ ਸੁਣ ਕੇ ਕੁੱਤਾ ਭੌਂਕਣ ਲਗਾ ਤਾਂ ਸ਼ੇਰ ਨੇ ਕਿਹਾ, "ਜੇ ਤੂੰ ਭੌਂਕੇਂਗਾ ਤਾਂ ਕੋਈ ਸ਼ਿਕਾਰੀ ਇਧਰ ਆ ਕੇ ਅਸਾਂ ਦੋਹਾਂ ਨੂੰ ਮਾਰ ਦੇਵੇਗਾ ।" ਕੁੱਤਾ ਸੋਚਣ ਲਗਾ ਕਿ ਜੇ ਸ਼ੇਰ ਦੇ ਹੁੰਦਿਆਂ ਸ਼ਿਕਾਰੀ ਮਾਰ ਸਕਦਾ ਹੈ ਤਾਂ ਫਿਰ ਸ਼ੇਰ ਨਾਲੋਂ ਸ਼ਿਕਾਰੀ ਵਧੇਰੇ ਤਾਕਤਵਰ ਹੋਇਆ । ਸੋ, ਉਹ ਸ਼ੇਰ ਨੂੰ ਛੱਡ ਕੇ ਸ਼ਿਕਾਰੀ ਦੀ ਸੇਵਾ ਕਰਨ ਲਗਾ । ਜਦੋਂ ਰਾਤ ਵੇਲੇ ਸਰ ਸਰ ਦੀ ਆਵਾਜ਼ ਸੁਣ ਕੇ ਕੁੱਤਾ ਭੌਂਕਣ ਲਗਾ, ਤਾਂ ਸ਼ਿਕਾਰੀ ਉਸ ਦੀ ਆਵਾਜ਼ ਸੁਣ ਕੇ ਕਹਿਣ ਲਗਾ, "ਠੀਕ ਏ, ਤੂੰ ਇਸੇ ਤਰ੍ਹਾਂ ਰਾਤ ਨੂੰ ਭੌਂਕਿਆ ਕਰ ।" ਕੁੱਤੇ ਨੂੰ ਸਮਝ ਆ ਗਿਆ ਕਿ ਮਨੁਖ ਸਭ ਤੋਂ ਵਧ ਸ਼ਕਤੀਸ਼ਾਲੀ ਹੈ, ਸੋ ਉਹ ਮਨੁੱਖ ਕੋਲ ਰਹਿਣ ਲਗਾ ।

ਪ੍ਰਾਚੀਨ ਕਾਲ ਵਿਚ ਆਰੀਆ ਜਾਤੀ ਦੇ ਲੋਕ ਕੁੱਤੇ ਨੂੰ ਬੜਾ ਪਿਆਰ ਕਰਦੇ ਸਨ । ਮਹਾਂਭਾਰਤ ਦੀ ਇਕ ਕਥਾ ਅਨੁਸਾਰ ਯੁਧਿਸ਼ਟਰ ਜਦੋਂ ਆਪਣੇ ਕੁੱਤੇ ਨਾਲ ਸਵਰਗ ਲੋਕ ਵਿਚ ਪੁਜਾ ਤਾਂ ਇੰਦਰ ਦੇ ਦੂਤਾਂ ਨੇ ਯੁਧਿਸ਼ਟਰ ਦੇ ਕੁੱਤੇ ਨੂੰ ਅੰਦਰ ਨਾ ਆਉਣ ਦਿਤਾ, ਪਰ ਯੁਧਿਸ਼ਟਰ ਨੇ, ਕੁੱਤੇ ਬਿਨਾਂ ਸਵਰਗ ਵਿਚ ਜਾਣ ਤੋਂ ਇਨਕਾਰ ਕਰ ਦਿਤਾ । ਮਗਰੋਂ ਬ੍ਰਾਹਮਣੀ ਕਾਲ ਵਿਚ ਜਦੋਂ ਕਰਮ-ਕਾਂਡਾਂ ਉਤੇ ਬਹੁਤ ਜ਼ੋਰ ਦਿਤਾ ਜਾਣ ਲਗਾ ਅਤੇ ਕੁੱਤਾ ਆਪਣੀਆਂ

ਗੰਦੀਆਂ ਆਦਤਾਂ ਤੇ ਗੰਦ-ਮੰਦ ਖਾਣ ਕਾਰਨ ਘਿਣਾ ਦਾ ਪਾਤਰ ਬਣ ਗਿਆ। ਮਨੂੰ ਦੇ ਸਮੇਂ ਜਦੋਂ ਇਹ ਵਿਚਾਰ ਪ੍ਰਚਲਿਤ ਹੋ ਗਿਆ ਕਿ ਅਛੂਤ ਜਾਤੀਆਂ ਕੇਵਲ ਕੁੱਤਾ ਤੇ ਖੋਤਾ ਪਾਲ ਸਕਦੀਆਂ ਹਨ, ਤਾਂ ਇਨ੍ਹਾਂ ਦੋਹਾਂ ਜੀਆਂ ਪ੍ਰਤੀ ਹਿੰਦੂਆਂ ਦੇ ਦਿਲਾਂ ਵਿਚ ਘਿਣਾ ਪੈਦਾ ਹੋ ਗਈ।

ਕੁੱਤੇ ਦੀ ਵਫ਼ਾਦਾਰੀ ਬਾਰੇ ਕਈ ਕਥਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਪ੍ਰਸਿਧ ਇਹ ਕਥਾ ਹੈ—ਇਕ ਬੰਜਾਰਾ ਲੋੜ ਵੇਲੇ, ਸ਼ਾਹੂਕਾਰ ਕੋਲੋਂ ਕੁਝ ਪੈਸੇ ਲੈ ਕੇ, ਕੁੱਤਾ ਉਸ ਕੋਲ ਗਹਿਣੇ ਰਖ ਗਿਆ। ਸ਼ਾਹੂਕਾਰ ਦੇ ਘਰ ਚੋਰੀ ਹੋ ਗਈ ਤੇ ਕੁੱਤਾ ਚੋਰ ਦਾ ਪਿੱਛਾ ਕਰਕੇ ਉਸ ਦਾ ਟਿਕਾਣਾ ਵੇਖ ਆਇਆ। ਫਿਰ ਸ਼ਾਹੂਕਾਰ ਨੂੰ ਉਥੇ ਲਿਜਾ ਕੇ ਚੋਰਾਂ ਨੂੰ ਪਕੜਵਾ ਦੇਂਦਾ ਹੈ। ਸ਼ਾਹੂਕਾਰ ਆਪਣੇ ਨੌਕਰ ਨਾਲ ਬੰਜਾਰੇ ਨੂੰ ਕੁੱਤਾ ਵਾਪਸ ਕਰ ਦੇਂਦਾ ਹੈ, ਕਿਉਂ ਜੋ ਉਸਨੇ ਆਪਣੇ ਇਸ ਕਰਤੱਵ ਨਾਲ, ਬੰਜਾਰੇ ਦਾ ਕਰਜ਼ਾ ਇਕ ਤਰ੍ਹਾਂ ਨਾਲ ਉਤਾਰ ਦਿਤਾ ਸੀ। ਕੁੱਤਾ ਦੌੜ ਕੇ ਪਹਿਲਾਂ ਹੀ ਮਾਲਕ ਕੋਲ ਪਹੁੰਚ ਜਾਂਦਾ ਹੈ। ਬੰਜਾਰਾ ਕੁੱਤੇ ਨੂੰ ਬੇਵਫ਼ਾ ਸਮਝ ਕੇ, ਤੇ ਨੱਸ ਆਉਣ ਕਰਕੇ ਉਹਨੂੰ ਮਾਰ ਦੇਂਦਾ ਹੈ। ਪਿਛੋਂ ਅਸਲੀਅਤ ਪਤਾ ਲਗਦੀ ਹੈ ਤੇ ਬੜਾ ਪਛਤਾਂਦਾ ਹੈ।

ਇਕ ਹੋਰ ਕਥਾ ਅਨੁਸਾਰ ਕੁੱਤਾ ਆਪਣੇ ਮਾਲਕ ਦੇ ਪੁੱਤਰ ਦੀ ਰਖਿਆ ਭੇੜੀਏ ਤੋਂ ਕਰਦਾ ਹੈ ਤੇ ਸਖ਼ਤ ਜ਼ਖ਼ਮੀ ਹੋ ਜਾਂਦਾ ਹੈ, ਪਰ ਮਾਲਕ ਉਸਦੇ ਮੂੰਹ ਨਾਲ ਲਹੂ ਲੱਗਾ ਵੇਖ ਕੇ ਸਮਝਦਾ ਹੈ ਕਿ ਕੁੱਤੇ ਨੇ ਉਸਦੇ ਪੁੱਤਰ ਨੂੰ ਮਾਰ ਦਿਤਾ ਹੋਣਾ ਹੈ ਤੇ ਉਹ ਕਰੋਧ ਵਿਚ ਆ ਕੇ ਕੁੱਤੇ ਨੂੰ ਮਾਰ ਦੇਂਦਾ ਹੈ। ਵਿਲੀਅਮ ਕਰੂਕ ਅਨੁਸਾਰ (ਥਿੰਗਜ਼ ਇੰਡੀਅਨ, ਪੰਨਾ 146–147)।

ਜਦੋਂ ਇਹ ਕਹਾਣੀ ਬ੍ਰਾਹਮਣਾਂ ਦੇ ਹੱਥ ਲਗੀ ਤਾਂ ਮਨ ਵਿਚ ਕੁੱਤੇ ਲਈ ਘਿਣਾ ਹੋਣ ਕਰਕੇ ਉਨ੍ਹਾਂ ਨੇ ਕਥਾ ਨੂੰ ਬਦਲ ਦਿਤਾ ਤਾਂ ਕੁੱਤੇ ਦੀ ਥਾਂ ਨਿਉਲੇ ਨੇ ਲੈ ਲਈ, ਜੋ ਪੰਘੂੜੇ ਵਿਚ ਪਏ ਬੱਚੇ ਨੂੰ ਡੱਸਣ ਲਈ ਆਏ ਸੱਪ ਨੂੰ ਮਾਰ ਦੇਂਦਾ ਹੈ।

ਕੁੱਤਾ ਭੈਰੋਂ ਦੇਵਤਾ ਦਾ ਵਾਹਨ ਹੈ, ਭੈਰੋਂ ਦੇ ਅਨੁਯਾਈ ਕਾਲੇ ਕੁੱਤੇ ਨੂੰ ਪੂਜਦੇ ਹਨ। ਆਮ ਤੌਰ ਤੇ ਭੈਰੋਂ ਦੇ ਮੰਦਰਾਂ ਵਿਚ ਦੀਵਾਰ ਉਤੇ ਕਾਲੀ ਕੁੱਤੀ ਦੀ ਮੂਰਤੀ ਵੀ ਵੇਖਣ ਵਿਚ ਆਉਂਦੀ ਹੈ। ਭੈਰੋਂ ਦੇ ਮੰਦਰਾਂ ਵਿਚ ਕਾਲਾ ਕੁੱਤਾ ਪਾਲਿਆ ਵੀ ਜਾਂਦਾ ਹੈ (ਵੇਖੋ : ਭੈਰੋਂ)।

ਮੁਸਲਮਾਨ ਹਜ਼ਰਤ ਮੁਹੰਮਦ ਦੇ ਸਮੇਂ ਤੋਂ ਹੀ, ਕੁੱਤੇ ਨੂੰ ਅਪਵਿਤ੍ਰ ਤੇ ਅਸਵੱਛ ਮੰਨਦੇ ਆ ਰਹੇ ਹਨ।

ਕੁੱਤੇ ਨਾਲ ਬਹੁਤ ਸਾਰੀ ਲੋਕਧਾਰਾਈ ਸਾਮਗਰੀ ਸਬੰਧਿਤ ਹੈ। ਲੋਕ-ਕਹਾਣੀਆਂ ਵਿਚ ਕੁੱਤੇ ਨੂੰ ਬੜਾ ਵਫ਼ਾਦਾਰ ਦਸਿਆ ਗਿਆ ਹੈ। ਪਰ ਕਹਾਵਤਾਂ ਵਿਚ ਕੁੱਤੇ ਨੂੰ ਜ਼ਿਆਦਾਤਰ ਨੀਚ ਤੇ ਕਮੀਨੇ ਸ਼ਖ਼ਸ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ :

ਕੁੱਤਾ ਰਾਜ ਬਹਾਲੀਏ ਮੁੜ ਚਕੀ ਚਣੇ।
ਕੁੱਤੇ ਨੂੰ ਘਿਓ ਹਜ਼ਮ ਨਹੀਂ ਹੁੰਦਾ।
ਕੁੱਤੇ ਭੌਂਕਦੇ ਰਹਿੰਦੇ ਹਨ ਹਾਥੀ ਲੰਘ ਜਾਂਦੇ।
ਕੁੱਤੇ ਨੂੰ ਖੀਰ ਨਹੀਂ ਪਚਦੀ।
ਕੁੱਤਿਆਂ ਦੇ ਲੰਘਿਆਂ ਦਰਿਆ ਪਲੀਤ ਨਹੀਂ ਹੁੰਦੇ।

ਪੰਜਾਬੀ ਮੁਹਾਵਰਿਆਂ ਵਿਚ ਵੀ ਕੁੱਤੇ ਨੂੰ ਨਿੰਦਾਵਾਚੀ ਭਾਵ ਪ੍ਰਗਟਾਣ ਲਈ ਵਰਤਿਆ ਗਿਆ ਹੈ : ਇੱਟ ਕੁੱਤੇ ਦਾ ਵੈਰ, ਕੁੱਤੇ ਦੀ ਥਾਬ ਹੋਣੀ, ਕੁੱਤੇ ਦੀ ਮੌਤ ਮਰਨਾ।

ਜੇ ਕੰਨਾਂ ਦੇ ਲੌਲ ਸੁਜ ਜਾਣ ਤਾਂ ਲੋਕ-ਵਿਸ਼ਵਾਸ਼ ਅਨੁਸਾਰ ਸੁਜੇ ਲੌਲਾਂ ਨੂੰ ਕਾਲਾ ਕੁੱਤਾ ਚੱਟੇ ਤਾਂ ਸੋਜਣ ਝਟ ਉਤਰ ਜਾਂਦੀ ਹੈ। ਕੁੱਤੇ ਦੇ ਚਟਣ ਨਾਲ ਠੀਕ ਹੋਣ ਕਰਕੇ ਬੀਮਾਰੀ ਦਾ ਨਾਂ 'ਕੁਤੇਲਾਕ' ਪੈ ਗਿਆ।

## (ਕ-332) **ਕੁੱਤੀ ਦੀ ਪੂਜਾ** :

(1) ਭੜਵਾਰ ਗੋਤ ਦੇ ਖੱਤਰੀ ਵਿਆਹ ਜਾਂ ਮੰਗਲ ਕਾਰਜਾਂ ਸਮੇਂ, ਕਾਲੀ ਕੁੱਤੀ ਨੂੰ ਪੂਜਦੇ ਹਨ, ਖ਼ਾਸ ਤੌਰ ਤੇ ਜਨੇਊ ਦੀ ਰਸਮ ਵੇਲੇ। ਜਦੋਂ ਬਾਲਕ ਨੂੰ ਜਨੇਊ ਪਹਿਨਾਣਾ ਹੁੰਦਾ ਹੈ ਤਾਂ ਉਸਦਾ ਪਿਉ ਬਰਾਦਰੀ ਦੇ ਕੁਝ ਬੰਦੇ ਨਾਲ ਲੈ ਕੇ, ਵਾਜਿਆਂ ਗਾਜਿਆਂ ਨਾਲ ਕਿਸੇ ਚੂਹੜੇ ਦੇ ਘਰ ਜਾਂਦੇ ਤੇ ਸਮਾਗਮ ਉਤੇ ਭੋਜ ਛਕਣ ਲਈ ਕਾਲੀ ਕੁੱਤੀ ਨੂੰ ਨਿਉਤਾ ਦੇ ਆਉਂਦੇ ਹਨ। ਅਗਲੇ ਦਿਨ ਪ੍ਰੋਹਿਤ ਕਾਲੀ ਕੁੱਤੀ ਨੂੰ ਚੂਹੜੇ ਦੇ ਨਾਲ ਹੀ ਜਜਮਾਨ ਦੇ ਘਰ ਲਿਆਉਂਦੇ ਹਨ। ਪਹਿਲਾਂ ਕਾਲੀ ਕੁੱਤੀ ਦੀ ਪੂਜਾ ਕੀਤੀ ਜਾਂਦੀ ਹੈ ਤੇ ਫਿਰ ਖਾਣ-ਪੀਣ ਦੇ, ਜੋ ਪਦਾਰਥ ਤਿਆਰ ਕੀਤੇ ਹੁੰਦੇ ਹਨ, ਉਹ ਸਭ ਪਿੱਤਲ ਦੀ ਪਰਾਤ ਵਿਚ ਪਰੋਸ ਕੇ ਕੁੱਤੀ ਅਗੇ ਰਖ ਦਿਤੇ ਜਾਂਦੇ ਹਨ। ਇਸ ਮਗਰੋਂ ਪਰਿਵਾਰ ਦੇ ਸਭ ਜੀਅ ਕੁੱਤੀ ਅਗੇ ਹੱਥ ਜੋੜ ਕੇ ਬੈਠ ਜਾਂਦੇ ਹਨ ਤੇ ਉਦੋਂ ਤਕ ਨਹੀਂ ਉਠਦੇ ਜਦੋਂ ਤਕ ਕੁੱਤੀ ਕਿਸੇ ਪਦਾਰਥ ਨੂੰ ਭੋਗ ਨਹੀਂ ਲਗਾ ਲੈਂਦੀ। ਕਈ ਵਾਰ ਤਾਂ ਕਈ ਘੰਟੇ ਉਡੀਕ ਵਿਚ ਲੰਘ ਜਾਂਦੇ ਹਨ। ਜਦੋਂ ਕੁੱਤੀ ਭੋਗ ਲਵਾ ਚੁਕਦੀ ਹੈ, ਤਾਂ ਪਰਾਤ ਵਿਚ ਪਰੋਸੇ ਸਾਰੇ ਪਦਾਰਥ ਇਕ ਲਾਲ ਕਪੜੇ ਵਿਚ ਵਲ੍ਹੇਟ ਕੇ, ਚੂਹੜੇ ਨੂੰ ਦੇ ਦਿਤੇ ਜਾਂਦੇ ਹਨ। ਮਗਰੋਂ ਬ੍ਰਾਹਮਣ ਤੇ ਹੋਰ ਲੋਕਾਂ ਨੂੰ ਭੋਜ ਛਕਾਇਆ ਜਾਂਦਾ ਹੈ।

ਇਸ ਰੀਤ ਦੇ ਮੁੱਢ ਬਾਰੇ ਇਕ ਦੰਦ-ਕਥਾ ਭੜਵਾਰ ਗੋਤ ਵਿਚ ਪ੍ਰਚਲਤ ਹੈ। ਮੁਸਲਮਾਨਾਂ ਦੇ ਰਾਜ ਸਮੇਂ, ਜਦੋਂ ਪੰਜਾਬ ਵਿਚ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ

ਬਣਾਇਆ ਜਾ ਰਿਹਾ ਸੀ ਤੇ ਬੜੇ ਜ਼ੁਲਮ ਹੋ ਰਹੇ ਸਨ ਤਾਂ ਹਿੰਦੂ ਆਪਣਾ ਸਿਰ ਛੁਪਾਣ ਲਈ, ਦੂਰ ਦੁਰਾਡੀਆਂ ਥਾਵਾਂ ਵਿਚ ਜਾ ਵਸੇ ਸਨ। ਉਦੋਂ ਇਕ ਗਰਭਵਤੀ ਤੀਵੀਂ ਨੇ ਰਾਹ ਵਿਚ ਹੀ ਇਕ ਬੱਚੇ ਨੂੰ ਜਨਮ ਦਿਤਾ। ਉਹ ਬੱਚੇ ਨੂੰ ਰਾਹ ਵਿਚ ਹੀ ਝਾੜੀਆਂ ਵਿਚ ਛਡ ਗਈ। ਇਹ ਬੱਚੇ ਨੂੰ ਇਕ ਕਾਲੀ ਕੁੱਤੀ ਨੇ ਆਪਣਾ ਦੁੱਧ ਪਿਲਾ ਕੇ ਪਾਲਿਆ। ਇਹੋ ਬੱਚਾ ਇਸ ਗੋਤ ਦਾ ਵਡਿਕਾ ਸੀ, ਜਿਸ ਤੋਂ ਇਸ ਗੋਤ ਵਿਚ ਕਾਲੀ ਕੁੱਤੀ ਦੀ ਪੂਜਾ ਸ਼ੁਰੂ ਹੋ ਗਈ।

(2) ਕਾਲੀ ਕੁੱਤੀ ਭੈਰੋ ਦੇ ਨਾਲ ਸਬੰਧਿਤ ਮੰਨੀ ਜਾਂਦੀ ਹੈ। ਇਸ ਨੂੰ ਰੋਟੀ ਆਦਿ ਪਾਉਣੀ ਪੁੰਨ-ਕਰਮ ਸਮਝਿਆ ਜਾਂਦਾ ਹੈ। ਕਈ ਦੇਵੀ ਉਪਾਸ਼ਕ ਕਾਲੀ ਕੁੱਤੀ ਨੂੰ ਕਦੇ ਦੁਤਕਾਰਦੇ ਨਹੀਂ।

(ਕ-333) **ਕੁੰਤੀ** :

ਮਹਾਂਭਾਰਤ ਦੀ ਇਕ ਪ੍ਰਸਿਧ ਇਸਤ੍ਰੀ ਪਾਤਰ; ਕੁੰਤੀ ਕ੍ਰਿਸ਼ਨ ਦੀ ਭੂਆ ਅਤੇ ਯੁਧਿਸ਼ਟਰ, ਭੀਮਸੈਨ, ਤੇ ਅਰਜਨ ਆਦਿ ਦੀ ਮਾਤਾ ਸੀ, ਅਥਵਾ ਰਾਜਾ ਪਾਂਡੂ ਦੀ ਰਾਣੀ ਸੀ। ਇਹ ਮਥਰਾ ਦੇ ਰਾਜੇ ਸੂਰਸੈਨ ਦੀ ਕੰਨਿਆ ਸੀ।

(ਕ-334) **ਕੁੰਦੀ** :

ਦਮੋਦਰ ਦੇ ਕਿੱਸੇ ਅਨੁਸਾਰ ਹੀਰ ਦੀ ਮਾਂ; ਕੁੰਦੀ ਨਾਉਂ ਹਿੰਦੁਆਣੀ ਹੈ। ਸਿਆਲ ਮੂਲ ਵਿਚ ਹਿੰਦੂ ਰਾਜਪੂਤ ਸਨ, ਜੋ ਨਵੇਂ ਨਵੇਂ ਹੀ ਮੁਸਲਮਾਨ ਬਣੇ ਸਨ। ਇਸ ਲਈ ਉਨ੍ਹਾਂ ਵਿਚ ਅਜੇ ਹਿੰਦੂ ਨਾਉਂ ਤੇ ਰੀਤ-ਰਵਾਜ ਪ੍ਰਚਲਤ ਸਨ। ਤੀਵੀਆਂ ਦੇ ਨਾਂ ਖ਼ਾਸ ਤੌਰ ਤੇ ਹਿੰਦਵਾਣੀ ਹੁੰਦੇ ਸਨ।

ਵਾਰਸ ਸ਼ਾਹ ਨੇ ਆਪਣੇ ਕਿੱਸੇ ਵਿਚ ਹੀਰ ਦੀ ਮਾਂ ਦਾ ਨਾਉਂ 'ਮਲਕੀ' ਲਿਖਿਆ ਹੈ, ਜੋ ਮੁਸਲਮਾਨੀ ਨਾਉਂ ਹੈ। ਜਾਪਦਾ ਹੈ ਕਿ ਇਸ ਕਥਾ ਦਾ ਮੁਗਲਾਂ ਸਮੇਂ ਮੁਸਲਮਾਨੀ-ਕਰਣ ਹੋ ਗਿਆ।

(ਕ-335) **ਕੁੱਦਣਾ ਬਕਰਾ** :

ਉਹ ਬਕਰਾ, ਜੋ ਸੁੱਖਣਾ ਪੂਰੀ ਹੋਣ ਤੇ ਕੁਰਬਾਨੀ ਲਈ ਕਿਸੇ ਧਾਰਮਿਕ ਅਸਥਾਨ ਅਥਵਾ ਪੀਰ-ਫ਼ਕੀਰ ਦੀ ਮਜ਼ਾਰ ਆਦਿ ਉਤੇ ਚੜ੍ਹਾ ਦਿਤਾ ਗਿਆ ਹੋਵੇ, ਪਰ ਅਜੇ ਜ਼ਿਬ੍ਹਾ ਨਾ ਕੀਤਾ ਗਿਆ ਹੋਵੇ। ਅਜਿਹੇ ਬਕਰੇ ਨੂੰ ਪੀਰ ਦੀ ਅਮਾਨਤ ਸਮਝ ਕੇ, ਕੋਈ ਫੜਦਾ ਨਹੀਂ। ਇਹ ਸਾਰਾ ਦਿਨ ਅਸਥਾਨ ਦੇ ਨੇੜੇ ਘੁੰਮਦਾ ਰਹਿੰਦਾ ਹੈ।

(ਕ-336) **ਕੁੰਦਰੀ** :

ਉਹ ਖਾਣਾ, ਜੋ ਮੁਸਲਮਾਨਾਂ ਵਿਚ ਨਿਕਾਹ ਮਗਰੋਂ ਜਾਂਞੀਆਂ ਨੂੰ ਖਵਾਇਆ ਜਾਂਦਾ ਹੈ। ਇਹ ਭਰਪੂਰ ਭੋਜਨ ਹੁੰਦਾ ਹੈ।

(ਕ-337) **ਕੁਨਾਲ-ਤਖਸ਼ਿਲਾ** :

ਕੁਨਾਲ ਅਸ਼ੋਕ ਦਾ ਪੁੱਤਰ ਅਤੇ ਤਖਸ਼ਿਲਾ ਅਸ਼ੋਕ ਦੀ ਪਤਨੀ ਸੀ। ਇਨ੍ਹਾਂ ਬਾਰੇ ਪ੍ਰਚਲਤ ਦੰਦ-ਕਥਾ ਦੀਆਂ ਬਹੁਤ ਸਾਰੀਆਂ ਰੂੜ੍ਹੀਆਂ ਪੂਰਨ ਭਗਤ ਦੇ ਕਿੱਸੇ ਵਿਚ ਮਿਲਦੀਆਂ ਹਨ ਤੇ ਇਹ ਉਸ ਕਥਾ ਦਾ ਪੂਰਵਜ ਜਾਪਦੀ ਹੈ। ਦੰਦ-ਕਥਾ ਅਨੁਸਾਰ ਅਸ਼ੋਕ ਦੀ ਛੋਟੀ ਪਤਨੀ ਤੇ ਕੁਨਾਲ ਦੀ ਮਤ੍ਰੇਈ ਮਾਂ ਤਖਸ਼ਿਲਾ, ਲੂਣਾ ਵਾਂਗ ਹੀ ਬੜੀ ਖ਼ੂਬਸੂਰਤ ਸੀ। ਉਸ ਨੇ ਕੁਨਾਲ ਨਾਲ ਆਪਣੀ ਕਾਮ-ਲੋਚਾ ਪੂਰਨ ਕਰਨੀ ਚਾਹੀ। ਇਹ ਕਥਾ ਮੂਲ ਵਿਚ ਅਵਦਾਨ ਪਰੰਪਰਾ ਤੋਂ ਆਈ ਹੈ। 'ਅਸ਼ੋਕ-ਵਦਾਨ' ਅਨੁਸਾਰ ਅਸ਼ੋਕ ਦੀ ਛੋਟੀ ਰਾਣੀ ਤਖਸ਼ਿਲਾ ਕੁਨਾਲ ਦੇ ਸੁੰਦਰ ਨੈਣਾਂ 'ਤੇ, ਮੁਗਧ ਹੋ ਕੇ ਉਹਨੂੰ ਭੋਗਣਾ ਚਾਹੁੰਦੀ ਸੀ। ਜਦੋਂ ਉਸਦੀ ਕਾਮਨਾ ਪੂਰੀ ਨਹੀਂ ਹੁੰਦੀ ਤਾਂ ਉਹ ਬਦਲਾ ਲੈਣ ਦੀ ਭਾਵਨਾ ਨਾਲ ਕੁਨਾਲ ਦੀਆਂ ਅੱਖਾਂ ਧੋਖੇ ਨਾਲ ਕਢਵਾ ਦਿੰਦੀ ਹੈ।

ਕੁਨਾਲ ਦੇ ਇਨਕਾਰ ਕਰ ਦੇਣ ਤੇ ਰਾਣੀ ਤਖਸ਼ਿਲਾ (ਤਿਸ਼ਯਾਰਕਸ਼ਿਤਾ) ਨੇ ਬਦਲਾ ਲੈਣ ਦਾ ਇਰਾਦਾ ਬਣਾ ਲਿਆ। ਜਦੋਂ ਕੁਨਾਲ ਟਕਸਲੇ ਦਾ ਮੁਖੀ ਪ੍ਰਬੰਧਕ ਸੀ, ਤਾਂ ਤਖਸ਼ਿਲਾ ਨੇ ਅਸ਼ੋਕ ਦੀ ਮੋਹਰ ਹੇਠਾਂ, ਕੁਨਾਲ ਦੀਆਂ ਅੱਖਾਂ ਕਢਣ ਦਾ ਆਦੇਸ਼ ਜਾਰੀ ਕਰ ਦਿਤਾ। ਉਸ ਹੁਕਮਨਾਮੇ ਉਤੇ ਅਸ਼ੋਕ ਦੀ ਮੋਹਰ, ਤਖਸ਼ਿਲਾ ਨੇ, ਧੋਖੇ ਨਾਲ ਲਗਵਾ ਲਈ ਸੀ। ਅੱਖਾਂ ਕੱਢਣ ਮਗਰੋਂ ਕੁਨਾਲ ਭਿਖਸ਼ੂ ਬਣ ਗਿਆ ਤੇ ਆਪਣੀ ਪਤਨੀ ਨਾਲ ਕਈ ਸ਼ਹਿਰਾਂ ਦੀ ਯਾਤਰਾ ਕਰਦਾ, ਜਦੋਂ ਅਸ਼ੋਕ ਦੀ ਨਗਰੀ ਪਹੁੰਚਿਆ ਤਾਂ ਉਸ ਮਹਿਲਾਂ ਨਾਲ ਲਗਦੇ ਬਾਗ਼ ਵਿਚ ਬੰਸਰੀ ਵਜਾਈ, ਜਿਸ ਦੀ ਮਧੁਰ ਲੈਅ ਅਸ਼ੋਕ ਨੇ ਪਛਾਣ ਲਈ। ਜਦੋਂ ਅਸ਼ੋਕ ਕੁਨਾਲ ਨੂੰ ਮਿਲਣ ਗਿਆ ਤਾਂ ਕੁਨਾਲ ਨੂੰ ਅੰਨ੍ਹਾ ਦੇਖ ਕੇ ਹੈਰਾਨ ਰਹਿ ਗਿਆ। ਸਾਰਾ ਬਿਰਤਾਂਤ ਜਾਣ ਕੇ ਉਸ ਨੇ ਤਖਸਿਲਾ ਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਕੀਤਾ। ਪਰ ਕੁਨਾਲ ਨੇ ਅਸ਼ੋਕ ਨੂੰ ਬੇਨਤੀ ਕੀਤੀ ਕਿ ਉਹ ਤਖਸ਼ਿਲਾ ਨੂੰ ਮਾਫ਼ ਕਰ ਦੇਵੇ। ਬੌਧ ਦੀ ਬਖਸ਼ਿਸ਼ ਨਾਲ ਕੁਨਾਲ ਦੀਆਂ ਅੱਖਾਂ ਵਿਚ ਮੁੜ ਰੌਸ਼ਨੀ ਆ ਗਈ।

ਟੈਂਡੇ ਅਸਰਾਜੇ ਦੀ ਦੰਦ-ਕਥਾ ਵੀ ਇਸੇ ਕਿਸਮ ਦੀ ਹੈ ਅਤੇ ਦੋਹਾਂ ਵਿਚ ਕਾਫ਼ੀ ਸਮਾਨ ਰੂੜ੍ਹੀਆਂ ਹਨ।

ਕੁਨਾਲ ਸਤੂਪ : ਸਿਰਕਪ ਨਗਰੀ ਦੇ ਨੇੜੇ ਇਕ ਸਤੂਪ ਹੈ ਜੋ ਹਿਊਨਸਾਂਗ ਅਨੁਸਾਰ ਅਸ਼ੋਕ ਨੇ ਆਪਣੇ ਲੜਕੇ ਕੁਨਾਲ ਦੀ ਸਿਮਰਤੀ ਵਿਚ ਬਣਵਾਇਆ ਸੀ। ਕੁਨਾਲ ਨੂੰ

ਮੁੱਖੀ ਪ੍ਰਬੰਧਕ ਦੇ ਤੌਰ ਤੇ ਟੈਕਸਲਾ ਭੇਜਿਆ ਗਿਆ, ਜਿਥੇ ਉਸ ਦੀ ਜ਼ਾਲਮ ਮਤ੍ਰੇਈ ਮਾ ਤਖਸ਼ਿਲਾ ਦੇ ਆਦੇਸ਼ ਨਾਲ ਕੁਨਾਲ ਦੀਆਂ ਅੱਖਾਂ ਕੱਢ ਦਿਤੀਆਂ ਗਈਆਂ (ਵੇਖੋ : ਕੁਨਾਲ)।

## (ਕ-338) **ਕੁਨੇਤਰ** :

ਉਹ ਮਹੀਨੇ, ਜੋ ਵਿਆਹ ਲਈ ਅਸ਼ੁਭ ਮੰਨੇ ਜਾਂਦੇ ਹਨ; ਅਖਾਣ ਵੀ ਹੈ 'ਚੇਤਰ ਕੁਨੇਤਰ'। ਚੇਤਰ ਦਾ ਮਹੀਨਾ ਵਿਆਹ ਜਾਂ ਸ਼ਗਨ ਲਈ ਸ਼ੁਭ ਨਹੀਂ ਹੁੰਦਾ। ਇਸ ਤਰ੍ਹਾਂ ਪੋਹ ਦਾ ਮਹੀਨਾ ਵੀ ਠੰਡਾ ਗਿਣਿਆ ਜਾਂਦਾ ਹੈ। ਸਰਾਧਾਂ ਦੇ ਦਿਨ ਵੀ ਵਿਆਹ ਵਾਸਤੇ ਅਸ਼ੁਭ ਮੰਨੇ ਜਾਂਦੇ ਹਨ। ਹਿੰਦੂਆਂ ਅਨੁਸਾਰ ਹਾੜ ਸੁਦੀ ਏਕਾਦਸ਼ੀ ਤੋਂ ਕੱਤਕ ਸੁਦੀ ਏਕਾਦਸ਼ੀ ਤਕ ਦੇ ਚਾਰ ਮਹੀਨੇ ਕੁਨੇਤਰ ਹਨ, ਕਿਉਂ ਜੋ ਇਨ੍ਹਾਂ ਦਿਨਾਂ ਵਿਚ ਦੇਵਤੇ ਸੁਤੇ ਹੁੰਦੇ ਹਨ ਤੇ ਇਨ੍ਹਾਂ ਦਿਨਾਂ ਵਿਚ ਵਿਆਹ ਕਰਨ ਨਾਲ ਦੇਵਤਿਆਂ ਦੀ ਬਖ਼ਸ਼ਿਸ਼ ਨਹੀਂ ਹੁੰਦੀ। ਕੱਤੇ ਦੇ ਮਹੀਨੇ ਕੁਚੋਲ ਤੇ ਬਦਰੂਹਾ ਘੁੰਮਦੀਆਂ ਫਿਰਦੀਆਂ ਹਨ, ਇਹ ਵੀ ਵਿਆਹ ਵਾਸਤੇ ਕੁਨੇਤਰ ਹੈ।

## (ਕ-339) **ਕੁਬਜਾਂ** :

ਕੁਬਜਾਂ ਕੰਸ ਦੀ ਦਾਸੀ ਸੀ, ਜਿਸ ਦਾ ਸਰੀਰ ਕੁੱਬਾ ਸੀ। ਕ੍ਰਿਸ਼ਨ ਨੇ ਇਸ ਦਾ ਕੁੱਬ ਦੂਰ ਕਰ ਦਿਤਾ। ਇਸ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਜਦੋਂ ਕ੍ਰਿਸ਼ਨ ਬਲਰਾਮ ਦੇ ਨਾਲ ਮਥਰਾ ਪੁਜੇ ਤਾਂ ਸ਼ਹਿਰ ਤੋਂ ਬਾਹਰ ਬਾਗ਼ ਵਿਚ ਉਨ੍ਹਾਂ ਦਾ ਕੁਬਜਾਂ ਨਾਲ ਮੇਲ ਹੋ ਗਿਆ। ਕੁਬਜਾਂ ਨੇ ਫੁੱਲਾਂ ਦੀ ਮਾਲਾ ਭੇਟ ਕੀਤੀ। ਨਾਲ ਹੀ ਮੱਥੇ ਉਤੇ ਟਿੱਕਾ ਲਗਾਣਾ ਚਾਹਿਆ, ਪਰ ਕੁੱਬੀ ਹੋਣ ਕਰਕੇ ਹੱਥ ਨਾ ਪਹੁੰਚਿਆ ਤਾਂ ਕ੍ਰਿਸ਼ਨ ਨੇ ਇਸ ਦੇ ਪੈਰ ਉਤੇ ਆਪਣਾ ਪੈਰ ਧਰ ਕੇ ਇਸ ਨੂੰ ਸਿਰ ਤੋਂ ਫੜ ਕੇ ਉਪਰ ਵਲ ਚੁਕਿਆ। ਕੁਬਜਾਂ ਦਾ ਕੁੱਬ ਜਾਂਦਾ ਰਿਹਾ। ਉਹ ਰੂਪਵਤੀ ਨਿਕਲ ਆਈ। ਉਸ ਦੀ ਸ਼ਕਲ ਸੂਰਤ ਵਿਚ ਨਿਖਾਰ ਆ ਗਿਆ।

ਇਕ ਹੋਰ ਕਥਾ ਅਨੁਸਾਰ ਕਿਸੇ ਗੱਲੋਂ ਮਾਲਣ ਤੋਂ ਪ੍ਰਸੰਨ ਹੋ ਕੇ ਕ੍ਰਿਸ਼ਨ ਨੇ ਉਸ ਦੀ ਪਿੱਠ ਉਤੇ ਹੱਥ ਰਖਿਆ ਤੇ ਕੁੱਬ ਦੂਰ ਹੋ ਗਿਆ। ਇਹ ਕਥਾ ਪ੍ਰਭੂ ਦੀ ਛੋਹ ਨਾਲ ਹੋਏ ਉਦਾਰ ਦਾ ਭਾਵ ਪ੍ਰਗਟ ਕਰਦੀ ਹੈ।

ਬਧਿਕ ਉਧਰਿਓ ਖਮਿ ਪ੍ਰਹਾਰ
ਕੁਬਿਜਾ ਉਧਰੀ ਅੰਗੁਸਟ ਧਾਰਿ।

ਪੁਰਾਣਾਂ ਅਨੁਸਾਰ ਕੁਬਜਾਂ ਅਰੁਕ ਨਾਂ ਦੀ ਅਪਛਰਾ ਦਾ ਅਵਤਾਰ ਸੀ।

## (ਕ-340) **ਕੁਬੇਰ** :

ਪੌਰਾਣਾਂ ਅਨੁਸਾਰ ਕੁਬੇਰ, ਧਨ-ਦੌਲਤ ਦਾ ਦੇਵਤਾ ਹੈ, ਜੋ ਕੈਲਾਸ਼ ਪਰਬਤ ਵਿਚ ਅਲਕਾ ਨਗਰ ਵਿਚ ਨਿਵਾਸ ਕਰਦਾ ਹੈ। ਹਿੰਦੂ ਦੇਵਮਾਲਾ ਵਿਚ ਇਹਦਾ ਕੋਈ ਵਿਸ਼ੇਸ਼ ਵਰਣਨ ਪ੍ਰਾਪਤ ਨਹੀਂ। ਇਸ ਦੀਆਂ ਮੂਰਤੀਆਂ ਵੀ ਘਟ ਹੀ ਮਿਲਦੀਆਂ ਹਨ। ਇਹਦੀ ਨਗਰੀ, ਦੈਵੀ ਮੰਡਲਾਂ ਵਿਚ, ਸਭ ਤੋਂ ਵੱਧ ਅਮੀਰ ਤੇ ਬਹੁ-ਮੁਲੀਆਂ ਵਸਤੂਆਂ ਨਾਲ ਸ਼ਿੰਗਾਰੀ ਹੋਈ ਹੈ। ਮੇਰ ਪਰਬਤ ਦੀ ਸੁੰਦਰ ਚੋਟੀ ਉਤੇ ਕੁਬੇਰ ਦਾ ਬਾਗ਼ ਹੈ, ਜਿਸ ਨੂੰ ਚੈਤ੍ਰਰਥ ਕਹਿੰਦੇ ਹਨ। ਕੁਝ ਗ੍ਰੰਥਾਂ ਵਿਚ ਕੁਬੇਰ ਦਾ ਨਿਵਾਸ ਅਸਥਾਨ ਕੈਲਾਸ਼ ਪਰਬਤ ਉਤੇ ਸਥਿਤ ਇਕ ਮਹਿਲ ਵਿਚ ਦਸਿਆ ਜਾਂਦਾ ਹੈ, ਜਿਸ ਨੂੰ ਵਿਸ਼ਵਕਰਮਾ ਨੇ ਬਣਾਇਆ ਸੀ।

ਕੁਬੇਰ ਦੇਵਤਾ ਦਸ ਦਿਸ਼ਾਵਾਂ ਵਿਚੋਂ ਉੱਤਰ-ਦਿਸ਼ਾ ਦਾ ਰਖਿਅਕ (ਦਿਗਪਾਲ) ਹੈ। ਇਸ ਦੀ ਸੇਵਾ ਵਿਚ ਹਰ ਵੇਲੇ ਕਿੰਨਰ ਹਾਜ਼ਰ ਰਹਿੰਦੇ ਹਨ। ਕੁਬੇਰ ਦਾ ਰੰਗ ਸਫੈਦ ਮੰਨਿਆ ਗਿਆ ਹੈ, ਤਿੰਨ ਲੱਤਾਂ ਤੇ ਅੱਠ ਦੰਦ।

ਵੇਦਾਂ ਵਿਚ ਕੁਬੇਰ ਨੂੰ ਚੰਦਰੀਆਂ ਰੂਹਾਂ ਦਾ ਮੁਖੀਆ ਮੰਨਿਆ ਗਿਆ ਹੈ, ਜੋ ਹਨੇਰੇ ਮੰਡਲ ਵਿਚ ਰਹਿੰਦਾ ਹੈ। ਬੋਧੀ ਮਿੱਥਕ-ਕਥਾਵਾਂ ਅਨੁਸਾਰ ਕੁਬੇਰ ਬੁੱਧ ਦਾ ਅੰਗ ਰਖਿਅਕ ਸੀ ਅਤੇ ਮਹਾਂਕਾਲ ਤੇ ਮਹਾਂਕਾਲੀ (ਸ਼ਿਵ ਤੇ ਪਾਰਬਤੀ) ਦੋਵੇਂ ਉਸ ਦੇ ਦੁਆਰਪਾਲ ਸਨ। ਕੁਬੇਰ ਦੀ ਪਤਨੀ ਹਰੀਤੀਬੋਧੀ ਦੇਵਮਾਲਾ ਵਿਚ ਇਕ ਮਹੱਤਵਪੂਰਣ ਦੇਵੀ ਮੰਨੀ ਗਈ ਹੈ।

ਪੌਰਾਣਾਂ ਅਨੁਸਾਰ ਕੁਬੇਰ ਪਿਛਲੇ ਜਨਮ ਵਿਚ ਡਾਕੂ ਸੀ। ਇਕ ਵਾਰ ਰਾਤ ਵੇਲੇ ਸ਼ਿਵ ਦੇ ਮੰਦਰ ਵਿਚ ਚੋਰੀ ਕਰਨ ਗਿਆ ਸੀ, ਕਿ ਉਸ ਦੇ ਹੱਥ ਵਿਚ ਪਕੜਿਆ ਦੀਵਾ ਬੁਝ ਗਿਆ। ਕੁਬੇਰ ਨੇ ਦੀਵੇ ਨੂੰ, ਦਸ ਵਾਰ ਰੌਸ਼ਨੀ ਲਈ ਜਗਾਇਆ, ਪਰ ਹਰ ਵਾਰ ਝੱਖੜ ਕਾਰਨ ਦੀਵਾ ਬੁਝ ਜਾਂਦਾ ਰਿਹਾ। ਸ਼ਿਵ ਮੰਦਰ ਵਿਚ ਦਸ ਵਾਰ ਜੋਤ ਜਗਾਣ ਸਦਕਾ ਕੁਬੇਰ ਅਗਲੇ ਜਨਮ ਧਨ ਦੇ ਦੇਵਤੇ ਦੇ ਰੂਪ ਵਿਚ ਪੈਦਾ ਹੋਇਆ। ਮਹਾਂਭਾਰਤ ਅਨੁਸਾਰ ਕੁਬੇਰ ਨੇ ਇਕ ਹਜ਼ਾਰ ਸਾਲ ਤਕ ਬ੍ਰਹਮਾ ਦੀ ਕਠਨ ਤਪਸਿਆ ਕਰਕੇ ਵਰਦਾਨ ਪ੍ਰਾਪਤ ਕੀਤਾ ਕਿ ਉਹ ਅਮਰ ਪਦਵੀ ਪਾ ਕੇ, ਸੰਸਾਰ ਦੇ ਪਾਲਕ ਦੇਵਤਿਆਂ ਵਿਚੋਂ ਇਕ ਹੋਵੇ ਅਤੇ ਧਨ-ਦੌਲਤ ਦਾ ਦੇਵਤਾ ਬਣੇ। ਬ੍ਰਹਮਾ ਨੇ ਪ੍ਰਸੰਨ ਹੋ ਕੇ, ਉਸ ਨੂੰ ਪੁਸ਼ਪਕ ਨਾਂ ਦਾ ਇਕ ਸਵੈ-ਚਾਲਕ ਅਸਮਾਨੀ ਰੱਥ ਵੀ ਦਿਤਾ।

ਰਾਮਾਇਣ ਤੇ ਮਹਾਂਭਾਰਤ ਅਨੁਸਾਰ ਕੁਬੇਰ ਰਾਵਨ ਦਾ ਮਤ੍ਰੇਆ ਭਰਾ ਸੀ। ਲੰਕਾ ਉਤੇ ਕਿਸੇ ਵੇਲੇ ਕੁਬੇਰ ਦਾ ਅਧਿਕਾਰ ਸੀ। ਲੰਕਾ ਸੋਨੇ ਦੀ ਨਗਰੀ ਸੀ ਤੇ ਇਸ ਨੂੰ

ਵਿਸ਼ਵਕਰਮਾ ਨੇ ਤਿਆਰ ਕੀਤਾ ਸੀ। ਮਗਰੋਂ ਇਸ ਨਗਰ ਉਤੇ ਰਾਵਨ ਨੇ ਕਬਜਾ ਕਰ ਲਿਆ ਅਤੇ ਕੁਬੇਰ ਤੋਂ ਪੁਸ਼ਪਕ ਨਾਂ ਦਾ ਰੱਥ ਵੀ ਖੋਹ ਲਿਆ।

ਮਹਾਂਭਾਰਤ ਅਨੁਸਾਰ ਬ੍ਰਹਮਾ ਦਾ ਮਾਨਸ-ਪੁਤਰ ਪੁਲਸਤਯ ਸੀ, ਜਿਸ ਦਾ ਅਗੋਂ ਮਾਨਸ-ਪੁਤਰ ਵੈਸਰਵਨ (ਕੁਬੇਰ) ਸੀ। ਕੁਬੇਰ, ਆਪਣੇ ਪਿਉ ਨੂੰ ਛਡ ਕੇ ਬ੍ਰਹਮਾ ਕੋਲ ਚਲਾ ਗਿਆ। ਰਾਮਾਇਣ ਦੇ ਉਤਰ-ਖੰਡ ਅਨੁਸਾਰ ਕੁਬੇਰ ਪੁਲਸਤਯ ਦਾ ਪੁੱਤਰ ਨਹੀਂ ਸਗੋਂ ਪੋਤਰਾ ਸੀ।

ਪੌਰਾਣਾਂ ਅਨੁਸਾਰ ਕੁਬੇਰ ਪੁਲਸਤਯ ਦਾ ਮਾਨਸ-ਪੁਤਰ ਸੀ, ਜੋ ਬ੍ਰਹਮਾ ਦੇ ਹਿਰਦੇ ਵਿਚੋਂ ਜੰਮਿਆ। ਕੁਬੇਰ ਬ੍ਰਹਮਾ ਦੀ ਬੜੀ ਪੂਜਾ ਕਰਦਾ ਸੀ। ਕੁਬੇਰ ਨਾਲ ਪੁਲਸਤਯ ਰਿਸ਼ੀ ਨਰਾਜ਼ ਹੋ ਗਿਆ ਤੇ ਉਸ ਨੇ ਆਪਣੇ ਅੱਧੇ-ਸਰੀਰ ਨੂੰ ਵੈਸਰਵਨ ਦੇ ਰੂਪ ਵਿਚ ਪ੍ਰਗਟ ਕੀਤਾ, ਜੋ ਵੈਸਰਵਨ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਣ ਲਗਾ ਅਤੇ ਰਾਵਨ ਤੇ ਹੋਰ ਬੱਚੇ ਪੈਦਾ ਕੀਤੇ। ਕੁਬੇਰ ਆਪਣੇ ਪਿਤਾ ਦਾ ਸਾਥ ਛਡ ਕੇ ਆਪਣੇ ਦਾਦੇ ਬ੍ਰਹਮਾ ਕੋਲ ਰਹਿਣ ਲਗਾ। ਬ੍ਰਹਮਾ ਨੇ ਕੁਬੇਰ ਨੂੰ ਅਮਰ ਬਣਾ ਦਿਤਾ ਅਤੇ ਇਸ ਨੂੰ ਧਨ ਦਾ ਦੇਵਤਾ ਮੁਕਰਰ ਕੀਤਾ। ਲੰਕਾ ਇਸ ਦੀ ਰਾਜਧਾਨੀ ਸੀ ਤੇ ਪੁਸ਼ਪਕ ਇਸ ਦਾ ਵਾਹਣ, ਜੋ ਆਪਣੇ ਸਵਾਮੀ ਦੀ ਇੱਛਾ ਤੇ ਬੜੀ ਤੇਜ਼ੀ ਨਾਲ ਚਲਦਾ। ਮਗਰੋਂ ਇਸ ਕੋਲੋਂ ਰਾਵਨ ਨੇ ਲੰਕਾ ਖੋਹ ਲਈ। ਹੋਰ ਕਥਾ ਅਨੁਸਾਰ ਇਕ ਰਾਖਸ਼ ਧੂਮਲ ਨੇ ਲੰਕਾ ਉਤੇ ਕਬਜ਼ਾ ਕਰਨ ਲਈ ਤੇ ਕੁਬੇਰ ਨੂੰ ਇਸ ਨਗਰੀ ਵਿਚੋਂ ਕਢਣ ਲਈ, ਛਲ ਖੇਡਿਆ। ਉਸ ਨੇ ਆਪਣੀ ਲੜਕੀ ਕੇਲਸੀ ਨੂੰ ਸੁੰਦਰ ਤੇ ਮਨ-ਮੋਹਣੀਆ ਪੁਸ਼ਾਕਾਂ ਪ੍ਰਹਿਨਾ ਕੇ, ਕੁਬੇਰ ਦੇ ਪਿਉ ਵਿਸਰਵਸ ਦਾ ਮਨ ਮੋਹਣ ਲਈ ਭੇਜਿਆ। ਕੰਨਿਆਂ ਇਸ ਵਿਚ ਸਫਲ ਰਹੀ ਤੇ ਕੁਬੇਰ ਦੇ ਪਿਓ ਨੇ ਉਸ ਨਾਲ ਵਿਆਹ ਕਰ ਲਿਆ। ਉਸ ਦੇ ਘਰ ਚਾਰ ਬੱਚੇ ਪੈਦਾ ਹੋਏ—ਰਾਵਨ, ਕੁੰਭਕਰਨ, ਸੂਪਨਖਾ ਤੇ ਵਿਭੀਸ਼ਨ। ਰਾਵਨ ਨੇ ਤਪਾਂ ਤੇ ਕਠਨ ਸਾਧਨਾ ਦੁਆਰਾ ਬ੍ਰਹਮਾ ਤੋਂ ਕਈ ਵਰ ਪ੍ਰਾਪਤ ਕੀਤੇ ਅਤੇ ਫਿਰ ਮਤ੍ਰੇਏ ਭਰਾ ਕਬੇਰ ਉਤੇ ਵਿਜੈ ਪ੍ਰਾਪਤ ਕਰ ਕੇ, ਉਸ ਨੂੰ ਲੰਕਾ ਵਿਚੋਂ ਕਢ ਦਿਤਾ। ਕਬੇਰ ਤੋਂ ਰਾਵਨ ਨੇ ਪੁਸ਼ਪਕ ਰੱਥ ਵੀ ਖੋਹ ਲਿਆ। ਇਹੋ ਉਹ ਰੱਥ ਸੀ ਜਿਸ ਉਤੇ ਰਾਵਨ ਨੇ ਸੀਤਾ ਨੂੰ ਉਧਾਲ ਕੇ ਲਿਆਂਦਾ ਸੀ। ਰਾਮਾਇਣ ਅਨੁਸਾਰ ਰਾਮ ਨੇ ਰਾਵਨ ਉਤੇ ਵਿਜੈ ਪ੍ਰਾਪਤ ਕਰਨ ਮਗਰੋਂ, ਇਹ ਰੱਥ ਮੁੜ ਕੁਬੇਰ ਦੇ ਹਵਾਲੇ ਕਰ ਦਿਤਾ।

ਕਬੇਰ ਦੀ ਪਤਨੀ ਯਕਸ਼ੀ ਸੀ, ਜੋ ਮੁਰ ਨਾਂ ਦੇ ਦਾਨਵ ਦੀ ਲੜਕੀ ਸੀ। ਇਸ ਦੀ ਕੁੱਖੋਂ ਦੋ ਲੜਕੇ ਮਣੀ ਗ੍ਰੀਵ ਤੇ ਨਲ ਕੂਰ, ਪੈਦਾ ਹੋਏ। ਪਰ ਦੋਵੇਂ ਨਾਰਦ ਦੇ ਸਰਾਪ ਕਾਰਨ ਦਰਖ਼ਤ ਦਾ ਸਰੂਪ ਧਾਰਨ ਕਰ ਗਏ। ਇਕ ਲੜਕੀ ਮੀਨਾਕਸ਼ੀ ਵੀ ਪੈਦਾ ਹੋਈ।

ਕੁਬੇਰ ਦੀਆਂ ਤਿੰਨ ਲੱਤਾਂ ਤੇ ਅੱਠ ਦੰਦ ਹਨ। ਸਰੀਰ ਚਿੱਟੇ ਰੰਗ ਦਾ ਹੈ, ਜੋ ਗਹਿਣਿਆਂ ਨਾਲ ਸਜਿਆ ਹੋਇਆ ਹੈ।

ਕੁਬੇਰ ਦੀਆਂ ਮੂਰਤੀਆਂ ਪ੍ਰਾਚੀਨ ਮੰਦਰਾਂ ਵਿਚ ਮਿਲਦੀਆਂ ਹਨ। ਇਸਦੇ ਇਕ ਹਥ ਵਿਚ ਧਨ ਦੀ ਥੈਲੀ ਅਤੇ ਦੂਜੇ ਵਿਚ ਸੁਰਾ ਦਾ ਪਿਆਲਾ ਹੁੰਦਾ ਹੈ।

ਕੁਬੇਰ ਕਿੰਨਰਾਂ ਤੇ ਯਖਸ਼ਾਂ ਦਾ ਰਾਜਾ ਹੈ। ਕੁਬੇਰ ਦੀ ਪੂਜਾ ਆਮ ਪ੍ਰਚਲਤ ਨਹੀਂ। ਇਹ ਧਨ ਜੋੜਨ ਦਾ ਬੜਾ ਲੋਭੀ ਹੈ ਤੇ ਸੁਭਾਵ ਦਾ ਕੰਜੂਸ। ਕਈ ਹਿੰਦੂ ਇਸਦੀ ਪੂਜਾ ਕੇਵਲ ਧਨ ਦੇ ਲੋਭ ਨਾਲ ਕਰਦੇ ਹਨ।

(ਕ-341) **ਕੁੰਭ :**

ਭਾਰਤ ਦਾ ਇਕ ਪ੍ਰਸਿਧ ਪੁਰਬ, ਜੋ ਹਰ ਬਾਰ੍ਹਾਂ ਸਾਲਾਂ ਬਾਅਦ ਲਗਦਾ ਹੈ ਅਤੇ ਛੇ ਸਾਲਾਂ ਮਗਰੋਂ ਅਰਧ ਕੁੰਭ ਦਾ ਮੇਲਾ ਲਗਦਾ ਹੈ। ਵੈਸੇ ਤਾਂ ਕੁੰਭ ਸਮੇਂ ਅਨੇਕਾਂ ਤੀਰਥਾਂ ਉਤੇ ਮੇਲੇ ਲਗਦੇ ਹਨ, ਪਰ ਪ੍ਰਧਾਨ ਮੇਲੇ ਚਾਰ ਤੀਰਥਾਂ—ਹਰਦੁਆਰ, ਪ੍ਰਯਾਗ, ਨਾਸਕ ਤੇ ਉਜੈਨ ਵਿਚ ਜੁੜਦੇ ਹਨ।

ਕੁੰਭ ਦਾ ਪੁਰਬ, ਆਰੀਆ ਜਾਤੀ ਦੇ ਆਦਿਮ ਤੇ ਪ੍ਰਾਚੀਨ ਪੁਰਬਾਂ ਵਿਚੋਂ ਇਕ ਹੈ। ਵੇਦਾਂ ਵਿਚ ਇਸ ਪੁਰਬ ਦਾ ਬੜਾ ਮਹਾਤਮ ਦਸਿਆ ਗਿਆ ਹੈ। ਰਿਗ ਵੇਦ (10/89/7) ਅਨੁਸਾਰ ਕੁੰਭ ਦੇ ਪੁਰਬ ਉਤੇ ਤੀਰਥ-ਯਾਤ੍ਰਾ ਕਰਨ ਵਾਲਾ ਜਗਿਆਸੂ ਇਸ ਸਮੇਂ ਕੀਤੇ ਸ਼ੁਭ ਕਰਮਾਂ, ਧਨ ਤੇ ਯੱਗ ਆਦਿ ਦੇ ਫਲ ਨਾਲ ਲਕੜੀ ਕੱਟਣ ਵਾਲੀ ਕੁਹਾੜੀ ਵਾਂਗ, ਆਪਣੇ ਪਾਪਾਂ ਦਾ ਨਾਸ਼ ਕਰਦਾ ਹੈ। ਜਿਸ ਤਰ੍ਹਾਂ ਸਿੰਧ ਦਰਿਆ ਆਪਣੇ ਕੰਢਿਆਂ ਨੂੰ ਹੀ ਖੋਰਦਾ ਵਗਦਾ ਜਾਂਦਾ ਹੈ, ਉਸੇ ਤਰ੍ਹਾਂ ਕੁੰਭ ਪੁਰਬ ਪ੍ਰਾਣੀ ਦੇ ਪੂਰਬਲੇ ਜਨਮ ਵਿਚ ਕੀਤੇ ਨੇਕ ਕਰਮਾਂ ਨਾਲ, ਉਸਦੇ ਇਸ ਜਨਮ ਦੇ ਪਾਪਾਂ ਨੂੰ ਨਸ਼ਟ ਕਰਦਾ ਹੈ।

ਯੁਜਰਵੇਦ ਤੇ ਅਥਰਵੇਦ ਵਿਚ ਵੀ ਕੁੰਭ-ਪੁਰਬ ਦਾ ਜੱਸ ਗਾਇਆ ਗਿਆ ਹੈ।

ਇਸ ਪੁਰਬ ਦਾ ਮੁੱਢ ਪੌਰਾਣਿਕ ਹੈ। ਸਕੰਦ ਪੁਰਾਣ ਅਨੁਸਾਰ ਜਦੋਂ ਦੇਵਤਿਆਂ ਤੇ ਅਸੁਰਾਂ ਨੇ ਮਿਲ ਕੇ ਖੀਰ ਸਾਗਰ ਨੂੰ ਮਥਿਆ ਤਾਂ ਉਸ ਵਿਚੋਂ ਹੋਰ ਰਤਨਾਂ ਦੇ ਨਾਲ ਅੰਮ੍ਰਿਤ ਦਾ ਕੁੰਭ ਵੀ ਨਿਕਲਿਆ। ਧਨੰਤਰ ਵੈਦ ਨੇ ਇਹ ਕੁੰਭ ਇੰਦਰ ਨੂੰ ਭੇਂਟ ਕੀਤਾ ਤੇ ਇੰਦਰ ਨੇ ਆਪਣੇ ਲੜਕੇ ਜੈਯੰਤ ਨੂੰ ਪਕੜਾ ਦਿਤਾ ਤੇ ਇਸ ਕੁੰਭ ਨੂੰ ਇੰਦਰ ਲੋਕ ਵਿਚ ਲਿਜਾਣ ਲਈ ਕਿਹਾ ਤਾਂ ਜੋ ਅਸੁਰਾਂ ਤੋਂ ਅੰਮ੍ਰਿਤ ਦਾ ਕੁੰਭ ਬਚਾ ਕੇ ਰਖਿਆ ਜਾਏ। ਇਸ ਕੁੰਭ ਨੂੰ ਪ੍ਰਾਪਤ ਕਰਨ ਲਈ ਦੇਵਤਿਆਂ ਤੇ ਦੈਂਤਾਂ ਵਿਚ ਭਾਰੀ ਯੁੱਧ

ਹੋਇਆ। ਜੇ ਦੇਵਤੇ ਅੰਮ੍ਰਿਤ ਪੀ ਲੈਂਦੇ ਤਾਂ ਉਨ੍ਹਾਂ ਦੇ ਅਮਰ ਹੋ ਜਾਣ ਸਦਕਾ ਅਸੁਰਾਂ ਦਾ ਨਾਸ਼ ਹੋ ਜਾਣਾ ਸੀ। ਜਦੋਂ ਜੈਯੰਤ ਕੁੰਭ ਲੈ ਕੇ ਖਿਸਕ ਗਿਆ ਤਾਂ ਸਾਰੇ ਅਸੁਰ ਇਕੱਠੇ ਹੋ ਕੇ ਸ਼ੁਕਰ ਕੋਲ ਗਏ। ਸ਼ੁਕਰ ਆਪਣੀ ਇਕੋ ਅੱਖ ਨਾਲ ਸਾਰੀ ਸ੍ਰਿਸ਼ਟੀ ਨੂੰ ਵੇਖ ਲੈਂਦਾ ਸੀ ਤੇ ਕੁਝ ਵੀ ਅਗੋਚਰ ਨਹੀਂ ਸੀ ਰਹਿੰਦਾ। ਸ਼ੁਕਰ ਨੇ ਅਸੁਰਾਂ ਨੂੰ ਦਸਿਆ ਕਿ ਜੈਯੰਤ ਪੂਰਬ ਦਿਸ਼ਾ ਵਲ ਜਾ ਰਿਹਾ ਹੈ ਤੇ ਪਕੜਿਆ ਜਾ ਸਕਦਾ ਹੈ। ਅਸੁਰਾਂ ਨੇ ਜੈਯੰਤ ਦਾ ਪਿਛਾ ਕੀਤਾ ਤੇ ਦੇਵਤਿਆਂ ਨੇ ਅਸੁਰਾਂ ਦਾ। ਇਸ ਤਰ੍ਹਾਂ ਅਸੁਰਾਂ ਤੇ ਦੇਵਤਿਆਂ ਵਿਚ ਮੁੜ ਯੁੱਧ ਸ਼ੁਰੂ ਹੋ ਗਿਆ, ਜੋ ਬਾਰਾਂ ਦਿਨਾਂ ਤਕ ਚਲਦਾ ਰਿਹਾ। ਦੇਵਤਿਆਂ ਦੇ ਬਾਰਾਂ ਦਿਨ ਮਨੁਖਾਂ ਦੇ ਬਾਰਾਂ ਵਰ੍ਹਿਆਂ ਦੇ ਬਰਾਬਰ ਹੁੰਦੇ ਹਨ। ਅੰਮ੍ਰਿਤ ਦਾ ਕੁੰਭ ਖੋਹਣ ਲਗਿਆਂ ਚਾਰ ਥਾਈਂ ਅੰਮ੍ਰਿਤ ਦੀਆਂ ਬੂੰਦਾਂ ਛਲਕ ਕੇ ਡਿਗੀਆਂ, ਜਿਸ ਲਈ ਕੁੰਭ ਦੇ ਪੁਰਬ ਲਈ ਚਾਰ ਅਸਥਾਨ ਪ੍ਰਧਾਨ ਮੰਨੇ ਗਏ :—ਇਹ ਅਸਥਾਨ ਹਨ : ਪ੍ਰਯਾਗ, ਹਰਦੁਆਰ, ਨਾਸਕ ਤੇ ਉਜੈਨ।

ਇਕ ਹੋਰ ਕਥਾ ਅਨੁਸਾਰ ਕੁਝ ਅੰਮ੍ਰਿਤ ਦੀਆਂ ਬੂੰਦਾਂ ਕੁਰਕਸ਼ੇਤਰ ਵਿਚ ਵੀ ਡਿਗੀਆਂ। ਇਸ ਲਈ ਇਥੇ ਵੀ ਕੁੰਭ ਦਾ ਪੁਰਬ ਮਨਾਇਆ ਜਾਂਦਾ ਹੈ।

ਬਾਰ੍ਹਾਂ ਦਿਨਾਂ ਦੇ ਘੋਰ ਯੁੱਧ ਵਿਚ ਸੂਰਜ, ਚੰਦ੍ਰਮਾ ਤੇ ਬ੍ਰਹਸਪਤੀ ਨੇ ਜੈਯੰਤ ਦੀ ਬੜੀ ਮਦਦ ਕੀਤੀ। ਸੂਰਜ ਨੇ ਕੁੰਭ ਟੁੱਟਣ ਨਾ ਦਿਤਾ, ਚੰਦ੍ਰ ਨੇ ਛਲਕਣ ਵੇਲੇ ਅੰਮ੍ਰਿਤ ਡੁਲ੍ਹਣ ਤੋਂ ਬਚਾਇਆ ਭਾਵੇਂ ਇਕ ਦੋ ਬੂੰਦਾਂ ਕਿਧਰੇ ਕਿਧਰੇ ਡਿਗ ਪਈਆਂ ਅਤੇ ਬ੍ਰਹਸਪਤੀ ਨੇ ਕੁੰਭ ਨੂੰ ਦੈਂਤਾਂ ਦੇ ਹੱਥ ਲਗਣ ਤੋਂ ਰੋਕਿਆ। ਇਸ ਲਈ ਕੁੰਭ ਦਾ ਪੁਰਬ, ਇਨ੍ਹਾਂ ਤਿੰਨ ਗ੍ਰਹਿਆਂ ਦੇ ਖ਼ਾਸ ਯੋਗ ਵੇਲੇ ਹੁੰਦਾ ਹੈ। ਜਿਸ ਸਥਿਤੀ ਵਿਚ ਸੂਰਜ, ਚੰਦ੍ਰ ਤੇ ਬ੍ਰਹਸਪਤੀ ਨੇ ਅੰਮ੍ਰਿਤ ਦੇ ਕੁੰਭ ਦੀ ਰਖਿਆ ਕੀਤੀ ਸੀ, ਉਸੇ ਸਥਿਤੀ ਵਿਚ ਜਦੋਂ ਇਹ ਤਿੰਨ ਗ੍ਰਹਿ ਆ ਜਾਣ ਤਾਂ ਕੁੰਭ-ਪੁਰਬ ਮਨਾਇਆ ਜਾਂਦਾ ਹੈ।

ਪ੍ਰਯਾਗ, ਹਰਦੁਆਰ, ਨਾਸਕ ਤੇ ਉਜੈਨ ਵਿਚ ਹਰੇਕ ਥਾਂ ਬਾਰ੍ਹਾਂ ਵਰ੍ਹੇ ਮਗਰੋਂ ਕੁੰਭ ਲਗਦਾ ਹੈ।

(ੳ) ਜਦੋਂ ਬ੍ਰਿਹਸਪਤ ਕੁੰਭ ਰਾਸ਼ੀ ਵਿਚ ਅਤੇ ਸੂਰਜ ਮੇਖ ਰਾਸ਼ੀ ਵਿਚ ਹੋਵੇ, ਤਾਂ ਹਰਿਦੁਆਰ, ਗੰਗਾ ਦੇ ਕਿਨਾਰੇ ਕੁੰਭ ਹੁੰਦਾ ਹੈ।

(ਅ) ਅਮਾਵਸ ਨੂੰ ਬ੍ਰਿਹਸਪਤੀ ਮੇਖ ਰਾਸ਼ੀ ਵਿਚ ਅਤੇ ਚੰਦਰਮਾ ਤੇ ਸੂਰਜ ਮਕਰ ਰਾਸ਼ੀ ਵਿਚ ਹੋਣ, ਤਾਂ ਪ੍ਰਯਾਗ ਵਿਚ ਕੁੰਭ ਲਗਦਾ ਹੈ।

(ੲ) ਬ੍ਰਿਹਸਪਤੀ, ਚੰਦ੍ਰਮਾ ਅਤੇ ਸੂਰਜ, ਅਮਾਵਸ ਨੂੰ ਕਰਕ ਰਾਸ਼ੀ ਵਿਚ ਹੋਣ, ਤਾਂ ਨਾਸਕ, ਗੋਦਾਵਰੀ ਦੇ ਕੰਢੇ ਕੁੰਭ ਦਾ ਪੁਰਬ ਹੁੰਦਾ ਹੈ।

(ਸ) ਅਮਾਵਸ ਨੂੰ ਸੂਰਜ, ਚੰਦ੍ਰਮਾ ਤੇ ਬ੍ਰਿਹਸਪਤੀ ਕੁੰਭ ਰਾਸ਼ੀ ਵਿਚ ਆਉਣ ਤਾਂ ਉਜੈਨ ਦਾ ਕੁੰਭ ਹੁੰਦਾ ਹੈ।

ਕੁੰਭ ਦੇ ਅਵਸਰ ਉਤੇ ਦਾਨ ਦੇਣ ਤੇ ਇਸ਼ਨਾਨ ਕਰਨ ਦਾ ਖ਼ਾਸ ਮਹਾਤਮ ਹੈ। ਰਵਾਇਤ ਹੈ ਕਿ ਹਰਸ਼ ਵਰਧਨ ਨੇ ਕੁੰਭ ਦੇ ਪੁਰਬ 'ਤੇ, ਪ੍ਰਯਾਗ ਰਾਜ ਵਿਚ, ਆਪਣਾ ਸਭ ਕੁਝ ਦਾਨ ਕਰ ਦਿਤਾ ਸੀ ਅਤੇ ਪਹਿਨਣ ਦੇ ਕਪੜੇ ਵੀ ਦੂਜਿਆਂ ਤੋਂ ਮੰਗੇ ਸਨ।

ਦਾਨ ਤੇ ਇਸ਼ਨਾਨ ਲਈ ਖ਼ਾਸ ਤਿੱਥਾਂ ਤੇ ਘੜੀਆਂ ਨਿਸਚਤ ਹਨ। ਕੁੰਭ ਦੇ ਵੇਲੇ ਪਹਿਲਾਂ ਨਾਂਗੇ ਸਾਧੂ ਛੜੀਆਂ ਹੱਥ ਵਿਚ ਲੈ ਕੇ ਨਿਕਲਦੇ ਹਨ। ਉਹ ਪਹਿਲਾਂ ਛੜੀਆਂ ਨੂੰ ਇਸ਼ਨਾਨ ਕਰਾਉਂਦੇ ਤੇ ਫਿਰ ਖ਼ੁਦ ਕਰਦੇ ਹਨ। ਉਨ੍ਹਾਂ ਤੋਂ ਪਹਿਲਾਂ ਕੋਈ ਇਸ਼ਨਾਨ ਨਹੀਂ ਕਰ ਸਕਦਾ। ਇਸ਼ਨਾਨ ਤੇ ਦਾਨ ਸਮੇਂ ਵੇਦ ਮੰਤ੍ਰਾਂ ਦਾ ਉਚਾਰਨ ਵੀ ਕੀਤਾ ਜਾਂਦਾ ਹੈ।

ਕੁੰਭ ਦੇ ਸਮੇਂ ਭਾਰੀ ਜਲੂਸ ਨਿਕਲਦਾ ਹੈ, ਜਿਸ ਵਿਚ ਨਾਂਗੇ, ਸੰਨਿਆਸੀ, ਮਹਾਤਮਾ ਤੇ ਨਿਰਮਲੇ ਆਪੋ-ਆਪਣੇ ਬਾਣੇ ਅਥਵਾ ਭੇਖ ਵਿਚ ਨਿਕਲਦੇ ਹਨ। ਪਰੰਪਰਾ ਅਨੁਸਾਰ ਸਭ ਤੋਂ ਪਹਿਲਾਂ ਜਲ ਵਿਚ ਇਸ਼ਨਾਨ ਕਰਨ ਦਾ ਹੱਕ ਨਾਂਗੇ ਸਾਧੂਆਂ ਨੂੰ ਦਿਤਾ ਜਾਂਦਾ ਹੈ।

ਕੁੰਭ ਦੇ ਮੇਲੇ ਉਤੇ, ਗੋਰਖਨਾਥ ਦੇ ਬਾਰਾਂ ਪੰਥਾਂ ਵਿਚੋਂ, ਇਕ ਇਕ ਪ੍ਰਤੀਨਿਧੀ ਲਿਆ ਜਾਂਦਾ ਹੈ। ਹਰਦੁਆਰ ਵਿਚ ਕੁੰਭ ਦੇ ਮੇਲੇ ਉਤੇ ਚੋਣਾਂ ਹੁੰਦੀਆਂ ਹਨ। ਇਸ ਮੇਲੇ ਉਤੇ ਮੱਠਾਂ ਦੇ ਜੋਗੀ, ਹਜ਼ਾਰਾਂ ਦੀ ਸੰਖਿਆ ਵਿਚ ਆਉਂਦੇ ਹਨ। ਇਸ ਸੰਸਥਾ ਦਾ ਪ੍ਰਧਾਨ ਹਰ ਸਾਲ ਵਾਰੋ ਵਾਰੀ 12 ਭੇਖਾਂ ਵਿਚੋਂ ਚੁਣਿਆ ਜਾਂਦਾ ਹੈ, ਜੋ ਮੱਠਾਂ ਦੇ ਆਪਸੀ ਝਗੜਿਆਂ ਦਾ ਫ਼ੈਸਲਾ ਵੀ ਕਰਦਾ ਹੈ।

(ਕ-342) **ਕੁੰਭਕਰਨ** :

ਵਿਸ੍ਰਵਸ ਦਾ ਪੁੱਤਰ ਜੋ ਕੇਸ਼ਿਨੀ ਰਾਖਸ਼ਣੀ ਦੀ ਕੁਖੋਂ ਪੈਦਾ ਹੋਇਆ। ਇਹ ਦੈਂਤ ਰਾਵਨ ਦਾ ਸੱਕਾ ਭਰਾ ਸੀ। ਦੋਵੇਂ ਕੰਨ ਕੁੰਭ (ਘੜੇ) ਵਰਗੇ ਹੋਣ ਕਰਕੇ, ਇਸਨੂੰ ਕੁੰਭ-ਕਰਣ ਕਿਹਾ ਜਾਣ ਲਗਾ। ਇਹ ਦੈਂਤ ਚੁਰਾਸੀ ਯੋਜਨ ਲੰਮਾ ਤੇ ਅਨੇਕਾਂ ਯੋਜਨ ਚੌੜਾ ਹੋਣ ਕਰਕੇ ਲੰਕਾ ਵਿਚ ਕਿਧਰੇ ਸਮਾ ਨਹੀਂ ਸੀ ਸਕਦਾ। ਸੋ, ਕੁੰਭਕਰਨ ਪਹਾੜਾਂ ਵਿਚ ਰਹਿੰਦਾ ਸੀ। ਉਹ ਜਦੋਂ ਸਾਹ ਲੈਂਦਾ ਤਾਂ ਝੱਖੜ ਝੁਲਦੇ ਤੇ ਜਦੋਂ ਬੋਲਦਾ ਤਾਂ ਬਿਜਲੀ ਕੜਕਦੀ ਸੀ। ਇਸ ਨੇ ਜੰਮਦੇ ਸਾਰ ਹੀ ਆਪਣੀਆਂ ਬਾਹਾਂ ਫੈਲਾ ਕੇ, ਜੋ ਕੁਝ ਹੱਥ ਲਗਾ ਖਾ ਲਿਆ। ਇਕ ਵਾਰ ਕੁੰਭਕਰਨ ਨੇ 500 ਅਪੱਛਰਾਂ ਹੜਪਣ ਲਈ ਪਕੜ ਲਈਆਂ। ਫਿਰ ਇਕ

ਵਾਰ ਇਸਨੇ ਬ੍ਰਾਹਮਣਾ, ਗਊਆਂ ਅਤੇ 100 ਰਿਸ਼ੀਆਂ ਦੀਆਂ ਤੀਵੀਆਂ ਨੂੰ ਖਾਣ ਲਈ ਫੜ ਲਿਆ। ਇਸਦਾ ਘਰ ਲੰਕਾ ਵਿਚ ਵੀਹ ਹਜ਼ਾਰ ਮੀਲ ਲੰਮਾ ਸੀ।

ਕੁੰਭਕਰਨ ਨੇ ਬ੍ਰਹਮਾ ਨੂੰ ਪ੍ਰਸੰਨ ਕਰਨ ਲਈ ਦਸ ਹਜ਼ਾਰ ਸਾਲ ਤਕ ਤੱਪ ਕੀਤੇ। ਜਦੋਂ ਬ੍ਰਹਮਾ ਨੇ ਪ੍ਰਗਟ ਹੋ ਕੇ ਵਰ ਮੰਗਣ ਲਈ ਕਿਹਾ ਤਾਂ ਇਸਨੇ ਅਮਰਤਾ ਮੰਗੀ, ਜੋ ਬ੍ਰਹਮਾ ਨੇ ਦੇਣੋਂ ਨਾਹ ਕਰ ਦਿਤੀ। ਕੁੰਭਕਰਨ ਨੇ ਹੋਰ ਕਠਨ ਸਾਧਨਾ ਕੀਤੀ। ਕਈ ਵਾਰ ਬ੍ਰਹਮਾ ਪ੍ਰਗਟ ਹੋਇਆ, ਪਰ ਕੁੰਭਕਰਨ ਨੇ ਹਰ ਵਾਰ ਅਮਰਤਾ ਦਾ ਹੀ ਵਰ ਮੰਗਿਆ, ਜੋ ਬ੍ਰਹਮਾ ਉਸਨੂੰ ਦੇਣਾ ਨਹੀਂ ਸੀ ਚਾਹੁੰਦਾ। ਕੁੰਭਕਰਨ ਨੇ ਹੋਰ ਤੱਪ ਕੀਤੇ ਤੇ ਅਖ਼ੀਰ ਉਸ ਦੇ ਤੱਪਾਂ ਤੇ ਸਾਧਨਾ ਦੀ ਸ਼ਕਤੀ ਨਾਲ ਤਿੰਨੇ ਲੋਕ ਡੋਲਣ ਲਗੇ ਤੇ ਸੰਸਾਰ ਦੇ ਨਸ਼ਟ ਹੋ ਜਾਣ ਦੀ ਸੰਭਾਵਨਾ ਪੈਦਾ ਹੋ ਗਈ। ਬ੍ਰਹਮਾ ਨੇ ਇਕ ਚਾਲ ਖੇਡੀ। ਉਨ੍ਹਾਂ ਨੇ ਆਪਣੀ ਪਤਨੀ ਸਰਸਵਤੀ ਨੂੰ ਕਿਹਾ ਕਿ ਹੁਣ ਜਦੋਂ ਉਹ ਵਰ ਦੇਣ ਲਈ ਕੁੰਭਕਰਨ ਦੇ ਸਾਹਮਣੇ ਪ੍ਰਗਟ ਹੋਣਗੇ ਤਾਂ ਸਰਸਵਤੀ ਕੁੰਭਕਰਨ ਦੀ ਜੀਭ ਉਤੇ ਬਿਰਾਜ ਕੇ ਉਸਨੂੰ ਥਥਲਾ ਦੇਵੇ। ਸਰਸਵਤੀ ਕੁੰਭਕਰਨ ਦੀ ਜੀਭ ਉਤੇ ਜਾ ਬਿਰਾਜੀ ਤਾਂ ਬ੍ਰਹਮਾ ਨੇ ਪ੍ਰਗਟ ਹੋ ਕੇ ਵਰ ਮੰਗਣ ਲਈ ਕਿਹਾ ਤਾਂ ਕੁੰਭਕਰਨ ਨੇ ਫਿਰ ਅਮਰ ਜੀਵਨ ਮੰਗਿਆ। ਪਰ ਜੀਭ ਥਥਲਾ ਗਈ ਤੇ ਉਸ ਨੇ ਸਦੀਵੀ ਨੀਂਦ ਮੰਗ ਲਈ। ਬ੍ਰਹਮਾ ਨੇ ਵਰ ਦੇ ਦਿਤਾ ਤੇ ਕੁੰਭਕਰਨ ਸਦੀਵੀ ਨੀਂਦ ਸੌਣ ਲਗਾ। ਕੁੰਭਕਰਨ ਨੇ ਦਇਆ ਲਈ ਤਰਲਾ ਕੀਤਾ ਤਾਂ ਬ੍ਰਹਮਾ ਨੇ ਵਰ ਬਦਲਦੇ ਹੋਏ ਕਿਹਾ ਕਿ ਕਦੇ ਕਦੇ, ਵਿਚ ਵਿਚ, ਜਾਗ ਪਿਆ ਕਰੇਂਗਾ। ਸੋ, ਕੁੰਭਕਰਨ ਛੇ ਮਹੀਨੇ ਸੁੱਤਾ ਰਹਿੰਦਾ ਤੇ ਕੇਵਲ ਇਕ ਦਿਨ ਜਾਗਦਾ।

ਜਦੋਂ ਰਾਮ ਨੇ ਆਪਣੀ ਸੈਨਾ ਨਾਲ ਲੰਕਾ ਤੇ ਚੜ੍ਹਾਈ ਕੀਤੀ ਤਾਂ ਕੁੰਭਕਰਨ ਡੂੰਘੀ ਨੀਂਦਰ ਸੁੱਤਾ ਪਿਆ ਸੀ। ਰਾਖਸ਼ਾਂ ਨੇ ਉਸ ਨੂੰ ਜਗਾਣ ਦੇ ਕਈ ਯਤਨ ਕੀਤੇ, ਇਥੋਂ ਤਕ ਕਿ ਵੱਡੀਆਂ ਵੱਡੀਆਂ ਚਟਾਨਾਂ ਉਸ ਉਤੇ ਸੁੱਟੀਆਂ ਗਈਆਂ, ਪਰ ਉਹ ਨਾ ਜਾਗਿਆ। ਅਖ਼ੀਰ, ਇਕ ਹਜ਼ਾਰ ਹਾਥੀ ਕੁੰਭਕਰਨ ਤੋਂ ਲੰਘ ਗਏ ਤਾਂ ਇਹ ਜਾਗਿਆ। ਫਿਰ ਇਸ ਨੂੰ ਖਾਣ ਲਈ ਸੈਂਕੜੇ ਝੋਟਿਆਂ ਤੇ ਹਿਰਨਾਂ ਦਾ ਮਾਸ ਦਿਤਾ ਗਿਆ, ਪਰ ਉਹ ਰੱਜਿਆ ਨਾ। ਰਾਖਸ਼ਾਂ ਨੇ ਕਿਹਾ ਕਿ ਜੇ ਕੁੰਭਕਰਨ ਰੱਜ ਕੇ ਮਾਸ ਖਾਣਾ ਚਾਹੁੰਦਾ ਹੈ ਤਾਂ ਉਹ ਯੁੱਧ-ਭੂਮੀ ਵਿਚ ਜਾਵੇ ਤੇ ਰਾਮ ਚੰਦਰ ਦੀ ਸੈਨਾ ਨੂੰ ਮਾਰ ਕੇ ਬਾਂਦਰਾਂ ਦਾ ਮਾਸ ਖਾਏ। ਸੋ ਕੁੰਭਕਰਨ ਯੁੱਧ-ਭੂਮੀ ਵਿਚ ਗਿਆ। ਉਥੇ ਉਸ ਨੇ ਤਬਾਹੀ ਮਚਾ ਦਿਤੀ। ਕੁੰਭਕਰਨ ਨੇ ਬਾਂਦਰਾਂ ਦੇ ਸੈਨਾਪਤੀ ਸੁਗ੍ਰੀਵ ਨੂੰ ਜ਼ਖਮੀ ਕਰਕੇ ਕੈਦੀ ਬਣਾ ਲਿਆ। ਹਨੂਮਾਨ ਘਬਰਾ ਗਿਆ। ਪਰ ਰਾਮਚੰਦਰ ਨੇ ਰਾਮ ਬਾਣ ਨਾਲ ਕੁੰਭਕਰਨ ਦੇ ਹੱਥ ਪੈਰ ਤੇ ਲੱਤਾਂ ਕਟ ਦਿਤੀਆਂ ਤੇ ਪਿਛੋਂ ਚੱਕਰ ਨਾਲ ਇਸ ਦਾ ਸਿਰ ਵੱਢ ਕੇ, ਇਸ ਨੂੰ ਸਮੁੰਦਰ ਵਿਚ ਸੁੱਟ ਦਿਤਾ।

(ਕ-343) **ਕੁੰਭਕਾਰੀ** :

ਕੁੰਭਕਾਰੀ ਦੀ ਕਲਾ ਬਹੁਤ ਹੀ ਪ੍ਰਾਚੀਨ ਹੈ। ਇਹ ਕੁਝ ਕੁ ਮੁੱਢਲੀਆਂ ਲੋਕ-ਕਲਾਵਾਂ ਵਿਚੋਂ ਇਕ ਹੈ। ਆਦਿਮ ਅਵਸਥਾ ਵਿਚ ਹੀ ਮਾਨਵ ਮਿੱਟੀ ਨੂੰ ਗੁੰਨ੍ਹ ਕੇ, ਆਪਣੀਆਂ ਲੋੜਾਂ ਦੀ ਪੂਰਤੀ ਲਈ ਤੇ ਚੀਜ਼-ਵਸਤੂ ਰੱਖਣ ਲਈ ਹੱਥ ਨਾਲ ਕੁਝ ਭਾਂਡੇ ਘੜ ਲੈਂਦਾ ਸੀ। ਆਪਣੇ ਬੱਚਿਆਂ ਦੇ ਮਨੋਰੰਜਨ ਲਈ ਮਿੱਟੀ ਦੇ ਖਿਡੌਣੇ ਬਣਾਂਦਾ ਜਾਂ ਫਿਰ ਆਪਣੇ ਇਸ਼ਟ ਦੀ ਮੂਰਤੀ ਆਪਣੀ ਕਲਪਨਾ ਮੁਜਬ ਘੜਦਾ। ਹੌਲੇ ਹੌਲੇ ਮਨੁਖ ਨੇ ਚੱਕ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਤੀ ਤੇ ਇਸ ਨਾਲ ਕੁੰਭਕਾਰੀ ਵਿਚ ਇਕ ਨਵਾਂ ਮੋੜ ਆਇਆ। ਚੱਕ ਦੇ ਧੁਰੇ ਨੂੰ ਘੁਮਿਆਰ ਡੰਡੇ ਨਾਲ ਜ਼ੋਰ ਦੀ ਘੁਮਾਂਦਾ ਹੈ ਤੇ ਫਿਰ ਚੱਕ ਦੇ ਵਿਚਕਾਰ ਰਖੀ ਮਿੱਟੀ ਵਿਚ ਹੱਥ ਨਾਲ ਜੋ ਅਕਾਰ ਚਾਹੇ ਘੜ ਲੈਂਦਾ ਹੈ ਤੇ ਭਾਂਡੇ ਨੂੰ ਇਕ ਖ਼ਾਸ ਗੋਲਾਈ ਦੇ ਕੇ ਖ਼ੂਬਸੂਰਤ ਬਣਾ ਦੇਂਦਾ ਹੈ।

ਪੰਜਾਬ ਦੀ ਕੁੰਭਕਾਰੀ ਦੇ ਸਭ ਤੋਂ ਪੁਰਾਣੇ ਨਮੂਨੇ ਮਿੱਟੀ ਦੇ ਬਰਤਨ, ਹੜੱਪਾ ਦੀ ਖੁਦਾਈ ਵਿਚੋਂ ਮਿਲੇ ਹਨ। ਉਦੋਂ ਆਮ ਲੋਕ ਮਿੱਟੀ ਦੇ ਬਰਤਨ ਹੀ ਵਰਤਿਆ ਕਰਦੇ ਸਨ। ਉਸ ਜ਼ਮਾਨੇ ਵਿਚ ਕੁੰਭਕਾਰੀ, ਆਪਣੀ ਉਨਤੀ ਦੀ ਸਿਖਰ ਤੇ ਪਹੁੰਚੀ ਹੋਈ ਸੀ। ਭਾਂਡੇ ਵੰਨ-ਸੁਵੰਨੀਆਂ ਸ਼ਕਲਾਂ ਤੇ ਅਕਾਰਾਂ ਦੇ ਹਨ ਤੇ ਬਹੁਤੇ ਚੱਕ ਤੇ ਬਣੇ ਹੋਏ ਹਨ। ਵੱਡੇ ਵੱਡੇ ਗੋਲ ਮਟਕੇ ਤੋਂ ਲੈ ਕੇ ਛੋਟੇ ਛੋਟੇ ਅੱਧੀ ਇੰਚ ਦੇ ਬਰਤਨ ਵੀ ਮਿਲੇ ਹਨ। ਇਨ੍ਹਾਂ ਤੋਂ ਇਲਾਵਾ ਅਨਾਜ ਮਾਪਣ ਦੇ ਭਾਂਡੇ ਵੀ ਮਿਲੇ ਹਨ।

ਹੜੱਪਾ ਵਿਚ ਕੁੰਭਕਾਰੀ ਘਰ ਦੀਆਂ ਸਭ ਲੋੜਾਂ ਪੂਰੀਆਂ ਕਰਦੀ ਸੀ। ਇਸ ਵਿਚ ਥਾਲੀਆਂ, ਹਾਂਡੀਆਂ, ਕਟੋਰੇ, ਢੱਕਣ, ਕੜਛੇ, ਤਸ਼ਤਰੀਆਂ, ਤਸਲੇ ਆਦਿ ਸਭ ਸ਼ਾਮਲ ਹਨ।

ਹੜੱਪਾ ਵਿਚ ਖੁਦਾਈ ਦੀ ਹਰ ਪੱਧਰ ਉਤੇ ਟੁੱਟੇ ਭੱਜੇ ਭਾਂਡਿਆਂ ਦੀ ਭਰਮਾਰ ਮਿਲੀ ਹੈ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਭਾਂਡਿਆਂ ਨੂੰ ਇਕੋ ਵਾਰ ਵਰਤ ਕੇ ਸੁਟ ਦੇਂਦੇ ਸਨ। ਇਹੋ ਧਾਰਨਾ ਬਾਅਦ ਵਿਚ ਰਹੀ ਤੇ ਹੁਣ ਤਕ ਪ੍ਰਚਲਤ ਹੈ। ਹਿੰਦੂਆਂ ਦੀ ਧਾਰਨਾ ਹੈ ਕਿ ਮਿੱਟੀ ਦੇ ਭਾਂਡੇ ਛੇਤੀ ਭ੍ਰਿਸ਼ਟ ਜਾਂਦੇ ਹਨ। ਉਹ ਕੇਵਲ ਇਕੋ ਵਾਰ ਵਰਤ ਕੇ ਸੁਟ ਦੇਣੇ ਚਾਹੀਦੇ ਹਨ। ਯਜਨਵਾਲਕਯਾ ਜੋ ਮੱਢੀ ਕਾਨੂੰਨਦਾਨਾਂ ਵਿਚੋਂ ਇਕ ਹੈ,

ਲਿਖਦਾ ਹੈ, "ਮਿੱਟੀ ਦਾ ਭਾਂਡਾ ਜੋ ਅੱਗ ਵਿਚ ਪਕਿਆ ਹੋਵੇ, ਮਾਂਝਣ ਨਾਲ ਸ਼ੁਧ ਹੋ ਜਾਂਦਾ ਹੈ, ਪਰ ਜੇ ਉਸ ਨਾਲ ਕੋਈ ਗੰਦਗੀ ਛੁਹ ਜਾਵੇ, ਜਾਂ ਜੇ ਭਾਂਡਾ ਕਿਸੇ ਗੰਦਗੀ, ਚੰਡਾਲ ਜਾਂ ਅਛੂਤ ਨਾਲ ਛੁਹ ਜਾਵੇ ਤਾਂ ਉਹ ਸੁੱਟ ਦੇਣਾ ਚਾਹੀਦਾ ਹੈ। ਬਨਾਰਸ ਵਿਚ ਮਿੱਟੀ ਦੇ ਭਾਂਡਿਆਂ ਨੂੰ ਕੇਵਲ ਤਿੰਨ ਦਿਨ ਹੀ ਵਰਤਿਆ ਜਾਂਦਾ ਸੀ। ਫਿਰ ਭ੍ਰਿਸ਼ਟਿਆ ਸਮਝ ਕੇ ਸੁਟ ਦਿਤਾ ਜਾਂਦਾ ਸੀ। ਪੰਜਾਬ ਦੀਆਂ ਥੇਹਾਂ ਜਾਂ ਪਿੰਡਾਂ ਦੇ ਬਾਹਰ ਢੇਰ ਤੇ ਕਾਫ਼ੀ ਸਾਰੀਆਂ ਠੀਕਰਾਂ ਮਿਲਣ ਦੇ ਪਿਛੇ ਇਹੋ ਕਾਰਨ ਹੈ।

ਇਸ ਲਈ ਸਾਡੀ ਕੁੰਭਕਾਰੀ ਵਿਚ ਕੋਈ ਸਾਰਥਕ ਉੱਨਤੀ ਨਹੀਂ ਹੋਈ। ਮੁਸਲਮਾਨਾਂ ਦੇ ਰਾਜ ਦੌਰਾਨ ਕਾਫ਼ੀ ਉੱਨਤੀ ਹੋਈ। ਹਿੰਦੂਆਂ ਵਿਚ ਜਿਥੇ ਮਿੱਟੀ ਦੇ ਭਾਂਡੇ ਲਈ ਘ੍ਰਿਣਾ ਹੈ, ਉਥੇ ਮੁਸਲਮਾਨਾਂ 'ਚ ਇਨ੍ਹਾਂ ਨੂੰ ਧਾਤ ਦੇ ਭਾਂਡਿਆਂ ਨਾਲੋਂ ਤਰਜੀਹ ਦਿਤੀ ਜਾਂਦੀ। ਮੁਸਲਮਾਨਾ ਦੀ ਧਾਰਨਾ ਹੈ ਕਿ ਜਿਨ੍ਹਾਂ ਦੇ ਘਰਾਂ ਵਿਚ ਮਿੱਟੀ ਦੇ ਭਾਂਡੇ ਹਨ, ਉਨ੍ਹਾਂ ਘਰਾਂ ਵਿਚ ਫ਼ਰਿਸ਼ਤੇ ਫੇਰਾ ਟੋਰਾ ਲਗਾਈ ਰਖਦੇ ਹਨ।

ਭਾਂਡਿਆਂ ਨੂੰ, ਗਲੇਜ਼ ਕਰਨ ਦੀ ਕਲਾ, ਮੁਸਲਮਾਨਾ ਦੇ ਨਾਲ ਫ਼ਾਰਸ ਤੋਂ ਆਈ। ਅਜਿਹੇ ਭਾਂਡੇ ਪਹਿਲਾਂ ਪਹਿਲ ਮੁਲਤਾਨ ਵਿਚ ਹੀ ਬਣੇ। ਇਹ ਹੀ ਉਹ ਖੇਤਰ ਸੀ, ਜੋ ਸਿੰਧ ਦੇ ਲਾਗੇ ਹੋਣ ਕਰਕੇ ਅਠਵੀਂ ਸਦੀ ਵਿਚ ਹਮਲਿਆਂ ਦਾ ਸ਼ਿਕਾਰ ਹੋਇਆ ਤੇ ਅਰਬਾਂ ਦਾ ਰਾਜ ਕਾਇਮ ਹੋਇਆ। ਮੁਸਲਮਾਨ ਨੀਲੇ ਤੇ ਹਰੇ ਰੰਗਾਂ ਦੇ ਪੈਟਰਨ ਚਿੱਟੀ ਪਿੱਠਭੂਮੀ ਵਿਚ ਤਿਆਰ ਕਰਦੇ। ਪੰਜਾਬ ਵਿਚੋਂ ਇਹ ਸ਼ੈਲੀ ਸਾਰੇ ਦੇਸ਼ ਵਿਚ ਫੈਲ ਗਈ।

ਮੁਗਲਾਂ ਦੇ ਵੇਲੇ ਗੁਜਰਾਤ ਭਾਂਡਿਆਂ ਦਾ ਪ੍ਰਮੁਖ ਨਗਰ ਰਿਹਾ ਹੈ। ਕਾਗਜ਼ੀ ਭਾਂਡੇ ਬਣਾਏ ਜਾਂਦੇ ਸਨ। ਗੁਜਰਾਤ ਦੇ ਭਾਂਡੇ ਦਿੱਲੀ ਅਮੀਰਾਂ ਤੇ ਨਵਾਬਾਂ ਦੇ ਘਰਾਂ ਵਿਚ ਵਰਤੇ ਜਾਂਦੇ ਸਨ।

ਪਕਾਣ ਲਈ ਭਾਂਡਿਆਂ ਨੂੰ ਆਵਿਆਂ ਵਿਚ ਚਿਣ ਦਿਤਾ ਜਾਂਦਾ ਸੀ। ਅਜ ਵੀ ਪੰਜਾਬ ਦੇ ਘੁਮਿਆਰ ਇਸੇ ਤਰ੍ਹਾਂ ਭਾਂਡੇ ਪਕਾਂਦੇ ਹਨ।

ਪੁਰਾਣੇ ਭਾਂਡਿਆਂ ਤੇ ਪ੍ਰਾਚੀਨ ਸੰਸਕ੍ਰਿਤੀ ਬਾਰੇ ਕਾਫ਼ੀ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਹੜੱਪਾ ਵਿਚੋਂ ਜੋ ਭਾਂਡੇ ਮਿਲੇ ਹਨ, ਖ਼ਾਸ ਤੌਰ ਤੇ ਕਬਰਸਤਾਨ ਵਿਚੋਂ, ਉਸ ਤੋਂ ਹੜੱਪਾ ਸੰਸਕ੍ਰਿਤੀ ਦੇ ਲੋਕਾਂ ਦਾ, ਪਰਲੋਕ ਬਾਰੇ ਪੂਰਾ ਪੂਰਾ ਗਿਆਨ ਮਿਲਦਾ ਹੈ (ਵੇਖੋ : ਹੜੱਪਾ)।

ਇਨ੍ਹਾਂ ਭਾਂਡਿਆਂ ਉਤੇ, ਕਈ ਤਰ੍ਹਾਂ ਦੀਆਂ ਵੇਲ-ਪੱਤੀਆਂ, ਪੰਛੀ, ਹਿਰਨ, ਮੱਛੀ ਆਦਿ ਦਾ ਚਿਤਰਣ ਹੈ।

ਲਾਲ-ਮਿੱਟੀ ਤੋਂ ਇਲਾਵਾ ਕਾਲੀ ਮਿੱਟੀ ਦੇ ਬਰਤਨ ਵੀ ਮਿਲੇ ਹਨ। ਚਿਤ੍ਰ ਬਣਾਣ ਲਈ, ਲਾਲ ਥਲੇ ਤੇ ਕਾਲੇ ਚਿੱਤਰ ਬਣਾਏ ਜਾਂਦੇ। ਜੋ ਰੰਗ ਵਰਤੇ ਜਾਂਦੇ, ਉਹ ਗੇਰੂ, ਹਰਦਲ, ਲੋਹੇ, ਤਾਂਬੇ ਆਦਿ ਖਣਿਜ ਪਦਾਰਥਾਂ ਨਾਲ ਤਿਆਰ ਕੀਤੇ ਜਾਂਦੇ।

ਹੜੱਪਾ ਦੇ ਕਬਰਸਤਾਨ ਵਿਚ ਲੱਭ ਰਖਣ ਲਈ ਮੱਟ ਮਿਲੇ ਹਨ, ਉਨ੍ਹਾਂ ਤੋਂ ਤਤਕਾਲੀ ਲੋਕਾਂ ਦੇ ਪਰਲੋਕ ਬਾਰੇ ਵਿਸ਼ਵਾਸਾਂ ਦਾ ਗਿਆਨ ਹੁੰਦਾ ਹੈ। ਉਨ੍ਹਾਂ ਦਾ ਪਰਲੋਕ ਵਿਚ ਅਟੱਲ-ਵਿਸ਼ਵਾਸ ਸੀ। ਮਟਕਿਆਂ ਉਤੇ ਉਕਰੀਆਂ ਤਸਵੀਰਾਂ ਤੋਂ ਪਤਾ ਚਲਦਾ ਹੈ ਕਿ ਪਿੱਤਰ ਲੋਕ ਵਿਚ ਆਤਮਾਵਾਂ ਪਸ਼ੂ-ਪੰਛੀਆਂ ਅਤੇ ਕਈ ਪ੍ਰਕਾਰ ਦੇ ਜੰਤੂਆਂ ਦੇ ਸਰੀਰ ਵਿਚ ਉਥੇ ਨਿਵਾਸ ਕਰਦੀਆਂ ਸਨ।

ਮਰਨ ਤੋਂ ਮਗਰੋਂ ਪ੍ਰੇਤ ਰੂਹਾਂ ਸੂਰਜ-ਲੋਕ ਵਲ ਮੋਰ ਦੀ ਸ਼ਕਲ ਵਿਚ ਪ੍ਰਸਥਾਨ ਕਰਦੀਆਂ। ਮੋਰ ਮਾਤ-ਲੋਕ ਅਤੇ ਸੂਰਜ-ਲੋਕ ਵਿਚ ਸਬੰਧ ਜੋੜਨ ਵਾਲਾ ਦੈਵੀ ਪੰਛੀ ਮੰਨਿਆ ਜਾਂਦਾ ਸੀ। ਇਹ ਗੱਲ ਕੁੰਭਕਾਰੀ ਉਪਰ ਬਣਾਏ ਚਿਤਰਾਂ ਤੋਂ ਸਿਧ ਹੁੰਦੀ ਹੈ।

(ਕ-344) **ਕੁੰਭ ਪੂਰਨਾ** :

ਹਿੰਦੂਆਂ ਵਿਚ, ਮੰਗਲ ਕਾਰਜਾਂ ਵੇਲੇ ਕੁੰਭ ਨੂੰ ਪੂਰ ਕੇ ਸੰਸਕਾਰ ਵਾਲੀ ਥਾਂ ਰੱਖਣ ਦੀ ਰੀਤ ਹੈ। ਘੜੇ ਨੂੰ ਪਹਿਲਾਂ ਰੰਗਾਂ ਨਾਲ ਸਜਾ ਲਿਆ ਜਾਂਦਾ ਹੈ ਤੇ ਉਸ ਦੇ ਉਪਰ ਸਵਾਸਤਿਕ ਦਾ ਚਿੰਨ੍ਹ ਬਣਾ ਕੇ, ਓਮ ਲਿਖ ਦਿਤਾ ਜਾਂਦਾ ਹੈ। ਉਸ ਘੜੇ ਵਿਚ, ਨਿਰਮਲ ਜਲ ਭਰ ਕੇ, ਉਪਰ ਹਰੇ ਪੱਤਿਆਂ ਵਿਚ ਨਾਰੀਅਲ ਰੱਖ ਦਿਤਾ ਜਾਂਦਾ ਹੈ। ਨਾਰੀਅਲ ਉਤੇ ਸੰਧੂਰ ਧੂੜ ਦਿਤੀ ਜਾਂਦੀ ਹੈ। ਕਈ ਵਾਰ ਸੰਧੂਰ ਨਾਲ ਅੱਖਾਂ, ਨੱਕ ਤੇ ਮੂੰਹ ਆਦਿ ਬਣਾ ਦਿਤਾ ਜਾਂਦਾ ਹੈ।

ਅਜਿਹੇ ਕੁੰਭ ਨੂੰ ਸ਼ੁਭ ਮੰਨਿਆ ਜਾਂਦਾ ਹੈ ਅਤੇ ਜਿਥੇ ਇਹ ਰਖਿਆ ਜਾਵੇ, ਉਥੇ ਦੇਵਤਿਆਂ ਦੀ ਬਖ਼ਸ਼ਿਸ਼ ਹੁੰਦੀ ਹੈ। ਘੜਾ ਪਿੰਡ ਅਥਵਾ ਸਰੀਰ ਦਾ ਪ੍ਰਤੀਕ ਹੈ। ਨਿਰਮਲ ਜਲ ਪਵਿਤ੍ਰਤਾ ਦਾ। ਜਲ ਨਾਲ ਨਕੋ ਨਕ ਭਰਿਆ ਘੜਾ ਹੋਣਾ ਦੀਰਘ ਆਯੂ ਦਾ, ਨਾਰੀਅਲ ਉਪਜਾਇਕਤਾ ਸ਼ਕਤੀ ਦਾ, ਹਰੇ ਪੱਤੇ ਨਵੀਂ ਜ਼ਿੰਦਗੀ ਦਾ ਤੇ ਸੰਧੂਰ ਜੀਵਨ ਦੀਆਂ ਭਰਪੂਰ ਖ਼ੁਸ਼ੀਆਂ ਦਾ ਪ੍ਰਤੀਕ ਹੈ। ਨਾਰੀਅਲ ਉਤੇ ਸੰਧੂਰ ਨਾਲ ਨੱਕ-ਅੱਖ-ਮੂੰਹ ਆਦਿ ਬਣਾਉਣ ਤੋਂ ਇਹ ਵੀ ਭਾਵ ਲਿਆ ਜਾਂਦਾ ਹੈ ਕਿ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ, ਬਲੀ ਭੇਟ ਕੀਤੀ ਜਾ ਰਹੀ ਹੈ। ਕਿਉਂ ਜੋ ਨਾਰੀਅਲ ਮਨੁਖੀ ਸੀਸ ਨਾਲ ਮਿਲਦਾ ਜੁਲਦਾ ਹੈ। ਕਈ ਲੋਕ ਕੁੰਭ ਵਿਚ ਜਲ ਦੀ ਥਾਂ ਚਾਵਲ ਭਰ ਦੇਂਦੇ ਹਨ। ਚਾਵਲ ਉਪਜਾਇਕਤਾ ਤੇ ਵਿਕਾਸ ਦੇ ਬੋਧਿਕ ਹਨ।

ਹਿੰਦੂਆਂ ਵਿਚ ਜਨੇਊ ਤੇ ਵਿਆਹ ਦੀ ਰਸਮ ਉਤੇ

ਕੁੰਭ ਪੂਰਿਆ ਜਾਂਦਾ ਹੈ। ਜਨੇਊ ਦੀ ਰਸਮ ਵੇਲੇ ਬਾਲਕ ਕੋਲ ਕੁੰਭ ਧਰਿਆ ਜਾਂਦਾ ਹੈ। ਵਿਆਹ ਵੇਲੇ ਵਰ ਤੇ ਕੰਨਿਆਂ ਦੇ ਕੋਲ ਦੋ ਕੁੰਭ ਪੂਰ ਕੇ ਰੱਖ ਦਿਤੇ ਜਾਂਦੇ ਹਨ। ਬੱਚੇ ਦੇ ਜਨਮ ਸਮੇਂ 'ਛਿਲੇ' ਵਾਲੇ ਕਮਰੇ ਵਿਚ ਕੁੰਭ ਪੂਰ ਕੇ, ਤੇ ਉਪਰ ਦੀਵਾ ਬਾਲ ਕੇ ਧਰੇ ਜਾਂਦੇ ਹਨ। ਨਵੇਂ ਮਕਾਨ ਵਿਚ ਪ੍ਰਵੇਸ਼ ਕਰਨ ਵੇਲੇ ਵੀ ਇਹੋ ਰੀਤ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾ ਕੁੰਭ ਪੂਰ ਕੇ ਧਰਿਆ ਜਾਂਦਾ ਹੈ, ਤਾਂ ਜੋ ਘਰ ਪਵਿਤ੍ਰ ਹੋ ਜਾਏ।

(ਕ-345) **ਕੁੰਭ ਰਾਸ਼ੀ** :

ਗਿਆਰਵੀਂ ਰਾਸ਼ੀ, ਜਿਸ ਵਿਚ ਤਾਰਿਆਂ ਦੇ ਸਮੂਹ ਦਾ ਅਕਾਰ, ਕੁੰਭ ਨਾਲ ਮੇਲ ਖਾਂਦੀ ਹੈ, ਇਸੇ ਤੋਂ ਕੁੰਭ ਰਾਸ਼ੀ ਨਾਉਂ ਪੈ ਗਿਆ। ਇਸ ਰਾਸ਼ੀ ਵਿਚ ਜੰਮਿਆ ਬਾਲ ਬੜਾ ਵਿਦਵਾਨ ਤੇ ਅਧਿਆਤਮਕ ਰੁੱਚੀਆਂ ਵਾਲਾ ਹੁੰਦਾ ਹੈ।

ਕੁੰਭ ਦਾ ਪੌਰਾਣਿਕ ਕਥਾਵਾਂ ਵਿਚ ਬੜਾ ਮਹੱਤਵ ਹੈ। ਖੀਰ ਸਾਗਰ ਮੰਥਣ ਵੇਲੇ, ਜੋ 14 ਰਤਨ ਨਿਕਲੇ, ਉਨ੍ਹਾਂ ਵਿਚੋਂ ਇਕ ਕੁੰਭ ਵੀ ਸੀ, ਜਿਸ ਵਿਚ ਅੰਮ੍ਰਿਤ ਭਰਿਆ ਹੋਇਆ ਸੀ। ਇਸ ਕੁੰਭ ਨੂੰ ਪ੍ਰਾਪਤ ਕਰਨ ਲਈ ਦੇਵਤਿਆਂ ਤੇ ਅਸੁਰਾਂ ਵਿਚ 12 ਦਿਨ (ਮਨੁਖਾਂ ਦੇ 12 ਸਾਲ) ਜੁੱਧ ਹੁੰਦਾ ਰਿਹਾ, ਤੇ ਜਿਨ੍ਹਾਂ ਚਾਰ ਥਾਵਾਂ ਉਤੇ ਕੁੰਭ ਵਿਚੋਂ ਧਰਤੀ ਉਤੇ, ਅੰਮ੍ਰਿਤ ਦੀਆਂ ਬੂੰਦਾਂ ਛਲਕ ਕੇ ਡਿਗੀਆਂ, ਉਥੇ ਕੁੰਭ ਦੇ ਪੁਰਬ ਉਤੇ ਭਾਰੀ ਮੇਲਾ ਲਗਦਾ ਹੈ। ਇਹ ਕਥਾ ਸਕੰਦ ਪੁਰਾਣ ਵਿਚ ਵਿਸਥਾਰ ਨਾਲ ਮਿਲਦੀ ਹੈ।

ਕੁੰਭ ਰਾਸ਼ੀ ਬੜੀ ਪਵਿਤ੍ਰ ਮੰਨੀ ਜਾਂਦੀ ਹੈ। ਜਦੋਂ ਅਮਾਵਸ ਨੂੰ ਸੂਰਜ, ਚੰਦ੍ਰ ਤੇ ਬ੍ਰਿਹਸਪਤੀ ਕੁੰਭ ਰਾਸ਼ੀ ਵਿਚ ਹੋਣ ਤਾਂ ਉਜੈਨ ਵਿਚ ਕੁੰਭ ਦਾ ਮੇਲਾ ਲਗਦਾ ਹੈ। ਜਦੋਂ ਬ੍ਰਿਹਸਪਤੀ ਕੁੰਭ ਰਾਸ਼ੀ ਵਿਚ ਹੋਵੇ ਤੇ ਸੂਰਜ ਮੇਖ ਰਾਸ਼ੀ ਵਿਚ, ਤਾਂ ਹਰਿਦੁਆਰ ਦਾ ਕੁੰਭ ਮੇਲਾ ਲਗਦਾ ਹੈ।

ਕੁੰਭ ਬੜਾ ਪਾਵਨ ਮੰਨਿਆ ਗਿਆ ਹੈ। ਵਿਆਹ ਸ਼ਾਦੀ ਤੇ ਹੋਰ ਖੁਸ਼ੀ ਦੇ ਸਮਾਗਮਾਂ ਵੇਲੇ, ਸ਼ਗਨ ਵਜੋਂ ਕੁੰਭ ਨੂੰ ਪੂਰ ਕੇ ਰਖਿਆ ਜਾਂਦਾ ਹੈ। ਬੱਚੇ ਦੇ ਜਨਮ ਵੇਲੇ ਚਿਲ੍ਹੇ ਵਾਲੇ ਕਮਰੇ ਵਿਚ ਜਲ ਦੇ ਕੁੰਭ ਉਤੇ ਜੋਤੀ ਜਗਾ ਕੇ ਰੱਖੀ ਜਾਂਦੀ ਹੈ। ਜਾਂ ਕੁੰਭ ਵਿਚ ਅੰਨ ਭਰ ਕੇ ਢੂਣੀ ਉਪਰ ਜੋਤ ਜਗਾਈ ਜਾਂਦੀ ਹੈ। ਨਵੇਂ ਮਕਾਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ, ਜਲ ਦਾ ਭਰਿਆ ਕੁੰਭ, ਸ਼ੁੱਧਤਾ ਲਈ ਰਖਿਆ ਜਾਂਦਾ ਹੈ। ਇਸੇ ਉਪਰ ਜੋਤ ਜਗਾਈ ਜਾਂਦੀ ਹੈ। ਵਿਚਾਰ ਹੈ ਕਿ ਇਸ ਤਰ੍ਹਾਂ ਗ੍ਰਹਿ ਪਵਿਤ੍ਰ ਹੋ ਜਾਂਦਾ ਤੇ ਚੰਦਰੀਆਂ ਰੂਹਾਂ ਉਥੋਂ ਨੱਸ ਜਾਂਦੀਆਂ ਹਨ। ਘਰੋਂ ਨਿਕਲਣ ਲਗਿਆਂ, ਜੇ ਜਲ ਦਾ ਭਰਿਆ ਕੁੰਭ ਚੁੱਕੀ ਮੁਟਿਆਰ ਮਿਲ ਜਾਵੇ ਤਾਂ ਇਹ ਸ਼ਗਨ ਮੰਨਿਆ ਜਾਂਦਾ ਹੈ।

ਕੁੰਭ ਨਾਲ ਕਈ ਉਤਸਵ ਸਬੰਧਿਤ ਹਨ, ਇਕ ਕੁੰਭ ਦੇ ਪੁਰਬ ਦਾ। ਦੂਜਾ, ਪ੍ਰਸਿਧ ਪੁਰਬ ਕਰਵਾ-ਚੌਥ ਦਾ, ਕਰਵਾ ਤੋਂ ਭਾਵ ਕੁੰਭ ਹੀ ਹੈ। ਇਸ ਦਿਨ ਸੁਹਾਗਣਾਂ ਆਪਣੇ ਪਤੀ ਦੀ ਦੀਰਘ ਆਯੂ ਲਈ ਵਰਤ ਰਖਦੀਆਂ ਹਨ (ਵੇਖੋ : ਕਰਵਾ ਚੌਥ)।

(ਕ-346) **ਕੁੰਭ ਵਿਆਹ** :

ਘੜੇ ਨਾਲ ਵਿਆਹ ਰਚਾਣਾ; ਇਕ ਰੀਤ ਜੋ ਕਿਸੇ ਵੇਲੇ ਪੰਜਾਬ ਵਿਚ ਬੜੀ ਪ੍ਰਚਲਤ ਸੀ। ਜਦੋਂ ਕਿਸੇ ਕੰਨਿਆਂ ਲਈ ਵਰ ਲਭਿਆ ਜਾਂਦਾ ਤਾਂ ਜੇ ਕੁੰਡਲੀ ਮੇਲਣ ਵੇਲੇ ਵਰ ਦੇ ਦੋ ਵਿਆਹ ਲਿਖੇ ਹੁੰਦੇ ਤਾਂ ਪਹਿਲਾਂ ਵਰ ਦਾ ਵਿਆਹ ਕੁੰਭ ਨਾਲ ਕੀਤਾ ਜਾਂਦਾ ਤੇ ਫਿਰ ਕੰਨਿਆਂ ਦੀ, ਉਸ ਨਾਲ ਸਗਾਈ ਕੀਤੀ ਜਾਂਦੀ।

(ਕ-347) **ਕੁੰਭੀ ਨਰਕ** :

ਪੁਰਾਣਾਂ ਅਨੁਸਾਰ ਇਕ ਨਰਕ, ਜਿਥੇ ਪਾਪੀਆਂ ਤੇ ਦੁਸ਼ਟਾਂ ਨੂੰ ਕੁੰਭ ਵਿਚ ਬੰਦ ਕਰਕੇ ਅੱਗ ਵਿਚ ਸੁਟਿਆ ਜਾਂਦਾ ਤੇ ਤਸੀਹੇ ਦਿਤੇ ਜਾਂਦੇ ਹਨ (ਵੇਖੋ : ਨਰਕ)।

(ਕ-348) **ਕੁਮਾਰੀ ਪੂਜਾ** :

ਦੇਵੀ ਦੀਆਂ ਪੁਜਾਰਨਾਂ ਨੌਰਾਤਿਆਂ ਦੇ ਦਿਨਾਂ ਵਿਚ, ਖ਼ਾਸ ਤੌਰ ਤੇ ਅਖ਼ੀਰਲੇ ਨੌਰਾਤੇ ਵਾਲੇ ਦਿਨ, ਛੋਟੀਆਂ ਕੁੜੀਆਂ ਜਿਨ੍ਹਾਂ ਨੂੰ ਕੰਜਕਾਂ ਕਹਿੰਦੇ ਹਨ, ਸੱਦ ਕੇ ਉਨ੍ਹਾਂ ਨੂੰ ਪੂਜਦੀਆਂ ਤੇ ਭੋਜਨ ਕਰਾਉਂਦੀਆਂ ਹਨ (ਵੇਖੋ : ਕੰਜਕਾਂ)।

(ਕ-349) **ਕੁਰਸੀ ਨਾਮਾ** :

(ਵੇਖੋ : ਬੰਸਾਵਲੀ)।

(ਕ-350) **ਕੁਰਖੇਤਰ** :

ਹਿੰਦੂਆਂ ਦੀ ਪਵਿਤ੍ਰ ਭੂਮੀ ਤੇ ਪ੍ਰਸਿਧ ਤੀਰਥ ਅਸਥਾਨ, ਜਿਸ ਦੇ ਇਤਿਹਾਸ, ਧਰਮ ਤੇ ਸੰਸਕ੍ਰਿਤੀ ਨੂੰ ਮੁਖ-ਰਖਦਿਆਂ ਬੜਾ ਮਹੱਤਵ ਹੈ। ਸ਼ਤਪਥ ਬ੍ਰਾਹਮਣ ਵਿਚ ਕੁਰਖੇਤਰ ਨੂੰ ਦੇਵਤਿਆਂ ਦੀ ਜਨਮ-ਭੂਮੀ ਕਿਹਾ ਗਿਆ ਹੈ। ਪੌਰਾਣਾਂ ਅਨੁਸਾਰ ਇਥੇ ਕਦੇ ਜੰਗਲ ਹੁੰਦਾ ਸੀ ਅਤੇ ਇਸ ਨੂੰ ਚੰਦਰਵੰਸ਼ੀ ਰਾਜੇ ਕੁਰੂ ਨੇ ਵਸਾਇਆ, ਜਿਸ ਕਰਕੇ ਇਸਦਾ ਨਾਂ ਕੁਰਖੇਤਰ ਪੈ ਗਿਆ। ਮਹਾਂਭਾਰਤ ਤੇ ਯੁਜਰਵੇਦ ਅਨੁਸਾਰ ਕੁਰਖੇਤਰ ਸਰਸਵਤੀ ਨਦੀ ਤੇ ਦਰਿਸ਼ਵਤੀ ਨਦੀ ਦੇ ਵਿਚਕਾਰ ਦਾ ਇਲਾਕਾ ਹੈ, ਜਿਸ ਨੂੰ ਬ੍ਰਹਮਵਰਤ ਵੀ ਕਿਹਾ ਜਾਂਦਾ ਹੈ। ਕਈ ਹਿੰਦੂ ਧਰਮ-ਗ੍ਰੰਥਾਂ ਵਿਚ ਕੁਰਖੇਤਰ ਨੂੰ ਧਰਮ ਦਾ ਖੇਤਰ ਵੀ ਕਿਹਾ ਗਿਆ ਹੈ।

ਪ੍ਰਾਚੀਨ ਕਾਲ ਵਿਚ, ਇਸ ਇਲਾਕੇ ਵਿਚ, ਨੌਂ ਨਦੀਆਂ ਵਗਦੀਆਂ ਸਨ ਅਤੇ ਨੌਂ ਹੀ ਭਰਪੂਰ ਜੰਗਲ ਸਨ, ਜਿਥੇ ਰਿਸ਼ੀਆਂ ਮੁਨੀਆਂ ਦੇ ਆਸ਼ਰਮ ਬਣੇ ਹੋਏ ਸਨ।

ਕੁਰਖੇਤਰ ਵਿਚ ਕੌਰਵਾਂ ਤੇ ਪਾਂਡਵਾਂ ਵਿਚਕਾਰ ਮਹਾਂਭਾਰਤ ਦਾ ਯੁੱਧ ਹੋਇਆ। ਇਹ ਯੁੱਧ ਕੁਰਖੇਤਰ ਦੇ ਚੌਪਾਸੇ ਫੈਲੀ ਭੂਮੀ ਵਿਚ ਹੋਇਆ। ਇਸ ਖੇਤਰ ਵਿਚ ਪਵਿਤ੍ਰ ਤੀਰਥਾਂ ਦੀ ਗਿਣਤੀ 365 ਦਸੀ ਜਾਂਦੀ ਹੈ। ਕੁਝ ਤੀਰਥ ਤਾਂ ਕੌਰਵਾਂ ਦੇ ਸਮੇਂ ਤੋਂ ਵੀ ਪਹਿਲੇ ਜ਼ਮਾਨੇ ਦੇ ਹਨ। ਕੁਰਖੇਤਰ ਦਾ ਜ਼ਿਕਰ ਰਿਗਵੇਦ ਵਿਚ ਵੀ ਆਉਂਦਾ ਹੈ।

ਇਸ ਧਰਤੀ ਦੀ ਪਵਿਤ੍ਰਤਾ ਬਾਰੇ, ਪੁਰਾਣਾਂ ਵਿਚ ਕਈ ਕਥਾਵਾਂ ਮਿਲਦੀਆਂ ਹਨ। ਇਕ ਕਥਾ ਅਨੁਸਾਰ ਜਦੋਂ ਦੇਵਤਿਆਂ ਤੇ ਰਾਖਸ਼ਾਂ ਵਿਚ ਯੁੱਧ ਹੋ ਰਿਹਾ ਸੀ ਤਾਂ ਵਿਸ਼ਨੂੰ ਭਗਵਾਨ ਨੇ ਰਾਖਸ਼ਾਂ ਦਾ ਹੱਥ ਉਪਰ ਵੇਖ ਕੇ ਇੰਦਰ ਨੂੰ ਆਦੇਸ਼ ਦਿਤਾ ਕਿ ਉਹ ਦੇਵਤਿਆਂ ਵਿਚ ਅੰਮ੍ਰਿਤ ਵੰਡੇ ਤਾਂ ਜੋ ਉਹ ਸਭ ਅਮਰ ਹੋ ਜਾਣ। ਜਦੋਂ ਇੰਦਰ ਅੰਮ੍ਰਿਤ ਦੇ ਕੁੰਭ ਨੂੰ ਲੈ ਜਾ ਰਿਹਾ ਸੀ ਤਾਂ ਕੁਝ ਬੂੰਦਾਂ ਕੁਰਖੇਤਰ ਭੂਮੀ ਉਤੇ ਡਿੱਗੀਆਂ। ਧਰਤੀ ਦੇ ਵਾਸੀਆਂ ਨੂੰ ਜਦੋਂ ਇਸ ਗੱਲ ਦੀ ਸੂਹ ਮਿਲੀ ਤਾਂ ਸਾਰੇ ਜੀਵ ਇਸ ਭੂਮੀ ਵਲ ਦੌੜੇ ਤਾਂ ਜੋ ਉਹ ਅੰਮ੍ਰਿਤ ਬੂੰਦਾਂ ਚੱਟ ਕੇ ਅਮਰ ਹੋ ਜਾਣ। ਉਦੋਂ ਤੋਂ ਹੀ ਇਸ ਭੂਮੀ ਉਤੇ ਮੇਲਾ ਲਗਣ ਲਗਾ।

ਇਕ ਹੋਰ ਕਥਾ ਅਨੁਸਾਰ ਵਿਸ਼ਨੂੰ ਨੇ ਜਦੋਂ ਮਧੂਕੈਟਭ ਦੈਂਤ ਮਾਰੇ, ਤਦ ਉਨ੍ਹਾਂ ਦੀ ਮਿਝ ਸਾਰੇ ਜਲ ਉਤੇ ਖਿੰਡ ਗਈ, ਪਰ ਜਿਥੇ ਵਿਸ਼ਨੂੰ ਨੇ ਚੌਕੜੀ ਮਾਰੀ ਹੋਈ ਸੀ ਉਥੇ ਮਿੱਝ ਨਾ ਫੈਲੀ। ਇਹੋ ਬਾਰ੍ਹਾਂ ਯੋਜਨ ਥਾਂ, ਜਿਥੇ ਮਿੱਝ ਦਾ ਅਸਰ ਨਹੀਂ ਸੀ ਹੋਇਆ, ਸਾਡੀ ਧਰਤੀ ਵਿਚ ਸਭ ਤੋਂ ਵਧ ਪਵਿਤ੍ਰ ਸਥਾਨ ਹੈ। ਇਸ ਕਰਕੇ ਇਸ ਪਵਿਤ੍ਰ ਭੂਮੀ ਵਿਚ ਰੂਹ ਦੀ ਗਤੀ ਹੁੰਦੀ ਹੈ।

ਕੁਰੁਖੇਤਰ ਵਿਚ ਹਰ ਸਾਲ ਸੂਰਜ ਗ੍ਰਹਿਣ ਸਮੇਂ ਭਾਰੀ ਮੇਲਾ ਲਗਦਾ ਹੈ। ਮੈਗਸਥਨੀਜ਼ ਤੇ ਹਿਊਨਸਾਂਗ ਨੇ ਵੀ ਇਸ ਮੇਲੇ ਦਾ ਵਰਨਣ ਕੀਤਾ, ਜੋ ਇਸ ਮੇਲੇ ਦੀ ਪ੍ਰਾਚੀਨਤਾ ਦਾ ਸੂਚਕ ਹੈ।

ਕੁਰਖੇਤਰ ਵਿਚ ਬਹੁਤ ਸਾਰੇ ਧਾਰਮਿਕ ਤੇ ਇਤਿਹਾਸਕ ਮਹਾਨਤਾ ਵਾਲੇ ਸਥਾਨ ਹਨ—

ਅਮੀਨ : ਇਥੇ ਮਹਾਂਭਾਰਤ ਦੇ ਯੁੱਧ ਸਮੇਂ, ਅਰਜਨ ਦਾ ਪੁੱਤਰ ਅਭਿਮੰਨੂੰ ਮਾਰਿਆ ਗਿਆ ਸੀ ਅਤੇ ਅਸ਼ਵਥਾਮਾ ਨੂੰ ਅਰਜਨ ਨੇ ਹਾਰ ਦਿਤੀ ਸੀ। ਇਹ ਅਸਥਾਨ ਥਾਨੇਸਰ ਤੋਂ ਪੰਜ ਮੀਲ ਦੂਰ ਹੈ। ਅਮੀਨ 'ਅਭਿਮੰਨੂੰ-ਕਸ਼ੇਤਰ' ਦਾ ਸੰਖੇਪ ਰੂਪ ਜਾਪਦਾ ਹੈ. ਇਸ ਅਸਥਾਨ ਦੀ ਮਹਾਂਭਾਰਤ ਤੋਂ ਪਹਿਲਾ ਵੀ ਬੜੀ ਮਹਾਨਤਾ ਸੀ। ਇਥੋਂ ਹੀ ਅਦਿਤੀ ਦੀ ਕੁਖੋਂ ਸੂਰਜ ਨੇ ਜਨਮ ਲਿਆ ਸੀ।

ਅਸਥੀਪੁਰ : ਥਾਨੇਸਰ ਤੋਂ ਲਹਿੰਦੇ ਵਲ ਔਜਸ ਘਾਟ ਤੇ ਦੱਖਣ ਵਲ ਇਹ ਅਸਥਾਨ ਹੈ। ਇਥੇ ਮਹਾਂਭਾਰਤ ਵਿਚ ਮਾਰੇ ਗਏ ਸੂਰਮਿਆਂ ਦੇ ਸਰੀਰ ਇਕਠੇ ਕਰ ਕੇ ਦਾਹ-ਸੰਸਕਾਰ ਕੀਤੇ ਗਏ।

ਸਥਾਨੇਸ਼ਵਰ : ਇਕ ਸਰੋਵਰ, ਜੋ ਸਰਸਵਤੀ ਦਰਿਆ ਦੇ ਦੱਖਣ ਵਲ ਹੈ। ਇਸ ਦੇ ਜਲ ਵਿਚ ਹਰ ਤਰ੍ਹਾਂ ਦੇ ਰੋਗਾਂ ਨੂੰ ਨਾਸ਼ ਕਰਨ ਦੀ ਸ਼ਕਤੀ ਹੈ। ਲੋਕ-ਵਿਸ਼ਵਾਸ ਅਨੁਸਾਰ ਹਰ ਰੋਜ਼ ਦੁਪਹਿਰ ਨੂੰ ਭਾਰਤ ਦੇ ਸਾਰੇ ਪਵਿਤ੍ਰ ਤੀਰਥਾਂ ਦਾ ਜਲ, ਇਸ ਸਰੋਵਰ ਦੀ ਯਾਤ੍ਰਾ ਲਈ ਆਉਂਦਾ ਹੈ। ਜਿਹੜਾ ਯਾਤ੍ਰੀ ਇਸ ਮੌਕੇ ਇਥੇ ਇਸ਼ਨਾਨ ਕਰਦਾ ਹੈ, ਉਸ ਨੂੰ 68 ਤੀਰਥਾਂ ਦਾ ਮਹਾਤਮ ਮਿਲਦਾ ਹੈ। ਵਿਸ਼ਵਾਸ ਹੈ ਕਿ ਜਿਹੜਾ ਸ਼ਖਸ ਇਥੇ ਸੁਆਸ ਤਿਆਗੇ, ਉਸ ਦੇ ਸਭ ਪਾਪ ਧੁਲ ਜਾਂਦੇ ਹਨ।

ਸਰਵਣਾਪਤ ਸਰੋਵਰ : ਇਸ ਸਰੋਵਰ ਦਾ ਸਬੰਧ ਰਿਗ-ਵੇਦ ਵਿਚ ਆਈ ਘੋੜਸਿਰੇ ਦਧਿਅੰਚ (ਦਧੀਚ) ਦੀ ਕਥਾ ਨਾਲ ਜੋੜਿਆ ਜਾਂਦਾ ਹੈ।

ਸੂਰਜ ਕੁੰਡ : ਇਥੇ ਸੂਰਜ ਗ੍ਰਹਿਣ ਤੇ ਕੁੰਭ ਦਾ ਭਾਰੀ ਮੇਲਾ ਲਗਦਾ ਹੈ। ਇਹ ਤਲਾਬ ਸੰਸਾਰ ਦੇ ਸਭ ਸਰੋਵਰਾਂ ਤੋਂ ਵਡਾ ਹੈ। ਲੋਕਾਂ ਦਾ ਨਿਸਚਾ ਹੈ ਕਿ ਸੂਰਜ-ਗ੍ਰਹਿਣ ਤੇ ਕੁੰਭ ਦੇ ਵੇਲੇ ਹਿੰਦੂਆਂ ਦੇ ਸਾਰੇ ਮੁਨੀ ਤੇ ਦੇਵਤੇ ਸੂਖਮ ਕਾਇਆ ਵਿਚ, ਇਥੇ ਇਸ਼ਨਾਨ ਕਰਨ ਆਉਂਦੇ ਹਨ। ਇਸ ਲਈ ਗ੍ਰਹਿਣ ਜਾਂ ਕੁੰਭ ਦੇ ਥੋੜੇ ਜਿਹੇ ਸਮੇਂ ਵਿਚ, ਹਰ ਕੋਈ ਇਸ਼ਨਾਨ ਕਰਨ ਦਾ ਯਤਨ ਕਰਦਾ ਹੈ।

ਜੋਤੀਸਰ : ਥਾਨੇਸਰ ਤੋਂ ਚਾਰ ਕੁ ਮੀਲ ਦੂਰ ਇਕ ਤਾਲ; ਇਸੇ ਥਾਂ, ਕੌਰਵ-ਪਾਂਡਵਾਂ ਦੇ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ, ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿਤਾ ਸੀ। ਹੁਣ ਤਾਲ ਦੇ ਕੰਢੇ ਗੀਤਾ ਭਵਨ ਬਣਿਆ ਹੋਇਆ ਹੈ।

ਬਾਣ ਗੰਗਾ : ਕੁਰਖੇਤਰ ਤੋਂ ਚਾਰ ਮੀਲ ਦੂਰ ਇਕ ਅਸਥਾਨ; ਪੌਰਾਣਾਂ ਅਨੁਸਾਰ ਜਦੋਂ ਭੀਸ਼ਮ ਪਿਤਾਮਾ ਯੁੱਧ ਵਿਚ ਜ਼ਖ਼ਮੀ ਹੋ ਕੇ ਮਰਨ ਲਗਾ ਤਾਂ ਉਸਦੇ ਮਨ ਵਿਚ ਗੰਗਾ ਦਾ ਪਵਿਤ੍ਰ ਪਾਣੀ ਪੀਣ ਦੀ ਕਾਮਨਾ ਜਾਗੀ। ਇਥੇ ਅਰਜਨ ਨੇ ਧਰਤੀ ਵਿਚ ਤੀਰ ਮਾਰ ਕੇ, ਭੀਸ਼ਮ ਪਿਤਾਮਾ ਦੀ ਤ੍ਰਿਖਾ ਬੁਝਾਣ ਲਈ ਪਾਣੀ ਕਢਿਆ, ਇਹ ਅਸਥਾਨ ਗੰਗਾ ਦੀ ਹੀ ਇਕ ਧਾਰਾ ਮੰਨੀ ਜਾਂਦੀ ਹੈ।

ਪਹੋਆ : ਥਾਨੇਸਰ ਤੋਂ 16 ਮੀਲ ਪੱਛਮ ਵਲ, ਇਕ ਤੀਰਥ, ਜਿਸ ਦਾ ਪ੍ਰਾਚੀਨ ਨਾਉਂ ਪ੍ਰਿਥੂ ਦਕ ਹੈ, ਇਥੇ ਪ੍ਰਿਥੂ ਰਾਜੇ ਦਾ ਤਾਲ ਸੀ।

(ਕ-351) **ਕੁਰਲ :**

ਮੱਛੀਆਂ ਖਾਣ ਵਾਲਾ ਇਕ ਬਾਜ਼ਨੁਮਾ ਪੰਛੀ; ਰਵਾਇਤ

ਹੈ ਕਿ ਕੁਰਲ ਜਦੋਂ ਮੱਛੀਆਂ ਦਾ ਸ਼ਿਕਾਰ ਕਰਦਾ ਹੈ ਤਾਂ ਇਹ ਜੋੜੇ ਵਿਚ ਵਿਚਰਦਾ ਹੈ। ਇਕ ਕੁਰਲ ਅਗੇ ਅਗੇ ਪਾਣੀ ਦੀ ਸਤਹ ਦੇ ਨੇੜੇ ਉਡਾਰੀ ਭਰਦਾ ਹੋਇਆ 'ਅਲਾ ਅਲਾ' ਕਹਿੰਦਾ ਜਾਂਦਾ ਹੈ ਤੇ ਜਿਹੜੀਆਂ ਮੱਛੀਆਂ ਇਸ ਅਵਾਜ਼ ਨਾਲ ਮੁਗਧ ਹੋ ਕੇ ਪਾਣੀ ਵਿਚੋਂ ਸਿਰ ਕਢ ਕੇ ਬਾਹਰ ਝਾਕਦੀਆਂ ਹਨ, ਉਨ੍ਹਾਂ ਨੂੰ, ਪਿਛੋਂ ਦੂਜਾ ਕੁਰਲ ਝਪਟਾ ਮਾਰ ਕੇ ਫੜ ਲੈਂਦਾ ਹੈ।

(ਕ-352) **ਕੁਰਾ** :

ਰਮਲੀਆਂ ਦਾ ਪਾਸਾ ਜਾਂ ਸੰਗਲੀ; ਰਮਲੀਆ ਭਵਿਖ ਬਾਰੇ, ਗੱਲਾ ਦੱਸਣ ਲਈ ਪਾਸਾ ਸੁਟਦਾ ਹੈ ਤੇ ਉਸ ਨਾਲ ਬਣੀਆ ਸ਼ਕਲਾਂ ਜਾਂ ਅੰਕਾਂ ਤੋਂ ਗੱਲ ਦਸਦਾ ਹੈ, ਇਸ ਨੂੰ ਕੁਰਾ ਸੁਟਣਾ ਕਹਿੰਦੇ ਹਨ। ਜੇ ਰਮਲੀਆ ਸੰਗਲੀ ਸੁਟ ਕੇ ਭਵਿਖ ਬਾਰੇ ਗੱਲਾਂ ਦਸੇ ਤਾਂ ਇਸ ਨੂੰ ਸੰਗਲੀ ਸੁਟਣਾ ਵੀ ਕਹਿੰਦੇ ਹਨ।

(ਕ-353) **ਕੁਰਾ ਕੱਢਣਾ** :

ਕਾਗਜ਼ ਦੀਆਂ ਪਰਚੀਆਂ ਤੇ ਨਾਂ ਲਿਖ ਕੇ ਕਿਸੇ ਇਕ ਪਰਚੀ ਨੂੰ ਕੱਢਣਾ; ਇਹ ਪਰਚੀਆਂ ਕਈ ਮਤਲਬ ਨਾਲ ਕੱਢੀਆਂ ਜਾਂਦੀਆਂ ਹਨ। ਕਈ ਵਾਰ ਜਿਸ ਦਾ ਨਾ ਨਿਕਲਦਾ ਹੈ, ਉਸ ਨੂੰ ਕੋਈ ਖ਼ਾਸ ਕੰਮ ਸੌਂਪਿਆ ਜਾਂਦਾ ਹੈ, ਕਈ ਵਾਰ ਸੁਗਾਤ ਵੰਡਣ ਲਈ ਵੀ ਕੁਰਾ ਕਢਿਆ ਜਾਂਦਾ ਹੈ। ਕਈ ਵਾਰ ਜਦੋਂ ਕਿਸੇ ਗੱਲ ਦਾ ਨਿਰਨਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਤਾਂ ਜੋ ਪਰਚੀਆਂ ਉਤੇ ਇਕ 'ਤੇ ਹਾਂ ਤੇ ਦੂਜੀ 'ਤੇ ਨਾਂਹ ਲਿਖ ਕੇ, ਕਿਸੇ ਬੱਚੇ ਤੋਂ ਪਰਚੀ ਚੁਕਵਾਈ ਜਾਂਦੀ ਹੈ, ਪਰਚੀ ਤੇ ਜੋ ਲਿਖਿਆ ਆਵੇ ਉਹੋ ਹੀ ਅਲਾ ਦਾ ਫ਼ੈਸਲਾ ਸਮਝਿਆ ਜਾਂਦਾ ਹੈ।

(ਕ-354) **ਕੁਰਾਨ ਸ਼ਰੀਫ਼** :

ਮੁਸਲਮਾਨਾਂ ਦਾ ਧਾਰਮਿਕ ਗ੍ਰੰਥ; ਮੁਸਲਮਾਨਾਂ ਦਾ ਨਿਸਚਾ ਹੈ ਕਿ ਕੁਰਾਨ ਦੀਆਂ ਆਇਤਾਂ, ਮੁਹੰਮਦ ਸਾਹਿਬ ਨੂੰ ਖ਼ੁਦਾ ਵਲੋਂ, ਜਬਰਾਈਲ ਫ਼ਰਿਸ਼ਤੇ ਦੁਆਰਾ, ਇਲਹਾਮ ਦੇ ਰੂਪ ਵਿਚ ਉਤਰੀਆਂ ਸਨ। ਇਹ ਵੀ ਧਾਰਨਾ ਹੈ ਕਿ ਕੁਰਾਨ ਦੀਆਂ ਸਾਰੀਆਂ ਆਇਤਾਂ ਅੱਲ੍ਹਾ ਦੇ 'ਲੌਹ ਮਹਫ਼ੂਜ਼' ਵਿਚ ਦਰਜ ਕਲਾਮ ਹੀ ਹੈ। ਇਸ ਗੱਲ ਦੀ ਪੁਸ਼ਟੀ ਆਇਤਾਂ ਦੁਆਰਾ ਵੀ ਹੁੰਦੀ ਹੈ।

ਕੁਰਾਨ ਅਰਬੀ ਭਾਸ਼ਾ ਵਿਚ, ਵਾਰਤਕ ਵਿਚ ਲਿਖਿਆ ਹੈ। ਇਸ ਵਿਚ 6666 ਆਇਤਾਂ ਅਤੇ 114 ਸੂਰੇ (ਕਾਂਡ) ਹਨ। ਨਵੇਂ ਸੂਰੇ ਮੱਕੇ ਵਿਚੋਂ ਉਤਰੇ ਹੋਣ ਕਰਕੇ ਮੱਕ ਅਤੇ 24 ਮਦੀਨੇ ਵਿਚ ਉਤਰੇ ਹੋਣ ਕਰਕੇ ਮਦਨੀ ਅਖਵਾਉਂਦੇ ਹਨ। ਕੁਰਾਨ ਦਾ ਸੰਕਲਨ ਮੁਹੰਮਦ ਸਾਹਿਬ ਦੀ ਮੌਤ ਤੋਂ ਬਾਅਦ ਹੋਇਆ ਅਤੇ ਖ਼ਲੀਫ਼ਾ ਅਬੂਬਕਰ ਸਦੀਕ ਦੀ ਪ੍ਰੇਰਨਾ ਤੋਂ ਜ਼ੈਦ ਨੇ ਇਸ ਸਾਰੀ ਬਿਖਰੀ ਸਾਮਗਰੀ ਨੂੰ ਇਕਠੀ ਕਰ ਕੇ ਤਰਤੀਬ ਦਿਤੀ।

ਕੁਰਾਨ ਵਿਚ (1) ਹਜ਼ਰਤ ਆਦਮ, ਇਬਰਾਹੀਮ, ਮੂਸਾ, ਈਸਾ, ਦਾਊਦ, ਸੁਲੇਮਾਨ, ਲੁਕਮਾਨ ਅਤੇ ਯੂਸਫ਼ ਆਦਿਕ ਮਿਥਿਕ ਵਿਅਕਤੀਆਂ ਬਾਰੇ ਧਰਮ-ਕਥਾਵਾਂ ਦਰਜ ਹਨ। (2) ਹਜ਼ਰਤ ਮੁਹੰਮਦ ਵਲੋਂ ਲੜੀਆਂ ਜੰਗਾਂ-ਯੁੱਧਾਂ ਦਾ ਵਰਣਨ ਹੈ (3) ਕਿਆਮਤ (4) ਅੱਲਾ ਦੀ ਏਕਤਾ ਤੇ (5) ਨੈਤਿਕਤਾ ਬਾਰੇ ਲਿਖਿਆ ਮਿਲਦਾ ਹੈ।

ਕੁਰਾਨ ਨੂੰ ਮੁਸਲਮਾਨ ਸਭ ਤੋਂ ਵਧ ਮੁਤਬਰਕ ਸਮਝਦੇ ਹਨ। ਜੇ ਕਿਸੇ ਮੁਸਲਮਾਨ ਤੋਂ ਅਣਗਹਿਲੀ ਨਾਲ ਜਾਂ ਸਹਿਜ-ਸੁਭਾ ਕੁਰਾਨ ਧਰਤੀ ਉਤੇ ਡਿੱਗ ਪਏ ਜਾਂ ਅਣਜਾਣੇ ਕੋਈ ਬੇਅਦਬੀ ਹੋ ਜਾਵੇ ਤਾਂ ਉਹ ਕੁਰਾਨ ਦੇ ਬਰਾਬਰ ਦੇ ਵਜ਼ਨ ਦੀ ਕੋਈ ਸਾਮਗਰੀ—ਅੰਨ ਤੇ ਸ਼ੀਰਨੀ ਆਦਿ ਗਰੀਬਾਂ ਵਿਚ ਵੰਡਦਾ ਹੈ। ਇਸ ਤਰ੍ਹਾਂ ਭੁਲ ਬਖ਼ਸ਼ੀ ਜਾਂਦੀ ਹੈ। ਇਸ ਰੀਤ ਨੂੰ 'ਕੁਰਾਨ ਠੰਢਾ ਕਰਨਾ' ਕਹਿੰਦੇ ਹਨ।

ਜਦੋਂ ਕੋਈ ਮੁਸਲਮਾਨ ਜ਼ਿਆਦਾ ਬੀਮਾਰ ਹੋ ਜਾਵੇ ਤਾਂ ਉਸਨੂੰ ਕੁਰਾਨ ਦੇ ਨਾਲ ਪੱਖੇ ਵਾਂਗ ਸਤ ਵਾਰ ਹਵਾ ਦਿਤੀ ਜਾਂਦੀ ਹੈ। ਮੁਸਲਮਾਨਾਂ ਦਾ ਨਿਸਚਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਕੁਰਾਨ ਸ਼ਰੀਫ਼ ਦੀ ਉਸ ਪ੍ਰਾਣੀ ਤੇ ਬਖ਼ਸ਼ਿਸ਼ ਹੁੰਦੀ ਹੈ ਤੇ ਉਹ ਛੇਤੀ ਹੀ ਨਵਾਂ-ਨਰੋਆ ਹੋ ਜਾਂਦਾ ਹੈ।

ਇਸ ਤਰ੍ਹਾਂ ਜੇ ਕਿਧਰੇ ਅੱਗ ਭੜਕ ਉਠੇ ਤਾਂ ਕੁਰਾਨ ਨੂੰ ਅੱਗ ਦੇ ਸਨਮੁਖ ਕਰਨ ਨਾਲ ਅਥਵਾ ਉਸਦੇ ਨਾਲ ਹਵਾ ਦੇਣ ਨਾਲ, ਅੱਗ ਛੇਤੀ ਬੁਝ ਜਾਂਦੀ ਹੈ ਅਥਵਾ ਅੱਗ ਨਾਲ ਨੁਕਸਾਨ ਘਟ ਹੁੰਦਾ ਹੈ।

(ਕ-355) **ਕੁਰਾਨ ਦਾ ਮੇਲਾ** :

ਮੁਲਤਾਨ ਤੇ ਉਸਦੀ ਸਰਹਦ ਨਾਲ ਲਗਦੇ ਇਲਾਕੇ ਵਿਚ, ਮੁਸਲਮਾਨਾਂ ਵਿਚ ਇਹ ਰਵਾਜ ਹੈ ਕਿ ਜਦੋਂ ਕਿਸੇ ਮੁਸਲਮਾਨ ਤੋਂ ਕੋਈ ਗੱਲ ਮੰਨਵਾਣੀ ਹੋਵੇ ਜਾਂ ਤਕੜੀ ਧਿਰ ਨੂੰ ਕਿਸੇ ਝਗੜੇ ਦਾ ਫ਼ੈਸਲਾ ਕਰਨ ਲਈ ਅਥਵਾ ਕੋਈ ਮੁਕਦਮਾ ਵਾਪਸ ਲੈਣ ਲਈ ਮਜਬੂਰ ਕਰਨਾ ਹੋਵੇ ਤਾਂ ਉਹ ਸ਼ਖ਼ਸ ਪੰਜ ਸੱਤ ਮੁਸਲਮਾਨ ਤੇ ਕੁਰਾਨ ਲੈ ਕੇ, ਉਸ ਮੁਸਲਮਾਨ ਦੇ ਘਰ ਜਾਂਦਾ ਹੈ ਤੇ ਕੁਰਾਨ ਦਾ ਵਾਸਤਾ ਪਾ ਕੇ ਕਿਸੇ ਗੱਲ ਨੂੰ ਕਰਨ ਦੀ ਬੇਨਤੀ ਕਰਦਾ ਹੈ। ਆਮ ਤੌਰ ਤੇ ਮੁਕਦਮਿਆ ਜਾਂ ਲੜਾਈ ਝਗੜੇ ਸਮੇਂ ਸੁਲਹ ਲਈ, ਇਹ ਤਰੀਕਾ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਦੇ ਵਫ਼ਦ ਨੂੰ 'ਕੁਰਾਨ ਦਾ ਮੇਲਾ' ਆਖਿਆ ਜਾਂਦਾ ਹੈ।

ਇਨ੍ਹਾਂ ਦੀ ਬੇਨਤੀ ਨਾ ਮੰਨਣੀ 'ਕੁਰਾਨ ਨੂੰ ਪਿਠ' ਦੇਣ ਬਰਾਬਰ ਮੰਨੀ ਜਾਂਦੀ ਹੈ। ਇਹ ਬੜਾ ਵੱਡਾ ਕੁਫਰ ਮੰਨਿਆ ਗਿਆ ਹੈ।

(ਕ-356) **ਕੁਰਹਿਤਾਂ** :

(ਵੇਖੋ : ਰਹਿਤ-ਕੁਰਹਿਤ)।

(ਕ-357) **ਕੁਰਨਿਸ਼** :

ਮੁਗਲ ਬਾਦਸਾਹ ਦੇ ਸਮੇਂ ਸਲਾਮ ਕਰਨ ਦੀ ਇਕ ਵਿਧੀ; ਕੁਰਨਿਸ਼ ਕਰਨ ਲਗਿਆਂ ਸੱਜੇ ਹੱਥ ਦੀ ਹਥੇਲੀ ਮੱਥੇ ਉਤੇ ਰੱਖ ਲਈ ਜਾਂਦੀ ਹੈ ਤੇ ਫਿਰ ਸਿਰ ਅਗਾਂਹ ਵਲ ਝੁਕਾਇਆ ਜਾਂਦਾ ਹੈ।

(ਕ-358) **ਕੁੱਲ ਖਵਾਨੀ** :

ਮੁਸਲਮਾਨਾਂ ਵਿਚ ਪ੍ਰਾਣੀ ਦੀ ਮੌਤ ਨਾਲ ਸੰਬੰਧਿਤ ਇਕ ਰਸਮ, ਜੋ ਮ੍ਰਿਤਕ ਦੇਹ ਨੂੰ ਦਫ਼ਨ ਕਰਨ ਮਗਰੋਂ ਤੀਜੇ ਦਿਨ ਕੀਤੀ ਜਾਂਦੀ ਹੈ। ਇਸ ਦਿਨ ਸਾਰੇ ਅੰਗਾਂ ਸਾਕਾਂ ਤੇ ਮਿਤਰਾਂ ਨੂੰ ਇਕਠਾ ਕਰ ਕੇ ਕੁਰਾਨ ਦਾ ਸਾਰਾ ਪਾਠ ਕੀਤਾ ਜਾਂਦਾ ਹੈ। ਇਹ ਪਾਠ ਵੱਖ ਵੱਖ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਹੈ ਤੇ ਫਿਰ ਸਾਰੇ ਰਲ ਕੇ ਆਪੋ ਆਪਣਾ ਹਿੱਸਾ ਕਰਦੇ ਹਨ। ਪਾਠ ਦੀ ਸਮਾਪਤੀ ਉਤੇ ਸਾਰੀ 'ਮਕਾਣ' ਨੂੰ ਚਾਵਲ ਤੇ ਦਾਲ ਮਾਸ ਖਾਣ ਲਈ ਦਿਤੀ ਜਾਂਦੀ ਹੈ. ਇਸ ਤੋਂ ਬਾਅਦ ਦਸਤਾਰਬੰਦੀ ਦੀ ਰਸਮ ਕੀਤੀ ਜਾਂਦੀ ਹੈ। ਮ੍ਰਿਤਕ ਦੇ ਪੱਤਰ ਬਰਾਦਰੀ ਦੀ ਹਾਜ਼ਰੀ ਵਿਚ ਦਸਤਾਰ ਬੰਨ੍ਹਦੇ ਤੇ ਪਿਉ ਦੀ ਸਾਰੀ ਜਾਇਦਾਦ ਦੇ ਵਾਰਿਸ ਬਣਦੇ ਹਨ।

ਕਲ ਖਵਾਨੀ ਦੇ ਦਿਨ ਅੰਗ ਸਾਕ ਮਿੱਤਰ ਦੇ ਪੁੱਤਰਾਂ ਤੇ ਪਤਨੀ ਨੂੰ ਕੁਝ ਰਕਮ ਵੀ ਭੇਟ ਕਰਦੇ ਹਨ।

ਬਹਾਵਲਪਰ ਦੇ ਇਲਾਕੇ ਵਿਚ ਇਸ ਰਸਮ ਨੂੰ 'ਕਲਖਾਣੀ' ਕਹਿੰਦੇ ਹਨ ਅਤੇ ਮਰਨ ਦੇ ਤੀਜੇ ਦਿਨ ਕਰਦੇ ਹਨ। ਇਸ ਦਿਨ ਮੋਏ ਪ੍ਰਾਣੀ ਦੀ ਰੂਹ ਦੀ ਸ਼ਾਂਤੀ ਲਈ. ਕੁਰਾਨ ਤੋਂ ਕੁਝ ਕਲਾਮ ਪੜ੍ਹਿਆ ਜਾਂਦਾ ਹੈ ਅਤੇ ਨਵੇਂ ਕਪੜੇ ਸਿਵਾ ਕੇ ਮਿਤਕ ਦੇ ਨਾਂ ਉਤੇ ਦਾਨ ਕੀਤੇ ਜਾਂਦੇ ਹਨ। ਔਰਤ ਦੀ ਮੌਤ ਹੋਵੇ ਤਾਂ ਕੋਈ ਇਕ ਗਹਿਣਾ ਵੀ ਦਾਨ ਕੀਤਾ ਜਾਂਦਾ ਹੈ। ਇਸੇ ਦਿਨ ਮ੍ਰਿਤਕ ਪ੍ਰਾਣੀ ਦਾ ਵਾਰਸ ਦਸਤਾਰ ਬੰਨਦਾ ਹੈ. ਜਿਸ ਨੂੰ ਦਸਤਾਰਬੰਦੀ ਕਹਿੰਦੇ ਹਨ। ਦਸਤਾਰਬੰਦੀ ਸਮੇਂ ਅੰਗ ਸਾਕ ਉਸ ਨੂੰ ਕੁਝ ਰੁਪਏ ਭੇਟ ਕਰਦੇ ਹਨ, ਜਿਸ ਨੂੰ 'ਪੱਗ ਦੇ ਰੁਪਏ' ਕਹਿੰਦੇ ਹਨ। ਇਸ ਮਗਰੋਂ ਸੱਤ ਵੀਰਵਾਰ ਨੂੰ ਲਗਾਤਾਰ ਕੁਰਾਨ ਦਾ ਕਲਾਮ ਪੜ੍ਹਿਆ ਜਾਂਦਾ ਹੈ। ਚਾਲੀ ਦਿਨਾਂ ਮਗਰੋਂ ਮ੍ਰਿਤਕ ਦੀ ਰੂਹ ਦੀ ਸ਼ਾਂਤੀ ਲਈ ਭੋਜ ਦਿਤਾ ਜਾਂਦਾ ਹੈ. ਜਿਸ ਨੂੰ 'ਚਲੀਹਾ' ਕਹਿੰਦੇ ਹਨ। ਪਰ ਇਹ ਰਵਾਜ ਸਭ ਥਾਈਂ ਇਕ ਸਾਰ ਨਹੀਂ। ਕਈ ਥਾਈਂ 'ਇਕੀਵੇਂ' ਦਿਨ ਭੋਜ ਦਿਤਾ ਜਾਂਦਾ ਹੈ. ਜਿਸ ਨੂੰ 'ਇਕੀਹਾ' ਕਹਿੰਦੇ ਹਨ।

(ਕ-359) **ਕੁਲ ਦਾ ਮੇਲਾ** :

(1) ਕਿਸੇ ਪੀਰ ਫਕੀਰ ਦਾ ਉਰਸ. ਜਿਸ ਵਿਚ ਉਸ ਦੀ ਕੁੱਲ ਦੇ ਸਾਰੇ ਲੋਕ ਸਾਮਲ ਹੁੰਦੇ ਹਨ (ਵੇਖੋ : ਉਰਸ)।

(2) ਕਿਸੇ ਜਠੇਰੇ ਜਾਂ ਸਤੀ ਦੀ ਸਮਾਧ ਤੇ ਲਗਾ ਮੇਲਾ, ਜਿਸ ਵਿਚ ਉਸ ਦੀ ਵੰਸ਼ ਦੇ ਲੋਕ ਸ਼ਾਮਲ ਹੁੰਦੇ ਹਨ। ਇਹ ਕਿਸੇ ਇਕ ਵੰਸ਼ ਦਾ ਸਾਂਝਾ ਮੇਲਾ ਹੁੰਦਾ ਹੈ। ਸਾਰੇ ਪਿੰਡ ਆਮ ਤੌਰ ਤੇ ਕਿਸੇ ਇਕ ਵਡਿਕੇ ਦੇ ਵਸਾਏ ਹੋਏ ਹਨ. ਜਿਥੇ ਬਹੁਤੀ ਵਸੋਂ ਉਸ ਦੀ ਵੰਸ਼ ਦੀ ਹੀ ਆਬਾਦ ਹੁੰਦੀ ਹੈ। (3) ਕੁੱਲ ਦਾ ਕੋਈ ਸਾਂਝਾ ਮੇਲਾ।

(ਕ-360) **ਕੁੱਲ ਦੇਵਤਾ** :

ਕਿਸੇ ਵੰਸ਼ ਦਾ ਦੇਵਤਾ, ਜਿਸ ਦੀ ਪੂਜਾ ਉਸ ਵੰਸ਼ ਦੇ ਲੋਕ ਕਰਦੇ ਹਨ। ਵਿਆਹ ਸ਼ਾਦੀ ਤੇ ਹੋਰ ਮੰਗਲ ਸਮਾਗਮਾਂ ਸਮੇਂ ਅਥਵਾ ਰੀਤਾਂ-ਰਸਮਾਂ ਵੇਲੇ ਕੁੱਲ-ਦੇਵਤੇ ਦੀ ਉਚੇਚੀ ਪੂਜਾ ਕੀਤੀ ਜਾਂਦੀ ਹੈ। ਕੁੱਲ ਦੇਵਤੇ ਦੀ ਮੂਰਤੀ ਨੂੰ ਲੋਕ ਆਪਣੇ ਘਰਾਂ ਵਿਚ ਰਖਦੇ ਹਨ। ਕੁੱਲ ਦੇਵਤੇ ਦਾ ਦਰਜਾ ਧਰਮ ਦੇਵਤੇ ਤੋਂ ਛੋਟਾ ਹੁੰਦਾ ਹੈ। ਕੁੱਲ ਦੇਵਤਾ ਆਮ ਤੌਰ ਤੇ ਕੁੱਲ ਦਾ ਕੋਈ ਪਿੱਤਰ ਹੋਂਦਾ ਹੈ. ਜਿਸ ਨੂੰ ਆਦਰਸਿਆ ਕੇ ਦੇਵਤੇ ਦਾ ਦਰਜਾ ਦੇ ਦਿਤਾ ਜਾਂਦਾ ਹੈ।

(ਕ-361) **ਕੁੱਲ ਦੇਵੀ** :

ਕਿਸੇ ਵੰਸ਼ ਦੀ ਦੇਵੀ ਜਿਸ ਦੀ ਪੂਜਾ ਉਸ ਵੰਸ਼ ਦੇ ਲੋਕ ਕਰਦੇ ਹਨ। ਇਹ ਆਮ ਤੌਰ ਤੇ ਕੁੱਲ ਦੀ ਕੋਈ ਸਤੀ ਹੋਂਦੀ ਹੈ ਜਿਸ ਨੂੰ ਆਦਰਸਿਆ ਕੇ ਦੇਵੀ ਦਾ ਦਰਜਾ ਬਖਸ਼ ਦਿਤਾ ਜਾਂਦਾ ਹੈ।

(ਕ 362) **ਕੁੱਲ ਪੱਤਰਾ** :

ਉਹ ਪੱਤਰਾ ਜਿਸ ਉਤੇ ਕਿਸੇ ਕੁੱਲ ਦਾ ਸ਼ਜਰਾ ਦਰਜ ਹੁੰਦਾ ਹੈ। ਹਰਦੁਆਰ ਦੇ ਪਾਂਡੇ ਆਪਣੇ ਜਜਮਾਨਾਂ ਦੇ ਕੁੱਲ ਦੇ ਲੋਕਾਂ ਦੀ. ਹਰਦੁਆਰ ਯਾਤ੍ਰਾ ਦਾ ਵੇਰਵਾ, ਆਪਣੀ ਵਹੀ ਦੇ. ਜਿਸ ਪੱਤਰੇ ਉਤੇ ਦਰਜ ਕਰਦੇ ਹਨ, ਉਸ ਨੂੰ ਕੁੱਲ-ਪੱਤਰਾ ਹੀ ਕਹਿੰਦੇ ਹਨ। ਜਦੋਂ ਕੋਈ ਸ਼ਖਸ ਹਰਦੁਆਰ ਜਾਂਦਾ ਹੈ ਤਾਂ ਉਹ ਆਪਣੇ ਕੁੱਲ ਦੇ ਪਾਂਡੇ ਤੋਂ

ਆਪਣਾ ਕੁੱਲ ਪੱਤਰਾ ਵੇਖਦਾ ਹੈ ਤੇ ਉਸ ਨੂੰ ਕਈ ਪੀੜ੍ਹੀਆਂ ਬਜ਼ੁਰਗਾਂ ਦੀ ਹਰਦੁਆਰ ਫੇਰੀ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਇਸ ਨੂੰ ਕੁਰਸੀਨਾਮਾ ਤੇ ਬੰਸਾਵਲੀ ਵੀ ਕਹਿੰਦੇ ਹਨ (ਵੇਖੋ : ਬੰਸਾਵਲੀ)।

(ਕ-363) **ਕੁੱਲ ਪ੍ਰੋਹਤ** :

ਕਿਸੇ ਕੁੱਲ ਦਾ ਪ੍ਰੋਹਤ ਬ੍ਰਾਹਮਣ। ਇਹ ਪ੍ਰੋਹਤ ਉਸ ਕੁੱਲ ਦੀਆਂ ਜਨਮ ਮਰਨ ਤੇ ਵਿਆਹ ਆਦਿ ਦੀਆਂ ਰੀਤਾਂ ਰਸਮਾਂ, ਮਰਯਾਦਾ-ਪੂਰਵਕ ਕਰਾਉਂਦਾ ਹੈ ਅਤੇ ਲਾਗ ਵਜੋਂ ਕੁੱਲ ਤੋਂ ਦਾਨ ਲੈਂਦਾ ਹੈ। ਪ੍ਰੋਹਤ ਦੀ ਪਤਨੀ, ਕੁੱਲ ਦੇ ਸਾਰੇ ਮਿਜ਼ਮਾਨਾਂ ਦੇ ਘਰੀਂ ਜਾ ਕੇ, ਹੱਦੇ ਇਕਠੇ ਕਰਦੀ ਹੈ (ਵੇਖੋ : ਪ੍ਰੋਹਤ)।

(ਕ-364) **ਕੁੱਲੀ ਸਰਾਧ** :

ਸਾਂਸੀਆਂ ਵਿਚ ਮੌਤ ਨਾਲ ਸਬੰਧਿਤ ਇਕ ਰੀਤ; ਸਾਂਸੀਆਂ ਵਿਚ ਜਦੋਂ ਕੋਈ ਵਡੇਰਾ ਮਰਦ ਜਾਂ ਤੀਵੀਂ ਚਲਾਣਾ ਕਰ ਜਾਂਦੇ ਹਨ ਤਾਂ ਕੁਝ ਦਿਨਾਂ 'ਮਗਰੋਂ' (ਕੁਝ ਮਹੀਨੇ ਜਾਂ ਸਾਲ ਸਮਾਂ ਲੰਘਣ ਪਿਛੋਂ) ਇਕ ਵਡਾ ਇਕੱਠ ਕਰਦੇ ਹਨ। ਇਸ ਸਮਾਗਮ ਤੋਂ ਜੇ ਮਰਦ ਮਰਿਆ ਹੋਵੇ ਤਾਂ ਸੱਤ ਦਿਨ ਪਹਿਲਾਂ ਅਤੇ ਜੇ ਤੀਵੀਂ ਮਰੀ ਹੋਵੇ ਤਾਂ ਪੰਜ ਦਿਨ ਪਹਿਲਾਂ ਕੁੱਲੀ (ਝੁੱਗੀ) ਜਿਹੀ ਬਣਵਾ ਕੇ ਉਸ ਵਿਚ ਚਾਰ ਕਾਨੀ (ਅਰਥੀ ਨੂੰ ਮੋਢਾ ਦੇਣ ਵਾਲੇ) ਰਖੇ ਜਾਂਦੇ ਹਨ। ਤੇ ਇਹ ਚਾਰੇ, ਦਿਨ ਰਾਤ ਹੀ ਉਥੇ ਰਹਿੰਦੇ ਹਨ। ਰਾਤ ਨੂੰ ਭੂੰਜੇ ਵਿਛੀ ਤੁਲਾਈ ਉਤੇ ਹੀ ਉਹ ਸੌਂ ਜਾਂਦੇ ਹਨ। ਇਨ੍ਹਾਂ ਚੁਹਾਂ ਦੀ ਇਨ੍ਹੀਂ ਦਿਨੀਂ ਚੰਗੀ ਚੋਖੀ ਸੇਵਾ ਕੀਤੀ ਜਾਂਦੀ ਤੇ ਰਜਵੇਂ ਪਦਾਰਥ ਖਵਾਏ ਜਾਂਦੇ ਹਨ। ਜੇ ਕਿਸੇ ਸ਼ਖ਼ਸ ਦੇ ਸੁਫਨੇ ਵਿਚ ਉਸ ਮਰਦ ਜਾਂ ਤੀਵੀਂ ਦੀ ਰੂਹ, ਕੋਈ ਚੀਜ਼ ਆ ਕੇ ਮੰਗੇ ਤਾਂ ਉਹ ਵਸਤੂ ਤੁਰੰਤ ਕਾਨੀਆਂ ਨੂੰ ਭੇਟ ਕੀਤੀ ਜਾਂ ਖਵਾਈ ਜਾਂਦੀ ਹੈ।

ਜਿਹੜੀਆਂ ਚੀਜ਼ਾਂ ਮ੍ਰਿਤਕ ਨੂੰ ਚੰਗੀਆਂ ਲਗਦੀਆਂ ਹਨ, ਜਾਂ ਉਸ ਮ੍ਰਿਤਕ ਕਦੇ ਸੁਪਨੇ ਵਿਚ ਆ ਕੇ ਖਾਣ ਜਾਂ ਵਰਤਣ ਲਈ ਮੰਗੀਆਂ ਹੋਣ, ਉਹ ਸਭ ਇਕ ਠੂਠੇ ਵਿਚ ਪਾ ਕੇ ਕਾਨੀਆਂ ਨੂੰ ਦਿਤੀਆਂ ਜਾਂਦੀਆਂ ਹਨ ਤੇ ਉਹ ਭੋਗ ਲਗਾ ਕੇ ਜ਼ਿਮੀਂ ਉਤੇ ਰੱਖ ਦੇਂਦੇ ਹਨ। ਫਿਰ ਰੂਹ ਨੂੰ ਭੋਗ ਲਈ ਨਿਓਤਾ ਦੇਂਦੇ ਹਨ। ਨਿਸਚੇ ਅਨੁਸਾਰ ਇਹ ਸਭ ਪਦਾਰਥ ਮ੍ਰਿਤਕ ਤਕ ਪਹੁੰਚ ਜਾਂਦੇ ਹਨ।

(ਕ-365) **ਕੁੱਲੂ** :

ਕੁਲੂ ਪੰਜਾਬ ਦਾ ਹੀ ਪਹਾੜੀ ਖੇਤਰ ਹੈ ਅਤੇ ਇਥੇ ਦੇ ਕੁਝ ਖੇਤਰਾਂ ਦੀ ਬੋਲੀ ਪੰਜਾਬੀ ਦੀ ਹੀ ਉਪ-ਬੋਲੀ ਹੈ। ਕੁਲੂ ਦੇ ਉੱਤਰ ਵਿਚ ਲਾਹੌਲ-ਸਿਪੀਤੀ ਹਨ ਤੇ ਦੱਖਣ-ਪੂਰਬ ਵਿਚ ਮਹਾਸੂਈ ਪਹਾੜੀ ਅਤੇ ਪੱਛਮ ਵਿਚ ਕਾਂਗੜਾ ਤੇ ਚੰਬਾ ਫੈਲੇ ਹੋਏ ਹਨ। ਕੁਲੂ ਵਿਚੋਂ ਸਤਲੁਜ ਦਰਿਆ ਲੰਘਦਾ ਹੈ।

ਕੁਲੂ ਦਾ ਇਤਿਹਾਸ ਬੜਾ ਪੁਰਾਣਾ ਹੈ। ਮਹਾਂਭਾਰਤ ਕਾਲ ਵਿਚ ਕੁਲੂ ਵਿਚ ਕਿਸੇ ਵੇਲੇ ਤੰਡੀ ਰਾਖਸ਼ ਦਾ ਰਾਜ ਸੀ, ਉਹ ਆਪਣੀ ਭੈਣ ਹਿੜੰਬਾ ਦੇ ਨਾਲ ਰੋਤਾਂਗ ਦੱਰੇ ਦੇ ਦੱਖਣ ਵਿਚ ਰਿਹਾ ਕਰਦਾ ਸੀ। ਰਵਾਇਤਾਂ ਅਨੁਸਾਰ ਪਾਂਡਵ ਪ੍ਰਵਾਸ ਦੇ ਦਿਨੀਂ ਕੁਲੂ ਆਏ ਅਤੇ ਲੋਕਾਂ ਨੇ ਬੇਨਤੀ ਕੀਤੀ ਕਿ ਉਹ ਤੰਡੀ ਦੇ ਅਤਿਆਚਾਰਾਂ ਤੋਂ ਉਨ੍ਹਾਂ ਦੀ ਰਖਿਆ ਕਰਨ। ਭੀਮ ਤੰਡੀ ਨਾਲ ਯੁੱਧ ਕਰਕੇ ਉਸ ਦੀ ਭੈਣ ਹਿੜੰਬਾ ਨੂੰ, ਆਪਣੇ ਨਾਲ ਲੈ ਗਿਆ। ਤੰਡੀ ਨੇ ਉਸਦਾ ਪਿੱਛਾ ਕੀਤਾ। ਦੋਹਾਂ ਵਿਚ ਯੁੱਧ ਹੋਇਆ, ਜਿਸ ਵਿਚ ਤੰਡੀ ਮਾਰਿਆ ਗਿਆ।

ਇਕ ਹੋਰ ਕਥਾ ਅਨੁਸਾਰ ਪਾਂਡਵਾਂ ਨੇ ਪ੍ਰਵਾਸ ਦੇ ਦਿਨਾਂ ਵਿਚ ਕੁਲੂ ਦੇ ਡੂੰਗਰੀ ਬਨ ਵਿਚ ਆ ਕੇ ਸ਼ਰਨ ਲਈ। ਇਥੇ ਦੇ ਆਦਿਵਾਸੀਆਂ ਦਾ ਸਰਦਾਰ ਹਿੜੰਬ (ਤੰਡੀ) ਨਹੀਂ ਸੀ ਚਾਹੁੰਦਾ ਕਿ ਇਥੇ ਕੋਈ ਬਾਹਰੋਂ ਆ ਕੇ ਵਸੇ। ਸੋ ਉਸ ਨੇ ਆਪਣੀ ਭੈਣ ਹਿੜੰਬਾ ਨੂੰ ਭੇਜਿਆ ਕਿ ਉਹ ਪਾਂਡਵਾਂ ਨੂੰ ਮਾਰ ਨਠਾਏ। ਪਰ ਹਿੜੰਬਾ ਨੇ ਭੀਮ ਨੂੰ ਜੰਗਲ ਵਿਚ ਇਕ ਪੱਥਰ ਤੇ ਸਿਰ ਰਖ ਕੇ ਸੁੱਤਾ ਵੇਖਿਆ ਤੇ ਉਸ ਦੇ ਰੂਪ 'ਤੇ ਮੋਹਿਤ ਹੋ ਗਈ। ਦੁਹਾਂ ਨੇ ਵਿਆਹ ਕਰਵਾ ਲਿਆ। ਬਾਅਦ ਵਿਚ ਭੀਮ ਨੇ ਹਿੜੰਬਾ ਨੂੰ ਮਾਰ ਦਿਤਾ ਅਤੇ ਉਸ ਦੀ ਲੜਕੀ ਦਾ ਬਿਦਰ ਨਾਲ ਵਿਆਹ ਕਰਵਾ ਦਿਤਾ। ਜੋ ਬਿਆਸ ਰਿਸ਼ੀ ਦਾ ਪੁੱਤਰ ਸੀ। ਇਨ੍ਹਾਂ ਦੇ ਦੋ ਪੁੱਤਰ ਮਕਰ ਅਤੇ ਭੌਣ ਜੰਮੇ।

ਕੁਲੂ ਦਾ ਲੋਕ-ਸਾਹਿਤ ਬਹੁਤਾ ਸਮਰਿਧ ਨਹੀਂ। ਕੁਝ ਕਾਵਿ-ਕਥਾਵਾਂ ਹਨ, ਜਿਨ੍ਹਾਂ ਵਿਚ ਆਸ ਪਾਸ ਦੇ ਇਲਾਕੇ ਵਿਚ ਹੋਏ ਰਾਜਿਆਂ ਦੇ ਯੁੱਧਾਂ ਦਾ ਵਰਨਣ ਹੈ। ਕੁਝ ਗਾਥਾਵਾਂ ਰਾਜਾ ਭਰਤਰੀ ਹਰੀ, ਰਾਣੀ ਪਿੰਗਲਾ ਤੇ ਗੁਰੂ ਗੋਰਖਨਾਥ ਬਾਰੇ ਮਿਲਦੀਆਂ ਹਨ।

ਕਾਂਚੀ ਬੋਣੀ ਕਾਇਆ ਕੋਟੜੀ, ਝੂਠਾਂ ਬੋਨਾ ਸਣਸਾਰ।
ਚੌਊ ਦਿਨੇ ਰਾਜ ਜਿਉਣਾਂ, ਛਾਡੀ ਦੇਣਾ ਘਰ ਬਾਰ।

ਕੁਲੂ ਦੇ ਕੁਝ ਲੋਕ-ਗੀਤਾਂ ਦੇ ਰੂਪ ਬੜੇ ਨਵੇਕਲੇ ਹਨ।

ਬਸੰਤ ਰੁਤ ਵਿਚ ਤੀਵੀਆਂ 'ਛੀਂਜੋਂ' ਗਾਉਂਦੀਆਂ ਹਨ, ਗਰਮ ਰੁਤ ਵਿਚ 'ਝੂਰੀ ਲਾਮਣ', ਬਰਖਾ ਰੁਤ ਵਿਚ ਬ੍ਰਿਰਾਗਣ, ਸ਼ਰਦ ਰੁਤ ਵਿਚ 'ਦਿਖਾ ਓੜੀ'। ਛੀਂਜੋਂ ਵਿਸ਼ੇਸ਼ ਗੀਤ ਹੈ, ਜੋ ਕੇਵਲ ਤੀਵੀਆਂ ਹੀ ਗਾਉਂਦੀਆਂ ਹਨ। ਉਹ ਅਜਿਹੇ ਗੀਤ ਕਿਸੇ ਮਰਦ ਦੇ ਸਾਹਮਣੇ ਗਾਉਣ ਵਿਚ,

ਸਰਮ ਮਹਿਸੂਸ ਕਰਦੀਆਂ ਹਨ । ਇਨ੍ਹਾਂ ਗੀਤਾਂ ਵਿਚ ਮੁਟਿਆਰਾਂ ਜਾਂ ਸਜਰੀਆਂ ਵਿਆਹੀਆਂ, ਆਪਣੇ ਹਿਰਦੇ ਦੀ ਵੇਦਨਾ ਬਿਆਨ ਕਰਦੀਆਂ ਹਨ । ਛੀਂਜੋ ਗੀਤ ਸਮਾਜਿਕ ਮਹੱਤਤਾ ਰਖਦੇ ਹਨ ਅਤੇ 'ਨਿਰਸੂ' ਅਤੇ 'ਵਿਰਸੂ' ਉਤਸਵਾਂ ਵਿਚ ਉਚੇਚੇ ਤੌਰ ਤੇ ਗਾਏ ਜਾਂਦੇ ਹਨ । ਇਹ ਗੀਤ ਤੀਵੀਆਂ ਕਦੀ ਕਿਸੇ ਇਕ ਥਾਂ ਵਿਹੜੇ ਵਿਚ ਰਲ ਕੇ ਗਾਉਂਦੀਆਂ ਹਨ ।

ਛੀਂਜੋ ਦਾ ਅਰੰਭ ਕਿਸੇ ਭਜਨ ਤੋਂ ਕੀਤਾ ਜਾਂਦਾ ਹੈ । ਭਜਨ ਤੋਂ ਬਾਅਦ ਕਈ ਤਰ੍ਹਾਂ ਦੇ ਗੀਤ ਗਾਏ ਜਾਂਦੇ ਹਨ, ਜਿਨ੍ਹਾਂ ਵਿਚ ਜਾਂ ਤਾਂ ਪ੍ਰਦੇਸ ਗਏ ਕੰਤ ਦੇ ਵਿਜੋਗ ਵਿਚ, ਵੇਦਨਾ ਜਾਂ ਰੁਠੇ ਪਏ ਦਿਓਰ ਨੂੰ ਮਨਾਣ, ਕਿਧਰੇ ਭਰਾ ਨੂੰ ਮਿਲਣ ਲਈ ਤਰਲੇ ਹਨ । ਕਿਧਰੇ ਨਿਰਦਈ ਸੱਸ ਦੇ ਦੁਖੜੇ ਵਰਨਣ ਹਨ ।

ਛੀਂਜੋ ਦਾ ਨਮੂਨਾ—

ਫੁੇਈ ਗੌਂ ਚੇਂਤਰ ਰੋ ਮਹੀਨੇ,
ਵੇ ਫੂਲਟੂ ਸੈਥ ਫੂਲੀ ਗਏ ।
ਹਾਸੀ ਹਾਸੀ ਜਾਂਦੇ ਬੋ ਪਾਂਛੀ
ਸੌਥ ਸੌਥ ਸਾਐਂ ਰੂਲੀ ਵੇ ਗਏ ।

ਕੁਲੂ ਦੇ ਲੋਕਾਂ ਕੋਲ ਸਮਾਂ ਕਾਫ਼ੀ ਵਿਹਲਾ ਹੁੰਦਾ ਹੈ ਜੋ ਉਹ ਨੱਚਣ ਗਾਣ ਵਿਚ ਗੁਜ਼ਾਰ ਦਿੰਦੇ ਹਨ । ਨਾਚਾਂ ਦੇ ਉਹ ਖ਼ਾਸ ਸ਼ੌਕੀਨ ਹਨ । ਉਨ੍ਹਾਂ ਦੇ ਪ੍ਰਸਿਧ ਨਾਚ ਬਾਣਜ ਨਾਟ ਤੇ ਨਾਟੀ ਹਨ । ਨਿਰਤ ਵੇਲੇ ਸੰਗੀਤ ਦਾ ਹੋਣਾ ਜ਼ਰੂਰੀ ਹੈ । ਇਨ੍ਹਾਂ ਗੀਤਾਂ ਵਿਚ ਕਿਸੇ ਕਥਾ ਦਾ ਵਰਨਣ ਹੁੰਦਾ ਹੈ, ਆਮ ਤੌਰ ਤੇ ਪ੍ਰੇਮ ਗਾਥਾ ਦਾ ।

'ਲਾਹਲੜੀ' ਗੀਤ ਸਰਦੀਆਂ ਵਿਚ ਗਾਏ ਜਾਂਦੇ ਹਨ, ਆਮ ਤੌਰ ਤੇ ਚਾਨਣੀਆਂ ਰਾਤਾਂ ਵਿਚ । ਮੁਟਿਆਰਾਂ ਤੇ ਗਭਰੂ ਆਪੋ ਆਪਣੀਆਂ ਟੋਲੀਆਂ ਬਣਾ ਕੇ ਕਿਸੇ ਖੁਲ੍ਹੀ ਥਾਂ ਇਕਠੇ ਹੁੰਦੇ ਹਨ ਤੇ ਆਮ੍ਹਣੇ ਸਾਮ੍ਹਣੇ ਖੜੇ ਹੋ ਕੇ ਘੇਰਾ ਬਣਾ ਲੈਂਦੇ ਤੇ 'ਲਾਹਲੜੀ' ਗਾਉਂਦੇ ਹਨ ਅਤੇ ਨਚਦੇ ਰਹਿੰਦੇ ਹਨ । ਇਨ੍ਹਾਂ ਵਿਚ ਸਵਾਲ ਜੁਆਬ ਹੁੰਦੇ ਹਨ । ਗਭਰੂ ਸਵਾਲ ਕਰਦੇ ਹਨ ਤੇ ਮੁਟਿਆਰਾਂ ਉਤਰ ਦੇਂਦੀਆਂ ਹਨ :

ਲਾਹਲੜੀਏ ਮਾਰੇ ਪੰਦਰਾਂ ਫੇਰੇ
ਲਾਹਲੜੀਏ ਝੂਠੇ ਲਾਲਚਾਂ ਤੇਰੇ
ਲਾਹਲੜੀਏ ਲੋਭੀ ਭੇਡ ਰਾ ਰਾਣਾ
ਲਾਹਲੜੀਏ ਗੋਊ ਹੱਛੀ ਰਾ ਕਾਣਾ ।

ਕਲੂ ਦਾ ਇਕ ਪ੍ਰਸਿਧ ਗੀਤ ਕੁਫੂ ਹੈ । ਕੁਫੂ ਪੋਸਤ ਦੇ ਫੁੱਲ ਨੂੰ ਕਹਿੰਦੇ ਹਨ । ਜੇਠ ਦੇ ਮਹੀਨੇ ਪੋਸਤ ਫੁਲਦੀ ਹੈ ਤੇ ਅਖ਼ੀਰ ਡੋਡਿਆਂ ਵਿਚੋਂ ਕੱਢੀ ਜਾਂਦੀ ਹੈ । ਤੀਵੀਆਂ ਖੇਤਾਂ ਵਿਚ ਕੁਫੂ ਦੇ ਗੀਤ ਗਾ ਕੇ ਰਸ ਘੋਲਦੀਆਂ ਹਨ :

ਕੀਦਾ ਕਾ ਆਊ ਕੁਫੂ ਆ, ਦੇ ਦੇ ਏਥੜੇ ਧੁਪੇ ।
ਮਗਰੇ ਬੇਸੂ ਦਾਓੜੀ ਸਾਧੂ ਬਾਰਗਾ ਬਾਰਾਗੀ ਏ ਰੂਪੇ ।

ਜਿਸ ਦਾ ਭਾਵ ਹੈ, "ਹੇ ਕੁਫੂ ਰੂਪੀ ਸਜਨ, ਤੂੰ ਇਸ ਕੜਕਦੀ ਧੁੱਪ ਵਿਚ ਕਿਥੋਂ ਆਇਆ ਹੈਂ ਰਤਾ ਠਹਿਰ, ਅਰਾਮ ਕਰਨ ਲਈ ਮੇਰੇ ਘਰ ਚਲਾ ਆ, ਪਰ ਮੇਰੇ ਘਰ ਜਾਣ ਤੋਂ ਪਹਿਲਾ ਸਾਧੂ ਜਾਂ ਬੈਰਾਗੀ ਦਾ ਰੂਪ ਧਾਰਨ ਕਰ ਲੈਣਾ ।"

ਕੁਲੂ ਦੇ ਕੁਝ ਲੋਕਪ੍ਰਿਯ ਰੂਪ ਲਾਮਣ, ਦੋਸ਼ੀ, ਕੁਫੂ, ਝਾਗੋ ਗੀਨੋ, ਰਾਸੇ, ਬੂੜਾ, ਹਾਰ, ਬਾਲੋ ਅਤੇ ਗੰਗੀ ਹਨ ।

ਕੁਲੂ ਵਿਚ ਕ੍ਰਿਸ਼ਨ ਲੀਲਾ ਬੜੀ ਲੋਕਪ੍ਰਿਯ ਹੈ । ਪਰ ਕੁਲੂ ਵਿਚ ਕ੍ਰਿਸ਼ਨ ਦੀ ਜਵਾਨੀ ਦੀ ਪ੍ਰੀਤ ਤੇ ਕਾਰਨਾਮਿਆਂ ਦਾ ਹੀ ਵਧੇਰੇ ਵਰਣਨ ਮਿਲਦਾ ਹੈ ।

(ਕ-366) **ਕੁਵਲੀਆ ਪੀੜ** :

ਇਕ ਬੜਾ ਖਰਮਸਤ ਹਾਥੀ, ਜਿਸਨੂੰ ਕੰਸ ਨੇ, ਮੱਥਰਾ ਦੇ ਮੁੱਖ ਦੁਆਰੇ ਤੇ ਕ੍ਰਿਸ਼ਨ ਅਤੇ ਬਲਰਾਮ ਨੂੰ, ਪੈਰਾਂ ਹੇਠ ਰੋਲ ਕੇ ਮਾਰ ਦੇਣ ਲਈ ਭੇਜਿਆ ਸੀ; ਜਦੋਂ ਇਹ ਹਾਥੀ ਕ੍ਰਿਸ਼ਨ ਦੇ ਸਾਹਮਣੇ ਆਇਆ ਤਾਂ ਕ੍ਰਿਸ਼ਨ ਨੇ ਉਸ ਨੂੰ ਮਾਰ ਸੁਟਿਆ ।

ਕੁਵਲੀਆ ਪੀੜ ਆਪਿ ਮਰਦਿਕ ਪਿਆਰਾ
ਕਰਿ ਚੋਜ ਵੇਖੈ ਪਾਤਸ਼ਾਹੁ । (ਸੋਰਠ ਮ: ੫)

(ਕ-367) **ਕੁੜਮਾਈ (ਰਸਮਾਂ ਰੀਤ)** :

ਪੰਜਾਬੀਆਂ ਦੀ ਵਿਆਹ ਪ੍ਰਥਾ ਵਿਚ ਕੁੜਮਾਈ ਦੀ ਬੜੀ ਅਹਿਮੀਅਤ ਹੈ । ਕੁੜਮਾਈ ਜਿਸ ਨੂੰ 'ਮੰਗਣਾ' ਤੇ 'ਸਗਾਈ' ਵੀ ਕਿਹਾ ਜਾਂਦਾ ਹੈ, ਦੇ ਸ਼ਬਦ ਦੇ ਮੂਲ ਬਾਰੇ ਇਕ ਰਾਏ ਨਹੀਂ, ਇਹ ਸ਼ਬਦ ਕੁੜੀ ਤੋਂ ਬਣਿਆ ਵੀ ਮੰਨਿਆ ਜਾਂਦਾ ਹੈ, ਕੁੜਮਾਈ ਤੋਂ ਭਾਵ ਨਵੀਂ ਕੁੜੀ ਮੁੰਡੇ ਦੇ ਆਉਣ ਤੋਂ ਪਹਿਲਾਂ ਮੁੰਡੇ ਕੁੜੀ ਨਾਲ ਸਬੰਧਿਤ ਕਿਰਿਆ ਹੋਣ ਕਰ ਕੇ ਤੇ ਸਾਰੇ ਸਮਾਜ ਵਿਚ ਮਰਦ ਨੂੰ ਪ੍ਰਾਥਮਿਕਤਾ ਪ੍ਰਾਪਤ ਹੋਣ ਕਰਕੇ ਇਸ ਰਸਮ ਦਾ ਇਹ ਨਾਂ ਪੈ ਗਿਆ । ਇਕ ਧਾਰਨਾ ਇਹ ਵੀ ਹੈ ਕਿ ਸ਼ਬਦ ਕੁੜਮਾਈ 'ਕੁਟੰਬ' ਤੋਂ ਬਣਿਆ ਹੈ । ਕੁੜਮਾਈ ਹੋਣ ਨਾਲ ਇਕ ਨਵੇਂ ਕੁਟੰਬ ਨਾਲ ਰਿਸ਼ਤਾ ਬਣਦਾ ਹੈ । ਪਰ ਮੇਰੇ ਵਿਚਾਰ ਅਨੁਸਾਰ ਇਹ ਸ਼ਬਦ 'ਕੁੜਮ' ਤੋਂ ਬਣਿਆ ਹੈ, ਦੋਹਾਂ ਧਿਰਾਂ ਦੇ ਨਾਤੇ ਨੂੰ ਕੁੜਮਾਚਾਰੀ ਕਹਿੰਦੇ ਹਨ ।

ਕੁੜਮਾਈ ਤੋਂ ਪਹਿਲਾਂ ਵੀ ਕਈ ਨਿੱਕੀਆਂ ਨਿੱਕੀਆਂ ਰਸਮਾਂ ਹਨ, ਜਿਨ੍ਹਾਂ ਵਿਚ ਅਜ ਕਲ ਮੁੰਡਾ ਕੁੜੀ ਵੇਖਣੀ, ਤੇ ਪਸੰਦ ਆਉਣ ਤੇ ਠਾਕ ਲੈਣਾ, ਇਸ ਰਸਮ ਨੂੰ ਠਾਕਾ ਕਹਿੰਦੇ ਹਨ । ਇਹ ਬੜੀ ਛੋਟੀ ਜਿਹੀ ਰਸਮ ਹੁੰਦੀ ਹੈ ।

ਬਸ ਕੁਝ ਰੁਪਏ ਸਗਨ ਦੇ ਕੇ ਮੁੰਡਾ ਰੋਕ ਲੈਣਾ। ਇਸ ਨੂੰ 'ਰੋਕਣਾ' ਵੀ ਕਹਿੰਦੇ ਹਨ। ਧਨ ਪੋਠੋਹਾਰ ਵਿਚ ਇਸ ਰਸਮ ਨੂੰ 'ਦੁੱਧ ਪਿਆਣਾ' ਵੀ ਕਿਹਾ ਜਾਂਦਾ ਹੈ। ਕਿਉਂ ਜੋ ਇਸ ਮੌਕੇ ਤੇ ਮੁੰਡੇ ਨੂੰ ਰਸਮੀ ਤੌਰ ਤੇ ਬਦਾਮਾਂ ਵਾਲਾ ਦੁੱਧ ਪਿਲਾਇਆ ਜਾਂਦਾ ਹੈ।

ਪਹਿਲਿਆਂ ਵਿਚ ਵਰ ਦੀ ਚੋਣ ਨਾਈ ਜਾਂ ਪ੍ਰੋਹਤ ਦੁਆਰਾ ਕੀਤੀ ਜਾਂਦੀ ਸੀ। ਉਨ੍ਹਾਂ ਦੁਆਰਾ ਹੀ ਗੁੜ ਜਾਂ ਰੁਪਿਆ ਰੋਕ ਦੇ ਕੇ ਮੁੰਡਾ ਰੋਕ/ਠਾਕ ਲਿਆ ਜਾਂਦਾ। ਇਸ ਤੋਂ ਬਾਅਦ ਕੁੜਮਾਈ ਸਮੇਂ ਹੀ ਦੋਹਾਂ ਧਿਰਾਂ ਦਾ ਪਹਿਲੀ ਵਾਰ ਮੇਲ ਹੁੰਦਾ।

ਵਰ/ਕੰਨਿਆਂ ਦੀ ਚੋਣ ਕਰਨ ਵੇਲੇ ਪਹਿਲੀ ਗੱਲ ਜਿਹੜੀ ਧਿਆਨ ਵਿਚ ਰੱਖੀ ਜਾਂਦੀ ਹੈ, ਉਹ ਹੈ, ਜਾਤ ਪਾਤ ਤੇ ਗੋਤ। ਪੰਜਾਬ ਵਿਚ ਆਮ ਤੌਰ ਤੇ ਆਪਣੀ ਜਾਤ-ਬਰਾਦਰੀ ਤੋਂ ਬਾਹਰ ਵਿਆਹ ਨਹੀਂ ਕੀਤਾ ਜਾਂਦਾ। ਖੱਤਰੀ ਖੱਤਰੀਆਂ ਨਾਲ ਨਾਤਾ ਜੋੜਦੇ ਹਨ ਤੇ ਜੱਟ ਜੱਟਾਂ ਨਾਲ। ਗੋਤ ਨੂੰ ਵੀ ਹਮੇਸ਼ਾਂ ਧਿਆਨ ਵਿਚ ਰਖਿਆ ਜਾਂਦਾ ਹੈ। ਖੱਤਰੀ ਭਾਵੇਂ ਖੱਤਰੀਆਂ ਵਿਚ ਵਿਆਹ ਕਰਨ ਜਾਂ ਜੱਟ ਜੱਟਾਂ ਵਿਚ; ਕੁਝ ਗੋਤਾਂ ਤਕ ਹੀ ਘੇਰਾ ਸੀਮਤ ਹੁੰਦਾ ਹੈ। ਖੱਤਰੀ ਕਈ ਜਾਤ-ਗੋਤ ਸਮੂਹਾਂ ਵਿਚ ਵੰਡੇ ਹੋਏ ਹਨ ਜਿਵੇਂ ਢਾਈਘਰੇ, ਚਾਰਜਾਤੀ, ਖੁਖਰੈਣ, ਬਾਹਰੀਂ, ਤੇ ਬਵਿੰਜਾਈ ਤੇ ਸਰੀਨ ਆਦਿ ਬਰਾਦਰੀਆਂ ਵੱਖ ਵੱਖ ਹਨ। 'ਢਾਈਘਰੇ' ਵਿਚ ਸਿਰਫ਼ ਤਿੰਨ ਗੋਤਾਂ ਕਪੂਰ, ਖੰਨੇ ਤੇ 'ਅੱਧੇ' ਮਹਿਰੇ ਹਨ ਜੋ ਆਪੋ ਵਿਚ ਹੀ ਰਿਸਤੇ ਕਰਦੇ ਹਨ। ਇਸੇ ਤਰਾਂ ਖੁਖਰੈਣ, ਬਾਹਰੀਂ ਤੇ ਬਵਿੰਜਾਈ ਦੇ ਘੇਰੇ ਵਿਚ ਤਰਤੀਬਵਾਰ ਅੱਠ, ਬਾਰਾਂ ਤੇ ਬਵਿੰਜਾ ਗੋਤਾਂ ਸ਼ਾਮਲ ਹਨ, ਜਿਨਾਂ ਤੋਂ ਬਾਹਰ ਰਿਸ਼ਤੇ ਨਹੀਂ ਕੀਤੇ ਜਾਂਦੇ। ਇਸੇ ਤਰਾਂ ਖੱਤਰੀ, ਅਰੋੜਿਆਂ ਦੇ ਘਰੋਂ ਕੰਨਿਆਂ ਤਾਂ ਲੈ ਲੈਂਦੇ ਹਨ ਪਰ ਦਿੰਦੇ ਨਹੀਂ।

ਜੱਟਾਂ ਵਿਚ ਵੀ ਰਿਸ਼ਤਾ ਤੈਅ ਕਰਨ ਲਗਿਆਂ, ਗੋਤਾਂ ਦਾ ਉਚੇਚਾ ਧਿਆਨ ਰਖਿਆ ਜਾਂਦਾ ਹੈ। ਕਈ ਜੱਟਾਂ ਵਿਚ ਮਾਂ ਪਿਓ ਦੀਆਂ ਦੋਹਾਂ ਗੋਤਾਂ ਵਿਚ ਵਿਆਹ ਵਰਜਿਤ ਹਨ ਤੇ ਕਈ ਜਾਤਾਂ ਵਿਚ ਮਾਂ ਪਿਓ ਤੋਂ ਇਲਾਵਾ, ਨਾਨੀ ਦਾਦੀ ਦੀਆਂ ਗੋਤਾਂ ਅਥਵਾ ਚਾਰ ਗੋਤਾਂ ਵਿਚ ਵਿਆਹ ਨਿਸ਼ੇਧ ਹਨ। ਰਾਜਪੂਤ ਬਰਾਦਰੀ ਕਈ ਵੰਸ਼ਾਂ, ਖਾਂਪਾਂ ਤੇ ਗੋਤਾਂ ਵਿਚ ਵੰਡੀ ਹੋਈ ਹੈ ਤੇ ਉਨ੍ਹਾਂ ਵਿਚ ਪਿਓ ਦੀ ਗੋਤ ਨੂੰ ਛਡ ਕੇ ਬਾਕੀ ਸਭਨਾਂ ਵਿਚ ਰਿਸ਼ਤਾ ਕਰ ਲਿਆ ਜਾਂਦਾ ਹੈ।

ਕਈ ਪਛੜੀਆਂ ਜਾਤਾਂ ਵਿਚ ਕਿਸੇ ਤਰਾਂ ਦੀ ਕੋਈ ਬੰਦਸ਼ ਨਹੀਂ, ਜਿਥੋਂ ਰਿਸ਼ਤਾ ਮਿਲ ਜਾਵੇ ਕਰ ਲਿਆ ਜਾਂਦਾ ਹੈ। ਖ਼ਾਨਾਬਦੋਸ਼ ਕਬੀਲਿਆਂ ਦੇ ਆਪੋ ਆਪਣੇ ਨਿਵੇਕਲੇ ਰਿਵਾਜ ਹਨ।

ਰਿਸ਼ਤੇ ਨਾਤੇ ਕਰਨ ਵੇਲੇ ਭੂਗੋਲਿਕ ਖੇਤਰ ਨੂੰ ਵੀ ਧਿਆਨ ਵਿਚ ਰਖਿਆ ਜਾਂਦਾ ਹੈ। ਆਪਣੇ ਪਿੰਡ ਵਿਚ ਹੀ ਰਿਸ਼ਤਾ ਨਾਤਾ ਕਰਨ ਦੀ ਪ੍ਰਥਾ ਨਹੀਂ, ਕਿਉਂ ਜੋ ਪਿੰਡ ਦੇ ਲੋਕ-ਸਭਿਆਚਾਰ ਵਿਚ ਇਕ ਦੀ ਧੀ ਭੈਣ, ਸਾਰੇ ਪਿੰਡ ਦੀ ਧੀ ਭੈਣ ਸਮਝੀ ਜਾਂਦੀ ਹੈ। ਰਿਸ਼ਤੇ ਇਲਾਕੇ ਤੋਂ ਬਾਹਰ ਵੀ ਨਹੀਂ ਕੀਤੇ ਜਾਂਦੇ। ਆਮ ਤੌਰ 'ਤੇ ਮਾਝੇ ਦੇ ਲੋਕ ਮਾਝੇ ਵਿਚ, ਮਲਵਈ ਮਾਲਵੇ ਵਿਚ, ਅਤੇ ਦੁਆਬੀਏ ਦੁਆਬੇ ਵਿਚ ਹੀ ਰਿਸ਼ਤਾ ਕਰਦੇ ਹਨ।

ਜਦੋਂ ਦੋਵੇਂ ਧਿਰਾਂ ਆਪਸ ਵਿਚ ਰਿਸ਼ਤੇ ਲਈ ਰਜ਼ਾਮੰਦ ਹੋ ਜਾਂਦੀਆਂ ਹਨ ਤਾਂ ਠਾਕੇ/ਰੋਕੇ/ਦੁੱਧ ਪਿਲਾਈ/ਮੰਗਣਾ ਆਦਿ ਦੀ ਰਸਮ ਕੀਤੀ ਜਾਂਦੀ ਹੈ। ਇਹ ਸਭ ਰਸਮਾਂ, ਬਰਾਦਰੀ ਦੇ ਸਾਹਮਣੇ, ਨਾਤੇ ਦਾ ਪ੍ਰਣ ਦਾ ਦਰਜਾ ਰਖਦੀਆਂ ਹਨ। ਕਈ ਬਰਾਦਰੀ ਵਿਚ ਕੇਵਲ ਸਾਧਾਰਨ ਜਿਹੀ ਰਸਮ ਕਰ ਲਈ ਜਾਂਦੀ ਹੈ, ਜਿਵੇਂ ਜੱਟਾਂ ਵਿਚ ਕੰਨਿਆਂ ਪੱਖ ਵਾਲੇ ਕੇਸਰ, ਖੋਪਾ, ਪੰਜ ਛੁਹਾਰੇ, ਮਿਸਰੀ ਦੇ ਡਲੇ, ਗੁੜ ਤੇ ਨਕਦ ਰੁਪਿਆ ਆਦਿ ਨਾਈ ਦੇ ਹੱਥ, ਮੁੰਡੇ ਦੇ ਘਰ ਭੇਜਦੇ ਹਨ। ਨਾਈ ਦੇ ਪਹੁੰਚਣ ਤੇ ਮੁੰਡੇ ਦਾ ਪਿਓ ਸਾਰੀ ਬਰਾਦਰੀ ਨੂੰ ਸੱਦਾ ਭੇਜਦਾ ਹੈ ਅਤੇ ਭਾਈਚਾਰੇ ਤੇ ਪੰਚਾਇਤ ਦੀ ਹਜ਼ੂਰੀ ਵਿਚ ਮੁੰਡੇ ਨੂੰ ਚੌਂਕੀ ਉਤੇ ਬਿਠਾ ਕੇ, ਸਗਨ ਵਜੋਂ ਆਈਆਂ ਸੱਭ ਚੀਜ਼ਾਂ, ਉਸਦੀ ਝੋਲੀ ਵਿਚ ਪਾ ਦਿੰਦਾ ਹੈ। ਇਸ ਮਗਰੋਂ ਮੁੰਡੇ ਦੇ ਮੱਥੇ ਕੇਸਰ ਦਾ ਟਿਕਾ ਲਗਾਇਆ ਜਾਂਦਾ ਹੈ। ਸਗਨ ਵਜੋਂ ਮੁੰਡੇ ਦੇ ਮੂੰਹ ਮਿਸਰੀ ਜਾਂ ਛੁਹਾਰਾ ਲਗਾਇਆ ਜਾਂਦਾ ਹੈ। ਮੁੰਡੇ ਵਾਲੇ ਉਸ ਨਾਈ ਦੇ ਹੱਥ ਕੰਨਿਆਂ ਲਈ ਖੰਡ, ਚਾਵਲ, ਮਹਿੰਦੀ,ਛੁਹਾਰੇ, ਮੌਲੀ ਤੇ ਪਰਾਂਦੀ ਤੋਂ ਇਲਾਵਾ ਕਝ ਕਪੜੇ ਤੇ ਇਕ-ਅੱਧ ਗਹਿਣਾ ਵੀ ਭੇਜਦੇ ਹਨ। ਕੁੜੀ ਦਾ ਪਿਓ ਕਿਸੇ ਸ਼ੁਭ ਦਿਹਾੜੇ, ਪਿੰਡ ਦੀ ਨਾਇਣ ਨੂੰ ਸਦ ਕੇ, ਮੰਗਣੀ ਦੀ ਰਸਮ ਕਰਦਾ ਹੈ। ਕੰਨਿਆਂ ਨੂੰ ਇਸ਼ਨਾਨ ਕਰਵਾ ਕੇ, ਮੁੰਡੇ ਦੇ ਘਰੋਂ ਆਏ ਕਪੜੇ ਤੇ ਗਹਿਣੇ ਪਹਿਨਾ ਦਿਤੇ ਜਾਂਦੇ ਹਨ। ਫਿਰ ਉਹਦੇ ਹੱਥਾਂ ਵਿਚ ਮਹਿੰਦੀ ਲਗਾ ਕੇ ਤੇ ਚੰਨ ਦੇ ਵਲ ਮੂੰਹ ਕਰਕੇ ਪੀੜ੍ਹੇ ਉਤੇ ਬਿਠਾ ਦਿਤਾ ਜਾਂਦਾ ਹੈ। ਨਾਇਣ ਸਗਨ ਦੀਆਂ ਚੀਜ਼ਾਂ ਕੰਨਿਆਂ ਦੀ ਝੋਲੀ ਵਿਚ ਪਾਉਂਦੀ ਹੈ ਤੇ ਉਸ ਦੇ ਮੂੰਹ ਖੰਡ ਤੇ ਛੁਹਾਰਾ ਲਗਾਂਦੀ ਹੈ। ਇਸ ਤਰ੍ਹਾਂ ਮੰਗਣੇ ਦੀ ਰਸਮ ਦੋਹਾਂ ਧਿਰਾਂ ਵਿਚ ਪੂਰੀ ਹੋ ਜਾਂਦੀ ਹੈ। ਹਰ ਭਾਈਚਾਰੇ ਵਿਚ ਕੁੜਮਾਈ ਦੀ ਰਸਮ ਆਪੋ ਆਪਣੀ ਪਰੰਪਰਾ ਅਨੁਸਾਰ ਹੈ।

ਖੱਤਰੀਆਂ ਅਰੋੜਿਆਂ ਆਦਿ ਵਿਚ ਸਭ ਤੋਂ ਪਹਿਲਾਂ ਠਾਕੇ ਦੀ ਰੀਤ ਕੀਤੀ ਜਾਂਦੀ ਹੈ। ਇਸ ਨੂੰ 'ਦੁੱਧ ਪਿਲਾਉਣ' ਦੀ ਰੀਤ ਵੀ ਕਹਿੰਦੇ ਹਨ, ਕਿਉਂ ਜੋ ਇਸ ਮੌਕੇ ਉਤੇ

ਵਰ ਨੂੰ ਛੁਹਾਰੇ ਤੇ ਬਦਾਮਾਂ ਵਾਲਾ ਦੁੱਧ ਪਿਲਾਇਆ ਜਾਂਦਾ ਹੈ। ਵਰ ਦੇ ਨਜ਼ਦੀਕੀ ਰਿਸਤੇਦਾਰ ਕੁੜੀ ਵਾਲਿਆਂ ਦੇ ਘਰ ਜਾਂਦੇ ਹਨ। ਉਹ ਉਨ੍ਹਾਂ ਨੂੰ ਦੁੱਧ ਪਿਲਾਂਦੇ ਤੇ ਸਗਨ ਵਜੋਂ ਮਠਿਆਈ ਤੇ ਫਲਾਂ ਦੇ ਥਾਲ ਦੇਂਦੇ ਹਨ। ਕੁਝ ਨੱਕਦੀ ਵੀ ਮੁੰਡੇ ਤੇ ਉਸਦੇ ਰਿਸਤੇਦਾਰਾਂ ਨੂੰ ਦਿਤੀ ਜਾਂਦੀ ਹੈ। ਇਸ ਤੋਂ ਬਾਅਦ ਅਗਲੇ ਦਿਨ ਜਾਂ ਫਿਰ ਉਸੇ ਦਿਨ 'ਚੁੰਨੀ ਚਾੜ੍ਹਨ' ਦੀ ਰਸਮ ਵੀ ਕੀਤੀ ਜਾਂਦੀ ਹੈ। ਚੁੰਨੀ ਚਾੜ੍ਹਨ ਵੇਲੇ ਲੜਕੀ ਦੀ ਗੋਦ ਵਿਚ ਕੇਸਰ, ਮੁੰਦਰੀ, ਮੌਲੀ, ਮਹਿੰਦੀ, ਖੰਡ, ਚਾਵਲ ਤੇ ਮੇਵਾ ਆਦਿ ਭੇਟ ਕੀਤਾ ਜਾਂਦਾ ਹੈ।

ਇਸ ਤੋਂ ਅਗਲੀ ਰਸਮ ਸ਼ਗਨ ਦੀ ਹੁੰਦੀ ਹੈ। ਇਹ ਵਰ ਦੇ ਘਰ ਕੀਤੀ ਜਾਂਦੀ ਹੈ। ਕੰਨਿਆਂ ਪੱਖ ਵਾਲੇ ਬਰਾਦਰੀ ਦੇ ਸਾਹਮਣੇ ਵਰ ਦੇ ਘਰ ਮਠਿਆਈ, ਛੁਹਾਰਾ, ਕੇਸਰ ਆਦਿ ਲੈ ਕੇ ਜਾਂਦੇ ਹਨ, ਤੇ ਲੜਕੇ ਦੇ ਮੱਥੇ ਤੇ ਕੇਸਰ ਦਾ ਤਿਲਕ ਲਗਾਇਆ ਜਾਂਦਾ ਹੈ। ਚੁੰਨੀ ਚੜ੍ਹਨ ਤੇ ਤਿਲਕ ਲਗਣ ਨਾਲ ਕੁੜਮਾਈ ਦੀ ਰਸਮ ਪੂਰੀ ਹੁੰਦੀ ਹੈ। ਕੁੜਮਾਈ ਵੇਲੇ ਕੰਨਿਆਂ ਪੱਖ ਵਾਲੇ ਥੋੜਾ ਜਿਹਾ ਕੇਸਰ ਪਾਣੀ ਵਿਚ ਘੋਲ ਕੇ, ਮੁੰਡੇ ਦੇ ਸਿਰ ਉਤੋਂ ਦੀ ਵਾਰਦੇ ਹਨ। ਇਹ ਰਸਮ ਠਾਕੇ ਤੋਂ ਬਾਅਦ ਛੇਤੀ ਹੀ ਕਰ ਲਈ ਜਾਂਦੀ ਹੈ। ਕਈ ਵਾਰ ਦੇਰ ਨਾਲ ਵੀ। ਅਜ ਕਲ ਸ਼ਹਿਰਾਂ ਵਿਚ 'ਠਾਕਾ' ਤਾਂ ਪਹਿਲਾਂ ਹੀ ਗੱਲ ਪੱਕੀ ਹੋਣ ਤੇ ਲੈ ਲਿਆ ਜਾਂਦਾ ਹੈ। ਕੁੜਮਾਈ ਵਿਆਹ ਤੋਂ ਇਕ ਦਿਨ ਪਹਿਲਾਂ ਕੀਤੀ ਜਾਂਦੀ ਹੈ। ਪਰ ਇਹ ਸਭ ਵਰਤਾਰੇ ਇਕ ਮਨੋਰੰਜਨ ਤੇ ਲੈਣ ਦੇਣ ਦਾ ਬਹਾਨਾ ਬਣ ਗਏ ਹਨ।

ਕਈ ਥਾਈਂ ਰਿਸ਼ਤਾ ਮਾਪੇ ਖ਼ੁਦ ਢੂੰਡਦੇ ਹਨ ਤੇ ਨਾਈ ਜਾਂ ਮਿਰਾਸੀ ਨੂੰ ਰੀਤ ਰਿਵਾਜ ਪੂਰੇ ਕਰਨ ਲਈ ਭੇਜਿਆ ਜਾਂਦਾ ਹੈ।

ਇਥੇ ਕੁੜਮਾਈ ਬਾਰੇ ਭਿੰਨ ਭਿੰਨ ਜਾਤਾਂ ਵਿਚ ਪ੍ਰਚਲਤ ਕੁਝ ਰੀਤਾਂ ਦਿਤੀਆਂ ਜਾਂਦੀਆਂ ਹਨ :

ਬਾਗੜੀ ਜੱਟਾਂ ਤੇ ਬਾਗੜੀ ਘੁਮਿਆਰਾਂ ਵਿਚ, ਵਿਧੀ ਕੁਝ ਵਖਰੀ ਹੈ। ਲੜਕੀ ਦਾ ਪਿਓ/ਚਾਚਾ ਲੜਕੇ ਦੇ ਘਰ ਨਾਈ ਜਾਂ ਬ੍ਰਾਹਮਣ ਨਾਲ ਜਾਂਦਾ ਹੈ। ਉਹ ਆਪਣੇ ਨਾਲ ਕੁਝ ਨਕਦ ਰੁਪਏ ਤੇ ਨਾਰੀਅਲ ਲੈ ਜਾਂਦਾ ਹੈ। ਲੜਕੇ ਦੇ ਘਰ ਵਾਲੇ, ਉਸ ਦੀ ਖ਼ਾਤਰ ਕਰਦੇ ਹਨ ਤੇ ਦੂਜੇ ਜਾਂ ਤੀਜੇ ਦਿਨ ਕਿਸੇ ਸ਼ੁਭ ਸਮੇਂ ਬਰਾਦਰੀ ਨੂੰ ਸੱਦ ਕੇ ਤੇ ਚਾਦਰ ਵਿਛਾ ਕੇ, ਉਪਰ ਇਕ ਪੀੜ੍ਹੇ ਉਤੇ ਲੜਕੇ ਨੂੰ ਬਿਠਾ ਦਿਤਾ ਜਾਂਦਾ ਹੈ। ਲੜਕੀ ਦਾ ਪਿਓ/ਚਾਚਾ, ਲੜਕੇ ਦੇ ਮੱਥੇ ਉਤੇ ਤਿਲਕ ਲਗਾਂਦਾ ਹੈ ਤੇ ਗੋਦ ਵਿਚ ਨਾਰੀਅਲ ਤੇ ਨਕਦ ਰੁਪਏ ਧਰਦਾ ਹੈ। ਫਿਰ ਲੜਕੇ ਦਾ ਪਿਓ ਸ਼ਕਰ ਵੰਡਦਾ ਹੈ ਤੇ ਰਸਮ ਪੂਰੀ ਹੋ ਜਾਂਦੀ ਹੈ। ਰਸਮ ਪੂਰੀ ਹੋਣ ਲਈ ਮੱਥੇ ਉਤੇ ਤਿਲਕ ਲਗਾ ਕੇ ਨਾਰੀਅਲ ਦੀ ਭੇਟਾ ਜ਼ਰੂਰੀ ਹੈ।

ਫਿਰੋਜ਼ਪੁਰ ਦੇ ਬਿਸ਼ਨੋਈਆਂ ਵਿਚ ਲੜਕੇ ਦੇ ਮਾਪਿਆਂ ਵਲੋਂ ਪਹਿਲ ਹੁੰਦੀ ਹੈ। ਵਰ ਪੱਖ ਵਾਲੇ ਲੜਕੀ ਦੇ ਘਰ ਜਾਂਦੇ ਤੇ ਵਿਹੜੇ ਵਿਚ ਵਿਛੀ ਚਾਦਰ ਉਤੇ ਬੈਠਦੇ ਹਨ। ਉਨ੍ਹਾਂ ਦੇ ਨਾਲ ਹੀ ਲੜਕੀ ਦੇ ਮਾਪੇ ਤੇ ਹੋਰ ਬਰਾਦਰੀ ਬੈਠ ਜਾਂਦੀ ਹੈ। ਵਰ ਪੱਖ ਵਾਲੇ ਕੰਨਿਆਂ ਪੱਖ ਨੂੰ ਨਕਦ ਰੁਪਏ ਤੇ ਨਾਰੀਅਲ ਦਿੰਦੇ ਹਨ। ਕੰਨਿਆਂ ਦਾ ਪਿਓ ਉਸ ਨਾਲ ਮੱਥਾ ਛੁਹਾਂਦਾ ਹੈ ਤੇ ਧਰਤੀ ਨੂੰ ਨਮਸਕਾਰ ਕਰਕੇ, ਵਸਤਾਂ ਅੰਦਰ ਲਿਜਾ ਕੇ ਰਖ ਆਉਂਦਾ ਹੈ। ਫਿਰ ਉਹ ਇਕ ਦੂਜੇ ਤੋਂ ਲੜਕੇ ਲੜਕੀ ਦਾ ਨਾਉਂ ਪੁਛਦੇ ਹਨ। ਲੜਕੀ ਦਾ ਪਿਓ ਸ਼ਕਰ ਵੰਡਦਾ ਹੈ ਤੇ ਰਸਮ ਪੂਰੀ ਹੋ ਗਈ ਸਮਝੀ ਜਾਂਦੀ ਹੈ। ਨਾਰੀਅਲ ਭੇਟ ਕਰਨਾ ਲਾਜ਼ਮੀ ਹੈ।

'ਮਹਾਤਮ' ਜ਼ਾਤ ਵਿਚ ਰਿਸ਼ਤਾ ਤੈਅ ਹੋਣ ਮਗਰੋਂ ਲੜਕੇ ਦਾ ਪਿਓ ਬਰਾਦਰੀ ਦੇ ਅੱਠ ਦੱਸ ਬੰਦਿਆਂ ਨਾਲ, ਲੜਕੀ ਦੇ ਘਰ ਜਾਂਦਾ ਹੈ। ਲਾਗੀ ਨੇ ਤ੍ਰੇਵਰ ਚੁਕਿਆ ਹੁੰਦਾ ਹੈ। ਬਰਾਦਰੀ ਦੇ ਸਨਮੁਖ ਤ੍ਰੇਵਰ ਲੜਕੀ ਦੇ ਪਿਓ ਨੂੰ ਦਿਤਾ ਜਾਂਦਾ ਹੈ ਤੇ ਲੜਕੇ ਦਾ ਪਿਓ ਗੁੜ ਵੰਡਦਾ ਹੈ। ਲੜਕੀ ਦਾ ਪਿਓ ਲੜਕੇ ਵਾਲਿਆਂ ਨੂੰ, ਤਿੰਨ ਭੋਜ ਦਿੰਦਾ ਹੈ। ਇਸ ਰਸਮ ਵੇਲੇ ਲੜਕੀ ਵਾਲਿਆਂ ਦਾ ਜੋ ਖ਼ਰਚਾ ਹੁੰਦਾ ਹੈ, ਉਹ ਸਾਰਾ ਲੜਕੇ ਦਾ ਪਿਓ ਉਨ੍ਹਾਂ ਨੂੰ ਦੇ ਦਿੰਦਾ ਹੈ। ਫਿਰ ਕੰਨਿਆਂ ਦਾ ਪਿਓ, ਲੜਕੇ ਦੇ ਪਿਓ ਨੂੰ, ਦੋ ਤ੍ਰੇਵਰ ਦੇ ਕੇ ਪਰਤਾ ਦਿੰਦਾ ਹੈ। ਜੇ ਲੜਕੀ ਦਾ ਪਿਓ ਖ਼ਰਚਾ ਨਾ ਲੈਣਾ ਚਾਹੇ ਤਾਂ ਉਹ ਆਪਣੇ ਬ੍ਰਾਹਮਣ ਨੂੰ ਤ੍ਰੇਵਰ ਤੇ ਛੁਹਾਰਾ ਦੇ ਕੇ ਭੇਜਦਾ ਹੈ, ਜੋ ਬਰਾਦਰੀ ਸਾਹਮਣੇ ਲੜਕੇ ਦੇ ਪਿਓ ਦੇ ਸਨਮੁਖ ਰਖਿਆ ਜਾਂਦਾ ਹੈ। ਫਿਰ ਗਿਰੀ ਛੁਹਾਰਾ ਤੇ ਗੁੜ ਲੜਕੇ ਦੇ ਪਿਓ ਦੀ ਝੋਲੀ ਵਿਚ ਪਾਇਆ ਜਾਂਦਾ ਹੈ। ਤ੍ਰੇਵਰ ਤੇ ਛੁਹਾਰੇ ਦੀ ਭੇਟਾ ਨਾਲ ਹੀ, ਕੁੜਮਾਈ ਦੀ ਰਸਮ ਸੰਪੂਰਨ ਹੋ ਜਾਂਦੀ ਹੈ। ਲਾਗੀ ਨੂੰ ਲਾਗ ਲੜਕੇ ਦਾ ਪਿਓ ਦਿੰਦਾ ਹੈ।

ਦੁਆਬੇ ਵਿਚ ਜਦੋਂ ਦੋਹਾਂ ਧਿਰਾਂ ਵਲੋਂ ਰਿਸ਼ਤੇ ਦੀ ਪ੍ਰਵਾਨਗੀ ਹੋ ਜਾਂਦੀ ਹੈ ਤਾਂ ਲੜਕੀ ਦੇ ਮਾਪੇ ਪ੍ਰੋਹਿਤ ਦੇ ਹੱਥ ਸੱਤ ਛੁਹਾਰੇ ਤੇ ਕੁਝ ਨਕਦੀ ਮੁੰਡੇ ਦੇ ਘਰ ਭੇਜਦੇ ਹਨ। ਪ੍ਰੋਹਿਤ ਲੜਕੇ ਦੀ ਬਰਾਦਰੀ ਦੇ ਸਾਹਮਣੇ ਕੁਝ ਛੁਹਾਰੇ ਤੇ ਨਕਦੀ ਲੜਕੇ ਦੀ ਝੋਲੀ ਵਿਚ ਪਾਉਂਦਾ ਹੈ ਤੇ ਇਕ ਛੁਹਾਰਾ ਮੁੰਡੇ ਦੇ ਮੂੰਹ ਲਗਾਇਆ ਜਾਂਦਾ ਹੈ। ਫਿਰ ਲੜਕੇ ਵਾਲੇ ਪ੍ਰੋਹਿਤ ਨਾਈ ਦੇ ਹੱਥ ਕੁਝ ਨੱਕਦੀ, ਮਹਿੰਦੀ, ਮੌਲੀ, ਗੁੜ, ਪਰਾਂਦਾ ਆਦਿ ਭੇਜਦੇ ਹਨ ਤੇ ਇਹ ਸਭ ਚੀਜ਼ਾਂ

ਕੁੜੀ ਦੀ ਝੋਲੀ ਵਿਚ ਪਾਈਆਂ ਜਾਂਦੀਆਂ ਹਨ ।

ਪੱਛਮੀ ਪੰਜਾਬ ਦੇ ਹਿੰਦੂਆ ਵਿਚ, ਭਾਂਤ ਭਾਂਤ ਦੀਆਂ ਰਸਮਾਂ, ਦੇਸ ਵੰਡ ਤੋਂ ਪਹਿਲਾ ਪ੍ਰਚਲਤ ਸਨ। ਜਦੋਂ ਰਿਸ਼ਤਾ ਤੈਅ ਹੋ ਜਾਂਦਾ ਤਾਂ ਕਿਸੇ ਨਿਸਚਤ ਤਾਰੀਖ ਨੂੰ ਲੜਕੇ ਦਾ ਪਿਓ ਕੁਝ ਰਿਸਤੇਦਾਰਾਂ ਸਮੇਤ ਕੁਝ ਗੁੜ, ਕੁਝ ਨਕਦ ਰੁਪਏ ਅਤੇ ਕਪੜੇ ਲੜਕੀ ਵਾਸਤੇ ਵਿਤ ਅਨੁਸਾਰ ਕੁਝ ਗਹਿਣੇ—ਇਕ ਲੌਂਗ, ਨਾਈ ਦੇ ਹੱਥ ਫੜਾ ਕੇ, ਲੜਕੀ ਦੇ ਘਰ ਜਾਂਦਾ ਹੈ। ਲੜਕੀ ਦਾ ਪਿਓ ਵਰ ਪੱਖ ਵਾਲਿਆਂ ਨੂੰ ਭੇਜ ਦਿੰਦਾ ਹੈ। ਅਗਲੀ ਭਲਕ ਬਰਾਦਰੀ ਦੇ ਸਾਹਮਣੇ ਕੁੜੀ ਦੇ ਰਿਸਤੇਦਾਰਾਂ ਵਿਚ ਮੁੰਡੇ ਦੇ ਪਿਓ ਵਲੋਂ ਭੇਜਿਆ ਗੁੜ ਵੰਡਿਆ ਜਾਂਦਾ ਹੈ। ਗਹਿਣੇ ਤੇ ਕਪੜੇ-ਲੱਤੇ ਥਾਲ ਵਿਚ ਰਖ ਕੇ, ਬਰਾਦਰੀ ਵਿਚ ਵਿਖਾਲਾ ਕੀਤਾ ਜਾਂਦਾ ਹੈ। ਲੜਕੇ ਦੇ ਹੱਥ ਵਿਚ ਇਕ ਰੁਪਿਆ ਜਿਸਨੂੰ 'ਨਿਸ਼ਾਨੀ' ਕਹਿੰਦੇ ਹਨ, ਰਖਿਆ ਜਾਂਦਾ ਹੈ। ਲੜਕੇ ਦਾ ਪਿਓ ਤੇ ਸਾਕ-ਸਬੰਧੀ ਜਦੋਂ ਵਿਦਾ ਹੋਣ ਲਗਦੇ ਹਨ ਤਾਂ ਓਸ ਨੂੰ ਕੰਨਿਆਂ ਪੱਖ ਵਾਲੇ ਇਕ ਪਗੜੀ, ਕੁਝ ਗੁੜ ਤੇ ਕੁਝ ਨਕਦ ਰੁਪਏ ਦੇਂਦੇ ਹਨ। ਜੋ ਲੌਂਗ ਨਾਲ ਲਿਆਇਆ ਗਿਆ ਹੁੰਦਾ ਹੈ, ਉਹ ਕੇਸਰ ਨਾਲ ਰੰਗ ਕੇ ਲੜਕੀ ਦਾ ਪਿਓ, ਲੜਕੇ ਦੇ ਪਿਓ ਦੇ ਹਵਾਲੇ ਕਰਦਾ ਹੈ। ਕਈ ਵਾਰ ਲੜਕੇ ਦੇ ਪਿਓ ਨਾਲ ਆਏ ਹਰ ਅੰਗ-ਸਾਕ ਨੂੰ ਪਗੜੀਆਂ ਦਿਤੀਆਂ ਜਾਂਦੀਆਂ ਹਨ ।

ਮੁਸਲਮਾਨਾਂ ਵਿਚ ਕੁੜਮਾਈ ਦੀਆਂ ਰਸਮਾਂ ਹਿੰਦੂਆਂ ਨਾਲੋਂ ਕੁਝ ਵਖਰੀਆਂ ਹਨ। ਅਟਕ ਦੇ ਇਲਾਕੇ (ਪਿੰਡੀ ਘੇਬ ਤਹਿਸੀਲ) ਦੇ ਮੁਸਲਮਾਨਾਂ ਵਿਚ ਮੁੱਲਾ ਕੁੜਮਾਈ ਦੇ ਮੌਕੇ ਤੇ ਮੌਜੂਦ ਹੁੰਦਾ ਹੈ। ਉਹ ਲੜਕੇ ਅਤੇ ਲੜਕੀ ਤੋਂ ਸਰਾ-ਮੁਹੰਮਦੀ ਅਨੁਸਾਰ ਵਿਆਹ ਕਰਨ ਦਾ ਬਚਨ ਲੈਂਦਾ ਹੈ। ਲੜਕੀ ਤੇ ਲੜਕਾ ਦੋਵੇਂ ਤਿੰਨ ਵਾਰ ਆਪਣਾ ਬਚਨ ਦੁਹਰਾਂਦੇ ਹਨ । ਜੇ ਉਹ ਛੋਟੀ ਉਮਰ ਦੇ ਹੋਣ ਤਾਂ ਉਨ੍ਹਾਂ ਦੇ ਮਾਪੇ ਇਹ ਬਚਨ ਦੁਹਰਾਂਦੇ ਹਨ ।

ਛੱਛ (ਜਿਲਾ ਅੱਟਕ) ਦੇ ਮੁਸਲਮਾਨਾਂ ਵਿਚ ਕੁੜਮਾਈ ਦੀ ਰਸਮ ਇਸ ਨਾਲੋਂ ਅੱਡਰੀ ਹੈ। ਲੜਕੇ ਦਾ ਪਿਓ ਲੜਕੀ ਦੇ ਪਿੰਡ ਦੁਪਹਿਰੀਂ ਹਜਰੇ ਵਿਚ ਜਾ ਬੈਠਦਾ ਹੈ। ਉਸਦੇ ਨਾਲ ਇਕ ਮਿਰਾਸੀ ਵੀ ਹੁੰਦਾ ਹੈ, ਪਰੰਤੂ ਉਹ ਨਜ਼ਰ ਦੇ ਓਹਲੇ ਰਹਿੰਦਾ ਹੈ। ਫਿਰ ਲੜਕੀ ਵਾਲੇ ਭੋਜਨ ਤਿਆਰ ਕਰਵਾ ਕੇ, ਲੜਕੇ ਦੇ ਪਿਓ ਤੇ ਉਸਦੇ ਨਾਲ ਆਏ ਬੰਦਿਆਂ ਨੂੰ ਖਵਾਂਦਾ ਹੈ, ਜਿਸ ਨੂੰ 'ਖੋੜਾ' ਕਹਿੰਦੇ ਹਨ ।

ਇਸ ਭੋਜਨ ਤੋਂ ਬਾਅਦ ਉਹ ਸਾਰੇ ਇਕ ਚਟਾਈ ਜਾਂ ਦਰੀ ਉਤੇ ਬੈਠ ਜਾਂਦੇ ਹਨ ਅਤੇ ਨਾਈ ਲੜਕੀ ਦੇ ਪਰਵਾਰ ਵਲੋਂ ਗੁੜ ਦਾ ਭਰਿਆ ਇਕ ਥਾਲ ਉਸ ਅਗੇ ਰਖਦਾ ਹੈ। ਲੜਕੇ ਦੇ ਰਿਸਤੇਦਾਰ ਇਕ ਹੋਰ ਥਾਲ ਵਿਚ ਗਹਿਣੇ ਤੇ ਨਕਦੀ ਪਾਉਂਦੇ ਜਾਂਦੇ ਹਨ। ਲੜਕੀ ਵਾਲਿਆਂ ਦੇ ਨਾਈ ਨੂੰ, ਪਹਿਲਾਂ ਹੀ ਸੂਚਨਾ ਦਿਤੀ ਹੁੰਦੀ ਹੈ ਕਿ ਥਾਲ ਵਿਚ, ਉਨ੍ਹਾਂ ਨੇ ਕਿਤਨਾ ਕੁ ਗਹਿਣਾ ਤੇ ਨਕਦੀ ਪਾਉਣੀ ਹੈ ਅਤੇ ਜਦੋਂ ਤਕ ਉਤਨੇ ਗਹਿਣੇ ਤੇ ਨਕਦੀ ਨਹੀਂ ਪਾ ਦਿਤੀ ਹੁੰਦੀ, ਉਦੋਂ ਤਕ ਨਾਈ ਹੋਰ ਹੋਰ ਪਾਉਣ ਲਈ ਕਹਿੰਦਾ ਚਲਾ ਜਾਂਦਾ ਹੈ। ਜਦੋਂ ਰਕਮ ਤੇ ਗਹਿਣੇ ਪੈ ਜਾਂਦੇ ਹਨ ਤਾਂ ਨਾਈ ਉਸ ਭਾਂਡੇ ਨੂੰ ਚੁਕ ਕੇ ਲੜਕੀ ਦੇ ਰਿਸ਼ਤੇਦਾਰਾਂ ਦੇ ਸਾਹਮਣੇ ਰਖਦਾ ਹੈ, ਜੋ ਦੂਜੇ ਪਾਸੇ ਵਖਰੇ ਹੋ ਕੇ ਬੈਠੇ ਹੁੰਦੇ ਹਨ। ਲੜਕੀ ਦਾ ਪਿਓ ਫਿਰ ਉਸ ਭਾਂਡੇ ਵਿਚੋਂ ਉਤਨਾ ਕੁਝ ਲੈ ਲੈਂਦਾ ਹੈ ਜਿਤਨੀ ਉਸਦੀ ਖੁਸ਼ੀ ਹੁੰਦੀ ਹੈ। ਫਿਰ ਉਹ ਥਾਲ ਲੜਕੇ ਦੇ ਪਿਓ ਨੂੰ ਮੋੜ ਦਿਤਾ ਜਾਂਦਾ ਹੈ ।

ਇਸ ਉਪਰੰਤ ਦੋਵੇਂ ਧਿਰਾਂ ਇਕ ਦੂਜੇ ਨਾਲ ਮਿਲ ਕੇ ਬੈਠਦੀਆਂ ਹਨ। ਨਾਈ ਸ਼ਰਬਤ ਦਾ ਪਿਆਲਾ ਲੜਕੇ ਦੇ ਪਿਓ ਜਾਂ ਵਡਿਕੇ (ਬਾਬੇ) ਅਗੇ ਰਖਦਾ ਹੈ ਤੇ ਕੁਝ ਉਨ੍ਹਾਂ ਦੇ ਕੰਨ ਵਿਚ ਕਹਿੰਦਾ ਹੈ। ਲੜਕੇ ਵਾਲਿਆਂ ਦਾ ਮਿਰਾਸੀ, ਜੋ ਹੁਣ ਤਕ ਓਹਲੇ ਰਿਹਾ ਹੁੰਦਾ ਹੈ, ਹੁਣ ਸਾਹਮਣੇ ਆ ਧਮਕਦਾ ਹੈ। ਕੰਨਿਆਂ ਧਿਰ ਦੀਆਂ ਤੀਵੀਆਂ ਲੜਕੇ ਦੇ ਰਿਸ਼ਤੇਦਾਰਾਂ ਦੇ ਕਪੜਿਆਂ ਉਤੇ ਰੰਗ ਡੋਲ੍ਹਦੀਆਂ ਹਨ। ਇਸ ਰਸਮ ਨੂੰ 'ਰੰਗ ਖੇਡਣਾ' ਕਹਿੰਦੇ ਹਨ, ਫਿਰ ਸਭ ਨੂੰ ਪੀਣ ਵਾਸਤੇ ਸ਼ਰਬਤ ਦੇਂਦੇ ਹਨ। ਫਿਰ ਮੁੱਲਾ ਨੂੰ ਸਦਿਆ ਜਾਂਦਾ ਹੈ ਤੇ ਰਸਮੀ ਤੌਰ ਤੇ ਕੁੜਮਾਈ ਹੁੰਦੀ ਹੈ। ਸਾਕਾਂ ਵਿਚ ਗੁੜ ਵੰਡਿਆ ਜਾਂਦਾ ਹੈ ਤੇ ਕਮੀਂ-ਕਮੀਣਾਂ ਵਿਚ ਲਾਗ ।

ਇਸ ਤੋਂ ਉਪਰੰਤ ਤੀਜੇ ਦਿਨ ਲੜਕੇ ਦੀਆਂ ਭੈਣਾਂ ਕੁਝ ਸਾਕ-ਸਬੰਧੀਆਂ ਨਾਲ ਜਿਨ੍ਹਾਂ ਵਿਚ ਮਰਦ-ਤੀਵੀਆਂ ਸਭ ਸਾਮਿਲ ਹੁੰਦੇ ਹਨ। ਫਲ, ਸਬਜ਼ੀ, ਸਾਗ, ਚਾਵਲ ਤੇ ਦੁੱਧ ਲੈ ਕੇ ਕੰਨਿਆਂ ਪੱਖ ਦੇ ਘਰ ਆਉਂਦੇ ਹਨ ਤੇ ਇਹ ਸਭ ਵਸਤਾਂ ਭੇਟ ਕਰਦੇ ਹਨ। ਮਹਿਮਾਨਾਂ ਨੂੰ ਰਾਤ ਰਖ ਕੇ, ਅਗਲੇ ਦਿਨ ਭੋਜਨ ਜਾਂ ਕੁਝ ਨਕਦੀ ਦੇ ਕੇ ਵਿਦਾ ਕੀਤਾ ਜਾਂਦਾ ਹੈ। ਇਸਨੂੰ 'ਮਿਲਣੀ' ਜਾਂ 'ਮੇਲੀ' ਆਖਿਆ ਜਾਂਦਾ ਹੈ। ਇਸ ਉਪਰੰਤ ਜੇ ਲੜਕੀ ਵਾਲੇ ਸੱਦਣ ਤਾਂ ਵਰ ਪਖ ਦੀਆਂ ਤੀਵੀਆਂ ਵਰ ਸਮੇਤ ਲੜਕੀ ਦੇ ਘਰ ਫੇਰਾ ਮਾਰਦੀਆਂ ਹਨ। ਜਿਹੜੀ ਤੀਵੀਂ ਲੜਕੇ ਨੂੰ ਲਿਆਂਦੀ ਹੈ, ਉਹਨੂੰ ਕਪੜੇ ਅਥਵਾ ਵਿਛੌਣਾ ਦਿਤਾ ਜਾਂਦਾ ਹੈ। ਉਹ ਇਕ ਰਾਤ ਰਹਿ ਕੇ ਵਾਪਸ ਚਲੀ ਜਾਂਦੀ ਹੈ, ਪਰ ਲੜਕਾ ਕੁਝ ਦਿਨ ਹੋਰ ਠਹਿਰਦਾ ਹੈ। ਵਰ ਨੂੰ ਫਿਰ ਕੁਝ ਕਪੜੇ ਤੇ ਮੁੰਦਰੀ ਦੇ ਕੇ ਵਿਦਾ ਕੀਤਾ ਜਾਂਦਾ ਹੈ। ਉਸ ਨੂੰ ਛੱਡਣ ਕੰਨਿਆਂ-ਪੱਖ ਦੀਆਂ ਕੁਝ ਤੀਵੀਆਂ ਜਾਂਦੀਆਂ ਹਨ । ਉਸ ਸਭਨਾਂ ਨੂੰ ਲੜਕੇ ਦਾ ਪਿਓ ਵਿਦਾ ਕਰਨ ਵੇਲੇ ਭੋਛਣ

ਦਿੰਦਾ ਹੈ। ਇਸ ਨੂੰ ਪੇਰਗਲਾ ਕਹਿੰਦੇ ਹਨ। ਇਸ ਉਪਰੰਤ ਵਿਆਹ ਤਕ ਹਰੇਕ ਈਦ ਨੂੰ, ਕੁਝ ਗਹਿਣੇ, ਕਪੜੇ, ਗੁੜ, ਚਾਵਲ ਆਦਿ ਵਰ-ਪੱਖ ਵਲੋਂ ਕੰਨਿਆ-ਪੱਖ ਨੂੰ ਭੇਜੇ ਜਾਂਦੇ ਹਨ।

ਆਮ ਤੌਰ ਤੇ ਮੁਸਲਮਾਨਾਂ ਵਿਚ ਕੁੜਮਾਈ ਇਉਂ ਕੀਤੀ ਜਾਂਦੀ ਹੈ–ਲੜਕੇ ਦਾ ਪਿਓ ਜਾਂ ਕੋਈ ਹੋਰ ਵਡਿਕਾ ਵਿਚੋਲੇ ਦੁਆਰਾ ਲੜਕੀ ਦੇ ਮਾਪਿਆਂ ਦੀ ਮਰਜ਼ੀ ਪੁੱਛਦਾ ਹੈ। ਰਜ਼ਾਮੰਦੀ ਤੋਂ ਬਾਅਦ ਇਕ ਨਿਸਚਿਤ ਦਿਨ, ਵਰ ਦਾ ਪਿਓ ਤੇ ਕੁਝ ਰਿਸ਼ਤੇਦਾਰ, ਕੰਨਿਆ ਦੇ ਘਰ, ਕੁਝ ਕਪੜੇ ਤੇ ਗਹਿਣੇ ਵਿਤ ਮੂਜਬ ਲੜਕੀ ਵਾਸਤੇ ਲੈ ਕੇ ਜਾਂਦੇ ਹਨ। ਨਾਲ ਹੀ ਕੁਝ ਮਠਿਆਈ ਫਲ ਆਦਿ, ਸ਼ਗਨ ਵਜੋਂ ਲਿਆਏ ਜਾਂਦੇ ਹਨ। ਲੜਕੀ ਉਨ੍ਹਾਂ ਕਪੜਿਆਂ ਤੇ ਗਹਿਣਿਆ ਨੂੰ ਪਹਿਨਦੀ ਹੈ ਤੇ ਮਠਿਆਈ ਤੇ ਫਲ ਭਾਈਚਾਰੇ ਵਿਚ ਵੰਡ ਦਿਤੇ ਜਾਂਦੇ ਹਨ।

ਫਿਰੋਜ਼ਪੁਰ ਦੇ ਅਰਾਈਆਂ ਵਿਚ ਦੋਹਾਂ ਧਿਰਾਂ ਜਾਂ ਉਨ੍ਹਾਂ ਦੇ ਵਡਕਿਆਂ ਦੀ ਰਸਮੀ ਮਰਜ਼ੀ 'ਨਿਯਤ ਖ਼ੈਰ' ਪੁੱਛੀ ਜਾਂਦੀ ਹੈ। ਫਿਰ ਲੜਕੀ ਦਾ ਪਿਓ ਨਾਲ ਆਏ ਹਰੇਕ ਸ਼ਖ਼ਸ ਨੂੰ ਇਕ ਇਕ ਕਪੜਾ ਦਿੰਦਾ ਹੈ ਤੇ ਲੜਕੇ ਦੀ ਮਾਂ ਨੂੰ ਤ੍ਰੇਵਰ।

ਗੁੱਜਰਾਂ ਵਿਚ ਕੁੜਮਾਈ ਕਰਨ ਦੇ ਤਿੰਨ ਤਰੀਕੇ ਪ੍ਰਚਲਤ ਹਨ; ਇਕ ਤਰੀਕੇ ਅਨੁਸਾਰ ਲੜਕੀ ਦਾ ਪਿਓ, ਲੜਕੇ ਦੇ ਪਿਓ ਦੇ ਘਰ ਨਾਈ ਜਾਂ ਮਿਰਾਸੀ ਦੁਆਰਾ ਰੁਪਏ ਭੇਜਦਾ ਹੈ, ਜੋ ਬਰਾਦਰੀ ਦੇ ਸਾਹਮਣੇ ਲੜਕੇ ਦੀ ਤਲੀ ਉਤੇ ਰਖੇ ਜਾਂਦੇ ਹਨ। ਲਾਗੀ ਗੁੜ ਵੰਡਦੇ ਹਨ ਅਤੇ ਕੁੜੀ ਦਾ ਪਿਓ ਲਾਗ ਦਿੰਦਾ ਹੈ।

ਦੂਜਾ ਤਰੀਕਾ ਇਹ ਹੈ ਕਿ ਵਰ ਦਾ ਪਿਓ, ਕੰਨਿਆਂ ਦੇ ਘਰ ਜਾਂਦਾ ਤੇ ਲੜਕੀ ਦਾ ਪਿਓ ਉਹਦੇ ਸਿਰ ਉਪਰ ਲਾਲ ਪਿੜੀਆਂ ਵਾਲਾ ਖੇਸ ਧਰਦਾ ਹੈ। ਇਸ ਨਾਲ ਕੁੜਮਾਈ ਦੀ ਰਸਮ ਪੂਰੀ ਹੋ ਜਾਂਦੀ ਹੈ।

ਤੀਜੀ ਵਿਧੀ ਇਹ ਹੈ ਕਿ ਲੜਕੇ ਦੀ ਮਾਂ ਤੇ ਹੋਰ ਸਾਕ-ਸੰਬੰਧਣਾਂ ਕੰਨਿਆਂ ਦੇ ਘਰ ਜਾਂਦੀਆਂ ਹਨ ਤੇ ਆਪਣੇ ਨਾਲ ਚਾਂਦੀ ਦੀ ਹੱਸ/ਹਮੇਲ ਲੈ ਜਾਂਦੀਆਂ ਹਨ, ਜੋ ਕੰਨਿਆਂ ਦੇ ਗਲ ਵਿਚ ਪਹਿਨਾਈ ਜਾਂਦੀ ਹੈ। ਇਹ ਹੱਸ/ਹਮੇਲ ਪਹਿਨਾਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਅਜ ਤੋਂ ਕੰਨਿਆਂ ਉਨ੍ਹਾਂ ਦੀ ਹੋ ਗਈ ਹੈ। ਕਈ ਵਾਰ ਕਾਜ਼ੀ 'ਨਿਯਤ ਖ਼ੈਰ' ਪੜ੍ਹਨ ਲਈ ਸਦਿਆ ਜਾਂਦਾ ਹੈ। ਕਈ ਮੁਸਲਮਾਨਾਂ ਵਿਚ 'ਨਿਯਤ ਖ਼ੈਰ' ਦੀ ਰਸਮ ਵੇਲੇ 'ਇਜਾਬ ਕਬੂਲ' ਵੀ ਲਿਆ ਜਾਂਦਾ ਹੈ।

ਮੁਸਲਮਾਨ ਰਾਜਪੂਤਾਂ ਵਿਚ ਲੜਕੇ ਵਾਲੇ, ਲੜਕੀ ਵਾਲਿਆਂ ਦੇ ਘਰ ਨਾਈ ਦੇ ਹੱਥ ਸੁਗਾਤਾਂ ਲੈ ਕੇ ਜਾਂਦੇ ਹਨ। ਜੋ ਆਪੋ ਆਪਣੇ ਰਿਵਾਜ ਮੁਤਾਬਿਕ ਭਿੰਨ ਭਿੰਨ ਹਨ। ਸੁਗਾਤਾਂ ਭੇਟ ਕਰਨ ਮਗਰੋਂ ਕਾਜ਼ੀ ਨੂੰ 'ਨਿਯਤ ਖ਼ੈਰ' ਵਾਸਤੇ ਸਦਿਆ ਜਾਂਦਾ ਹੈ। ਇਹ ਰਸਮ ਇਕ ਤਰ੍ਹਾਂ ਨਾਲ ਵਿਆਹ ਜਿਤਨੀ ਹੀ ਮਹੱਤਾ ਰਖਦੀ ਹੈ, ਕਿਉਂ ਜੋ ਇਸ ਉਪਰੰਤ ਦੋਹਾਂ ਦੀ ਰਸਮੀ ਮਰਜ਼ੀ (ਇਜਾਬ ਕਬੂਲ) ਬਾਕੀ ਰਹਿ ਜਾਂਦੀ ਹੈ। 'ਨਿਯਤ ਖ਼ੈਰ' ਦੀ ਰਸਮ ਜ਼ਰੂਰੀ ਸਮਝੀ ਜਾਂਦੀ ਹੈ। ਲੜਕੇ ਦਾ ਪਿਓ ਗੁੜ ਵੰਡਦਾ ਹੈ। ਲਾਗੀਆਂ ਨੂੰ ਲਾਗ ਦਿਤੀ ਜਾਂਦੀ ਹੈ। ਫਿਰੋਜ਼ਪੁਰ ਦੇ ਮੁਸਲਮਾਨਾਂ ਵਿਚ, ਇਹ ਭੇਂਟ, ਲਾਲ ਰੰਗ ਦੇ ਦੁਪੱਟੇ ਵਿਚ ਵਲੇਟ ਕੇ ਦਿਤੀ ਜਾਂਦੀ ਹੈ, ਜਿਸ ਦੀ ਕੰਨੀ ਵਿਚ ਕੁਝ ਰੁਪਏ ਤੇ ਚਾਂਦੀ ਦੇ ਗਹਿਣੇ ਬਝੇ ਹੁੰਦੇ ਹਨ। ਜ਼ੀਰਾ, ਮੋਗਾ ਤੇ ਮੁਕਤਸਰ ਵਿਖੇ ਗਹਿਣਿਆਂ ਦੇ ਨਾਲ ਪੂਰਾ ਤ੍ਰੇਵਰ ਦਿਤਾ ਜਾਂਦਾ ਹੈ। ਕਈ ਮੁਸਲਮਾਨਾਂ ਵਿਚ ਕੰਨਿਆਂ ਦਾ ਪਿਓ, ਵਰ ਦੇ ਪਿਓ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਖੇਸ ਵੀ ਦਿੰਦਾ ਹੈ। ਫਿਰੋਜ਼ਪੁਰ ਤੇ ਜ਼ੀਰਾ ਵਿਚ ਖੇਸ ਦੇਣ ਦਾ ਰਿਵਾਜ ਆਮ ਹੈ।

ਸਿੱਖਾਂ ਵਿਚ ਕੁੜਮਾਈ ਨੂੰ ਧਾਰਮਿਕ ਰੰਗ ਦੇਣ ਲਈ, ਭਾਈ ਨੂੰ ਅਰਦਾਸ ਲਈ ਸੱਦ ਲਿਆ ਜਾਂਦਾ ਹੈ। ਹਿੰਦੂਆਂ ਵਿਚ ਬ੍ਰਾਹਮਣ ਨੂੰ ਸੱਦ ਲਿਆ ਜਾਂਦਾ ਹੈ, ਜੋ 'ਗਣੇਸ਼' ਸਥਾਪਿਤ ਕਰਕੇ, ਉਸ ਦੀ ਪੂਜਾ ਕਰਦਾ ਤੇ ਗੋਤਰਾਚਾਰ ਪੜ੍ਹਦਾ ਹੈ।

ਪੰਜਾਬ ਵਿਚ ਰਿਸ਼ਤੇ ਨਾਤੇ ਤਿੰਨ ਤਰ੍ਹਾਂ ਨਾਲ ਹੁੰਦੇ ਹਨ :

(1) ਪੁੰਨ ਜਾਂ ਧਰਮ ਦਾ ਵਿਆਹ, ਜਿਸ ਵਿਚ ਵਰ ਪੱਖ ਵਾਲੇ ਕੰਨਿਆਂ-ਪੱਖ ਨੂੰ ਕੁਝ ਨਹੀਂ ਦਿੰਦੇ, ਅਥਵਾ ਮੁੱਲ ਨਹੀਂ ਤਾਰਦੇ।

(2) ਟੱਕਾ ਵਿਆਹ; ਜਿਸ ਵਿਚ ਮੁੰਡੇ ਵਾਲੇ ਕੰਨਿਆਂ ਨੂੰ ਵਿਆਹੁਣ ਲਈ ਪੈਸੇ ਟੱਕੇ ਤਾਰਦੇ ਹਨ।

(3) ਵੱਟਾ ਸਾਕ; ਇਸ ਵਿਚ ਆਪਣੀ ਕੁੜੀ ਦੇ ਸਾਕ ਬਦਲੇ ਆਪਣੇ ਮੁੰਡੇ ਲਈ ਰਿਸ਼ਤਾ ਲਿਆ ਜਾਂਦਾ ਹੈ।

ਵੱਟਾ ਸੱਟਾ ਜੇ ਦੁਹਾਂ ਧਿਰਾਂ ਵਿਚ ਹੋਵੇ ਤਾਂ ਇਸਨੂੰ ਦੁਆਠੀ ਕਹਿੰਦੇ ਹਨ। ਜੇ ਤਿੰਨ ਧਿਰੀਂ ਹੋਣ ਤਾਂ ਇਸ ਨੂੰ ਤ੍ਰਿਆਠੀ, 'ਤ੍ਰੈ ਭੁਜ' ਅਤੇ ਜੇ ਚਾਰ ਧਿਰੀਂ ਹੋਣ ਤਾਂ ਚੋਭੁਜ ਜਾਂ ਚੁਰਾਠੀ ਕਹਿੰਦੇ ਹਨ। ਇਸ ਵਿਚ ਚਾਰ ਕੁੜਮਾਈਆਂ ਇਕ ਦੂਜੇ ਨਾਲ ਸੰਬੰਧਿਤ ਹੁੰਦੀਆਂ ਹਨ।

(ਕ-368) **ਕੁੜੀਆਂ ਵਿਚ ਮੁੰਡਾ :**

ਪੰਜਾਬ ਵਿਚ ਮੁੰਡੇ ਕੁੜੀਆਂ, ਆਮ ਤੌਰ 'ਤੇ ਵਖੋ-ਵਖਰੀਆਂ ਢਾਣੀਆਂ ਬਣਾ ਕੇ ਅੱਡ-ਅਡ ਖੇਡਦੇ ਹਨ। ਜੇ ਕੁੜੀਆਂ ਦੀਆਂ ਖੇਡਾਂ ਵਿਚਾਂਕੋਈ ਮੁੰਡਾ ਆ ਖੜਾ ਹੋਵੇ, ਉਨ੍ਹਾਂ ਦੀ ਖੇਡ ਵੇਖਣ ਲਗ ਪਏ ਤਾਂ ਕੁੜੀਆਂ ਕੁਝ ਟੱਪੇ

ਬੋਲ ਕੇ ਉਹਨੂੰ ਸ਼ਰਮਿੰਦਾ ਕਰਕੇ ਨਠਾ ਦੇਂਦੀਆਂ ਹਨ ਜਿਵੇਂ :

1. ਕੁੜੀਆਂ ਵਿਚ ਕੁੜਕੜਾ, ਮੁੰਡੀ ਬੁੱਢਾ ਬਕਰਾ ।
2. ਕੁੜੀਆਂ ਵਿਚ ਛਲੇਡਾ ਜਿਉਂ ਵਾਲਾ ਵਿਚ ਜੂੰ,
   ਰਿੰਨਾਂਗੇ ਅਸੀਂ ਆਪ, ਖਾਏਂਗਾ ਤੂੰ ।
3. ਕੁੜੀਆਂ ਵਿਚ ਕੁੜਾ ਹੰਸਣੀਆਂ ਵਿਚ ਕਾਂ,
   ਵੇ ਜਾਹ ਆਪਣੇ ਗਰਾਂ ।

ਜੇ ਮੁੰਡਾ ਬਹੁਤ ਬੇਸ਼ਰਮ ਨਾ ਹੋਵੇ ਤਾਂ ਅਜਿਹੇ ਬੋਲ ਕਬੋਲ ਸੁਣ ਕੇ ਨੱਸ ਜਾਂਦਾ ਹੈ ।

(ਕ-369) **ਕੁੜੀਮਾਰ** :

ਪੰਜਾਬ ਵਿਚ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਵਾਜ, ਪੁਰਾਣੇ ਸਮੇਂ ਤੋਂ ਹੀ ਚਲਿਆ ਆ ਰਿਹਾ ਹੈ । ਦੇਸ਼ ਦੀ ਆਜ਼ਾਦੀ ਮਗਰੋਂ ਇਸਤ੍ਰੀ ਦੀ ਸਮਾਜਕ ਅਵਸਥਾ ਕੁਝ ਸੁਧਰੀ ਹੈ ਤੇ ਇਹ ਰਵਾਜ ਲਗਪਗ ਖ਼ਤਮ ਹੋ ਗਿਆ ਹੈ । ਪੁਰਾਣੇ ਗ੍ਰੰਥਾਂ ਵਿਚ ਕੁੜੀ ਮਾਰਨ ਦੀ ਪ੍ਰਥਾ ਦੀ ਨਿਖੇਧੀ ਮਿਲਦੀ ਹੈ । ਕੁੜੀ ਨੂੰ ਜੰਮਦਿਆਂ ਮਾਰ ਦੇਣ ਦਾ ਮੂਲ ਕਾਰਨ ਉਸਨੂੰ ਪਾਲਣ ਜਾਂ ਵਿਆਹੁਣ ਦੀ ਲੰਮੀ ਘਾਲਣਾ ਤੋਂ ਬਚਣ ਦਾ ਨਹੀਂ, ਸਗੋਂ ਵਰ ਲਭਣ ਦੀ ਕਠਨਾਈ ਹੈ । ਪੰਜਾਬ ਵਿਚ ਆਮ ਰਵਾਜ ਇਹ ਰਿਹਾ ਹੈ ਕਿ ਕੰਨਿਆਂ ਦਾ ਵਿਆਹ ਆਪਣੇ ਤੋਂ ਉਚੀ ਜਾਤੀ ਵਿਚ ਕੀਤਾ ਜਾਂਦਾ ਹੈ । ਧੀ ਨੂੰ ਆਪਣੇ ਬਰਾਬਰ ਦੇ ਘਰ ਜਾਂ ਰਤਾ ਉਚੀ ਕੁੱਲ ਵਿਚ ਦਿਤਾ ਜਾਂਦਾ ਹੈ । ਲੜਕਾ ਬੇਸ਼ਕ ਆਪਣੇ ਤੋਂ ਛੋਟੀ ਜਾਤੀ ਵਿਚ ਵਿਆਹ ਦਿਤਾ ਜਾਵੇ, ਪਰ ਲੜਕੀ ਨਹੀਂ ।

ਆਰੀਆ ਜਾਤੀ ਦਾ ਜਦੋਂ ਇਥੋਂ ਦੀਆਂ ਦਰਾਵੜੀ ਜਾਤੀਆਂ ਨਾਲ ਮੇਲ ਜੋਲ ਵਧਿਆ ਤਾਂ ਉਨ੍ਹਾਂ ਨੇ ਆਪਣੀਆਂ ਲੜਕੀਆਂ ਨੂੰ ਦਰਾਵੜਾਂ ਤੋਂ ਬਚਾਣ ਲਈ ਇਹ ਨੀਤੀ ਧਾਰਨ ਕਰ ਲਈ ਕਿ ਆਰੀਆ ਕੁੱਲ ਦੀ ਕੋਈ ਕੁੜੀ ਦਰਾਵੜਾਂ ਦੀ ਕੁੱਲ ਵਿਚ ਨਹੀਂ ਵਿਆਹੀ ਜਾ ਸਕਦੀ, ਲੜਕੇ ਭਾਵੇਂ ਦਰਾਵੜ ਜਾਤੀਆਂ ਦੀ ਸੁੰਦਰ ਤੇ ਸੁਸ਼ੀਲ ਕੁੜੀਆਂ ਨਾਲ ਵਿਆਹ ਕਰ ਲੈਣ । ਸੋ, ਆਰੀਆ ਜਾਤੀ ਵਿਚ ਕੰਵਾਰੀਆਂ ਲੜਕੀਆਂ ਦੀ ਗਿਣਤੀ ਵਧਦੀ ਗਈ ਤੇ ਕੁੜੀ ਲਈ ਸੌਖ ਨਾਲ ਵਰ ਲਭਣਾ ਕਠਨ ਹੋ ਗਿਆ । ਇਸ ਤਰ੍ਹਾਂ ਕੁੜੀਆਂ ਬੋਝਲ ਲੱਗਣ ਲਗੀਆਂ ਤੇ ਕੁੜੀ ਮਾਰਨ ਦੀ ਪ੍ਰਥਾ ਚਲ ਪਈ । ਸੋ, ਕੁੜੀ ਮਾਰਨ ਦਾ ਮੂਲ ਕਾਰਨ ਸਮਾਜਿਕ ਸੀ । ਕੁੜੀ ਮਾਰਨ ਦੀ ਪ੍ਰਥਾ ਉਚੀਆਂ ਜਾਤੀਆਂ ਤੇ ਕੁਲਾਂ ਵਿਚ ਵੀ ਪ੍ਰਚਲਤ ਰਹੀ । ਪੰਜਾਬ ਵਿਚ ਖੱਤਰੀ ਬੇਦੀਆਂ ਵਿਚ ਕੁੜੀ ਮਾਰਨ ਦਾ ਰਵਾਜ ਰਿਹਾ (ਵੇਖੋ : ਕਾਲ ਪੀਹੜਾ), ਜਿਸ ਦਾ ਕਾਰਨ ਸਮਾਜਿਕ ਸੀ । ਗੁਰੂ ਨਾਨਕ ਦੇਵ ਜੀ ਦੀ ਅੰਸ਼-ਔਲਾਦ ਹੋਣ ਕਰ ਕੇ, ਸਿੱਖ ਬੇਦੀਆਂ ਦੀਆਂ ਧੀਆਂ ਨੂੰ, ਆਦਰ ਦੀ ਨਜ਼ਰ ਨਾਲ ਵੇਖਦੇ ਤੇ ਘਰ ਵਿਚ ਉਨ੍ਹਾਂ ਨੂੰ ਨੂੰਹ ਬਣਾ ਕੇ ਭਾਂਡੇ ਮੰਜਵਾਣੇ ਤੇ ਹੋਰ ਘਰ ਦੇ ਕੰਮ ਕਾਜ ਕਰਵਾਣੇ, ਗੁਰੂ ਕੁੱਲ ਦੀ ਅਨਾਦਰੀ ਹੈ । ਸੋ, ਬੇਦੀਆਂ ਵਿਚ ਕੁੜੀ ਮਾਰਨ ਦਾ ਰਵਾਜ ਪੈ ਗਿਆ ।

ਇਸੇ ਤਰ੍ਹਾਂ ਰਾਜਪੂਤਾਂ ਵਿਚ ਕੁੜੀ ਦਾ ਵਿਆਹ ਹਮੇਸ਼ਾਂ ਉਪਰਲੀ ਕੁੱਲ ਜਾਂ ਬਰਾਬਰ ਦੀ ਕੁੱਲ ਵਿਚ ਕਰਨ ਦੀ ਪ੍ਰਥਾ ਸੀ, ਜਿਸ ਕਰਕੇ ਰਾਜਪੂਤਾਂ ਦੀਆਂ ਉੱਤਮ ਕੁਲਾਂ ਲਈ ਘਰ ਦੀ ਧੀ-ਧਿਆਣੀ ਲਈ ਵਰ ਲਭਣਾ ਕਠਨ ਹੋ ਗਿਆ ਤੇ ਕੁੜੀ ਮਾਰਨ ਦਾ ਰਵਾਜ ਪੈ ਗਿਆ ।

ਸਿਆਲਾਂ ਤੇ ਖਰਲਾਂ ਆਦਿ ਮੁਸਲਮਾਨ ਕਬੀਲਿਆਂ ਵਿਚ ਕੁੜੀ ਮਾਰਨ ਦਾ ਕਾਰਨ ਉਪਰਲੇ ਕਾਰਨਾਂ ਨਾਲੋਂ ਵਖਰਾ ਹੈ । ਇਨ੍ਹਾਂ ਕਬੀਲਿਆਂ ਜਾਤੀਆਂ ਵਿਚ ਹੀ 'ਹੀਰ' ਤੇ 'ਸਾਹਿਬਾਂ' ਜੰਮੀਆਂ ਜਿਨ੍ਹਾਂ ਦੇ ਇਸ਼ਕ ਦੇ ਕਿੱਸੇ ਸਾਰੇ ਪੰਜਾਬ ਵਿਚ ਬੜੇ ਪ੍ਰਸਿਧ ਹਨ । ਇਨ੍ਹਾਂ ਕੁਲਾਂ ਨੇ ਬਦਨਾਮੀ ਤੋਂ ਡਰਦਿਆਂ ਕੁੜੀ ਨੂੰ ਮਾਰਨਾ ਸ਼ੁਰੂ ਕਰ ਦਿਤਾ ।

ਮਾਲਵੇ ਦੇ ਜੱਟਾਂ ਵਿਚ ਵੀ ਕੁੜੀ ਮਾਰਨ ਦਾ ਰਵਾਜ ਰਿਹਾ ਹੈ । ਕਾਰਨ ਇਹ ਹੈ ਕਿ ਜੱਟਾਂ ਵਿਚ ਕੁੜੀ ਨਹਿਸ ਸਮਝੀ ਜਾਂਦੀ ਤੇ ਕੁੜੀ ਦੇ ਪੈਦਾ ਹੋਣ ਨਾਲ ਘਰ ਵਿਚ ਸੰਕਟ ਵਧਣ ਦਾ ਤੌਖਲਾ ਹੁੰਦਾ । ਕੁਝ ਲੋਕਾਂ ਵਿਚ ਕੁੜੀ ਮਾਰਨ ਦਾ ਰਵਾਜ ਦਾਜ ਦੀ ਮਹਿੰਗੀ ਪ੍ਰਥਾ ਕਾਰਨ ਪਿਆ । ਜਿਹੜੇ ਲੋਕ ਆਰਥਿਕ ਤੌਰ ਤੇ ਦਾਜ ਦੇਣ ਤੋਂ ਅਸਮਰਥ ਸਨ, ਉਨ੍ਹਾਂ ਵਿਚ ਕੁੜੀ ਮਾਰਨ ਦਾ ਰਵਾਜ ਪੈ ਗਿਆ ।

ਜਿਨ੍ਹਾਂ ਦੇ ਘਰ ਬਹੁਤੀਆਂ ਕੁੜੀਆਂ ਜੰਮਦੀਆਂ ਸਨ, ਉਨ੍ਹਾਂ ਵਿਚ ਵੀ ਕੁੜੀ ਮਾਰਨ ਦੀ ਪ੍ਰਥਾ ਸੀ । ਉਨ੍ਹਾਂ ਦਾ ਨਿਸ਼ਚਾ ਸੀ ਕਿ ਕੁੜੀ ਨੂੰ ਮਾਰਨ ਵੇਲੇ, ਜੇ ਖ਼ਾਸ ਤਰ੍ਹਾਂ ਦੇ ਟੂਣੇ-ਟੱਪੇ ਕੀਤੇ ਜਾਣ ਤਾਂ ਅਗਲਾ ਬੱਚਾ ਲੜਕਾ ਜੰਮਦਾ ਹੈ । ਇਸੇ ਲਈ ਕੁੜੀ ਨੂੰ ਮਾਰ ਕੇ ਜੰਗਲ ਵਿਚ ਦੱਬ ਆਉਂਦੇ ਤੇ ਨਾਲ ਹੀ ਗੁੜ, ਚਰਖਾ ਤੇ ਪੂਣੀ ਰਖ ਆਉਂਦੇ ਤੇ ਇਹ ਟੱਪਾ ਉਚਾਰਦੇ :

ਗੁੜ ਖਾਈਂ ਪੂਣੀ ਕਤੀਂ,
ਆਪ ਜਾਈਂ ਵੀਰ ਨੂੰ ਘਤੀਂ ।

ਕਈ ਵਾਰ ਕੁੜੀ ਨੂੰ ਜੰਗਲ ਵਿਚ ਖੁਲ੍ਹੀ ਥਾਂ ਮਾਰ ਕੇ ਸੁਟ ਦਿਤਾ ਜਾਂਦਾ । ਅਗਲੇ ਦਿਨ ਉਸਦੀ ਦਿਸ਼ਾ ਵੇਖੀ ਜਾਂਦੀ । ਜੇ ਕੋਈ ਜੰਗਲੀ ਜਾਨਵਰ ਮੋਈ ਕੁੜੀ ਦੀ ਦੇਹ ਧਰੀਕ ਕੇ, ਘਰ ਦੀ ਦਿਸ਼ਾ ਵਲ ਲੈ ਆਏ ਤਾਂ ਸਮਝੋ ਮੁੜ ਘਰ ਵਿਚ ਕੁੜੀ ਜੰਮੇਗੀ । ਪਰ ਜੇ ਕੋਈ ਜੰਗਲੀ ਪਸ਼ੂ ਉਲਟੀ ਦਿਸ਼ਾ ਵਲ ਲੈ ਜਾਵੇ ਤਾਂ ਅਗਲਾ ਬੱਚਾ ਮੁੰਡਾ ਜੰਮਦਾ ਹੈ ।

ਵੈਸੇ ਵੀ ਕੁੜੀ ਦੀ ਪਾਲਣਾ ਪੰਜਾਬੀ ਸਮਾਜ ਵਿਚ ਉਸ ਚਾਓ ਤੇ ਰੀਝ ਨਾਲ ਨਹੀਂ ਕੀਤੀ ਜਾਂਦੀ, ਜਿਸ ਨਾਲ ਲੜਕੇ ਦੀ। ਕੁੜੀ ਨੂੰ ਚੱਜ ਦੇ ਕਪੜੇ ਵੀ ਨਹੀਂ ਪਹਿਨਾਏ ਜਾਂਦੇ ਤੇ ਨਾ ਹੀ ਉਹ ਮਾਪਿਆਂ ਦੇ ਪੂਰੇ ਧਿਆਨ ਦਾ ਪਾਤਰ ਹੁੰਦੀ ਹੈ। ਲੜਕੀ ਦੇ ਜੰਮਣ ਨਾਲ ਘਰ ਵਿਚ ਉਦਾਸੀ ਤੇ ਨਿਰਾਸਤਾ ਛਾ ਜਾਂਦੀ ਹੈ। ਕਹਿੰਦੇ ਹਨ ਕਿ ਟੋਡਰਮਲ ਦੇ ਘਰ ਜਦੋਂ ਲੜਕੀ ਜੰਮੀ ਤਾਂ ਉਸ ਅਪਣੀ ਪਗੜੀ ਵਿਚ ਜਿਗ੍ਹਾ (ਕਲਗੀ) ਪਹਿਨਣੀ ਛਡ ਦਿਤੀ।

(ਕ-370) **ਕੁਆ ਪੂਜਣਾ** :

ਹਰਿਆਣੇ ਦੇ ਇਲਾਕੇ ਵਿਚ ਪ੍ਰਚਲਤ ਜਨਮ ਨਾਲ ਸਬੰਧਿਤ ਇਕ ਰੀਤ; ਬਾਲ ਦੇ ਜੰਮਣ ਮਗਰੋਂ ਦਸਵੇਂ/ਪੰਦਰਵੇਂ ਦਿਨ ਦੇ ਵਿਚ-ਵਿਚਾਲੇ ਬਾਲ ਤੇ ਉਸਦੀ ਮਾਂ ਇਸ਼ਨਾਨ ਕਰਕੇ ਨਵੇਂ ਕਪੜੇ ਪਹਿਨਦੇ ਹਨ, ਜੋ ਬੱਚੇ ਦੇ ਨਾਨਕੇ ਇਸ ਮੌਕੇ ਲਈ ਦੇਂਦੇ ਹਨ, ਫੇਰ ਖੂਹ ਪੂਜਣ ਲਈ ਜਾਂਦੇ ਹਨ। ਇਸ ਸ਼ੁਭ ਅਵਸਰ ਉਤੇ ਗਲੀ ਮਹੱਲੇ ਦੀਆਂ ਤੀਵੀਆਂ ਵੀ ਸ਼ਾਮਿਲ ਹੁੰਦੀਆਂ ਹਨ ਤੇ ਲੋਕ-ਗੀਤ ਗਾਂਦੀਆਂ, ਖੂਹ ਉਤੇ ਪੂਜਦੀਆਂ ਹਨ। ਕਈ ਸਰਦੇ ਪੁਜਦੇ ਲੋਕ ਇਸ ਮੌਕੇ ਨੂੰ ਵਧੇਰੇ ਰਾਂਗਲਾ ਬਨਾਉਣ ਲਈ ਢੋਲੀ ਵੀ ਸੱਦ ਲੈਂਦੇ ਹਨ। ਬਾਲ ਦੇ ਮੱਥੇ ਉਤੇ ਸੰਧੂਰ ਨਾਲ ਤਿਲਕ ਲਗਾਇਆ ਜਾਂਦਾ ਹੈ ਅਤੇ ਖੂਹ ਦੇ ਥੰਨ੍ਹੇ ਉਤੇ ਤਿਲਕ ਅਥਵਾ ਸਵਾਸਤਿਕ ਦਾ ਚਿੰਨ੍ਹ ਸੰਧੂਰ ਨਾਲ ਚਿਤ੍ਰਿਆ ਜਾਂਦਾ ਹੈ। ਇਸ ਮਗਰੋਂ ਕੋਰੇ ਕੁੰਭ ਵਿਚ ਪਾਣੀ ਭਰ ਕੇ, ਗੀਤ ਗਾਂਦੀਆਂ ਤੀਵੀਆਂ, ਘਰ ਵਾਪਸ ਆਉਂਦੀਆਂ ਹਨ। ਇਸ ਅਵਸਰ ਉਤੇ ਸ਼ਕਰ ਅਥਵਾ ਗੁੜ ਦੀਆਂ ਰੋੜੀਆਂ ਵੰਡੀਆਂ ਜਾਂਦੀਆਂ ਹਨ।

(ਕ-371) **ਕੂਰਮ ਅਵਤਾਰ** :

ਵਿਸ਼ਨੂੰ ਦਾ ਅਵਤਾਰ, (ਦੂਜਾ) ਜੋ ਕੱਛੂ ਕੁੰਮੇ ਦੇ ਰੂਪ ਵਿਚ ਪ੍ਰਗਟ ਹੋਇਆ। ਵਿਸ਼ਨੂੰ ਨੇ ਕੱਛੂ ਕੁੰਮੇ ਦੇ ਰੂਪ ਵਿਚ ਅਵਤਾਰ ਧਾਰ ਕੇ ਮੰਦਾਰਾ ਪਰਬਤ ਨੂੰ ਟੇਕ ਦਿਤੀ ਸੀ। ਦੇਵਤਿਆਂ ਤੇ ਅਸੁਰਾਂ ਨੇ ਸਾਗਰ ਨੂੰ ਮੱਥ ਕੇ ਵਿਚੋਂ ਅੰਮ੍ਰਿਤ ਦਾ ਕੁੰਭ ਤੇ ਹੋਰ ਰਤਨ ਕਢੇ, ਜੋ ਜਲ-ਪ੍ਰਲਯ ਸਮੇਂ ਜਲ ਦੇ ਤੂਫ਼ਾਨੀ ਪ੍ਰਵਾਹ ਵਿਚ ਗੁਆਚ ਗਏ ਸਨ। ਕੂਰਮ ਦਾ ਜਨਮ-ਦਿਵਸ ਵਿਸ਼ਨੂੰ ਭਗਤ ਹਰ ਸਾਲ ਵਿਸਾਖ ਵਿਚ ਮਨਾਉਂਦੇ ਹਨ।

(ਕ-372) **ਕੂਰਮ ਪੁਰਾਣ** :

ਸਤਿਜੁਗ ਵਿਚ ਜਦੋਂ ਦੇਵਤਿਆਂ ਸਾਗਰ ਮਥਿਆ ਤਾਂ ਵਿਸ਼ਨੂੰ ਭਗਵਾਨ ਨੇ ਕੂਰਮ ਦਾ ਰੂਪ ਧਾਰ ਕੇ, ਸਮੁੰਦਰ ਦੇ ਥਲੇ ਖੜੇ ਹੋ ਕੇ ਟੇਕ ਦਿਤੀ ਤੇ ਆਪਣੀ ਪਿੱਠ ਤੇ ਮੰਦਾਰਾ ਪਰਬਤ ਨੂੰ, ਜਿਸ ਨਾਲ ਸਮੁੰਦਰ ਰਿੜਕਿਆ ਗਿਆ, ਨੂੰ ਟਿਕਾ ਲਿਆ। ਉਦੋਂ ਪਤਾਲ ਵਿਚ ਉਨ੍ਹਾਂ ਦੀਆਂ ਇੰਦ੍ਰ, ਦਯੁਮਨ ਅਤੇ ਸੂਰ੍ਯ ਦੇ ਨੇੜੇ ਰਹਿੰਦੇ, ਰਿਸ਼ੀਆਂ ਨਾਲ ਜੋ ਸੰਵਾਦ ਹੋਏ, ਉਹ ਕੂਰਮ ਪੁਰਾਣ ਵਿਚ ਦਰਜ ਹਨ। ਇਸ ਪੁਰਾਣ ਵਿਚ ਜੀਵਨ ਦੇ ਪ੍ਰਯੋਜਨ, ਧਰਮ, ਧਨ-ਦੌਲਤ, ਅਨੰਦ ਅਤੇ ਮੁਕਤੀ ਦੀ ਵਿਆਖਿਆ ਕੀਤੀ ਗਈ ਹੈ।

ਵਿਸ਼ਨੂੰ ਨਾਲ ਸਬੰਧਿਤ ਹੋਣ ਕਰਕੇ ਇਹ ਵੈਸ਼ਨਵ ਪੁਰਾਣ ਜਾਪਦਾ ਹੈ, ਪਰ ਮੂਲ ਵਿਚ ਇਹ ਸ਼ਿਵ ਪੁਰਾਣ ਹੈ, ਕਿਉਂ ਜੋ ਇਸ ਦੇ ਵਡੇਰੇ ਭਾਗ ਵਿਚ ਸ਼ਿਵ ਤੇ ਦੁਰਗਾ ਦੀ ਹੀ ਪੂਜਾ ਦਾ ਵਰਣਨ ਹੈ।

ਕਈ ਵਿਦਵਾਨਾਂ ਦਾ ਮਤ ਹੈ ਕਿ ਕੂਰਮ ਪੁਰਾਣ ਮੂਲ ਵਿਚ ਪੰਚਗਤ ਸੰਪਰਦਾਇ ਨਾਲ ਸਬੰਧਿਤ ਸੀ, ਪਰ ਬਾਅਦ ਵਿਚ ਪਾਸ਼ੁਪਤ-ਸੰਪ੍ਰਦਾਇ ਨੇ, ਇਸਨੂੰ ਅਪਣਾ ਲਿਆ ਤੇ ਇਸ ਵਿਚ ਕਈ ਨਵੀਆਂ ਪੌਰਾਣਿਕ ਕਥਾਵਾਂ ਰਲਾ ਕੇ ਤੇ ਆਪਣੇ ਮੱਤ ਨਾਲ ਸਬੰਧਿਤ ਤੀਰਥਾਂ ਦਾ ਵਰਨਣ ਕਰਕੇ ਇਸ ਪੁਰਾਣ ਨੂੰ ਆਪਣੀ ਸੰਪ੍ਰਦਾਇ ਨਾਲ ਜੋੜ ਲਿਆ। ਵਿਸ਼ਨੂੰ ਦੇ ਪ੍ਰਭਾਵ ਨੂੰ ਖੀਣ ਕਰਨ ਲਈ ਉਨ੍ਹਾਂ ਨੇ ਕਈ ਕਾਂਡ ਨਵੇਂ ਸਿਰਿਉਂ ਲਿਖ ਕੇ ਉਹ ਭਾਗ ਛਡ ਦਿਤੇ ਜਿਹੜੇ ਵੈਸ਼ਨਵ-ਮਤ ਦੇ ਹੱਕ ਵਿਚ ਸਨ। ਉਨ੍ਹਾਂ ਨੇ ਸ਼ਿਵ ਦੀ ਪੂਜਾ, ਪਾਸ਼ੁਪਤ ਵਰਤ ਤੇ ਯੋਗ ਦੇ ਹੱਕ ਵਿਚ ਕਾਫ਼ੀ ਕੁਝ ਲਿਖ ਕੇ ਰਲਾ ਦਿਤਾ। ਜਦੋਂ ਇਸ ਨਾਲ ਵੀ ਉਨ੍ਹਾਂ ਦੀ ਤਸੱਲੀ ਨਾ ਹੋਈ ਤਾਂ ਉਨ੍ਹਾਂ ਨੇ ਇਕ ਕਾਂਡ ਵਿਚ ਵਿਸ਼ਨੂੰ ਨੂੰ ਸ਼ਿਵਲਿੰਗ ਦੀ ਪੂਜਾ ਕਰਦਾ ਤੇ ਪੁੱਤਰ ਦੀ ਪ੍ਰਾਪਤੀ ਲਈ ਪਾਸ਼ੁਪਤ ਵਰਤ ਤੇ ਯੋਗ ਨੂੰ ਸਾਧਨ ਬਣਾਉਂਦਿਆਂ ਵਿਖਾ ਦਿਤਾ। ਪਾਸ਼ੁਪਤ ਸੰਪਰਦ੍ਰਾਇ ਦਾ ਮੁੱਢ ਪਾਸ਼ੁਪਤਾ ਰਿਸ਼ੀ ਨੇ ਬੰਨ੍ਹਿਆ, ਜੋ ਸ਼ਿਵ ਦਾ ਉਪਾਸ਼ਕ ਸੀ।

ਵਿਦਵਾਨਾਂ ਦਾ ਮੱਤ ਹੈ ਕਿ ਮੂਲ ਪੁਰਾਣ ਚਾਰ ਸਹਿੰਤਾ–ਬ੍ਰਾਹਮੀ, ਭਾਗਵਤੀ, ਸਿਰੀ ਤੇ ਵੈਸ਼ਨਵੀ ਵਿਚ ਵੰਡਿਆ ਹੋਇਆ ਸੀ ਪਰ ਜੋ ਪੁਰਾਣ ਹੁਣ ਮਿਲਦਾ ਹੈ ਉਸ ਵਿਚ ਕੇਵਲ ਇਕ ਹਿੱਸਾ ਬ੍ਰਾਹਮੀ ਸਹਿੰਤਾ ਵੀ ਹੈ। ਨਾਰਦੀਆ ਪੁਰਾਣ ਵਿਚ, ਇਨ੍ਹਾਂ ਚੁਹਾਂ ਦੀ ਵਿਸ਼ੇ ਸੂਚੀ ਦਰਜ ਹੈ। ਤੇ ਬ੍ਰਾਹਮੀ ਸਹਿੰਤਾ ਦੀ ਜੋ ਸੂਚੀ ਉਸ ਵਿਚ ਦਿਤੀ ਹੋਈ ਹੈ, ਉਹ ਕੂਰਮਾ ਪੁਰਾਣ ਨਾਲ ਇਨ ਬਿਨ ਮਿਲਦੀ ਹੈ।

ਵਿਲਸਨ ਇਸ ਪੁਰਾਣ ਨੂੰ ਬਹੁਤਾ ਪ੍ਰਾਚੀਨ ਨਹੀਂ ਮੰਨਦਾ।

(ਕ-373) **ਕੇਸ਼ ਲੋਚਨ** :

ਜੈਨੀਆ ਵਿਚ ਮਨ ਦੀ ਸੁਧੀ ਜਾਂ ਪ੍ਰਾਸ਼ਚਿਤ ਵਾਸਤੇ ਪ੍ਰਚਲਤ ਇਕ ਰਹੁ-ਰੀਤ। ਸਰੀਰ ਨੂੰ ਕਸ਼ਟ ਦੇਣ ਲਈ

ਜੈਨੀ ਕਈ ਤਰ੍ਹਾਂ ਦੇ ਕਰੜੇ ਤੱਪ ਤੇ ਸਾਧਨਾ ਕਰਦੇ ਅਤੇ ਵਰਤ ਰਖਦੇ ਹਨ। ਉਨ੍ਹਾਂ ਵਿਚ ਇਕ ਕਠਨ ਸਾਧਨਾ ਮੂੰਹ, ਸਿਰ ਤੇ ਸਰੀਰ ਦੇ ਵਾਲਾਂ ਨੂੰ ਇਕ ਇਕ ਕਰਕੇ ਖਿੱਚ ਕਢਣਾ ਹੈ। ਇਸੇ ਨੂੰ 'ਕੇਸ਼ ਲੌਚਨ' ਕਹਿੰਦੇ ਹਨ। ਜੈਨੀਆਂ ਵਿਚ ਜਦੋਂ ਕੋਈ ਤੀਵੀਂ ਆਤਮ-ਸਮਰਪਣ ਕਰਦੀ ਹੋਈ ਪੂਜਨੀ ਬਣਦੀ ਹੈ ਤਾਂ ਉਸਦੇ ਸਿਰ ਦੇ ਵਾਲ ਵੀ ਪੱਟਿਆਂ ਨਾਲ ਖਿਚ ਕੇ, ਇਕ ਇਕ ਕਰਕੇ ਕੱਢੇ ਜਾਂਦੇ ਹਨ।

ਜੈਨੀ ਮਨ ਦੀ ਸ਼ੁੱਧੀ ਤੇ ਪਾਪਾਂ ਦੇ ਪ੍ਰਾਸਚਿਤ ਲਈ, ਜੋ ਤੱਪ ਕਰਦੇ ਹਨ, ਉਹ 'ਪ੍ਰਯਾਚਿਤ' ਅਖਵਾਉਂਦੇ ਹਨ। ਇਹ ਤੱਪ ਦੋ ਤਰ੍ਹਾਂ ਦੇ ਹਨ—ਅੰਦਰਲੇ (ਮਾਨਸਿਕ) ਤੇ ਬਾਹਰਲੇ ਸਰੀਰਕ। ਅੰਦਰਲੇ ਅਭੀਤਰੀ ਤੱਪ ਹਨ ਜਿਨ੍ਹਾਂ ਵਿਚ ਮੋਨ ਧਾਰਨ, ਜਾਪ ਕਰਨ, ਤੇ ਜੈਨ ਗ੍ਰੰਥਾਂ ਦਾ ਅਧਿਐਨ ਸ਼ਾਮਲ ਹੈ ਤੇ ਬਾਹਰਲੇ, ਸਰੀਰਕ ਤੱਪ ਹਨ, ਜਿਨ੍ਹਾਂ ਦਾ ਮੰਤਵ ਵਰਤ ਤੇ ਹੋਰ ਸਾਧਨਾ ਨਾਲ ਸਰੀਰ ਨੂੰ ਕਸ਼ਟ ਦੇਣਾ ਹੈ। ਕੇਸ਼ ਲੌਚਨ ਇਸੇ ਬਾਹਰਲੇ ਸਰੀਰਕ ਕਸ਼ਟਾਂ ਨਾਲ ਸਬੰਧਿਤ ਹੈ।

### (ਕ-374) **ਕੇਸ਼ੰਤ ਸੰਸਕਾਰ** :

ਹਿੰਦੂਆਂ ਦੇ ਸੋਲਾਂ ਮੁੱਖੀ ਸੰਸਕਾਰਾਂ ਵਿਚੋਂ ਇਕ, ਇਹ ਸੰਸਕਾਰ ਬਾਲਕ ਦੇ ਜਵਾਨੀ ਵਿਚ, ਪੈਰ ਧਰਨ ਸਮੇਂ ਉਦੋਂ ਕੀਤਾ ਜਾਂਦਾ ਹੈ, ਜਦੋਂ ਉਸ ਦੀ ਨਿੱਕੀ ਨਿੱਕੀ ਮੱਸ ਫੁਟ ਆਉਂਦੀ ਹੈ। ਇਸ ਸੰਸਕਾਰ ਵੇਲੇ ਲੜਕੇ ਦੀ ਦਾੜ੍ਹੀ ਰਸਮੀ ਢੰਗ ਨਾਲ ਮੁੰਨੀ ਜਾਂਦੀ ਹੈ ਅਤੇ ਮੁੰਡਣ ਜਾਂ ਚੂੜ-ਸੰਸਕਾਰ ਵਾਲੀਆਂ ਰਸਮਾਂ-ਰੀਤਾਂ ਕੀਤੀਆਂ ਜਾਂਦੀਆਂ ਹਨ। ਪਹਿਲਿਆਂ ਵਿਚ ਇਸ ਮੌਕੇ 'ਤੇ ਲੜਕਾ ਆਪਣੇ ਅਚਾਰੀਆ ਨੂੰ ਗਊ ਦਾਨ ਕਰਦਾ ਅਤੇ ਨਾਲ ਹੀ ਬ੍ਰਹਮਚਾਰੀ ਰਹਿਣ ਦਾ ਪ੍ਰਣ ਕਰਦਾ ਸੀ। ਅੱਜ ਕੱਲ ਇਸ ਸੰਸਕਾਰ ਦੀ ਮਾਨਤਾ ਨਹੀਂ। ਇਸ ਸੰਸਕਾਰ ਦਾ ਮੰਤਵ ਬਾਲਕ ਨੂੰ ਬ੍ਰਹਮਚਾਰੀ ਧਰਮ ਵਿਚ, ਥਿਰ ਰਹਿਣ ਦੀ ਚੇਤਾਵਨੀ ਦੇਣੀ ਤੇ ਉਸ ਤੋਂ ਨਵੇਂ ਸਿਰਿਓਂ ਬ੍ਰਹਮਚਾਰੀ ਰਹਿਣ ਦਾ ਪ੍ਰਣ ਲੈਣਾ ਹੈ।

### (ਕ-375) **ਕੇਸਰ** :

ਇਕ ਫੁੱਲ, ਜਿਸ ਦਾ ਰੰਗ ਲਾਲੀ ਦੀ ਭਾਅ ਮਾਰਦਾ ਪੀਲਾ ਹੁੰਦਾ ਹੈ ਅਤੇ ਜਿਸ ਦੀਆਂ ਤੁਰੀਆਂ ਬੜੀਆਂ ਸੁਗੰਧਿਤ ਹੁੰਦੀਆਂ ਹਨ। ਇਸ ਦੀ ਕਾਸ਼ਤ ਕਸ਼ਮੀਰ ਵਾਦੀ ਵਿਚ ਪੰਪੋਰ ਵਿਖੇ ਅਤੇ ਜੰਮੂ ਪ੍ਰਾਤ ਵਿਚ ਕਿਸ਼ਤਵਾੜ ਵਿਖੇ ਹੁੰਦੀ ਹੈ। ਭਾਰਤ ਤੋਂ ਬਾਹਰ ਕੇਸਰ ਬਹੁਤ ਘਟ ਮਾਤਰਾ ਵਿਚ ਪੈਦਾ ਹੁੰਦਾ ਹੈ।

ਪੌਰਾਣਿਕ ਕਥਾ ਅਨੁਸਾਰ ਇੰਦਰ ਦੇਵਤੇ ਨੇ ਕਿਸ਼ਤਵਾੜ ਦੇ ਲੋਕਾਂ ਉਤੇ ਪ੍ਰਸੰਨ ਹੋ ਕੇ, ਉਨ੍ਹਾਂ ਨੂੰ ਬਖਸ਼ਿਸ਼ ਵਜੋਂ ਕੇਸਰ ਦਾ ਬੂਟਾ ਦਾਨ ਕੀਤਾ। ਕਿਹਾ ਜਾਂਦਾ ਹੈ ਕਿ ਇਕ ਵਾਰ ਇੰਦਰ ਕਿਸੇ ਅਜਿਹੇ ਅਸਾਧ ਰੋਗ ਦਾ ਸ਼ਿਕਾਰ ਹੋ ਗਿਆ, ਜਿਸ ਦਾ ਕੋਈ ਦਵਾ ਦਾਰੂ ਨਹੀਂ ਸੀ। ਇੰਦਰ ਦਵਾ ਦਾਰੂ ਦੀ ਭਾਲ ਵਿਚ ਕਿਸ਼ਤਵਾੜ ਪੁਜਿਆ ਤੇ ਉਥੋਂ ਦੇ ਇਕ ਵੈਦ ਦੇ ਇਲਾਜ ਨਾਲ ਅਰੋਗ ਹੋ ਗਿਆ। ਇੰਦਰ ਨੇ ਪ੍ਰਸੰਨ ਹੋ ਕੇ, ਵੈਦ ਨੂੰ ਕੋਈ ਵਰ ਮੰਗਣ ਲਈ ਕਿਹਾ, ਤਾਂ ਵੈਦ ਨੇ ਬੇਨਤੀ ਕੀਤੀ ਕਿ ਅਜਿਹੀ ਵਸਤੂ ਬਖ਼ਸ਼ੀ ਜਾਵੇ, ਜਿਸ ਨਾਲ ਇਹ ਧਰਤੀ ਸਾਰੇ ਸੰਸਾਰ ਭਰ ਵਿਚ ਪ੍ਰਸਿਧ ਹੋ ਜਾਵੇ। ਇੰਦਰ ਨੇ, ਵੈਦ ਦੀ ਦੇਸ਼-ਪ੍ਰੇਮ ਦੀ ਭਾਵਨਾ ਉਤੇ, ਪ੍ਰਸੰਨ ਹੋ ਕੇ, ਕੇਸਰ ਦਾ ਪੌਦਾ ਦਿਤਾ।

ਰਾਜ ਤਰੰਗਨੀ ਅਨੁਸਾਰ ਕੇਸਰ ਦੀ ਬੀਜਾਈ, ਕਸ਼ਮੀਰ ਵਿਚ ਸੱਤਵੀਂ ਸਦੀ ਈਸਵੀ ਵਿਚ ਲਲਿਤਾ ਦਿਤਯ ਦੇ ਸਮੇਂ ਸ਼ੁਰੂ ਹੋਈ।

ਹਿੰਦੂ ਧਰਮ ਤੇ ਸੰਸਕ੍ਰਿਤੀ ਕੇਸਰ ਨੂੰ ਬੜਾ ਪਾਵਨ ਮੰਨਦੀ ਰਹੀ ਹੈ। ਵਿਆਹ ਕੁੜਮਾਈ ਦੇ ਮੰਗਲ ਕਾਰਜਾਂ ਅਤੇ ਧਰਮ ਨਾਲ ਸਬੰਧਿਤ ਰਹੁ-ਰੀਤੀਆਂ ਵੇਲੇ ਕੇਸਰ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਗਨ ਸਮੇਂ ਕੇਸਰ ਦੀਆਂ ਤੁਰੀਆਂ ਤੇ ਚਾਵਲ ਰਲਾ ਕੇ ਵਰ ਦੇ ਮੱਥੇ ਉਤੇ ਟਿੱਕਾ ਲਗਾਇਆ ਜਾਂਦਾ ਹੈ। ਕੰਨਿਆਂ ਪੱਖ ਵਾਲੇ, ਕੇਸਰ ਨੂੰ ਪਾਣੀ ਵਿਚ ਘੋਲ ਕੇ, ਵਰ-ਪੱਖ ਵਾਲਿਆਂ ਦੇ ਕਪੜਿਆਂ ਉਤੇ ਛੱਟੇ ਮਾਰਦੇ ਹਨ। ਵਿਆਹ ਸਮੇਂ ਲਾੜਾ ਕੇਸਰੀ ਰੰਗ ਦੀ ਪਗੜੀ ਬੰਨ੍ਹਦਾ ਹੈ :

'ਘੋੜਾ ਤੇਰਾ ਨੀਲਾ, ਸਿਰ ਕੇਸਰੀ ਪੱਗ ਵੇ ਮਹਾਰਾਜਾ।'

ਹਿੰਦੂ ਧਰਮ ਦੇ ਚਿੰਨ੍ਹ ਵਜੋਂ ਮੱਥੇ ਉਤੇ ਤਿਲਕ ਰੋਜ ਲਗਾਂਦੇ ਹਨ, ਉਹ ਆਮ ਤੌਰ ਤੇ ਕੇਸਰ ਦਾ ਹੀ ਹੁੰਦਾ ਹੈ। ਧਾਰਮਿਕ ਕਾਰਜਾਂ ਸਮੇਂ, ਜੋ ਚਾਵਲ ਭੋਜ ਲਈ ਰਿੰਨ੍ਹੇ ਜਾਂਦੇ ਹਨ, ਉਨ੍ਹਾਂ ਵਿਚ ਵੀ ਕੇਸਰ ਦਾ ਛੱਟਾ ਮਾਰਿਆ ਜਾਂਦਾ ਹੈ। ਕੇਸਰ ਨੂੰ ਘਰ ਵਿਚ ਰੱਖਣ ਨਾਲ ਧਨ ਤੇ ਖ਼ੁਸ਼ਹਾਲੀ ਦਾ ਵਾਧਾ ਹੁੰਦਾ ਹੈ।

ਕੇਸਰ ਕਈ ਰੋਗਾਂ ਲਈ ਉਤਮ ਔਸ਼ਧੀ ਹੈ। ਇਹ ਲੋਕ-ਇਤਿਹਾਸ ਦਾ ਅੰਗ ਹੈ। ਥੋੜੀ-ਮਾਤਰਾ ਵਿਚ ਖਾਣ ਨਾਲ, ਇਹ ਦਿਮਾਗ਼ ਦੀਆਂ ਨਸਾਂ ਨੂੰ ਸ਼ਕਤੀ ਦੇਂਦਾ ਹੈ। ਲੋਕੀਂ ਆਕੜਾ ਬਾਕੜਾ (ਛੋਟੀ ਚੇਚਕ) ਵਿਚ ਰੋਗੀ ਬੱਚੇ ਨੂੰ ਕੇਸਰ ਦੀ ਤੁਰੀ ਦੇਂਦੇ ਹਨ।

ਪੁਰਾਣੇ ਜ਼ਮਾਨੇ ਵਿਚ ਰਿਸ਼ੀ ਮੁਨੀ ਕੇਸਰ ਦੀ ਸਿਆਹੀ ਨਾਲ ਮੰਤਰ ਲਿਖਿਆ ਕਰਦੇ ਸਨ। ਹੁਣ ਵੀ ਵਿਆਹ ਦੇ ਸਾਰੇ ਪ੍ਰਬੰਧ ਜੋ 'ਸਾਹਾ ਚਿਠੀ' ਵਿਚ ਲਿਖੇ ਜਾਂਦੇ ਹਨ, ਉਹ ਕੇਸਰ ਨੂੰ ਘੋਲ ਕੇ ਉਸ ਨਾਲ ਲਿਖੀ ਜਾਂਦੀ ਹੈ।

ਸ਼ਗਨਾਂ ਵਾਲੀ ਹਰ ਚਿੱਠੀ ਉਤੇ ਕੇਸਰ ਦਾ ਤਰੋਂਕਾ ਦਿਤਾ ਜਾਂਦਾ ਹੈ ।

(ਕ-376) **ਕੇਸਰੀ ਬਾਣਾ** :

ਕੇਸਰ ਦੇ ਰੰਗ ਵਿਚ ਰੰਗੀ ਪੁਸ਼ਾਕ; ਰਾਜਪੂਤਾਂ ਵਿਚ ਇਹ ਰਵਾਜ ਰਿਹਾ ਹੈ ਕਿ ਯੁੱਧ ਵਿਚ ਜਾਣ ਲਗਿਆਂ, ਉਹ ਕੇਸਰੀ ਬਾਣਾ ਪਹਿਨ ਲੈਂਦੇ ਸਨ, ਜੋ ਇਸ ਗੱਲ ਦਾ ਵਾਚਕ ਹੁੰਦਾ ਕਿ ਜਾਂ ਤਾਂ ਅਸੀਂ ਜਿੱਤ ਪ੍ਰਾਪਤ ਕਰ ਕੇ ਮੁੜਾਂਗੇ ਜਾਂ ਸ਼ਹੀਦ ਹੋ ਕੇ । ਰਾਜਪੂਤਾਂ ਦੀ ਇਹ ਪ੍ਰਥਾ ਅਠਾਰ੍ਹਵੀਂ ਸਦੀ ਵਿਚ ਸਿੱਖਾਂ ਵਿਚ ਵੀ ਪ੍ਰਚਲਿਤ ਹੋ ਗਈ ਅਤੇ ਕਈ ਬਹਾਦਰ ਸਿੱਖ ਸੂਰਮੇ ਜਦੋਂ ਮੁਗਲ ਹਾਕਮਾਂ ਨਾਲ ਲੜਨ ਲਈ ਮੈਦਾਨ ਵਿਚ ਨਿਤਰਦੇ ਤਾਂ ਉਹ ਕੇਸਰੀ ਬਾਣਾ ਪਹਿਨ ਲੈਂਦੇ ।

(ਕ-377) **ਕੇਸ਼ਵ** :

ਕ੍ਰਿਸ਼ਨ ਦੀ ਇਕ ਉਪਾਧੀ; ਕੰਸ ਨੇ ਜਦੋਂ ਅਕਰੂਰ ਦੁਆਰਾ ਕ੍ਰਿਸ਼ਨ ਨੂੰ ਖੇਡਾਂ ਦੇ ਮੁਕਾਬਲੇ ਵੇਖਣ ਲਈ ਸਦਿਆ, ਤਾਂ ਉਸ ਨੂੰ ਰਾਹ ਵਿਚ ਮਾਰ ਦੇਣ ਲਈ ਕੇਸੀ ਦਾਨਵ ਨੂੰ ਭੇਜਿਆ । ਕੇਸੀ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਨੂੰ ਦੁਲਤੀਆਂ ਨਾਲ ਮਾਰ ਮੁਕਾਣਾ ਚਾਹਿਆ । ਪਰ ਕ੍ਰਿਸ਼ਨ ਨੇ ਘੋੜੇ ਨੂੰ ਇਕ ਹੱਥ ਨਾਲ ਵਾਲਾਂ ਤੋਂ ਫੜ ਲਿਆ ਤੇ ਦੂਜਾ ਹੱਥ ਉਹਦੇ ਮੂੰਹ ਅੰਦਰ ਧਕ ਦਿਤਾ । ਫਿਰ ਉਹ ਹੱਥ ਵਿਰਾਟ ਰੂਪ ਵਿਚ ਫੂਲਣ ਲਗਾ, ਜਿਸ ਨਾਲ ਘੋੜੇ ਦਾ ਮੂੰਹ ਚੀਰਿਆ ਗਿਆ । ਕੇਸੀ ਨੂੰ ਮਾਰਨ ਕਰ ਕੇ ਹੀ ਕ੍ਰਿਸ਼ਨ 'ਕੇਸ਼ਵ' ਦੇ ਨਾਂ ਨਾਲ ਪ੍ਰਸਿਧ ਹੋਏ । ਇਕ ਹੋਰ ਮਿੱਥਕ ਧਾਰਨਾ ਅਨੁਸਾਰ ਕ੍ਰਿਸ਼ਨ ਵਿਸ਼ਨੂੰ ਦੇ ਕਾਲੇ ਕੇਸ਼ ਤੋਂ ਪੈਦਾ ਹੋਣ ਕਰਕੇ ਕੇਸ਼ਵ ਅਖਵਾਇਆ ।

(ਕ-378) **ਕੇਸੀ** :

ਕੰਸ ਦਾ ਇਕ ਸੇਵਕ; ਇਹ ਬੜੇ ਉਚੇ ਲੰਮੇ ਦੇਓ ਕੱਦ ਦਾ ਪਹਿਲਵਾਨ ਦੈਂਤ ਸੀ, ਕੰਸ ਨੇ ਕੇਸੀ ਦੁਆਰਾ ਕ੍ਰਿਸ਼ਨ ਨੂੰ ਮਰਵਾਣ ਦੀ ਸਾਜ਼ਿਸ਼ ਕੀਤੀ, ਜੋ ਸਫਲ ਨਾ ਹੋ ਸਕੀ । ਕੇਸੀ ਨੇ ਘੋੜੇ ਦਾ ਰੂਪ ਧਾਰ ਕੇ ਕ੍ਰਿਸ਼ਨ ਨੂੰ ਪੈਰਾਂ ਹੇਠ ਕੁਚਲਣਾ ਚਾਹਿਆ, ਪਰ ਕ੍ਰਿਸ਼ਨ ਨੇ ਇਸ ਦੇ ਜਬਾੜਿਆਂ ਨੂੰ ਖਿਚ ਕੇ ਚੀਰ ਸੁਟਿਆ ।

(ਕ-379) **ਕੇਕੱਈ** :

ਸੂਰਜ ਵੰਸ਼ੀ ਰਾਜੇ ਦਸਰਥ ਦੀ ਰਾਣੀ; ਇਸੇ ਦੀ ਕੁਖੋਂ ਭਰਤ ਜੰਮਿਆ । ਕੇਕੱਈ ਦੇ ਕਹਿਣ ਉਤੇ ਹੀ ਦਸਰਥ ਨੇ ਰਾਮ ਚੰਦਰ ਨੂੰ ਚੌਦਾਂ ਸਾਲਾਂ ਦਾ ਬਨਬਾਸ ਦਿਤਾ ਸੀ । ਕਥਾ ਅਨੁਸਾਰ ਇਕ ਯੁੱਧ ਵੇਲੇ, ਦਸਰਥ ਦੇ ਰੱਥ ਵਿਚ ਕੁਝ ਵਿਘਨ ਪੈ ਗਿਆ ਤੇ ਕੇਕੱਈ ਨੇ ਰੱਥ ਨੂੰ ਉਲਾਰ ਹੋਣ ਤੋਂ ਬਚਾਈ ਰਖਿਆ । ਜਦੋਂ ਦਸਰਥ ਨੂੰ ਪਤਾ ਲਗਾ ਤੇ ਉਨ੍ਹਾਂ ਨੇ ਕੇਕੱਈ ਨੂੰ ਕੋਈ ਵਰ ਮੰਗਣ ਲਈ ਕਿਹਾ । ਜੋ ਕੇਕੱਈ ਨੇ ਕਿਸੇ ਹੋਰ ਸਮੇਂ ਮੰਗਣ ਦੀ ਬੇਨਤੀ ਕੀਤੀ । ਦਸਰਥ ਮੰਨ ਗਿਆ । ਪਿਛੋਂ ਜਦੋਂ ਰਾਮ ਚੰਦਰ ਨੂੰ ਰਾਜ ਤਿਲਕ ਲਗਣ ਲਗਾ ਤਾਂ ਕੇਕੱਈ ਨੇ ਦਸਰਥ ਤੋਂ ਵਰ ਮੰਗਿਆ ਕਿ ਰਾਮ ਚੰਦਰ ਨੂੰ ਬਨਬਾਸ ਦਿਤਾ ਜਾਵੇ ਤੇ ਭਰਤ ਨੂੰ ਰਾਜਗੱਦੀ । ਬਚਨ ਦੇ ਬੱਧੇ ਦਸਰਥ ਨੂੰ ਇਹੋ ਕਰਨਾ ਪਿਆ ।

(ਕ-380) **ਕੇਟੱਬ** :

ਇਕ ਅਸੁਰ; ਵਿਸ਼ਨੂੰ ਜੀ ਖੀਰ ਸਾਗਰ ਵਿਚ ਸੱਪ ਦੀ ਸੇਜ ਤੇ ਜਦੋਂ ਸੌਂ ਰਹੇ ਸਨ ਤਾਂ ਉਨ੍ਹਾਂ ਦੀ ਨਾਭੀ ਵਿਚੋਂ ਕਮਲ ਫੁੱਲ ਨਿਕਲਿਆ, ਜਿਸ ਵਿਚੋਂ ਬ੍ਰਹਮਾ ਦੀ ਉਤਪਤੀ ਹੋਈ । ਵਿਸ਼ਨੂੰ ਦੇ ਕੰਨਾਂ ਦੀ ਮੈਲ ਵਿਚੋਂ ਦੋ ਦੈਂਤ ਮਧੂ ਤੇ ਕੇਟੱਬ ਪੈਦਾ ਹੋਏ, ਜਿਨ੍ਹਾਂ ਨੇ ਵਿਸ਼ਨੂੰ ਨੂੰ ਖਾ ਜਾਣਾ ਚਾਹਿਆ । ਵਿਸ਼ਨੂੰ ਪੰਜ ਹਜ਼ਾਰ ਸਾਲ ਇਹਨਾਂ ਦੈਂਤਾਂ ਨਾਲ ਯੁੱਧ ਕਰਦੇ ਰਹੇ, ਪਰ ਦੈਂਤਾਂ ਨੂੰ ਨਸ਼ਟ ਨਾ ਕਰ ਸਕੇ । ਅਖੀਰ, ਦੈਂਤਾਂ ਨੇ ਵਿਸ਼ਨੂੰ ਤੋਂ ਪ੍ਰਸੰਨ ਹੋ ਕੇ ਉਸਨੂੰ ਕੋਈ ਵਰ ਮੰਗਣ ਲਈ ਕਿਹਾ ਤਾਂ ਵਿਸ਼ਨੂੰ ਨੇ ਉਨ੍ਹਾਂ ਦਾ ਸਿਰ ਮੰਗ ਲਿਆ । ਰਾਖਸ਼ਾਂ ਨੇ ਕਿਹਾ ਕਿ ਠੀਕ ਹੈ ਜਿਵੇਂ ਤੁਹਾਡੀ ਮਰਜ਼ੀ, ਪਰ ਸਾਨੂੰ ਕਿਸੇ ਸੁੱਕੀ ਥਾਂ ਮਾਰਨਾ । ਸੋ ਵਿਸ਼ਨੂੰ ਨੇ ਆਪਣੇ ਪੱਟਾਂ 'ਤੇ ਕੇਟੱਬ ਦਾ ਸਿਰ ਰਖ ਕੇ ਮਾਰ ਦਿਤਾ । ਉਸ ਦੀ ਮਿੱਝ ਸਾਰੇ ਸਮੁੰਦਰ ਵਿਚ ਫੈਲ ਗਈ । ਇਸੇ ਪ੍ਰਸੰਗ ਵਿਚ ਧਰਤੀ ਮੇਦਨੀ ਅਖਵਾਈ ।

ਚੰਡੀ ਚਰਿਤ੍ਰ ਉਕਤ ਬਿਲਾਸ ਦੇ ਪਹਿਲੇ ਅਧਿਆਏ (1-12 ਛੰਦ) ਵਿਚ ਮੱਧ-ਕੇਟੱਬ ਯੁੱਧ ਦੀ ਕਥਾ ਦਰਜ ਹੈ ।

(ਕ-381) **ਕੇਤੂ** :

ਇਕ ਚੰਦਰਾ ਗ੍ਰਹਿ, ਜੋ ਸਿੰਹਿਕਾ ਦੀ ਕੁਖੋਂ ਵਿਪ੍ਰਚਿਤ ਦਾਨਵ ਦਾ ਪੁੱਤਰ ਹੈ । ਇਹ ਨੌਂ ਗ੍ਰਹਿਆਂ ਵਿਚੋਂ ਇਕ ਮੰਨਿਆ ਗਿਆ ਹੈ । ਰਾਹੂ ਦੇ ਧੜ ਦਾ ਹੇਠਲਾ ਹਿੱਸਾ, ਹੋਣ ਕਰਕੇ ਅਜਗਰ ਦੀ ਪੂਛਲ ਵਰਗਾ ਹੈ ।

ਪੌਰਾਣਕ ਕਥਾਵਾਂ ਅਨੁਸਾਰ, ਜਦੋਂ ਸਮੁੰਦਰ ਨੂੰ ਮੱਥ ਕੇ, ਅੰਮ੍ਰਿਤ ਕੱਢਿਆ ਗਿਆ ਅਤੇ ਵਿਸ਼ਨੂੰ ਨੇ ਮੋਹਿਨੀ ਦਾ ਰੂਪ ਧਾਰ ਕੇ, ਅੰਮ੍ਰਿਤ ਨੂੰ ਵੰਡਿਆ ਤਾਂ ਰਾਹੂ ਨੇ ਦੇਵਤੇ ਦਾ ਰੂਪ ਧਾਰ ਕੇ ਅੰਮ੍ਰਿਤ ਦਾ ਘੁੱਟ ਪੀ ਲਿਆ । ਸੂਰਜ ਤੇ ਚੰਦਰਮੇ ਦੀ ਨਜ਼ਰ ਰਾਹੂ ਉਤੇ ਪੈ ਗਈ ਤੇ ਉਸ ਦਾ ਪ੍ਰਛਾਵਾਂ ਵੇਖ ਕੇ ਉਹ ਝੱਟ ਸਮਝ

ਗਏ ਕਿ ਇਹ ਦੈਂਤ ਹੈ। ਉਨ੍ਹਾਂ ਨੇ ਅੰਮ੍ਰਿਤ ਵੰਡ ਰਹੀ ਮੋਹਿਨੀ ਨੂੰ ਸੰਕੇਤ ਕੀਤਾ, ਮੋਹਿਨੀ ਨੇ ਉਸੇ ਵੇਲੇ ਵਿਸ਼ਨੂੰ ਦੇ ਅਸਲੀ ਰੂਪ ਵਿਚ ਆ ਕੇ ਰਾਹੂ ਦਾ ਸਿਰ ਧੜ ਨਾਲੋਂ ਵਖ ਕਰ ਦਿਤਾ। ਰਾਹੂ ਅੰਮ੍ਰਿਤ ਦੀ ਬੂੰਦ ਪੀ ਚੁਕਾ ਸੀ, ਫਲਸਰੂਪ ਉਹ ਨਸ਼ਟ ਨਹੀਂ ਸੀ ਹੋ ਸਕਦਾ। ਸੋ ਉਸ ਦੇ ਸੀਸ ਤੇ ਧੜ ਦੋਵੇਂ ਵਖੋ ਵਖ ਅਕਾਸ਼ ਮੰਡਲ ਤੇ ਘੁੰਮਣ ਲਗੇ। ਸੀਸ ਰਾਹੂ ਦੇ ਰੂਪ ਵਿਚ ਤੇ ਧੜ ਕੇਤੂ ਦੀ ਸ਼ਕਲ ਵਿਚ। ਉਦੋਂ ਤੋਂ ਰਾਹੂ ਤੇ ਕੇਤੂ ਦਾ ਸੂਰਜ ਤੇ ਚੰਨ ਨਾਲ ਵੈਰ ਚਲਿਆ ਆ ਰਿਹਾ ਹੈ। ਉਹ ਦੋਵੇਂ ਸੂਰਜ ਤੇ ਚੰਨ ਨੂੰ ਨਿਗਲਣ ਲਈ, ਉਨ੍ਹਾਂ ਦਾ ਪਿੱਛਾ ਕਰਦੇ ਰਹਿੰਦੇ ਹਨ, ਜਦੋਂ ਚੰਨ ਸੂਰਜ ਇਨ੍ਹਾਂ ਦੋਹਾਂ ਵਿਚ ਘਿਰ ਜਾਂਦੇ ਹਨ,ਉਦੋਂ ਗ੍ਰਹਿਣ ਲਗਦਾ ਹੈ (ਵੇਖੋ : ਗ੍ਰਹਿਣ)।

(ਕ-382) **ਕੇਦਾਰਨਾਥ** :

(1) ਸ਼ਿਵ ਦਾ ਇਕ ਨਾਉਂ;

(2) ਇਕ ਵਡਾ ਤੀਰਥ; ਹਿੰਦੂਆਂ ਦੇ ਅਠਾਹਠ ਤੀਰਥਾਂ ਵਿਚੋਂ ਇਕ, ਇਹ ਤੀਰਥ ਰੁਦ੍ਰ ਹਿਮਾਲੇ ਦੀਆਂ ਬਰਫਾਨੀ ਚੋਟੀਆਂ ਵਿਚ, ਮਹਾਪੰਥ ਦੀ ਚੋਟੀ ਹੇਠ, ਇਕ ਟਿੱਲੇ ਉਤੇ ਸਥਿਤ ਹੈ। ਇਥੇ ਸ਼ਿਵ ਦਾ ਇਕ ਮੰਦਰ ਤੇ ਝੋਟੇ ਦੀ ਸ਼ਕਲ ਦੀ ਇਕ ਮੂਰਤੀ ਹੈ। ਪੌਰਾਣਕ ਕਥਾ ਹੈ ਕਿ ਅਰਜਨ ਤੋਂ ਹਾਰ ਖਾ ਕੇ, ਸ਼ਿਵ ਝੋਟੇ ਦੀ ਸ਼ਕਲ ਧਾਰ ਕੇ, ਇਥੇ ਪਹਾੜਾਂ ਵਿਚ ਆ ਛੁਪਿਆ। ਸ਼ਿਵ ਦਾ ਧੜ ਤਾਂ ਪਹਾੜ ਵਿਚ ਹੀ ਧਸ ਗਿਆ, ਕੇਵਲ ਪਿਠ ਬਾਹਰੋਂ ਵਿਖਾਈ ਦੇਂਦੀ ਰਹੀ। ਪਿੱਠ ਵਾਲੀ ਥਾਂ ਉਤੇ ਕੇਦਾਰਨਾਥ ਤੀਰਥ ਬਣਾਇਆ ਗਿਆ। ਇਥੇ ਆਕਾਰ ਰਹਿਤ ਇਕ ਵੱਡਾ ਪੱਥਰ ਹੈ, ਜਿਸਦੀ ਦੇਵਤੇ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।

ਕੇਦਾਰਨਾਥ ਵਿਚ ਪੰਜ ਤੀਰਥ ਹਨ, ਉਪਰੋਕਤ ਤੀਰਥ ਤੋਂ ਬਿਨਾਂ ਚਾਰ ਹੋਰ ਤੀਰਥ ਵੀ ਹਨ, ਜਿਥੇ ਸ਼ਿਵ ਦੇ ਬਾਕੀ ਅੰਗਾਂ ਦੀ ਪੂਜਾ ਹੁੰਦੀ ਹੈ। ਬਾਹਾਂ ਦੀ ਪੂਜਾ ਤੁੰਗ ਨਾਥ, ਤੇ ਮੂੰਹ ਦੀ ਰੁਦ੍ਰ ਨਾਥ ਤੇ, ਨਾਭੀ ਦੀ ਮਧਮ ਮੇਸ਼ਵਰ ਤੇ, ਸਿਰ ਤੇ ਜਟਾਂ ਦੀ ਕਲਪੇਸ਼ਵਰ ਤੇ। ਸ਼ਿਵ ਦੇ ਅਨੁਯਾਈ ਪੰਜਾਂ ਥਾਵਾਂ ਨੂੰ ਬੜਾ ਪਵਿਤ੍ਰ ਮੰਨਦੇ ਹਨ।

(ਕ-383) **ਕੇਸ** :

ਲੈਲਾ ਦਾ ਆਸ਼ਕ, ਮਜਨੂੰ (ਵੇਖੋ : ਮਜਨੂੰ)।

(ਕ-384) **ਕੈਂਸੀ** :

ਇਕ ਸਾਜ਼ ਜੋ ਕਾਂਸੀ ਦੀ ਕਟੋਰੀ ਦੀ ਸ਼ਕਲ ਦਾ ਹੈ। ਇਸਦੇ ਪੇਂਦੇ ਵਿਚ ਛੇਕ ਹੁੰਦਾ ਹੈ, ਜਿਸ ਵਿਚੋਂ ਮੋਟੀ ਸੂਤਰੀ ਪਾ ਕੇ ਗੰਢ ਮਾਰੀ ਹੁੰਦੀ ਹੈ। ਇਸੇ ਸੂਤਰੀ ਦੇ ਮੁੱਠੇ ਨੂੰ ਪਕੜ ਕੇ ਕੈਂਸੀ ਨੂੰ ਕਾਬੂ ਵਿਚ ਰਖਿਆ ਜਾਂਦਾ ਹੈ ਤੇ ਦੋਹਾਂ ਹੱਥਾਂ ਵਿਚ ਕੈਂਸੀਆਂ ਫੜ ਕੇ, ਇਕ ਦੂਜੇ ਉਤੇ ਮਾਰ ਕੇ ਤਾਲ ਦਿਤਾ ਜਾਂਦਾ ਹੈ।

(ਕ-385) **ਕੈਂਚੀ** :

ਜੰਮੂ ਕਸ਼ਮੀਰ ਦਾ ਇਕ ਪ੍ਰਸਿਧ ਕਾਵਿ-ਰੂਪ। ਕੈਂਚੀ ਦੇ ਗੀਤਾਂ ਵਿਚ ਬ੍ਰਿਹੋਂ ਕੁੱਠੀ ਆਤਮਾ ਦੀਆਂ ਭਾਵਨਾਵਾਂ ਉਲੀਕੀਆਂ ਹੁੰਦੀਆਂ ਹਨ। ਪ੍ਰੀਤਮ ਤੋਂ ਵਿਛੜੀ ਬ੍ਰਿਹਨੀ ਆਪਣੇ ਪ੍ਰੀਤਮ ਨੂੰ ਮਿਲਣ ਲਈ ਤਾਂਘਦੀ ਤੇ ਤਰਲੋਮੱਛੀ ਹੁੰਦੀ ਹੈ। ਇਹ ਕਾਵਿ-ਰੂਪ ਭਾਵੇਂ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਬਹੁਤਾ ਪ੍ਰਚਲਤ ਨਹੀਂ ਹੋਇਆ ਪਰ ਜੰਮੂ ਕਸ਼ਮੀਰ ਦੇ ਪੰਜਾਬੀਆਂ ਦਾ ਹਰਮਨ ਪਿਆਰਾ ਗੀਤ ਹੈ ਤੇ ਪੰਜਾਬੀ ਵਿਚ ਵੀ ਇਹ ਲੋਕ-ਕਾਵਿ ਮਿਲਦਾ ਹੈ।

ਇਸ ਗੀਤ ਦਾ ਸਬੰਧ ਇਕ ਪ੍ਰੀਤ-ਕਥਾ ਨਾਲ ਹੈ। ਇਕ ਵਡੇ ਜ਼ਿਮੀਂਦਾਰ ਦੀ ਲੜਕੀ 'ਪਾਰਾ' ਜੰਗਲ ਵਿਚ ਲਕੜੀ ਕੱਟਣ ਵਾਲੀ ਫਰਮ ਦੇ ਮੁਨਸ਼ੀ ਗ਼ੁਲਾਮ ਰੱਬਾਨੀ ਨਾਲ ਮੁਹੱਬਤ ਕਰਨ ਲਗ ਪੈਂਦੀ ਹੈ। ਪਾਰਾ ਦਾ ਪਿਓ ਜ਼ਾਤ ਦਾ ਗੱਖੜ ਸੀ ਤੇ ਫਲਾਕਾਂ ਅਸ਼ਟੱਕ ਪਿੰਡ ਵਿਚ ਵਸਦਾ ਸੀ। ਪਾਰਾ ਤੇ ਰੱਬਾਨੀ ਦੋਵੇਂ ਦਰਸ਼ੀ ਨਾਂ ਦੇ ਜੰਗਲ ਵਿਚ ਲੁੱਕ ਛਿਪ ਕੇ ਮਿਲਦੇ ਰਹੇ, ਪਰ ਛੇਤੀ ਹੀ ਇਸ ਗੱਲ ਦੀ ਖ਼ਬਰ ਉਸਦੇ ਪਿਓ ਤਕ ਪਹੁੰਚ ਗਈ। ਜ਼ਿਮੀਂਦਾਰ ਨੇ 'ਪਾਰਾ' ਉਤੇ ਪਹਿਰਾ ਲਗਾ ਦਿਤਾ ਤੇ ਉਸਦਾ ਘਰੋਂ ਬਾਹਰ ਨਿਕਲਣਾ ਬੰਦ ਕਰ ਦਿਤਾ। ਕੇਦਾਰ ਨੇ ਜ਼ਿਮੀਂਦਾਰ ਦੇ ਕਹਿਣ ਉਤੇ ਮੁਨਸ਼ੀ ਗ਼ੁਲਾਮ ਰੱਬਾਨੀ ਨੂੰ ਵੀ ਉਥੋਂ ਤਬਦੀਲ ਕਰਕੇ ਕਿਸੇ ਦੂਜੀ ਥਾਂ ਭੇਜ ਦਿਤਾ। ਇਹ ਜੁਦਾਈ ਦੋਹਾਂ ਲਈ ਇਕ ਅਮੁਲ ਤੜਪ ਬਣ ਗਈ। ਬ੍ਰਿਹੋਂ ਕੁਠੀ ਪਾਰਾ ਨੇ ਇਸ ਜੁਦਾਈ ਵਿਚ ਜੋ ਗੀਤ ਗਾਏ ਉਹ 'ਕੈਂਚੀ' ਨਾਂ ਨਾਲ ਪ੍ਰਸਿਧ ਹੋਏ। "ਜੁਦਾਈ ਦੇ ਇਹ ਗੀਤ ਕਸ਼ਮੀਰ ਤੇ ਜੰਮੂ ਦੇ ਪਹਾੜੀ ਸਥਾਨਾਂ ਤੇ ਬਕਰਵਾਲਾ ਤੇ ਆਜੜੀਆਂ ਦੀਆਂ ਹੇਕਾਂ ਤੇ ਵੰਝਲੀ ਦੀਆਂ ਤਾਨਾਂ ਵਿਚ ਗੂੰਜਦੇ ਹਨ।"

ਹੇਠਾਂ ਕੈਂਚੀ ਦੇ ਕੁਝ ਨਮੂਨੇ ਦਿਤੇ ਹਨ :

(1) ਲਗੀ ਕੈਂਚੀ ਦਿਲੇ ਦੀ ਦਿਲ ਡਾਢਾ ਤੰਗ,
ਗੱਲੀ ਮਾਰਾਂ ਰਾਖਿਆ ਅੱਲਾ ਮਾਹੜੇ ਸੰਗ. ਓ
ਲਗੀ ਕੈਂਚੀ ਦਿਲੇ ਦੀ।

(2) ਦਰਸ਼ੀ ਦੇ ਬਣਾਂ ਵਿਚ ਜੋ ਕੁਝ ਮਿਲਿਆ,
ਪਹਿਲੇ ਪਹਿਲ ਸਾਵਣ ਮੈਨੂੰ ਮੁਨਸ਼ੀ ਜੀ ਮਿਲਿਆ,
ਲਗੀ ਕੈਂਚੀ ਦਿਲੇ ਦੀ।

(3) ਦਰਜ਼ੀ ਦੇ ਬਣਾ ਵਿਚ ਚੁੱਗਦੀਆਂ ਸਾਗ,
ਚਲਾ ਗਿਆ ਮੁਨਸ਼ੀ ਸੀਨੇ ਲਾਈ ਗਿਆ ਦਾਗ,
ਲਗੀ ਕੈਂਚੀ ਦਿਲੇ ਦੀ।
(4) ਦਰਜ਼ੀ ਦੇ ਬਣਾ ਵਿਚ ਛਿਕਦੀਆਂ ਆਰਾ,
ਥੋੜਾ ਰੋਂਦੀ ਤਾਨੀ ਮੁਚ ਰੋਂਦੀਆ ਪਾਰਾ।
ਲਗੀ ਕੈਂਚੀ ਦਿਲੇ ਦੀ।
(5) ਘਾਹ ਜਿ ਕਪਦੀਆ ਰਹਿ ਗਿਆ ਤੀਲਾ,
ਅਸਾਂ ਵੇ ਨਮਾਣਿਆ ਨੂੰ ਅੱਲਾਹ ਦਾ ਵਸੀਲਾ।
ਲਗੀ ਕੈਂਚੀ ਦਿਲੇ ਦੀ।

(ਕ-386) **ਕੈਂਚੀ ਖੜਕਾਣੀ** :

ਕਪੜੇ ਕੱਟਣ ਵਾਲੀ ਕੈਂਚੀ ਨੂੰ, ਬਿਨਾਂ ਲੋੜ ਦੇ ਚਲਾਣਾ ਅਥਵਾ ਖੜਕਾਣਾ ਅਸ਼ੁਭ ਹੈ ਤੇ ਘਰ ਵਿਚ ਕਲ੍ਹਾ ਵਰਤਦੀ ਹੈ। ਇਸ ਗੱਲ ਪਿਛੇ ਸ਼ਾਇਦ ਇਹ ਵਿਚਾਰ ਹੈ ਕਿ ਲੋਹਾ ਖੜਕਣਾ ਯੁੱਧ ਦਾ ਬੋਧਿਕ ਹੈ।

(2) ਕੁਸ਼ਤੀ ਦਾ ਇਕ ਦਾਓ ਕੈਂਚੀ ਹੈ, ਜਿਸ ਵਿਚ, ਵਿਰੋਧੀ ਦੀਆਂ ਦੋਹਾਂ ਲੱਤਾਂ ਵਿਚ, ਆਪਣੀ ਲੱਤਾਂ ਕੈਂਚੀ ਵਾਂਗ ਅੜਾ ਕੇ, ਉਸ ਨੂੰ ਹੇਠਾਂ ਢਾਹ ਲਿਆ ਜਾਂਦਾ ਹੈ। ਇਹ ਦਾਓ ਕੁਸ਼ਤੀ ਵਿਚ ਬੜਾ ਪ੍ਰਸਿੱਧ ਹੈ (ਵੇਖੋ : ਕੁਸ਼ਤੀ)।

(ਕ-387) **ਕੈਂਠਾ** :

ਕੈਂਠਾ (ਕੰਠਾ); ਮੋਟੇ ਮੋਟੇ ਮਣਕਿਆਂ ਦਾ ਹਾਰ ਜੋ ਮਰਦ ਗਲੇ ਵਿਚ ਪਹਿਨਦੇ ਹਨ। ਕੈਂਠੀ ਦੇ ਮਣਕੇ, ਕੈਂਠੇ ਦੇ ਮਣਕਿਆ ਨਾਲੋਂ ਜ਼ਰਾ ਛੋਟੇ ਹੁੰਦੇ ਹਨ।

(ਕ-388) **ਕੈਦੋਂ** :

ਹੀਰ ਦਾ ਚਾਚਾ ਤੇ ਚੂਚਕ ਦਾ ਭਰਾ, ਜੋ ਇਕ ਲੱਤ ਤੋਂ ਲੰਙਾ ਸੀ। ਉਹ ਫ਼ਕੀਰੀ ਬਾਣੇ ਵਿਚ ਵਿਚਰਦਾ ਸੀ। ਉਸਨੇ ਚੂਚਕ ਦੀ ਹੀਰ ਤੇ ਰਾਂਝੇ ਦੇ ਪ੍ਰੇਮ ਦੀ ਭੰਡੀ ਸਾਰੇ ਪਿੰਡ ਵਿਚ ਪਾਈ। ਵਾਰਸ ਸ਼ਾਹ ਅਨੁਸਾਰ ਕੈਦੋਂ ਨੇ ਹੀਰ ਨੂੰ ਦੁੱਧ ਵਿਚ ਜ਼ਹਿਰ ਮਿਲਾ ਕੇ ਪਿਲਾਇਆ। ਪੰਜਾਬੀ ਵਿਚ ਕੈਦੋਂ ਸ਼ਬਦ ਖਲਨਾਇਕ ਦੇ ਅਰਥਾਂ ਵਿਚ ਪ੍ਰਚਲਤ ਹੋ ਗਿਆ ਹੈ।

(ਕ-389) **ਕੋਇਲ** :

ਕੋਇਲ ਦੀ ਉਤਪੱਤੀ ਬਾਰੇ ਇਕ ਕਥਾ ਇਉਂ ਪ੍ਰਚਲਿਤ ਹੈ : ਇਕ ਜਵਾਨ ਇਸਤ੍ਰੀ ਦਾ ਪਤੀ ਮਰ ਗਿਆ। ਉਸ ਦਾ, ਇਕ ਛੋਟਾ ਜਿਹਾ ਬੱਚਾ ਵੀ ਸੀ। ਉਸ ਇਸਤ੍ਰੀ ਨੇ ਸਤੀ ਹੋਣ ਦਾ ਫੈਸਲਾ ਕੀਤਾ, ਪਰ ਉਹ ਦੋਚਿਤੀਆਂ ਵਿਚ ਸੀ। ਇਕ ਪਾਸ ਬੱਚੇ ਦਾ ਮੋਹ, ਉਸ ਨੂੰ ਸਤੀ ਹੋਣ ਤੋਂ ਵਰਜ ਰਿਹਾ ਸੀ। ਦੂਜੇ ਪਾਸੇ ਪਤੀ ਦਾ ਪ੍ਰੇਮ ਸਤੀ ਹੋਣ ਲਈ ਉਤਸ਼ਾਹਿਤ ਕਰ ਰਿਹਾ ਸੀ। ਇਸੇ ਦੋਚਿਤੀ ਵਿਚ ਉਹ ਚਿਖਾ ਤੇ ਲੰਮੀ ਪੈ ਗਈ। ਜਦੋਂ ਚਿਖਾ ਜਲੀ ਤਾਂ ਬੱਚੇ ਦੇ ਮੋਹ ਵਿਚ ਬੱਝੀ ਉਹ ਉਠਣ ਲਈ ਵਿਆਕੁਲ ਹੋਣ ਲਗੀ, ਪਰ ਅੱਗ ਦੀਆਂ ਲਪਟਾਂ ਨੇ ਉਸ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਰੀਰ ਤਾਂ ਉਸ ਦਾ ਭੁੱਜ ਗਿਆ ਪਰ ਉਸ ਦੀ ਆਤਮਾ ਕੋਇਲ ਦੇ ਰੂਪ ਵਿਚ ਉਡ ਗਈ ਅਤੇ ਆਪਣੇ ਘਰ ਦੇ ਵਿਹੜੇ ਵਿਚ, ਅੰਬਾ ਦੇ ਬ੍ਰਿੱਛ ਉਤੇ ਰਹਿਣ ਲਗੀ।

ਕੋਇਲ ਆਪਣੇ ਅੰਡੇ ਖ਼ੁਦ ਨਹੀਂ ਸੇਂਵਦੀ। ਉਹ ਇਨ੍ਹਾਂ ਨੂੰ ਕਾਂਵਾਂ ਦੇ ਆਲ੍ਹਣੇ ਵਿਚ ਧਰ ਆਉਂਦੀ ਹੈ ਤੇ ਕਾਂਓਣੀ ਉਨ੍ਹਾਂ ਨੂੰ ਆਪਣੇ ਅੰਡੇ ਸਮਝ ਕੇ, ਸੇਂਵਦੀ ਹੈ। ਜਦੋਂ ਬੱਚੇ ਰਤਾ ਕੁ ਸਿਆਣੇ ਹੋ ਜਾਂਦੇ ਹਨ ਤਾਂ ਕੋਇਲ ਆਸ ਪਾਸ ਦੇ ਬ੍ਰਿਛਾਂ ਉਤੇ ਬੈਠ ਕੇ ਅਜਿਹੀ ਮਮਤਾ ਭਰੀ ਸੁਰ ਵਿਚ ਗਾਉਂਦੀ ਹੈ ਕਿ ਬੱਚੇ ਅਵਾਜ਼ ਸਦਕਾ ਉਡ ਕੇ ਉਸ ਕੋਲ ਆ ਜਾਂਦੇ ਹਨ।

ਗੁਰਮਤਿ ਵਿਚ ਕੋਇਲ ਜਗਯਾਸੂ ਦਾ ਪ੍ਰਤੀਕ ਹੈ।

(ਕ-390) **ਕੋਹ** :

(ਸੰ: ਕ੍ਰੋਸ਼, ਫ਼: ਕਰੋਹ) ਫ਼ਾਸਲਾ ਮਾਪਣ ਦਾ ਇਕ ਮਾਪ-ਦੰਡ। ਇਸ ਦੀ ਸਹੀ ਲੰਬਾਈ ਨਿਸਚਤ ਨਹੀਂ ਕੀਤੀ ਜਾ ਸਕਦੀ, ਕਿਉਂ ਜੋ ਦੇਸ਼ ਦੇ ਭਿੰਨ ਭਿੰਨ ਇਲਾਕਿਆਂ ਵਿਚ ਇਸ ਦਾ ਮਾਪ ਵਖੋ ਵਖਰਾ ਹੈ। ਕੋਹ ਸ਼ਬਦ ਦਾ ਮੂਲ ਸੰਸਕ੍ਰਿਤ ਦਾ ਕ੍ਰੋਸ਼ ਹੈ, ਜਿਸ ਦੇ ਸ਼ਾਬਦਿਕ ਅਰਥ ਹਨ, ਗਊ ਦੇ ਅੜਿੰਗਣ ਦੀ ਧੁਨੀ। ਕੋਹ ਦਾ ਮਾਪ ਇਸੇ ਧੁਨੀ ਤੋਂ ਮਿਥਿਆ ਗਿਆ ਭਾਵ ਜਿਥੋਂ ਤਕ ਗਊ ਦੇ ਅੜਿੰਗਣ ਦੀ ਧੁਨੀ ਪਹੁੰਚ ਸਕੇ, ਉਹ ਸਾਰਾ ਫ਼ਾਸਲਾ ਕੋਹ ਸਮਝਿਆ ਜਾਣ ਲਗਾ। ਪਰ ਪਿਛੋਂ ਦੇਸ਼ ਕਾਲ ਦੇ ਭੇਦ ਨਾਲ ਕੋਹ ਦੀ ਲੰਬਾਈ ਵਿਚ ਸਮੇਂ ਸਮੇਂ ਭਿੰਨਤਾ ਆਉਂਦੀ ਗਈ।

ਪੰਜਾਬ ਵਿਚ ਭਾਰਤ ਦੇ ਹੋਰ ਇਲਾਕਿਆ ਵਾਂਗ ਫ਼ਾਸਲਾ ਮਾਪਣ ਦੀ ਇਕਾਈ ਉਂਗਲ ਹੋ ਰਹੀ ਹੈ, ਜੋ ਇੰਚ ਦੀ ਤਿੰਨ-ਚੌਥਾਈ ਮੰਨੀ ਜਾਂਦੀ ਹੈ। 24 ਉਂਗਲਾ ਦਾ ਇਕ ਹੱਥ ਹੁੰਦਾ ਹੈ ਤੇ 96 ਉਂਗਲਾਂ ਜਾਂ 4 ਹੱਥਾਂ ਦਾ ਇਕ ਧੋਨੂ (ਧਨੁਸ਼)। ਇਹ ਲੰਬਾਈ 5.81 ਫੁੱਟ ਬੈਠਦੀ ਹੈ। ਇਕ ਸੌ ਧੋਨੂ ਦਾ ਇਕਠ ਨਲਵਾ ਤੇ ਇਕ ਸੌ ਨਲਵੇ ਦਾ ਇਕ ਕੋਹ ਕਲਪਿਆ ਗਿਆ ਹੈ।

ਪੰਜਾਬ ਵਿਚ ਜੋ ਕੋਹ ਪ੍ਰਚਲਤ ਹੈ, ਉਸ ਨੂੰ ਪੰਜਾਬੀ ਕੋਹ ਜਾਂ ਪਾਤਸ਼ਾਹੀ ਕੋਹ ਵੀ ਕਿਹਾ ਜਾਂਦਾ ਹੈ, ਕਿਉਂ ਜੋ ਇਹੋ ਕੋਹ ਕੁਝ ਮੁਗ਼ਲ ਪਾਤਸ਼ਾਹਾ ਸਮੇਂ, ਸਰਕਾਰੀ ਮਾਪਾ

ਵਿਚ ਵਰਤਿਆ ਜਾਂਦਾ ਰਿਹਾ ਹੈ। ਇਹ ਮਾਪ ਵਿਚ ਕੋਹ ਦੇ ਹੋਰ ਸਭ ਮਾਪਾਂ ਵਿਚੋਂ ਸਭ ਤੋਂ ਛੋਟਾ ਹੈ ਅਥਵਾ ਸਵਾ ਕੁ ਮੀਲ ਦਾ ਹੈ।

ਆਇਨੇ ਅਕਬਰੀ ਅਨੁਸਾਰ ਇਕ ਕੋਹ 100 ਤਨਾਬ ਦਾ ਹੁੰਦਾ ਹੈ, ਅਗੋਂ ਇਕ ਤਨਾਬ 50 ਗਜ਼ਾਂ ਜਾਂ ਫਿਰ ਕੋਹ 400 ਬਾਂਸਾਂ ਦਾ ਹੁੰਦਾ ਹੈ ਤੇ ਹਰੇਕ ਬਾਂਸ ਅਗੋਂ ਸਾਢੇ ਬਾਰਾਂ ਗਜ਼ ਦਾ। ਇਸ ਤਰ੍ਹਾਂ ਇਕ ਕੋਹ 5000 ਗਜ਼ਾਂ ਦਾ ਬਣਦਾ ਹੈ। ਅਕਬਰ ਦੇ ਸਮੇਂ ਇਲਾਹੀ ਗਜ਼ 32 818 ਇੰਚ ਅਥਵਾ 33 ਇੰਚ ਹੁੰਦਾ ਸੀ। ਇਸ ਤਰ੍ਹਾਂ ਇਕ ਕੋਹ 1 ਮੀਲ 4 ਫਰਲਾਂਗ ਤੇ 158 ਗਜ਼ਾਂ ਦਾ ਸੀ। ਅਕਬਰ ਦੇ ਸਮੇਂ ਪ੍ਰਚਲਤ ਕੋਹ ਨੂੰ 'ਅਕਬਰੀ ਕੋਹ' ਕਿਹਾ ਜਾਂਦਾ ਸੀ।

ਜਹਾਂਗੀਰ ਆਪਣੀ ਸਵੈ-ਜੀਵਨੀ 'ਤਜ਼ਕੇ ਜਹਾਂਗੀਰੀ' ਵਿਚ ਲਿਖਦਾ ਹੈ ਕਿ ਉਸਨੇ ਲਾਹੌਰ ਤੋਂ ਆਗਰੇ ਵਿਚ ਅੱਠ ਅੱਠ ਕੋਹਾਂ ਉਤੇ ਸਰਾਵਾਂ ਬਨਾਉਣ ਦਾ ਹੁਕਮ ਦਿਤਾ। ਇਹ ਸਰਾਵਾਂ 9 ਤੋਂ 13 ਮੀਲਾਂ ਦੇ ਫ਼ਾਸਲੇ ਉਤੇ ਸਨ। ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਜਹਾਂਗੀਰੀ ਕੋਹ ਸਵਾ ਜਾਂ ਡੇਢ ਮੀਲ ਦੇ ਬਰਾਬਰ ਸੀ।

ਪੰਜਾਬ ਵਿਚ ਕੋਹ ਡੇਢ ਕੁ ਮੀਲ ਦੇ ਬਰਾਬਰ ਹੀ ਮੰਨਿਆ ਜਾਂਦਾ ਹੈ। ਕੱਚਾ ਕੋਹ ਮੀਲ ਦੇ ਬਰਾਬਰ ਹੁੰਦਾ ਹੈ।

ਅਲੈਗਜ਼ੈਂਡਰ ਕਨਿੰਘਮ ਅਨੁਸਾਰ ਉੱਤਰੀ ਭਾਰਤ ਵਿਚ ਤਿੰਨ ਪ੍ਰਕਾਰ ਦੇ ਕੋਹ ਪ੍ਰਚਲਤ ਹਨ ਤੇ ਇਨ੍ਹਾਂ ਤਿੰਨਾਂ ਦੇ ਮਾਪ ਵਿਚ ਭਿੰਨਤਾ ਹੈ। ਪੰਜਾਬ ਦਾ ਕੋਹ ਸਵਾ ਕੁ ਮੀਲ ਲੰਬਾਈ ਦਾ ਹੈ। ਗੰਗਾ ਦਰਿਆ ਦੇ ਦੁਹਾਂ ਕੰਢਿਆਂ ਨਾਲ ਲਗਦੇ ਜ਼ਿਲਿਆਂ ਵਿਚ ਜੋ ਕੋਹ ਪ੍ਰਚਲਤ ਹੈ, ਉਹ ਸਵਾ ਦੋ ਮੀਲ ਦੇ ਬਰਾਬਰ ਹੈ। ਬੁੰਦੇਲਖੰਡ ਤੇ ਜਮਨਾ ਦੇ ਦੱਖਣ ਵਲ ਦੀਆਂ ਪ੍ਰਾਂਤਾਂ ਵਿਚ, ਜੋ ਕੋਹ ਵਰਤਿਆ ਜਾਂਦਾ ਹੈ, ਉਸਨੂੰ ਬੁੰਦੇਲਾ ਕੋਹ ਆਖਦੇ ਹਨ ਤੇ ਇਸਦੀ ਲੰਬਾਈ ਲਗਪਗ 4 ਮੀਲਾਂ ਦੇ ਬਰਾਬਰ ਹੈ। ਮੈਸੂਰ ਵਿਚ ਵੀ ਇਹੋ ਕੋਹ ਪ੍ਰਚਲਤ ਹੈ। ਦੱਖਣੀ-ਭਾਰਤ ਦੇ ਕੋਹਾਂ ਦੀ ਲੰਬਾਈ ਉੱਤਰੀ ਭਾਰਤ ਦੇ ਕੋਹਾਂ ਤੋਂ ਬਹੁਤ ਜ਼ਿਆਦਾ ਹੈ।

ਭਾਰਤ ਵਿਚ ਜੋ ਕੋਹ ਮਿਨਾਰ ਉਸਰੇ ਮਿਲਦੇ ਹਨ, ਇਨ੍ਹਾਂ ਬਾਰੇ ਵਿਚਾਰ ਹੈ ਕਿ ਇਹ ਦੋ ਦੋ ਕੋਹਾਂ ਦੀ ਵਿਥ ਉਤੇ ਲਗੇ ਹੋਏ ਹਨ ਅਤੇ ਇਕ ਕੋਹ 2500 ਗਜ਼ ਦਾ ਹੈ।

(ਕ-391) **ਕੋਹ ਕਾਫ** :

ਮੁਸਲਮਾਨੀ ਮਿਥਿਕ ਕਥਾਵਾਂ ਅਨੁਸਾਰ ਇਕ ਪਹਾੜ ਜਿਥੇ ਪਰੀਆਂ ਤੇ ਦੇਵਾਂ ਆਦਿ ਨਾਲ ਪਰਾਸਰੀਰਕ ਪ੍ਰਾਣੀਆਂ ਦਾ ਵਾਸਾ ਹੈ। ਕਿਹਾ ਜਾਂਦਾ ਹੈ ਕਿ ਇਹ ਸਾਰਾ ਪਹਾੜ ਪੰਨੇ, ਸਬਜ਼ੇ ਤੇ ਲਾਲ ਆਦਿ ਹੀਰਿਆਂ ਦਾ ਬਣਿਆ ਹੋਇਆ ਹੈ ਅਤੇ ਇਥੇ ਸੁੰਦਰ ਸਬਜ਼ ਪਾਣੀ ਦੇ ਬੜੇ ਖ਼ੂਬਸੂਰਤ ਹੌਜ਼ ਹਨ।

ਮੁਸਲਮਾਨੀ ਰਵਾਇਤਾਂ ਅਨੁਸਾਰ ਕੋਹ ਕਾਫ ਦੀ ਪਰਬਤਮਾਲਾ ਨੇ ਸਾਰੀ ਦੁਨੀਆਂ ਨੂੰ ਫ਼ਸੀਲ ਵਾਂਗ ਆਪਣੇ ਘੇਰੇ ਵਿਚ ਲਿਆ ਹੋਇਆ ਹੈ।

ਕੈਸਪੀਅਨ ਸਾਗਰ ਤੇ ਕਾਲੇ ਸਾਗਰ ਵਿਚ ਕੋਕੇਸਸ ਨਾਉਂ ਦੇ ਪਹਾੜ ਨੂੰ ਵੀ ਕਾਫ ਕਿਹਾ ਜਾਂਦਾ ਹੈ। ਪਰ ਸੰਭਵ ਹੈ ਕਿ ਇਸ ਪਹਾੜ ਦਾ ਨਾਉਂ ਉਸ ਕਲਪਿਤ ਪਹਾੜ ਦੇ ਨਾਉਂ ਉਤੇ ਹੀ ਰੱਖ ਦਿਤਾ ਗਿਆ ਹੋਵੇ। ਇਸ ਪਰਬਤ ਵਿਚ ਵਸਦੀਆਂ ਮੁਟਿਆਰਾਂ ਵੀ ਬੜੀਆਂ ਖ਼ੂਬਸੂਰਤ ਹਨ, ਪਰੀਆਂ ਵਰਗੀਆਂ ਹੁਸੀਨ।

ਪੰਜਾਬੀ ਕਿੱਸਿਆਂ ਵਿਚ ਕੋਹ ਕਾਫ ਦਾ ਵਰਨਣ ਆਮ ਮਿਲਦਾ ਹੈ। ਮੁਹੰਮਦ ਬਖ਼ਸ਼ ਰਚਿਤ ਕਿੱਸਾ 'ਸੈਫ-ਉਲ-ਮਲੂਕ' ਦਾ ਕਰਮ ਖੇਤਰ 'ਕੋਹ ਕਾਫ' ਹੀ ਹੈ।

(ਕ-392) **ਕੋਹ ਤੂਰ**

ਮਿਸਰ ਦਾ ਇਕ ਪ੍ਰਸਿਧ ਪਹਾੜ, ਜਿਸ ਨੂੰ ਸਾਮੀ ਧਰਮੀ ਬੜਾ ਪਵਿਤ੍ਰ ਮੰਨਦੇ ਹਨ। ਇਥੇ ਹਜ਼ਰਤ ਮੂਸਾ ਨੂੰ ਰੱਬੀ ਨੂਰ ਦੇ ਦੀਦਾਰ ਹੋਏ ਸਨ। ਬਾਈਬਲ ਤੇ ਕੁਰਾਨ ਅਨੁਸਾਰ ਇਥੇ ਹਜ਼ਰਤ ਮੂਸਾ ਖ਼ੁਦਾ ਨਾਲ ਗੱਲਾਂ ਕੀਤਾ ਕਰਦੇ ਸਨ। ਖ਼ੁਦਾ ਨੇ ਆਪਣੇ ਹੱਥਾਂ ਨਾਲ ਕੁਝ ਆਦੇਸ਼ ਸ਼ਿਲਾਂ ਉਤੇ ਲਿਖ ਕੇ ਮੂਸਾ ਨੂੰ ਦਿਤੇ ਸਨ। ਇਹ ਆਦੇਸ਼ ਬਾਅਦ ਵਿਚ ਯਹੂਦੀਆਂ ਵਿਚ 'ਦਸ ਹੁਕਮ' ਦੇ ਨਾਂ ਨਾਲ ਪ੍ਰਸਿਧ ਹੋਏ। ਇਨ੍ਹਾਂ ਦਸ ਆਦੇਸ਼ਾਂ ਉਤੇ ਈਸਾਈ ਵੀ ਵਿਸ਼ਵਾਸ ਰਖਦੇ ਹਨ।

ਇਕ ਰਵਾਇਤ ਅਨੁਸਾਰ, ਕੋਹ ਤੂਰ ਉਤੇ, ਇਕ ਵਾਰ ਖ਼ੁਦਾ ਤੇ ਮੂਸਾ ਵਿਚ 40 ਦਿਨ ਲਗਾਤਾਰ ਗੱਲਬਾਤ ਹੁੰਦੀ ਰਹੀ। ਮੂਸਾ ਨੇ ਇਨ੍ਹੀਂ ਦਿਨੀਂ ਅੰਨ-ਪਾਣੀ ਤਕ ਮੂੰਹ ਨਹੀਂ ਸੀ ਲਗਾਇਆ। ਇਸੇ ਲਈ ਯਹੂਦੀਆਂ ਵਿਚ ਇਹ ਚਾਲੀ ਦਿਨ ਰੋਜ਼ੇ ਰਖੇ ਜਾਂਦੇ ਹਨ (ਵੇਖੋ : ਮੂਸਾ)।

(ਕ-393) **ਕੋਹ ਨੂਰ**

ਸੰਸਾਰ ਦੇ ਪ੍ਰਸਿਧ ਹੀਰਿਆਂ ਵਿਚੋਂ ਇਕ; ਇਹ ਹੀਰਾ ਕੋਲੂਰ, ਜੋ ਕਿਸਤਨਾ ਵਿਖੇ ਹੈ, ਤੋਂ ਲਭਿਆ। ਕੋਲੂਰ ਤੋਂ ਹੀ ਇਸ ਹੀਰੇ ਦਾ ਨਾਉਂ 'ਕੋਹ ਨੂਰ' ਰਖਿਆ ਗਿਆ, ਜਿਸ ਦੇ ਅਰਥ ਹਨ ਰੌਸ਼ਨੀ ਦਾ ਪਹਾੜ।

ਇਸ ਹੀਰੇ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ। ਇਕ ਦੰਦ-ਕਥਾ ਅਨੁਸਾਰ ਮਹਾਂਭਾਰਤ ਦੇ ਨਾਇਕਾਂ ਵਿਚੋਂ ਇਕ ਨੇ ਇਸ ਹੀਰੇ ਨੂੰ ਪਹਿਨਿਆ। ਪਰ ਇਸੇ ਹੀਰੇ ਬਾਰੇ

ਪਹਿਲਾਂ ਇਤਿਹਾਸਕ ਹਵਾਲਾ ਇਹੋ ਹੈ ਕਿ ਸਮਰਾਟ ਬਾਬਰ ਕਹਿੰਦਾ ਹੈ ਕਿ ਉਸ ਦੇ ਲੜਕੇ ਹੁਮਾਯੂੰ ਨੇ 1526 ਵਿਚ ਇਹ ਹੀਰਾ ਰਾਜਾ ਬਿਕਰਮਾਜੀਤ ਦੇ ਪਰਿਵਾਰ ਤੋਂ ਆਗਰੇ ਵਿਖੇ ਪ੍ਰਾਪਤ ਕੀਤਾ। ਇਸ ਤੋਂ ਪਹਿਲਾਂ ਜਾਪਦਾ ਹੈ ਕਿ ਇਹ ਹੀਰਾ ਸੁਲਤਾਨ ਅਲਾਉਦੀਨ ਕੋਲ ਸੀ, ਜਿਸ ਨੇ 1304 ਈਸਵੀ ਵਿਚ ਮਾਲਵੇ ਦੇ ਰਾਜੇ ਤੋਂ ਹਾਸਿਲ ਕੀਤਾ।

ਹੁਮਾਯੂੰ ਜਦੋਂ ਭਾਰਤ ਵਿਚ ਹਾਰ ਖਾ ਕੇ ਕਾਬੁਲ ਵਲ ਨਸਿਆ ਤਾਂ ਉਸ ਨੇ ਇਹ ਹੀਰਾ ਪਰਸ਼ੀਆ ਦੇ ਸ਼ਾਹ ਨੂੰ ਭੇਟ ਕੀਤਾ। ਉਥੋਂ ਇਹ ਹੀਰਾ ਦੱਖਣ ਵਿਚ ਆਇਆ ਉਥੋਂ ਫਿਰ ਔਰੰਗਜ਼ੇਬ ਨੂੰ ਭੇਟ ਕੀਤਾ ਗਿਆ।

ਰਵਾਇਤ ਹੈ ਕਿ ਜਦੋਂ ਕੋਹਨੂਰ ਹੀਰਾ ਪਰਸ਼ੀਆ ਵਿਚ ਸੀ ਤਾਂ ਉਸ ਨੂੰ ਚੀਰਿਆ ਗਿਆ ਅਤੇ ਇਸ ਦਾ ਇਕ ਟੁਕੜਾ ਰੂਸ ਦੇ ਬਾਦਸ਼ਾਹ ਦੇ ਤਾਜ ਵਿਚ ਜੜ੍ਹਿਆ ਗਿਆ ਅਤੇ ਦੂਜਾ ਟੁਕੜਾ ਫਾਰਸ ਵਿਚ ਮੌਜੂਦ ਹੈ।

ਮੁਗਲ ਸਮਰਾਟ ਤੋਂ 1738 ਵਿਚ ਇਹ ਹੀਰਾ ਨਾਦਰਸ਼ਾਹ ਫ਼ਾਰਸ ਲੈ ਗਿਆ, ਜੋ ਉਸ ਦੀ ਮੌਤ ਪਿਛੋਂ ਅਹਿਮਦ ਸ਼ਾਹ ਦੇ ਹੱਥ ਚੜ੍ਹਿਆ। ਫਿਰ ਸ਼ਾਹ ਜ਼ਮਾਨ ਤੇ ਸ਼ਾਹ ਸ਼ੁਜਾਹ ਦੇ ਹੱਥ ਲਗਾ। ਜਿਨ੍ਹਾਂ ਤੋਂ 1833 ਵਿਚ ਰਣਜੀਤ ਸਿੰਘ ਨੇ ਤਾਕਤ ਨਾਲ ਖੋਹ ਲਿਆ। ਸਿੱਖ ਰਾਜ ਦੇ ਖ਼ਾਤਮੇ 'ਤੇ ਇਹ ਹੀਰਾ ਅੰਗਰੇਜ਼ਾਂ ਦੇ ਹੱਥ ਲਗਾ।

•

(ਕ-394) **ਕੋਹੜ** :

ਇਕ ਭਿਆਨਕ ਰੋਗ, ਜਿਸ ਨਾਲ ਕਈ ਕਿਸਮ ਦੀ ਲੋਕਧਾਰਾ ਜੁੜੀ ਹੋਈ ਹੈ। ਪੰਜਾਬ ਵਿਚ ਕੋਹੜ ਦੇ ਮੁੱਢ ਬਾਰੇ ਇਕ ਮਿਥਿਹਾਸਕ ਕ਼ਥਾ ਪ੍ਰਚਲਿਤ ਹੈ। ਰਾਜਾ ਬਾਸ਼ਕ ਦੀ ਕੁੱਲ ਦਾ ਇਕ ਨਾਗ, ਕਿਸੇ ਗਊ ਨੂੰ ਡਸ ਗਿਆ। ਗਊ ਨੇ ਮਰਨ ਵੇਲੇ, ਪੀੜਤ ਹੋ ਕੇ ਰਾਜੇ ਬਾਸ਼ਕ ਨੂੰ ਸਰਾਪ ਦਿਤਾ ਕਿ ਜੇ ਬਾਸ਼ਕ ਆਪਣੇ ਨਾਗਾਂ ਨੂੰ, ਗਊਆਂ ਤੇ ਬ੍ਰਾਹਮਣਾਂ ਨੂੰ ਨਾ ਡੱਸਣ ਦਾ ਹੁਕਮ ਨਹੀਂ ਦੇਂਦਾ, ਤਾਂ ਉਹ ਕੋਹੜੀ ਹੋ ਜਾਵੇ। ਬਾਸ਼ਕ ਨਾਗ ਨੂੰ ਜਦੋਂ ਕੋਹੜ ਹੋ ਗਿਆ ਤਾਂ ਰੋਗ ਨੂੰ ਦੂਰ ਕਰਨ ਲਈ ਅੰਮ੍ਰਿਤ ਦੀ ਭਾਲ ਕੀਤੀ ਗਈ। ਇਹ ਅੰਮ੍ਰਿਤ ਸਫੇਦੋਂ ਦੇ ਇਕ ਖੂਹ ਵਿਚ ਬੰਦ ਸੀ ਅਤੇ ਇਸ ਖੂਹ ਦੇ ਮੂੰਹ ਉਤੇ ਭਾਰੀ ਪੱਥਰ ਰਖੇ ਹੋਏ ਜਨ ਜਿਨ੍ਹਾਂ ਨੂੰ ਚੱਕਣ ਲਈ ਕਾਫ਼ੀ ਸ਼ਕਤੀ ਦੀ ਲੋੜ ਸੀ। ਇਹ ਖੂਹ ਪਾਂਡਵਾਂ ਦੇ ਅਧਿਕਾਰ ਵਿਚ ਸੀ। ਪਾਂਡਵਾਂ ਦਾ ਨਾਗਿਆਂ ਨਾਲ ਵੈਰ ਸੀ, ਜਿਸ ਦਾ ਕਾਰਨ ਇਹ ਸੀ ਕਿ ਰਾਜਾ ਬਾਸ਼ਕ ਨੇ ਆਪਣੀ ਲੜਕੀ ਨਿਵਲ ਦੇਈ ਦਾ ਰਿਸ਼ਤਾ ਪਾਂਡੂ ਕੁੱਲ ਦੇ ਇਕ ਯੁਵਕ ਨਾਲ ਕਰ ਕੇ ਮੋੜ ਲਿਆ ਸੀ। ਪਾਂਡਵਾਂ ਨੂੰ ਪਤਾ ਸੀ ਕਿ ਨਿਵਲ ਦੇਈ ਆਪਣੇ ਪਿਓ ਦਾ ਕੋਹੜ ਦੂਰ ਕਰਨ ਖ਼ਾਤਰ, ਇਸ ਖੂਹ ਵਿਚੋਂ ਅੰਮ੍ਰਿਤ ਲੈਣ ਆਏਗੀ। ਸੋ ਉਨ੍ਹਾਂ ਕਰੜਾ ਪਹਿਰਾ ਬਿਠਾ ਦਿਤਾ ਤੇ ਜਦੋਂ ਨਿਵਲ ਦੇਈ ਖੂਹ ਵਿਚੋਂ ਅੰਮ੍ਰਿਤ ਲੈਣ ਆਈ ਤਾਂ ਪਾਂਡੂ ਯੁਵਕ, ਜੋ ਉਸ ਦਾ ਮੰਗੇਤਰ ਸੀ, ਨੇ ਉਸ ਦਾ ਰਾਹ ਰੋਕ ਲਿਆ। ਪਾਂਡੂ ਨੇ, ਇਸ ਸ਼ਰਤ ਉਤੇ, ਨਿਵਲ ਦੇਈ ਨੂੰ ਅੰਮ੍ਰਿਤ ਲੈਣ ਦੀ ਆਗਿਆ ਦਿਤੀ ਕਿ ਉਹ ਆਪਣੇ ਪਿਤਾ ਦਾ ਕੋਹੜ ਦੂਰ ਕਰ ਕੇ, ਮੁੜ ਇਥੇ ਵਾਪਸ ਆ ਜਾਵੇਗੀ।

ਨਿਵਲ ਦੇਈ ਨੇ, ਇਸ ਅੰਮ੍ਰਿਤ ਨੂੰ, ਰਾਜਾ ਬਾਸ਼ਕ ਦੇ ਸਾਰੇ ਸਰੀਰ ਉਤੇ ਮਲਿਆ, ਪਰ ਅੰਗੂਠੇ ਉਤੇ ਹੱਥ ਰਖੀ ਰਖਿਆ। ਰਾਜਾ ਬਾਸ਼ਕ ਦਾ ਅੰਗੂਠੇ ਤੋਂ ਬਿਨਾਂ ਸਾਰਾ ਸਰੀਰ ਅਰੋਗ ਹੋ ਗਿਆ। ਫਿਰ ਨਿਵਲ ਦੇਈ ਅੰਗੂਠੇ ਲਈ ਹੋਰ ਅੰਮ੍ਰਿਤ ਲੈਣ ਦੇ ਬਹਾਨੇ, ਖੂਹ ਉਤੇ ਗਈ, ਜਿਥੇ ਉਸ ਦਾ ਮੰਗੇਤਰ ਉਸ ਨੂੰ ਖੜਾ ਉਡੀਕ ਰਿਹਾ ਸੀ। ਉਹ ਨਿਵਲ ਦੇਈ ਨੂੰ ਉਧਾਲ ਕੇ ਲੈ ਗਿਆ। ਬਾਸ਼ਕ ਨਾਗ ਦਾ ਅੰਗੂਠਾ ਰੋਗ ਤੋਂ ਮੁਕਤ ਨਾ ਹੋਣ ਕਰਕੇ ਦੁਨੀਆਂ ਵਿਚ ਹਮੇਸ਼ਾਂ ਲਈ ਕੋਹੜ ਰਹਿ ਗਿਆ।

ਹਿੰਦੂ ਲੋਕਧਾਰਾ ਅਨੁਸਾਰ ਕੋਹੜ ਦੀ ਬੀਮਾਰੀ ਪਿਛਲੇ ਜਨਮ ਦੇ ਕਿਸੇ ਘੋਰ ਪਾਪ ਦ ਸਿੱਟਾ ਹੈ। ਕਈ ਕੋਹੜ ਨੂੰ ਸੂਰਜ ਦੇਵਤੇ ਦੀ ਕਰੋਪੀ ਮੰਨਦੇ ਹਨ। ਹੇਰੋਡੋਟਸ ਅਨੁਸਾਰ ਈਰਾਨੀਆਂ ਵਿਚ ਵੀ ਇਹ ਵਿਚਾਰ ਪ੍ਰਚਲਤ ਹੈ। ਇਕ ਵਿਸ਼ਵਾਸ ਅਨੁਸਾਰ ਸਤੀ ਇਸਤ੍ਰੀ ਦੇ ਸਰਾਪ ਤੋਂ ਕੋਹੜ ਹੋ ਜਾਂਦਾ ਹੈ। ਠੱਗਾਂ ਵਿਚ ਇਹ ਵਿਚਾਰ ਪ੍ਰਚਲਤ ਹੈ ਕਿ ਜੋ ਸ਼ਖਸ ਆਪਣੇ ਭਾਈਚਾਰੇ ਦੇ ਕਿਸੇ ਬੰਦੇ ਨਾਲ ਧੋਖਾ ਕਰਦੇ ਹਨ, ਉਨ੍ਹਾਂ ਨੂੰ ਇਹ ਰੋਗ ਲਗਦਾ ਹੈ। ਇਕ ਵਿਚਾਰ ਇਹ ਵੀ ਹੈ ਕਿ ਸੱਪ ਮਾਰਨ ਨਾਲ ਕੋਹੜ ਹੋ ਜਾਂਦਾ ਹੈ। ਜੇ ਦੋਮੂੰਹੀ ਫਿਸੀ ਸੁੰਘ ਜਾਵੇ ਜਾਂ ਕੋਹੜ ਕਿਰਲੀ ਦਾ ਸੁੰਘਿਆ ਲੂਣ ਖਾ ਲਿਆ ਜਾਵੇ ਤਾਂ ਵੀ ਇਸ ਰੋਗ ਦੇ ਹੋਣ ਦਾ ਡਰ ਰਹਿੰਦਾ ਹੈ। ਸਫੇਦ ਕੋਹੜ ਨੂੰ ਮੱਛੀ ਤੋਂ ਦੁੱਧ ਜਾਂ ਕੋਈ ਸਫ਼ੇਦ ਚੀਜ਼ ਖਾ ਲੈਣ ਨਾਲ ਹੁੰਦਾ ਮੰਨਦੇ ਹਨ।

ਕਈ ਸਰੋਵਰਾਂ ਤੇ ਖੂਹਾਂ ਆਦਿ ਦੇ ਜਲ ਵਿਚ ਕੋਹੜ ਦੂਰ ਕਰਨ ਦੀ ਦੈਵੀ ਸ਼ਕਤੀ ਮੰਨੀ ਜਾਂਦੀ ਹੈ। ਇਸ ਗੱਲ ਤੋਂ ਸ਼ਕਤੀ ਮਿਲੀ ਹੈ ਕਿ ਸਭ ਤੋਂ ਪਹਿਲੇ ਕੋਹੜੀ ਰਾਜਾ ਬਾਸ਼ਕ ਦਾ ਕੋਹੜ, ਖੂਹ ਦੇ ਜਲ ਨਾਲ ਹੀ ਦੂਰ ਹੋਇਆ ਸੀ। ਸਿੱਖੀ ਰਵਾਇਤਾਂ ਅਨੁਸਾਰ ਹਰਿਮੰਦਰ ਸਾਹਿਬ ਵਿਚ, ਜਿਥੇ ਦੁਖਭੰਜਨੀ ਬੇਰੀ ਹੈ, ਉਥੇ ਪੁਰਾਣੇ ਵੇਲਿਆਂ ਵਿਚ ਪਹਿਲੇ ਵੀ ਇਕ ਤਾਲ ਹੁੰਦਾ ਸੀ। ਇਕ ਕੋਹੜੀ ਰਾਜੇ ਨੇ ਵੇਖਿਆ ਕਿ ਇਸ ਤਾਲ ਵਿਚ ਕਾਂ ਇਸ਼ਨਾਨ ਕਰ ਕੇ ਹੰਸ ਬਣ ਰਹੇ ਹਨ, ਸੋ ਕੋਹੜੀ ਨੇ ਆਪਣੀ ਉਂਗਲ ਨੂੰ ਬਾਹਰ ਕਢ ਕੇ ਇਸ਼ਨਾਨ ਕੀਤਾ ਤੇ ਉਸ ਦਾ

ਕੋਹੜ ਦੂਰ ਹੋ ਗਿਆ। ਪਿਛੋਂ ਉਸ ਦੀ ਪਤਨੀ ਆਈ ਤਾਂ ਕੋਹੜੀ ਦੀ ਥਾਂ ਇਕ ਖੂਬਸੂਰਤ ਗਭਰੂ ਵੇਖ ਕੇ, ਹੈਰਾਨ ਰਹਿ ਗਈ। ਪਹਿਲਾਂ ਤਾਂ ਉਸ ਨੇ ਇਹ ਸਮਝਿਆ ਕਿ ਇਸ ਗਭਰੂ ਨੇ ਰਾਜ ਭਾਗ ਦੇ ਲਾਲਚ ਵਿਚ, ਉਸ ਦੇ ਪਤੀ ਨੂੰ ਮਾਰ ਦਿਤਾ ਹੈ, ਪਰ ਪਿਛੋਂ ਉਂਗਲੀ ਤੇ ਕਈ ਹੋਰ ਨਿਸ਼ਾਨੀਆਂ ਤੋਂ ਸਿਧ ਹੋ ਗਿਆ ਕਿ ਇਹੋ ਪਿੰਗਲਾ ਉਸ ਦਾ ਪਤੀ ਹੈ। ਇਸੇ ਨਾਲ ਮਿਲਦੀ ਜੁਲਦੀ ਕਥਾ ਰਜਨੀ ਬਾਰੇ ਪ੍ਰਚਲਿਤ ਹੈ।

ਤਰਨ ਤਾਰਨ ਦੇ ਸਰੋਵਰ ਦੇ ਜਲ ਵਿਚ ਵੀ ਕੋਹੜ ਦੂਰ ਕਰਨ ਦੀ ਸ਼ਕਤੀ ਮੰਨੀ ਗਈ ਹੈ। ਕਿਹਾ ਜਾਂਦਾ ਹੈ ਕਿ ਜੇ ਕੋਈ ਤਰਨ ਤਾਰਨ ਦੇ ਸਰੋਵਰ ਨੂੰ ਤਰ ਕੇ ਪਾਰ ਕਰ ਜਾਏ ਤਾਂ ਉਸ ਦਾ ਕੋਹੜ ਠੀਕ ਹੋ ਜਾਂਦਾ ਹੈ।

ਪਛਮੀ ਪੰਜਾਬ ਵਿਚ, ਮੁਜ਼ਫਰਗੜ੍ਹ ਵਿਚ, ਪੀਰ ਦਾਊਦ ਜੰਗਨੀਆਂ ਦੀ ਦਰਗਾਹ ਉਤੇ ਦੂਰੋਂ ਦੂਰੋਂ ਕੋਹੜੀ ਆਉਂਦੇ ਹਨ। ਵਿਸ਼ਵਾਸ਼ ਹੈ ਕਿ ਉਥੇ ਗਰਮ ਤੇ ਠੰਡੀ ਰੇਤ ਦੇ ਇਸ਼ਨਾਨ ਨਾਲ ਉਨ੍ਹਾਂ ਦਾ ਕੋਹੜ ਠੀਕ ਹੋ ਜਾਂਦਾ ਹੈ। ਅਰੋਗ ਹੋਣ ਉਤੇ, ਉਹ ਸਰੀਰ ਦੇ ਉਸ ਅੰਗ, ਜਿਸ ਉਤੇ ਪਹਿਲਾਂ ਕੋਹੜ ਸੀ, ਦਾ ਮਾਡਲ ਵਿਤ ਅਨੁਸਾਰ ਚਾਂਦੀ ਜਾਂ ਸੋਨੇ ਦਾ ਬਣਾ ਕੇ ਦਰਗਾਹ ਵਿਚ ਦਾਨ ਕੀਤਾ ਜਾਂਦਾ ਹੈ। ਕੁਝ ਅਜਿਹੇ ਚਾਂਦੀ ਦੇ ਅੰਗ ਉਥੇ ਪ੍ਰਦਰਸ਼ਨੀ ਵਜੋਂ ਰਖੇ ਜਾਂਦੇ ਹਨ। ਕਈ ਹੋਰ ਧਰਮ ਅਸਥਾਨਾਂ ਬਾਰੇ ਵੀ ਵਿਸ਼ਵਾਸ਼ ਹੈ ਕਿ ਉਥੇ ਯਾਤ੍ਰਾ ਤੇ ਇਸ਼ਨਾਨ ਕਰਨ ਨਾਲ ਕੋਹੜ ਦੂਰ ਹੋ ਜਾਂਦਾ ਹੈ।

ਇਕ ਵਿਸ਼ਵਾਸ਼ ਇਹ ਵੀ ਹੈ ਜੇ ਕੋਹੜੀ ਨੂੰ 12 ਸਾਲ ਲਈ ਨਿੰਮ ਦੇ ਬਿਛ ਹੇਠ ਰਖਿਆ ਜਾਵੇ ਤਾਂ ਉਸ ਦਾ ਰੋਗ ਦੂਰ ਹੋ ਜਾਂਦਾ ਹੈ।

ਕੋਹੜੀ ਦੀ ਮੌਤ ਉਤੇ, ਮ੍ਰਿਤੂ ਨਾਲ ਸਬੰਧਿਤ ਕਿਰਿਆ-ਕਰਮ ਤੇ ਸੰਸਕਾਰ ਨਹੀਂ ਕੀਤੇ ਜਾਂਦੇ। ਕੁਝ ਲੋਕਾਂ ਵਿਚ ਭਰਮ ਹੈ ਕਿ ਜੇ ਕੋਹੜੀ ਕੁਦਰਤੀ ਮੌਤ ਮਰੇ ਤਾਂ ਉਸ ਦਾ ਕੋਹੜ ਕਿਸੇ ਦੂਜੇ ਸਾਕ-ਸਬੰਧੀ ਨੂੰ ਚੰਮੜ ਜਾਂਦਾ ਹੈ। ਕਈ ਕੋਹੜੀ ਖੁਦ ਹੀ ਆਪਣਾ ਕਿਰਿਆ ਕਰਮ ਤੇ ਸੰਸਕਾਰ ਕਰ ਕੇ ਜੀਉਂਦੇ ਹੀ, ਆਪਣੇ ਆਪ ਨੂੰ ਕਬਰ ਵਿਚ ਦਫ਼ਨ ਕਰ ਲੈਂਦੇ ਹਨ, ਇਕ ਤਾਂ ਇਸ ਤਰ੍ਹਾਂ ਉਸ ਦਾ ਕੋਹੜ ਕੁੱਲ ਦੇ ਕਿਸੇ ਦੂਜੇ ਜੀਵ ਵਿਚ ਪ੍ਰਵੇਸ਼ ਨਹੀਂ ਹੁੰਦਾ। ਦੂਜਾ, ਕਿਰਿਆ ਕਰਮ ਹੋ ਜਾਣ ਕਰ ਕੇ ਕੋਹੜੀ ਦੀ ਰੂਹ ਅਗਲੇ ਲੋਕ ਵਿਚ ਭਟਕਦੀ ਨਹੀਂ ਰਹਿੰਦੀ।

(ਕ-395) **ਕੋਕਰੀ** :

ਪੁਆਧ ਵਿਚ, ਕੰਨ ਦੇ ਇਕ ਗਹਿਣੇ ਨੂੰ, ਕੋਕਰੀ ਕਹਿੰਦੇ ਹਨ। ਇਹ ਕਰੂੰਬਲ ਦੀ ਸ਼ਕਲ ਦਾ ਹੁੰਦਾ ਹੈ।

(ਕ-396) **ਕੋਕਲਾ** :

(1) ਕੰਨ ਦਾ ਇਕ ਗਹਿਣਾ।

(2) ਛੋਟੀਆਂ ਕੁੜੀਆਂ ਪਿੱਪਲ ਜਾਂ ਹੋਰ ਦਰਖਤਾਂ ਦੇ ਪੱਤੇ ਨੂੰ ਮੋੜ ਤੋੜ ਕੇ, ਝੁਮਕਾ ਜਿਹਾ ਬਣਾ ਕੇ, ਕੰਨ ਵਿਚ ਗਹਿਣੇ ਵਾਂਗ ਮਟਕਾਂਦੀਆਂ ਹਨ, ਇਸ ਗਹਿਣੇ ਨੂੰ ਵੀ ਕੋਕਲਾਂ ਕਿਹਾ ਜਾਂਦਾ ਹੈ।

(397) **ਕੋਕਾ** :

ਨੱਕ ਵਿਚ ਪਾਉਣ ਵਾਲਾ ਇਕ ਗਹਿਣਾ, ਜੋ ਲੌਂਗ ਦੀ ਸ਼ਕਲ ਦਾ ਹੁੰਦਾ ਹੈ। ਇਸ ਨੂੰ ਨੱਕ ਵੇਧ ਕੇ ਪਾਇਆ ਜਾਂਦਾ ਹੈ। ਕਿਲ (ਕੋਕਾ) ਦੀ ਸ਼ਕਲ ਦਾ ਹੋਣ ਕਰ ਕੇ ਇਸ ਨੂੰ ਕੋਕਾ ਕਹਿੰਦੇ ਹਨ।

(ਕ-398) **ਕੋਕਿਲਾਂ ਰਾਣੀ** :

ਰਾਜੇ ਰਸਾਲੂ ਦੀ ਰਾਣੀ ਅਤੇ ਰਾਜੇ ਸਿਰਕਪ ਦੀ ਸਭ ਤੋਂ ਛੋਟੀ ਬੇਟੀ; ਰਾਜਾ ਸਿਰਕਪ ਸਿਰਾਂ ਦੀ ਬਾਜ਼ੀ ਲਗਾ ਕੇ ਆਸ ਪਾਸ ਦੇ ਰਾਜਿਆਂ ਨਾਲ ਚੌਪੜ ਖੇਡਦਾ ਤੇ ਧੋਖੇ-ਫਰੇਬ ਨਾਲ ਉਨ੍ਹਾਂ ਉਤੇ ਜਿਤ ਪ੍ਰਾਪਤ ਕਰ ਕੇ, ਉਨ੍ਹਾਂ ਨੂੰ ਮਾਰ ਦੇਂਦਾ ਤੇ ਧਨ ਦੌਲਤ ਜ਼ਬਤ ਕਰ ਲੈਂਦਾ। ਜਦੋਂ ਰਾਜੇ ਰਸਾਲੂ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਰਾਜੇ ਸਿਰਕਪ ਦੀ ਨਗਰੀ ਆ ਧਮਕਿਆ ਤੇ ਸਿਰਕਪ ਨਾਲ ਸਿਰ ਧੜ ਦੀ ਬਾਜ਼ੀ ਲਗਾ ਕੇ ਚੌਪੜ ਖੇਡੀ। ਰਾਜਾ ਰਸਾਲੂ ਰਾਜੇ ਸਿਰਕਪ ਦੇ ਧੋਖੇ ਫਰੇਬ ਵਿਚ ਨਾ ਆਇਆ ਤੇ ਬਾਜ਼ੀ ਜਿਤ ਗਿਆ। ਐਨ ਉਸੇ ਵੇਲੇ ਖ਼ਬਰ ਆਈ ਕਿ ਰਾਜੇ ਸਿਰਕਪ ਦੇ ਘਰ ਇਕ ਕੰਨਿਆਂ ਨੇ ਜਨਮ ਲਿਆ ਹੈ। ਰਾਜੇ ਸਿਰਕਪ ਨੇ ਇਸ ਕੰਨਿਆਂ ਨੂੰ ਅਸ਼ੁਭ ਜਾਣ ਕੇ ਮਾਰ ਦੇਣ ਦਾ ਹੁਕਮ ਦਿਤਾ। ਪਰ ਰਾਜੇ ਰਸਾਲੂ ਨੇ ਇਸ ਕੰਨਿਆਂ ਨੂੰ ਆਪਣੇ ਲਈ ਸ਼ੁਭ ਜਾਣ ਕੇ, ਇਸ ਦਾ ਡੋਲਾ ਮੰਗ ਲਿਆ।

ਰਾਜਾ ਰਸਾਲੂ ਨੇ, ਰਾਜੇ ਸਿਰਕਪ ਨੂੰ, ਉਸ ਦੇ ਅਪਰਾਧਾਂ ਦਾ ਦੰਡ ਦੇਣ ਲਈ ਉਸ ਨੂੰ ਕਤਲ ਕਰਨਾ ਚਾਹਿਆ, ਪਰ ਸਿਰਕਪ ਦੀਆਂ ਰਾਣੀਆਂ, ਧੀਆਂ ਤੇ ਗੋਲੀਆਂ ਦੇ ਤਰਲਿਆਂ ਅਗੇ ਪਸੀਜ ਗਿਆ।

ਜਾਣ ਲਗਿਆਂ ਰਾਜੇ ਸਿਰਕਪ ਨੇ ਰਾਜਕੁਮਾਰੀ ਕੋਕਿਲਾਂ ਦਾ ਡੋਲਾ ਰਾਜੇ ਰਸਾਲੂ ਨੂੰ ਦਿਤਾ। ਉਸ ਦੇ ਨਾਲ ਉਸ ਦੀ ਦਾਈ ਵੀ ਸੀ। ਰਾਜਕੁਮਾਰੀ ਕੋਕਿਲਾਂ ਜਦੋਂ ਪੇਟ ਪਈ ਸੀ ਤਾਂ ਵਕਤ ਦੇ ਰਵਾਜ ਮੁਤਾਬਕ ਰਾਜੇ ਨੇ, ਆਪਣੇ ਬਾਗ਼ ਵਿਚ ਇਕ ਅੰਬਾਂ ਦਾ ਪੌਦਾ ਬੀਜਿਆ। ਇਹ ਅੰਬਾਂ ਦਾ ਪੌਦਾ ਵੀ ਡੋਲੇ ਦੇ ਨਾਲ ਭੇਜ ਦਿਤਾ ਗਿਆ। ਕਿਉਂ ਜੋ ਕੋਇਲ ਦਾ ਅੰਬਾਂ ਨਾਲ ਬੜਾ ਮੋਹ ਹੁੰਦਾ ਹੈ, ਇਸ ਲਈ

ਕੋਨਿਆਂ ਦਾ ਅੰਬ ਦੇ ਪੌਦੇ ਨਾਲ ਸਬੰਧ ਹੋਣ ਕਰ ਕੇ ਉਸ ਦਾ ਨਾਉਂ ਕੋਕਿਲਾਂ ਰਖਿਆ ਗਿਆ।

ਰਾਜਾ ਰਸਾਲੂ ਨੇ, ਖੇਰਾਮੂਰਤੀ ਵਿਚ, ਕੋਕਿਲਾਂ ਲਈ ਇਕ ਸੁੰਦਰ ਧੌਲਰ ਬਣਵਾਇਆ, ਜਿਥੇ ਉਹ ਆਪਣੀ ਦਾਈ ਦੇ ਹੱਥਾਂ ਵਿਚ ਪਲਣ ਲਗੀ। ਜਦੋਂ ਕੋਕਿਲਾਂ ਨੇ ਜਵਾਨੀ ਵਿਚ ਪੈਰ ਪਾਏ ਤਾਂ ਉਸਦੀ ਪਾਲਨਾ ਕਰਨ ਵਾਲੀ ਦਾਈ ਦੀ ਮ੍ਰਿਤੂ ਹੋ ਗਈ। ਰਾਜੇ ਰਸਾਲੂ ਨੂੰ ਹਿਰਨ ਦੇ ਸ਼ਿਕਾਰ ਦਾ ਬੜਾ ਸ਼ੌਕ ਸੀ। ਇਕ ਵਾਰ ਰਾਜਾ ਰਸਾਲੂ ਹਿਰਨ ਦੇ ਸ਼ਿਕਾਰ ਲਈ ਚਲਿਆ ਤਾਂ ਕੋਕਿਲਾਂ ਵੀ ਨਾਲ ਤਿਆਰ ਹੋ ਗਈ। ਰਾਜੇ ਰਸਾਲੂ ਨੇ ਬੜੇ ਤੀਰ ਮਾਰੇ, ਪਰ ਕੋਈ ਹਿਰਨ ਉਸਦੇ ਨਿਸ਼ਾਨੇ ਹੇਠ ਨਾ ਆਇਆ। ਰਾਣੀ ਕੋਕਿਲਾਂ ਨੇ ਰਾਜੇ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੇ ਹੁਸਨ ਨਾਲ ਜੀਊਂਦੇ ਹਿਰਨ ਫੜ ਸਕਦੀ ਹੈ। ਕੋਕਿਲਾਂ ਨੇ ਆਪਣੇ ਸੁਗੰਧਤ ਕੇਸ ਹਵਾ ਵਿਚ ਲਹਿਰਾਏ ਤੇ ਹਿਰਨਾਂ ਦੀਆਂ ਡਾਰਾਂ ਉਸਦੇ ਦੁਆਲੇ ਆ ਜੁੜੀਆਂ। ਰਾਜੇ ਰਸਾਲੂ ਨੂੰ ਕਰੋਧ ਆ ਗਿਆ ਅਤੇ ਉਹ ਹਿਰਨਾਂ ਦੇ ਡਾਰ ਦੇ ਸਰਦਾਰ ਹੀਰੇ ਹਿਰਨ ਨੂੰ ਤੀਰ ਨਾਲ ਮਾਰਨ ਲਗਾ। ਕੋਕਿਲਾਂ ਦੇ ਵਰਜਣ ਉਤੇ ਰਸਾਲੂ ਨੇ ਹੀਰੇ ਹਿਰਨ ਦੇ ਕੰਨ ਤੇ ਪੂਛਲ ਵੱਢ ਦਿਤੀ।

ਹੀਰੇ ਹਿਰਨ ਨੇ ਇਸ ਅਪਮਾਨ ਤੇ ਬੇਇਜ਼ਤੀ ਦਾ ਬਦਲਾ ਲੈਣ ਲਈ, ਰਾਜੇ ਹੋਡੀ ਦਾ ਬਾਗ਼ ਉਜਾੜਿਆ ਤੇ ਧੋਖੇ ਨਾਲ, ਉਸਨੂੰ ਆਪਣੇ ਪਿਛੇ ਲਾ ਕੇ ਖੇਰਾਮੂਰਤੀ ਵਿਖੇ ਕੋਕਿਲਾਂ ਦੇ ਧੌਲਰ ਹੇਠ ਲੈ ਆਂਦਾ। ਇਥੇ ਹੋਡੀ ਦੀ ਨਜ਼ਰ ਕੋਕਿਲਾਂ ਤੇ ਪਈ ਤੇ ਉਸਨੇ ਰਾਣੀ ਕੋਕਿਲਾਂ ਦੇ ਜੋਬਨ ਦਾ ਰਸ ਮਾਣਿਆ। ਰਾਜੇ ਰਸਾਲੂ ਦੇ ਤੋਤੇ ਨੇ ਸਾਰੀ ਵਾਰਤਾ, ਜੰਗਲ ਵਿਚ ਸ਼ਿਕਾਰ ਖੇਡ ਰਹੇ ਰਸਾਲੂ ਨੂੰ, ਜਾ ਦਸੀ। ਰਾਜੇ ਰਸਾਲੂ ਨੇ ਕਿਸੇ ਬਹਾਨੇ ਹੋਡੀ ਨੂੰ ਮੁੜ ਖੇਰਾਮੂਰਤੀ ਬੁਲਾਇਆ, ਤੇ ਉਸ ਨੇ ਹੋਡੀ ਨਾਲ ਲੜਾਈ ਕਰਕੇ, ਉਸਨੂੰ ਜ਼ਖ਼ਮੀ ਕਰ ਦਿਤਾ ਅਤੇ ਉਸਦਾ ਕਲੇਜਾ ਕਢ ਕੇ ਕੋਕਿਲਾਂ ਨੂੰ ਖਵਾਇਆ ਤੇ ਪਿਛੋਂ ਯਾਰ ਦੇ ਕਬਾਬ ਨੂੰ ਖਾਣ ਦਾ ਮਿਹਣਾ ਮਾਰਿਆ। ਕੋਕਿਲਾਂ ਨੂੰ ਜਦੋਂ ਸਾਰੀ ਗੱਲ ਦਾ ਪਤਾ ਲਗਾ ਤਾਂ ਉਸਨੇ ਧੌਲਰ ਦੀ ਫਸੀਲ ਉਤੋਂ ਛਾਲ ਮਾਰ ਕੇ ਜਾਨ ਦੇ ਦਿਤੀ। ਕੋਕਿਲਾਂ ਦੇ ਮਰਦੇ ਸਾਰ ਹੀ ਅੰਬ ਦਾ ਬ੍ਰਿਛ ਮੁਰਝਾ ਗਿਆ।

ਇਕ ਰਵਾਇਤ ਅਨੁਸਾਰ, ਰਾਣੀ ਕੋਕਿਲਾਂ ਜਦੋਂ ਮਹਿਲਾਂ ਤੋਂ ਡਿਗੀ ਤਾਂ ਉਹ ਮਰੀ ਨਹੀਂ ਸੀ। ਰਾਜੇ ਰਸਾਲੂ ਨੇ ਉਸਨੂੰ ਮਰ ਗਈ ਸਮਝ ਕੇ ਰਾਜੇ ਹੋਡੀ ਦੀ ਲਾਸ਼ ਨਾਲ ਹੀ, ਉਸਦੇ ਘੋੜੇ ਉਤੇ ਲੱਦ ਕੇ, ਘੋੜੇ ਨੂੰ ਅਟਕ ਵਲ ਧੱਕ ਦਿਤਾ। ਰਾਹ ਵਿਚ ਇਕ ਧੋਬੀ ਨੇ ਕੋਕਿਲਾਂ ਨੂੰ ਸਿਸਕਦਿਆਂ ਵੇਖ ਕੇ ਦਵਾ ਦਾਰੂ ਕੀਤਾ। ਜਦੋਂ ਕੋਕਿਲਾਂ ਰਾਜ਼ੀ ਹੋ ਗਈ ਤਾਂ ਉਸ ਇਸ ਨਾਲ ਚਾਦਰਾ ਪਾ ਲਿਆ। ਕੋਕਿਲਾਂ ਤੋਂ ਤਿੰਨ ਬੱਚੇ ਜੰਮੇ। ਸਿਓ, ਮਿਓ ਤੇ ਦਿਓ ਜਿਨ੍ਹਾਂ ਤੋਂ ਤਿੰਨ ਜਾਤਾਂ ਚਲੀਆਂ।

ਰਾਣੀ ਕੋਕਿਲਾ ਬਾਰੇ ਕਈ ਕਾਵਿ-ਕਥਾਵਾਂ ਤੇ ਗੀਤ ਪੋਠੋਹਾਰ ਦੇ ਇਲਾਕੇ ਵਿਚ ਪ੍ਰਚਲਤ ਹਨ। ਉਪਰੋਕਤ ਘਟਨਾ ਵੀ ਪੋਠੋਹਾਰ ਦੇ ਇਲਾਕੇ ਖੇਰਾਮੂਰਤੀ ਵਿਚ ਵਾਪਰੀ ਹੈ।

ਕੋਕਿਲਾਂ ਪੰਜਾਬਣਾਂ ਦੀ ਉਸ ਆਵਾਜ਼ ਦਾ ਪ੍ਰਤੀਕ ਹੈ, ਜੋ ਉਨ੍ਹਾਂ ਬੁਢੇ ਮਰਦ ਨਾਲ ਵਿਆਹ ਕਰਨ ਵਿਰੁਧ ਦੱਬੇ ਘੁਟੇ ਸੁਰ ਵਿਚ ਪ੍ਰਗਟਾਈ। ਲੋਕਧਾਰਾ ਵਿਚ ਇਹੋ ਜਿਹੀਆਂ ਸੁਰਾਂ ਸਮਾਜ ਤੋਂ ਡਰਦਿਆਂ ਸਪਸ਼ਟ ਨਹੀਂ ਉਭਰਦੀਆਂ। ਪ੍ਰਤੀਕਾਂ ਦੁਆਰਾ ਆਪਣੀ ਹੋਂਦ ਪ੍ਰਗਟਾਂਦੀਆਂ ਹਨ (ਵੇਖੋ : ਲੂਣਾ)।

(ਕ-399) **ਕੋਕਿਲਾਂ ਦਾ ਧੌਲਰ :**

ਖੇਰਾਮੂਰਤੀ ਵਿਚ ਇਕ ਥੇਹ ਮਿਲਦੀ ਹੈ, ਜੋ ਕਿਸੇ ਪੁਰਾਣੇ ਮਹਿਲ ਦੀ ਜਾਪਦੀ ਹੈ। ਅੱਟਕ ਦੇ ਇਲਾਕੇ ਵਿਚ ਇਹ ਥੇਹ 'ਕੋਕਿਲਾਂ ਦੇ ਧੌਲਰ' ਦੇ ਨਾਂ ਨਾਲ ਪ੍ਰਸਿਧ ਹੈ। ਖੇਰਾਮੂਰਤੀ ਚੀਰਪੜ੍ਹ ਤੋਂ ਪੰਦਰਾਂ ਕੁ ਮੀਲ ਮੀਆਂ ਦੀ ਵਿੱਥ ਉਤੇ ਸੀਲ ਨਦੀ ਦੇ ਉਤਰ ਵਲ ਹੈ। ਦਸਾਂ ਬਾਰਾਂ ਮੀਲਾਂ ਦੇ ਘੇਰੇ ਵਿਚ ਵਲੀ ਖੇਰਾਮੂਰਤੀ ਉੱਚੀਆਂ ਨੀਵੀਆਂ ਢਲਵਾਨਾਂ, ਦੁਰਗਾਂ ਤੇ ਕੱਸੀਆਂ ਨਾਲ ਘਿਰੀ ਹੋਈ ਹੈ। ਰਵਾਇਤ ਅਨੁਸਾਰ ਰਾਜਾ ਰਸਾਲੂ ਨੇ ਰਾਣੀ ਕੋਕਿਲਾਂ ਲਈ, ਇਹ ਧੌਲਰ ਬੜੀ ਮਿਹਨਤ ਨਾਲ ਬਣਵਾਇਆ ਸੀ। ਇਸ ਦੇ ਅਨੇਕਾਂ ਬੂਹੇ ਬਾਰੀਆਂ ਸਨ, ਜਿਨ੍ਹਾਂ ਉਤੇ ਮੋਰ ਤੇ ਹੋਰ ਪੰਛੀ ਬੈਠੇ ਕੋਕਿਲਾਂ ਦੀ ਰਾਖੀ ਕਰਦੇ ਸਨ।

ਇਸ ਥੇਹ ਦੇ ਨੇੜੇ ਹੀ ਇਕ ਚਸ਼ਮਾ ਹੈ ਜਿਸ ਨੂੰ ਰਾਜੇ ਰਸਾਲੂ ਦਾ ਚਸ਼ਮਾ ਕਿਹਾ ਜਾਂਦਾ ਹੈ। ਰਵਾਇਤ ਹੈ ਕਿ ਇਸ ਚਸ਼ਮੇ ਵਾਲੀ ਥਾਂ, ਬੈਠ ਕੇ, ਰਾਜੇ ਰਸਾਲੂ ਨੇ ਤੱਪ ਕੀਤਾ ਸੀ। ਪਹਿਲਾਂ ਇਥੇ ਪਾਣੀ ਨਹੀਂ ਸੀ ਹੁੰਦਾ। ਰਾਜੇ ਰਸਾਲੂ ਦੀ ਲੰਮੀ ਘਾਲਣਾ ਤੇ ਤੱਪ ਸਦਕਾ ਅਟਕ ਦਰਿਆ ਦਾ ਪਾਣੀ ਅੰਦਰੋਂ ਅੰਦਰੀਂ ਵਹਿੰਦੀ ਕਿਸੇ ਰੌਅ ਨਾਲ, ਇਸ ਚਸ਼ਮੇ ਵਿਚ ਦਾਖ਼ਿਲ ਹੁੰਦਾ ਹੈ।

(ਕ-400) **ਕੋਕਿਲਾ ਵਰਤ :**

ਇਹ ਵਰਤ ਹਾੜ ਦੀ ਪੂਰਨਮਾਸ਼ੀ ਤੋਂ ਅਗਲੇ ਦਿਨ ਗੌਰੀ ਦੀ ਪ੍ਰਸੰਨਤਾ ਵਾਸਤੇ ਰਖਿਆ ਜਾਂਦਾ ਹੈ। ਗੌਰੀ ਜੋ ਪਾਰਬਤੀ ਦਾ ਹੀ ਇਕ ਰੂਪ ਹੈ, ਦੀ ਕੋਇਲ ਦੇ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ। ਲੋਕਧਾਰਨਾ ਅਨੁਸਾਰ ਗੌਰੀ ਨੇ ਇਕ ਵਾਰ ਕੋਕਿਲਾ ਦਾ ਰੂਪ ਧਾਰ ਕੇ, ਸ਼ਿਵ ਨੂੰ ਪ੍ਰਸੰਨ ਕੀਤਾ ਸੀ। ਗੌਰੀ ਦੇ ਇਸ ਰੂਪ ਵਿਚ, ਪੂਜਾ ਕਰਨ

ਨਾਲ ਸ਼ਿਵਜੀ ਪਾਰਬਤੀ ਦੋਵੇਂ ਪ੍ਰਸੰਨ ਹੁੰਦੇ ਹਨ ਅਤੇ ਸੱਤ ਜਨਮਾਂ ਤਕ, ਧਨ-ਦੌਲਤ ਤੇ ਸੰਤਾਨ ਨਾਲ ਝੋਲੀਆਂ ਹਰੀਆਂ ਭਰੀਆਂ ਰਹਿੰਦੀਆਂ ਹਨ ਤੇ ਵਰਤ ਸਥਿਰ ਰਹਿੰਦਾ ਹੈ।

ਇਸ ਵਰਤ ਲਈ ਸੰਕਲਪ, ਪੂਰਨਮਾਸ਼ੀ ਨੂੰ ਸ਼ਾਮ ਵੇਲੇ, ਇਸ਼ਨਾਨ ਕਰਕੇ ਕੀਤਾ ਜਾਂਦਾ ਹੈ ਅਤੇ ਦੂਜੇ ਦਿਨ ਸਾਵਣ ਵਦੀ ਏਕਮ ਨੂੰ ਤਲਾਬ ਜਾਂ ਖੂਹ ਜਾਂ ਬਾਵਲੀ ਆਦਿ ਕਿਸੇ ਪਵਿਤ੍ਰ ਥਾਂ ਜਾਂ ਫਿਰ ਘਰ ਵਿਚ ਹੀ ਸੰਕਲਪ ਕਰਕੇ ਵਰਤ ਰਖਿਆ ਜਾਂਦਾ ਹੈ। ਇਸ਼ਨਾਨ ਵੇਲੇ ਤਿਲਾਂ ਦਾ ਤੇਲ ਜਾਂ ਕੁਟੇ ਹੋਏ ਆਂਵਲੇ ਜਲ ਵਿਚ ਮਿਲਾ ਲਏ ਜਾਂਦੇ ਹਨ। ਇਸ ਤਰ੍ਹਾਂ ਅੱਠ ਦਿਨ ਰੋਜ਼ ਇਸ਼ਨਾਨ ਕਰਕੇ ਨੌਂਵੇਂ ਦਿਨ ਚਾਵਲ ਹਲਦੀ ਆਦਿ ਦਾ ਬਣਿਆ ਵਟਣਾ ਮਲ ਕੇ ਇਸ਼ਨਾਨ ਕਰੇ, ਫਿਰ ਸਤਾਰ੍ਹਵੇਂ ਦਿਨ, ਫਿਰ ਪੱਜੀਵੇਂ ਦਿਨ ਤਿਲ ਤੇ ਆਂਵਲੇ ਮਿਲਾ ਕੇ ਇਸ਼ਨਾਨ ਕਰੇ। ਇਹੋ ਤੀਹ ਦਿਨ ਇਸ਼ਨਾਨ ਕਰਨ ਦੀ ਵਿਧੀ ਹੈ।

ਇਸ਼ਨਾਨ ਕਰਨ ਮਗਰੋਂ ਪੀਠੀ ਦੀ ਬਣਾਈ ਹੋਈ ਕੋਇਲ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਸੇ ਨੂੰ ਧੂਪ-ਦੀਪ ਕਰਕੇ, ਫੁੱਲਾਂ ਦੀ ਬਰਖਾ ਕੀਤੀ ਜਾਂਦੀ ਹੈ। ਫਿਰ ਤਿਲ-ਚਾਵਲ ਨੂੰ ਭੋਗ ਲਗਵਾ ਕੇ ਵੰਡੀ ਜਾਂਦੀ ਹੈ। ਇਸ ਤਰ੍ਹਾਂ ਸਾਵਣ ਦੀ ਪੂਰਨਮਾ ਤਕ ਕੀਤਾ ਜਾਂਦਾ ਹੈ। ਸਾਵਣ ਦੀ ਪੂਰਨਮਾ ਦੇ ਦਿਨ ਤਾਂਬੇ ਦੇ ਭਾਂਡੇ ਵਿਚ ਮਿੱਟੀ ਦੀ ਬਣਾਈ ਕੋਇਲ ਰਖੀ ਜਾਂਦੀ ਹੈ, ਜਿਸ ਦੇ ਪੰਖ ਸੁਨਹਿਰੇ ਹੁੰਦੇ ਹਨ ਅਤੇ ਅੱਖਾਂ ਸੁੱਚੇ ਮੋਤੀਆਂ ਦੀਆਂ। ਫਿਰ ਕੋਇਲ ਨੂੰ ਕਪੜੇ ਪਹਿਨਾ ਕੇ, ਆਪਣੇ ਸੱਸ-ਸਹੁਰੇ ਜਾਂ ਪ੍ਰੋਹਤਣੀ ਨੂੰ ਭੇਟ ਕੀਤੀ ਜਾਂਦੀ ਹੈ। ਧਾਰਨਾ ਹੈ ਕਿ ਇਸ ਵਰਤ ਨਾਲ ਸੁਖ-ਅਨੰਦ ਮਿਲਦਾ ਹੈ ਤੇ ਪਾਰਬਤੀ ਦੀ ਬਖਸ਼ਿਸ਼ ਰਹਿੰਦੀ ਹੈ।

(ਕ-401) **ਕੋਕੋ** :

ਬੱਚਿਆਂ ਨੂੰ ਡਰਾਉਣ ਲਈ ਜਾਂ ਰੋਂਦੇ ਨੂੰ ਵਰਚਾਉਣ ਲਈ, ਇਕ ਖਿਆਲੀ ਚੀਜ਼ ਦਾ ਨਾਂ; ਜਿਸ ਨੂੰ ਹਊਆ ਵੀ ਕਹਿੰਦੇ ਹਨ (ਵੇਖੋ : ਹਊਆ)।

(ਕ-402) **ਕੋਛੜ** :

ਖੱਤਰੀਆਂ ਦੀ ਇਕ ਗੋਤ; ਕੋਛੜ ਆਪਣੇ ਆਪ ਨੂੰ ਸੇਠ ਗੋਤ ਦੀ ਹੀ ਇਕ ਸ਼ਾਖ ਦਸਦੇ ਹਨ। ਕੋਛੜ ਨਾਉਂ ਬਾਰੇ ਰਵਾਇਤ ਹੈ ਕਿ ਇਨ੍ਹਾਂ ਦਾ ਵਡਿਕਾ ਅਨਾਥ ਸੀ। ਅਜੇ ਉਹ ਮਸਾਂ ਸਾਲ ਦਾ ਹੀ ਹੋਇਆ ਸੀ ਕਿ ਪਹਿਲਾਂ ਮਾਂ ਮਰ ਗਈ ਤੇ ਮਗਰੋਂ ਪਿਓ ਇਕ ਜੰਗ ਵਿਚ ਮਾਰਿਆ ਗਿਆ। ਇਸ ਅਨਾਥ ਬਾਲਕ ਨੂੰ ਇਸਦੀ ਵਡੀ ਭੈਣ ਨੇ ਪਾਲਿਆ, ਜੋ ਬਾਲ-ਅਵਸਥਾ ਵਿਚ ਇਸਨੂੰ ਹਮੇਸ਼ਾ ਆਪਣੇ 'ਕੁਛੜ' ਚੁਕੀ ਰਖਦੀ ਸੀ, ਜਿਸ ਤੋਂ ਬਾਲ ਦੀ ਅਲ 'ਕੁੱਛੜ' ਪੈ ਗਈ। ਮਗਰੋਂ ਇਹੋ ਨਾ ਇਸਦੀ ਵੰਸ਼ ਦਾ ਵੀ ਪੈ ਗਿਆ। ਸਮਾਂ ਪਾ ਕੇ ਕੁੱਛੜ ਤੋਂ 'ਕੋਛੜ' ਸ਼ਬਦ ਪ੍ਰਚਲਤ ਹੋ ਗਿਆ।

ਇਕ ਹੋਰ ਰਵਾਇਤ ਅਨੁਸਾਰ ਕੋਛੜ ਸ਼ਬਦ 'ਕਵੱਚ' ਤੋਂ ਬਣਿਆ ਹੈ। ਇਨ੍ਹਾਂ ਦਾ ਵਡਿਕਾ ਬੜਾ ਬੀਰ ਜੋਧਾ ਸੀ ਤੇ ਸਦਾ ਕਵੱਚ (ਜ਼ਰਾਬਕੱਤਰ) ਪਹਿਨੀ ਰਖਦਾ ਸੀ।

ਕੋਛੜਾਂ ਵਿਚ ਕੁਝ ਰਸਮਾਂ ਬੜੀਆਂ ਅਜੀਬ ਹਨ। ਦੇਸ਼ ਵੰਡ ਤੋਂ ਪਹਿਲਾਂ ਸਿਆਲਕੋਟ ਦੇ ਕੋਛੜ ਪਤਨੀ ਦੇ ਪਹਿਲੇ ਗਰਭ ਸਮੇਂ ਆਪਣਾ ਸਿਰ ਮੂੰਹ ਸਫਾਚਟ ਕਰਵਾ ਦਿਤਾ ਕਰਦੇ ਸਨ ਜਿਵੇਂ ਕਿ ਹਿੰਦੂ ਪਿਓ ਦੇ ਮਰਨ ਤੇ ਕਰਵਾਉਂਦੇ ਹਨ।

ਪਹਿਲੇ ਗਰਭ ਸਮੇਂ, ਕੋਛੜਾਂ ਵਿਚ ਇਕ ਹੋਰ ਰੀਤ ਵੀ ਪ੍ਰਚਲਤ ਸੀ। ਗਰਭ ਠਹਿਰਨ ਦੇ ਛੇ ਮਹੀਨੇ ਮਗਰੋਂ ਇਕ ਰਸਮ ਕੀਤੀ ਜਾਂਦੀ, ਜਿਸ ਵਿਚ ਪਤਨੀ ਘਰੋਂ ਰੁਸ ਕੇ ਚਲੀ ਜਾਂਦੀ। ਪਤੀ ਨੂੰ ਜਦੋਂ ਪਤਾ ਲਗਦਾ ਤਾਂ ਉਹ ਰਸਮੀ ਤੌਰ ਤੇ ਆਪਣਾ ਸਿਰ, ਮੁੱਛਾਂ ਤੇ ਦਾਹੜੀ ਮੁਨਾ ਕੇ ਉਸਨੂੰ ਢੂੰਡਦਾ। ਜਦੋਂ ਥਹੁ ਟਿਕਾਣਾ ਮਿਲ ਜਾਂਦਾ ਤਾਂ ਉਹ ਆਪਣੀ ਬਰਾਦਰੀ ਦੇ ਬੰਦੇ ਲੈ ਕੇ ਉਸਨੂੰ ਮਨਾਵਣ ਜਾਂਦਾ ਤੇ ਉਸਨੂੰ ਕੋਈ ਗਹਿਣਾ ਖ਼ਰੀਦ ਕੇ, ਦੇਣ ਦਾ ਬਚਨ ਕਰਕੇ, ਵਾਪਸ ਆਪਣੇ ਘਰ ਲੈ ਆਉਂਦਾ।

(ਕ-403) **ਕੋਟਲਾ ਛਪਾਕੀ** :

ਬੱਚਿਆਂ ਦੀ ਇਕ ਛੁਹਣ-ਛੁਹਾਣ ਦੀ ਖੇਡ; ਮੀਟੀ ਵਾਲੇ ਬੱਚੇ ਤੋਂ ਬਿਨਾਂ ਬਾਕੀ ਸਭ ਬੱਚੇ ਇਕ ਵਡੇ ਸਾਰੇ ਘੇਰੇ ਵਿਚ ਬੈਠ ਜਾਂਦੇ ਹਨ। ਦੋ ਬੱਚਿਆਂ ਵਿਚਕਾਰ ਇਕ ਫੁਟ ਦੇ ਲਗਪਗ ਵਿੱਥ ਹੁੰਦੀ ਹੈ। ਘੇਰੇ ਵਿਚ ਬੈਠੇ ਬੱਚਿਆਂ ਨੂੰ ਪਿਛੇ ਪਰਤ ਕੇ ਵੇਖਣ ਜਾਂ ਅੱਖ ਟੇਢੀ ਕਰ ਕੇ ਵੇਖਣ ਦੀ ਆਗਿਆ ਨਹੀਂ ਹੁੰਦੀ। ਜਿਸ ਸਿਰ ਮੀਟੀ ਹੁੰਦੀ, ਉਸੇ ਦੇ ਹੱਥ ਵਿਚ ਕੋਟਲਾ ਫੜਿਆ ਹੁੰਦਾ, ਜੋ ਕਿਸੇ ਬੱਚੇ ਦੀ ਚੁੰਨੀ ਜਾਂ ਪਗੜੀ ਨੂੰ ਰੱਸੇ ਵਾਂਗ ਵੱਟ ਚਾੜ੍ਹ ਕੇ ਬਣਾਇਆ ਹੁੰਦਾ ਹੈ। ਮੀਟੀ ਵਾਲਾ ਖਿਡਾਰੀ, ਕੋਟਲਾ ਹੱਥ ਵਿਚ ਲੈ ਕੇ ਚੱਕਰ ਦੇ ਗੇੜੇ ਕਟਦਾ ਤੇ ਨਾਲੋ ਨਾਲ ਕਹਿੰਦਾ ਜਾਂਦਾ ਹੈ :

ਕੋਟਲਾ ਛਪਾਕੀ ਜੁਮੇਰਾਤ ਆਈ ਏ,
ਅਜ ਇਕ ਕੁੜੀ (ਮੁੰਡੇ) ਦੀ ਸ਼ਾਮਤ ਆਈ ਏ।

ਇਸ ਤਰ੍ਹਾਂ ਉਹ ਚੱਕਰ ਦੇ ਗੇੜੇ ਕਟਦਿਆਂ ਚੁਪਕੇ ਜਿਹੇ, ਕਿਸੇ ਬੱਚੇ ਦੇ ਪਿਛੇ ਕੋਟਲਾ ਸੁੱਟ ਦੇਂਦਾ ਹੈ। ਜੇ ਉਸ ਬੱਚੇ ਨੂੰ ਪਤਾ ਲਗ ਜਾਵੇ ,ਤਾਂ ਉਹ ਕੋਟਲਾ

ਚੁਕ ਕੇ, ਕੋਟਲਾ ਸੁਟਣ ਦੀ ਮੀਟੀ ਦੇਣ ਵਾਲੇ ਬੱਚੇ ਦੇ ਮਗਰ ਦੌੜਦਾ ਹੈ ਤੇ ਉਸ ਨੂੰ ਉਦੋਂ ਤਕ ਕੋਟਲੇ ਮਾਰਦਾ ਜਾਂਦਾ ਹੈ ਜਦੋਂ ਤਕ ਉਹ ਚਕਰ ਦਾ ਪੂਰਾ ਗੇੜਾ ਕਟ ਕੇ, ਖ਼ਾਲੀ ਹੋਈ ਥਾਂ ਤੇ ਬੈਠ ਨਹੀਂ ਜਾਂਦਾ। ਪਿਛੇ ਤੱਕਣ ਦੀ ਮਨਾਹੀ ਹੈ। ਬੈਠੇ ਹੋਏ ਬੱਚਿਆਂ ਨੂੰ ਜੇ ਕੋਟਲਾ ਰੱਖਣ ਦਾ ਪਤਾ ਨਾ ਲਗੇ ਤਾਂ ਮੀਟੀ ਵਾਲਾ ਬੱਚਾ ਚੱਕਰ ਦਾ ਗੇੜਾ ਪੂਰਾ ਕਰ ਕੇ ਕੋਟਲਾ ਚੁਕ ਲੈਂਦਾ ਹੈ ਤੇ ਉਹ ਚਕਰ ਵਿਚ ਬੈਠਾ ਬੱਚਾ ਉਠ ਕੇ ਚੱਕਰ ਦੁਆਲੇ ਦੌੜਨਾ ਸ਼ੁਰੂ ਕਰ ਦਿੰਦਾ ਹੈ। ਮੀਟੀ ਵਾਲੇ ਉਸ ਬੱਚੇ ਨੂੰ ਉਦੋਂ ਤਕ ਮਾਰਦਾ ਰਹਿੰਦਾ ਹੈ, ਜਦੋਂ ਤਕ ਉਹ ਆਪਣੀ ਥਾਂ ਬੈਠ ਨਹੀਂ ਜਾਂਦਾ। ਫਿਰ ਉਠ ਕੇ ਉਸ ਬੱਚੇ ਨੂੰ ਮੀਟੀ ਦੇਣੀ ਪੈਂਦੀ ਹੈ ਅਥਵਾ ਕੋਟਲਾ ਲੈ ਕੇ ਬੱਚਿਆਂ ਪਿਛੇ ਸੁਟਦਾ ਹੈ। ਇਸ ਤਰ੍ਹਾਂ ਕੋਟਲਾ ਸੁੱਟਣ ਤੇ ਚੁੱਕਣ ਦੀ ਕਿਰਿਆ ਵਾਰ ਵਾਰ ਹੁੰਦੀ ਤੇ ਖੇਡ ਜਾਰੀ ਰਹਿੰਦੀ ਹੈ।

ਇਹ ਖੇਡ ਕਿਸੇ ਵੇਲੇ ਵੀ ਖੇਡੀ ਜਾ ਸਕਦੀ ਹੈ, ਪਰ ਚਾਨਣੀਆਂ ਰਾਤਾਂ ਵਿਚ, ਇਸ ਦਾ ਮਜ਼ਾ ਵਧੇਰੇ ਆਉਂਦਾ ਹੈ, ਕਿਉਂ ਜੋ ਕੋਟਲਾ ਪਿਛੇ ਪਿਆ ਸਾਫ਼ ਵਿਖਾਈ ਨਹੀਂ ਦਿੰਦਾ। ਇਸ ਖੇਡ ਨੂੰ 'ਕਾਜ਼ੀ ਕੋਟਲੇ ਦੀ ਮਾਰ' ਵੀ ਕਹਿੰਦੇ ਹਨ।

ਇਹ ਖੇਡ ਬੜੀ ਪੁਰਾਣੀ ਹੈ। ਇਸ ਖੇਡ ਪਿਛੇ ਦੁਸ਼ਮਨ ਨੂੰ ਘਾਤ ਲਾ ਕੇ ਪਕੜਨ ਤੇ ਉਸ ਨਾਲ ਯੁੱਧ ਕਰਨ ਦੀ ਭਾਵਨਾ ਕੰਮ ਕਰ ਰਹੀ ਹੈ। ਇਹ ਖੇਡ ਪੰਜਾਬੀਆਂ ਦੀ ਯੁੱਧ-ਕਲਾ ਦੇ ਕਰਤਬਾਂ ਵਿਚੋਂ ਉਪਜੀ ਹੈ ਤੇ ਪੰਜਾਬੀਆਂ ਦੀ ਬੀਰ-ਰਸੀ ਰੁਚੀ ਨਾਲ ਇਕਸੁਰ ਹੈ।

(ਕ-404) **ਕੋਠਵਾਲ** :

ਰਾਵਲਪਿੰਡੀ ਜ਼ਿਲੇ ਵਿਚ ਵਸਦਾ ਇਕ ਕਬੀਲਾ; ਕਿਸੇ ਸਮੇਂ ਕੋਠਵਾਲਾਂ ਦਾ ਰਾਜ ਕੋਹਮਰੀ ਦੇ ਸਾਰੇ ਪਹਾੜੀ ਇਲਾਕੇ ਉਤੇ ਸੀ। ਇਨਾਂ ਦੇ ਕਬੀਲੇ ਦੀ ਇਕ ਮੁਟਿਆਰ ਅਬੂ ਦਾ ਕਿਸੇ ਦੂਜੇ ਕਬੀਲੇ ਦੇ ਇਕ ਗਭਰ ਨਾਲ ਇਸ਼ਕ ਸੀ। ਇਹ ਦੋਵੇਂ ਨਸ ਕੇ, ਜਿਹਲਮ ਦਰਿਆ ਤੋਂ ਪਾਰ ਇਕ ਥਾਂ ਜਾ ਰਹੇ। ਕੋਠਵਾਲਾਂ ਨੇ ਇਸ ਵਿਚ ਆਪਣੀ ਹੇਠੀ ਸਮਝੀ ਤੇ ਉਨਾਂ ਦੇ ਕਬੀਲੇ ਦੇ ਕੁਝ ਗਭਰੂ ਅਬੂ ਦਾ ਪਿੱਛਾ ਕਰਨ ਲਈ ਘਰੋਂ ਨਿਕਲ ਪਏ। ਰਾਹ ਵਿਚ ਇਕ ਝੀਲ ਪੈਂਦੀ ਸੀ ਜਿਸ ਦੀ ਉਪਰਲੀ ਸਤਹ, ਸਖ਼ਤ ਸਰਦੀ ਪੈਣ ਕਾਰਨ ਬਰਫ਼ ਵਾਂਗ ਜੰਮੀ ਪਈ ਸੀ। ਰਾਤ ਦੇ ਹਨੇਰੇ ਕਰ ਕੇ ਉਨਾਂ ਨੂੰ ਝੀਲ ਵਿਖਾਈ ਨਾ ਦਿਤੀ ਤੇ ਉਨ੍ਹਾਂ ਨੇ ਝੀਲ ਦੀ ਸਤਹ ਉਤੇ ਹੀ, ਆਪਣੇ ਡੇਰੇ ਲਾ ਲਏ ਤੇ ਅੱਗ ਬਾਲ ਕੇ ਰੋਟੀਆਂ ਪਕਾਣ ਲਗੇ। ਅੱਗ ਬਲਦਿਆਂ ਸਾਰ, ਪੈਰਾਂ ਹੇਠੋਂ ਬਰਫ਼ ਪਿਘਲਣ ਲਗੀ ਤੇ ਉਹ ਹੌਲੀ ਹੌਲੀ ਝੀਲ ਵਿਚ ਡੁੱਬਣ ਲਗੇ। ਵਿਰੋਧੀ ਕਬੀਲੇ ਦੇ ਗਭਰੂਆਂ ਨੂੰ ਜਦੋਂ ਪਤਾ ਲਗਾ ਕਿ ਕੋਠਵਾਲ ਅਬੂ ਦਾ ਪਿਛਾ ਕਰਦੇ ਇਥੋਂ ਤਕ ਪਹੁੰਚ ਗਏ ਹਨ ਅਤੇ ਝੀਲ ਦੇ ਕੰਢੇ ਡੇਰਾ ਪਾਈ ਬੈਠੇ ਹਨ, ਤਾਂ ਉਹ ਹਥਿਆਰਬੰਦ ਹੋ ਕੇ ਕੋਠਵਾਲਾਂ ਉਤੇ ਟੁੱਟ ਪਏ। ਉਦੋਂ ਤਕ ਕੁਝ ਕੋਠਵਾਲ ਝੀਲ ਵਿਚ ਡੁਬ ਕੇ ਮਰ ਚੁਕੇ ਸਨ ਤੇ ਕੁਝ ਉਨ੍ਹਾਂ ਨੇ ਮਾਰ ਦਿਤੇ। ਉਦੋਂ ਤੋਂ ਕੋਠਵਾਲਾਂ ਵਿਚ ਇਹ ਕਹਾਵਤ ਪ੍ਰਚਲਤ ਹੈ :

ਅਬੂ ਲੱਭੋ ਤੇ ਸਭ ਕੁਝ ਛੱਡੋ।

ਪੋਠੋਹਾਰ ਦਾ ਪ੍ਰਸਿਧ ਪਿੰਡ ਕੁਤਵਾਲ ਕੋਠਵਾਲ ਕਬੀਲੇ ਦਾ ਹੀ ਵਸਾਇਆ ਹੋਇਆ ਮੰਨਿਆ ਜਾਂਦਾ ਹੈ।

(ਕ-405) **ਕੋਠੀ ਆਟਾ** :

ਵਿਆਹ ਨਾਲ ਸਬੰਧਿਤ ਇਕ ਰੀਤ, ਜੋ ਵਿਆਹ ਵਾਲੇ ਘਰ ਦਾ ਕੰਮ ਭਾਰ ਹੌਲਾ ਕਰਨ ਲਈ ਹੈ। ਲਗਨ ਤੋਂ ਕੁਝ ਦਿਨ ਪਹਿਲਾਂ ਪਿੰਡ ਵਿਚ ਬਰਾਦਰੀ ਤੇ ਗਲੀ ਗੁਆਂਢ ਦੀਆਂ ਇਸਤ੍ਰੀਆਂ ਵਿਆਹ ਵਾਲੇ ਘਰੋਂ, ਕੁਝ ਕਣਕ ਲੈ ਜਾਂਦੀਆਂ ਹਨ ਤੇ ਦਾਣਿਆਂ ਨੂੰ ਪੀਹ ਕੇ ਮੁੜ ਦੇ ਜਾਂਦੀਆਂ ਹਨ। ਇਹ ਆਟਾ ਵਖਰੀ ਕੋਠੀ ਵਿਚ ਰਖਿਆ ਜਾਂਦਾ ਹੈ ਤੇ ਕੇਵਲ ਵਿਆਹ ਦੇ ਦਿਨਾਂ ਵਿਚ ਲੈਣ ਦੇਣ ਲਈ ਵਰਤਿਆ ਜਾਂਦਾ ਹੈ।

(ਕ-406) **ਕੋਠੇ ਉਸਾਰਨਾ** :

ਛੋਟੇ ਬੱਚਿਆਂ ਦੀ ਇਕ ਖੇਡ; ਛੋਟੇ ਬੱਚੇ ਆਪਣੇ ਪੈਰਾਂ ਉਤੇ ਕਾਫ਼ੀ ਸਾਰੀ ਰੇਤ ਪਾ ਕੇ ਥਪਕਦੇ ਹੋਏ, ਕੋਠੇ ਉਸਾਰਦੇ ਹਨ। ਜਦੋਂ ਰੇਤ ਟਿਕ ਜਾਂਦੀ ਹੈ ਤਾਂ ਪੈਰ ਬਾਹਰ ਕਢ ਲੈਂਦੇ ਹਨ। ਪੈਰ ਵਾਲੀ ਖ਼ਾਲੀ ਥਾਂ ਦਰਵਾਜ਼ਾ ਬਣਾਇਆ ਜਾਂਦਾ ਹੈ। ਕਈ ਵਾਰ ਬੱਚੇ ਇਕ ਦੂਜੇ ਨਾਲ ਬਿੱਦ ਕੇ ਕੋਠੇ ਉਸਾਰਦੇ ਹਨ। ਤੇ ਜਿਸ ਦਾ ਕੋਠਾ ਮੋਕਲਾ ਤੇ ਖ਼ੂਬਸੂਰਤ ਹੋਵੇ, ਉਹ ਮੀਰੀ ਬਣਦਾ ਹੈ। ਜੇ ਰੇਤ ਨਾ ਮਿਲੇ ਤਾਂ ਮਿੱਟੀ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ। ਮਿੱਟੀ ਜਾਂ ਰੇਤ ਨੂੰ ਥੱਪਣ-ਥਪਾਣ ਵੇਲੇ ਇਹ ਟੱਪਾ ਉਚਾਰਦੇ ਹਨ—

ਪਕ ਪਕ ਕੋਠਿਆ,
ਘਰ ਆਣੇ ਮੇਹਮਾਨ।
ਜਿਸ ਘਰ ਕੋਈ ਵਸਦਾ,
ਉਥੇ ਹੀ ਭਗਵਾਨ।

ਬਾਅਦ ਵਿਚ ਬੱਚੇ ਖ਼ੁਦ ਹੀ ਆਪਣਾ ਕੋਠਾ ਢਾਹ ਦਿੰਦੇ ਹਨ ਤੇ ਕਹਿੰਦੇ ਹਨ :

ਹੱਥਾਂ ਨਾਲ ਬਣਾਇਆ ਸੀ,
ਪੈਰਾਂ ਨਾਲ ਢਾਇਆ ਸੀ।

ਕਿਉਂ' ਜੇ ਕੋਈ ਦੂਜਾ ਮੁੰਡਾ ਘਰ ਢਾਹ ਦੇਵੇ, ਤਾਂ ਇਸਨੂੰ ਬਦਸ਼ਗਨੀ ਮੰਨਿਆ ਜਾਂਦਾ ਹੈ ।

(ਕ-407) **ਕੋਠੇ ਚੜ੍ਹਨਾ ਨਿਸ਼ੇਧ** :

ਸਾਂਹਸੀ ਕਬੀਲਿਆਂ ਵਿਚ, ਔਰਤਾਂ ਆਪਣੇ ਮਕਾਨ ਦੇ ਕੋਠੇ ਉਤੇ ਨਹੀਂ ਚੜ੍ਹਦੀਆਂ । ਜੇ ਕੋਈ ਔਰਤ ਚੜ੍ਹ ਜਾਵੇ ਤਾਂ ਨਿਸਚੇ ਅਨੁਸਾਰ ਉਸ ਦੇ ਪਰਵਾਰ ਉਤੇ ਕੋਈ ਸੰਕਟ ਪੈਂਦਾ ਹੈ । ਮਰਦਾਂ ਲਈ ਕੋਠੇ ਉਪਰ ਚੜ੍ਹਨ ਦੀ ਕੋਈ ਮਨਾਹੀ ਨਹੀਂ ।

(ਕ-408) **ਕੋਰਾ ਘੜਾ** :

ਮਿੱਟੀ ਦਾ ਘੜਾ, ਜਿਸ ਨੂੰ ਪਹਿਲਾਂ ਵਰਤਿਆ ਨਾ ਗਿਆ ਹੋਵੇ । ਹਿੰਦੂਆਂ ਵਿਚ ਰੀਤਾਂ ਰਸਮਾਂ ਵੇਲੇ ਹਮੇਸ਼ਾਂ ਕੋਰਾ ਘੜਾ ਵਰਤਿਆ ਜਾਂਦਾ ਹੈ । ਲੋਕਾਂ ਦਾ ਨਿਸਚਾ ਹੈ ਕਿ ਘੁਮਿਆਰ ਦੇ ਕੋਰੇ ਭਾਂਡਿਆਂ ਅਥਵਾ ਘੜੇ ਵਿਚ ਵਿਸ਼ਕਰਮਾ ਦਾ ਅੰਸ਼ ਹੁੰਦਾ ਹੈ ਅਤੇ ਭਾਂਡੇ ਨੂੰ ਬਾਰ ਬਾਰ ਵਰਤਣ ਨਾਲ ਇਹ ਅੰਸ਼ ਘਟਦਾ ਜਾਂਦਾ ਹੈ । ਇਹੋ ਕਾਰਨ ਹੈ ਕਿ ਹਿੰਦੂ ਮਿੱਟੀ ਦੇ ਭਾਂਡਿਆਂ ਨੂੰ ਬਹੁਤ ਦੇਰ ਤਕ ਘਰਾਂ ਵਿਚ ਨਹੀਂ ਵਰਤਦੇ । ਘੜਾ ਭਾਵੇਂ ਸਾਬਤ ਹੀ ਹੋਵੇ, ਪਰ ਕੁਝ ਦਿਨਾਂ ਦੇ ਬਾਅਦ ਉਸ ਦੀ ਥਾਂ ਨਵਾਂ ਘੜਾ ਲਿਆ ਕੇ ਰਖਿਆ ਜਾਂਦਾ ਹੈ ।

(ਕ-409) **ਕੋਲੀ-ਰੀ-ਦਿਆਲੀ** :

ਕੁੱਲੂ ਦਾ ਇਕ ਮਨੋਰੰਜਕ ਤਿਉਹਾਰ, ਜਿਹੜਾ ਪੋਹ ਦੇ ਅਰੰਭ ਵਿਚ ਮਨਾਇਆ ਜਾਂਦਾ ਹੈ । ਸ਼ਾਮ ਵੇਲੇ ਪਿੰਡ ਦੇ ਗਭਰੂ ਕਿਸੇ ਖੁਲ੍ਹੇ ਮੈਦਾਨ ਵਿਚ ਇਕਠੇ ਹੋ ਕੇ, ਹੁਰਮਾ ਦੇਵੀ ਦੀ ਮਹਿਮਾ ਵਿਚ ਗੀਤ ਗਾਉਂਦੇ ਹਨ । ਗਭਰੂ ਇਕ ਦਾਇਰੇ ਵਿਚ ਖਲੋ ਕੇ ਨਚਦੇ, ਘੁੰਮਣ-ਘੇਰੀਆਂ ਪਾਉਂਦੇ ਤੇ ਨਾਲੋ ਨਾਲ ਗੀਤ ਅਲਾਪਦੇ ਹਨ । ਹਰੇਕ ਗਭਰੂ ਆਪਣੇ ਨਾਲ ਦੇ ਗਭਰੂ ਨੂੰ ਜ਼ੋਰ ਨਾਲ ਧੱਕਦਾ ਹੈ ਤੇ ਨੱਚਣ ਵਾਲਿਆਂ ਵਿਚੋਂ ਕੋਈ ਨਾ ਕੋਈ ਹਾਰ ਹੁਟ ਕੇ ਡਿੱਗ ਪੈਂਦਾ ਹੈ । ਫਿਰ ਸਭ ਗਭਰੂ ਜਿਥੇ ਵੀ ਉਹ ਖਲੋਤੇ ਹੁੰਦੇ ਨੇ, ਲੰਮੇ ਪੈ ਜਾਂਦੇ ਨੇ, ਫਿਰ ਤਿੰਨ ਵਾਰੀ 'ਦਿਆਲੀ ਏ ਦਿਆਲੀ' ਦੇ ਆਵਾਜ਼ ਲਗਾ ਕੇ ਘਰ ਨੂੰ ਚਲੇ ਜਾਂਦੇ ਹਨ । ਰਾਤ ਨੂੰ ਘਰਾਂ ਵਿਚ ਚੀੜ ਦੀ ਲਕੜੀ ਦੀਆਂ ਮਸ਼ਾਲਾਂ ਬਾਲੀਆਂ ਜਾਂਦੀਆਂ ਹਨ ।

(ਕ-410) **ਕੌਡਾ** :

ਕੌਡੀ ਦੀ ਸਕਲ ਦਾ ਸਿਰ 'ਤੇ ਪਹਿਨਣ ਵਾਲਾ, ਇਕ ਗਹਿਣਾ ।

(ਕ-411) **ਕੌਡੀ** :

ਕੌਡੀਆਂ ਤੇ ਘੋਗਿਆਂ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਹੋਈ ਹੈ । ਆਦਿਮ-ਜਾਤੀਆਂ ਕੌਡੀਆਂ ਨੂੰ ਇਸ ਲਈ ਗਲੇ ਵਿਚ ਪਾਉਂਦੀਆਂ ਸਨ ਕਿ ਇਹ ਪ੍ਰੇਤ ਰੂਹਾਂ ਤੋਂ ਇਲਾਵਾ ਬੁਰੀ ਨਜ਼ਰ ਤੋਂ ਰਖਿਆ ਕਰਦੀ ਹੈ । ਬਦਨਜ਼ਰ ਦੀ ਸਾਰੀ ਕਰੋਪੀ ਆਪਣੇ ਵਿਚ ਜਜ਼ਬ ਕਰਦੀ ਰਹਿੰਦੀ ਹੈ ਤੇ ਅਖ਼ੀਰ ਫੁੱਟ ਜਾਂਦੀ ਹੈ । ਇਸੇ ਧਾਰਨਾ ਸਦਕਾ ਸਾਂਸੀ, ਪੱਖੀਵਾਲ ਤੇ ਹੋਰ ਪਛੜੇ ਕਬੀਲਿਆਂ ਵਿਚ ਅਜੇ ਵੀ ਗਲ ਵਿਚ ਕੌਡੀ ਲਟਕਾਂਦੇ ਹਨ । ਪਸ਼ੂਆਂ ਦੇ ਗਲ ਵਿਚ ਮਣਕਿਆਂ ਤੇ ਕੌਡੀਆਂ ਦੀ ਮਾਲਾ ਵੀ ਇਸੇ ਭਾਵਨਾ ਨਾਲ ਪਹਿਨਾਈ ਜਾਂਦੀ ਹੈ । ਪਸ਼ੂਆਂ ਦੇ ਮੱਥੇ ਦਾ ਸ਼ਿੰਗਾਰ ਮਖੇਰਨ ਵੀ ਕੌਡੀਆਂ ਨਾਲ ਜੜਿਆ ਹੁੰਦਾ ਹੈ ।

ਕੌਡੀ ਉਪਜਾਇਕਤਾ ਦਾ ਪ੍ਰਤੀਕ ਵੀ ਹੈ । ਡਬਲੂ. ਜੇ. ਪੈਰੀ ਆਪਣੀ ਪੁਸਤਕ 'ਦ ਆਰੀਜਨ ਆਫ਼ ਮੈਜਿਕ ਐਂਡ ਰਿਲੀਜਨ' ਵਿਚ ਦਸਦੇ ਹਨ ਕਿ ਕੌਡੀ ਇਸਤ੍ਰੀ ਦੀ ਯੋਨੀ ਦੀ ਲਖਾਇਕ ਹੈ । ਵਿਆਹ ਸਮੇਂ ਮੁੰਡੇ ਤੇ ਕੁੜੀ ਦੇ ਗਾਨੇ ਨਾਲ ਕੌਡੀਆਂ ਇਸੇ ਭਾਵ ਨਾਲ ਬੰਨ੍ਹ ਦਿਤੀਆਂ ਜਾਂਦੀਆਂ ਹਨ ਕਿ ਵਰ ਤੇ ਕੰਨਿਆਂ ਵਿਚ ਸੰਤਾਨ ਉਤਪੰਨ ਕਰਨ ਦੀ ਸ਼ਕਤੀ ਵਿਗਸੇ ।

ਕੌਡੀਆਂ ਦੀ ਵਰਤੋਂ ਧਾਰਮਿਕ ਰਹੁ ਰੀਤੀਆਂ ਵੇਲੇ ਵੀ ਕੀਤੀ ਜਾਂਦੀ ਹੈ । ਹਿੰਦੂ ਪੂਜਾ-ਪਾਠ ਸਮੇਂ ਹੋਰ ਸਮਿਗਰੀ ਦੇ ਨਾਲ, ਇਸਨੂੰ ਪਵਿਤਰ ਜਾਣ ਕੇ ਕੋਲ ਰਖਦੇ ਹਨ ।

ਕੌਡੀਆਂ ਕਈ ਰੰਗਾਂ ਦੀਆਂ ਹੁੰਦੀਆਂ ਹਨ । ਦੁੱਧ ਚਿੱਟੀ ਕੌਡੀ ਜਿਸਨੂੰ ਹੰਸੀ ਕਹਿੰਦੇ ਹਨ, ਬਦ ਨਜ਼ਰ ਤੋਂ ਰਖਿਆ ਕਰਦੀ ਹੈ । ਸੁਨਹਿਰੀ ਰੰਗ ਦੀ ਕੌਡੀ ਜਿਸ ਨੂੰ ਸਿੰਘੀ ਕਹਿੰਦੇ ਹਨ, ਆਪਣੇ ਪਾਸ ਰੱਖਣ ਨਾਲ ਧਨ-ਦੌਲਤ ਵਿਚ ਵਾਧਾ ਹੁੰਦਾ ਹੈ । ਪੀਲੀ ਪਿੱਠ ਤੇ ਚਿੱਟੇ ਢਿੱਡ ਵਾਲੀ ਕੌਡੀ ਜਿਸਨੂੰ 'ਮ੍ਰਿਗੀ' ਕਹਿੰਦੇ ਹਨ, ਆਪਣੇ ਕੋਲ ਰੱਖਣ ਨਾਲ, ਬਾਂਝਪਨ ਦੂਰ ਹੋ ਜਾਂਦਾ ਹੈ ਤੇ ਸੰਤਾਨ ਵਿਚ ਵਾਧਾ ਹੁੰਦਾ ਹੈ ।

ਕਿਸੇ ਸਮੇਂ ਕੌਡੀ ਦੀ ਵਰਤੋਂ ਸਿੱਕੇ ਦੇ ਰੂਪ ਵਿਚ ਵੀ ਕੀਤੀ ਜਾਂਦੀ ਸੀ ।

(2) ਛਾਤੀ ਦੇ ਹੇਠਲੇ ਪਾਸੇ, ਜਿਥੇ ਸਭ ਤੋਂ ਹੇਠਲੀਆਂ ਦੋਵੇਂ ਪਸਲੀਆਂ ਮਿਲਦੀਆਂ ਹਨ, ਉਥੇ ਇਕ ਹੱਡੀ ਜੋ ਕੌਡੀ ਦੀ ਸ਼ਕਲ ਦੀ ਹੋਣ ਕਰਕੇ, ਕੌਡੀ ਅਖਵਾਉਂਦੀ ਹੈ । ਲੋਕ ਨਿਸਚੇ ਅਨੁਸਾਰ ਜੀਵ ਆਤਮਾ ਇਸੇ ਕੌਡੀ ਵਿਚ ਨਿਵਾਸ ਕਰਦੀ ਹੈ ।

(3) ਇਕ ਖੇਡ ਜਿਸਨੂੰ ਕੌਡੀ-ਕੁਬੱਡੀ ਵੀ ਕਹਿੰਦੇ ਹਨ; (ਵੇਖੋ : ਕਬੱਡੀ) ।

(ਕ-412) **ਕੋਲ ਡੋਡਾ** :

ਕੰਵਲ ਫੁੱਲ, ਜਿਸ ਨੂੰ ਕੋਲ-ਡੋਡਾ ਕਿਹਾ ਜਾਂਦਾ ਹੈ, ਉਤੇ ਕਈ ਬੁਝਾਰਤਾਂ ਮਿਲਦੀਆਂ ਹਨ। ਇਸਦੇ ਅਨੇਕਾਂ ਰੰਗਾਂ ਦੀ ਚਰਚਾ ਇਕ ਬੁਝਾਰਤ ਵਿਚ ਇਉਂ ਤੁਰਦੀ ਹੈ

ਕਾਲਾ ਕਾਂ ਜਿਹਾ, ਲਾਲਾ ਧਾ ਜਿਹਾ,
ਚਿੱਟਾ ਦੁੱਧ ਜਿਹਾ, ਸਾਵਾ ਤੋਤੇ ਜਿਹਾ।
ਇਹ ਕਹਾਣੀ ਨਾ ਬੁਝੇ, ਤਾਂ ਤੇਰਾ ਮੂੰਹ ਖੋਤੇ ਜਿਹਾ।
(ਵੇਖੋ : ਕੰਵਲ ਫੁੱਲ)।

(ਕ-413) **ਕੌੜਾ** :

ਖੁੰਜਾਈ ਖੱਤਰੀਆਂ ਦੀ ਇਕ ਗੋਤ; ਇਨ੍ਹਾਂ ਦਾ ਅਸਲਾ ਕਪੂਰ ਹਨ। ਇਸ ਸ਼ਾਖ ਦੀ ਗੋਤਰ ਦਾ ਨਾਂ ਕੌੜਾ ਪੈ ਜਾਣ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ। ਕਪੂਰ ਗੋਤ ਦੀ ਇਕ ਗਰਭਵੰਤੀ ਇਸਤ੍ਰੀ ਦਾ ਪਤੀ ਮਰ ਗਿਆ। ਉਹ ਸਤੀ ਹੋਣਾ ਚਾਹੁੰਦੀ ਸੀ, ਪਰ ਗਰਭ ਵਿਚਲੇ ਬੱਚੇ ਦੇ ਮੋਹ ਨੇ, ਉਸ ਨੂੰ ਮਰਨ ਨਾ ਦਿਤਾ। ਕੁਝ ਦਿਨਾਂ ਪਿਛੋਂ, ਜਦੋਂ ਉਸ ਦੇ ਘਰ ਬਾਲਕ ਜੰਮਿਆ ਤਾਂ ਉਹ, ਉਸ ਨੂੰ ਅੱਕ ਦੇ ਝਾੜ ਕੋਲ ਸੁਟ ਕੇ, ਸਤੀ ਹੋ ਗਈ। ਦੋ ਤਿੰਨ ਦਿਨਾਂ ਪਿਛੋਂ, ਬਰਾਦਰੀ ਦੇ ਬੰਦਿਆਂ ਨੂੰ ਜਦੋਂ ਇਕ ਬੱਚਾ ਅੱਕ ਕੋਲ ਪਿਆ ਲੱਭਾ ਤਾਂ ਉਹ ਹੈਰਾਨ ਰਹਿ ਗਏ, ਬੱਚਾ ਸੱਪ ਦੀ ਪੂਛ ਚੂੰਘ ਰਿਹਾ ਸੀ ਤੇ ਇਕ ਇੱਲ ਨੇ ਉਸ ਉਤੇ ਖੰਭਾਂ ਨਾਲ ਛਾਂ ਕੀਤੀ ਹੋਈ ਸੀ। ਇਕ ਰਵਾਇਤ ਹੈ ਕਿ ਬੱਚਾ ਸੱਪ ਦੀ ਪੂਛਲ ਨਹੀਂ, ਅੱਕ ਦੀ ਟਹਿਣ ਚੂੰਘ ਰਿਹਾ ਸੀ। ਅੱਕ ਦਾ ਰਸ ਕੌੜਾ ਹੋਣ ਕਰ ਕੇ ਬਾਲਕ ਦਾ ਨਾਉਂ ਵੀ ਕੌੜਾ ਪੈ ਗਿਆ।

ਇਸ ਗੋਤ ਵਾਲੇ ਅੱਕ, ਇੱਲ ਤੇ ਸੱਪ ਨੂੰ ਬੜੇ ਆਦਰ ਭਾਵ ਨਾਲ ਵੇਖਦੇ ਹਨ ਤੇ ਇਨ੍ਹਾਂ ਦੀਆਂ ਰਹੁ-ਰੀਤੀਆਂ ਵਿਚ ਇਨ੍ਹਾਂ ਤਿੰਨਾਂ ਦਾ ਵਿਸ਼ੇਸ਼ ਸਥਾਨ ਹੈ। ਜਦੋਂ ਬੱਚਾ ਦੰਦੀਆਂ ਕਢਦਾ ਹੈ ਤਾਂ ਅੱਕ ਦੇ ਦੁਆਲੇ ਇਕ ਧਾਗਾ ਵਲ ਲਿਆ ਜਾਂਦਾ ਹੈ। ਵਿਆਹ ਸਮੇਂ ਜੰਡ ਕੱਟਣ ਦੀ ਰਸਮ ਵੇਲੇ, ਕੌੜੇ ਇੱਲ ਨੂੰ ਭੋਜਨ ਕਰਾਂਦੇ ਹਨ। ਕਿਸੇ ਸੱਪ ਦੀ ਖੁੱਡ ਦੇ ਨੇੜੇ ਦੁੱਧ ਤੇ ਹੋਰ ਪੰਦਾਰਥ ਰਖਦੇ ਹਨ, ਅਤੇ ਅੱਕ ਦੇ ਝਾੜ ਹੇਠ ਭੋਜ ਵਿਚ ਬਣਾਏ ਸਾਰੇ ਪਦਾਰਥ ਰਖਦੇ ਹਨ। ਕਈ ਹੋਰ ਰਸਮਾਂ ਵੇਲੇ ਵੀ ਇੱਲ ਜਦੋਂ ਤਕ ਭੋਜਨ ਵਿਚੋਂ ਕੋਈ ਚੀਜ਼ ਮੂੰਹ ਨਾ ਲਾ ਲਏ, ਰਸਮ ਪੂਰੀ ਨਹੀਂ ਹੁੰਦੀ।

ਭੱਦਣਾ ਸਮੇਂ, ਕੌੜੇ ਪੱਥਰਾਂ ਦੀ ਰਗੜ ਨਾਲ ਬਾਲੀ ਅੱਗ ਉਤੇ ਹਲਵਾ ਰਿੰਨ੍ਹਦੇ ਹਨ। ਹਲਵੇ ਦਾ ਬਕਰਾ ਬਣਾ ਕੇ ਵੱਢਿਆ ਜਾਂਦਾ ਹੈ ਤੇ ਸਾਰੇ ਭਾਈਚਾਰੇ ਵਿਚ ਵੰਡਦੇ ਜਾਂਦੇ ਹਨ। ਇਹ ਪੁਰਾਣੇ ਸਮੇਂ ਬਕਰੇ ਦੀ ਦਿਤੀ ਜਾਂਦੀ ਬਲੀ ਦੇ ਬਰਾਬਰ ਹੈ। ਭੱਦਣਾ ਵੇਲੇ ਚਾਰ ਚੂੰਡੇ ਛਡ ਕੇ ਬਾਕੀ ਸਾਰਾ ਸਿਰ ਸਫਾ-ਚੱਟ ਕਰ ਦਿਤਾ ਜਾਂਦਾ ਹੈ।

ਕੌੜੇ ਗੁਰੂ ਅਮਰਦਾਸ ਵਿਚ ਬੜੀ ਸ਼ਰਧਾ ਰਖਦੇ ਹਨ। ਜਾਤੀ ਦੇ ਕਈ ਲੋਕ ਤਾਂ ਗੁਰੂ ਅਮਰਦਾਸ ਨਾਲ ਸਬੰਧਿਤ ਕਿਸੇ ਅਸਥਾਨ 'ਤੇ ਹੀ ਭੱਦਣਾ ਦੀ ਰਸਮ ਕਰਦੇ ਹਨ ਤੇ ਕਈ ਕੇਵਲ ਚਾਰ ਚੂੰਡੇ ਹੀ ਉਥੇ ਸਾਫ ਕਰਦੇ ਹਨ।

(2) ਜੱਟਾਂ ਦੀ ਇਕ ਗੋਤ, ਜੋ ਵਾਹੀ ਖੇਤੀ ਕਰਦੀ ਹੈ। ਇਸ ਗੋਤ ਵਾਲੇ ਪੱਛਮੀ ਪੰਜਾਬ ਦੇ ਮਿੰਟਗੁਮਰੀ ਸ਼ਾਹਪੁਰ ਵਿਚ ਮਿਲਦੇ ਹਨ। ਮਿੰਟਗੁਮਰੀ ਵਿਚ ਤਾਂ ਇਨ੍ਹਾਂ ਨੂੰ ਖਰਲ ਕਬੀਲੇ ਨਾਲ ਜੋੜਿਆ ਜਾਂਦਾ ਹੈ।

(ਕ-414) **ਕੌੜਾ ਵੱਟਾ** :

ਜਦੋਂ ਪਰਿਵਾਰ ਵਿਚ ਕਿਸੇ ਸ਼ਖਸ ਦੀ ਮ੍ਰਿਤੂ ਹੋ ਜਾਂਦੀ ਹੈ ਤਾਂ ਉਦੋਂ ਤਕ ਘਰ ਦੀ ਕੋਈ ਚੀਜ਼ ਵਸਤ ਮੂੰਹ ਨਹੀਂ ਲਗਾਂਦੇ, ਜਦੋਂ ਤਕ ਦੇਹ ਦਾ ਸੰਸਕਾਰ ਨਾ ਹੋ ਜਾਵੇ। ਘਰ ਵਿਚ ਚੌਥੇ ਦੀ ਰਸਮ ਤਕ ਰੋਟੀ ਨਹੀਂ ਪਕਾਈ ਜਾਂਦੀ। ਬਰਾਦਰੀ ਵਿਚੋਂ ਹੀ ਕੋਈ ਨਜ਼ਦੀਕੀ ਅੰਗ ਸਾਕ ਮਿਰਤੂ ਵਾਲੇ ਘਰ ਰੋਟੀ ਭੇਜਦੇ ਹਨ। ਪਹਿਲੀ ਰੋਟੀ, ਜੇ ਵਿਆਹਿਆ ਹੋਇਆ ਮਰੇ ਤਾਂ ਉਸਦੇ ਸਹੁਰੇ ਦਿੰਦੇ ਹਨ। ਜੇ ਬਜ਼ੁਰਗ ਮਰੇ ਤਾਂ ਉਸਦੇ ਕੁੜਮ ਰੋਟੀ ਦਿੰਦੇ ਹਨ। ਜੇ ਕੰਵਾਰਾ ਮਰੇ ਤਾਂ ਉਹਦੇ ਚਾਚੇ ਤਾਏ ਜਾਂ ਮਾਮੇ ਰੋਟੀ ਦਿੰਦੇ ਹਨ। ਪਹਿਲੀ ਰੋਟੀ ਨੂੰ ਕੌੜੀ ਰੋਟੀ ਕਹਿੰਦੇ ਹਨ।

ਮ੍ਰਿਤੂ ਦੇ ਮੌਕੇ 'ਤੇ ਇਸ ਤਰ੍ਹਾਂ ਜੇ ਕਿਸੇ ਦੀ ਕੌੜੀ ਰੋਟੀ ਲਈ ਹੋਵੇ, ਤਾਂ ਦੂਜੇ ਦੇ ਘਰ ਹੋਈ ਮੌਤ ਦੇ ਮੌਕੇ 'ਤੇ ਮੋੜਵੀਂ ਰੋਟੀ ਦੇਣ ਨੂੰ ਕੌੜਾ-ਵੱਟਾ ਕਹਿੰਦੇ ਹਨ।

ਲਹਿੰਦੇ ਵਿਚ ਕਈ ਸਮਾਜ ਵਿਚ ਬਰਾਦਰੀ ਦੀਆਂ ਔਰਤਾਂ ਤੇ ਗੁਆਂਢਣਾਂ ਸੁੱਕੀ ਰਸਦ ਲਿਆਂਦੀਆਂ ਹਨ, ਇਸਨੂੰ 'ਭੱਤੀ' ਜਾਂ 'ਕੌੜਾ ਵੱਟਾ' ਆਖਦੇ ਹਨ। ਇਸ ਰਸਦ ਵਿਚ ਆਟੇ ਦੀ ਭਰੀ ਪਰਾਤ, ਲੂਣ, ਹਲਦੀ, ਘਿਓ ਤੇ ਦਾਲ ਆਦਿ ਸ਼ਾਮਲ ਹੁੰਦੇ ਹਨ।

ਕੌੜੇ ਵੱਟੇ ਦੀ ਰੋਟੀ ਆਮ ਤੌਰ ਤੇ ਸਾਦੀ ਹੁੰਦੀ ਹੈ। ਬਸ, ਦਾਲ ਤੇ ਰੋਟੀ ਜਾਂ ਇਕ ਅੱਧ ਸਬਜ਼ੀ। ਪਰ ਜੇ ਕੋਈ ਵਡਾ-ਵਡਿਕਾ ਮਰਿਆ ਹੋਵੇ, ਤਾਂ ਚਾਵਲਾਂ ਦੀ ਦੇਗ ਵੀ ਰਿੰਨ੍ਹ ਲਈ ਜਾਂਦੀ ਹੈ।

## ਖ

### (ਖ-1) ਖੱਸ਼ਟੀ :

ਇਕ ਰਸਮ, ਜੋ ਬੱਚੇ ਦੇ ਜੰਮਣ ਦੇ ਛੇਵੇਂ ਦਿਨ ਕੀਤੀ ਜਾਂਦੀ ਹੈ; 'ਛਟੀ ਦੀ ਰਸਮ' ਕਹਿੰਦੇ ਹਨ। ਇਸ ਦਿਨ ਕਈ ਹਿੰਦੂ ਖੱਸ਼ਟੀ ਦੇਵੀ ਦੀ, ਮੂਰਤੀ ਬਣਾ ਕੇ, ਪੂਜਦੇ ਤੇ ਆਰਤੀ ਉਤਾਰਦੇ ਹਨ (ਵੇਖੋ : ਛੱਟੀ)।

ਚੰਦਰ ਮਾਸ ਦੀ ਛੇਵੀਂ ਤਿੱਥ ਨੂੰ ਖਸ਼ਟਮੀ ਅਥਵਾ ਛੱਟੀ ਕਹਿੰਦੇ ਹਨ।

### (ਖ-2) ਖੱਸ਼ਟੀ ਦੇਵੀ :

ਇਕ ਲੌਕਿਕ ਦੇਵੀ, ਜਿਸ ਦੀ ਪੂਜਾ ਬੱਚੇ ਦੇ ਜੰਮਣ ਦੇ ਛੇਵੇਂ ਦਿਨ ਅਥਵਾ ਛੱਟੀ ਨੂੰ ਕੀਤੀ ਜਾਂਦੀ ਹੈ। ਰਵਾਇਤਾਂ ਅਨੁਸਾਰ ਇਹ ਦੇਵੀ ਵਿਧਮਾਤਾ ਦਾ ਹੀ ਇਕ ਸਰੂਪ ਹੈ; ਪਰ ਕਈ ਪੌਰਾਣਿਕ ਕਥਾਵਾਂ ਖੱਸ਼ਟੀ ਨੂੰ ਕਾਰਤਿਕੇਯ ਦੀ ਪਤਨੀ ਦਸਦੇ ਹਨ। ਕਾਰਤਿਕੇਯ ਦੇ ਛੇ ਸਿਰ ਹੋਣ ਕਰਕੇ, ਉਸ ਦੀ ਪਤਨੀ ਖੱਸ਼ਟੀ ਦੇ ਨਾਉਂ ਨਾਲ ਪ੍ਰਸਿੱਧ ਹੋਈ। ਛੱਟੀ ਵਾਲੇ ਦਿਨ, ਇਸ ਦੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਤੇ ਆਰਤੀ ਉਤਾਰੀ ਜਾਂਦੀ ਹੈ। ਜਿਸ ਕਮਰੇ ਵਿਚ ਬਾਲਕ ਨੇ ਜਨਮ ਲਿਆ ਹੁੰਦਾ ਹੈ, ਉਸ ਕਮਰੇ ਦੀ ਕਿਸੇ ਕੰਧ ਉੱਤੇ, ਇਸ ਦੇਵੀ ਦਾ ਚਿਤ੍ਰ ਉਲੀਕ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਚੰਦਰੀਆਂ ਰੂਹਾਂ ਨੇੜੇ ਨਹੀਂ ਢੁੱਕਦੀਆਂ।

### (ਖ-3) ਖਹਿਰਾ :

(1) ਰਾਜਪੂਤਾਂ ਦਾ ਇਕ ਕਬੀਲਾ; ਇਹ ਕਹਿਲੂਰ ਦੇ ਰਾਜ-ਘਰਾਣੇ ਦੇ 31ਵੇਂ ਰਾਜੇ ਤਾਰਾ ਚੰਦ ਕਹਿਲੂਰ ਦੇ ਪੁੱਤਰ, ਜ਼ਾਹਿਰ ਚੰਦ ਦੀ ਵੰਸ਼ ਹਨ।

(2) ਜੱਟਾਂ ਦੀ ਇਕ ਗੋਤ ਖਹਿਰਾ ਹੈ, ਜਿਨ੍ਹਾਂ ਦਾ ਵਸਾਇਆ, ਇਸ ਨਾਓਂ ਦਾ ਪਿੰਡ, ਤਰਨ ਤਾਰਨ ਤਹਿਸੀਲ ਵਿਚ ਹੈ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਸਿਮਰਤੀ ਵਿਚ ਇਕ ਇਤਿਹਾਸਕ ਗੁਰਦਵਾਰਾ ਤੇ ਬਾਵਲੀ ਹੈ।

### (ਖ-4) ਖੱਖਾ :

ਮੁਗਲਾਂ ਦੇ ਰਾਜ ਵੇਲੇ, ਜਿਹੜੇ ਖੱਤ੍ਰੀ, ਹਿੰਦੂ ਧਰਮ ਤਿਆਗ ਕੇ ਮੁਸਲਮਾਨੀ ਮਤ ਧਾਰਨ ਕਰ ਲੈਂਦੇ ਸਨ, ਉਨ੍ਹਾਂ ਨੂੰ ਖੱਖਾ ਕਿਹਾ ਜਾਣ ਲਗਾ। ਖੱਖਾ ਖੱਤ੍ਰੀ ਸ਼ਬਦ ਦਾ ਪਹਿਲਾ ਅੱਖਰ ਹੈ ਤੇ ਹਿੰਦੂਆਂ ਤੋਂ ਮੁਸਲਮਾਨ ਬਣੇ ਖੱਤ੍ਰੀ ਪਛੜੀਆਂ ਜਾਤੀਆਂ ਵਿਚੋਂ ਬਣੇ ਮੁਸਲਮਾਨਾਂ ਨਾਲੋਂ ਵਖਰੀ ਹੋਂਦ ਸਥਾਪਿਤ ਕਰਨਾ ਤੇ ਜਾਤੀ ਅਭਿਮਾਨ ਕਾਇਮ ਰਖਦੇ ਹੋਏ ਖੱਖਾ ਨਾਉਂ ਹੀ ਜ਼ਿਆਦਾ ਪਸੰਦ ਕਰਨ ਲਗੇ।

ਅਖਾਣਾਂ ਵਿਚ ਖੱਖੇ ਨੂੰ ਬੜਾ ਚਤਰ ਮੰਨਿਆ ਗਿਆ ਹੈ—

ਸੌ ਸੁਨਿਆਰਾ ਇਕ ਠੱਗ, ਸੌ ਠੱਗ ਠਠੇਰਾ ਇਕ।<br>
ਜੇ ਸੌ ਠਠੇਰਾ ਮਾਰੀਏ ਤਾਂ ਖੱਖਾ ਉਪਜੇ ਇਕ।

ਸ਼ਾਇਦ ਹਿੰਦੂ ਖੱਤ੍ਰੀਆਂ ਨੇ, ਧਰਮ ਤਿਆਗ ਕੇ ਮੁਸਲਮਾਨ ਬਣ ਗਏ ਖੱਤ੍ਰੀਆਂ ਪ੍ਰਤੀ ਗਿਲਾਨੀ ਪ੍ਰਗਟ ਕਰਨ ਲਈ, ਅਜਿਹੇ ਅਖਾਣਾਂ ਨੂੰ ਰਚਿਆ ਹੋਵੇ।

### (ਖ-5) ਖੱਗ :

ਜੱਟਾਂ ਦਾ ਇਕ ਕਬੀਲਾ; ਖੱਗ ਜ਼ਿਆਦਾਤਰ ਪੱਛਮੀ ਪੰਜਾਬ ਦੇ ਜ਼ਿਲੇ ਮੁਲਤਾਨ ਵਿਚ ਹੀ ਮਿਲਦੇ ਹਨ। ਕੁਝ ਖੱਗ, ਸਿੱਖ ਰਾਜ ਵੇਲੇ ਮਿੰਟਗੁਮਰੀ ਜ਼ਿਲੇ ਵਿਚ ਜਾ ਵਸੇ। ਮੁਲਤਾਨ ਵਿਚ ਲੋਕੀਂ ਖੱਗਾਂ ਨੂੰ ਬੜੇ ਆਦਰ ਭਾਵ ਨਾਲ ਵੇਖਦੇ ਹਨ। ਰਵਾਇਤ ਹੈ ਕਿ ਸਿੱਖ ਰਾਜ ਤੋਂ ਪਹਿਲਾਂ, ਮੁਲਤਾਨ ਦੇ ਜ਼ਿਲੇ ਵਿਚ ਅਰਾਜਕਤਾ ਦੇ ਦਿਨੀਂ, ਮਾਸੂਮ ਲੋਕ, ਇਨ੍ਹਾਂ ਦੀ ਸ਼ਰਨ ਲਿਆ ਕਰਦੇ। ਧਾਰਨਾ ਹੈ ਕਿ ਕੋਈ ਦੋਖੀ ਉਨ੍ਹਾਂ ਦਾ ਪਿੱਛਾ ਕਰਦਾ, ਖੱਗਾਂ ਦੇ ਘਰ ਜਾ ਵੜਦਾ, ਤਾਂ ਉਹ ਅੰਨ੍ਹਾ ਹੋ ਜਾਂਦਾ ਸੀ (ਗਲਾਸਰੀ, ਜਿਲਦ 2, ਪੰਨਾ 489)।

ਕੁਝ ਖੱਗ ਕੁਰੇਸ਼ੀ ਹੋਣ ਦਾ ਦਾਅਵਾ ਕਰਦੇ ਹਨ। ਧਾਰਨਾ ਹੈ ਕਿ ਉਨ੍ਹਾਂ ਦਾ ਵਡਿਕਾ ਜਲਾਲ-ਉਦ-ਦੀਨ, ਮੁਹੰਮਦ ਇਰਾਨ ਦਾ ਮੁਰੀਦ ਸੀ। ਜਲਾਲ-ਉਦ-ਦੀਨ ਨੇ,

ਇਕ ਵਾਰ ਸਖਤ ਤੂਫਾਨ ਵਿਚ ਘਿਰੀ ਹੋਈ ਬੇੜੀ ਨੂੰ ਦਰਿਆ ਵਿਚ ਰੁੜ੍ਹਨ ਤੋਂ ਬਚਾ ਲਿਆ ਅਤੇ ਉਸ ਦੇ ਪੀਰ ਨੇ ਪ੍ਰਸੰਨ ਹੋ ਕੇ, ਉਸ ਨੂੰ ਖੱਗ (ਇਕ ਤਰ੍ਹਾਂ ਦੀ ਮੱਛੀ) ਆਖ ਕੇ ਨਿਵਾਜਿਆ। ਉਦੋਂ ਤੋਂ ਇਨ੍ਹਾਂ ਦੀ ਅੱਲ ਖੱਗ ਪੈ ਗਈ। ਮਗਰੋਂ ਇਹ ਕਬੀਲਾ ਖੱਗ ਦੇ ਨਾਉਂ ਨਾਲ ਪ੍ਰਸਿੱਧ ਹੋ ਗਿਆ।

### (ਖ-6) **ਖੰਘ** :

ਲੋਕ-ਵਿਚਾਰ ਅਨੁਸਾਰ ਖੰਘ ਕਿਸੇ ਚੰਦਰੀ ਰੂਹ ਕਰਕੇ ਲਗਦੀ ਹੈ, ਜੋ ਕੰਠ ਵਿਚ ਬੈਠ ਕੇ ਨੱਸਾਂ ਨੂੰ ਘੁਟਦੀ ਹੈ। ਇਸੇ ਲਈ ਜਦੋਂ ਕੋਈ ਖੰਘ ਰਿਹਾ ਹੋਵੇ, ਤਾਂ ਬੁੱਢੀਆਂ ਤੀਵੀਆਂ ਕਈ ਵਾਰ ਚੰਦਰੀ ਰੂਹ ਨੂੰ, ਦੁਰਕਾਰਦੇ ਹੋਏ 'ਖਿਰੇ' ਜਾਂ 'ਖਿਰ ਕੁਤੀਏ, ਨਾਈਆਂ ਦੇ ਘਰ ਸੁਤੀਏ' ਕਹਿ ਕੇ ਲਾਹਨਤਾਂ ਪਾਉਂਦੀਆਂ ਹਨ। ਧਾਰਨਾ ਹੈ ਇਸ ਤਰ੍ਹਾਂ ਲਾਹਨਤ ਪਾਉਣ ਨਾਲ ਖੰਘ ਦੂਰ ਹੋ ਜਾਂਦੀ ਹੈ।

ਕਾਲੀ ਖੰਘ, ਕਿਸੇ ਬੜੀ ਹੀ ਕਰੂਰ ਰੂਹ ਦੇ ਖਹਿੜੇ ਪੈ ਜਾਣ ਨਾਲ, ਹੁੰਦੀ ਮੰਨੀ ਗਈ ਹੈ। ਇਸ ਨੂੰ ਨਿਵਾਰਨ ਲਈ ਰੋਗੀ ਦੇ ਸਿਰ ਤੋਂ ਕਾਲੀ ਕੁੱਕੜੀ/ਕਬੂਤਰ ਵਾਰ ਕੇ ਬਲੀ ਦਿੱਤੀ ਜਾਂਦੀ ਹੈ। ਕੁਝ ਮਾਸ ਗ਼ਰੀਬਾਂ ਵਿਚ ਵੰਡ ਦਿੱਤਾ ਜਾਂਦਾ ਹੈ ਅਤੇ ਕੁਝ ਰੋਗੀ ਨੂੰ ਖਵਾਇਆ ਜਾਂਦਾ ਹੈ।

### (ਖ-7) **ਖਜ਼ਾਨਾ** :

ਲੋਕ-ਧਾਰਨਾ ਅਨੁਸਾਰ ਸੱਪ ਦਾ ਧਨ-ਦੌਲਤ ਨਾਲ ਬੜਾ ਮੋਹ ਹੁੰਦਾ ਹੈ ਅਤੇ ਜਿਥੇ ਕਿਧਰੇ ਧਰਤੀ ਵਿਚ ਖ਼ਜ਼ਾਨਾ ਦਬਿਆ ਹੋਵੇ, ਉਥੇ ਨੇੜੇ ਤੇੜੇ ਸੱਪ ਜ਼ਰੂਰ ਨਿਵਾਸ ਕਰਦਾ ਹੈ। ਪੁਰਾਣੇ ਵੇਲਿਆਂ ਵਿਚ ਲੋਕ ਰੁਪਏ, ਗਹਿਣੇ ਤੇ ਬਹੁ-ਮੁੱਲੀਆਂ ਵਸਤੂਆਂ, ਦੇਗਾਂ ਵਿਚ ਬੰਦ ਕਰਕੇ, ਸੁਰੱਖਿਆ ਵਜੋਂ, ਧਰਤੀ ਵਿਚ ਦੱਬ ਦਿਤਾ ਕਰਦੇ ਸਨ। ਦੇਗਾਂ ਨੂੰ ਜੰਜ਼ੀਰਾਂ ਨਾਲ ਜਕੜ ਦਿਤਾ ਜਾਂਦਾ ਸੀ। ਕਿਉਂ ਜੋ ਲੋਕਾਂ ਦਾ ਨਿਸ਼ਚਾ ਸੀ ਕਿ ਖ਼ਜ਼ਾਨਾ ਅਥਵਾ ਦੇਗ, ਧਰਤੀ ਵਿਚ ਤੁਰਦੀ ਕਿਥੋਂ ਦੀ ਕਿਥੇ ਪਹੁੰਚ ਜਾਂਦੀ ਹੈ। ਰਵਾਇਤ ਹੈ ਕਿ ਖ਼ਜ਼ਾਨੇ ਦੀ ਦੇਗ ਨੂੰ ਸੱਪ ਫੂੰਕਾਰਿਆਂ ਨਾਲ ਧਰਤੀ ਅੰਦਰੋਂ ਤੋਰਦਾ ਰਹਿੰਦਾ ਹੈ। ਜਦੋਂ ਧਰਤੀ ਵਿਚੋਂ, ਛਣਛਣ ਦੀ ਆਵਾਜ਼ ਸੁਣਾਈ ਦੇਵੇ ਤਾਂ ਲੋਕ ਇਹੋ ਮੰਨਦੇ ਹਨ ਕਿ ਧਰਤੀ ਅੰਦਰ ਦੱਬੀ ਖ਼ਜ਼ਾਨੇ ਦੀ ਕੋਈ ਦੇਗ ਤੁਰ ਰਹੀ ਹੈ।

ਜਿਥੇ ਕਾਂ ਚੁੰਝਾਂ ਮਾਰਦੇ ਹੋਣ, ਉਥੇ ਵੀ ਹੇਠਾਂ ਖ਼ਜ਼ਾਨਾ ਦਬਿਆ ਹੋਣ ਦੀ ਸੰਭਾਵਨਾ ਹੁੰਦੀ ਹੈ। ਕਿਉਂ ਜੋ ਪਹਿਲਿਆਂ ਵਿਚ ਖ਼ਜ਼ਾਨਾ ਦੱਬ ਕੇ, ਉਪਰ ਇਕ ਵਡੇ ਸਾਰੇ ਭਾਂਡੇ ਵਿਚ ਮਠਿਆਈ ਤੇ ਕੜਾਹ ਪੂੜੀਆਂ ਪਾ ਕੇ ਧਰਤੀ ਮਾਤਾ ਦੀ ਭੇਟ ਵਜੋਂ ਰਖੀਆਂ ਜਾਂਦੀਆਂ ਸਨ। ਜ਼ਮੀਨ ਅੰਦਰ ਜੇ ਕਿਧਰੇ ਕੜਾਹ-ਪੂੜੀ ਦੱਬੀ ਹੋਵੇ ਤਾਂ ਕਾਂ ਨੂੰ ਮੁਸ਼ਕ ਆ ਜਾਂਦੀ ਹੈ।

### (ਖ-8) **ਖੰਜਕਾ, ਖੰਜਰੀ**

(ਫਾ: ਖੰਜਰੀ) ਡੱਫ ਦੀ ਸ਼ਕਲ ਦਾ ਸਾਜ਼; ਇਹ ਸਾਜ਼, ਲੱਕੜੀ ਦਾ ਇਕ ਗੋਲਾਕਾਰ ਬਣਾ ਕੇ, ਉਸਦੇ ਇਕ ਪਾਸੇ ਢੋਲਕੀ ਵਾਂਗ ਚਮੜਾ ਮੜ੍ਹ ਕੇ ਬਣਾਇਆ ਜਾਂਦਾ ਹੈ। ਤੇ ਦੂਜੇ ਪਾਸੇ ਵਲ ਛੈਣੇ ਜੜੇ ਹੁੰਦੇ ਹਨ। ਇਸ ਸਾਜ਼ 'ਨੂੰ ਖੱਬੇ ਹੱਥ ਵਿਚ ਫੜ ਕੇ, ਸੱਜੇ ਹੱਥ ਨਾਲ ਢੋਲਕੀ ਵਾਂਗ ਵਜਾਇਆ ਜਾਂਦਾ ਹੈ। ਭਜਨ ਗਾਉਣ ਵਾਲੀਆਂ ਮੰਡਲੀਆਂ ਖੰਜਰੀ ਦੀ ਵਰਤੋਂ ਆਮ ਕਰਦੀਆਂ ਹਨ।

### (ਖ-9) **ਖਜੂਰ** :

ਖਜੂਰ ਦਾ ਫਲ ਬੜਾ ਪਵਿਤਰ ਮੰਨਿਆ ਗਿਆ ਹੈ। ਸੁੱਕੀਆਂ ਖਜੂਰਾਂ ਜਿਸਨੂੰ ਛੁਹਾਰੇ ਕਿਹਾ ਜਾਂਦਾ ਹੈ, ਅਨੇਕਾਂ ਸਮਾਜਿਕ ਰੀਤਾਂ-ਰਸਮਾਂ ਵੇਲੇ ਸ਼ਗਨ ਵਜੋਂ ਵਰਤੇ ਜਾਂਦੇ ਹਨ (ਵੇਖੋ : ਛੁਹਾਰਾ)।

ਪੱਛਮੀ ਪੰਜਾਬ ਵਿਚ, ਬਹਾਵਲਪੁਰ ਤੇ ਉੱਚ ਦੇ ਇਲਾਕੇ ਵਿਚ ਖਜੂਰਾਂ ਦੇ ਬਿਛਾਂ ਦੇ ਝੁੰਡ ਕਾਫ਼ੀ ਮਾਤਰਾ ਵਿਚ ਹੁੰਦੇ ਹਨ। ਖਜੂਰ ਦੇ ਦਰਖ਼ਤ ਬੜੇ ਉਚੇ ਹੁੰਦੇ ਹਨ ਤੇ ਖਜੂਰਾਂ ਤੋੜਣ ਲਗਿਆਂ ਹੇਠਾਂ ਡਿਗਣ ਦਾ ਡਰ ਰਹਿੰਦਾ ਹੈ। ਇਸ ਕਰਕੇ ਪੱਕੀਆਂ ਖਜੂਰਾਂ ਤੋੜਣ ਵਾਲੇ 'ਚਾਹੜੇ' ਖਜੂਰਾਂ ਤੋੜਣ ਤੋਂ ਪਹਿਲਾਂ, ਪੀਰ ਫਕੀਰ ਨੂੰ ਧਿਆਂਦੇ ਹਨ। ਉੱਚ ਦੇ ਚਾਹੜਿਆਂ ਵਿਚ ਹੇਠਲੀਆਂ ਤੁਕਾਂ ਉਚਾਰੀਆਂ ਜਾਂਦੀਆਂ ਹਨ :—

ਖਜੀ ਖਜੂਰ, ਹਾਜ਼ਿਰ ਹਜ਼ੂਰ
ਰਾਖੀ ਚਾਹੜੇ ਬਾਕੀ ਗਈ ਮਨਜ਼ੂਰ
ਰਾਖਾ ਜੀਵੇ ਚਾੜ੍ਹਾ ਜੀਵੇ
ਜੀਵੇ ਪੀਰ ਨੌ ਨਾਸਰ ਦੀਨ।
ਕਲਗੀ ਵਾਲਾ ਤੂੰ ਫਲੀਂ ਫਲੀਂ
ਮੈਂ ਚੜ੍ਹਦਾ ਚੜ੍ਹਾਂ
ਤੇਰਾ ਸਾਦਰ ਇਸ਼ਕ ਅਲਾਹ
ਖਾਧਾ ਪੀਤਾ ਅਲਾਯਾ ਗਲਾਯਾ
ਘਸਾ ਘਬਾ ਬਖ਼ਸ਼ੀ ਵਾਸਤੇ ਅਲਾਹ
ਮਰ ਗੇ ਤਾਂ ਇਸ਼ਕ ਅਲਾਹ
ਖਜੀ ਘਰ ਆ ਗਈ ਵਾਹ।

### (ਖ-10) **ਖੱਟ** :

ਕੰਨਿਆਂ ਦੇ ਵਿਆਹ ਵੇਲੇ ਮਾਮਿਆਂ ਵਲੋਂ ਦਿਤੇ

ਕਪੜੇ-ਲੱਤੇ, ਗਹਿਣੇ, ਭਾਂਡੇ ਤੇ ਹੋਰ ਵਸਤਾਂ, ਜਿਸਨੂੰ 'ਦਾਜ' ਤੇ 'ਦਿੱਤ' ਤੇ 'ਦਾਤ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਸਤਾਂ ਦਾ ਵਿਖਾਵਾ ਖੱਟ (ਮੰਜੇ) ਉਤੇ ਖਿਲਾਰ ਕੇ, ਕੀਤੇ ਜਾਣ ਕਰਕੇ, ਨਾਉਂ ਖੱਟ ਪੈ ਗਿਆ।

ਖੱਟ ਵਿਚ ਕੁੜੀ ਤੇ ਮੁੰਡੇ ਦੇ ਪਹਿਨਣ ਲਈ ਤ੍ਰੇਵਰ, ਵਰਤਣ ਲਈ ਵੰਨ-ਸੁਵੰਨੇ ਰਾਂਗਲੇ ਪਲੰਘਾਂ ਦੀ ਜੋੜੀ, ਬਿਸਤਰੇ ਤੇ ਰਜਾਈਆਂ, ਘਰ ਨੂੰ ਸ਼ਿੰਗਾਰਨ ਦੀਆਂ ਵਸਤਾਂ, ਕੰਨਿਆਂ ਦੇ ਪਹਿਨਣ ਲਈ ਗਹਿਣੇ ਤੇ ਕੁਝ ਨਕਦ ਰੁਪਏ ਹੁੰਦੇ ਹਨ। ਸਰਦੇ ਪੁਜਦੇ ਘਰਾਂ ਵਿਚ ਵਰ ਦੇ ਰਿਸ਼ਤੇਦਾਰਾਂ– ਚਾਚੇ, ਮਾਮੇ, ਫੁੱਫੜ, ਚਾਚੀਆਂ, ਮਾਸੀਆਂ, ਤੇ ਭੂਆ ਆਦਿ ਦੇ ਤ੍ਰੇਵਰ ਵੀ ਰਖਣ ਦੀ ਪਿਰਤ ਹੈ। ਰਜੇ-ਪੁਜੇ ਮਾਪੇ ਖੱਟ ਦੇ ਨਾਲ ਵਿਤ ਅਨੁਸਾਰ ਮੱਝਾਂ, ਗਾਵਾਂ ਤੇ ਊਂਠ-ਘੋੜੇ ਵੀ ਦਿਤਾ ਕਰਦੇ ਸਨ, ਪਰ ਹੁਣ ਰਵਾਜ ਬਦਲ ਗਏ ਹਨ।

'ਖੱਟ' ਦੀ ਰੀਤ ਦੁਪਹਿਰ ਦੀ ਰੋਟੀ ਮਗਰੋਂ ਕੀਤੀ ਜਾਂਦੀ ਹੈ। ਜਦੋਂ ਦੋਵੇਂ ਧਿਰਾਂ ਰੋਟੀ ਖਾ ਚੁਕਦੀਆਂ ਹਨ ਤਾਂ ਕਿਸੇ ਖ਼ਾਲੀ ਥਾਂ ਖੱਟ ਦੀਆਂ ਚੀਜ਼ਾਂ ਵਸਤੂਆਂ ਨੂੰ ਮੰਜਿਆਂ ਉਪਰ ਸਜਾ ਸ਼ਿੰਗਾਰ ਕੇ ਰਖ ਦਿਤਾ ਜਾਂਦਾ ਹੈ। ਖੱਟ ਦੇ ਕੋਲ ਹੀ ਪੀੜ੍ਹਿਆਂ ਜਾਂ ਚੌਂਕੀਆਂ ਉਤੇ, ਵਰ ਤੇ ਕੰਨਿਆਂ ਨੂੰ ਵੀ ਬਿਠਾ ਦਿਤਾ ਜਾਂਦਾ ਹੈ। ਨਾਈ ਸਾਰੇ ਜਾਂਞੀਆਂ ਨੂੰ ਸੱਦਾ ਦੇ ਆਉਂਦਾ ਹੈ ਤੇ ਜਾਂਞੀ ਖੱਟ ਨੂੰ ਵੇਖਦੇ ਹੋਏ ਟਿਚਕਰਾਂ ਕਰਦੇ ਹਨ। ਕਈ ਥਾਈਂ ਕੰਨਿਆਂ ਦੀਆਂ ਸਹੇਲੀਆਂ ਸਿੱਠਣੀਆਂ ਵੀ ਦੇਂਦੀਆਂ ਹਨ। ਪਰ ਖੱਟ ਦੇ ਸਮੇਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਦਾ ਸੰਬੰਧ ਬਹੁਤਾ ਦਾਜ ਨਾਲ ਹੀ ਹੁੰਦਾ ਹੈ ਜਿਵੇ :—

ਸੁਣਿਓ ਵੇ ਸੁਣਿਓ, ਨਵਿਓਂ ਕੁੜਮੋ,  
ਅਰਜ਼ ਬੰਦੀ ਦੀ ਸੁਣਿਓ ਜੀ।  
ਜੇ ਅਸੀਂ ਦਿਤੀਆਂ ਪਾਟੀਆਂ ਲੀਰਾਂ,  
ਰੇਸ਼ਮ ਕਰਕੇ ਜਾਣਿਓ ਜੀ।  
ਜੇ ਅਸਾਂ ਦਿੱਤੜੇ ਚਾਂਦੀ ਦੇ ਗਹਿਣੇ,  
ਸੋਨਾ ਕਰਕੇ ਜਾਣਿਓ ਜੀ।  
ਜੇ ਅਸੀਂ ਦਿੱਤੀਆਂ ਪਿੱਤਲ ਪਰਾਤਾਂ,  
ਚਾਂਦੀ ਕਰਕੇ ਜਾਣਿਓ ਜੀ।

ਇਕ ਹੋਰ ਗੀਤ ਵਿਚ, ਧੀ ਆਪਣੀ ਅੰਮੜੀ ਨੂੰ ਆਖਦੀ ਹੈ ਕਿ ਜੋ ਦਿੱਤ-ਦਾਜ ਉਹ ਹੁਣ ਤਕ ਧੀ ਲਈ ਬਣਾਉਂਦੀ ਰਹੀ ਹੈ, ਉਹ ਸਭ ਕੱਢ ਲਿਆਵੇ :—

ਕੱਢ ਨੀ ਅੰਮੜੀਏ  
ਕੁਝ ਸਜਿਆ ਸਜਾਇਆ  
ਕੁਝ ਰਖਿਆ ਰਖਾਇਆ  
ਮੇਰੇ ਬਾਬਲ ਦਾ ਖਟਿਆ  
ਮੇਰੇ ਵੀਰੇ ਦਾ ਕਮਾਇਆ  
ਤੇਰਾ ਦੇਣ ਵੇਲਾ ਆਇਆ।

ਹਿੰਦੂਆਂ ਵਿਚ, ਖੱਟ ਦੀ ਰੀਤ ਵੇਲੇ, ਪਾਂਧਾ ਮੰਤਰ ਪਾਠ ਕਰਦਾ ਹੈ ਅਤੇ ਚੌਲਾਂ ਦਾ ਛਿੱਟਾ ਦੇਂਦਾ ਹੈ, ਤਾਂ ਜੋ ਅਗਲੇ ਲੋਕ ਵਿਚ, ਇਹ ਪੁੰਨ-ਦਾਨ, ਕਈ ਗੁਣਾ ਵੱਧ ਫਲ ਫੁਲ ਕੇ ਧਰਮੀ ਬਾਬਲ ਨੂੰ ਪ੍ਰਾਪਤ ਹੋਵੇ। ਇਸ ਰਸਮ ਨੂੰ 'ਖੱਟ ਪੂਜਣਾ' ਕਹਿੰਦੇ ਹਨ।

ਖੱਟ ਦੀ ਸਾਡੇ ਸਮਾਜ ਵਿਚ ਖ਼ਾਸ ਮਹੱਤਾ ਰਹੀ ਹੈ। ਚੰਗੀ ਤੇ ਭਰਵੀਂ ਖੱਟ ਸਮਾਜ ਵਿਚ ਮਾਣ ਵਧਾਂਦੀ ਸੀ ਪਰ ਹੁਣ ਜ਼ਮਾਨੇ ਨਾਲ ਸਭ ਕੁਝ ਬਦਲਦਾ ਜਾ ਰਿਹਾ ਹੈ।

## (ਖ-11) **ਖੱਟ ਕਰਮ** :

ਹਿੰਦੂ ਸ਼ਾਸਤ੍ਰਾਂ ਅਨੁਸਾਰ, ਛੇ ਪ੍ਰਕਾਰ ਦੇ ਕਰਮ-ਕਾਂਡ, ਜੋ ਆਤਮਿਕ ਵਿਕਾਸ ਵਿਚ, ਸਹਾਇਕ ਹੁੰਦੇ ਹਨ। ਇਨ੍ਹਾਂ ਕਰਮ-ਕਾਂਡਾਂ ਦੇ ਨਾਉਂ ਹਿੰਦੂ ਗ੍ਰੰਥਾਂ ਵਿਚ ਇਕਸਾਰ ਨਹੀਂ ਮਿਲਦੇ। ਹਰੇਕ ਮਤ ਦੇ ਆਪਣੇ ਵਖਰੇ ਕਰਮ-ਕਾਂਡ ਹਨ।

ਮਨੂ-ਸਿਮ੍ਰਿਤੀ ਅਨੁਸਾਰ (ਅਧਿਆਇ 10 (740) ਬ੍ਰਾਹਮਣ ਲਈ ਆਤਮਿਕ ਤੇ ਬੌਧਿਕ ਉੱਨਤੀ ਵਾਸਤੇ. ਛੇ ਕਰਮ ਇਸ ਪ੍ਰਕਾਰ ਹਨ :—

1. ਅਧਯਨ—ਵੇਦਾਂ ਤੇ ਸ਼ਾਸਤਰਾਂ ਦਾ ਅਭਿਆਸ ਕਰਨਾ।
2. ਅਧਯਾਪਨ—ਵੇਦਾਂ ਤੇ ਸ਼ਾਸਤਰਾਂ ਦਾ ਗਿਆਨ ਦੂਜਿਆਂ ਨੂੰ ਦੇਣਾ।
3. ਯਜਨ—ਯੱਗ ਕਰਨੇ।
4. ਯਾਜਨ—ਦੂਜਿਆਂ ਨੂੰ ਯੱਗ ਕਰਨ ਦੀ ਪ੍ਰੇਰਨਾ ਦੇਣੀ।
5. ਦਾਨ—ਦਾਨ ਦੇਣਾ।
6. ਪ੍ਰਤਿਗ੍ਰਹਿ—ਦਾਨ ਪ੍ਰਵਾਨ ਕਰਨੇ।

ਮਨੂ-ਸਿਮ੍ਰਿਤੀ ਦੇ ਇਕ ਹੋਰ ਸ਼ਲੋਕ (ਅਧਿਆਇ 12 (83) ਵਿਚ ਛੇ ਹੋਰ ਕਰਮ ਦਿੱਤੇ ਹੋਏ ਹਨ, ਜੋ ਇਸ ਪ੍ਰਕਾਰ ਹਨ :—

ਵੇਦ-ਅਭਿਆਸ, ਤੱਪ, ਗਿਆਨ-ਇੰਦ੍ਰੀਆਂ ਤੇ ਕਾਬੂ, ਅਹਿੰਸਾ ਤੇ ਗੁਰੂ-ਸੇਵਾ।

ਪਹਿਲੇ ਦਿਤੇ ਕਰਮਾਂ ਨਾਲ ਜੇ ਇਸ਼ਨਾਨ, ਜੱਪ, ਹਵਨ, ਦੇਵ ਪੂਜਨ, ਤੀਰਥ ਯਾਤ੍ਰਾ ਤੇ ਤੱਪ ਆਦਿ ਛੇ ਹੋਰ ਕਰਮ ਮਿਲਾ ਲਏ ਜਾਣ ਤਾਂ ਇਹ ਬਾਰਾਂ ਕਰਮ (ਦੁਵਾਦਸ ਕਰਮ) ਅਖਵਾਉਂਦੇ ਹਨ।

ਆਦਿ ਗ੍ਰੰਥ ਵਿਚ, ਖੱਟ ਤੇ ਦੁਆਦਸ ਕਰਮਾਂ ਦੀ, ਕਰੜੀ ਆਲੋਚਨਾ ਕੀਤੀ ਗਈ ਹੈ।

ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ,  
ਰੰਗ ਨਾ ਲਗੀ ਪਾਰਬ੍ਰਹਮ ਸਰਪਰ ਨਰਕੇ ਜਾਇ।  
(ਸੁਖਮਨੀ ਮਹਲਾ ੫)

ਯੋਗ-ਮਤ ਵਲੋਂ ਦਸੇ ਖੱਟ-ਕਰਮ ਮਨੂ-ਸਿਮ੍ਰਤੀ ਨਾਲੋਂ ਬਿਲਕੁਲ ਵਖਰੇ ਹਨ। ਹਠ ਯੋਗ ਪ੍ਰਦੀਪਕਾ ਅਨੁਸਾਰ ਖੱਟ ਕਰਮ, ਸਰੀਰ ਦੀ ਸ਼ੁੱਧੀ ਲਈ ਕੁਝ ਕਰੜੇ ਨੇਮ ਹਨ, ਜਿਨ੍ਹਾਂ ਨੂੰ ਕਰਨ ਲਈ ਬੜੀ ਸਾਧਨਾ ਦੀ ਲੋੜ ਹੈ। ਇਨ੍ਹਾਂ ਛੇ ਕਰਮਾਂ ਦੇ ਕਰਨ ਨਾਲ ਸਰੀਰ ਦੀਆਂ ਪ੍ਰਮੁਖ ਨਾੜੀਆਂ— ਇੜਾ, ਪਿੰਗਲਾ ਤੇ ਸੁਖਮਨਾ ਵਿਚ ਯੋਗ ਅਥਵਾ ਇਕ-ਸੁਰਤਾ ਸਥਾਪਿਤ ਹੋ ਜਾਂਦੀ ਹੈ, ਜੋ ਆਤਮਿਕ ਵਿਕਾਸ ਵਿਚ ਸਹਾਇਕ ਬਣਦੀ ਹੈ।

ਹੱਠ ਯੋਗ ਪ੍ਰਦੀਪਿਕਾ ਅਨੁਸਾਰ ਖੱਟ ਕਰਮ ਇਹ ਹਨ :

(1) ਧੋਤੀ · ਇਹ ਕਰਮ ਆਂਦਰਾਂ ਦੀ ਸਫ਼ਾਈ ਲਈ ਕੀਤਾ ਜਾਂਦਾ ਹੈ। ਚਾਰ ਕੁ ਉਂਗਲਾਂ ਚੋੜਾ ਤੇ ਪੰਦਰਾਂ ਹੱਥ ਲੰਮਾ ਬਰੀਕ ਕਪੜਾ ਲੈ ਕੇ, ਹਰ ਰੋਜ਼, ਸਵੇਰੇ ਗਰਮ ਪਾਣੀ ਵਿਚ ਭਿਉਂ ਕੇ, ਇਕ ਹੱਥ ਕਪੜਾ ਨਿਗਲਣ ਦਾ ਅਭਿਆਸ ਕਰਨਾ। ਇਸ ਤਰ੍ਹਾਂ ਪੰਦਰਾਂ ਦਿਨਾਂ ਵਿਚ ਸਾਰਾ ਕਪੜਾ ਨਿਗਲਣ ਦਾ ਅਭਿਆਸ ਹੋ ਜਾਦਾ ਹੈ। ਕਪੜੇ ਦੇ ਪਿਛਲੇ ਸਿਰੇ ਨੂੰ ਦੰਦਾਂ ਵਿਚ ਘੁਟ ਕੇ ਦਬਾਈ ਰੱਖਣਾ ਤੇ ਫਿਰ ਹੌਲੀ ਹੌਲੀ ਸਾਰੇ ਕਪੜੇ ਨੂੰ ਬਾਹਰ ਕੱਢਣਾ, ਇਹ ਕਰਮ ਏਕਮ ਨੂੰ ਆਰੰਭ ਕਰਕੇ ਪੂਰਨਮਾ ਤਕ ਮੁਕਾਣਾ ਵਿਧਾਨ ਹੈ;

(2) ਨੇਤ੍ਰੀ : ਇਸ ਵਿਧੀ ਦੁਆਰਾ ਕੰਠ ਅਤੇ ਨੱਕ ਦੀ ਸਫ਼ਾਈ ਕੀਤੀ ਜਾਂਦੀ ਹੈ। ਨੇਤ੍ਰੀ ਦੋ ਤਰ੍ਹਾਂ ਦੀ ਹੈ : ਜਲ ਨੇਤ੍ਰੀ ਤੇ ਸੂਤ੍ਰ ਨੇਤ੍ਰੀ। ਜਲ ਨੇਤ੍ਰੀ ਵਿਚ ਨੱਕ ਦੀ ਇਕ ਨਾਸ ਰਾਹੀਂ ਪਾਣੀ ਉਪਰ ਚਾੜ੍ਹ ਕੇ ਦੂਜੀ ਨਾਸ ਰਾਹੀਂ ਪਾਣੀ ਬਾਹਰ ਕਢਿਆ ਜਾਂਦਾ ਹੈ। ਸੂਤ੍ਰ ਨੇਤ੍ਰੀ ਵਿਚ ਸੂਤਰ ਦਾ ਬਰੀਕ ਤੇ ਮੁਲਾਇਮ ਡੋਰਾ ਨੱਕ ਵਿਚ ਚੜ੍ਹਾ ਕੇ, ਕੰਠ ਵਿਚੋਂ ਕੱਢਣਾ ਤੇ ਦੋਵੇਂ ਸਿਰੇ ਫੜ ਕੇ ਕੰਠ ਤੇ ਨੱਕ ਦੀ ਸਫ਼ਾਈ ਕਰਨਾ।

(3) ਨਿਉਲੀ : ਪਿੱਠ ਨੂੰ ਅਗੇ ਵਲ ਝੁਕਾ ਕੇ ਤੇ ਸਿਰ ਨੀਵਾਂ ਕਰਕੇ ਪ੍ਰਾਣਾਂ ਦੇ ਜ਼ੋਰ ਨਾਲ ਪੇਟ ਨੂੰ ਸੱਜੇ-ਖੱਬੇ ਉਪਰ-ਹੇਠ ਬੜੀ ਤੇਜ਼ੀ ਨਾਲ ਘੁੰਮਾਣਾ। ਇਸ ਨਾਲ ਪੇਟ ਦੀ ਸਫ਼ਾਈ ਹੋ ਜਾਂਦੀ ਹੈ।

(4) ਵਸਤੀ : ਇਸ ਵਿਧੀ ਨਾਲ ਪੇਟ ਤੇ ਆਂਦਰਾਂ ਦੀ ਸਫ਼ਾਈ ਕੀਤੀ ਜਾਂਦੀ ਹੈ। ਵਸਤੀ ਦੋ ਪ੍ਰਕਾਰ ਦੀ ਹੈ— ਪਵਣ ਵਸਤੀ ਤੇ ਜਲ ਵਸਤੀ। ਪਵਣ ਵਸਤੀ ਵਿਚ ਨਿਉਲੀ ਕਰਮ ਕਰਦਿਆਂ, ਗੁਦਾ ਮੰਡਲ ਦੀ ਵਾਯੂ (ਅਪਾਨ ਵਾਯੂ) ਨੂੰ ਉਪਰ ਵਲ ਖਿਚ ਕੇ, ਮੋਰ-ਆਸਨ ਦੁਆਰਾ ਬਾਹਰ ਕੱਢਣ ਦੀ ਕਿਰਿਆ। ਜਲ-ਵਸਤੀ ਵਿਚ ਧੁੰਨੀ ਤਕ ਪਾਣੀ ਵਿਚ ਬੈਠ ਕੇ ਉਂਗਲ ਜਿਤਨੀ ਮੋਟੀ ਤੇ ਛੇ ਉਂਗਲ ਲੰਮੀ ਬਾਂਸ ਦੀ ਨਲੀ ਗੁਦਾ ਵਿਚ ਚੜ੍ਹਾਉਣਾ ਅਤੇ ਫਿਰ ਪ੍ਰਾਣਾਂ ਦੇ ਬਲ ਨਾਲ, ਉਸ ਦੁਆਰਾ ਮਲ ਖਿਚ ਕੇ ਆਂਦਰਾਂ ਨੂੰ ਸਾਫ਼ ਕਰਨਾ।

(5) ਤ੍ਰਾਟਕ : ਇਹ ਅੱਖਾਂ ਦੀ ਸਫ਼ਾਈ ਲਈ ਹੈ। ਕਿਸੇ ਖ਼ਾਸ ਨਿਸ਼ਾਨ ਨੂੰ ਉਦੋਂ ਤਕ ਇਕ ਟਕ ਵੇਖਦੇ ਰਹਿਣਾ, ਜਦੋਂ ਤਕ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਕਰਕੇ ਹੰਝੂ ਨਾ ਫੁੱਟ ਨਿਕਲਣ।

(6) ਕਪਾਲ ਭਾਤੀ ਜਾਂ ਪੂਰਕ ਰੇਚਕ : ਤੇਜ਼ੀ ਨਾਲ ਕਦੇ ਸਾਹ ਨੂੰ ਬਾਹਰ ਕਢਣਾ (ਰੇਚਕ) ਅਤੇ ਕਦੇ ਅੰਦਰ ਲਿਜਾਣਾ (ਪੂਰਕ)।

ਤੰਤ੍ਰ ਸ਼ਾਸਤ੍ਰਾਂ ਵਿਚ ਖਟ ਕਰਮ ਦਾ ਜੋ ਵੇਰਵਾ ਮਿਲਦਾ ਹੈ, ਉਹ ਉਪਰੋਕਤ ਦੋਹਾਂ ਭਾਂਤਾਂ ਨਾਲੋਂ ਵਖਰਾ ਹੈ।

ਖੱਟ ਕਰਮ ਨੂੰ ਪੂਰਨ ਵਿਧੀ ਨਾਲ, ਕਰਨ ਵਾਲਾ ਖਟ ਕਰਮੀ, ਅਖਵਾਉਂਦਾ ਹੈ।

(ਖ-12) **ਖੱਟਕ ਨਾਚ** :

ਪਠਾਣਾਂ ਦਾ ਇਕ ਕਬੀਲਾ ਖੱਟਕ ਹੈ, ਜੋ ਵਧੇਰੇ ਕਰ ਕੇ ਸਰਹੱਦੀ ਸੂਬੇ (ਪਾਕਿਸਤਾਨ) ਵਿਚ ਵਸਿਆ ਹੋਇਆ ਹੈ। ਪੱਛਮੀ ਪੰਜਾਬ ਵਿਚ ਵੀ ਖੱਟਕ ਜਾਤੀ ਦੇ ਕਾਫ਼ੀ ਲੋਕ ਮਿਲਦੇ ਹਨ, ਖ਼ਾਸ ਤੌਰ ਤੇ ਮੀਆਂਵਾਲੀ ਵਿਚ (ਗਲਾਸਰੀ 21, ਪੰਨਾ 526-532)।

ਮੀਆਂਵਾਲੀ (ਪਾਕਿਸਤਾਨੀ ਪੰਜਾਬ) ਜ਼ਿਲੇ ਵਿਚ ਵਸਦੀ, ਖਟਕ ਜਾਤੀ ਦਾ ਇਕ ਪ੍ਰਸਿੱਧ ਲੋਕ-ਨਾਚ ਖੱਟਕ ਹੈ। ਇਹ ਨਾਚ ਅੱਗ ਦੁਆਲੇ ਗੋਲ ਚੱਕਰ ਵਿਚ ਨੱਚਿਆ ਜਾਂਦਾ ਹੈ, ਇਹ ਇਕ ਤਰ੍ਹਾਂ ਦਾ ਸਮੂਹ-ਨਾਚ ਹੈ, ਜਿਸ ਵਿਚ ਨਿਕੇ ਵੱਡੇ ਸਾਰੇ ਹੀ 'ਐਲੀ ਐਲੀ' ਕਰਦੇ ਸ਼ਾਮਲ ਹੋ ਜਾਂਦੇ ਹਨ। ਕਈ ਵਾਰ ਦੋ ਦੋ ਸੌ ਖੱਟਕ, ਇਕੋ ਵਾਰ ਵਿਚ ਨੱਚ ਲੈਂਦੇ ਹਨ। ਭੰਗੜੇ ਵਾਂਗ ਇਸ ਨਾਚ ਦੇ ਤਾਲ ਲਈ ਸੁਘੜ ਢੋਲੀ ਦੀ ਲੋੜ ਹੁੰਦੀ ਹੈ। ਜੇ ਸਿਆਣਾ ਢੋਲੀ ਨਾ ਮਿਲੇ, ਤਾਂ ਕਈ ਚੰਗਾ ਨੱਚਣ ਵਾਲੇ ਨਾਚੇ, ਨੱਚਣ ਤੋਂ ਇਨਕਾਰ ਕਰ ਦੇਂਦੇ ਹਨ।

ਨੱਚਣ ਲਗਿਆਂ ਇਨ੍ਹਾਂ ਨੇ ਹੱਥਾਂ ਵਿਚ ਤਲਵਾਰਾਂ ਸੂਤ ਕੇ ਫੜੀਆਂ ਹੁੰਦੀਆਂ ਹਨ। ਪੀਪਣੀਆਂ ਤੇ ਢੋਲ ਦੀ ਲੈਅ 'ਤੇ ਇੰਜ ਨਚਦੇ ਹਨ, ਜਿਵੇਂ ਤਲਵਾਰ ਨਾਲ ਕਿਸੇ ਖ਼ਿਆਲੀ ਦੁਸ਼ਮਣ ਉੱਤੇ ਵਾਰ ਕਰ ਰਹੇ ਹੋਣ। ਪਹਿਲਾਂ ਨਾਚ ਦੀ ਗਤੀ ਧੀਮੀ ਹੁੰਦੀ ਹੈ, ਪਰ ਛੇਤੀ ਹੀ ਢੋਲ ਦੀ ਲੈਅ ਦੇ ਤੇਜ਼ ਹੋਣ ਨਾਲ, ਨਾਚ ਦੀ ਗਤੀ ਵੀ ਤਿੱਖੀ ਹੋ ਜਾਂਦੀ ਹੈ ਤੇ ਨੱਚਣ ਵਾਲਾ ਬੜੀ ਤੇਜ਼ੀ ਨਾਲ ਨਚਦਾ ਹੋਇਆ ਖ਼ਿਆਲੀ ਦੁਸ਼ਮਣਾਂ ਦੇ ਆਹੂ ਉਤਾਰਦਾ ਜਾਂਦਾ ਹੈ। ਜਿਵੇਂ ਜਿਵੇਂ ਢੋਲ ਦਾ ਤਾਲ ਤਿੱਖਾ ਹੁੰਦਾ ਹੈ ਤਲਵਾਰਾਂ ਅੱਗ ਦੇ ਧੂੰਏ ਵਿਚ ਚਮਕਦੀਆਂ ਤੇ ਕਰਤਬ ਵਿਖਾਂਦੀਆਂ ਹਨ। ਨਾਚ ਉਦੋਂ ਤਕ ਜਾਰੀ ਰਹਿੰਦਾ ਹੈ, ਜਦੋਂ ਤਕ ਨੱਚਣ ਵਾਲੇ ਥੱਕ ਕੇ ਚੂਰ ਨਹੀਂ ਹੋ ਜਾਂਦੇ।

ਦਰਸ਼ਕ ਇਸ ਅਦਭੁਤ ਨਾਚ ਨੂੰ ਵੇਖ ਕੇ ਚਕ੍ਰਿਤ ਰਹਿ ਜਾਂਦੇ ਹਨ।

ਭੰਗੜੇ ਵਾਂਗ ਨਾਚ ਮੱਧਮ ਚਾਲ ਨਾਲ ਸ਼ੁਰੂ ਹੁੰਦਾ ਹੈ, ਪਰ ਹੌਲੇ ਹੌਲੇ ਢੋਲੀ ਢੋਲ ਉੱਤੇ ਇਕ ਖ਼ਾਸ ਅੰਦਾਜ਼ ਨਾਲ ਤੇਜ਼ ਡੱਗੇ ਮਾਰਨੇ ਸ਼ੁਰੂ ਕਰ ਦੇਂਦਾ ਹੈ ਤੇ ਸਭ ਅੰਨ੍ਹੇ ਜੋਸ਼ ਨਾਲ ਇਉਂ ਨਚਦੇ ਹਨ ਕਿ ਸੁੱਧ ਬੁੱਧ ਹੀ ਨਹੀਂ ਰਹਿੰਦੀ। ਇਥੋਂ ਤਕ ਕਿ ਢੋਲੀ ਤੇ ਸ਼ਹਿਨਾਈ ਵਜਾਣ ਵਾਲਾ ਵੀ ਨੱਚਣ ਲੱਗ ਪੈਂਦਾ ਹੈ। ਨਾਚ ਦੇ ਵਿਚਾਲੇ ਨਾਚੇ ਭੰਗੜੇ ਵਾਂਗ ਹੀ, ਜੋਟੇ ਬਣਾ ਕੇ ਇਕ ਦੂਜੇ ਨਾਲ ਬਿਧ ਕੇ, ਅੰਗਾਂ ਨੂੰ ਹਿਲਾਂਦੇ ਤੇ ਬੜੀ ਤੇਜ਼ੀ ਤੇ ਜੋਸ਼ ਨਾਲ, ਖ਼ਾਸ ਤਰ੍ਹਾਂ ਦੀਆਂ ਹਰਕਤਾਂ ਕਰਦੇ ਹਨ। ਕਈ ਵਾਰ ਤਲਵਾਰ ਨੂੰ ਹੱਥ ਵਿਚ ਲੈ ਕੇ ਪਤੇਬਾਜ਼ੀ ਵੀ ਕੀਤੀ ਜਾਂਦੀ ਹੈ। ਕਦੇ ਕਦੇ ਕੋਈ ਨਾਚਾ ਪਿੜ ਵਿਚ ਇਕੱਲਾ ਹੀ ਨਿਤਰ ਕੇ, ਆਪਣੇ ਕਮਾਲ ਵਿਖਾਂਦਾ ਹੈ। ਅੱਗ ਲਗਾਤਾਰ ਬਲਦੀ ਰਹਿੰਦੀ ਹੈ ਤੇ ਉਸ ਵਿਚ ਨਾਲੋਂ ਨਾਲ ਥੋਹੜਾ ਹੋਰ ਬਾਲਣ ਅਥਵਾ ਤੇਲ ਪਾ ਕੇ ਲਾਟਾਂ ਕੱਢੀਆਂ ਜਾਂਦੀਆਂ ਹਨ। ਨਾਚ ਦੇ ਮੁੱਕਣ ਉਤੇ, ਵੱਡੀ ਦਾਅਵਤ ਦਿੱਤੀ ਜਾਂਦੀ ਹੈ ਅਤੇ ਭੇਡਾਂ-ਬੱਕਰੀਆਂ ਵਢ ਕੇ ਅੱਗ ਉੱਤੇ ਭੁੰਨ ਕੇ ਖਾਧੀਆਂ ਜਾਂਦੀਆਂ ਹਨ।

(ਖ-13) **ਖੱਟਰ** :

ਅਟਕ ਜ਼ਿਲੇ (ਪਾਕਿਸਤਾਨੀ ਪੰਜਾਬ) ਵਿਚ ਵਸਦਾ ਇਕ ਕਬੀਲਾ, ਜਿਸ ਦੇ ਨਾਉਂ ਉਤੇ ਹੀ ਅਟਕ ਜ਼ਿਲੇ ਦੇ ਇਕ ਵਡੇ ਖੇਤਰ ਨੂੰ ਖੱਟਰ ਕਿਹਾ ਜਾਂਦਾ ਹੈ। ਇਸ ਕਬੀਲੇ ਦੇ ਮੁਢ ਬਾਰੇ ਵਿਭਿੰਨ ਮਾਨਵ-ਵਿਗਿਆਨੀਆਂ ਨੇ ਵਖੋ-ਵਖ ਧਾਰਨਾ ਪੇਸ਼ ਕੀਤੀਆਂ ਹਨ। ਖੱਟਰਾਂ ਵਿਚ ਖ਼ੁਦ ਵੀ ਆਪਣੇ ਮੁਢ ਬਾਰੇ ਇਕ ਰਾਏ ਨਹੀਂ। ਕੁਝ ਖੱਟਰ ਰਾਜਪੂਤ ਹੋਣ ਦਾ ਦਾਅਵਾ ਕਰਦੇ ਹਨ। ਕੁਝ ਅਵਾਣਾਂ ਨਾਲ ਆਪਣਾ ਲਹੂ ਦੀ ਸਾਂਝ ਮੰਨਦੇ ਹਨ। ਕੁਝ ਹੋਰ ਕਹਿੰਦੇ ਹਨ ਕਿ ਉਹ ਤਾਂ ਅਰਬ ਤੋਂ ਪੰਜਾਬ ਆ ਕੇ ਵਸੇ। ਹਾਰੂੰ ਰਸ਼ੀਦ ਦੇ ਸਮੇਂ ਉਹ ਪਹਿਲਾਂ ਅਰਬ ਤੋਂ ਬਗ਼ਦਾਦ ਆਏ ਤੇ ਫਿਰ ਜਹਾਦ ਲਈ ਉਥੇ ਹਿੰਦੁਸਤਾਨ ਪੁੱਜੇ। ਇਕ ਧਾਰਨਾ ਹੈ ਕਿ ਖੱਟਰ ਮੂਲ ਵਿਚ ਹਿੰਦੂ ਖਤ੍ਰੀ ਹੀ ਹਨ, ਜੋ ਇਸਲਾਮ ਮਤ ਧਾਰਨ ਕਰਨ ਪਿਛੋਂ, ਖੱਟਰ ਅਖਵਾਣ ਲਗੇ। ਅਥਵਾ ਖੱਟਰ ਸ਼ਬਦ ਖਤ੍ਰੀ ਦਾ ਹੀ ਵਿਗਾੜ ਹੈ।

ਸਰ ਲੇਪਲ ਗ੍ਰਿਫਿਨ ਦਾ ਵਿਚਾਰ ਹੈ ਕਿ ਖੱਟਰ ਖ਼ੁਰਾਸਾਨ ਦੇ ਨਿਵਾਸੀ ਸਨ ਅਤੇ ਉਥੋਂ ਮੁਢਲੇ ਮੁਸਲਮਾਨ ਹਮਲਾਵਰਾਂ ਨਾਲ ਭਾਰਤ ਆ ਗਏ। ਪਰ ਕਰਨਲ ਕਰਾਕਰੋਫ਼ਟ ਨੇ ਇਸ ਗੱਲ ਵਲ ਧਿਆਨ ਦਿਵਾਇਆ ਕਿ ਰਾਵਲਪਿੰਡੀ ਦੇ ਖੱਟਰਾਂ ਦੀਆਂ ਬਹੁਤੀਆਂ ਰਸਮਾਂ-ਰੀਤਾਂ ਤਾ ਹਿੰਦੂਆਂ ਵਾਲੀਆਂ ਹੀ ਹਨ, ਜੋ ਇਨ੍ਹਾਂ ਨੂੰ ਇਥੋਂ ਦੇ ਹੀ ਵਾਸੀ ਸਿੱਧ ਕਰਦੀਆਂ ਹਨ। ਖੱਟਰਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ, ਇਹ ਪਹਿਲਾਂ ਸਿੰਧ ਦਰਿਆ ਦੇ ਨੇੜੇ ਅਟਕ ਦੇ ਇਲਾਕੇ ਵਿਚ ਰਹਿੰਦੇ ਸਨ। ਜਿਥੋਂ ਉਨ੍ਹਾਂ ਨੂੰ ਅਫ਼ਗਾਨਿਸਤਾਨ ਵਲ ਧੱਕ ਦਿਤਾ ਗਿਆ। ਬਾਅਦ ਵਿਚ ਉਹ ਮੁਹੰਮਦ ਗੋਰੀ ਦੀਆਂ ਫ਼ੌਜਾਂ ਨਾਤ ਫਿਰ ਪੰਜਾਬ ਆ ਗਏ। ਸਰ ਅਲੈਗਜ਼ੈਂਡਰ ਕਨਿੰਘਮ ਖੱਟਰਾਂ ਨੂੰ ਯੂਚੀ ਕਬੀਲਿਆਂ ਨਾਲ ਜੋੜਦਾ ਹੈ, ਜਿਨ੍ਹਾਂ ਦੀ ਔਲਾਦ ਗੁਜਰ ਅਖਵਾਈ।

ਇਸ ਕਬੀਲੇ ਦਾ, ਕਿਸੇ ਸਮੇਂ ਅਟਕ ਦੇ ਇਲਾਕੇ ਉਤੇ ਬੜਾ ਗਹਿਰਾ ਪ੍ਰਭਾਵ ਰਿਹਾ। ਕਾਲਾ-ਚਿੱਟਾ ਪਹਾੜੀ ਸਿਲਸਿਲੇ ਦੇ ਦੋਵਾਂ ਪਾਸੇ ਦਰਿਆ ਅਟਕ ਤੋਂ ਲੈ ਕੇ ਰਾਵਲਪਿੰਡੀ ਤਹਿਸੀਲ ਤਕ ਦਾ ਇਲਾਕਾ, ਜੋ ਪੂਰਬ ਵਲ ਉਸਮਾਨ ਤਕ ਤੇ ਦੱਖਣ ਵਲ ਖੈਰਾਮੂਰਤੀ ਦੀਆਂ ਪਹਾੜੀਆਂ ਤਕ ਫੈਲਿਆ ਹੋਇਆ ਹੈ, ਚੋਖਾ ਚਿਰ ਖੱਟਰਾਂ ਦੇ ਕਬਜ਼ੇ ਵਿਚ ਰਿਹਾ ਅਤੇ ਖੱਟਰਾਂ ਦੇ ਨਾਉਂ ਉਤੇ ਹੀ ਇਹ ਇਲਾਕਾ 'ਖੱਟਰ' ਪ੍ਰਸਿਧ ਹੋ ਗਿਆ। ਇਹ ਖੇਤਰ ਪਹਿਲੇ ਗੁਜਰਾਂ ਤੇ ਅਵਾਣਾਂ ਦੇ ਕਬਜ਼ੇ ਹੇਠ ਸੀ।

ਖੱਟਰਾਂ ਦੇ ਵਿਆਹ ਦੀਆਂ ਰਸਮਾਂ-ਰੀਤਾਂ ਹਿੰਦੂਆਂ ਨਾਲ ਮਿਲਦੀਆਂ ਹਨ। ਇਥੋਂ ਤਕ ਕਿ ਵਿਆਹਾਂ ਉਤੇ ਬ੍ਰਾਹਮਣਾਂ ਨੂੰ ਸੱਦਿਆ ਜਾਂਦਾ ਰਿਹਾ, ਪਰ ਹੁਣ ਖੱਟਰ ਆਪਣੇ ਵਿਆਹ ਮੁਸਲਮਾਨੀ ਸ਼ਰ੍ਹਾ ਅਨੁਕੂਲ ਕਰਨ ਲਗ ਪਏ। ਹੁਣ ਤਕ ਖੱਟਰਾਂ ਵਿਚ ਖ਼ਰਗੋਸ਼ ਦਾ ਮਾਸ ਖਾਣਾ ਨਿਸ਼ੇਧ ਰਿਹਾ ਹੈ।

ਖੱਟਰਾਂ ਦੇ ਕੁਝ ਲੋਕ-ਵਿਸ਼ਵਾਸ ਤੇ ਭਰਮ-ਵਹਿਮ ਵੀ ਹਿੰਦੂਆਂ ਵਾਲੇ ਹਨ। ਜੇ ਕਾਫ਼ੀ ਚਿਰ ਮੀਂਹ ਨਾ ਵਸੇ ਤਾਂ ਪਿੰਡ ਦੀਆਂ ਤੀਵੀਆਂ ਇਕੱਠੀਆਂ ਹੋ ਕੇ, ਪਿੰਡੋਂ ਬਾਹਰ ਜਾਂਦੀਆਂ ਹਨ ਤੇ ਉਥੋਂ ਪਾਣੀ ਦੇ ਘੜੇ ਭਰ ਕੇ ਪਿੰਡ ਦੀ ਨੈਣ ਨੂੰ ਬੁਲਾਉਂਦੀਆਂ ਹਨ, ਜੋ ਆਪਣੇ ਹੱਥਾਂ ਨਾਲ ਹਲ ਵਾਹੁੰਦੀ ਹੈ ਤੇ ਤੀਵੀਆਂ ਉਸ ਉੱਤੇ ਪਾਣੀ ਦੇ ਭਰੇ ਘੜੇ ਡੋਲ੍ਹਦੀਆਂ ਹਨ। ਇਸ ਤਰ੍ਹਾਂ ਆਖਦੇ ਹਨ ਕਿ ਮੀਂਹ ਜ਼ਰੂਰ ਵਸਦਾ ਹੈ (ਗਲਾਸਰੀ ਜਿਲਦ 2, ਪੰਨਾ 532-534)।

(ਖ-14) **ਖਟੀਕ** :

ਇਕ ਪੱਛੜੀ ਜਾਤੀ ਦੇ ਲੋਕ ਜੋ ਚੰਮੜੇ ਨੂੰ ਕਮਾਣ, ਪਕਾਣ ਤੇ ਰੰਗ ਚਾੜ੍ਹਨ ਦਾ ਕੰਮ ਕਰਦੇ ਹਨ। ਕਦੇ ਪਟਿਆਲਾ ਤੇ ਬਠਿੰਡੇ ਦੇ ਜ਼ਿਲਿਆਂ ਵਿਚ ਇਨ੍ਹਾਂ ਦੀ ਚੋਖੀ ਵਸੋਂ ਸੀ। ਮੁਸਲਮਾਨ ਖਟੀਕ ਦੇਸ਼ ਵੰਡ ਪਿਛੋਂ, ਪੂਰਬੀ ਪੰਜਾਬ ਛੱਡ ਗਏ। ਹਿੰਦੂ ਖਟੀਕਾ ਦੀ ਧਾਰਨਾ ਹੈ ਕਿ

ਬ੍ਰਹਮਾ ਨੇ ਇਕ ਵਾਰ, ਉਨ੍ਹਾਂ ਦੇ ਕਿਸੇ ਵਡਿਕੇ ਖੱਟ ਨੂੰ, ਬਕਰੇ ਦੀ ਖੱਲ ਤੇ ਕਿੱਕਰ ਦੀ ਛਿੱਲ, ਪਕਾਉਣ ਲਈ ਦਿਤੀ। ਉਦੋਂ ਤੋਂ ਹੀ ਉਸ ਦੀ ਵੰਸ਼ ਬਕਰੇ ਤੇ ਹਿਰਨਾਂ ਦੀਆਂ ਖੱਲਾਂ ਨੂੰ ਪਕਾਉਂਦੀ ਤੇ ਦਰਖ਼ਤਾਂ ਦੀਆਂ ਛਿੱਲਾਂ ਤੇ ਲਾਖ ਨਾਲ ਰੰਗ ਚਾੜ੍ਹਦੀ ਆ ਰਹੀ ਹੈ। ਇਸੇ ਖੱਟ ਦੀ ਔਲਾਦ ਹੀ ਖਟੀਕ ਅਖਵਾਈ। ਨਾਭੇ ਤੇ ਬਾਗੜੀ ਖਟੀਕ ਤਾਂ ਖੜ੍ਹੀ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ।

ਖਟੀਕ ਭੈਰੋ ਤੇ ਮਾਤਾ ਮਸਾਣੀ ਦੇ ਉਪਾਸ਼ਕ ਹਨ। ਕੁਝ ਸਰਦੇ ਪੁਜਦੇ ਖਟੀਕ ਆਪਣੇ ਬੱਚਿਆਂ ਦੀਆਂ ਪਹਿਲੀਆਂ ਭੱਦਰਾਂ ਅਲਵਰ ਤੇ ਹਾਜੀਪੁਰ ਵਿਖੇ ਦੁਰਗਾ ਮਾਤਾ ਦੇ ਮੰਦਰ ਵਿਚ ਕਰਦੇ ਹਨ, ਤੇ ਵਿਆਹ ਪਿਛੋਂ ਲਾੜੇ ਲਾੜੀ ਨੂੰ ਇਸ ਮੁਤਬਰਕ ਅਸਥਾਨ ਦੀ ਯਾਤ੍ਰਾ ਕਰਵਾਉਂਦੇ ਹਨ। ਖਟੀਕ ਕੇਵਲ, ਪਿਉ ਦੀ ਗੋਤ ਨੂੰ ਛਡ ਕੇ, ਬਾਕੀ ਸਭਨਾਂ ਵਿਚ ਵਿਆਹ ਕਰ ਲੈਂਦੇ ਹਨ। ਇਨ੍ਹਾਂ ਦੇ ਵਿਆਹ ਦੇ ਫੇਰੇ ਪ੍ਰੋਹਿਤ ਕਰਵਾਉਂਦੇ ਹਨ, ਜੋ ਜਾਤ ਵਲੋਂ ਗੌੜ ਬ੍ਰਾਹਮਣ ਹੁੰਦੇ ਹਨ। ਇਨ੍ਹਾਂ ਵਿਚ ਵਿਧਵਾ ਦੇ ਪੁਨਰ-ਵਿਆਹ ਦੀ ਪ੍ਰਥਾ ਹੈ। ਖਟੀਕਾਂ ਦੀਆਂ ਤੀਵੀਆਂ ਨੱਥ ਨਹੀਂ ਪਾਉਂਦੀਆਂ।

## (ਖ-15) **ਖੱਟੀ ਰੋਟੀ** :

ਲਾਵਾਂ ਫੇਰਿਆਂ ਤੋਂ ਬਾਅਦ ਦੀ ਰੋਟੀ; ਰਾਤ ਵੇਲੇ, ਜੰਞ ਦੇ ਢੁਕਾਅ ਮਗਰੋਂ ਦਿੱਤੀ ਜਾਂਦੀ ਰੋਟੀ ਨੂੰ ਮਿੱਠੀ ਰੋਟੀ ਕਹਿੰਦੇ ਹਨ। ਕਿਉਂ ਜੋ ਉਸ ਵਿਚ ਖਾਣ ਦੇ ਸਾਰੇ ਪਕਵਾਨ ਮਿੱਠੇ ਹੁੰਦੇ ਹਨ, ਜਿਵੇਂ ਮਿੱਠਾ ਹਲਵਾ, ਮਿੱਠੇ ਚਾਵਲ ਆਦਿ। ਇਸ ਦੇ ਉਲਟ ਅਗਲੀ ਸਵੇਰ ਦੀ ਰੋਟੀ ਨੂੰ 'ਖੱਟੀ ਰੋਟੀ' ਕਹਿੰਦੇ ਹਨ, ਕਿਉਂ ਜੋ ਇਸ ਰੋਟੀ ਵਿਚ ਖਾਣ ਲਈ ਚੱਟਪਟੀਆਂ, ਖੱਟੀਆਂ ਤੇ ਨਮਕੀਨ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ। ਖੱਟੀ ਰੋਟੀ ਵੇਲੇ ਬਰਾਤ ਬੰਨ੍ਹਣ ਤੇ ਛੁਡਾਵਣ ਦੀ ਰਸਮ ਵੀ ਕੀਤੀ ਜਾਂਦੀ ਹੈ।

## (ਖ-16) **ਖੰਡ-ਸ਼ੱਕਰ** :

ਮਿੱਠੀ ਵਸਤ ਹੋਣ ਕਰਕੇ, ਖੰਡ-ਸ਼ੱਕਰ ਸ਼ੁਭ ਸਾਮਗਰੀ ਮੰਨੀ ਜਾਂਦੀ ਹੈ। ਲੋਕ-ਧਾਰਨਾ ਅਨੁਸਾਰ ਘਰੋਂ ਨਿਕਲਣ ਲਗਿਆਂ, ਜੇ ਖੰਡ/ਸ਼ੱਕਰ ਮੂੰਹ ਲਗਾ ਲਈ ਜਾਵੇ, ਤਾਂ ਕੰਮ ਵਿਚ ਸਫਲਤਾ ਮਿਲਦੀ ਹੈ। ਸ਼ਗਨਾ ਤੇ ਰੀਤਾਂ ਸਮੇਂ ਖੰਡ/ਸ਼ੱਕਰ ਦੀ ਵਰਤੋਂ ਸ਼ੁਭ ਮੰਨੀ ਜਾਂਦੀ ਹੈ।

ਮੰਗਲ ਕਾਰਜਾਂ ਤੇ ਉਤਸਵਾਂ ਉੱਤੇ ਖੰਡ, ਦੁੱਧ ਤੇ ਚਾਵਲ ਰਲਾ ਕੇ ਖੀਰ ਰਿੰਨ੍ਹਣ ਦਾ ਰਵਾਜ ਹੈ। ਖੰਡ ਸ਼ੁਭ ਤੇ ਮਿੱਠੀਆਂ ਭਾਵਨਾ ਦੀ ਸੂਚਕ ਹੈ। ਦੁੱਧ ਅੰਮ੍ਰਿਤ ਵੀ ਹੈ ਤੇ ਪ੍ਰਫੁਲਤਾ ਦਾ ਚਿੰਨ੍ਹ ਵੀ; ਚਾਵਲ ਬੀਜ ਰੂਪ ਹੋਣ ਕਰਕੇ ਉਪਜਾਇਕਤਾ ਦੇ ਪ੍ਰਤੀਕ ਹਨ। ਇਸ ਲਈ ਖੰਡ ਤੇ ਦੁੱਧ-ਚਾਵਲ ਆਦਿ ਦਾ ਸ਼ਗਨ ਸ਼ੁਭ ਮੰਨਿਆ ਜਾਂਦਾ ਹੈ। ਵਿਆਹ ਵੇਲੇ ਜਦੋਂ ਸ਼ਰੀਕੇ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਨਿਉਤਾ ਦਿੱਤਾ ਜਾਂਦਾ ਹੈ ਤਾਂ ਕੁਝ ਜਾਤਾਂ ਵਿਚ ਨਾਲ ਹੀ ਖੰਡ-ਚਾਵਲ ਦੀ ਭਾਜੀ ਵੰਡਣ ਦਾ ਰਵਾਜ ਹੈ। ਇਸ ਰਸਮ ਨੂੰ 'ਖੰਡ-ਚਾਉਲ ਫੇਰਨਾ' ਕਹਿੰਦੇ ਹਨ।

## (ਖ-17) **ਖੰਡ-ਪੁੜਾ** :

ਵਿਆਹ ਦੀ ਤਿੱਥ ਤੋਂ ਇਕ ਦਿਨ ਪਹਿਲਾਂ, ਵਰ ਪੱਖ ਵਾਲੇ, ਕੰਨਿਆਂ ਲਈ ਖੰਡ, ਮਹਿੰਦੀ, ਚਾਵਲ, ਖੱਪਾ, ਮੌਲੀ ਤੇ ਸੰਧੂਰ ਆਦਿ ਵਸਤਾਂ ਕੰਨਿਆਂ ਦੇ ਘਰ ਭੇਜਦੇ ਹਨ। ਇਸ ਨੂੰ 'ਖੰਡ ਪੁੜਾ', 'ਕੁਆਰ ਪੁੜਾ' ਤੇ 'ਸੁਹਾਗ ਪੁੜਾ' ਵੀ ਕਹਿੰਦੇ ਹਨ (ਵੇਖੋ : ਸੁਹਾਗ ਪੁੜਾ)।

## (ਖ-18) **ਖੱਡਾ ਚੀਰਾ** :

ਚੌਪੜ ਦੀ ਸ਼ਕਲ ਦੀ ਬੱਚਿਆਂ ਦੀ ਇਕ ਖੇਡ; ਇਸ ਖੇਡ ਨੂੰ ਵੱਡੀ ਉਮਰ ਦੇ ਲੋਕ ਵੀ ਖੇਡ ਲੈਂਦੇ ਹਨ। ਆਮ ਤੌਰ ਤੇ ਦੋ ਜਾਂ ਚਾਰ ਸ਼ਖ਼ਸ ਆਹਮੋ-ਸਾਹਮਣੇ ਬੈਠ ਕੇ ਖੇਡਦੇ ਹਨ। ਜੇ ਚਾਰ ਬੰਦੇ ਖੇਡਣ ਤਾਂ ਆਹਮੋ ਸਾਹਮਣੇ ਦੇ ਦੋਵੇਂ ਖਿਡਾਰੀ ਆੜੀ ਬਣ ਕੇ ਖੇਡਦੇ ਹਨ।

ਪਹਿਲਾਂ ਧਰਤੀ ਉਤੇ ਜਾਂ ਕਿਸੇ ਗੱਤੇ ਉਤੇ ਇਕ ਵਡਾ ਸਾਰਾ ਚੌਰਸ ਖ਼ਾਨਾ ਵਾਹ ਲਿਆ ਜਾਂਦਾ ਹੈ। ਇਸ ਮੁਰੱਬੇ ਵਿਚ ਇਕੋ ਜਿਹੀ ਵਿੱਥ ਉੱਤੇ ਚਾਰ ਲੇਟਵੀਆਂ ਤੇ ਚਾਰ ਖੜਵੀਆਂ ਲਕੀਰਾਂ, ਇਸ ਤਰ੍ਹਾਂ ਸਮਾਨਾਂਤਰ ਵਾਹੀਆਂ ਜਾਂਦੀਆਂ ਹਨ ਕਿ ਮੁਰੱਬੇ ਦੇ ਅੰਦਰ 25 ਖ਼ਾਨੇ ਬਣ ਜਾਂਦੇ ਹਨ। ਪਰ ਪੰਜਵਾਂ ਵਡਾ ਘਰ ਕੇਂਦਰ ਵਾਲਾ ਮੁਰੱਬਾ ਹੁੰਦਾ ਹੈ, ਇਨ੍ਹਾਂ ਪੰਜਾਂ ਘਰਾਂ ਉੱਤੇ ਦੋ ਕਾਟਵੀਆਂ ਲਕੀਰਾਂ ਵਾਹ ਕੇ ਨਿਸ਼ਾਨ ਲਗਾ ਦਿੱਤਾ ਜਾਂਦਾ ਹੈ।

ਇਹ ਖੇਡ, ਗੀਟੀਆਂ ਤੇ ਕੌਡੀਆਂ ਨਾਲ ਵੀ ਖੇਡੀ ਜਾਂਦੀ ਹੈ। ਖਿਡਾਰੀਆਂ ਦੀਆਂ ਵੱਖ ਵੱਖ ਰੰਗ ਤੇ ਸ਼ਕਲ ਦੀਆਂ ਗੀਟੀਆਂ ਹੁੰਦੀਆਂ ਹਨ। ਕਿਸੇ ਦੀਆਂ ਚੌਰਸ ਕਿਸੇ ਦੀਆਂ ਗੋਲ। ਇਨ੍ਹਾਂ ਗੀਟੀਆਂ ਨੂੰ ਕੌਡੀਆਂ ਸੁਟ ਕੇ ਹਿਸਾਬ ਨਾਲ ਚਲਿਆ ਜਾਂਦਾ ਹੈ। ਚਾਰ ਕੌਡਾਂ ਹੱਥ ਘੁੰਮਾ ਕੇ ਜ਼ਿਮੀਂ ਉੱਤੇ ਸੁਟੀਆਂ ਜਾਂਦੀਆਂ ਹਨ ਤੇ ਉਨ੍ਹਾਂ ਅਨੁਸਾਰ ਅੰਕਾਂ ਦੀ ਚਾਲ ਚਲੀ ਜਾਂਦੀ ਹੈ, ਜਿਵੇਂ ਜੇ ਤਿੰਨ ਕੌਡੀਆਂ ਸਿੱਧੀਆਂ ਪਈਆਂ ਹੋਣ ਤੇ ਇਕ ਪੁੱਠੀ ਤਾਂ ਕੌਡੀਆਂ ਸੁਟਣ ਵਾਲਾ ਆਪਣੀ ਗੀਟੀ ਨੂੰ ਤਿੰਨ ਘਰ (ਖ਼ਾਨੇ) ਤੋਰਦਾ ਹੈ। ਜੇ ਚਾਰੇ ਕੌਡੀਆਂ ਪੁਠੀਆਂ ਪੈਣ ਤਾਂ ਅੱਠ ਘਰ। ਜਦੋਂ ਤਕ ਚਾਰੇ ਕੌਡੀਆਂ ਪੁੱਠੀਆਂ ਨਾ ਪੈਣ, ਗੀਟੀ ਘਰੋਂ ਬਾਹਰ ਨਹੀਂ ਨਿਕਲਦੀ। ਜੇ ਚਾਰੇ ਕੌਡੀਆਂ ਪੁੱਠੀਆਂ ਪੈ ਜਾਣ ਤਾਂ ਇਕ ਵਾਧੂ ਵਾਰੀ ਹੋਰ

ਮਿਲ ਜਾਂਦੀ ਹੈ, ਪਰ ਜੇ ਤਿੰਨ ਵਾਰ ਚਾਰੇ ਕੌਡਾਂ ਪੁੱਠੀਆਂ ਪੈਣ ਤਾਂ ਉਸ ਦੀ ਉਹ ਚਾਲ ਮਾਰੀ ਜਾਂਦੀ ਹੈ। ਭਾਵ ਕੋਈ ਗੀਟੀ ਨਹੀਂ ਤੁਰਦੀ।

ਜਦੋਂ ਗੀਟੀ ਸਾਰੇ ਘਰ ਵਿਚੋਂ ਲੰਘ ਕੇ, ਵਿਚਕਾਰਲੇ ਵੱਡੇ ਘਰ ਪਹੁੰਚ ਜਾਂਦੀ ਹੈ ਤਾਂ ਉਹ ਗੀਟੀ ਪੁਗ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਜਿਸ ਖਿਡਾਰੀ ਦੀਆਂ ਗੀਟਾਂ ਪਹਿਲਾਂ ਪੁੱਗ ਜਾਣ, ਉਹ ਜਿੱਤ ਜਾਂਦਾ ਹੈ।

ਇਸ ਖੇਡ ਵਿਚ ਇਕ ਘਰ ਵਿਚ ਦੋ ਵਿਰੋਧੀ ਗੀਟੀਆਂ ਇਕੱਠੀਆਂ ਨਹੀਂ ਹੋ ਸਕਦੀਆਂ। ਜੇ ਹੋ ਜਾਣ ਤਾਂ ਪਹਿਲੀ ਪਈ ਗੀਟੀ ਮਰ ਜਾਂਦੀ ਹੈ ਤੇ ਉਸ ਨੂੰ ਮੁੜ ਆਪਣੇ ਸਫਰ ਮੂਲ ਘਰ ਤੋਂ ਚਲਣਾ ਪੈਂਦਾ ਹੈ।

ਮਰੀ ਹੋਈ ਗੀਟੀ ਨੂੰ ਕੱਚੀ ਗੀਟੀ ਕਹਿੰਦੇ ਹਨ। ਕਈ ਇਲਾਕਿਆ ਵਿਚ ਹੋਰ ਨਾਂ ਵਰਤੇ ਜਾਂਦੇ ਹਨ।

(ਖ-19) **ਖੜੂੰਕਣਾ ਖੇਡਣਾ** :

ਲਹਿੰਦੇ ਦੇ ਇਲਾਕੇ ਦੀ, ਵਿਆਹ ਦੀ ਇਕ ਰਸਮ, ਖੜੂੰਕਣੇ ਖੰਡ ਦੀਆਂ ਠੂਠੀਆਂ ਹੁੰਦੀਆਂ ਹਨ, ਜੋ ਸ਼ਕਲ ਵਿਚ ਅੱਧੇ ਨਾਰੀਅਲ ਨਾਲ ਮਿਲਦੀਆਂ ਹਨ। ਬਰਾਤ ਦੇ ਢੁਕਾਓ ਪਿੱਛੋਂ, ਕੰਨਿਆਂ ਦੀਆਂ ਸਹੇਲੀਆਂ, ਵਰ ਨੂੰ ਛੰਦਲੀਆਂ ਉੱਤੇ ਲੈ ਜਾਂਦੀਆਂ ਹਨ ਅਤੇ ਉਥੇ ਪਿੱਤਲ ਦੇ ਥਾਲ ਵਿਚ ਦੱਸ ਖੜੂੰਕਣੇ ਰਖ ਕੇ ਗੋਟ (ਵਰ) ਨੂੰ ਭੇਟ ਕੀਤੇ ਜਾਂਦੇ ਹਨ। ਵਰ ਨੂੰ ਖੜੁੱਕਣੇ ਚੁੱਕਣ ਲਈ ਕਿਹਾ ਜਾਂਦਾ ਹੈ। ਜਦੋਂ ਵਰ ਖੜੂਕਣੇ ਚੁਕਣ ਦਾ ਯਤਨ ਕਰਦਾ ਹੈ, ਤਾਂ ਕੁੜੀਆਂ ਉਸ ਨੂੰ ਮਜ਼ਾਕ ਕਰਦੀਆਂ, ਪਿੱਠ ਤੇ ਥਪਾਕੀਆਂ ਮਾਰਦੀਆਂ ਤੇ ਖੋਹ-ਖਿੰਜ ਕਰਦੀਆਂ ਹਨ। ਜਦੋਂ ਤਕ ਵਰ ਸਾਰੇ ਖੜੂੰਕਣੇ ਚੁਕ ਨਹੀਂ ਲੈਂਦਾ ਉਦੋਂ ਤਕ ਵਿਅੰਗ, ਹਾਸਾ-ਠੱਠਾ ਤੇ ਖੋਹ-ਖਿੰਜ ਚਲਦੀ ਰਹਿੰਦੀ ਹੈ। ਜਦੋਂ ਵਰ ਸਾਰੇ ਖੜੂੰਕਣੇ ਚੁਕ ਲੈਂਦਾ ਹੈ ਤਾਂ ਵਰ ਨੂੰ ਪੈਰਾਂ ਤੋਂ ਸਿਰ ਦੇ ਮੁਕਟ ਤਕ, ਮੌਲੀ ਦੇ ਲੰਮੇ ਧਾਗੇ ਨਾਲ ਨਾਪਿਆ ਜਾਂਦਾ ਹੈ ਤੇ ਇਸ ਧਾਗੇ ਨੂੰ ਖੜੂਕਣਿਆਂ ਵਾਲੀ ਥਾਲੀ ਵਿਚ ਰਖ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਵਰ ਨੂੰ ਚੰਦਰੀ ਰੂਹ ਕੋਈ ਦੁਖ-ਕਲੇਸ਼ ਨਹੀਂ ਦੇ ਸਕਦੀ।

ਬਹਾਵਲਪੁਰ ਵਿਚ ਇਸ ਰਸਮ ਨੂੰ 'ਦਾਵਣ ਵੱਟੜਾ' ਵੀ ਕਿਹਾ ਜਾਂਦਾ ਹੈ।

(ਖ-20) **ਖਣ** :

ਕੋੜ ਕਿਰਲੀ ਦੀ ਕਿਸਮ ਦਾ ਛੋਟਾ ਜਿਹਾ ਸੱਪ, ਜਿਸ ਦਾ ਕਟਿਆ ਬਚਦਾ ਨਹੀਂ। ਲਹਿੰਦੇ ਵਿਚ ਲੋਕੀਂ ਖਣ ਤੋਂ ਬੜਾ ਭੈਅ ਖਾਂਦੇ ਹਨ। ਇਸ ਸੱਪ ਉੱਤੇ ਕੋਈ ਜਾਦੂ-ਟੂਣਾ ਵੀ ਨਹੀਂ ਚਲਦਾ :

ਜੇ ਕੂ ਖਾਵੇ ਖਣ, ਮਾਂ ਨਾ ਵੇਖੇ ਜਣ।

(ਖ-21) **ਖਤਨਾ** :

ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ; ਇਸ ਵਿਚ ਬੱਚੇ ਦੀ ਇੰਦਰੀ ਦਾ ਵਾਧੂ ਮਾਸ, ਧਾਰਮਿਕ ਮਰਯਾਦਾ ਅਨੁਸਾਰ ਕੱਟ ਦਿੱਤਾ ਜਾਂਦਾ ਹੈ। ਹਰ ਸੁੰਨੀ ਲਈ ਇਹ ਰਸਮ ਲਾਜ਼ਮੀ ਹੈ। ਮੁਸਲਮਾਨਾਂ ਤੋਂ ਇਲਾਵਾ, ਯਹੂਦੀਆਂ ਵਿਚ ਵੀ ਖਤਨਾ ਕਰਾਉਣ ਦੀ ਪ੍ਰਥਾ ਹੈ (ਵੇਖੋ : ਸੁੰਨਤ)। ਕਈ ਮੁਸਲਮਾਨ ਦੂਜੇ ਜਾਂ ਤੀਜੇ ਦਿਨ ਹੀ ਬੱਚੇ ਦਾ ਖਤਨਾ ਕਰਵਾ ਦੇਂਦੇ ਹਨ, ਪਰ ਕਈ ਪੰਜਵੇਂ ਜਾਂ ਛੇਵੇਂ ਸਾਲ। ਇਸ ਲਈ ਖਤਨੇ ਬਾਰੇ ਕੋਈ ਖ਼ਾਸ ਸਮਾਂ ਨਿਸਚਤ ਨਹੀਂ। ਖਤਨੇ ਸਮੇਂ ਬੱਚੇ ਦੀ ਇੰਦਰੀ ਦੇ ਉਪਰ ਦਾ ਮਾਸ, ਧਾਰਮਿਕ ਰਸਮ ਦੇ ਤੌਰ ਤੇ ਕਟਿਆ ਜਾਂਦਾ ਹੈ। ਬਹੁਤੀ ਵਾਰ ਕੋਈ ਨਾਈ ਹੀ ਖਤਨਾ ਕਰਦਾ ਹੈ। ਮੁਲਤਾਨ ਵਿਚ ਖਤਨਾ ਸਖੀ-ਸਰਵਰ ਦੇ ਪੈਰੋਕਾਰ, 'ਪੀਰਾਹਣ' ਕਰਦੇ ਹਨ। ਪੀਰਾਹਣ, ਸ਼ਾਹਕੋਟ ਤੋਂ ਆਉਂਦੇ ਹਨ, ਜਿਥੇ ਸਖੀ ਸਰਵਰ ਦੇ ਪਿਤਾ ਜ਼ੈਨ-ਉਲ ਅਬਾਦੀਨ ਦੀ ਮਜ਼ਾਰ ਹੈ। ਇਸ ਰਸਮ ਵੇਲੇ ਕਈ ਧਨੀ ਮੁਸਲਮਾਨ, ਨਾਚ, ਗਾਣੇ ਤੇ ਮੁਜਰੇ ਦਾ ਵੀ ਪ੍ਰਬੰਧ ਕਰਦੇ ਹਨ।

ਖਤਨੇ ਵਾਲੇ ਦਿਨ ਸਾਕ ਸੰਬੰਧੀਆਂ ਨੂੰ ਭੋਜਨ ਖਵਾਇਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਉਤਮ ਪਕਵਾਨ ਬਣਾਏ ਜਾਂਦੇ ਹਨ।

ਖਤਨਾ ਕਰਨ ਵੇਲੇ ਲੜਕੇ ਨੂੰ, ਲਾਲ ਕਪੜੇ ਪਹਿਨਾ ਕੇ ਲਕੜੀ ਦੀ ਚੌਕੀ ਜਾਂ ਮਿੱਟੀ ਦੀ ਪੀੜ੍ਹੀ ਉਤੇ ਬੈਠਾ ਦਿੱਤਾ ਜਾਂਦਾ ਹੈ। ਫਿਰ ਕਲਮਾ ਪੜ੍ਹ ਕੇ ਇੰਦਰੀ ਦੇ ਉਪਰ ਦਾ ਮਾਸ ਕੱਟਿਆ ਜਾਂਦਾ ਹੈ। ਸਾਕ ਸੰਬੰਧੀ ਤੰਬੋਲ ਆਦਿ ਦੇਂਦੇ ਹਨ। ਕਈ ਮੁਸਲਮਾਨ ਜ਼ਖਮ ਮੌਲਣ ਵਾਲੇ ਦਿਨ ਘਰਾਂ ਵਿਚ ਮਠਿਆਈ ਵੰਡਦੇ ਹਨ।

(ਖ-22) **ਖਤਿਊਰਾ** :

ਜਦੋਂ ਕਿਸੇ ਸ਼ਖਸ ਦਾ, ਦੂਜੇ ਸ਼ਖਸ ਨਾਲ ਕੋਈ ਰਿਸ਼ਤਾ ਨਾ ਬਣਦਾ ਹੋਵੇ ਅਤੇ ਉਹ ਖਾਹਮਖਾਹ ਕੋਈ ਰਿਸ਼ਤਾ ਕਢਣਾ ਚਾਹੁੰਦਾ ਹੋਵੇ ਤਾਂ ਮਜ਼ਾਕ ਨਾਲ ਕਿਹਾ ਜਾਂਦਾ ਹੈ ਕਿ ਉਹ ਉਸ ਦਾ ਖਤਿਊਰਾ ਲਗਦਾ ਹੈ। ਪੋਠੋਹਾਰੀਆਂ ਦਾ ਸੁਭਾਵ ਹੈ ਕਿ ਜੇ ਉਨ੍ਹਾਂ ਨੂੰ ਆਪਣੇ ਇਲਾਕੇ ਦਾ ਕੋਈ ਬੰਦਾ ਕਿਧਰੇ ਮਿਲ ਜਾਵੇ ਤਾਂ ਉਹ ਉਸ ਦਾ ਸਾਰਾ ਅੱਗਾ-ਪਿੱਛਾ ਫੋਲ ਕੇ, ਉਸ ਨਾਲ ਕੋਈ ਰਿਸ਼ਤਾ ਢੂੰਡ ਹੀ ਲੈਂਦੇ ਹਨ।

ਇਕ ਵਾਰ ਇਕ ਪੋਠੋਹਾਰੀ ਨੂੰ ਕਿਸੇ ਅਧਿਕਾਰੀ ਨਾਲ

ਕੋਈ ਕੰਮ ਸੀ। ਉਹ ਉਸ ਨਾਲ, ਆਪਣਾ ਕੋਈ ਰਿਸ਼ਤਾ ਪ੍ਰਗਟ ਕਰਨਾ ਚਾਹੁੰਦਾ ਸੀ, ਪਰ ਉਸ ਨਾਲ ਕੋਈ ਟੰਗ-ਪੂਛਲੀ ਨਾ ਰਲੀ। ਪੋਠੋਹਾਰੀ ਨੂੰ ਸੂਹ ਮਿਲੀ ਕਿ ਉਸ ਦੇ ਸੌਹਰੇ ਨੇ, ਉਸ ਅਧਿਕਾਰੀ ਅਗੇ, ਕਦੇ ਇਕ ਖੋਤਾ ਵੇਚਿਆ ਸੀ। ਸੋ, ਪੋਠੋਹਾਰੀ ਉਸ ਅਧਿਕਾਰੀ ਨੂੰ ਕਹਿਣ ਲੱਗਾ ਕਿ ਉਹ ਰਿਸ਼ਤੇ ਵਿਚ ਉਸ ਦਾ 'ਖਤਿਉਰਾ' ਲਗਦਾ ਹੈ। ਖਤਿਉਰੇ ਦਾ ਭਾਵ ਹੈ ਖੋਤੇ ਕਰਕੇ ਬਣਿਆ ਰਿਸ਼ਤਾ। ਇਹ ਸ਼ਬਦ ਪੋਠੋਹਾਰੀਆਂ ਦੀ, ਕਿਸੇ ਦੂਜੇ ਸ਼ਖ਼ਸ ਨਾਲ ਰਿਸ਼ਤਾ ਕੱਢਣ ਦੀ ਰੁਚੀ ਦਾ ਮਜ਼ਾਕ ਕਰਨ ਲਈ ਵਰਤਿਆ ਜਾਂਦਾ ਹੈ।

(ਖ-23) **ਖ਼ਦੀਜਾ** :

ਮੁਹੰਮਦ ਸਾਹਿਬ ਦੀ ਪਹਿਲੀ ਪਤਨੀ, ਜੋ ਇਕ ਧਨਾਢ ਵਿਧਵਾ ਇਸਤ੍ਰੀ ਸੀ। ਇਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਦੈਵੀ ਮਿਸ਼ਨ ਵਿਚ, ਤਨੋਂ ਮਨੋਂ ਤੇ ਧਨ ਨਾਲ ਬੜੀ ਸਹਾਇਤਾ ਕੀਤੀ। ਖ਼ਦੀਜਾ ਦੀ ਕੁਖੋਂ ਬੀਬੀ ਫ਼ਾਤਮਾ ਨੇ ਜਨਮ ਲਿਆ, ਜਿਸ ਦਾ ਵਿਆਹ ਹਜ਼ਰਤ ਅਲੀ ਨਾਲ ਹੋਇਆ। ਹਜ਼ਰਤ ਅਲੀ ਬਾਅਦ ਵਿਚ ਮੁਸਲਮਾਨਾਂ ਦੇ ਪਹਿਲੇ ਖ਼ਲੀਫ਼ਾ ਬਣਾਏ ਗਏ।

(ਖ-24) **ਖੰਨਾ** :

ਖੱਤਰੀਆਂ ਦੀ ਇਕ ਜਾਤੀ; ਖੰਨਾ ਸ਼ਬਦ ਦਾ ਧਾਤੂ ਖਣ ਹੈ, ਜਿਸਦਾ ਅਰਥ ਹੈ : ਅੱਧਾ। ਅਸ਼ਰਫ਼-ਉਲ-ਤਾਰੀਖ਼ ਅਨੁਸਾਰ ਜਦੋਂ ਅਲਾਓ-ਦੀਨ-ਖਿਲਜੀ ਨੇ ਖੱਤਰੀਆਂ ਵਿਚ ਵਿਧਵਾ ਦੇ ਪੁਨਰ-ਵਿਆਹ ਦਾ ਕਾਨੂੰਨ ਲਾਗੂ ਕੀਤਾ ਤਾਂ ਇਸ ਜਾਤੀ ਦੇ ਅੱਧੇ ਲੋਕ ਤਾਂ ਇਸ ਕਾਨੂੰਨ ਦੇ ਵਿਰੁਧ ਸਨ ਤੇ ਬਾਕੀ ਅੱਧੇ ਹੱਕ ਵਿਚ। ਜਿਹੜੇ ਅੱਧੇ ਵਿਰੁਧ ਸਨ, ਉਹ ਸਭ ਤੋਂ ਪਹਿਲਾਂ ਇਸ ਕਾਨੂੰਨ ਦੀ ਵਿਰੋਧਤਾ ਕਰਨ ਲਈ ਦਿੱਲੀ ਪਹੁੰਚੇ ਤੇ 'ਖਣ' ਅਥਵਾ ਖੰਨਾ ਅਖਵਾਏ।

ਖੰਨੇ ਖੱਤਰੀਆਂ ਦੇ ਢਾਈਘਰੇ ਭਾਈਚਾਰੇ ਵਿਚੋਂ ਹਨ। ਢਾਈਘਰੇ ਵਿਚ ਮਹਿਰੇ ਤੇ ਕਪੂਰ ਤਾਂ ਸਾਰੇ ਦੇ ਸਾਰੇ ਘਰ ਸ਼ਾਮਿਲ ਹਨ, ਪਰ ਖੰਨੇ ਅੱਧੇ ਘਰ। ਕਿਉਂ ਜੋ ਕੇਵਲ ਅੱਧੇ ਖੰਨੇ ਹੀ ਵਿਧਵਾ ਦੇ ਪੁਨਰ-ਵਿਆਹ ਦੇ ਕਾਨੂੰਨ ਦੇ ਵਿਰੁੱਧ ਸਨ।

ਮੁਨਸ਼ੀ ਸਰਵਨ ਲਾਲ ਅਨੁਸਾਰ, ਖੰਨਾ ਸ਼ਬਦ ਮੁੱਢ ਵਿਚ, ਉਨ੍ਹਾਂ ਪ੍ਰਵਾਰਾਂ ਲਈ ਵਰਤਿਆ ਜਾਂਦਾ ਸੀ, ਜਿਨ੍ਹਾਂ ਦੇ ਅੱਧੇ ਬੰਦੇ ਬ੍ਰਾਹਮਣ ਬਣ ਗਏ ਸਨ ਤੇ ਅੱਧੇ ਖੱਤ੍ਰੀ।

ਦੇਸ਼ ਵੰਡ ਤੋਂ ਪਹਿਲਾਂ ਖੰਨੇ ਆਪਣੇ ਬੱਚਿਆਂ ਦਾ ਪਹਿਲਾ ਮੁੰਡਨ, ਦਿਪਾਲਪੁਰ, ਤਹਿਸੀਲ ਚੂਨੀਆਂ (ਲਾਹੌਰ) ਵਿਚ ਬਾਬਾ ਲਾਲੂ ਜਸਰਾਜ ਦੀ ਸਮਾਧ ਉੱਤੇ ਕੀਤਾ ਕਰਦੇ ਸਨ। ਇਸ ਬਾਰੇ ਇਕ ਦੰਦ-ਕਥਾ ਹੈ ਕਿ ਲਾਹਾ ਨਾਉਂ ਦੇ ਇਕ ਬ੍ਰਾਹਮਣ ਦੇ ਘਰ ਸੰਤਾਨ ਨਹੀਂ ਸੀ ਹੋਂਦੀ। ਉਸ ਨੇ ਚੰਡਿਕਾ ਨੂੰ ਪਤਿਆਣ ਲਈ, ਬਾਰ ਦੇ ਜੰਗਲ ਵਿਚ ਘੋਰ ਤਪਸਿਆ ਕੀਤੀ। ਬ੍ਰਾਹਮਣ ਕਾਫ਼ੀ ਬ੍ਰਿੱਧ ਹੋ ਚੁਕਾ ਸੀ, ਉਸ ਵਿਚ ਸੰਤਾਨ ਉਤਪੰਨ ਕਰਨ ਦੀ ਸ਼ਕਤੀ ਵੀ ਨਹੀਂ ਸੀ ਰਹੀ। ਦੇਵੀ ਨੇ ਪ੍ਰਗਟ ਹੋ ਕੇ, ਉਸ ਨੂੰ ਬਾਲਕ ਦਿਤਾ, ਜਿਸ ਦਾ ਨਾਉਂ ਜਸਰਾਜ ਰਖਿਆ ਗਿਆ। ਦੇਵੀ ਨੇ ਬ੍ਰਾਹਮਣ ਨੂੰ ਬਾਲਕ ਦੇਣ ਲਗਿਆਂ ਚੇਤਾਵਨੀ ਦਿਤੀ ਕਿ ਉਹ ਇਸ ਬਾਲਕ ਨੂੰ ਕਦੇ ਗਾਲ੍ਹੀ ਨਾ ਕਢੇ। ਜਸਰਾਜ ਬੜਾ ਅੱਖੜਖਾਂਦ ਸੀ, ਇਕ ਦਿਨ ਉਸ ਨੇ ਆਪਣੀ ਲੋਪਾਲਕ ਮਾਂ ਨੂੰ ਬੜਾ ਦੁਖੀ ਕੀਤਾ ਤੇ ਉਸ ਨੇ ਕਰੋਧ ਵਿਚ ਆ ਕੇ ਗਾਲ੍ਹ ਕਢ ਦਿੱਤੀ—'ਨਿਘਰ ਜਾਣਿਆ'। ਜਸਰਾਜ ਉਸੇ ਵੇਲੇ ਧਰਤੀ ਵਿਚ ਨਿਘਰ ਗਿਆ। ਮਾਂ ਨੇ ਉਸ ਨੂੰ ਬਚਾਣ ਵਾਸਤੇ ਉਸ ਦੀ ਬੋਦੀ ਪਕੜ ਲਈ, ਪਰ ਉਹ ਬੋਦੀ ਉਸਦੇ ਹੱਥ ਵਿਚ ਹੀ ਰਹਿ ਗਈ। ਬ੍ਰਾਹਮਣ ਨੇ ਫਿਰ ਚੰਡਿਕਾ ਅਰਾਧੀ ਤੇ ਦੇਵੀ ਨੇ ਪ੍ਰਗਟ ਹੋ ਕੇ ਵਰ ਦਿੱਤਾ ਕਿ ਖੰਨਾ ਜਾਤੀ ਦੇ ਲੋਕ ਇਸ ਥਾਉਂ ਨੂੰ ਪੂਜਿਆ ਕਰਨਗੇ।

ਕਪੂਰਥਲੇ ਦੇ ਖੰਨਿਆਂ ਵਿਚ ਪ੍ਰਚਲਤ ਦੰਦ-ਕਥਾ ਰਤਾ-ਕੁ ਵਖਰੀ ਹੈ। ਇਸ ਕਥਾ ਅਨੁਸਾਰ ਦੇਵੀ ਦਾ ਨਾਂ ਨਿਹੰਗਲਾਜ ਸੀ, ਜੋ ਹਿੰਗਲਾਜ ਦਾ ਹੀ ਵਿਗਾੜ ਸੀ। ਲੜਕੇ ਦਾ ਨਾਂ ਲਾਲੂ ਜਸਰਾਏ ਸੀ। ਮਾਂ ਨੇ ਇਸ ਬਾਲਕ ਨੂੰ ਬਜ਼ਾਰ ਹਲਦੀ ਲੈਣ ਭੇਜਿਆ। ਉਹ ਲਾਪਰਵਾਹੀ ਨਾਲ ਬੱਚਿਆਂ ਨਾਲ ਹੀ ਖੇਡਦਾ ਰਿਹਾ। ਮਾਂ ਨੇ ਕਰੋਧ ਵਿਚ ਕਿਹਾ 'ਵੇ ਨਿੱਘਰ ਜਾਣਿਆ !' ਤੇ ਉਹ ਉਸੇ ਵੇਲੇ ਧਰਤੀ ਵਿਚ ਸਮਾ ਗਿਆ। ਬ੍ਰਾਹਮਣ ਨੇ ਦੇਵੀ ਨੂੰ ਬੜਾ ਧਿਆਇਆ ਤੇ ਵਾਸਤੇ ਪਾਏ, ਪਰ ਦੇਵੀ ਕਹਿਣ ਲਗੀ, "ਹੁਣ ਵਾਕ ਵਾਪਸ ਨਹੀਂ ਹੋ ਸਕਦਾ। ਹਾਂ, ਖੰਨੇ ਹਮੇਸ਼ਾਂ ਇਸ ਥਾਂ ਲਾਲੂ ਜਸਰਾਏ ਦੀ ਪੂਜਾ ਕਰਦੇ ਰਹਿਣਗੇ।" ਉਦੋਂ ਤੋਂ ਖੰਨੇ ਆਪਣੇ ਬੱਚਿਆਂ ਦਾ ਮੁੰਡਣ ਦੀਪਾਲਪੁਰ ਕਰਦੇ ਹਨ। ਇਸੇ ਬਾਲਕ ਦੀ ਔਲਾਦ ਖੰਨਾ ਅਖਵਾਈ।

(ਖ-25) **ਖੱਪਰ** :

ਭਿੱਖਿਆ ਮੰਗਣ ਵਾਲਾ ਭਾਂਡਾ, ਜੋ ਖੋਪਰੀ ਦੀ ਸ਼ਕਲ ਦਾ ਹੋਣ ਕਰਕੇ ਖੱਪਰ ਅਖਵਾਉਂਦਾ ਹੈ। ਦੇਵੀ ਮਾਤਾ ਖੱਪਰ ਵਿਚ ਹੀ ਲਹੂ ਭਰ ਭਰ ਕੇ ਪੀਂਦੀ ਹੈ। ਦੇਵੀ ਦੇ ਉਪਾਸ਼ਕਾਂ ਵਿਚ, ਖੱਪਰ ਨੂੰ ਹੀ ਦੇਵੀ ਦਾ ਚਿੰਨ੍ਹ ਮੰਨ ਕੇ ਇਸ ਵਿਚ ਭਿਖਿਆ ਮੰਗਣ ਦੀ ਪ੍ਰਥਾ ਚਲ ਪਈ। ਜੋਗ ਤੇ ਸ਼ੈਵ-ਸੰਪਰਦਾਇ ਦੇ ਸਾਧੂ ਖੱਪਰ ਵਿਚ ਹੀ ਭਿੱਖਿਆ ਮੰਗਦੇ ਹਨ।

(ਖ-26) **ਖੱਫਣ** :

ਉਹ ਕਪੜਾ, ਜਿਸ ਵਿਚ ਮੁਰਦੇ ਨੂੰ ਲਪੇਟ ਕੇ ਮੁਸਲਮਾਨ ਦੱਬਦੇ ਤੇ ਹਿੰਦੂ ਸਿੱਖ ਸਾੜਦੇ ਹਨ। ਆਮ ਤੌਰ ਤੇ ਖੱਫਣ ਸਫ਼ੈਦ ਲੱਠੇ ਦਾ ਹੁੰਦਾ ਹੈ। ਖੱਫਣ ਦੇ ਕਪੜੇ ਜਿਸ ਸੂਈ ਨਾਲ ਸੀਤੇ ਜਾਂਦੇ ਹਨ, ਉਸ ਸੂਈ ਨੂੰ ਬਾਕੀ ਦੇ ਧਾਗੇ ਸਮੇਤ ਖੱਫਣ ਵਿਚ ਹੀ ਟੁੰਗ ਦਿੱਤਾ ਜਾਂਦਾ ਹੈ। ਇਸ ਸੂਈ ਧਾਗੇ ਨੂੰ ਕਿਸੇ ਹੋਰ ਕੰਮਾਂ ਲਈ ਵਰਤਣਾ ਬਦਸ਼ਗਨੀ ਹੈ।

ਪੁਰਾਣੇ ਵੇਲਿਆਂ ਵਿਚ ਜਦੋਂ ਸਫ਼ਰ ਬੜੇ ਜੋਖੋਂ ਭਰੇ ਹੁੰਦੇ ਸਨ ਤਾਂ ਕਈ ਯਾਤ੍ਰੀ ਆਪਣਾ ਖੱਫਣ ਪਹਿਲਾਂ ਹੀ ਤਿਆਰ ਕਰਕੇ ਨਾਲ ਰਖਦੇ ਸਨ। ਧਾਰਨਾ ਸੀ ਕਿ ਜਿਸ ਨੂੰ ਨਵਾਂ ਖੱਫਣ ਨਾ ਪਾਇਆ ਜਾਵੇ, ਉਸ ਦੀ ਰੂਹ ਭਟਕਦੀ ਰਹਿੰਦੀ ਹੈ। ਅਜਕਲ ਵੀ ਕਈ ਬਜ਼ੁਰਗ ਆਪਣਾ ਖੱਫਣ ਪਹਿਲੋਂ ਹੀ ਬਣਵਾ ਕੇ ਰੱਖ ਲੈਂਦੇ ਹਨ। ਕਈ ਫਕੀਰ ਤੇ ਸਾਧੂ ਖੱਫਣ ਦੀ ਸ਼ਕਲ ਦਾ ਲੰਮਾ ਚੋਲਾ ਜਿਉਂਦਿਆਂ ਹੀ ਪਹਿਨ ਲੈਂਦੇ ਹਨ। ਇਸ ਨੂੰ ਖੱਫਣੀ ਕਹਿੰਦੇ ਹਨ। ਇਸ ਤਰ੍ਹਾਂ ਮੌਤ ਵਿਸਰਦੀ ਨਹੀਂ।

(ਖ-27) **ਖੱਫਣੀ** :

ਫਕੀਰਾਂ ਦਾ ਗਲ ਵਿਚ ਪਹਿਨਣ ਵਾਲਾ, ਇਕ ਲੰਮਾ ਚੋੜਾ ਵਸਤ੍ਰ, ਜੋ ਖੱਫਣ ਦੀ ਸ਼ਕਲ ਦਾ ਹੋਣ ਕਰ ਕੇ, ਖੱਫਣੀ ਅਖਵਾਉਂਦਾ ਹੈ। ਜਿਹੜੇ ਸਾਧੂ ਫਕੀਰ ਦੁਨੀਆਂ ਨੂੰ ਤਿਆਗ ਦੇਂਦੇ ਹਨ ਤੇ ਆਪਣੇ ਆਪ ਨੂੰ ਜੀਉਂਦਿਆਂ ਹੀ ਮੁਰਦਾ ਸਮਝਦੇ ਹਨ, ਉਹ ਇਸੇ ਕਿਸਮ ਦੀ ਖੱਫਣੀ ਪਹਿਨਦੇ ਹਨ। ਖੱਫਣੀ ਨੂੰ ਪਹਿਨਣ ਨਾਲ ਮੌਤ ਹਮੇਸ਼ਾ ਯਾਦ ਰਹਿੰਦੀ ਹੈ ਤੇ ਮਨ ਵਿਚ ਕੋਈ ਮੰਦਾ ਫੁਰਨਾ ਨਹੀਂ ਫੁਰਦਾ।

(ਖ-28) **ਖੱਬਲ** :

ਇਕ ਲੰਮੀਆਂ ਤਿੜਾਂ ਵਾਲਾ ਘਾਹ, ਜੋ ਹਰ ਮੌਸਮ ਵਿਚ ਹਰਾ ਭਰਾ ਰਹਿੰਦਾ ਹੈ। ਖੱਬਲ ਨਰੋਆਪਨ, ਹਰਸ਼ ਤੇ ਤਾਜ਼ਗੀ ਦਾ ਪ੍ਰਤੀਕ ਹੈ। ਹੁਸ਼ਿਆਰਪੁਰ ਦੇ ਜ਼ਿਲੇ ਵਿਚ ਜਦੋਂ ਕਿਸੇ ਸ਼ਖ਼ਸ ਦੇ ਘਰ ਲੜਕਾ ਜੰਮਦਾ ਹੈ ਤਾਂ ਉਸ ਦੇ ਰਿਸ਼ਤੇਦਾਰ ਤੇ ਸਜਨ ਮਿਤ੍ਰ ਉਸ ਦੀ ਪਗੜੀ ਵਿਚ ਖੱਬਲ ਦੀਆਂ ਕੁਝ ਤਿੜਾਂ ਟੁੰਗ ਦੇਂਦੇ ਹਨ।

(ਖ-29) **ਖੱਬਾ-ਸੱਜਾ ਵਿਚਾਰਨ** :

ਸਰੀਰ ਦੇ ਸੱਜੇ ਖੱਬੇ ਅੰਗਾਂ ਦੇ ਫਰਕਣ ਨਾਲ, ਜੋ ਲੋਕ-ਵਿਸ਼ਵਾਸ਼ ਜੁੜੇ ਹੋਏ ਹਨ, ਉਨ੍ਹਾਂ ਦੇ ਚੰਗੇ ਮੰਦੇ ਫਲ ਨੂੰ ਵਿਚਾਰਨਾ। ਮਰਦ ਦੇ ਸੱਜੇ ਅੰਗ ਤੇ ਤੀਵੀਂ ਦੇ ਖੱਬੇ ਅੰਗ ਫਰਕਣੇ ਚੰਗੇ ਸਮਝੇ ਜਾਂਦੇ ਹਨ। ਇਸ ਦੇ ਉਲਟ ਫਰਕਣ ਤਾਂ ਮੰਦੇ। ਮਰਦ ਦੀ ਖੱਬੀ ਤਲੀ ਉਤੇ ਖਾਰਸ਼ ਹੋਵੇ ਤਾਂ ਖਰਚਾ ਹੁੰਦਾ ਹੈ। ਸੱਜੀ ਤਲੀ ਉਤੇ ਖਾਰਸ਼ ਹੋਵੇ ਤਾਂ ਕਿਧਰੋਂ ਅਚਾਨਕ ਧਨ ਮਿਲਣ ਦੀ ਆਸ ਹੁੰਦੀ ਹੈ। ਇਸੇ ਤਰ੍ਹਾਂ ਜੇ ਜਰਦ ਦੀ ਸੱਜੀ ਅੱਖ ਫਰਕੇ ਤਾਂ ਕੋਈ ਲਾਭ ਵਾਲੀ ਗੱਲ ਹੈ, ਜੇ ਖੱਬੀ ਫਰਕੇ ਤਾਂ ਕੋਈ ਨੁਕਸਾਨ ਵਾਲੀ। ਤੀਵੀਆਂ ਦੇ ਇਸ ਦੇ ਉਲਟ (ਵੇਖੋ : ਸੱਜੇ ਅੰਗ)।

(ਖ-30) **ਖੰਭੜੀ** :

ਉਚੇਚੇ ਢੰਗ ਨਾਲ ਖੇਡਣ ਲਈ ਬਣਾਈ ਇਕ ਵਸਤੂ; ਸੂਈ ਦੇ ਨੱਕੇ ਵਾਲੇ ਪਾਸੇ ਰੇਸ਼ਮੀ ਧਾਗਿਆਂ ਦੇ ਬੁੰਬਲ ਬਣਾ ਕੇ, ਸਿੱਥੇ ਨਾਲ ਇਸ ਤਰ੍ਹਾਂ ਜੋੜ ਦਿੱਤੇ ਜਾਂਦੇ ਹਨ ਕਿ ਫੁੱਲਾਂ ਦੀ ਪੰਖੜੀ ਲਗਦੀ ਹੈ। ਬੱਚੇ ਇਸ ਖੰਭੜੀ ਨੂੰ, ਦੂਰੋਂ ਖੜੇ ਹੋ ਕੇ ਕਿਸੇ ਦਰਵਾਜ਼ੇ ਜਾਂ ਕਾਠ ਉੱਤੇ ਮਾਰਦੇ ਹਨ। ਸੂਈ ਦਾ ਸਿਰਾ ਕਾਠ ਵਿਚ ਜਾ ਲਗਦਾ ਹੈ। ਬੱਚੇ ਸ਼ਰਤਾਂ ਲਗਾ ਕੇ ਵੀ ਖੇਡਦੇ ਹਨ।

(ਖ-31) **ਖੰਮ੍ਹਣੀ** :

ਮੌਲੀ ਦੇ ਧਾਗੇ ਦੀ ਰੰਗਦਾਰ ਅੱਟੀ, ਜਿਸ ਦੀ ਵਰਤੋਂ ਸ਼ਗਨਾਂ ਵੇਲੇ ਹੁੰਦੀ ਹੈ। ਵਿਆਹ ਸਮੇਂ ਕੰਨਿਆਂ ਦੇ ਵਾਲ ਗੁੰਦ ਕੇ ਗੁੱਤ ਜਾਂ ਜੂੜੇ ਨਾਲ ਮੌਲੀ ਦਾ ਧਾਗਾ ਸ਼ਗਨ ਵਜੋਂ ਬੰਨ੍ਹਿਆ ਜਾਂਦਾ ਹੈ, ਇਸ ਨੂੰ ਖੰਮ੍ਹਣੀ ਬੰਨ੍ਹਣਾ ਕਹਿੰਦੇ ਹਨ। ਇਹ ਸ਼ਗਨ ਸੁਹਾਗ ਦੀ ਚਿਰੰਜੀਵਤਾ ਲਈ ਕੀਤਾ ਜਾਂਦਾ ਹੈ (ਵੇਖੋ : ਮੌਲੀ)।

(ਖ-32) **ਖਰ** :

(1) ਜੱਟਾਂ ਦਾ ਇਕ ਕਬੀਲਾ; ਖਰ ਬਹੁਤੇ ਮੁਲਤਾਨ ਵਿਚ ਮਿਲਦੇ ਹਨ। ਇਹ ਆਪਣਾ ਪਿੱਛਾ ਲਾਹੌਰ ਤੇ ਮਿੰਟਗੁਮਰੀ ਦੇ ਬਲਾਂ ਨਾਲ ਜੋੜਦੇ ਹਨ। ਨਾਉਂ ਖਰ ਪੈ ਜਾਣ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ– ਇਕ ਵਾਰ ਖਰਲਾਂ ਦੇ ਇਕ ਜੱਥੇ ਨੇ, ਜੋ ਲਾਹੌਰ ਤੋਂ ਚਲਿਆ ਸੀ, ਮੁਲਤਾਨ ਦੇ ਨੇੜੇ ਇਕ ਗੰਨਿਆਂ ਦੇ ਖੇਤ ਕੋਲ ਆਪਣੇ ਡੇਰੇ ਲਗਾ ਲਏ। ਉਨ੍ਹਾਂ ਨੇ ਕੁਝ ਗੰਨੇ ਭੰਨ ਕੇ ਆਪਣੇ ਡੰਗਰਾਂ ਅਗੇ ਪਾ ਦਿਤੇ ਤੇ ਕੁਝ ਕੁ ਨਾਲ ਝੁਗੀਆਂ ਬਣਾ ਲਈਆਂ। ਖੇਤ ਦੇ ਮਾਲਕ ਨੇ ਹਾਕਮ ਅਗੇ ਸ਼ਿਕਾਇਤ ਕੀਤੀ। ਹਾਕਮ ਦੇ ਪੁਛਣ ਉੱਤੇ ਖਰਲਾਂ ਨੇ ਦਸਿਆ ਕਿ ਉਨ੍ਹਾਂ ਨੇ ਤਾਂ ਗੰਨੇ ਕਦੇ ਵੇਖੇ ਹੀ ਨਹੀਂ, ਇਨ੍ਹਾਂ ਨੂੰ ਸਰੂਟ ਤੇ ਕਾਨੇ ਸਮਝ ਕੇ ਕਟਿਆ ਹੈ। ਹਾਕਮ ਨੇ ਵਿਅੰਗ ਨਾਲ ਆਖਿਆ, "ਤੁਸੀਂ ਫਿਰ ਖਰਲ ਕਾਹਦੇ ਹੋਏ, ਖਰ (ਖੋਤੇ) ਹੋਏ।" ਉਦੋਂ ਤੋਂ ਇਨ੍ਹਾਂ ਦੀ ਅੱਲ 'ਖਰ' ਪੈ ਗਈ।

(2) ਇਕ ਆਦਮਖੋਰ ਰਾਖਸ਼, ਜੋ ਰਾਵਨ ਦਾ ਛੋਟਾ ਭਰਾ ਸੀ। ਖਰ ਰਾਮ ਚੰਦਰ ਹੱਥੋਂ ਦੰਡਕ ਬਣ ਵਿਚ ਮਾਰਿਆ ਗਿਆ ਸੀ।

(ਖ-33) **ਖਰਬਾਮ** :

(1) ਇਕ ਸਾਜ਼, ਖੋਤੇ (ਖਰ) ਦੇ ਚਮੜੇ ਦਾ ਬਣਿਆ ਡੱਗਾ, ਜਿਸ ਨਾਲ ਨਗਾਰਾ ਵਜਾਇਆ ਜਾਂਦਾ ਹੈ। ਇਹ ਡੱਗਾ ਲਕੜੀ ਦੇ ਮਜ਼ਬੂਤ ਡੰਡੇ ਉੱਤੇ ਚੰਮ ਮੜ੍ਹ ਕੇ ਬਣਾਇਆ ਜਾਂਦਾ ਹੈ।

(2) ਇਕ ਪ੍ਰਕਾਰ ਦਾ ਖੋਤੇ ਦੇ ਚੰਮ ਨਾਲ ਮੜ੍ਹਿਆ ਨਗਾਰਾ ਜੋ ਪੁਰਾਣੇ ਜ਼ਮਾਨੇ ਵਿਚ ਯੁੱਧ ਵੇਲੇ ਘੋੜੇ, ਊਠ ਜਾਂ ਹਾਥੀ ਉੱਤੇ ਰਖ ਕੇ ਵਜਾਇਆ ਜਾਂਦਾ ਸੀ, ਇਸਦੀ ਧੁਨੀ ਜੋਸ਼ ਤੇ ਉਤਸ਼ਾਹ ਪੈਦਾ ਕਰਦੀ ਹੈ :—

"ਚੋਟ ਪਈ ਖਰਚਾਮੀ ਦਲਾ ਮੁਕਾਬਲਾ।"

(ਚੰਡੀ ਦੀ ਵਾਰ)

(ਖ-34) **ਖਰ-ਦੂਖਣ** :

ਦੋ ਰਾਖਸ਼ ਜੋ ਰਾਮ ਚੰਦਰ ਹਥੋਂ ਮਾਰੇ ਗਏ ਸਨ। ਖਰ ਰਾਵਨ ਦਾ ਭਰਾ ਸੀ ਤੇ ਦੂਖਣ ਉਸਦੀ ਫ਼ੌਜ ਦਾ ਇਕ ਜਰਨੈਲ। ਖਰ ਤੇ ਦੂਖਣ ਦੀ ਆਪੋ ਵਿਚ ਇਤਨੀ ਪੱਕੀ-ਪੀਡੀ ਸਾਂਝ ਸੀ ਕਿ ਉਹ ਦੋਵੇਂ ਹੀ ਰਾਵਨ ਦੇ ਛੋਟੇ ਭਰਾ ਕਰਕੇ ਜਾਣੇ ਜਾਣ ਲਗੇ।

ਇਹ ਦੋਵੇਂ ਰਾਖਸ਼ ਮਨ ਦੇ ਖੋਟੇ ਤੇ ਸੁਭਾਵ ਦੇ ਬੜੇ ਕਠੋਰ ਸਨ। ਰਵਾਇਤ ਹੈ ਕਿ ਜਿਸ ਥਾਂ ਇਨ੍ਹਾਂ ਦੋਹਾਂ ਦੀ ਮ੍ਰਿਤੂ ਹੋਈ, ਉਥੇ ਧਰਤੀ ਵਿਚੋਂ ਧਤੂਰੇ ਦਾ ਇਕ ਜ਼ਹਿਰੀਲਾ ਪੌਦਾ ਉਗਿਆ, ਜੋ ਇਨ੍ਹਾਂ ਰਾਖਸ਼ਾਂ ਦੇ ਨਾਉਂ ਉੱਤੇ ਹੀ ਖਰ-ਦੂਖਣ ਪ੍ਰਸਿਧ ਹੋਇਆ।

(ਖ-35) **ਖਰਬਾਹਨੀ** :

ਸੀਤਲਾ ਦੇਵੀ ਦੀ ਇਕ ਉਪਾਧੀ; ਉਹ ਦੇਵੀ ਜਿਸ ਦਾ ਵਾਹਨ ਖਰ (ਖੋਤਾ) ਹੈ। ਧਾਰਨਾ ਹੈ ਕਿ ਸੀਤਲਾ ਦੇਵੀ ਖੋਤੇ ਉੱਤੇ ਸਵਾਰੀ ਕਰਦੀ ਹੈ, ਜਿਸ ਲਈ ਉਸਨੂੰ ਖਰਬਾਹਨ ਜਾਂ ਖਰਬਾਹਨੀ ਕਿਹਾ ਜਾਣ ਲੱਗਾ। ਸੀਤਲਾ ਅਸ਼ਟਮੀ ਵਾਲੇ ਦਿਨ, ਤੀਵੀਆਂ, ਸੀਤਲਾ ਦੇਵੀ ਨੂੰ ਪਤਿਆਣ ਲਈ, ਖੋਤਿਆਂ ਨੂੰ ਬਹੇ ਗੁਲਗੁਲੇ ਖਲਾਂਦੀਆਂ ਤੇ ਪੂਜਦੀਆਂ ਹਨ (ਵੇਖੋ : ਸੀਤਲਾ ਦੇਵੀ)।

(ਖ-36) **ਖਰਲ** :

ਰਚਨਾ-ਦੁਆਬ ਦੀ ਬਾਰ ਵਿਚ ਵੱਸਣ ਵਾਲਾ ਜੱਟਾਂ ਦਾ ਇਕ ਕਬੀਲਾ; ਲਾਹੌਰ ਤੇ ਮਿੰਟਗੁਮਰੀ ਦੇ ਵਿਚਕਾਰਲੇ ਇਲਾਕੇ ਵਿਚ, ਖਰਲ ਕਾਫ਼ੀ ਮਾਤਰਾ ਵਿਚ ਮਿਲਦੇ ਹਨ ਅਤੇ ਖਰਲ ਹਾਂਸ (ਮਲਕਾ ਹਾਂਸ) ਜਿਥੇ ਵਾਰਸ ਸ਼ਾਹ ਨੇ ਹੀਰ ਦੀ ਰਚਨਾ ਕੀਤੀ, ਖਰਲਾਂ ਦਾ ਹੀ ਵਸਾਇਆ ਹੋਇਆ ਪਿੰਡ ਹੈ।

ਖਰਲ ਮੁਢ ਦੇ ਰਾਜਪੂਤ ਹਨ ਜਾਂ ਜੱਟ, ਇਸ ਬਾਰੇ ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਬਹਾਵਲਪੁਰ ਦੇ ਖਰਲ, ਆਪਣੇ ਆਪ ਨੂੰ ਭੱਟੀ ਰਾਜਪੂਤ ਦਸਦੇ ਹਨ। ਮਿੰਟਗੁਮਰੀ ਦੇ ਖਰਲਾਂ ਦਾ ਦਾਅਵਾ ਹੈ ਕਿ ਉਹ ਰਾਜਾ ਕਰਨ ਦੀ ਵੰਸ਼ ਵਿਚੋਂ ਹਨ। ਝੰਗ ਦੇ ਇਲਾਕੇ ਦੇ ਖਰਲ ਪੁੰਆਰ (ਰਾਜਪੂਤ) ਹੋਣ ਦਾ ਦਾਅਵਾ ਕਰਦੇ ਹਨ ਤੇ ਆਪਣੇ ਆਪ ਨੂੰ ਰਾਜਾ ਜਗਦਿਓ ਦੀ ਵੰਸ਼ ਵਿਚੋਂ ਦਸਦੇ ਹਨ, ਨਾ ਕਿ ਰਾਜਾ ਕਰਨ ਦੀ। ਰਾਜਾ ਜਗਦਿਓ ਆਪਣੇ ਸਮੇਂ ਦਾ ਬੜਾ ਪ੍ਰਤਾਪੀ ਰਾਜਾ ਸੀ। ਕਹਿੰਦੇ ਹਨ ਕਿ ਇਸ ਰਾਜੇ ਦੀਆਂ ਬਾਹਵਾਂ ਗੋਡਿਆਂ ਤਕ ਲੰਮੀਆਂ ਸਨ, ਜੋ ਮਹਾਂਪੁਰਖਾਂ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਇਹ ਰਾਜਾ ਇਤਨਾ ਰਿਸ਼ਟ-ਪੁਸ਼ਟ ਤੇ ਬਲਵਾਨ ਸੀ ਕਿ ਗੋਡਿਆਂ ਉੱਤੇ ਟਾਹਨੀ ਦਾ ਡੰਡਾ ਰਖ ਕੇ ਭੰਨ ਸੁਟਦਾ ਸੀ।

ਮਿਰਜ਼ਾ ਸਾਹਿਬਾਂ ਦੀ ਦੰਦ-ਕਥਾ ਦਾ ਨਾਇਕ 'ਮਿਰਜ਼ਾ' ਜਾਤ ਦਾ ਖਰਲ ਸੀ। ਮੱਧਕਾਲ ਵਿਚ ਖਰਲਾਂ ਵਿਚ ਕੁੜੀ ਮਾਰਨ ਦਾ ਆਮ ਰਿਵਾਜ ਵੀ ਸੀ।

ਖਰਲਾਂ ਵਿਚ ਕਰੇਵੇ ਦੀ ਪ੍ਰਥਾ ਹੈ, ਜੋ ਇਨ੍ਹਾਂ ਨੂੰ ਜੱਟਾਂ ਨਾਲ ਜੋੜਦੀ ਹੈ। ਇਨ੍ਹਾਂ ਦੀਆਂ ਵਿਆਹ-ਸ਼ਾਦੀ ਦੀਆਂ ਕਈ ਰੀਤਾਂ ਹਿੰਦੂਆਂ ਵਾਲੀਆਂ ਹੀ ਹਨ, ਜੋ ਖਰਲਾਂ ਦਾ ਪਿੱਛਾ ਹਿੰਦੂਆਣੀ ਸਿੱਧ ਕਰਦੀਆਂ ਹਨ। ਰਵਾਇਤ ਹੈ ਕਿ ਬਾਬਾ ਫ਼ਰੀਦ ਸ਼ਕਰਗੰਜ ਨੇ ਇਸ ਕਬੀਲੇ ਨੂੰ ਇਸਲਾਮ ਮੱਤ ਵਿਚ ਲਿਆਂਦਾ।

ਰਾਜਪੂਤਾਂ ਵਾਂਗ ਖਰਲ ਵੀ ਹੱਥੀਂ ਹਲ-ਵਾਹੁਣਾ ਚੰਗਾ ਨਹੀਂ ਸਮਝਦੇ। ਉਹ ਦੂਜੀਆਂ ਜਾਤਾਂ ਤੋਂ ਵਾਹੀ ਖੇਤੀ ਕਰਵਾਉਂਦੇ ਹਨ। ਖਰਲ ਸੁਭਾਓ ਦੇ ਬੜੇ ਕਠੋਰ ਤੇ ਲੜਾਕੇ ਹਨ ਤੇ ਖਰੂਦ ਪਾ ਕੇ ਖ਼ੁਸ਼ ਹੁੰਦੇ ਹਨ। ਇਸ ਲਈ ਅਖਾਣ ਹੈ :—

ਡੋਗਰ, ਭੱਟੀ, ਵੱਟ, ਖਰਲ ਜ਼ਾਤ ਲੜਾਕੀਆਂ ਚਾਰ,
ਜਿਥੇ ਤਕੀਏ ਖਲੇ ਇਹ, ਦੋਈਏ ਥਾਂ ਸਿਰ ਮਾਰ।

ਬਾਰ ਦੇ ਖਰਲ ਘਾਹ ਦੇ ਛੱਪਰ ਪਾ ਕੇ ਰਹਿੰਦੇ ਹਨ। ਰਵਾਇਤ ਹੈ ਕਿ ਪੈਗੰਬਰ ਸੁਲੇਮਾਨ ਨੇ, ਇਨ੍ਹਾਂ ਨੂੰ ਪੱਕੇ ਛੱਤ ਵਾਲੇ ਘਰਾਂ ਵਿਚ, ਸੌਣ ਦੀ ਮਨਾਹੀ ਕੀਤੀ ਸੀ। ਇਸ ਮਨਾਹੀ ਦੀ ਉਲੰਘਣਾ ਕਰਨ ਵਾਲੇ ਦੀ ਕੁੱਲ ਉੱਤੇ ਹਮੇਸ਼ਾਂ ਸੰਕਟ ਤੇ ਕਲੇਸ਼ ਰਹਿੰਦਾ ਹੈ। ਖਰਲਾਂ ਦੀਆਂ ਝੁਗੀਆਂ ਨੂੰ ਪੱਖੀ ਕਹਿੰਦੇ ਹਨ। ਇਕ ਅਖਾਣ ਹੈ :—

ਖਰਲ ਦੀ ਪੱਖੀ, ਨਾ ਘੁਣ ਨਾ ਮੱਖੀ।

(ਖ-37) **ਖਰ-ਮੋਹਰਾ** :

ਪਸ਼ੂਆਂ, ਖਾਸ ਤੌਰ 'ਤੇ ਖੱਚਰ ਦੇ ਗਲ ਵਿਚ, ਮੰਤਰ ਕੇ ਪਾਈ ਕੌਡੀ, ਜਿਸ ਨਾਲ ਉਸ ਉੱਤੇ ਬਦਨਜ਼ਰ ਦਾ ਅਸਰ ਨਹੀਂ ਹੁੰਦਾ। ਧਾਰਨਾ ਹੈ ਕਿ ਜਦੋਂ ਕੋਈ ਸ਼ਖਸ ਅਜਿਹੇ ਪਸ਼ੂ ਨੂੰ ਚੰਦਰੀ ਨਜ਼ਰ ਨਾਲ ਵੇਖਦਾ ਹੈ ਤਾਂ ਇਹ ਕੌਡੀ ਫਟ ਜਾਂਦੀ ਹੈ ਅਤੇ ਨਜ਼ਰ ਦਾ ਅਸਰ ਪਸ਼ੂ ਉੱਤੇ ਨਹੀਂ ਪੈਂਦਾ।

(ਖ-38) **ਖਰੂੰਡਾ ਬਲਾਉਣਾ** :

ਗਿੱਧਾ ਤੇ ਭੰਗੜਾ ਪਾਉਣ ਵੇਲੇ, ਨੱਚਣ ਵਾਲੇ ਗਭਰੂ ਤੇ ਮੁਟਿਆਰਾਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਮੂੰਹ ਨਾਲ ਕਢਦੇ ਤੇ ਨਾਚ ਦੇ ਤਾਲ ਵਿਚ ਰੰਗ ਭਰਦੇ ਹਨ। ਦੋਵਾਂ ਬੁੱਲ੍ਹਾਂ ਨੂੰ ਮੀਟ ਕੇ, ਅੰਦਰੋਂ ਜ਼ੋਰ ਦੀ ਫੂਕ ਮਾਰ ਕੇ, ਜੋ ਆਵਾਜ਼ ਕਢੀ ਜਾਂਦੀ ਹੈ, ਉਸਨੂੰ 'ਖਰੂੰਡਾ ਬਲਾਉਣਾ' ਕਿਹਾ ਜਾਂਦਾ ਹੈ। ਜੇ ਮੂੰਹ ਵਿਚੋਂ ਕੱਢੀ ਆਵਾਜ਼ ਸੀਟੀ ਵਾਂਗ ਹੋਵੇ ਤਾਂ ਇਸਨੂੰ 'ਪੀਪੂ ਬਲਾਉਣਾ' ਕਹਿੰਦੇ ਹਨ (ਵੇਖੋ : ਬੱਕਰਾ ਬਲਾਉਣਾ)।

(ਖ-39) **ਖਰੂੰਦ ਸੁੱਖਣਾ** :

ਮਨੋਕਾਮਨਾ ਦੀ ਪੂਰਤੀ ਲਈ, ਕਿਸੇ ਪੀਰ ਫ਼ਕੀਰ ਦੀ ਕਬਰ ਦੇ ਨੇੜੇ ਮਿੱਟੀ ਕੱਢਣ ਦੀ ਸੁੱਖਣਾ ਸੁਖਣੀ। ਇਹ ਮਿੱਟੀ ਨਹੁੰਆਂ ਨਾਲ ਘਰੂਟ ਕੇ ਕੱਢੀ ਜਾਂਦੀ ਹੈ, ਜਿਸ ਤੋਂ ਇਸ ਮੰਨਤ ਨੂੰ ਖਰੂੰਦ ਕਿਹਾ ਜਾਂਦਾ ਹੈ (ਵੇਖੋ : ਮਿੱਟੀ ਕੱਢਣਾ)।

(ਖ-40) **ਖਰੈਤ, ਖੈਰ** :

ਕਿਸੇ ਮੰਗਤੇ ਜਾਂ ਫ਼ਕੀਰ ਨੂੰ ਦਿਤੀ ਭਿੱਛਿਆ; ਪੰਜਾਬੀਆਂ ਦੀ ਧਾਰਨਾ ਹੈ ਕਿ ਮੰਗਤਾ ਫ਼ਕੀਰ ਘਰੋਂ ਖਾਲੀ ਮੁੜ ਜਾਵੇ ਤਾਂ ਉਸ ਘਰ ਉੱਤੇ ਰੱਬ ਦਾ ਕਹਿਰ ਪੈਂਦਾ ਹੈ। ਖਰੈਤ ਦਲ੍ਹੀਜ਼ ਤੋਂ ਪੈਰ ਬਾਹਰ ਕੱਢ ਕੇ ਹੀ ਦਿਤੀ ਜਾਂਦੀ ਹੈ। ਨਹੀਂ ਤਾਂ ਉਸਦਾ ਫਲ ਘੱਟ ਜਾਂਦਾ ਹੈ। ਰਾਮਾਇਣ ਅਨੁਸਾਰ ਰਾਵਨ ਜਦੋਂ ਫ਼ਕੀਰ ਦਾ ਭੇਸ ਧਾਰਨ ਕਰਕੇ, ਸੀਤਾ ਦੀ ਕੁਟੀਆ ਅਗੇ ਖੈਰ ਮੰਗਣ ਲਈ ਆਇਆ ਤਾਂ ਸੀਤਾ ਨੇ, ਲਛਮਣ ਦੀ ਵਾਹੀ ਹੋਈ ਕਾਰ ਅੰਦਰ ਰਹਿ ਕੇ ਭਿੱਛਿਆ ਦੇਣੀ ਚਾਹੀ ਤਾਂ ਰਾਵਨ ਨੇ ਸੀਤਾ ਨੂੰ ਕਿਹਾ ਕਿ ਉਹ ਖੈਰ ਦੇਣ ਲਈ ਰੇਖਾ ਤੋਂ ਬਾਹਰ ਆਵੇ ਤਾਂ ਜੋ ਦਾਨ ਦਾ ਫਲ ਵਧੇ। ਜਿਵੇਂ ਹੀ ਸੀਤਾ ਨੇ ਉਸਨੂੰ ਖੈਰ ਪਾਉਣ ਲਈ ਕਾਰ ਤੋਂ ਬਾਹਰ ਪੈਰ ਕਢਿਆ, ਰਾਵਨ ਉਸਨੂੰ ਚੁਕ ਕੇ ਲੰਕਾ ਲੈ ਉਡਿਆ। ਖਰੈਤ ਮੰਗਣ ਵਾਲਾ ਜੇ ਬੂਹੇ ਅਗੋਂ ਖਾਲੀ ਚਲਾ ਜਾਵੇ ਤਾਂ ਫਿਰ ਘੋਰ ਪਾਪ ਮੰਨਿਆ ਜਾਂਦਾ ਹੈ। ਤੀਰਥਾਂ ਉੱਤੇ ਖੈਰ ਦੇਣ ਦਾ ਖਾਸ ਮਹਾਤਮ ਹੈ।

(ਖ-41) **ਖੱਲਰਾ** :

ਸਖੀ ਸਰਵਰ ਦੇ ਭਗਤ, ਖੂੰਡੀ ਤੇ ਖੱਲਰਾਂ ਨੂੰ ਚਿੰਨ੍ਹ ਵਜੋਂ ਧਾਰਨ ਕਰਦੇ ਹਨ। ਉਹ ਆਪਣੇ ਕੰਠ ਦੁਆਲੇ ਇਕ ਖੱਲ ਜਿਹੀ ਪਹਿਨਦੇ ਹਨ, ਜਿਸ ਨੂੰ ਖੱਲਰਾ ਕਿਹਾ ਜਾਂਦਾ ਹੈ ਤੇ ਇਸ ਉੱਤੇ ਖੂੰਡੀ ਲਟਕੀ ਰਹਿੰਦੀ ਹੈ।

(ਖ-42) **ਖੱਲਾ** :

ਲਹਿੰਦੇ ਦਾ ਇਕ ਲੋਕ-ਨਾਚ, ਜੋ ਕਿੱਕਲੀ ਵਾਂਗ ਦੋ ਕੁੜੀਆਂ ਆਹਮੋ-ਸਾਹਮਣੇ ਹੋ ਕੇ ਨੱਚਦੀਆਂ ਹਨ। ਉਹ ਪੈਰਾਂ ਨਾਲ ਕਦੇ ਅਗੇ ਵਧ ਕੇ ਤੇ ਕਦੇ ਪਿਛੇ ਹਟ ਕੇ ਧਮਕ ਦੇਂਦੀਆਂ ਅਤੇ ਇਕ ਦੂਜੇ ਦੇ ਹੱਥਾਂ ਉੱਤੇ ਖੜੇ ਹੱਥ ਤਾੜੀ ਮਾਰਦੀਆਂ ਹਨ।

(ਖ-43) **ਖ਼ਵਾਜਾ ਖਿਜ਼ਰ** :

ਮੁਸਲਮਾਨੀ ਰਵਾਇਤਾਂ ਅਨੁਸਾਰ ਇਕ ਪੈਗੰਬਰ ਜਿਸਨੇ ਆਬੇ-ਹਯਾਤ ਪੀਤਾ ਹੋਇਆ ਸੀ ਤੇ ਜੋ ਰਹਿੰਦੀ ਦੁਨੀਆਂ ਤਕ ਅਮਰ ਰਹੇਗਾ। ਇਹੋ ਪਾਣੀ ਦਾ ਦੇਵਤਾ ਮੰਨਿਆ ਗਿਆ ਹੈ (ਵੇਖੋ : ਖਿਜ਼ਰ)।

(ਖ-44) **ਖ਼ਵਾਜਾ ਮੁਈਨੁੱਦ-ਦੀਨ ਚਿਸ਼ਤੀ** :

ਇਕ ਪ੍ਰਸਿਧ ਸੂਫ਼ੀ ਪੀਰ, ਜਿਨ੍ਹਾਂ ਦੀ ਮਜ਼ਾਰ ਅਜਮੇਰ ਵਿਚ ਹੈ। ਇਨ੍ਹਾਂ ਨੂੰ 'ਖ਼ਵਾਜਾ ਅਜਮੇਰ' ਜਾਂ 'ਅਜਮੇਰ ਵਾਲਾ ਮੌਲਾ' ਵੀ ਕਹਿ ਕੇ ਵਡਿਆਇਆ ਜਾਂਦਾ ਹੈ। ਇਨ੍ਹਾਂ ਦੀ ਪਵਿਤ੍ਰ ਸਿਮਰਤੀ ਵਿਚ ਅਜਮੇਰ ਸ਼ਹਿਰ ਨੂੰ 'ਅਜਮੇਰ ਸ਼ਰੀਫ਼' ਕਿਹਾ ਜਾਂਦਾ ਹੈ। ਮੁਸਲਮਾਨਾਂ ਦੀ ਦ੍ਰਿਸ਼ਟੀ ਵਿਚ, ਅਜਮੇਰ ਉਤਨਾ ਹੀ ਪਵਿਤ੍ਰ ਹੈ ਜਿਤਨਾ ਕਿ ਮਦੀਨਾ। ਮਦੀਨੇ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਮਜ਼ਾਰ ਹੈ ਤੇ ਅਜਮੇਰ ਵਿਚ ਖ਼ਵਾਜਾ ਮੁਈਨੁੱਦ-ਦੀਨ ਚਿਸ਼ਤੀ ਦੀ।

ਖ਼ਵਾਜਾ ਮੁਈਨੁੱਦ-ਦੀਨ ਚਿਸ਼ਤੀ ਖ਼ਵਾਜਾ ਹਸਨ ਬਸਰੀ, (1142-1235 ਈ:) ਸੂਫ਼ੀਆਂ ਦੇ ਚਿਸ਼ਤੀ ਫ਼ਿਰਕੇ ਦੇ ਚੌਣਵੇਂ ਖ਼ਲੀਫ਼ਾ ਸਨ। ਇਨ੍ਹਾਂ ਨੇ ਹੀ ਭਾਰਤ ਵਿਚ ਚਿਸ਼ਤੀ ਫ਼ਿਰਕੇ ਦੀ ਬੁਨਿਆਦ ਰਖੀ।

ਖ਼ਵਾਜਾ ਸਾਹਿਬ ਦਾ ਜਨਮ ਬਾਹਰਵੀਂ ਸਦੀ ਵਿਚ, ਈਰਾਨ ਦੇ ਇਕ ਨਗਰ ਇਸਫਰਾਨ ਵਿਚ ਹੋਇਆ। ਬਚਪਨ ਤੋਂ ਹੀ ਆਪ ਬੜੇ ਉਦਾਰ-ਚਿਤ ਸਨ। ਮੁੱਢਲੀ ਵਿਦਿਆ ਘਰ ਵਿਚ ਹੀ ਪ੍ਰਾਪਤ ਕੀਤੀ। ਪੰਦਰਾਂ ਸਾਲਾਂ ਦੀ ਉਮਰ

ਵਿਚ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਫਲਸਰੂਪ ਆਪ ਘਰ ਦੇ ਕੰਮ ਧੰਦਿਆਂ ਵਿਚ ਰੁਝ ਗਏ। ਇਕ ਦਿਨ ਆਪ ਬਾਗ ਵਿਚ ਪਾਣੀ ਦੇ ਰਹੇ ਸਨ ਕਿ ਉਨ੍ਹਾਂ ਪਾਸ ਪ੍ਰਸਿਧ ਪੀਰ ਹਜ਼ਰਤ ਇਬਰਾਹੀਮ ਆਏ। ਆਪ ਉੱਤੇ ਪੀਰ ਦੀਆਂ ਗੱਲਾਂ ਦਾ ਇਤਨਾ ਗਹਿਰਾ ਪ੍ਰਭਾਵ ਪਿਆ ਕਿ ਸੰਸਾਰ ਤੋਂ ਵਿਰਕਤ ਹੋ ਗਏ। ਦੇਸ਼ ਦੇਸ਼ ਦਾ ਰਟਨ ਕੀਤਾ ਤੇ ਆਪਣੇ ਵਕਤ ਦੇ ਵਡੇ ਵਡੇ ਸੰਤਾਂ, ਪੀਰਾਂ ਅਤੇ ਫਕੀਰਾਂ ਦੀ ਸੇਵਾ ਵਿਚ ਰਹੇ। ਈਰਾਨ, ਅਰਬ ਤੇ ਅਫਗਾਨਿਸਤਾਨ ਦਾ ਰਟਨ ਕਰਦੇ ਹੋਏ, ਉਨ੍ਹਾਂ 27 ਵਰ੍ਹੇ ਦੀ ਉਮਰ ਵਿਚ, ਹਿੰਦੁਸਤਾਨ ਵਲ ਰੁਖ ਕੀਤਾ ਤੇ 1165 ਈ: ਵਿਚ ਮੁਲਤਾਨ ਪਹੁੰਚੇ, ਜੋ ਉਦੋਂ ਪੀਰਾਂ ਫਕੀਰਾਂ ਦਾ ਪ੍ਰਸਿਧ ਕੇਂਦਰ ਸੀ। ਉਥੋਂ ਲਾਹੌਰ ਆਏ ਤੇ ਫਿਰ ਵਾਪਸ ਬਗ਼ਦਾਦ ਚਲੇ ਗਏ। ਦੁਬਾਰਾ ਫਿਰ ਆਪ ਹਿੰਦੁਸਤਾਨ ਆਏ ਤੇ 1190 ਈ: ਵਿਚ ਆਪ ਅਜਮੇਰ ਗਏ ਤੇ ਹਮੇਸ਼ਾਂ ਵਾਸਤੇ ਉਥੇ ਹੀ ਵਸ ਗਏ।

ਖਵਾਜਾ ਸਾਹਿਬ ਨੇ ਸਾਰੀ ਮਾਨਵ ਜਾਤੀ ਨੂੰ ਇਕ ਬਰਾਬਰ ਦਸਿਆ ਅਤੇ ਪ੍ਰੇਮ, ਪਰਸੁਆਰਥ ਤੇ ਨਿਮਰਤਾ ਦੇ ਗੁਣ ਧਾਰਨ ਕਰਨ ਦਾ ਪ੍ਰਚਾਰ ਕੀਤਾ। ਲੋਕੀਂ ਉਨ੍ਹਾਂ ਦੀ ਨੇਕ-ਦਿਲੀ ਤੇ ਗ਼ਰੀਬ-ਨਿਵਾਜ਼ੀ ਕਾਰਨ, ਉਨ੍ਹਾਂ ਤੋਂ ਬੜੇ ਪ੍ਰਭਾਵਤ ਹੋਏ ਤੇ ਆਦਰ ਸਤਿਕਾਰ ਕਰਨ ਲਗੇ। ਅਜਮੇਰ ਦੇ ਦੱਖਣ ਪੱਛਮ ਵਲ, ਜਿਸ ਥਾਂ ਮੁਈਨੁੱਦ-ਦੀਨ ਚਿਸ਼ਤੀ ਨੇ ਸਾਂਝੀਵਾਲਤਾ, ਪ੍ਰੇਮ ਤੇ ਏਕਤਾ ਦਾ ਪ੍ਰਚਾਰ ਕੀਤਾ, ਉਥੇ ਹੀ ਮਰਨ ਉਪਰੰਤ ਉਨ੍ਹਾਂ ਦੀ ਦੇਹ ਦਫ਼ਨ ਕਰਕੇ ਮਜ਼ਾਰ ਬਣਾ ਦਿਤਾ ਗਿਆ।

ਖਵਾਜਾ ਸਾਹਿਬ ਦੇ ਨਾਂ ਨਾਲ ਕਈ ਪ੍ਰਕਾਰ ਦੀਆਂ ਕਰਾਮਾਤਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਕਿਹਾ ਵਾਕ ਸਿੱਧ ਹੁੰਦਾ ਸੀ। ਇਨ੍ਹਾਂ ਦੇ ਮੂੰਹ ਤੋਂ ਰਾਏ ਪਿਥੌਰਾ ਬਾਰੇ ਇਹ ਵਾਕ ਨਿਕਲਿਆ :

ਪਿਥੌਰਾ ਰਾ ਜ਼ਿੰਦਾ,
ਗ੍ਰਿਫਤੇਮ ਵ ਦਾਦੇਮ ਬਲਸ਼ਕਰਿ ਇਸਲਾਮ।

(ਜਿਉਂਦਾ ਪਿਥੌਰਾ ਅਸੀਂ ਇਸਲਾਮ ਦੇ ਲਸ਼ਕਰ ਨੂੰ ਬਖਸ਼ਿਆ) ਤੇ ਇਤਿਹਾਸ ਸਾਖੀ ਹੈ ਕਿ ਪਿਥੌਰਾ ਜਿਉਂਦਾ ਫੜਿਆ ਗਿਆ ਸੀ।

ਪ੍ਰੋ: ਪ੍ਰੀਤਮ ਸਿੰਘ ਲਿਖਦੇ ਹਨ : "ਇਨ੍ਹਾਂ ਦਾ ਲਾਇਆ ਬੂਟਾ ਹਿੰਦੁਸਤਾਨ ਵਿਚ ਕਿੰਨਾ ਕੁ ਵਧਿਆ ਫੁਲਿਆ, ਇਸਦਾ ਅਨੁਮਾਨ ਇਸ ਗੱਲ ਤੋਂ ਲਗ ਸਕਦਾ ਹੈ ਕਿ ਇਨ੍ਹਾਂ ਦੇ ਸਾਰੇ ਮੁਸਲਮਾਨ ਜੀਵਨੀਕਾਰ, ਚਾਹੇ ਉਹ ਪੁਰਾਣਿਕ ਬਿਰਤੀ ਵਾਲੇ ਸਨ, ਚਾਹੇ ਪ੍ਰਮਾਣਿਕ ਵਾਲੇ ਸਹਿਮਤ ਹਨ ਕਿ, ਦਸਨੀਕ ਯਕੀਨ ਵਾਲਿਆਂ ਦੇ ਇਸ ਮਾਰਤੰਡ ਨੇ ਜੋ ਸੱਚਮੁੱਚ ਧਰਮ ਦਾ ਆਸਰਾ ਸੀ, ਜਦੋਂ ਆਪਣੇ ਪਵਿੱਤਰ ਚਰਨ ਇਸ ਦੇਸ਼ ਵਿਚ ਪਾਏ ਤਾਂ ਏਥੋਂ ਦਾ ਹਨੇਰਾ ਇਸਲਾਮ ਦੇ ਨੂਰ ਨਾਲ ਉਜਾਗਰ ਤੇ ਉਦੀਪਤ ਹੋ ਉਠਿਆ। ਜਿਥੇ ਕਦੀ ਦੇਵ ਉਪਾਸਕਾਂ ਦਾ ਸ਼ੋਰ ਸ਼ਰਾਬਾ ਹੋਇਆ ਕਰਦਾ ਸੀ, ਉਥੇ ਹੁਣ 'ਅਲਾ ਹੂ ਅਕਬਰ' ਦਾ ਨਾਅਰਾ ਉੱਚਾ ਹੁੰਦਾ ਹੈ" (ਪੰਜਾਬੀ ਸਾਹਿਤ ਦਾ ਇਤਿਹਾਸ 349)।

ਇਨ੍ਹਾਂ ਦੀ ਮਜ਼ਾਰ ਉੱਤੇ ਹਰ ਸਾਲ ਉਰਸ ਦਾ ਮੇਲਾ ਲਗਦਾ ਹੈ, ਜੋ ਲਗਭਗ ਇਕ ਹਫ਼ਤਾ ਰਹਿੰਦਾ ਹੈ। ਮੇਲੇ ਵਿਚ ਅਨੇਕਾਂ ਸ਼ਰਧਾਲੂ ਦੂਰੋਂ-ਨੇੜਿਉਂ ਆਉਂਦੇ ਤੇ ਮੰਨਤਾ ਮੰਨਦੇ, ਸ਼ਰਧਾ ਦੇ ਫੁੱਲ ਭੇਟ ਕਰਦੇ ਤੇ ਸੁੱਖਣਾ ਤਾਰਦੇ ਹਨ। ਉਹਨਾਂ ਦਿਨਾਂ ਵਿਚ ਇਥੇ ਕਵਾਲਾਂ ਦੀਆਂ ਵੱਡੀਆਂ ਮਹਿਫਲਾਂ ਜੁੜਦੀਆਂ, ਜਿਨ੍ਹਾਂ ਵਿਚ ਹਿੰਦੁਸਤਾਨ ਦੇ ਚੋਣਵੇਂ ਕਵਾਲ ਸ਼ਾਮਲ ਹੋ ਕੇ ਖਵਾਜਾ ਦੀ ਮਹਿਮਾ ਵਿਚ ਕਵਾਲੀਆਂ ਗਾਉਂਦੇ ਹਨ।

ਅਜੋਕੀ ਇਮਾਰਤ ਦਾ ਵਡਾ ਭਾਗ ਗਿਆਸੁਦ-ਦੀਨ ਖ਼ਿਲਜੀ ਦੇ ਸਮੇਂ ਬਣਿਆ, ਜਿਸਨੇ ਬਹੁਤ ਸਾਰਾ ਧਨ ਸੁੰਦਰ ਇਮਾਰਤ ਬਣਾਉਣ ਲਈ ਦਿਤਾ। ਜਿਸ ਕਮਰੇ ਵਿਚ ਖਵਾਜਾ ਸਾਹਿਬ ਦੀ ਕਬਰ ਹੈ, ਉਥੇ ਕਈ ਰੰਗਾਂ ਦੇ ਪਥਰਾਂ ਦੀ ਪਚੀਕਾਰੀ ਕੀਤੀ ਗਈ ਹੈ। ਛੱਤ ਤੇ ਜ਼ਰੀ ਦਾ ਕੰਮ ਹੈ, ਜਿਸ ਦੇ ਕਿਨਾਰੇ ਉੱਤੇ ਸੋਨੇ ਦੀਆਂ ਜ਼ੰਜੀਰਾਂ ਹਨ।

ਜਹਾਂਗੀਰ ਨੇ ਸੋਨੇ ਦਾ ਜਾਲੀਦਾਰ ਮੁਹੱਜਰ ਭੇਟ ਕੀਤਾ, ਜੋ ਉਦੋਂ ਇਕ ਲੱਖ ਦਸ ਹਜ਼ਾਰ ਰੁਪਏ ਦਾ ਸੀ। ਹੁਣ ਉਸ ਥਾਂ ਚਾਂਦੀ ਦੀ ਮੁਹੱਜਰ ਹੈ, ਜੋ ਸ਼ਾਹਜਹਾਂ ਦੀ ਬੇਟੀ ਜਹਾਂਆਰਾ ਨੇ ਭੇਟ ਕੀਤਾ ਸੀ। ਮਜ਼ਾਰ ਦੇ ਵਡੇ ਆਲੀਸ਼ਾਨ ਦਰਵਾਜ਼ਿਆਂ ਵਿਚ ਅਕਬਰ ਹਾਦਸ਼ਾਹ ਦੀ ਭੇਟ ਕੀਤੀ ਕਿਵਾੜ ਦੀ ਜੋੜੀ ਬੜੀ ਸੁੰਦਰ ਹੈ। ਬੁਲੰਦ ਦਰਵਾਜ਼ਾ ਜਿਸ ਦੀ ਉਚਾਈ 85 ਫੁਟ ਹੈ, ਮੁਹੰਮਦ ਖ਼ਿਲਜੀ ਨੇ ਬਣਵਾਇਆ। ਦਰਵਾਜ਼ੇ ਦੀ ਮਹਿਰਾਬ ਨਾਲ ਸੋਨੇ ਦੇ ਤਿੰਨ ਗੋਲੇ ਲਗੇ ਹੋਏ ਹਨ। ਉਪਰ ਦਸ ਬੁਰਜੀਆਂ ਹਨ, ਜਿਨ੍ਹਾਂ ਉੱਤੇ ਲੰਮੇ ਲੰਮੇ ਕਲੱਸ਼ ਹਨ।

ਬੁਲੰਦ ਦਰਵਾਜ਼ੇ ਕੋਲ ਇਕ ਬਹੁਤ ਵਡੀ ਦੇਗ ਰਖੀ ਹੋਈ ਹੈ, ਜਿਸ ਵਿਚ ਸੌ ਮਣ ਚਾਵਲ ਇਕੋ ਵੇਲੇ ਪੱਕਦੇ ਹਨ। ਇਹ ਦੇਗ ਅਕਬਰ ਬਾਦਸ਼ਾਹ ਨੇ ਭੇਟ ਕੀਤੀ ਸੀ।

(ਖ-45) **ਖੜਤਾਲ** :

ਲਕੜੀ ਦਾ ਬਣਾਇਆ ਇਕ ਸਾਜ਼, ਜੋ ਛੈਣਿਆਂ ਵਾਂਗ ਵਜਾਇਆ ਜਾਂਦਾ ਹੈ। ਲਕੜੀ ਦੀਆਂ ਦੋ ਫੱਟੀਆਂ ਵਿਚ, ਪਿੱਤਲ ਦੇ ਗੋਲ ਪੱਤਰੇ ਲਗੇ ਹੁੰਦੇ ਹਨ ਜੋ ਦੋਹਾਂ ਫੱਟੀਆਂ ਦੇ ਆਪੋ ਵਿਚ ਟਕਰਾਉਣ ਨਾਲ ਛਣਕਦੇ ਤੇ ਤਾਲ ਵਿਚ ਵਜਾਉਣ ਨਾਲ, ਮਿੱਠੀ ਧੁਨੀ ਕੱਢਦੇ ਹਨ।

(ਖ-46) **ਖੜਾਵਾਂ** :

(ੳ) ਪਰੀ ਕਹਾਣੀਆਂ ਵਿਚ ਜਾਦੂ ਦੀਆਂ ਖੜੌਸਾਂ ਦਾ ਜ਼ਿਕਰ ਆਮ ਹੈ। ਇਨ੍ਹਾਂ ਨੂੰ ਪਹਿਨਣ ਵਾਲਾ ਸਵੈ-ਇੱਛਾ ਅਨੁਸਾਰ ਜਿਥੇ ਚਾਹੇ ਪਲਾਂ ਛਿਣਾਂ ਵਿਚ ਪਹੁੰਚ ਜਾਂਦਾ ਹੈ। ਅਜੇਹੀਆਂ ਖੜਾਵਾਂ ਕਿਸੇ ਕਰਣੀ ਵਾਲੇ ਫ਼ਕੀਰ, ਜੋਗੀ ਜਾਂ ਦੇਵ ਕੋਲ ਹੁੰਦੀਆਂ ਹਨ, ਜਿਥੋਂ ਕਹਾਣੀ ਦਾ ਨਾਇਕ, ਬੜੀਆਂ ਕਠਨਾਈਆਂ ਵਿਚੋਂ ਲੰਘ ਕੇ, ਪ੍ਰਾਪਤ ਕਰਕੇ ਆਪਣੇ ਕਿਸੇ ਮੰਤਵ ਦੀ ਸਿੱਧੀ ਲਈ ਵਰਤਦਾ ਹੈ।

(ਅ) ਖੜਾਵਾਂ ਲਕੜੀ ਦੀਆਂ ਬਣੀਆਂ ਹੁੰਦੀਆਂ ਹਨ। ਲਕੜੀ ਵਿਚ ਅਗਨ ਦੇਵਤਾ ਹੁੰਦਾ ਹੈ, ਇਸ ਲਈ ਖੜਾਵਾਂ ਨੂੰ ਪਵਿੱਤਰ ਜਾਣ ਕੇ ਸੰਸਕਾਰ ਸਮੇਂ ਪਹਿਨਿਆ ਜਾਂਦਾ ਹੈ।

(ਖ-47) **ਖੜਾ ਸਿਆਪਾ** :

ਉਹ ਸਿਆਪਾ, ਜੋ ਕਿਸੇ ਦੀ ਮ੍ਰਿਤੂ ਉਤੇ ਖੜੇ ਹੋ ਕੇ ਪਾਇਆ ਜਾਵੇ। ਜਦੋਂ ਕਿਸੇ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ, ਤਾਂ ਸਾਕੇਦਾਰੀ ਦੀਆਂ ਤੀਵੀਆਂ ਇਕ ਚੱਕਰ ਵਿਚ ਖੜੀਆਂ ਹੋ ਕੇ, ਪਿਟਦੀਆਂ ਹਨ। ਨੈਣ ਵਿਚਕਾਰ ਖੜੀ ਹੋ ਕੇ ਸਿਆਪਾ ਕਰਵਾਉਂਦੀ ਹੈ। ਅਗੇ ਅਗੇ ਨੈਣ ਅਲਾਹਣੀਆਂ ਅਲਾਪਦੀ ਜਾਂਦੀ ਹੈ ਤੇ ਮਗਰ ਮਗਰ ਤੀਵੀਆਂ ਸਿਆਪਾ ਕਰਦੀਆਂ ਹੋਇਆਂ ਤਾਲ ਵਿਚ ਸਿਰ ਛਾਤੀ ਤੇ ਪੱਟਾਂ ਉਤੇ ਹੱਥ ਮਾਰ ਕੇ ਪਿਟਦੀਆਂ ਹਨ। ਪਹਿਲਾਂ ਗਤੀ ਮੱਧਮ ਤੇ ਆਵਾਜ਼ ਧੀਮੀ ਹੁੰਦੀ ਹੈ ਤੇ ਫਿਰ ਵਧਦੀ ਵਧਦੀ ਸਿਖਰ ਛੂਹ ਲੈਂਦੀ ਹੈ। ਅਲਾਹਣੀਆਂ ਦਾ ਅਲਾਪ ਵੀ ਉੱਚਾ ਹੋ ਜਾਂਦਾ ਅਤੇ ਸਿਰ, ਛਾਤੀ ਤੇ ਪੱਟਾਂ ਤੇ ਜ਼ੋਰ ਜ਼ੋਰ ਦੇ ਹੱਥ ਮਾਰੇ ਜਾਂਦੇ ਹਨ। ਜਵਾਨ ਮੌਤ ਉਤੇ ਕਿਸੇ ਜ਼ਮਾਨੇ ਵਿਚ ਖੜਾ ਸਿਆਪਾ ਜ਼ਰੂਰੀ ਸਮਝਿਆ ਜਾਂਦਾ ਸੀ (ਵੇਖੋ : ਸਿਆਪਾ)।

(ਖ-48) **ਖਾਇਕ** :

(ਸੰ ਆਖਯਾਯਿਕਾ) ਕੱਥਕੜ ਜਿਨ੍ਹਾਂ ਦਾ ਧੰਧਾ ਪਿੰਡ ਦੇ ਪਰ੍ਹਿਆਂ ਵਿਚ ਬਹਿ ਕੇ, ਲੋਕਾਂ ਨੂੰ ਕਥਾ-ਕਹਾਣੀਆਂ ਸੁਣਾਉਣਾ ਤੇ ਮਨ-ਪ੍ਰਚਾਵਾ ਕਰਨਾ ਹੁੰਦਾ ਸੀ। ਲੋਕੀਂ ਖ਼ੁਸ਼ੀ ਨਾਲ ਉਨ੍ਹਾਂ ਨੂੰ ਧਨ ਤੇ ਪੈਸੇ ਦਿਤਾ ਕਰਦੇ ਸਨ।

(ਖ-49) **ਖ਼ਾਕ ਦਾ ਪੁਤਲਾ** :

ਇਨਸਾਨ ਮਿੱਟੀ ਦਾ ਘੜਿਆ ਹੋਇਆ ਹੈ; ਕੱਚੇ ਘੜੇ ਵਾਂਗ। ਇਕ ਮਿੱਥਕ ਕਥਾ ਅਨੁਸਾਰ ਸੰਸਾਰ ਦੀ ਉਤਪਤੀ ਮਗਰੋਂ, ਪ੍ਰਭੂ ਨੇ ਮਿੱਟੀ ਦੇ ਦੋ ਪੁਤਲੇ ਘੜੇ – ਇਕ ਮਰਦ ਦਾ ਤੇ ਦੂਜਾ ਤੀਵੀਂ ਦਾ। ਫਿਰ ਇਨ੍ਹਾਂ ਬੁਤਾਂ ਵਿਚ ਜਾਨ ਫੂਕਣ ਲਈ, ਉਸਨੇ ਦੋ ਰੂਹਾਂ ਨੂੰ, ਇਨ੍ਹਾਂ ਪੁਤਲਿਆਂ ਵਿਚ ਦਾਖ਼ਲ ਹੋਣ ਦਾ ਹੁਕਮ ਦਿਤਾ। ਰੂਹਾਂ ਰੱਬ ਦਾ ਹੁਕਮ ਤਾਂ ਨਾ ਮੋੜ ਸਕੀਆਂ, ਪਰ ਉਨ੍ਹਾਂ ਨੇ ਜਿਸਮ ਅੰਦਰ ਜਾਣ ਤੋਂ ਪਹਿਲਾਂ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਹਮੇਸ਼ਾਂ ਲਈ ਇਸ ਪੁਤਲੇ ਵਿਚ ਬੰਦੀ ਨਾ ਰਖਿਆ ਜਾਵੇ ਤੇ ਕੁਝ ਸਮੇਂ ਮਗਰੋਂ ਬਾਹਰ ਕਢ ਲਿਆ ਜਾਵੇ। ਪ੍ਰਭੂ ਨੇ ਇਹ ਬੇਨਤੀ ਪ੍ਰਵਾਨ ਕਰ ਲਈ। ਜਦੋਂ ਰੂਹਾਂ ਖ਼ਾਕ ਦੇ ਪੁਤਲੇ ਵਿਚ ਦਾਖ਼ਲ ਹੋਈਆਂ ਤਾਂ ਦੋਹਾਂ ਬੁੱਤਾਂ ਵਿਚ ਜ਼ਿੰਦਗੀ ਧੜਕ ਉਠੀ। ਮਿੱਟੀ ਤੋਂ ਘੜਿਆ ਹੋਇਆ ਹੋਣ ਕਰਕੇ, ਮਨੁੱਖ ਖ਼ਾਕ ਦਾ ਪੁਤਲਾ ਅਖਵਾਇਆ। ਰੂਹਾਂ ਨੂੰ ਇਨ੍ਹਾਂ ਪੁਤਲਿਆਂ ਵਿਚ ਰਹਿ ਕੇ ਬੜਾ ਰਸ ਮਿਲਿਆ ਤੇ ਜਦੋਂ ਪ੍ਰਭੂ ਆਪਣੇ ਬਚਨ ਦੀ ਪਾਲਨਾ ਕਰਦਿਆਂ, ਉਨ੍ਹਾਂ ਨੂੰ ਪੁਤਲਿਆਂ ਵਿਚੋਂ ਬਾਹਰ ਕਢਣ ਲਗਿਆ ਤਾਂ ਰੂਹਾਂ ਬਹੁਤ ਦੁਖੀ ਹੋਈਆਂ। ਇਸੇ ਛਿਣ ਤੋਂ ਮੌਤ ਦਾ ਜਨਮ ਹੋਇਆ।

(ਖ-50) **ਖਾਕੀ** :

ਬੈਰਾਗੀ ਸਾਧੂਆਂ ਦਾ ਇਕ ਫਿਰਕਾ, ਜਿਸ ਦਾ ਮੋਢੀ ਕ੍ਰਿਸ਼ਨ ਦਾਸ ਬੈਰਾਗੀ ਦਾ ਚੇਲਾ 'ਕੀਲ' ਸੀ। ਇਸ ਫਿਰਕੇ ਦੇ ਸਾਧੂ, ਸਰੀਰ ਦੇ ਉਤੇ ਭਸਮ ਮਲਣ ਕਰਕੇ ਖਾਕੀ ਅਖਵਾਉਂਦੇ ਹਨ (ਵੇਖੋ : ਬੈਰਾਗੀ)।

(ਖ 51) **ਖਾਕੀ ਸਹਾਬ** :

ਇਕ ਮੁਸਲਮਾਨ ਪੀਰ, ਜੋ ਹਜ਼ਰਤ ਮੁਹੰਮਦ ਦੇ ਸਾਥੀਆਂ ਵਿਚੋਂ ਇਕ ਸਨ। ਇਨ੍ਹਾਂ ਦਾ ਮਜ਼ਾਰ ਬਹਾਵਲਪੁਰ ਦੀ ਸਦੀਨਾਬਾਦ ਤਹਿਸੀਲ ਵਿਚ ਮੌਮੁਬਾਰਕ ਦੇ ਉੱਤਰ ਵਲ ਇਕ ਮੀਲ ਦੀ ਵਿੱਥ ਉਤੇ ਸਥਿਤ ਹੈ।

ਬਾਂਝ ਇਸਤ੍ਰੀਆਂ ਇਥੇ ਔਲਾਦ ਦੀ ਮਨੋਕਾਮਨਾ ਲੈ ਕੇ ਆਉਂਦੀਆਂ ਤੇ ਸੁੱਖਣਾ ਸੁੱਖਦੀਆਂ ਹਨ। ਜਦੋਂ ਮੰਨਤ ਪੂਰੀ ਹੋ ਜਾਂਦੀ ਹੈ ਤਾਂ ਉਹ ਇਸ ਖ਼ਾਨਗਾਹ ਦੇ ਕਿਸੇ ਬਿਰਛ ਉਤੇ ਝੂਲਾ ਲਟਕਾ ਕੇ ਝੂਟਦੀਆਂ ਹਨ। ਜਿਨ੍ਹਾਂ ਲੋਕਾਂ ਦੀ ਗਊ ਜਾਂ ਵੱਛੀ ਕੱਟੀ ਸੰਡ ਹੁੰਦੀ ਹੈ, ਉਹ ਇਥੇ ਆ ਕੇ ਮੰਨਤਾ ਮੰਨਦੇ ਤੇ ਪਸ਼ੂ ਦੇ ਸੂ ਪੈਣ 'ਤੇ ਉਹ ਇਕ ਵਡੀ ਸਾਰੀ ਰੱਸੀ ਇਥੇ ਭੇਟਾ ਚਾੜ੍ਹਦੇ ਹਨ ਤੇ ਰੱਸੀ ਦਾ ਇਕ ਸਿਰਾ ਕਿਸੇ ਰੁੱਖ ਜਾਂ ਝਾੜੀ ਨਾਲ ਬੰਨ੍ਹਦੇ ਹਨ।

(ਖ-52) **ਖ਼ਾਨ** :

ਇਕ ਉਪਾਧੀ, ਜੋ ਪਠਾਨ ਆਪਣੇ ਨਾਉਂ ਨਾਲ ਵਰਤਦੇ ਹਨ। ਪਠਾਨ, ਪੰਜਾਬ ਨਾਲ ਲਗਦੇ ਸਰਹੱਦੀ ਸੂਬੇ ਤੇ ਅਫ਼ਗਾਨਿਸਤਾਨ ਦੇ ਰਹਿਣ ਵਾਲੇ ਹਨ। ਮੁਗ਼ਲ-ਰਾਜ-ਘਰਾਣੇ ਤੋਂ ਪਹਿਲਾਂ ਭਾਰਤ ਉਤੇ ਲੋਧੀ ਘਰਾਣੇ ਦਾ ਰਾਜ ਸੀ, ਜੋ ਪਠਾਨ ਹੋਣ ਕਰਕੇ ਖ਼ਾਨ ਅਖਵਾਉਂਦੇ ਸਨ।

ਲੋਧੀਆਂ ਦੇ ਰਾਜ ਸਮੇਂ ਹੀ ਅਨੇਕਾਂ ਪਠਾਨ, ਪੰਜਾਬ ਵਿਚ ਥਾਂ ਪਰ ਥਾਂ ਵਸ ਗਏ ਸਨ।

ਮੁਸਲਮਾਨਾਂ ਦੇ ਕਈ ਵਡੇ ਘਰਾਣਿਆਂ ਦੀ ਵੰਸ਼ ਵੀ ਖ਼ਾਨ ਅਖਵਾਉਂਦੀ ਹੈ। ਅੰਗਰੇਜ਼ੀ ਰਾਜ ਸਮੇਂ ਸਰਕਾਰ ਮੁਸਲਮਾਨਾਂ ਨੂੰ 'ਖ਼ਾਨ ਸਾਹਿਬ' ਤੇ 'ਖ਼ਾਨ ਬਹਾਦਰ' ਦੇ ਖ਼ਿਤਾਬ ਦਿਤਾ ਕਰਦੀ ਸੀ।

(ਖ-53) **ਖ਼ਾਨਗਾਹ** :

ਕਿਸੇ ਬਜ਼ੁਰਗ ਅਥਵਾ ਪੀਰ ਫ਼ਕੀਰ ਦੀ ਕਬਰ ਜਾਂ ਮਕਬਰਾ; ਮੁੱਢ ਵਿਚ ਖ਼ਾਨਗਾਹ ਤੋਂ ਭਾਵ ਇਕ ਅਜਿਹੇ ਆਸ਼ਰਮ ਤੋਂ ਸੀ, ਜਿਥੇ ਜਗਿਆਸੂ ਨਿਵਾਸ ਕਰਦੇ ਅਤੇ ਮੁਸਾਫ਼ਰ ਰਾਤਾਂ ਦੇ ਰਾਤਾਂ ਵਾਸਤੇ ਟਿਕਾਣਾ ਕਰਦੇ। ਖ਼ਾਨਗਾਹ ਵਿਚ ਰਹਿਣ ਵਾਲੇ ਲੋਕ ਤਿੰਨ ਤਰ੍ਹਾਂ ਦੇ ਹੁੰਦੇ ਹਨ : (ੳ) ਅਹਿਲੇ-ਏ-ਖ਼ਿਦਮਤ—ਖ਼ਿਦਮਤ ਕਰਨ ਵਾਲੇ, (ਅ) ਅਹਿਲੇ-ਏ-ਸੁਹਬਤ—ਸਹਯੋਗੀ, ਤੇ (ੲ) ਅਹਿਲੇ-ਏ-ਖ਼ਿਲਵਤ—ਇਕਾਂਤ ਵਾਸੀ। ਇਥੇ ਜਗਿਆਸੂ ਗਿਆਨ ਦੇ ਪੱਖ ਤੇ ਤੁਰਦੇ ਕਈ ਮੰਜ਼ਲਾਂ ਤੈਅ ਕਰਦੇ ਸਨ। ਕੁਝ ਖ਼ਾਨਗਾਹਾਂ ਕਿਸੇ ਵਕਫ਼ ਵਲੋਂ ਚਲਦੀਆਂ ਹਨ ਤੇ ਕੁਝ ਭਾਈਚਾਰੇ ਵਲੋਂ।

ਪਰ ਸਮੇਂ ਨਾਲ ਖ਼ਾਨਗਾਹ ਦੇ ਅਰਥ ਵਿਚ ਪ੍ਰੀਵਰਤਨ ਆ ਗਿਆ ਤੇ ਇਸਦਾ ਭਾਵ ਕਿਸੇ ਪੀਰ ਫ਼ਕੀਰ ਜਾਂ ਬਜ਼ੁਰਗ ਦੀ ਕਬਰ, ਮਜ਼ਾਰ, ਮਕਬਰੇ ਜਾਂ ਦਰਗਾਹ ਤੋਂ ਲਿਆ ਜਾਣ ਲਗਾ। ਖ਼ਾਨਗਾਹਾਂ ਦੇ ਆਲੇ ਦੁਆਲੇ ਦਰਖ਼ਤ, ਬੂਟੇ ਤੇ ਝਾੜੀਆਂ ਉਗੀਆਂ ਹੁੰਦੀਆਂ ਹਨ। ਇਨ੍ਹਾਂ ਝਾੜੀਆਂ ਤੇ ਦਰਖ਼ਤਾਂ ਨੂੰ ਬਾਲਣ ਵਜੋਂ ਵਰਤਣਾ ਨਿਸ਼ੇਧ ਹੈ। ਹੇਠਾਂ ਡਿਗੀਆਂ ਟਹਿਣਾਂ ਨੂੰ ਬਾਲਣ ਵਜੋਂ ਨਹੀਂ ਬਾਲਿਆ ਜਾਂਦਾ। ਜੇ ਬਾਲਿਆ ਜਾਵੇ ਤਾਂ ਖ਼ਾਨਗਾਹ ਦੇ ਪੀਰ ਦੀ ਕਰੋਪੀ ਦਾ ਖ਼ਦਸ਼ਾ ਹੁੰਦਾ ਹੈ। ਖ਼ਾਨਗਾਹ ਦੇ ਨੇੜੇ ਕੋਈ ਸ਼ਖ਼ਸ ਮੰਜਾ ਵਿਛਾ ਕੇ ਨਹੀਂ ਸੌਂਦਾ, ਜੇ ਸੌਣਾ ਪੈ ਜਾਵੇ ਤਾਂ ਜ਼ਿਮੀਂ ਉਤੇ ਹੀ ਰਾਤ ਗੁਜ਼ਾਰਦਾ ਹੈ। ਜੇ ਕੋਈ ਮੰਜਾ ਵਿਛਾ ਕੇ ਸੌਂਵੇਂ ਤਾਂ ਧਾਰਨਾ ਹੈ ਕਿ ਪੀਰ ਦੀ ਰੂਹ, ਉਸਦਾ ਮੰਜਾ ਉਲਟਾ ਦੇਂਦੀ ਹੈ। ਪੀਰ ਦੇ ਰੋਹ ਦਾ ਮਾਰਿਆ ਆਦਮੀ ਬਹੁਤੀ ਵਾਰ ਬਚਦਾ ਨਹੀਂ।

ਖ਼ਾਨਗਾਹ ਦੇ ਉਤੇ ਜੋ ਬ੍ਰਿਛ ਲਗੇ ਹੁੰਦੇ ਹਨ, ਉਨ੍ਹਾਂ ਉਤੇ ਪੁਰਾਣੀਆਂ ਲੀਰਾਂ ਲਟਕ ਰਹੀਆਂ ਹੁੰਦੀਆਂ ਹਨ। ਜਿਸ ਸ਼ਖ਼ਸ ਦੀ ਮੰਨਤ ਪੂਰੀ ਹੋ ਜਾਂਦੀ ਹੈ, ਉਹ ਟਹਿਣਾਂ ਨਾਲ ਆ ਕੇ ਕੋਈ ਲੀਰ ਬੰਨ੍ਹ ਦੇਂਦਾ ਹੈ। ਜੇ ਕੋਈ ਖ਼ਾਸ ਸੁੱਖਣਾ ਸੁੱਖੀ ਗਈ ਹੋਵੇ, ਤਾਂ ਪੂਰੀ ਹੋਣ ਉਤੇ ਦਰਖ਼ਤ ਉਤੇ ਉਸ ਨਾਲ ਸੰਬੰਧਿਤ ਖਿਡੌਣਾ ਲਟਕਾ ਦਿਤਾ ਜਾਂਦਾ ਹੈ। ਜਿਵੇਂ ਜੇ ਸੁੱਖਣਾ ਸੁੱਖ ਕੇ ਕਿਸੇ ਨਿਰਸੰਤਾਨ ਦੇ ਘਰ ਬਾਲ ਹੋ ਗਿਆ ਹੋਵੇ ਤਾਂ ਉਹ ਰੁੱਖ ਉਤੇ ਪੰਘੂੜਾ ਲਟਕਾ ਦੇਂਦਾ ਹੈ। ਜੇ ਕਿਸੇ ਦਾ ਪਸ਼ੂ ਰਾਜ਼ੀ ਹੋ ਗਿਆ ਹੋਵੇ ਤਾਂ ਉਹ ਪਸ਼ੂ ਦੇ ਗਲ ਦਾ ਗਲਾਵਾਂ ਜਾਂ ਘੰਟੀ ਲਟਕਾ ਦਿੰਦਾ ਹੈ।

ਲੰਘਦੇ ਜਾਂਦੇ ਮੁਸਾਫ਼ਰ ਸਰਧਾਲੂ ਖ਼ਾਨਗਾਹ ਉਤੇ ਗੀਟੀਆਂ ਰਖਦੇ ਹਨ। ਖ਼ਾਨਗਾਹ ਉਤੇ ਦੀਵੇ ਜਗਾਣ ਲਈ ਥਾਂ ਬਣੀ ਹੁੰਦੀ ਹੈ, ਜਿਥੇ ਸ਼ਰਧਾਲੂ ਰਾਤ ਵੇਲੇ ਦੀਵੇ ਬਾਲ ਕੇ ਰਖਦੇ ਹਨ।

ਪੱਛਮੀ ਪੰਜਾਬ ਵਿਚ, ਹਰ ਪਿੰਡ ਵਿਚ ਕਈ ਕਈ ਖ਼ਾਨਗਾਹਾਂ ਮਿਲਦੀਆਂ ਹਨ। ਕੁਝ ਖ਼ਾਨਗਾਹਾਂ ਵਿਚ ਕਈ ਰੋਗਾਂ ਨੂੰ ਦੂਰ ਕਰਨ ਦੀ ਸ਼ਕਤੀ ਮੰਨੀ ਜਾਂਦੀ ਹੈ ਜਿਵੇਂ ਕੋਈ ਪਾਗਲ ਕੁੱਤੇ ਦੇ ਕੱਟੇ ਨੂੰ ਅਰੋਗਤਾ ਬਖ਼ਸ਼ਦੀ ਹੈ ਤੇ ਕੋਈ ਸੱਪ ਦੇ ਕੱਟੇ ਨੂੰ, ਕਿਸੇ ਖ਼ਾਨਗਾਹ ਉਤੇ ਦੰਦਾਂ ਦੇ ਪੀੜ ਦੇ ਰੋਗੀ ਅਰੋਗਤਾ ਲਈ ਆਉਂਦੇ ਹਨ। ਕਈ ਖ਼ਾਨਗਾਹਾਂ ਆਪਣੇ ਆਪ ਵਿਚ ਇਕ ਸੰਸਥਾ ਬਣ ਗਈਆਂ ਹਨ।

(ਖ-54) **ਖ਼ਾਨ ਘੋੜੀ** :

ਬੱਚਿਆਂ ਦੀ ਛੂਹਣ ਛੁਹਾਣ ਦੀ ਇਕ ਖੇਡ; ਪਹਿਲਾਂ ਸਾਰੇ ਬੱਚੇ ਵਾਰੋ ਵਾਰੀ ਪੁੱਗਦੇ ਹਨ। ਜਿਹੜਾ ਬੱਚਾ ਪੁੱਗਣੋਂ ਰਹਿ ਜਾਵੇ, ਉਹ ਘੋੜੀ ਬਣਦਾ, ਅਤੇ ਬੜੇ ਦੀ ਟੇਕ ਲੈ ਕੇ, ਕੁੱਬਾ ਹੋ ਕੇ ਖੜਾ ਹੋ ਜਾਂਦਾ ਹੈ ਫਿਰ ਸਭ ਤੋਂ ਪਹਿਲਾਂ ਪੁੱਗਿਆ ਬੱਚਾ ਖ਼ਾਨ-ਘੋੜੀ ਦੇ ਕੋਲ ਖਲੋ ਕੇ ਘੋੜੀ ਦੀ ਪਿੱਠ ਉਤੇ ਹੱਥ ਫੇਰਦਾ ਹੈ।

ਬੱਚੇ ਖ਼ਾਨ ਤੋਂ ਪੁਛਦੇ ਹਨ :—

ਖ਼ਾਨ ਉਇ ਖ਼ਾਨ
ਤੇਰੀ ਘੋੜੀ ਨੇ ਕੀ ਦਿਤਾ ?

ਖ਼ਾਨ ਅਗੋਂ ਉਤਰ ਦੇਂਦਾ ਹੈ : ਲਾਲ ਵਿਛੇਰਾ।

ਸਭ ਬੱਚੇ ਖ਼ਾਨ ਨੂੰ ਚਿੜ੍ਹਾਂਦੇ ਹੋਏ ਕਹਿੰਦੇ ਹਨ 'ਅੱਧਾ ਤੇਰਾ ਅੱਧਾ ਮੇਰਾ।'

ਖ਼ਾਨ ਬੱਚਿਆਂ ਦੇ ਪਿਛੇ ਦੌੜਦਾ ਹੈ ਤੇ ਜਿਸਨੂੰ ਉਹ ਛੂਹ ਲੈਂਦਾ ਹੈ, ਉਹ ਅਗਲੀ ਵਾਰੀ ਘੋੜੀ ਬਣਦਾ ਹੈ। ਤੇ ਘੋੜੀ ਬਣਿਆ ਬੱਚਾ ਖ਼ਾਨ। ਇਹ ਖੇਡ ਬੜੀ ਨਾਟਕੀ ਹੋਣ ਕਰਕੇ ਜ਼ਿਆਦਾ ਰੋਚਕ ਹੈ।

ਜਦੋਂ ਖ਼ਾਨ ਬੱਚਿਆਂ ਨੂੰ ਛੂਹਣ ਲਈ, ਉਨ੍ਹਾਂ ਪਿਛੇ ਦੌੜ ਰਿਹਾ ਹੁੰਦਾ ਹੈ ਤਾਂ ਕੁਝ ਬੱਚੇ ਘੋੜੀ ਨੂੰ ਲਾਵਾਰਸ ਜਾਣ ਕੇ, ਉਸਦੀ ਸਵਾਰੀ ਕਰਦੇ ਹਨ। ਇਸ ਤਰ੍ਹਾਂ ਇਹ ਖੇਡ ਚਲਦੀ ਰਹਿੰਦੀ ਹੈ।

(ਖ-55) **ਖ਼ਾਨਾਬਦੋਸ਼** :

ਪਛੜੀਆਂ ਜਾਤੀਆਂ ਦੇ ਉਹ ਲੋਕ/ਕਬੀਲੇ, ਜੋ ਕਿਸੇ

ਇਕ ਜਗ੍ਹਾ ਘਰ ਬਣਾ ਕੇ ਨਹੀਂ ਰਹਿੰਦੇ ਤੇ ਨਿਤ ਇਕ ਥਾਉਂ ਤੋਂ ਦੂਜੀ ਥਾਉਂ ਫਿਰਦੇ ਰਹਿੰਦੇ ਹਨ। ਇਨ੍ਹਾਂ ਕੋਲ ਨਿਤ ਵਰਤੋਂ ਦਾ ਥੋੜ੍ਹਾ ਜਿਹਾ ਨਿਕ-ਸੁਕ, ਲਾਦੂ ਤੇ ਲਵੇਰੇ ਪਸ਼ੂਆਂ ਤੋਂ ਇਲਾਵਾ ਗੱਡੇ ਹੁੰਦੇ ਹਨ। ਇਹ ਪਿੰਡਾਂ ਤੇ ਕਸਬਿਆਂ ਦੀਆਂ ਬਾਹਰਲੀਆਂ ਹੱਦਾਂ ਉਤੇ ਕੁਝ ਦਿਨ ਡੇਰਾ ਬਣਾ ਕੇ ਵਾਸਾ ਕਰਦੇ ਤੇ ਫਿਰ ਕਿਸੇ ਹੋਰ ਪਾਸੇ ਨਿਕਲ ਤੁਰਦੇ ਹਨ।

ਪੰਜਾਬ ਵਿਚ ਨੱਟ, ਬਾਜ਼ੀਗਰ, ਬੌਰੀਆ, ਪੱਖੀਵਾਲ, ਚੰਗੜ ਤੇ ਸਾਂਹਸੀ ਆਦਿ ਪਛੜੀਆਂ ਜਾਤੀਆਂ ਟੱਪਰੀਵਾਸੀ ਹਨ। ਇਨ੍ਹਾਂ ਦੇ ਰੀਤ-ਰਵਾਜ ਤੇ ਚਜ-ਅਚਾਰ ਵਖੋ ਵਖਰੇ ਹਨ। ਸਮੇਂ ਨਾਲ ਇਨ੍ਹਾਂ ਦੇ ਸੁਭਾਵ ਵਿਚ ਸਥਿਰਤਾ ਆ ਗਈ ਹੈ ਤੇ ਇਨ੍ਹਾਂ ਕਬੀਲਿਆਂ ਦੇ ਬਹੁਤੇ ਲੋਕ ਹੁਣ ਪਿੰਡਾਂ, ਸ਼ਹਿਰਾਂ ਜਾਂ ਕਸਬਿਆਂ ਦੀਆਂ ਬਾਹਰਲੀਆਂ ਹੱਦਾਂ ਉਤੇ ਪੱਕੇ ਡੇਰੇ ਪਾ ਕੇ ਰਹਿਣ ਲਗ ਪਏ ਹਨ। ਕਈ ਤਾਂ ਕਾਨੇ ਦੀਆਂ ਤੀਲਾਂ ਤੇ ਸਰਕੜੇ ਦੀਆਂ ਝੁੱਗੀਆਂ ਪਾ ਕੇ ਰਹਿੰਦੇ ਹਨ, ਜਿਸ ਲਈ ਇਨ੍ਹਾਂ ਨੂੰ 'ਸਿਰਕੀਵਾਸੀ' ਵੀ ਕਿਹਾ ਜਾਂਦਾ ਹੈ।

ਯੂਰਪ ਵਿਚ ਰੋਮਾਨੀ ਨਾਉਂ ਦੇ ਜੋ ਟੱਪਰੀਵਾਸੀ ਮਿਲਦੇ ਹਨ, ਉਨ੍ਹਾਂ ਬਾਰੇ ਮਾਨਵ-ਸ਼ਾਸਤ੍ਰੀਆਂ ਦਾ ਮਤ ਹੈ ਕਿ ਉਹ ਮੱਧਕਾਲ ਵਿਚ ਪੰਜਾਬ ਵਿਚੋਂ ਗਏ ਡੂੰਮ ਹੀ ਹਨ (ਵੇਖੋ : ਡੂੰਮ)।

(ਖ-56) **ਖਾਰਾ :**

ਕਾਨਿਆਂ ਦਾ ਬਣਿਆ ਇਕ ਚੋਰਸ ਟੋਕਰਾ, ਜਿਸ ਉਤੇ ਵਰ ਤੇ ਕੰਨਿਆਂ ਨੂੰ, ਆਪੋ ਆਪਣੇ ਘਰਾਂ ਵਿਚ ਜੰਞ ਚੜ੍ਹਨ ਵਾਲੇ ਦਿਨ ਰਸਮੀ ਇਸ਼ਨਾਨ ਵੇਲੇ ਬਿਠਾਇਆ ਜਾਂਦਾ ਹੈ। ਫੇਰਿਆਂ ਸਮੇਂ ਵੀ ਹਿੰਦੂਆਂ ਵਿਚ ਵਰ ਤੇ ਕੰਨਿਆਂ ਨੂੰ ਖਾਰਿਆਂ ਉਤੇ ਬਿਠਾਣ ਦੀ ਰੀਤ ਹੈ। ਨਿਸਚਾ ਹੈ ਕਿ ਖਾਰਿਆਂ ਉਤੇ ਬਿਠਾ ਕੇ ਕੀਤੀ, ਕੋਈ ਵੀ ਰੀਤ ਵਧੇਰੇ ਗੁਣਕਾਰੀ ਸਿੱਧ ਹੁੰਦੀ ਹੈ। ਪਹਿਲਿਆਂ ਵਿਚ ਜੋਗੀ ਜਾਂ ਚੇਲੇ ਕਿਸੇ ਰੋਗੀ ਦੇ ਸਰੀਰ ਵਿਚੋਂ ਭੂਤ ਪ੍ਰੇਤ ਕੱਢਣ ਲਈ ਜਾਂ ਪ੍ਰਛਾਵੇਂ ਦੇ ਉਤਾਰ ਲਈ, ਉਸਨੂੰ ਕਾਨਿਆਂ ਦੇ ਖਾਰੇ ਉਤੇ ਹੀ ਬਿਠਾਂਦੇ ਸਨ। ਪਿਛੋਂ ਖਾਰੇ ਨੂੰ ਸੁਭ ਤੇ ਕਲਿਆਨੀ ਸਮਝ ਕੇ ਵਿਆਹ ਦੀਆਂ ਰੀਤਾਂ ਰਸਮਾਂ ਵਿਚ, ਇਨ੍ਹਾਂ ਨੂੰ ਮਹੱਤਾ ਦਿਤੀ ਜਾਣ ਲਗੀ।

(ਖ-57) **ਖਾਰੇ ਚੜ੍ਹਨਾ** :

ਵਿਆਹ ਨਾਲ ਸੰਬੰਧਿਤ ਇਕ ਰੀਤ; ਵਿਆਹ ਦੇ ਦਿਨੀਂ ਵਰ-ਕੰਨਿਆਂ ਨੂੰ ਦੋ ਵਾਰ ਖਾਰਿਆਂ ਉਤੇ ਬਿਠਾਇਆ ਜਾਂਦਾ ਹੈ। ਇਕ ਵਾਰ ਜੰਞ ਚੜ੍ਹਨ ਤੋਂ ਪਹਿਲਾ, ਜਦੋਂ ਨੀਂਗਰ ਤੇ ਕੰਨਿਆਂ ਨੂੰ ਆਪੋ ਆਪਣੇ ਘਰ ਖਾਰੇ ਉਤੇ ਬਿਠਾ ਕੇ ਤੇ ਵੱਟਣਾ ਮਲ ਕੇ ਨੁਹਾਇਆ ਜਾਂਦਾ ਹੈ। ਪਹਿਲਾਂ ਵਰ ਕੰਨਿਆਂ ਦੀ ਭਰਜਾਈ ਲਾਲ ਫੁਲਕਾਰੀ ਲੈ ਕੇ, ਸ਼ਗਨਾਂ ਨਾਲ ਕਿਸੇ ਖੂਹ, ਚੋਹੇ ਜਾਂ ਛੰਭ ਤੋਂ, ਪਾਣੀ ਦੀ ਘੜੌਲੀ ਭਰ ਕੇ ਲਿਆਉਂਦੀ ਹੈ (ਵੇਖੋ : ਘੜੌਲੀ ਭਰਨੀ)। ਇਸ ਘੜੌਲੀ ਦੇ ਪਾਣੀ ਵਿਚ ਹੋਰ ਪਾਣੀ ਰਲਾ ਕੇ ਇਸ ਨਾਲ ਵਰ/ਕੰਨਿਆਂ ਨੂੰ ਖਾਰੇ ਉਤੇ ਬਿਠਾ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ। ਵਰ/ਕੰਨਿਆਂ ਦੀਆਂ ਭੈਣ ਭਰਜਾਈਆਂ ਨਾਨਕਿਉਂ ਆਈ ਫੁਲਕਾਰੀ ਜਾਂ ਫੱਟੀਆਂ ਵਾਲੇ ਚੋਪ ਦੀਆਂ ਚਾਰੇ ਕੁਕਾ ਪਕੜ ਕੇ ਵਰ/ਕੰਨਿਆਂ ਉਤੇ ਚੰਦੋਏ ਵਾਂਗ ਤਾਣ ਲੈਂਦੀਆਂ ਹਨ। ਪਹਿਲਾਂ ਵੱਟਣਾ ਮਲਿਆ ਜਾਂਦਾ ਹੈ, ਅਤੇ ਵੱਟਣੇ ਦੇ ਗੀਤ ਗਾਏ ਜਾਂਦੇ ਹਨ। ਇਸ਼ਨਾਨ ਕਰਕੇ ਜਦੋਂ ਵਰ/ਕੰਨਿਆਂ ਖਾਰੇ ਤੋਂ ਹੇਠਾਂ ਉਤਰਦੀ ਹੈ ਤਾਂ ਉਹ ਸੱਤ ਕੂਣੀਆਂ ਜਾਂ ਚੱਪਣੀਆਂ, ਹਲਦੀ ਤੇ ਚਾਵਲ ਪਾ ਕੇ, ਪਹਿਲੋਂ ਹੀ ਉਥੇ ਰਖੀਆਂ ਹੁੰਦੀਆਂ ਹਨ, ਉਸਨੂੰ ਪੈਰਾਂ ਨਾਲ ਠੁਕਰਾਂਦੀ (ਕਈ ਭਾਈਚਾਰਿਆਂ ਵਿਚ ਭੰਨਦੀ) ਹੈ। ਇਨ੍ਹਾਂ ਚੱਪਣੀਆਂ ਨੂੰ ਤੋੜਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਦੂਲ੍ਹੇ ਨੂੰ 'ਕੰਵਾਰੇ' ਜੀਵਨ ਦੀਆਂ ਸਭ ਗ਼ਲਤੀਆਂ ਮਾਫ਼ ਹਨ।

ਖਾਰੇ ਚੜ੍ਹਨ ਸਮੇਂ ਗੀਤ ਵੀ ਗਾਏ ਜਾਂਦੇ ਹਨ।

ਵਰ/ਕੰਨਿਆਂ ਨੂੰ ਖਾਰੇ ਤੋਂ ਉਤਾਰਨ ਵੇਲੇ ਮਾਮੇ ਵਿੱਤ ਅਨੁਸਾਰ ਕੁਝ ਰਕਮ ਵੀ ਦੇਂਦੇ ਹਨ, ਜਿਸਨੂੰ 'ਖਾਰੇ ਦਾ ਉਤਾਰ' ਕਿਹਾ ਜਾਂਦਾ ਹੈ। ਜੇ ਮਾਮੇ ਉਤਾਰ ਦੇਣ ਵਿਚ ਕਿਰਸ ਕਰਨ ਤਾਂ ਦਾਦਕੇ ਪ੍ਰਵਾਰ ਵਲੋਂ ਸਿੱਠਣੀਆਂ ਦਿਤੀਆਂ ਜਾਂਦੀਆਂ ਹਨ।

ਦੂਜੀ ਵਾਰ, ਵਰ ਤੇ ਕੰਨਿਆਂ ਫੇਰਿਆਂ ਵੇਲੇ ਖਾਰਿਆਂ ਉਤੇ ਬੈਠਦੇ ਹਨ। ਇਹ ਰੀਤ ਹਿੰਦੂਆਂ ਵਿਚ ਵੀ ਪ੍ਰਚਲਤ ਹੈ ਤੇ ਵੇਦੀ ਉਤੇ ਹੀ ਕੀਤੀ ਜਾਂਦੀ ਹੈ। ਕਈ ਥਾਈਂ ਕੰਨਿਆਂ ਨੂੰ ਖਾਰੇ ਉਤੇ, ਪਰ ਵਰ ਨੂੰ ਲਕੜੀ ਦੀ ਚੌਂਕੀ ਉਤੇ ਬੈਠਾਇਆ ਜਾਂਦਾ ਹੈ। ਖਾਰਾ ਭੰਗੀਆ ਦੇ ਘਰੋਂ ਤੇ ਚੌਂਕੀ ਤਰਖਾਣਾਂ ਦੇ ਘਰੋਂ ਮੰਗਵਾਈ ਜਾਂਦੀ ਹੈ ਤੇ ਇਨ੍ਹਾਂ ਕਮੀਆਂ ਨੂੰ ਲਾਗ ਦਿਤੀ ਜਾਂਦੀ ਹੈ। ਇਸ ਮੌਕੇ ਉਤੇ ਵੀ 'ਖਾਰੇ ਦੇ ਗੀਤ' ਗਾਏ ਜਾਂਦੇ ਹਨ। ਫੇਰਿਆਂ ਸਮੇਂ, ਕੁਝ ਲਾਵਾਂ ਵੇਲੇ ਵਰ ਅਗੇ ਹੁੰਦਾ ਹੈ ਤੇ ਕੰਨਿਆਂ ਪਿਛੇ ਅਤੇ ਕੁਝ ਲਾਵਾਂ ਵਿਚ ਕੰਨਿਆਂ ਅਗੇ ਅਗੇ ਤੇ ਵਰ ਪਿਛੇ ਪਿਛੇ। ਫੇਰੇ ਬਦਲਣ ਤੋਂ ਪਹਿਲਾਂ ਖਾਰਿਆਂ ਦੀਆਂ ਚੌਂਕੀਆਂ ਵਰ ਤੇ ਕੰਨਿਆਂ ਆਪੋ ਵਿਚ ਬਦਲਦੇ ਹਨ। ਇਸ ਰੀਤ ਨੂੰ 'ਖਾਰੇ ਬਦਲਣਾ' ਕਹਿੰਦੇ ਹਨ। ਇਹ ਰੀਤ ਵਰ ਤੇ ਕੰਨਿਆਂ ਨੂੰ ਇਕ ਭਾਵਕ ਬੰਧਨ ਵਿਚ ਬੰਨ੍ਹਦੀ ਹੈ।

ਫੇਰਿਆਂ ਦੀ ਰਸਮ ਪੂਰੀ ਹੋਣ ਮਗਰੋਂ, ਵਰ ਤੇ ਕੰਨਿਆਂ ਨੂੰ, ਉਨ੍ਹਾਂ ਦੇ ਮਾਮੇ ਖਾਰਿਆਂ ਤੋਂ ਉਤਾਰਦੇ ਹਨ ਤੇ ਸ਼ਗਨ ਵਜੋਂ ਕੁਝ ਰਕਮ ਉਨ੍ਹਾਂ ਦੀ ਤਲੀ ਉਤੇ ਧਰਦੇ ਹਨ।

**(ਖ-58) ਖਾਰੇ ਬਦਲਣਾ :**

ਲਾਵਾਂ ਸਮੇਂ, ਹਿੰਦੂਆਂ ਵਿਚ ਵਰ ਤੇ ਕੰਨਿਆਂ ਨੂੰ ਵੇਦੀ ਉਤੇ ਹੀ, ਕਾਨਿਆਂ ਦੀਆਂ ਬਣੀਆਂ ਦੋ ਚੌਂਕੀਆਂ, ਜਿਨ੍ਹਾਂ ਨੂੰ ਖਾਰੇ ਕਹਿੰਦੇ ਹਨ, ਬੈਠਾ ਦਿਤਾ ਜਾਂਦਾ ਹੈ। ਲਾਵਾਂ ਲੈਂਦਿਆਂ, ਹਰ ਫੇਰੇ ਨੂੰ ਪੂਰਾ ਕਰਕੇ ਵਰ ਤੇ ਕੰਨਿਆਂ ਆਪੋ ਆਪਣੇ ਖਾਰੇ ਉਤੇ ਬੈਠ ਜਾਂਦੇ ਹਨ। ਜਦੋਂ ਅੱਧੀਆਂ ਲਾਵਾਂ ਹੋ ਜਾਂਦੀਆਂ ਹਨ ਤਾਂ ਵਰ ਤੇ ਕੰਨਿਆਂ ਆਪੋ ਆਪਣੇ ਖਾਰੇ ਬਦਲ ਲੈਂਦੇ ਹਨ। ਫਿਰ ਕੰਨਿਆਂ ਅਗੇ ਤੇ ਵਰ ਪਿਛੇ ਤੁਰ ਕੇ ਲਾਵਾਂ ਲੈਂਦਾ ਹੈ। ਇਸ ਰੀਤ ਨੂੰ 'ਖਾਰੇ ਬਦਲਣਾ' ਕਹਿੰਦੇ ਹਨ।

**(ਖ-59) ਖਾਰੇ ਦੇ ਗੀਤ :**

ਵਿਆਹ ਦੀਆਂ ਰਸਮਾਂ ਨਾਲ ਸੰਬੰਧਿਤ ਗੀਤਾਂ ਦੀ ਇਕ ਵੰਨਗੀ; ਵਰ ਤੇ ਕੰਨਿਆਂ ਦੇ ਖਾਰੇ ਚੜ੍ਹਨ ਸਮੇਂ ਤੀਵੀਆਂ ਕੁਝ ਲੋਕ-ਗੀਤ ਗਾਉਂਦੀਆਂ ਹਨ, ਜੋ ਖਾਰੇ ਦੇ ਗੀਤ ਅਖਵਾਉਂਦੇ ਹਨ। ਇਨ੍ਹਾਂ ਗੀਤਾਂ ਵਿਚ ਪਰਿਵਾਰ ਦੀਆਂ ਤੀਵੀਆਂ ਵਰ ਤੋਂ ਸਦਕੜੇ ਤੇ ਬਲਿਹਾਰੀ ਜਾਂਦੀਆਂ ਹਨ।

ਨੀਂਗਰ ਨੂੰ ਇਸ਼ਨਾਨ ਕਰਵਾਉਣ ਸਮੇਂ ਦਾ ਇਕ ਗੀਤ :—

ਨੀਂਗਰ ਚੜ੍ਹਿਆ ਖਾਰੇ,
ਨੀ ਮਾਂ ਸਦਕੜੇ ਇਸ ਖਾਰੇ ਤੋਂ।
ਵੀਰ ਚੜ੍ਹਿਆ ਖਾਰੇ,
ਨੀ ਭੈਣ ਸਦਕੜੇ ਇਸ ਖਾਰੇ ਤੋਂ।
ਲਾਲ ਚੜ੍ਹਿਆ ਖਾਰੇ,
ਨੀ ਮਾਂ ਬਲਿਹਾਰੀ ਇਸ ਦਿਹਾੜੇ ਤੋਂ।
ਵੀਰ ਚੜ੍ਹਿਆ ਖਾਰੇ,
ਨੀ ਭੈਣ ਬਲਿਹਾਰੀ ਇਸ ਦਿਹਾੜੇ ਤੋਂ।

ਕੰਨਿਆਂ ਦੇ ਇਸ਼ਨਾਨ ਵੇਲੇ, ਜੋ ਗੀਤ ਗਾਏ ਜਾਂਦੇ ਹਨ, ਉਹ ਵਖਰੀ ਕਿਸਮ ਦੇ ਹੁੰਦੇ ਹਨ। ਤੀਵੀਆਂ ਦੋ ਟੋਲੀਆਂ ਵਿਚ, ਪ੍ਰਸ਼ਨ ਉੱਤਰਾਂ ਵਿਚ ਗੀਤ ਗਾਉਂਦੀਆਂ ਹਨ, ਜਿਸ ਨਾਲ ਨਾਟਕੀ ਰੰਗ ਚੜ੍ਹ ਜਾਂਦਾ ਹੈ :

ਅੰਗਣ ਚਿੱਕੜ ਕਿਸ ਕੀਤਾ, ਕਿਸ ਡੋਲ੍ਹਿਆ ਪਾਣੀ,
ਦਾਦੇ ਦੀ ਪੋਤਰੀ ਨ੍ਹਾਤੀ ਧੋਤੀ, ਉਸ ਡੋਲ੍ਹਿਆ ਪਾਣੀ।
ਅੰਗਣ ਚਿੱਕੜ ਕਿਸ ਕੀਤਾ, ਕਿਸ ਡੋਲ੍ਹਿਆ ਪਾਣੀ,
ਮਾਮੇ ਦੀ ਭਣੇਵੀਂ ਨ੍ਹਾਤੀ ਧੋਤੀ, ਉਸੇ ਡੋਲ੍ਹਿਆ ਪਾਣੀ।

ਇਕ ਇਕ ਕਰ ਕੇ ਸਭ ਰਿਸ਼ਤੇਦਾਰ—ਚਾਚੇ, ਪਿਉ ਤਾਜੇ ਤੇ ਭਰਾ ਦਾ ਨਾਉਂ ਲਿਆ ਜਾਂਦਾ ਹੈ। ਕਈ ਵਾਰ ਨੀਂਗਰ ਦੇ ਇਸਨਾਨ ਵੇਲੇ ਵੀ ਇਸੇ ਗੀਤ ਨੂੰ ਰਤਾ ਬਦਲ ਕੇ ਜਿਵੇਂ 'ਦਾਦੇ ਦਾ ਪੋਤਰਾ ਨ੍ਹਾਤਾ, ਉਸ ਡੋਲ੍ਹਿਆ ਪਾਣੀ' ਗਾਇਆ ਜਾਂਦਾ ਹੈ।

ਫੇਰਿਆਂ ਸਮੇਂ ਵਰ ਤੇ ਕੰਨਿਆਂ ਨੂੰ ਖਾਰਿਆਂ ਉੱਤੇ ਬੈਠਾਇਆ ਜਾਂਦਾ ਹੈ। ਉਦੋਂ ਖਾਰਿਆਂ ਦੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਵਿਚ ਵੇਦੀ ਦੀਆਂ ਥੰਮੀਆਂ ਵਲ ਸੰਕੇਤ ਹੁੰਦਾ ਹੈ :

ਇਹ ਚਾਰੇ ਥੰਮੀਆਂ ਵੇ ਪੱਟ ਲੰਮੀਆਂ,
ਗੱਡੇ ਮੇਰੇ ਬਾਬਣ ਜੀ ਦੇ ਵੇਹੜੇ, ਮਾਂ ਵਾਰੀ।
ਜੀਵੇਂ ਇਨ੍ਹਾਂ ਥੰਮੀਆਂ ਦੇ ਅੰਦਰੇ
ਮੋਤੀਆਂ ਚੌਕ ਪੁਰਾਓ, ਮਾਂ ਵਾਰੀ
ਜੀਵੇਂ ਇਨ੍ਹਾਂ ਥੰਮੀਆਂ ਦੇ ਅੰਦਰੇ
ਰੁਕਮਣੀ ਕਾਨ੍ਹ ਬੈਠਾਓ, ਮਾਂ ਵਾਰੀ
ਜੀਵੇਂ ਇਨ੍ਹਾਂ ਥੰਮੀਆਂ ਦੇ ਅੰਦਰੇ
ਲਗਨ ਸੁਧਾਓ, ਮਾਂ ਵਾਰੀ।

**(ਖ-60) ਖਾਰੇ ਲੁਹਾਈ :**

ਵਿਆਹ ਤੋਂ ਪਹਿਲਾ ਲਾੜੇ ਨੂੰ ਖਾਰੇ ਚੜ੍ਹਾਇਆ ਜਾਂਦਾ ਤੇ ਵੱਟਣਾ ਮਲ ਕੇ, ਰੀਤ ਅਨੁਸਾਰ ਇਸ਼ਨਾਨ ਕਰਵਾਇਆ ਜਾਂਦਾ ਹੈ। ਜਦੋਂ ਲਾੜਾ ਇਸ਼ਨਾਨ ਵਾਲੀ ਚੌਕੀ ਅਥਵਾ ਪੱਟੜੇ ਤੋਂ ਹੇਠਾਂ ਉਤਰਦਾ ਹੈ, ਤਾਂ ਲਾੜੇ ਦੇ ਨਾਨਕੇ ਉਸ ਨੂੰ ਵਿਤ-ਮੁਜਬ ਕੁਝ ਰਕਮ ਅਥਵਾ ਘੋੜਾ-ਜੋੜਾ ਦੇਂਦੇ ਹਨ। ਇਸ ਰਸਮ ਨੂੰ 'ਖਾਰਾ ਲੁਹਾਈ' ਕਹਿੰਦੇ ਹਨ। ਇਹੋ ਰਸਮ ਲਾੜੀ ਦੇ ਘਰ ਵੀ ਕੀਤੀ ਜਾਂਦੀ ਹੈ। ਖਾਰਾ ਲੁਹਾਈ ਦੀ ਰਸਮ ਪੰਜਾਬ ਦੇ ਸਿੱਖਾਂ ਹਿੰਦੂਆਂ ਤੇ ਮੁਸਲਮਾਨਾਂ ਸਭਨਾਂ ਵਿਚ ਪ੍ਰਚਲਤ ਹੈ।

**(ਖ-61) ਖਾਰੇ ਲੰਘਾਈ :**

ਚੂਹੜਿਆਂ ਵਿਚ ਪ੍ਰਚਲਤ ਵਿਆਹ ਨਾਲ ਸੰਬੰਧਿਤ ਇਕ ਰੀਤ; ਕੰਨਿਆਂ ਜਦੋਂ ਨਹਾ ਚੁਕਦੀ ਹੈ ਤਾਂ ਨੈਣ ਉਸ ਦੇ ਵਾਲ ਗੁੰਦਦੀ ਹੈ। ਫਿਰ ਕੰਨਿਆਂ ਨੂੰ ਇਕ ਖਾਰੇ ਉੱਤੇ, ਜਿਸ ਦੇ ਹੇਠਾਂ ਜੋਤ ਜਗ ਰਹੀ ਹੁੰਦੀ ਹੈ, ਬਿਠਾ ਦਿਤਾ ਜਾਂਦਾ ਹੈ। ਕੰਨਿਆਂ ਦੇ ਦੋਹਾਂ ਪੈਰਾਂ ਹੇਠ ਕੋਈ ਸਿੱਕਾ ਰਖਿਆ ਜਾਂਦਾ ਹੈ, ਜੋ ਨੈਣ ਦੀ ਲਾਗ ਹੁੰਦੀ ਹੈ। ਮਾਮਾ ਸ਼ਗਨ ਵਜੋਂ ਕੁਝ ਰਕਮ ਰੁਪਏ ਕੁੜੀ ਦੀ ਤਲੀ ਉੱਤੇ ਧਰਦਾ ਹੈ। ਫਿਰ ਕੁੜੀ, ਨਹਾਣ ਦੇ ਪਾਣੀ ਨਾਲ ਗਿੱਲੀ ਹੋਈ ਥੋੜੀ ਜਿਹੀ ਮਿੱਟੀ ਛੱਤ ਵਲ ਸੁਟਦੀ ਹੈ। ਇਸ ਮਗਰੋਂ ਕੰਨਿਆਂ ਦੀ ਮਾਂ, ਕੰਨਿਆਂ ਦੇ ਅਗੋਂ ਇਕ ਵਡਾ ਟੋਕਰਾ (ਖਾਰਾ) ਲੈ ਕੇ ਸੱਤ ਵਾਰ ਲੰਘਦੀ ਹੈ, ਇਸ ਰੀਤ ਨੂੰ 'ਖਾਰਾ ਲੰਘਾਈ' ਕਿਹਾ ਜਾਂਦਾ ਹੈ। ਇਸ ਸਮੇਂ ਕੰਨਿਆ ਇਹ ਗੀਤ ਗਾਉਂਦੀ ਹੈ :

ਖਾਰਾ ਚਿਤਰ-ਮਚਿਤਰਾ
ਖਾਰਾ ਅੜਿਆ
ਖਾਰੇ ਤੋਂ ਉਤਾਰ
ਮਾਮਾ ਵੜਿਆ ।

ਤਾਂ ਕੰਨਿਆਂ ਨੂੰ ਮਾਮਾ ਖਾਰੇ ਤੋਂ ਉਠਾਂਦਾ ਹੈ ਅਤੇ ਸ਼ਗਨ ਵਜੋਂ ਕੁਝ ਪੈਸੇ ਵੀ ਦਿੰਦਾ ਹੈ ।

(ਖ-62) **ਖਿਉੜੇ** :

1 ਲੋਕ-ਨਾਟ ਦਾ ਇਕ । ਖਿਉੜੇ ਵਿਆਹ ਸ਼ਾਦੀ ਤੇ ਮੰਗਲ ਕਾਰਜਾਂ ਵੇਲ ।ਦੇ ਹਨ । ਇਨ੍ਹਾਂ ਦਾ ਰੰਗ-ਮੰਚ ਬੜਾ ਵਚਿੱਤਰ ਤੇ ਅਨੂਠਾ ਹੈ । ਦੋ ਵਖੱ-ਵਖਰੇ, ਪਰ ਆਹਮੋ ਸਾਹਮਣੇ ਦੇ ਮਕਾਨਾਂ ਦੀਆਂ ਛੱਤਾਂ ਜਾਂ ਚੌਂਤਰਿਆਂ ਉਤੇ ਦੋ ਟੋਲੀਆਂ ਬੈਠ ਕੇ, ਨਾਟਕੀ ਸੰਬਾਦ ਉਚਾਰਦੇ ਹਨ । ਵਾਰਤਾਲਾਪ ਝ ਭਾਗ ਲੋਕ-ਧੁਨਾਂ ਵਿਚ ਗਾ ਕੇ, ਪੇਸ਼ ਕੀਤਾ ਜਾਂਦਾ ਹੈ ਕਈ ਵਾਰ ਨਾਇਕਾ, ਕਿਸੇ ਮਕਾਨ ਦੀ ਬਾਰੀ ਵਿਚ ਬੈਠ ਕੇ, ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੁੰਦੀ ਹੈ ਤੇ ਉਸ ਦਾ ਪ੍ਰੇਮੀ ਦਰਸ਼ਕਾਂ ਵਿਚ ਹੀ ਖੜਾ ਹੋ ਕੇ ਉਸ ਨਾਲ ਪ੍ਰੇਮ ਦੇ ਮਿੱਠੇ ਬੋਲ ਸਾਂਝੇ ਕਰਦਾ ਹੈ ।

ਇਹ ਲੋਕ-ਨਾਟ ਚਾਨਣੀਆਂ ਰਾਤਾਂ ਵਿਚ, ਪਹਿਲੇ ਪਹਿਰ ਸ਼ੁਰੂ ਹੁੰਦਾ ਹੈ ਤੇ ਕਈ ਵਾਰੀ ਸਾਰੀ ਰਾਤ ਚਲਦਾ ਰਹਿੰਦਾ ਹੈ । ਕਿਸੇ ਵੇਲੇ ਲਾਹੌਰ ਤੇ ਅੰਮ੍ਰਿਤਸਰ ਵਿਚ ਖਿਉੜੇ ਖੇਡਣ ਦਾ ਬੜਾ ਰਵਾਜ ਸੀ, ਪਰ ਹੁਣ ਇਹ ਲੋਕ-ਨਾਟ ਇਕ ਸੁਹਾਵਣੀ ਯਾਦ ਬਣ ਕੇ ਰਹਿ ਗਿਆ ਹੈ ।

2. ਸਵਾਲਾਂ ਜਵਾਬਾਂ ਦੀ ਤਰਜ਼ ਦੇ ਖ਼ਾਸ ਗੀਤ ਜੋ ਵਿਆਹ ਉਤੇ ਤੀਵੀਆਂ, ਦੋ ਟੋਲੀਆਂ ਬਣਾ ਕੇ ਆਹਮੋ-ਸਾਹਮਣੇ ਗਾਂਦੀਆਂ ਹਨ ।

(ਖ-63) **ਖਿਆਹ** :

ਇਕ ਕਿਸਮ ਦਾ ਸਰਾਧ, ਜੋ ਕਿਸੇ ਪ੍ਰਾਣੀ ਨਮਿਤ, ਉਸਦੀ ਮਰਨ ਤਿੱਥ ਨੂੰ ਕੀਤਾ ਜਾਂਦਾ ਹੈ, ਇਸਦਾ ਖ਼ਾਸ ਮਹਾਤਮ ਹੈ (ਵੇਖੋ : ਸਰਾਧ) ।

(ਖ-64) **ਖਿਚੜੀ** :

ਚਾਵਲ ਵਿਚ ਮਾਂਹ ਜਾਂ ਮੂੰਗ ਦੀ ਦਾਲ ਤੇ ਘਿਉ ਮਿਲਾ ਕੇ ਪਾਣੀ ਵਿਚ ਰਿੱਧਾ ਪਦਾਰਥ; ਸ਼ੁਭ ਅਵਸਰਾਂ ਤੇ ਰੀਤਾਂ ਰਸਮਾਂ ਵੇਲੇ ਖਿਚੜੀ ਰਿੰਨ੍ਹਣ ਦਾ ਰਵਾਜ ਹੈ । ਜਿਸ ਦਿਨ ਮੁੰਡਾ ਕੁੜੀ ਮੰਗਿਆ ਜਾਵੇ, ਵਿਆਹ ਸੁਧਾਇਆ ਜਾਂ ਰਚਾਇਆ ਜਾਵੇ, ਉਸ ਸੰਧਿਆ ਨੂੰ ਖਿਚੜੀ ਪਕਾ ਕੇ ਵੰਡੀ ਜਾਂਦੀ ਹੈ । ਕੰਨਿਆਂ ਦੇ ਵਿਆਹ ਸਮੇਂ, ਚੂੜਾ ਚਾੜ੍ਹਣ ਲਗਿਆਂ, ਖਿਚੜੀ ਤੇ ਕੜਾਹ ਰਲਾ ਕੇ ਵੰਡਿਆ ਜਾਂਦਾ ਹੈ ।

ਖਿਚੜੀ ਵਿਚ ਚਾਵਲ ਘਿਉ ਤੇ ਪਾਣੀ ਸਭ ਪਵਿਤਰ ਵਸਤੂਆਂ ਮੰਨੀਆਂ ਗਈਆਂ ਹਨ । ਅਗਨੀ ਇਕ ਹੋਰ ਪਵਿੱਤਰ ਵਸਤੂ ਹੈ ਜੋ ਇਨ੍ਹਾਂ ਨੂੰ ਰਿੰਨ੍ਹ ਕੇ ਪਵਿਤਰਤਾ ਬਖ਼ਸ਼ਦੀ ਹੈ ।

(ਖ-65) **ਖਿਚੜੀ ਚੌਂਕਾ** :

ਇਕ ਰੀਤ, ਜੋ ਨਵੀਂ ਵਿਆਹੀ ਦੁਲ੍ਹਨ, ਪਹਿਲੀ ਵਾਰ ਚੌਂਕੇ ਚੜ੍ਹਨ ਵੇਲੇ ਕਰਦੀ ਹੈ । ਕਿਸੇ ਸ਼ੁਭ ਤਿੱਥ ਜਾਂ ਵਾਰ ਨੂੰ ਸੱਸ ਨਵੀਂ ਵਿਆਹੀ ਨੂੰਹ ਨੂੰ ਖਿਚੜੀ ਰਿੰਨ੍ਹਣ ਲਈ ਕਹਿੰਦੀ ਹੈ । ਇਸ ਸਮੇਂ ਕੋਈ ਖ਼ਾਸ ਰੀਤ ਨਹੀਂ ਕੀਤੀ ਜਾਂਦੀ, ਕੇਵਲ ਖਿਚੜੀ ਉਤੇ ਕੇਸਰ ਦਾ ਛੱਟਾ ਦੇ ਲਿਆ ਜਾਂਦਾ ਹੈ । ਜੇ ਖਿਚੜੀ ਸਵਾਦਲੀ ਹੋਵੇ ਤਾਂ ਮੁਬਾਰਕਾਂ ਹੁੰਦੀਆਂ ਹਨ । ਇਸੇ ਰਸਮ ਨੂੰ ਚੌਂਕੇ ਚੜ੍ਹਨਾ ਵੀ ਕਿਹਾ ਜਾਂਦਾ ਹੈ ਤੇ ਵਿਆਹ ਤੋਂ ਦੋ ਤਿੰਨ ਮਹੀਨੇ ਮਗਰੋਂ ਇਹ ਰੀਤ ਕੀਤੀ ਜਾਂਦੀ ਹੈ ।

ਪੱਛਮੀ ਪੰਜਾਬ (ਪਾਕਿਸਤਾਨ) ਦੇ ਮੁਸਲਮਾਨਾਂ ਵਿਚ ਇਹ ਰੀਤ ਤੀਜੇ ਫੇਰੇ ਕੀਤੀ ਜਾਂਦੀ ਹੈ ।

(ਖ-66) **ਖਿਜ਼ਰ** :

ਦਰਿਆ ਦਾ ਦੇਵਤਾ; ਖਿਜ਼ਰ ਦੀ ਪੂਜਾ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਪ੍ਰਚਲਤ ਹੈ । ਮੁਸਲਮਾਨ ਤਾਂ ਖ਼ਵਾਜਾ ਖਿਜ਼ਰ ਨੂੰ ਪੰਜ ਪੀਰਾਂ ਵਿਚੋਂ ਇਕ ਮੰਨਦੇ ਹਨ । ਦਰਿਆ ਦੇ ਕੰਢੇ ਵਸਦੇ ਲੋਕ ਇਸਨੂੰ ਉਚੇਚਾ ਪੂਜਦੇ ਹਨ ।

ਖਿਜ਼ਰ ਦੇ ਸ਼ਾਬਦਿਕ ਅਰਥ ਹਨ—'ਹਰੇ ਰੰਗ ਦਾ'; ਇਕ ਮਨੌਤ ਅਨੁਸਾਰ ਹਰੇ ਰੰਗ ਦੇ ਕਪੜੇ ਪਹਿਨਣ ਕਰਕੇ, ਖ਼ਵਾਜਾ ਖਿਜ਼ਰ ਨਾਲ ਇਹ ਉਪਾਧੀ ਜੁੜ ਗਈ । ਹਰੇ ਰੰਗ ਨੂੰ ਮੁਸਲਮਾਨ ਸਹਿਜ ਭਾਵ ਵਿਚ ਬੜਾ ਪਵਿਤਰ ਮੰਨਦੇ ਹਨ । ਇਕ ਹੋਰ ਮਨੌਤ ਅਨੁਸਾਰ ਖਿਜ਼ਰ ਚਿੱਟੇ ਰੰਗ ਦੇ ਕਪੜੇ ਪਹਿਨਦਾ ਹੈ ਤੇ ਇਸਦੀ ਲੰਮੀ ਚਿੱਟੀ ਦਾਹੜੀ ਇਸਦੇ ਜਲੌ ਵਿਚ ਵਾਧਾ ਕਰਦੀ ਹੈ ।

ਅਰਬੀ ਲੋਕਧਾਰਾ ਵਿਚ ਇਸਦਾ ਨਾਂ 'ਇਲ ਖਿਜ਼ਰ' ਹੈ । ਇਹ ਆਬੇ-ਹਯਾਤ ਦੇ ਚਸ਼ਮੇ ਤੋਂ ਅੰਮ੍ਰਿਤ ਪੀ ਕੇ ਅਮਰ ਹੋ ਗਿਆ ਤੇ ਅਜ ਤਕ ਜੀਉਂਦਾ ਵਿਚਰਦਾ ਹੈ, ਉਹ ਆਪਣੇ ਸ਼ਰਧਾਲੂਆਂ ਨੂੰ ਕਦੇ ਕਦੇ ਦਰਸ਼ਨ ਵੀ ਦੇਂਦਾ ਹੈ ।

ਮੁੱਢਲੇ ਮੁਸਲਮਾਨ ਇਤਿਹਾਸਕਾਰਾਂ ਅਨੁਸਾਰ ਖਿਜ਼ਰ, ਮਹਾਨ ਸਿਕੰਦਰ ਦਾ ਵਜ਼ੀਰ ਸੀ, ਜਿਸਨੂੰ ਆਬੇ-ਹਯਾਤ ਦਾ ਉਹ ਚਸ਼ਮਾ ਲੱਭ ਪਿਆ, ਜੋ ਸਿਕੰਦਰ ਲੱਭਣ ਵਿਚ ਅਸਫਲ ਰਿਹਾ ਸੀ (ਈ.ਆਰ.ਈ. 7,693) ।

ਯੂਨਾਨੀ ਕਥਾਵਾਂ ਅਨੁਸਾਰ ਮਹਾਨ ਸਿਕੰਦਰ ਅਮਰਤਾ ਪ੍ਰਾਪਤ ਕਰਨ ਦਾ ਬੜਾ ਦਾਹਵਾਨ ਸੀ । ਉਸਦੇ ਰਸੋਈਏ

ਨੂੰ, ਜਿਸਦਾ ਕੁਝ ਰਵਾਇਤਾਂ ਵਿਚ, ਅੰਦਰੀਸ ਨਾਉਂ ਦਸਿਆ ਹੈ, ਨੂੰ ਉਹ ਚਸ਼ਮਾ ਮਿਲ ਗਿਆ । ਖਿਜ਼ਰ ਖਾਣਾ ਪਕਾਣ ਲਈ ਇਕ ਚਸ਼ਮੇ ਦੇ ਪਾਣੀ ਵਿਚ ਮਰੀ ਹੋਈ ਮੱਛੀ ਸਾਫ਼ ਕਰਨ ਲਗਾ, ਪਰ ਉਹ ਮੁੜ ਜ਼ਿੰਦਾ ਹੋ ਕੇ ਉਹਦੇ ਹੱਥਾਂ ਵਿਚੋਂ ਤਿਲਕ ਗਈ ਤੇ ਪਾਣੀ ਵਿਚ ਅਲੋਪ ਹੋ ਗਈ । ਰਸੋਈਏ ਨੇ ਉਥੋਂ ਦੋ ਚਾਰ ਘੁਟ ਅੰਮ੍ਰਿਤ ਪੀ ਲਿਆ ਤੇ ਅਮਰ ਹੋ ਗਿਆ । ਰਸੋਈਏ ਨੇ ਸਾਰੀ ਗੱਲ ਸਿਕੰਦਰ ਨੂੰ ਦਸੀ । ਪਰ ਸਿਕੰਦਰ ਨੂੰ ਉਸ ਚਸ਼ਮੇ ਦਾ ਰਾਹ ਥਾਹ ਨਾ ਲੱਭਾ ਤੇ ਉਸਨੇ ਆਪਣੇ ਰਸੋਈਏ ਨੂੰ ਮਾਰ ਮੁਕਾਣ ਦੀ ਸੋਚੀ, ਪਰ ਖਿਜ਼ਰ ਉਪਰ ਮੌਤ ਦਾ ਕੋਈ ਅਧਿਕਾਰ ਨਹੀਂ ਸੀ ਰਿਹਾ ; ਤਾਂ ਸਿਕੰਦਰ ਨੇ ਰਸੋਈਏ ਦੇ ਗਲ ਇਕ ਭਾਰੀ ਪੱਥਰ ਬੰਨ੍ਹ ਕੇ ਸਮੁੰਦਰ ਵਿਚ ਸੁੱਟ ਦਿਤਾ, ਜਿਥੇ ਉਹ ਸਮੁੰਦਰੀ ਦਾਨਵ ਬਣ ਗਿਆ ।

ਯੂਨਾਨ ਤੋਂ ਇਹ ਕਥਾ ਖਿੰਡ ਕੇ ਸੀਰੀਆ ਵਿਚ ਆਈ ਤੇ ਸੀਰੀਆ ਤੋਂ ਅਰਬ ਦੇਸ਼ਾਂ ਵਿਚ । ਇਸਲਾਮ ਦੇ ਮੁੱਢ ਤੋਂ ਪਹਿਲਾਂ ਇਹ ਕਥਾ ਅਰਬ ਦੇ ਲੋਕਾਂ ਦੀਆਂ ਰਵਾਇਤਾਂ ਦਾ ਹਿੱਸਾ ਬਣ ਚੁਕੀ ਸੀ । ਖਿਜ਼ਰ ਨੂੰ ਹੀ ਸਿਕੰਦਰ ਦਾ ਉਹ ਰਸੋਈਆ ਮੰਨਿਆ ਜਾਣ ਲਗਾ, ਜਿਸ ਨੇ ਆਬੇਹਯਾਤ ਪੀਤਾ ਸੀ । ਜਦੋਂ ਅੰਦਰੀਸ਼ ਨੂੰ ਸਾਗਰ ਵਿਚ ਸੁਟਿਆ ਗਿਆ ਤਾਂ ਉਹ ਹਰੇ ਰੰਗ ਵਿਚ ਢੱਲ ਗਿਆ ।

ਅਲ-ਖਿਜ਼ਰ ਬਾਰੇ ਇਸ ਕਥਾ ਦਾ ਜ਼ਿਕਰ, ਕੁਰਾਨ ਦੇ ਇਕ ਸੂਰੇ (118-59-81) ਵਿਚ ਮਿਲਦਾ ਹੈ । ਭਾਵੇਂ ਖਿਜ਼ਰ ਦਾ ਸਿੱਧਾ ਜ਼ਿਕਰ ਨਹੀਂ ਆਉਂਦਾ, ਪਰ ਸੰਕੇਤ ਉਸੇ ਵਲ ਹੈ ।

ਖ਼ਵਾਜਾ ਖਿਜ਼ਰ ਦਾ ਯਹੂਦੀ ਪੈਗੰਬਰ ਇਲੀਜਾਹ ਨਾਲ ਵੀ ਏਕੀਕਰਣ ਕੀਤਾ ਜਾਂਦਾ ਹੈ । ਕਿਉਂ ਜੋ ਇਲੀਜਾਹ ਨੇ ਵੀ ਖਿਜ਼ਰ ਵਾਂਗ ਅਮਰਤਾ ਪ੍ਰਾਪਤ ਕੀਤੀ ਹੋਈ ਸੀ । ਇਸਲਾਮ ਮਤ ਵਿਚ ਇਹ ਧਾਰਨਾ ਪ੍ਰਚਲਤ ਹੈ (ਉਹੀ 694) ਕਿ ਖਿਜ਼ਰ ਦਾ ਅਸਲੀ ਨਾਂ ਇਲੀਯਾ, ਇਲੀਜਾਹ ਦਾ ਯਹੂਦੀ ਰੂਪ ਸੀ । ਦੋਹਾਂ ਵਿਚ ਅਨੇਕਾਂ ਪੱਖਾਂ ਤੋਂ ਸਾਂਝ ਪ੍ਰਗਟ ਹੁੰਦੀ ਹੈ । ਦੋਹਾਂ ਦਾ ਕੰਮ ਸਫ਼ਰ ਵੇਲੇ ਮੁਸਾਫ਼ਰਾਂ ਦੀ ਰਖਿਆ ਕਰਨਾ ਹੈ ।

ਪੰਜਾਬ ਵਿਚ ਖ਼ਵਾਜਾ ਖਿਜ਼ਰ ਦਰਿਆ ਦਾ ਦੇਵਤਾ ਹੈ । ਮਲਾਹ ਬੇੜੀ ਠੇਲਣ ਲਗਿਆਂ ਪਹਿਲਾਂ ਖ਼ਵਾਜਾ ਖਿਜ਼ਰ ਨੂੰ ਪੂਜਦੇ ਹਨ । ਕਈ ਮਲਾਹ ਰਾਤ ਵੇਲੇ ਕੱਖਾਂ ਕਾਨਿਆਂ ਦੀਆਂ ਨਿੱਕੀਆਂ ਨਿੱਕੀਆਂ ਬੇੜੀਆਂ ਵਿਚ, ਦੀਵੇ ਬਾਲ ਕੇ ਦਰਿਆ ਦੀ ਭੇਟ ਕਰਦੇ ਹਨ । ਮੁਸਲਮਾਨਾਂ ਵਿਚ ਖਿਜ਼ਰ ਦੀ ਪੂਜਾ ਕਰਨ ਵਾਲੇ 'ਸਬਜ਼ਪੋਸ਼' ਅਖਵਾਉਂਦੇ ਹਨ ।

(ਖ-67) **ਖਿਡਾਵਾ** :

ਜਿੰਨ-ਭੂਤ ਕਢਣ ਜਾਂ ਸਾਇਆ ਉਤਾਰਨ ਵਾਲਾ ਸਿਆਣਾ; ਖਿਡਾਵਾ ਰੋਗੀ ਨੂੰ ਆਪਣੇ ਸਾਹਮਣੇ ਚੌਕੀ ਉੱਤੇ ਬਿਠਾ ਕੇ ਮੰਤਰਾ, ਗੀਤਾਂ ਤੇ ਕਰਮ-ਕਾਂਡਾਂ ਨਾਲ ਜਾਂ ਫਿਰ ਕਈ ਵਾਰ ਜਿਸਮਾਨੀ ਤੇ ਮਾਨਸਿਕ ਤਸੀਹੇ ਦੇ ਕੇ, ਉਸ ਦੇ ਅੰਦਰੋਂ ਭੂਤ-ਪ੍ਰੇਤ ਕਢਦਾ ਹੈ । ਜਿਹਾ ਕਿ ਰੋਗੀ ਦੀਆਂ ਨਾਸਾਂ ਵਿਚ ਧੂੰ ਦੇਣਾ, ਤੱਤੀਆਂ ਸੀਖਾਂ ਜਿਸਮ ਉਤੇ ਲਗਾਣੀਆਂ, ਧਾਰਨਾ ਹੈ ਕਿ ਇਹ ਸਭ ਕਸ਼ਟ ਰੋਗੀ ਨੂੰ ਨਹੀਂ, ਉਸ ਦੇ ਅੰਦਰ ਵਸਦੇ ਪ੍ਰੇਤ ਨੂੰ ਪਹੁੰਚਦੇ ਹਨ ਤੇ ਉਹ ਨਸ ਜਾਂਦਾ ਹੈ । ਰੋਗੀ ਲਈ ਇਹ ਤਸੀਹੇ ਖੇਡ ਤੋਂ ਵਧ ਅਰਥ ਨਹੀਂ ਰਖਦੇ । ਭੂਤ ਪ੍ਰੇਤ ਨੱਠਣ ਤੋਂ ਪਹਿਲਾਂ ਕੋਈ ਸੰਕੇਤ ਕਰ ਜਾਂਦਾ ਹੈ ਜਿਵੇਂ ਕੋਈ ਚੀਜ਼ ਭੰਨ ਜਾਣੀ ਜਾਂ ਕੋਈ ਆਵਾਜ਼ ਕਢਣੀ । ਇਹ ਸਭ ਕਾਰਨ ਰਹੱਸਮਈ ਹਨ । ਇਸੇ ਲਈ ਸਿਆਣੇ ਜਾਂ ਓਝੇ ਨੂੰ ਖਿਡਾਵਾ ਵੀ ਕਿਹਾ ਜਾਂਦਾ ਹੈ (ਵੇਖੋ : ਸਿਆਣਾ, ਓਝਾ) ।

(ਖ-68) **ਖਿਡੌਣਾ** :

ਖਿਡੌਣੇ ਬਨਾਉਣ ਦਾ ਰਵਾਜ ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ । ਮਹਿੰਜੋਦਾਰੋ, ਹੜਪਾ ਤੇ ਹੋਰ ਪੁਰਾਣੀਆਂ ਥੇਹਾਂ ਵਿਚੋਂ, ਜੋ ਸਾਮਗਰੀ ਮਿਲੀ ਹੈ, ਉਨ੍ਹਾਂ ਵਿਚ ਪਸ਼ੂਆਂ ਤੇ ਜਨੌਰਾਂ ਦੇ ਕੁਝ ਖਿਡੌਣੇ ਵੀ ਮਿਲੇ ਹਨ । ਕੁਝ ਠੀਕਰਾਂ-ਮੋਹਰਾਂ ਉੱਤੇ ਜਾਨਵਰਾਂ ਦੀਆਂ ਮੂਰਤਾਂ ਵੀ ਵਾਹੀਆਂ ਮਿਲੀਆਂ ਹਨ । ਇਹ ਖਿਡੌਣੇ ਤੇ ਠੀਕਰ-ਮੋਹਰਾਂ ਮਿੱਟੀ ਦੀਆਂ ਬਣੀਆਂ ਹੋਈਆਂ ਹਨ । ਇਹ ਅੱਗ ਵਿਚ ਪਕਾਈਆਂ ਗਈਆਂ ਹੋਣ ਕਰਕੇ ਪੱਕੀਆਂ ਹਨ ।

ਗਲੀਆਂ ਵਿਚ ਟੱਪਰੀਵਾਸੀ ਤੀਵੀਆਂ ਘੁਘੂ-ਘੋੜੇ ਵੇਚਣ ਆਉਂਦੀਆਂ ਹਨ, ਮਿੱਟੀ ਦੇ ਇਹ ਖਿਡੌਣੇ ਭਾਵੇਂ ਸਾਧਾਰਣ ਹੋਦੇ ਹਨ, ਪਰ ਕਲਾ ਤੋਂ ਵਾਂਝੇ ਨਹੀਂ ਹੁੰਦੇ । ਘੁਘੂ ਘੋੜੇ ਅੱਗ ਵਿਚ ਪਕਾਏ ਹੁੰਦੇ ਹਨ । ਇਨ੍ਹਾਂ ਵਿਚ ਫੂਕ ਮਾਰਨ ਨਾਲ ਮਧੁਰ ਧੁਨੀ ਨਿਕਲਦੀ ਹੈ । ਇਹ ਬੱਚਿਆਂ ਦਾ ਲੋਕ-ਸਾਜ਼ ਹੈ ।

ਘੁਮਿਆਰ ਹਰ ਤਰ੍ਹਾਂ ਦੇ ਖਿਡੌਣੇ ਬਣਾਉਂਦੇ ਹਨ । ਉਹ ਚਿੜੀਆਂ, ਕਬੂਤਰ ਤੇ ਤੋਤੇ ਆਦਿ ਤੋਂ ਇਲਾਵਾ ਪੌਰਾਣਿਕ ਵਿਅਕਤੀਆਂ ਦੇ ਵੀ ਖਿਡੌਣੇ ਬਣਾਉਂਦੇ ਹਨ, ਜੋ ਦੀਵਾਲੀ ਦੇ ਦਿਨਾਂ ਵਿਚ, ਬੱਚੇ ਸ਼ੌਕ ਨਾਲ ਖ਼ਰੀਦ ਕੇ ਘਰ ਲੈ ਜਾਂਦੇ ਹਨ । ਦੀਵਾਲੀ ਉੱਤੇ ਕੋਈ ਨਾ ਕੋਈ ਖਿਡੌਣਾ ਖ਼ਰੀਦਣਾ ਸ਼ੁਭ ਮੰਨਿਆ ਜਾਂਦਾ ਹੈ । ਵੈਸੇ ਵੀ ਪੰਜਾਬੀ ਬੱਚੇ ਹਰ ਮੇਲੇ ਉਤੇ ਖਿਡੌਣੇ ਸ਼ੌਕ ਨਾਲ ਖ਼ਰੀਦਦੇ ਹਨ ।

ਖਿਡੌਣਿਆਂ ਵਿਚੋਂ ਗੁੱਡੀਆਂ, ਪਟੋਲਿਆਂ ਦਾ ਖ਼ਾਸ

ਮਹੱਤਵ ਹੈ। ਗੁੱਡੀਆਂ ਪਟੋਲੇ ਲੀਰਾਂ ਦੇ ਬਣੇ ਹੁੰਦੇ ਹਨ ਤੇ ਇਨ੍ਹਾਂ ਖਿਡੌਣਿਆਂ ਨੂੰ ਖੁਦ ਹੀ ਪੁਰਾਣੇ ਕਪੜਿਆਂ ਨਾਲ ਬਣਾ ਲਿਆ ਜਾਂਦਾ ਹੈ। ਛੋਟੀਆਂ ਕੁੜੀਆਂ ਦਾ ਸਭ ਤੋਂ ਵਧ ਅਨੰਦਦਾਇਕ ਖੇਡ 'ਗੁੱਡੀ ਗੁੱਡੇ ਦਾ ਵਿਆਹ' ਹੈ।

ਤੀਲਿਆਂ ਤੇ ਕਾਨਿਆਂ ਨੂੰ ਜੋੜ ਕੇ ਵੀ ਕੁਝ ਖਿਡੌਣੇ ਬਣਾਏ ਜਾਂਦੇ ਹਨ। ਇਨ੍ਹਾਂ ਖਿਡੌਣਿਆਂ ਵਿਚ ਛਣਕਣਾ ਖ਼ਾਸ ਤੌਰ ਤੇ ਪ੍ਰਸਿਧ ਹੈ। ਇਹ ਖਿਡੌਣੇ ਟਪਰੀਵਾਸੀ ਬਣਾਉਂਦੇ ਹਨ ਤੇ ਗਲੀਆਂ ਵਿਚ ਬੱਚਿਆਂ ਨੂੰ ਦੇ ਕੇ, ਵੱਟੇ ਵਿਚ ਆਟਾ ਲੈ ਲੈਂਦੇ ਹਨ।

## (ਖ-69) **ਖਿੱਤੀ।**

ਤਾਰਿਆਂ ਦਾ ਝੁਰਮਟ (ਵੇਖੋ : ਗਿੱਟੀਆਂ)।

ਸਪਤ ਰਿਸ਼ੀ ਨੂੰ ਵੀ ਖਿੱਤੀ ਕਿਹਾ ਜਾਂਦਾ ਹੈ (ਵੇਖੋ : ਸਪਤ ਰਿਸ਼ੀ)।

## (ਖ-70) **ਖਿਦੋ ਖੇਹਨੂੰ** :

ਲੀਰਾਂ ਤੇ ਕਾਤਰਾਂ ਉਤੇ ਧਾਗੇ ਵਲ੍ਹੇਟ ਕੇ ਬਣਾਈ ਗੇਂਦ, ਜਿਸ ਨਾਲ ਬੱਚੇ ਖੇਡਦੇ ਹਨ। ਖਿਦੋ ਨਾਲ ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਜਾਂਦੀਆਂ ਹਨ। ਇਕ ਖੇਡ ਵਿਚ ਖਿਦੋ ਨੂੰ ਫੱਟੀ ਜਾਂ ਤਖ਼ਤੀ (ਪੱਟੀ) ਨਾਲ ਉਛਾਲ ਕੇ ਇਕ ਦੂਜੇ ਵਲ ਸੁਟਿਆ ਜਾਂਦਾ ਹੈ, ਇਸ ਨੂੰ ਖਿਦੋ-ਪੱਟੀ ਕਿਹਾ ਜਾਂਦਾ ਹੈ। ਇਹ ਖੇਡ ਗੇਂਦ-ਬੱਲੇ ਨਾਲ ਮਿਲਦੀ ਹੈ। ਇਕ ਹੋਰ ਖੇਡ ਵਿਚ ਖਿਦੋ ਨੂੰ ਖੂੰਡੀਆਂ ਨਾਲ ਖੇਡਿਆ ਜਾਂਦਾ ਹੈ। ਇਹ ਖੇਡ ਹਾਕੀ ਨਾਲ ਮਿਲਦੀ ਜੁਲਦੀ ਹੈ।

## (ਖ-71) **ਖਿਦੋ-ਖੂੰਡੀ** :

ਇਕ ਖੇਡ, ਜੋ ਲੀਰਾਂ ਤੇ ਧਾਗੇ ਰੱਸੀਆਂ ਦੀ ਬਣੀ ਖਿਦੋ ਤੇ ਡੰਡਿਆਂ ਨਾਲ ਖੇਡੀ ਜਾਂਦੀ ਹੈ। ਡੰਡਾ ਰਤਾ ਕੁ ਅਗੋਂ ਮੁੜਿਆ ਹੋਣ ਕਰਕੇ ਖੂੰਡੀ ਅਖਵਾਉਂਦਾ ਹੈ। ਇਹ ਖੇਡ ਹਾਕੀ ਨਾਲ ਮਿਲਦੀ ਜੁਲਦੀ ਹੈ।

## (ਖ-72) **ਖਿਦੋ ਪੱਟੀ** :

ਬੱਚਿਆਂ ਦੀ ਇਕ ਖੇਡ, ਜਿਸ ਵਿਚ ਬੱਚੇ ਖਿਦੋ ਨੂੰ ਪੱਟੀ (ਤਖ਼ਤੀ) ਦੀ ਸੱਟ ਨਾਲ ਉਛਾਲਦੇ ਇਕ ਦੂਜੇ ਵਲ ਸੁਟਦੇ ਹਨ।

## (ਖ-73) **ਖਿੰਧੋਲਾ** :

ਕਾਲੇ ਰੰਗ ਦਾ ਇਕ ਚੋਗਾ, ਜ ਮੁਗਲਾਂ ਦੇ ਰਾਜ ਵੇਲੇ ਸ਼ਿਕਾਇਤ ਕਰਨ ਵਾਲੇ ਲੋਕ, ਹਾਕਿਮ ਪਾਸ ਪਹਿਨ ਕੇ ਜਾਇਆ ਕਰਦੇ ਸਨ। ਚੋਗੇ ਨੂੰ ਹੀ ਵੇਖ ਕੇ ਹਾਕਿਮ ਜਾਣ ਲੈਂਦਾ ਸੀ ਕਿ ਇਹ ਕਿਸ ਮੰਤਵ ਲਈ ਆਏ ਹਨ। 'ਗੁਰਸ਼ਬਦ ਰਤਨਾਕਰ' ਅਨੁਸਾਰ ਅਜਿਹੇ ਚੋਲੇ ਪਿੰਡਾਂ ਵਿਚ ਪੰਚਾਇਤੀ ਧਰਮਸਾਲ ਵਿਚ ਰਖੇ ਹੁੰਦੇ ਸਨ। ਬਹੁਤੇ ਲੋਕਾਂ ਵਲੋਂ ਵਰਤੇ ਜਾਣ ਸਦਕਾ ਮੈਲੇ ਤੇ ਜੂੰਆਂ ਭਰੇ ਹੋਣ ਕਰਕੇ ਖਿੰਧੋਲਾ ਅਖਵਾਉਂਦੇ ਸਨ।

ਪੁਰਾਣੇ ਕਪੜੇ ਦੀਆਂ ਟਾਕੀਆਂ ਜੋੜ ਕੇ ਬਣਾਏ ਵਿਛੌਣੇ ਨੂੰ ਵੀ ਖਿੰਧੋਲਾ ਕਿਹਾ ਜਾਂਦਾ ਹੈ। ਕਹਾਵਤ ਹੈ : 'ਜੂੰਆਂ ਪੈ ਜਾਣ ਤਾਂ ਖਿੰਧੋਲਾ ਕੋਈ ਸੁੱਟ ਨਹੀਂ ਪਾਉਂਦਾ।'

## (ਖ-74) **ਖਿਲਤ** :

ਉਹ ਪੁਸ਼ਾਕ, ਜੋ ਬਾਦਸ਼ਾਹ ਸਨਮਾਨ ਵਜੋਂ ਕਿਸੇ ਅਧਿਕਾਰੀ ਨੂੰ, ਉਸਦੇ ਕੀਤੇ ਕੰਮ ਉਤੇ ਪ੍ਰਸੰਨ ਹੋ ਕੇ ਬਖ਼ਸ਼ਦਾ ਹੈ। ਮੁਗ਼ਲ ਤੇ ਸਿੱਖ ਰਾਜ ਸਮੇਂ ਖਿਲਤਾਂ ਦੇਣ ਦਾ ਆਮ ਰਵਾਜ ਸੀ। ਖਿਲਤ ਵਿਚ ਘਟੋ ਘਟ ਤਿੰਨ ਕਪੜੇ ਜ਼ਰੂਰੀ ਹੁੰਦੇ ਸਨ, ਜਿਨ੍ਹਾਂ ਵਿਚੋਂ ਇਕ ਪਗੜੀ ਜਾਂ ਪਟਕਾ ਹੁੰਦਾ। ਪਰ ਕਈ ਖਿਲਤਾਂ ਵਿਚ ਕੀਮਤੀ ਵਸਤ੍ਰ, ਹੀਰੇ ਮੋਤੀ, ਅਨਮੋਲ ਪਦਾਰਥ ਤੇ ਹਥਿਆਰ ਵੀ ਸ਼ਾਮਲ ਹੁੰਦੇ ਸਨ। ਕਈ ਵਾਰ ਖਿਲਤ ਵਿਚ ਘੋੜਾ ਜਾਂ ਹਾਥੀ ਆਦਿ ਸਵਾਰੀ ਦੇ ਪਸ਼ੂ ਵੀ ਸ਼ਾਮਲ ਕਰ ਲਏ ਜਾਂਦੇ ਸਨ।

ਖਿਲਤ ਕਈ ਮੌਕਿਆਂ ਉਤੇ ਬਖ਼ਸ਼ੀ ਜਾਂਦੀ ਸੀ। ਕਿਸੇ ਸਰਕਾਰੀ ਅਧਿਕਾਰੀ ਨੂੰ ਜਦੋਂ ਕੋਈ ਨਵਾਂ ਅਹੁਦਾ ਸੌਂਪਿਆ ਜਾਂਦਾ ਜਾਂ ਉਸ ਦੀ ਤਰੱਕੀ ਹੁੰਦੀ। ਯੁੱਧ ਵਿਚ ਬਹਾਦਰੀ ਵਿਖਾਣ ਲਈ ਵੀ ਚੋਣਵੇਂ ਸੂਰਮਿਆਂ ਨੂੰ ਖਿਲਤਾਂ ਦਿਤੀਆਂ ਜਾਂਦੀਆਂ, ਖਿਲਤ ਜਾਂ ਤਾਂ ਬਾਦਸ਼ਾਹ ਆਪਣੇ ਹੱਥੀਂ ਬਖ਼ਸ਼ਦਾ ਜਾਂ ਕਿਸੇ ਉਚੇ ਅਧਿਕਾਰੀ ਦੁਆਰਾ ਭੇਜਦਾ।

ਖਿਲਤਾਂ ਦੇਣ ਦੀ ਪ੍ਰਥਾ ਬੜੀ ਪੁਰਾਣੀ ਹੈ। ਪਹਿਲਿਆਂ ਵਿਚ ਬਾਦਸ਼ਾਹ ਜਾਂ ਰਾਜਾ ਆਪਣੇ ਤਨ ਦੇ ਉਤਾਰੇ ਵਸਤ੍ਰ ਲੋਕਾਂ ਨੂੰ ਬਖ਼ਸ਼ ਦਿਤਾ ਕਰਦੇ ਸਨ ਤੇ ਲੋਕ ਇਨ੍ਹਾਂ ਨੂੰ ਬਰਕਤ ਵਾਲੀ ਵਸਤੂ ਸਮਝ ਕੇ ਕਈ ਪੀੜ੍ਹੀਆਂ ਤਕ ਸੰਭਾਲੀ ਰਖਦੇ ਸਨ। ਲੋਕਾਂ ਦਾ ਨਿਸਚਾ ਸੀ ਕਿ ਕਿਸੇ ਮਹਾਂਪੁਰਖ ਦੇ ਉਤਾਰ ਵਿਚ ਉਸਦੇ ਦੈਵੀ ਗੁਣਾਂ ਦਾ ਅੰਸ਼-ਮਾਤਰ ਰਹਿੰਦਾ ਹੈ ਤੇ ਇਸ ਨੂੰ ਪਹਿਨਣ ਜਾਂ ਕੋਲ ਰਖਣ ਨਾਲ ਉਹ ਗੁਣ ਸਹਿਜ ਭਾਵ ਵਿਚ ਹੀ ਗ੍ਰਹਿਣ ਹੋ ਜਾਂਦੇ ਹਨ। ਪਦਾਰਥਵਾਦੀ ਰੁੱਚੀ ਵਾਲਿਆਂ ਨੇ ਬਾਦਸ਼ਾਹਾਂ ਤੇ ਰਾਜਿਆਂ ਮਹਾਰਾਜਿਆਂ ਦੇ ਉਤਾਰ ਵਿਚ ਵੀ, ਇਹੋ ਬਰਕਤ ਅਨੁਭਵ ਕੀਤੀ ਤੇ ਇਨ੍ਹਾਂ ਕਪੜਿਆਂ ਨੂੰ ਪ੍ਰਾਪਤ ਕਰਨ ਦੇ ਯਤਨ ਕੀਤੇ। ਪਿਛੋਂ ਬਾਦਸ਼ਾਹਾਂ ਨੇ ਨਵੇਂ ਵਸਤ੍ਰਾਂ ਦੀਆਂ ਖਿਲਤਾਂ ਬਖ਼ਸ਼ਣੀਆਂ ਸ਼ੁਰੂ ਕਰ ਦਿਤੀਆਂ, ਨਵੇਂ ਵਸਤ੍ਰ ਸਰੀਰ ਨਾਲ ਛੂਹਾ ਕੇ ਵੰਡ ਦਿਤੇ ਜਾਂਦੇ।

(ਖ-75) **ਖੀਉੜੇ** :

(ਵੇਖੋ : ਖਿਉੜੇ)।

(ਖ-76) **ਖੀਰ** :

ਦੁੱਧ ਪਾਣੀ ਵਿਚ ਖੰਡ ਮਿਲਾ ਕੇ ਰਿੱਧੇ ਚਾਵਲ; ਪੀਣ ਦੇ ਪਦਾਰਥਾਂ ਵਿਚ ਦੁੱਧ ਅਤੇ ਅੰਨਾਂ ਵਿਚੋਂ ਚਾਵਲ, ਸ਼ਕਰ ਤੇ ਜਲ ਸਭ ਤੋਂ ਉਤਮ ਤੇ ਸੁਭ ਮੰਨੇ ਜਾਂਦੇ ਹਨ। ਇਨ੍ਹਾਂ ਦੇ ਮੇਲ ਤੋਂ ਬਣੀ ਖੀਰ ਸੁਭ ਪਦਾਰਥ ਹੈ। ਪੰਜਾਬ ਵਿਚ, ਹਰ ਸੰਗਰਾਂਦ ਵਾਲੇ ਦਿਨ, ਖੀਰ ਖਾਣ ਦਾ ਰਵਾਜ ਰਿਹਾ ਹੈ ਜੋ ਹੁਣ ਘਟਦਾ ਜਾ ਰਿਹਾ ਹੈ, ਨਿਸਚਾ ਹੈ ਕਿ ਸੰਗਰਾਂਦ ਵਾਲੇ ਦਿਨ ਖੀਰ ਖਾਣ ਨਾਲ ਸਾਰਾ ਮਹੀਨਾ ਘਰ ਵਿਚ ਅੰਨ-ਪਦਾਰਥਾਂ ਦੀ ਉਥਲ ਉਛਲ ਰਹਿੰਦੀ ਹੈ। ਸਾਵਨ ਦੇ ਮਹੀਨੇ ਖੀਰ ਖਾਣ ਦਾ ਬੜਾ ਮਹਾਤਮ ਸਮਝਿਆ ਗਿਆ ਹੈ ਤੇ ਘਟੋ ਘਟ ਇਕ ਵਾਰ, ਹਰ ਘਰ ਵਿਚ ਖੀਰ ਜ਼ਰੂਰ ਰਿੱਧੀ ਜਾਂਦੀ ਹੈ। ਅਖਾਣ ਵੀ ਹੈ :—

ਸਾਵਨ ਖੀਰ ਨਾ ਖਾਧੀਆ
ਕਿਉਂ ਜੰਮਿਉਂ ਅਪਰਾਧੀਆ

ਜਿਹੜੇ ਲੋਕ ਗ਼ਰੀਬੀ ਕਾਰਨ ਖੀਰ ਨਹੀਂ ਖਾ ਸਕਦੇ, ਉਹ ਇਹ ਕਹਿ ਕੇ ਸੁਰਖਰੂ ਹੋ ਜਾਂਦੇ ਹਨ :—

ਕਿਥੋਂ ਲਿਆਵਾਂ ਪਾਪਣੇ
ਜੇ ਘਰ ਨਾ ਹੋਵੇ ਆਪਣੇ

ਸਰਾਧਾਂ ਦੇ ਦਿਨੀਂ ਪੁਰਖਾਂ ਨਮਿਤ ਪੂੜੀਆਂ ਤੇ ਖੀਰ ਦਾਨ ਦਿਤੀ ਜਾਂਦੀ ਹੈ। ਬ੍ਰਾਹਮਣ ਖੀਰ ਦੇ ਬੜੇ ਚਾਹਵਾਨ ਹਨ, ਜੇ ਭੋਜਨ ਸਮੇਂ ਖੀਰ ਨਾ ਖਵਾਈ ਜਾਵੇ ਤਾਂ ਉਹ ਪ੍ਰਸੰਨ ਨਹੀਂ ਹੁੰਦੇ।

ਖੀਰ ਨਾਲ ਕੁਝ ਰਸਮਾਂ-ਰੀਤਾਂ ਵੀ ਸੰਬੰਧਿਤ ਹਨ।

ਵਿਆਹ ਦੀ ਇਕ ਰਸਮ, ਜਿਸ ਵਿਚ ਵਰ ਤੇ ਕੰਨਿਆਂ ਨੂੰ ਇਕੱਠੇ ਬਿਠਾ ਕੇ ਖੀਰ ਖੁਆਈ ਜਾਂਦੀ ਹੈ। ਇਹ ਰਸਮ ਵਰ ਦੇ ਘਰ, ਡੋਲੀ ਪਹੁੰਚਣ ਤੋਂ ਅਗਲੇ ਦਿਨ, ਕੀਤੀ ਜਾਂਦੀ ਹੈ ਤੇ ਇਸ ਦਾ ਮੰਤਵ ਕੰਨਿਆਂ ਨੂੰ ਆਪਣੀ ਜਾਤ-ਗੋਤ ਵਿਚ ਸ਼ਾਮਲ ਕਰਨਾ ਹੈ (ਵੇਖੋ : ਗੋਤ-ਕੁਨਾਲ)।

(ਖ-77) **ਖੀਰ ਚਟਾਈ** :

ਇਕ ਰਸਮ; ਜਦੋਂ ਬੱਚਾ ਠੋਸ ਪਦਾਰਥ ਖਾਣ ਦੇ ਯੋਗ ਹੋ ਜਾਂਦਾ ਹੈ, ਤਾਂ ਉਸ ਨੂੰ ਪਹਿਲਾਂ ਰਸਮੀ ਢੰਗ ਨਾਲ ਖੀਰ ਚਟਾਈ ਜਾਂਦੀ ਹੈ ਤੇ ਪਿਛੋਂ ਕੋਈ ਹੋਰ ਅੰਨ ਦਿਤਾ ਜਾਂਦਾ ਹੈ। ਇਹ ਰਸਮ [illegible] ਦੇ [illegible] ਤੋਂ ਇਕ ਸਾਲ ਬਾਅਦ ਕੀਤੀ ਜਾਂਦੀ ਹੈ (ਵੇਖੋ [illegible])।

ਬੱਚੇ ਨੂੰ ਦੁੱਧ ਛੁਡ [illegible] ਲਾਂ ਖੀਰ ਚਟਾਈ ਜਾਂਦੀ ਹੈ ਤੇ ਫਿਰ ਕੋਈ ਅੰਨ ਮੂੰਹ ਲਗ [illegible]।

(ਖ-78) **ਖੀਰ ਸਾਗਰ** :

ਇਕ ਪੌਰਾਣਿਕ ਸਾਗਰ, ਜਿਸ ਨੂੰ ਸਤਿਜੁਗ ਵਿਚ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਰਿੜਕਿਆ ਤੇ ਉਸਨੂੰ ਮੱਥ ਕੇ, ਵਿਚੋਂ ਅੰਮ੍ਰਿਤ ਕਢਿਆ। ਇਸ ਸਾਗਰ ਦੀ ਭੂਗੋਲਿਕ ਸਥਿਤੀ ਬਾਰੇ ਪੁਰਾਣਾਂ ਵਿਚ ਕੋਈ ਸਪਸ਼ਟ ਵੇਰਵਾ ਨਹੀਂ ਮਿਲਦਾ।

ਪੌਰਾਣਾਂ ਵਿਚ ਸੱਤ ਸਾਗਰਾਂ ਦਾ ਵਰਨਣ ਹੈ, ਜੋ ਇਕ ਇਕ ਦੀਪ ਨੂੰ ਘੇਰੀ ਬੈਠੇ ਹਨ, ਇਨ੍ਹਾਂ ਸਾਗਰਾਂ ਵਿਚੋਂ ਇਕ ਸਾਗਰ ਖੀਰ ਅਥਵਾ ਦੁੱਧ ਦਾ ਹੈ। ਬਾਕੀ ਛੇ ਦਹੀਂ, ਘਿਉ, ਰਸ, ਸ਼ਹਿਦ, ਮਿੱਠੇ ਪਾਣੀ ਤੇ ਖਾਰੇ ਪਾਣੀ ਦੇ ਹਨ।

ਨਾਰਾਇਣ ਦਾ ਸਦੀਵੀ ਵਾਸਾ ਖੀਰ-ਸਾਗਰ ਵਿਚ ਹੀ ਮੰਨਿਆ ਗਿਆ ਹੈ। ਭੀੜ ਸਮੇਂ ਦੇਵਤੇ ਨਾਰਾਇਣ ਦੀ ਮਦਦ ਲੈਣ ਖੀਰ ਸਾਗਰ ਹੀ ਜਾਂਦੇ ਰਹੇ ਹਨ। ਜਾਪਦਾ ਹੈ ਕਿ ਖੀਰ-ਸਾਗਰ ਇਕ ਪੌਰਾਣਿਕ ਸਾਗਰ ਹੈ, ਜੋ ਆਕਾਸ਼-ਲੋਕ ਵਿਚ ਹੀ ਕਿਧਰੇ ਸਥਿਤ ਮੰਨਿਆ ਜਾਂਦਾ ਹੈ।

ਰਾਮਾਇਣ ਅਨੁਸਾਰ ਦੇਵਤਿਆਂ ਨੇ ਅਮਰ ਤੇ ਅਜਰ ਹੋਣ ਲਈ ਅੰਮ੍ਰਿਤ ਦੀ ਭਾਲ ਵਿਚ ਸਾਗਰ ਨੂੰ ਰਿੜਕਿਆ। ਕਈ ਹਜ਼ਾਰ ਵਰ੍ਹੇ ਉਹ ਸਾਗਰ ਨੂੰ ਰਿੜਕਦੇ ਰਹੇ ਅਤੇ ਮੰਦਾਰਾ ਪਰਬਤ ਦੇ ਦਰਖ਼ਤਾਂ ਤੇ ਬੂਟੀਆਂ ਦਾ ਰਸ, ਸਾਗਰ ਦੇ ਪਾਣੀ ਵਿਚ ਰਲਦਾ ਰਿਹਾ, ਜਿਸ ਕਰਕੇ ਉਹ ਦੁੱਧ ਵਿਚ ਬਦਲ ਗਿਆ।

ਨੰਦੂ ਲਾਲ ਡੇ ਨੇ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕੈਸਪੀਅਨ ਜਿਸਦਾ ਨਾਉਂ 'ਸੀਰ' ਲਿਖਿਆ ਮਿਲਦਾ ਹੈ, ਖੀਰ ਦਾ ਅਪਭ੍ਰੰਸ਼ ਰੂਪ ਹੈ। ਪਰ ਇਸ ਗੱਲ ਨਾਲ ਦੂਜੇ ਵਿਦਵਾਨ ਸਹਿਮਤ ਨਹੀਂ।

(ਖ-79) **ਖੀਰਾ** :

ਉਹ ਪਸ਼ੂ ਜਿਸ ਦੀਆਂ ਦੁੱਧ ਦੀਆਂ ਦੰਦੀਆਂ ਹੋਣ। ਅਜਿਹੇ ਪਸ਼ੂ ਬਹੁਤ ਅਸੀਲ ਸਮਝੇ ਜਾਂਦੇ ਹਨ, ਆਖਾਣ ਹੈ :

ਸੌਦੇ ਸਾਰ ਨਾ ਜਾਣੇ
ਤਾਂ ਕੁੰਦੇ ਖੀਰ ਵਿਹਾਜੇ।

(ਖ-80) **ਖੀਵਾ** :

ਮਿਰਜ਼ਾ ਸਾਹਿਬਾਂ ਦੀ ਪ੍ਰੀਤ-ਕਥਾ ਦਾ ਘਟਨਾ ਸਥਲ; ਇਹ ਥਾਉਂ ਝੰਗ ਤੋਂ ਉੱਤਰ ਵਲ 12 ਕੁ ਮੀਲਾਂ ਦੀ ਵਿਥ 'ਤੇ ਚਿਨਿਓਟ ਵਲ ਜਾਂਦੀ ਸੜਕ 'ਤੇ ਸਥਿਤ ਹੈ। ਖੀਵਾ ਪਿੰਡ ਸਾਹਿਬਾਂ ਦੇ ਪਿਉ ਖੀਵਾ ਖ਼ਾਨ ਨੇ ਵਸਾਇਆ ਸੀ। ਇਸ ਪਿੰਡ ਦੇ ਪੱਛਮ ਵਲ ਇਕ ਦਰਗਾਹ ਹੈ, ਜਿਸ ਦਾ [illegible] ਕਿ

ਮਿਰਜ਼ੇ ਨੇ ਇਸੇ ਦਰਗਾਹ ਉੱਤੇ ਸਾਹਿਬਾਂ ਨਾਲ ਪ੍ਰਣ ਕੀਤਾ ਸੀ ਕਿ ਜੇ ਜਾਨ ਵੀ ਕੁਰਬਾਨ ਕਰਨੀ ਪਈ ਤਾਂ ਵੀ ਉਹ ਇਸ਼ਕ ਨੂੰ ਸੂਰਮਿਆਂ ਵਾਂਗ ਨਿਭਾਹੇਗਾ।

ਖੀਵਾ ਖ਼ਾਨ ਸਿਆਲਾਂ ਦੇ ਮਾਹਨੀ ਕਬੀਲੇ ਦਾ ਚਧਰੀ ਸੀ। ਮਾਹਨੀ ਸਿਆਲਾਂ ਦਾ ਪੁੱਤਰ ਸੀ, ਸਿਆਲ ਤੋਂ 12ਵੀਂ ਪੀੜ੍ਹੀ ਉੱਤੇ, ਖੀਵੇ ਦਾ ਜਨਮ ਹੋਇਆ, ਜਿਸ ਨੇ ਆਪਣੇ ਨਾਉਂ ਉਤੇ ਹੀ ਇਕ ਪਿੰਡ ਵਸਾਇਆ।

'ਝੰਗ ਗਜ਼ਟੀਅਰ' ਅਨੁਸਾਰ ਮਾਹਨੀ ਸਿਆਲ ਕਬੀਲਾ ਚੌਤਾਲ ਵਿਖੇ ਰਹਿੰਦੇ ਇਕ ਫਕੀਰ ਦੇ ਸਰਾਪ ਕਾਰਨ ਨਸ਼ਟ ਹੋ ਗਿਆ। ਇਸ ਫਕੀਰ ਦੀ ਇਕ ਬੜੀ ਸੁੰਦਰ ਲੜਕੀ ਸੀ ਜੋ ਦਿਮਾਗ਼ ਹਿਲ ਜਾਣ ਕਾਰਨ ਨੰਗੀ ਫਿਰਦੀ ਰਹਿੰਦੀ ਸੀ। ਇਕ ਵਾਰ ਉਹ ਘੁੰਮਦੀ ਫਿਰਦੀ ਖੀਵੇ ਪਿੰਡ ਜਾ ਪਹੁੰਚੀ। ਉਦੋਂ ਦੇ ਮਾਹਨੀ ਸਿਆਲਾਂ ਦੇ ਚੌਧਰੀ ਨੇ ਇਨ੍ਹਾਂ ਦੀ ਬੜੀ ਨਿਰਾਦਰੀ ਕੀਤੀ ਤੇ ਬੇਪਤੀ ਕਰਕੇ ਪਿੰਡੋਂ ਬਾਹਰ ਕਢ ਦਿਤਾ। ਫਕੀਰ ਨੇ ਕਰੋਧ ਵਿਚ ਆ ਕੇ, ਕਬੀਲੇ ਨੂੰ ਸਰਾਪ ਦੇ ਦਿਤਾ। ਹੁਣ ਖੀਵੇ ਵਿਚ ਕੋਈ ਮਾਹਨੀ ਸਿਆਲ ਨਹੀਂ ਰਹਿੰਦਾ।

(ਖ-81) **ਖੁਸਰਾ** :

ਉਹ ਮਨੁਖ, ਜੋ ਜਨਮ ਤੋਂ ਹੀ ਨਿਪੁੰਸਕ ਹੋਵੇ, ਖੁਸਰਾ ਅਖਵਾਉਂਦਾ ਹੈ। ਖੁਸਰੇ ਨਾ ਮਰਦਾਂ ਵਿਚ ਗਿਣੇ ਜਾਂਦੇ ਹਨ ਤੇ ਨਾ ਤੀਵੀਆਂ ਵਿਚ। ਉਂਜ ਇਹ ਤੀਵੀਆਂ ਵਾਲੇ ਕਪੜੇ ਪਹਿਨਦੇ ਤੇ ਉਨ੍ਹਾਂ ਵਰਗੀਆਂ ਹੀ ਹਰਕਤਾਂ ਕਰਦੇ ਹਨ। ਮੁਸਲਮਾਨਾਂ ਦੇ ਰਾਜ ਸਮੇਂ, ਕੁਦਰਤੀ ਨਿਪੁੰਸਕ ਨੂੰ ਹੀ ਜ਼ਨਾਨੇ ਮਹਿਲਾਂ ਅਥਵਾ ਹਰਮਾਂ ਦੇ ਦਰੋਗੇ ਥਾਪੇ ਜਾਂਦੇ ਸਨ ਅਤੇ ਇਨ੍ਹਾਂ ਨੂੰ 'ਖ਼ਵਾਜਾ ਸਰਾਂ' ਕਿਹਾ ਜਾਂਦਾ ਸੀ, ਇਹੋ ਸ਼ਬਦ ਵਿਗੜ ਕੇ ਖੁਸਰਾ ਬਣ ਗਿਆ। ਮੁਗ਼ਲਾਂ ਵੇਲੇ ਖੁਸਰਿਆਂ ਨੂੰ ਮਹਿਲਾਂ ਵਿਚ ਕਾਫ਼ੀ ਮਾਨਤਾ ਪ੍ਰਾਪਤ ਸੀ।

ਖੁਸਰਾ ਦਾ ਆਪਣਾ ਵਖਰਾ ਭਾਈਚਾਰਾ, ਚੱਜ-ਅਚਾਰ ਤੇ ਰਹੂ-ਰੀਤੀਆਂ ਹਨ।

(ਖ-82) **ਖੁਸਰਿਆਂ ਦਾ ਨਾਚ** :

ਖੁਸ਼ੀ ਦੇ ਸਮਾਗਮ ਵੇਲੇ ਖਾਸ ਤੌਰ ਤੇ ਲੜਕੇ ਦੇ ਜਨਮ ਜਾਂ ਵਿਆਹ 'ਤੇ ਖੁਸਰੇ ਨੱਚ ਗਾ ਕੇ ਵਧਾਈਆਂ ਦੇਂਦੇ ਤੇ ਲਾਗ ਲੈਂਦੇ ਹਨ। ਇਨ੍ਹਾਂ ਦੀ ਹਰ ਟੋਲੀ ਵਿਚ ਸਾਜ਼ਿੰਦੇ, ਗਾਇਕ ਤੇ ਨਾਚੇ ਵੀ ਹੁੰਦੇ ਹਨ। ਇਨ੍ਹਾਂ ਦਾ ਨਾਚ ਤੇ ਗਾਣਾ ਭਾਵੇਂ ਸਾਧਾਰਨ ਪੱਧਰ ਦਾ ਹੀ ਹੁੰਦਾ ਹੈ, ਪਰ ਇਹ ਨੱਚਦਿਆਂ ਕਈ ਵਾਰ ਅੰਗਾਂ ਦੀਆਂ ਅਜਿਹੀਆਂ ਅਨੂਠੀਆਂ ਹਰਕਤਾਂ ਕਰਦੇ ਹਨ ਤੇ ਗੀਤ ਅਜਿਹੀ ਤਰਜ਼ ਵਿਚ ਗਾਉਂਦੇ ਹਨ ਕਿ ਦਰਸ਼ਕਾਂ ਦਾ ਸਹਿਜ ਸੁਭਾਵ ਹੀ ਮਨੋਰੰਜਨ ਹੁੰਦਾ ਜਾਂਦਾ ਹੈ। ਖੁਸਰੇ ਆਮ ਤੌਰ ਤੇ ਨਿਪੁੰਨਸਕ ਹੁੰਦੇ ਹਨ, ਜਿਨ੍ਹਾਂ ਜ਼ਨਾਨੇ ਕਪੜੇ, ਚੂੜੀਆਂ ਤੇ ਗਹਿਣੇ ਪਹਿਨਣ ਤੋਂ ਇਲਾਵਾ, ਹਾਰ ਸ਼ਿੰਗਾਰ ਵੀ ਕੀਤੀ ਹੁੰਦੀ ਹੈ। ਖੁਸਰੇ ਨੱਚਦਿਆਂ ਜ਼ਨਾਨੀਆਂ ਵਾਲੇ ਨਖ਼ਰੇ, ਲੋੜ ਤੋਂ ਵਧ ਕਰਦੇ ਹਨ, ਜਿਨ੍ਹਾਂ ਵਿਚ ਯਥਾਰਥਕਤਾ ਘੱਟ ਤੇ ਨਕਲ ਦਾ ਅੰਸ਼ ਜ਼ਿਆਦਾ ਹੁੰਦਾ ਹੈ ਤੇ ਪਰਹਾਸ ਪੈਦਾ ਹੁੰਦਾ ਹੈ।

ਖੁਸਰਿਆਂ ਦੀ ਤਾੜੀ ਖ਼ਾਸ ਢੰਗ ਦੀ ਹੁੰਦੀ ਹੈ। ਇਹ ਹੱਥ ਜ਼ਰਾ ਲੰਮੇਰੇ ਕਰਕੇ ਤਾੜੀਆਂ ਮਾਰਦੇ ਹਨ।

(ਖ-83) **ਖੁਖਰੈਣ** :

ਖਤ੍ਰੀਆਂ ਦੀਆਂ ਕੁਝ ਕੁ ਜਾਤਾਂ ਦਾ ਇਕ ਨਿਵੇਕਲਾ ਭਾਈਚਾਰਾ, ਜੋ ਮੂਲ ਵਿਚ ਖੁਖਰੈਣ ਬੁੰਜਾਹੀ ਤੇ ਖਤ੍ਰੀਆਂ ਦੀ ਹੀ ਇਕ ਸ਼ਾਖ ਹਨ (ਵੇਖੋ : ਬੁੰਜਾਹੀ)। ਇਕ ਧਾਰਨਾ ਅਨੁਸਾਰ ਖੁਖਰੈਣ ਉਨ੍ਹਾਂ ਖਤ੍ਰੀਆਂ ਦੀ ਵੰਸ਼ ਹਨ, ਜੋ ਖੋਖਰਾਂ ਦੀ ਬਗ਼ਾਵਤ ਵੇਲੇ ਉਨ੍ਹਾਂ ਨਾਲ ਸ਼ਾਮਲ ਹੋਏ ਸਨ। ਦੂਜੀਆਂ ਜਾਤਾਂ ਦੇ ਖਤ੍ਰੀ ਇਨ੍ਹਾਂ ਨਾਲ ਰਿਸ਼ਤੇ-ਨਾਤੇ ਜੋੜਨ ਤੋਂ ਝਿਜਕਣ ਲਗੇ ਸਨ। ਇਨ੍ਹਾਂ ਖਤ੍ਰੀਆਂ ਨੇ ਆਪਣੀ ਇਕ ਵਖਰੀ ਬਰਾਦਰੀ ਬਣਾ ਲਈ, ਜੋ ਖੁਖਰੈਣ ਅਖਵਾਈ। ਖੁਖਰੈਣ ਦੇ ਆਪਣੇ ਕਥਨ ਅਨੁਸਾਰ, ਉਹ ਮੰਨੂ ਦੀ ਵੰਸ਼ ਪ੍ਰਨਾਲੀ ਵਿਚੋਂ ,ਹਨ ਅਤੇ ਮੰਨੂ ਦੇ ਪੁਤਰ ਕਰਖਣ ਦੀ ਵੰਸ਼ ਵਿਚ ਹੋਏ ਕਰਖਣ ਦੀ ਔਲਾਦ ਹਨ। ਖੁਖਰੈਣ ਸ਼ਬਦ ਕਰਖਣ ਦਾ ਹੀ ਵਿਕ੍ਰਤ ਹੈ।

ਖੁਖਰੈਣਾਂ ਵਿਚ ਖਤ੍ਰੀਆਂ ਦੀਆਂ ਅੱਠ ਜਾਤਾਂ ਸ਼ਾਮਲ ਹਨ—ਆਨੰਦ, ਭਸੀਨ, ਚੱਢੇ, ਸਾਹਨੀ, ਸੂਰੀ, ਸੇਠੀ, ਕੋਹਲੀ ਤੇ ਸਭਰਵਾਲ। ਇਨ੍ਹਾਂ ਨੂੰ ਅੱਠ-ਘਰੇ ਵੀ ਕਿਹਾ ਜਾਂਦਾ ਹੈ (ਵੇਖੋ : ਅੱਠ-ਘਰੇ)। ਕਈ ਇਨ੍ਹਾਂ ਅੱਠ ਜਾਤਾਂ ਵਿਚੋਂ ਦੋ ਹੋਰ ਜਾਤਾਂ ਚੰਡੋਕ ਤੇ ਖੰਨੇ ਵੀ ਸ਼ਾਮਲ ਕਰ ਲੈਂਦੇ ਹਨ।

ਪਠੋਹਾਰ ਦੇ ਖੁਖਰੈਣ ਸ਼ਾਦੀ-ਵਿਆਹ ਦੇ ਸੰਦਰਭ ਵਿਚ ਵੰਡੇ ਹੋਏ ਹਨ ਤੇ ਹਰ ਥੰਮ ਵਿਚ ਦੋ ਦੋ ਜਾਤਾਂ ਹਨ :

| ਥੰਮ | ਸ਼ਾਖ | ਗੋਤਰ |
|---|---|---|
| 1. | ਅਨੰਦ | ਚੰਦਰਬੰਸੀ |
| | ਭਸੀਨ | |
| 2. | ਚੱਡਾ | ਵੀਰਬੰਸੀ |
| | ਸਾਹਨੀ | ਸੂਰਜਬੰਸੀ |
| 3. | ਸੂਰੀ | |
| | ਸੇਠੀ | ਚੰਦਰਬੰਸੀ |
| 4. | ਕੋਹਲੀ | |
| | ਸਭਰਵਾਲ | |

ਪਹਿਲੇ ਤਿੰਨੋ ਥੰਮ, ਆਪਣੇ ਹੀ ਥੰਮ ਦੀ ਦੂਜੀ ਜਾਤ ਵਿਚ ਵਿਆਹ ਨਹੀਂ ਕਰਦੇ।

ਖੁਖਰੈਣ ਬਰਾਦਰੀ ਦੀਆਂ ਰਸਮਾਂ-ਰੀਤਾਂ ਖਤ੍ਰੀਆਂ ਵਾਲੀਆਂ ਹੀ ਹਨ। ਪਰ ਇਹ ਆਪਣੀ ਬਰਾਦਰੀ ਵਿਚ ਹੀ ਵਿਆਹ ਕਰਦੇ ਹਨ। ਮਾਂ ਤੇ ਪਿਓ ਦੀਆਂ ਦੋ ਗੋਤਾਂ ਛਡ ਕੇ ਵਿਆਹ ਕੀਤਾ ਜਾਂਦਾ ਹੈ।

(ਖ-84) **ਖੁੱਡ ਕੋਂਚ** :

ਬੱਚਿਆਂ ਦੀ ਇਕ ਖੇਡ, ਜੋ ਧਰਤੀ ਵਿਚ, ਖੁੱਡੀਆਂ ਖੁੱਟ ਕੇ ਖੂੰਡੀਆਂ ਤੇ ਖਿਦੋ ਨਾਲ ਖੇਡਦੇ ਹਨ। ਮਾਲਵੇ ਵਿਚ ਇਸ ਨੂੰ ਲੱਲੇ ਕਹਿੰਦੇ ਹਨ (ਵੇਖੋ : ਲੱਲੇ)।

(ਖ-85) **ਖ਼ੁਤਬਾ** :

ਉਹ ਪਾਠ। ਉਪਦੇਸ਼ ਜੋ ਮੁਸਲਮਾਨਾਂ ਵਿਚ, ਨਮਾਜ਼ ਪੜ੍ਹਨ ਤੋਂ ਪਹਿਲਾਂ ਜਾਂ ਪਿਛੋਂ, ਇਮਾਮ ਮਸਜਦ ਦੇ ਉੱਚੇ ਥੜੇ (ਮਿੰਬਰ) ਉਤੇ ਖਲੋ ਕੇ ਦਿੰਦਾ ਹੈ. ਖ਼ੁਤਬਾ ਪੜ੍ਹਨ ਦੀ ਪ੍ਰਥਾ ਹਜ਼ਰਤ ਮੁਹੰਮਦ ਦੇ ਵਕਤ ਹੀ ਪੈ ਗਈ ਸੀ। ਖ਼ੁਤਬੇ ਦੇ ਅੰਤ ਵਿਚ ਹਜ਼ਰਤ ਮੁਹੰਮਦ ਤੇ ਉਨ੍ਹਾਂ ਦੇ ਖ਼ਲੀਫ਼ਿਆਂ ਤੇ ਵੰਸ਼ ਲਈ ਸਾਂਝੀ ਦੁਆ ਮੰਗੀ ਜਾਂਦੀ ਸੀ, ਪਰ ਪਿਛੋਂ ਵਕਤ ਦੇ ਬਾਦਸ਼ਾਹ ਦੀ ਵੀ ਦੁਆ ਮੰਗਣ ਦੀ ਪ੍ਰਥਾ ਚਲ ਪਈ। ਖ਼ੁਤਬਾ ਪੜ੍ਹਨ ਵਾਲੇ ਇਮਾਮ ਨੂੰ 'ਖ਼ਤੀਬ' ਕਿਹਾ ਜਾਂਦਾ ਹੈ।

(ਖ-86) **ਖੁਰਲੀ** :

ਖਤ੍ਰੀਆਂ ਤੇ ਅਰੋੜਿਆਂ ਵਿਚ, ਵਿਆਹ ਸਮੇਂ ਦੀ ਇਕ ਰੀਤ; ਪਹਿਲਿਆਂ ਵਿਚ ਜੰਵਾਂ ਕੰਨਿਆ ਪੱਖ ਵਾਲਿਆਂ ਦੇ ਘਰ ਕਈ ਕਈ ਦਿਨ ਰਿਹਾ ਕਰਦੀਆਂ ਸਨ। ਇਨ੍ਹਾਂ ਦਿਨਾਂ ਵਿਚ ਜੰਵ ਨੂੰ ਸਿਰਫ਼ ਮਠਿਆਈ ਹੀ ਖਵਾਈ ਜਾਂਦੀ ਸੀ। ਇਕ ਵਡੀ ਸਾਰੀ ਖੁਰਲੀ ਬਣਾ ਲਈ ਜਾਂਦੀ ਸੀ, ਜਿਸ ਵਿਚ ਵੰਨ-ਵੰਨਾਂ ਦੀ ਮਠਿਆਈ ਭਰ ਦਿਤੀ ਜਾਂਦੀ ਸੀ। ਜੇ ਖੁਰਲੀ ਨਾ ਬਣਾਈ ਜਾਵੇ ਤਾਂ ਪੱਕੀ ਹੋਈ ਜ਼ਿਮੀਂ ਉਤੇ ਹੀ ਚਾਦਰ ਵਿਛਾ ਕੇ ਉਪਰ ਮਠਿਆਈ ਦੇ ਢੇਰ ਲਗਾ ਦਿਤੇ ਜਾਂਦੇ ਸਨ। ਬਰਾਤੀ ਜਿੰਨੀ ਚਾਹੁਣ ਮਠਿਆਈ ਖਾ ਸਕਦੇ ਸਨ। ਬਹੁਤੇ ਰਜੇ ਪੁਜੇ ਲੋਕ ਬਰਾਤੀਆਂ ਵਿਚ, ਸਿਲਕ ਤੇ ਰੁਮਾਲ ਵੰਡਿਆ ਕਰਦੇ ਸਨ ਤੇ ਮਠਿਆਈ ਖਾ ਕੇ ਬਰਾਤੀ ਉਨ੍ਹਾਂ ਵਿਚ ਜਿਤਨੀ ਚਾਹੁਣ ਮਠਿਆਈ ਭਰ ਲੈਂਦੇ। ਖੁਰਲੀ ਦੀ ਰਸਮ ਉਤੇ ਕਾਫ਼ੀ ਖਰਚਾ ਬੈਠਦਾ ਸੀ। ਇਹ ਹਰੇਕ ਦੇ ਵੱਸ ਦੀ ਗੱਲ ਨਹੀਂ ਸੀ। ਇਸੇ ਲਈ ਕੇਵਲ ਧਨੀ ਲੋਕ ਹੀ ਖਰਲੀ ਦੀ ਰੀਤ ਨੂੰ ਪਸੰਦ ਕਰਦੇ। ਗੁਜਰਾਤ ਵਿਚ ਖੁਰਲੀ ਦਾ ਆਮ ਰਵਾਜ ਸੀ। ਇਹ ਵਾਕੰਸ਼ ਮੁਹਾਵਰੇ ਵਜੋਂ ਵੀ ਵਰਤਿਆ ਜਾਂਦਾ ਹੈ। ਜਦੋਂ ਕਿਸੇ ਸ਼ਖਸ ਨੂੰ ਪੂਰੇ ਆਦਰ ਮਾਣ ਨਾਲ ਭੋਜਨ ਨਾ ਛਕਾਇਆ ਜਾਵੇ ਤਾਂ ਵਿਅੰਗ ਵਜੋਂ ਵਰਤਿਆ ਜਾਂਦਾ ਹੈ।

(ਖ-87) : **ਖੁਲ੍ਹ ਸਮ ਸਮ** :

ਜਾਦੂ ਦਾ ਇਕ ਮੰਤਰ; 'ਅਲੀ ਬਾਬਾ ਚਾਲੀ ਚੋਰ' ਕਹਾਣੀ ਅਨੁਸਾਰ ਡਾਕੂਆਂ ਨੇ ਪਹਾੜਾਂ ਦੀਆਂ ਗੁਫਾਵਾਂ ਵਿਚ, ਇਕ ਗੁਪਤ ਸਥਾਨ ਬਣਾਇਆ ਹੋਇਆ ਸੀ, ਜਿਸਨੂੰ ਪੱਥਰ ਦੇ ਦਰਵਾਜ਼ੇ ਲਗੇ ਹੋਏ ਸਨ। ਡਾਕੂ ਜਦੋਂ ਖੁਲ੍ਹ ਸਮ ਸਮ ਉਚਾਰਦੇ ਤਾਂ ਪੱਥਰ ਦਾ ਦਰਵਾਜ਼ਾ ਖੁਲ੍ਹ ਜਾਂਦਾ। ਅੰਦਰ ਲੰਘਦੇ ਸਾਰ ਆਪਣੇ ਆਪ ਦਰਵਾਜ਼ਾ ਬੰਦ ਹੋ ਜਾਂਦਾ। ਅਲੀ ਬਾਬਾ ਨੂੰ ਜੰਗਲ ਵਿਚ ਲਕੜੀਆਂ ਕਟਦਿਆਂ, ਇਸ ਭੇਤ ਦਾ ਪਤਾ ਚਲ ਗਿਆ। ਉਸਨੇ ਡਾਕੂਆਂ ਦੇ ਜਾਣ ਮਗਰੋਂ ਇਸ ਵਾਕ ਨੂੰ ਉਚਾਰ ਕੇ ਗੁਫਾ ਦੇ ਦਰ ਖੋਲ੍ਹ ਲਏ ਤੇ ਸਾਰਾ ਖਜ਼ਾਨਾ ਘਰ ਢੋ ਲਿਆਂਦਾ (ਵੇਖੋ : ਅਲੀ ਬਾਬਾ)।

ਰਸਾਲੂ ਕਥਾ ਚੱਕਰ ਵਿਚ ਰਸਾਲੂ ਦੇ ਹੱਥ ਲਗਣ ਨਾਲ ਦਰਵਾਜ਼ੇ ਸਹਿਜ ਸੁਭਾ ਹੀ ਖੁਲ੍ਹਦੇ ਜਾਂਦੇ ਹਨ।

ਕਈ ਹੋਰ ਲੋਕ-ਕਹਾਣੀਆਂ ਵਿਚ ਕਿਸੇ ਗੁਪਤ ਮਕਾਨ ਦੇ ਦਰਵਾਜ਼ੇ ਖੋਲ੍ਹਣ ਜਾਂ ਬੰਦ ਕਰਨ ਲਈ ਜਾਦੂ ਵਾਲੇ ਵਾਕੰਸ਼ਾਂ ਜਾਂ ਮੰਤਰਾਂ ਦਾ ਜ਼ਿਕਰ ਮਿਲਦਾ ਹੈ। ਕੁਝ ਕਥਾਵਾਂ ਵਿਚ ਮੰਤਰ ਨੂੰ ਚੋਰੀ ਸੁਣ ਕੇ, ਉਸਦੀ ਵਰਤੋਂ ਦੁਆਰਾ ਚੋਰੀ ਦਾਖਲ ਹੋਣ ਵਾਲਾ ਅੰਦਰ ਜਾ ਕੇ ਮੰਤ੍ਰ ਭੁਲ ਜਾਂਦਾ ਹੈ ਤੇ ਬਾਹਰ ਨਾ ਨਿਕਲ ਸਕਣ ਕਰਕੇ ਪਕੜਿਆ ਜਾਂਦਾ ਹੈ।

(ਖ-88) **ਖੁੱਲਰ** :

ਖਤ੍ਰੀਆਂ ਦੀ ਇਕ ਜਾਤ।

(ਖ-89) **ਖੂਹ** :

ਪੰਜਾਬੀ ਜੀਵਨ ਵਿਚ ਖੂਹਾਂ ਦੀ ਖ਼ਾਸ ਅਹਿਮੀਅਤ ਹੈ, ਇਸ ਲਈ ਖੂਹ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ, ਮਨੌਤਾਂ ਤੇ ਭਰਮ ਵਹਿਮ ਜੁੜਨੇ ਸੁਭਾਵਿਕ ਹਨ। ਕੂਪ-ਦਾਨ ਅਥਵਾ ਲੋਕਾਂ ਦੇ ਪਾਣੀ ਪੀਣ ਲਈ ਚਲਦੇ ਰਸਤਿਆਂ ਤੇ ਜਾਂ ਪਿੰਡਾਂ ਵਿਚ ਪੁੰਨ-ਅਰਥ ਖੂਹ ਬਣਵਾਉਣ ਦਾ ਬੜਾ ਮਹਾਤਮ ਮੰਨਿਆ ਗਿਆ ਹੈ।

ਖੂਹ ਪੁੱਟਣ ਤੋਂ ਪਹਿਲਾਂ 'ਸੁੰਘਣੇ' ਸੱਦੇ ਜਾਂਦੇ ਹਨ, ਜੋ ਧਰਤੀ ਦੀ ਮਿੱਟੀ ਸੁੰਘ ਕੇ ਦਸ ਦਿੰਦੇ ਹਨ ਕਿ ਇਥੋਂ ਪਾਣੀ ਮਿੱਠਾ ਨਿਕਲੇਗਾ ਤੇ ਇਥੇ ਖਾਰਾ। ਹਿੰਦੂ ਇਸ ਮੌਕੇ ਉੱਤੇ ਪ੍ਰੋਹਤ ਨੂੰ, ਸਿੱਖ ਭਾਈ ਨੂੰ ਤੇ ਮੁਸਲਮਾਨ ਮੁੱਲਾ ਨੂੰ ਵੀ ਸੱਦ ਲੈਂਦੇ ਹਨ। ਸੁੰਘਣਿਆਂ ਦੀ ਦੱਸੀ ਥਾਂ ਉੱਤੇ

ਕਿਸੇ ਸ਼ੁਭ ਤਿੱਥ ਨੂੰ, ਇਕ ਗੋਲ ਚੱਕਰ ਦਾ ਨਿਸ਼ਾਨ ਲਗਾਇਆ ਜਾਂਦਾ ਹੈ, ਜਿਸ ਨੂੰ ਟੱਕ ਕਹਿੰਦੇ ਹਨ। ਖੂਹ ਦਾ ਪਹਿਲਾ 'ਟੱਕ' ਕਿਸੇ ਬਜ਼ੁਰਗ ਜਾਂ ਪੀਰ ਫਕੀਰ ਤੋਂ ਲਗਾਇਆ ਜਾਂਦਾ ਹੈ ਜਿਸ ਦਾ ਸਭ ਆਦਰ ਮਾਣ ਕਰਦੇ ਹੋਣ । ਇਸ ਨੂੰ ਟੱਕ ਲਗਾਣਾ ਵੀ ਕਹਿੰਦੇ ਹਨ । ਧਾਰਨਾ ਹੈ ਕਿ ਭਲੇ ਪੁਰਸ਼ ਤੋਂ ਟੱਕ ਲਗਾਉਣ ਨਾਲ, ਖੂਹ ਦਾ ਪਾਣੀ ਮਿੱਠਾ ਨਿਕਲਦਾ ਹੈ ਅਤੇ ਕਦੇ ਨਿਖੁਟਦਾ ਨਹੀਂ । ਟੱਕ ਸਮੇਂ ਕਈ ਲੋਕ ਪਾਣੀ ਦੇ ਦੇਵਤੇ ਖਿਜ਼ਰ ਨੂੰ ਵੀ ਧਿਆਉਂਦੇ ਹਨ ਅਤੇ ਗੁੜ ਜਾਂ ਲੱਡੂ ਵੰਡਦੇ ਹਨ।

ਖੂਹ ਖੋਦਣ ਵਾਲੇ, ਖੂਹ ਨੂੰ ਪੁੱਟਣ ਤੋਂ ਪਹਿਲਾਂ ਇਕ 'ਡੇਲਾ' ਖਿਜ਼ਰ ਦੇ ਨਾਂ ਉੱਤੇ ਬਾਹਰ ਵਖਰੇ ਰੱਖ ਛਡਦੇ ਹਨ ਤੇ ਜਦੋਂ ਤਕ ਖੂਹ ਪੂਰਾ ਨਹੀਂ ਪੁਟਿਆ ਜਾਂਦਾ, ਹਰ ਰੋਜ਼ ਨੇਮ ਨਾਲ, ਇਸ ਡੇਲੇ ਉਤੇ, ਦੀਵਾ ਬਾਲਦੇ ਤੇ ਖਿਜਰ ਪੀਰ ਨੂੰ ਪੂਜਦੇ ਹਨ। ਇਸ ਡੇਲੇ ਨੂੰ ਖਿਜਰ ਦਾ ਡੇਲਾ ਕਹਿੰਦੇ ਹਨ ਤੇ ਇਹ ਥਾਂ ਸਭ ਤੋਂ ਅਖ਼ੀਰ ਪੁੱਟੀ ਜਾਂਦੀ ਹੈ। ਨਿਸਚਾ ਹੈ ਕਿ ਇਸ ਤਰ੍ਹਾਂ ਖੂਹ ਦੇ ਤਿਆਰ ਕਰਨ ਦੇ ਦਿਨੀਂ ਕੋਈ ਦੁਰਘਟਨਾ ਨਹੀਂ ਵਾਪਰਦੀ।

ਜਦੋਂ ਖੂਹ ਦੇ ਤਲ ਵਿਚੋਂ ਪਾਣੀ ਫੁੱਟ ਨਿਕਲਦਾ ਹੈ ਤਾਂ ਪਹਿਲੇ ਪਾਣੀ ਨੂੰ ਇਕ ਗੜਵੇ ਜਾਂ ਘੜੌਲੀ ਵਿਚ, ਜਿਸ ਦੇ ਨਾਲ ਮੌਲੀ ਦੇ ਧਾਗੇ ਬੰਨ੍ਹੇ ਹੁੰਦੇ ਹਨ, ਭਰ ਕੇ ਰਖ ਲਿਆ ਜਾਂਦਾ ਹੈ। ਇਹ ਪਾਣੀ ਬੜਾ ਪਵਿਤ੍ਰ ਤੇ ਗੁਣਕਾਰੀ ਮੰਨਿਆ ਗਿਆ ਹੈ। ਧਾਰਨਾ ਹੈ ਕਿ ਖੂਹ ਦਾ ਪਹਿਲਾ ਪਾਣੀ ਪੀਣ ਵਾਲੀ ਇਸਤ੍ਰੀ ਦੀ ਕੁਖੋਂ ਲੜਕਾ ਜੰਮਦਾ ਹੈ।

ਖੂਹ ਦੀ ਉਸਾਰੀ ਲਈ ਪਹਿਲਾਂ ਲੱਕੜੀ ਦਾ ਚੱਕ ਰਸਮੀ ਢੰਗ ਨਾਲ ਖੂਹ ਦੇ ਤਲ ਉੱਤੇ ਉਤਾਰ ਕੇ ਰਖਿਆ ਜਾਂਦਾ ਹੈ। ਇਸ ਚੱਕ ਨਾਲ ਮੌਲੀ ਦੇ ਸੱਤ ਧਾਗੇ, ਇਕ ਨਾਰੀਅਲ ਤੇ ਕੁਝ ਤਾਂਬੇ ਦੇ ਸਿੱਕੇ ਬੰਨ੍ਹੇ ਜਾਂਦੇ ਹਨ ਅਤੇ ਚੱਕ ਉੱਤੇ ਕੁਝ ਸੰਧੂਰ ਧੂੜਿਆ ਜਾਂਦਾ ਹੈ । ਸਿੱਖ ਇਸ ਚੱਕ ਦੇ ਨਾਲ ਖੰਡਾ ਜਾਂ ਕ੍ਰਿਪਾਨ ਬੰਨ੍ਹ ਦੇਂਦੇ ਹਨ। ਇਸ ਮੌਕੇ ਉੱਤੇ ਪੂਜਾ-ਪਾਠ ਵੀ ਕੀਤਾ ਜਾਂਦਾ ਹੈ ਤੇ ਗੁੜ-ਸ਼ਕਰ ਜਾਂ ਲਡੂ ਵੰਡੇ ਜਾਂਦੇ ਹਨ। ਪਹਿਲਿਆਂ ਵਿਚ ਨਵੇਂ ਖੂਹ ਦੀ ਖੁਦਾਈ ਕਰਨ ਲਗਿਆਂ ਬਲੀ ਦੀ ਪ੍ਰਥਾ ਸੀ। ਚੱਕ ਨਾਲ ਨਾਰੀਅਲ ਉਸੇ ਬਲੀ ਦਾ ਪ੍ਰਤੀਕ ਹੈ, ਕਿਉਂ ਜੋ ਨਾਰੀਅਲ ਦੀ ਸ਼ਕਲ ਮਨੁੱਖ ਦੀ ਖੋਪੜੀ ਨਾਲ ਮੇਲ ਖਾਂਦੀ ਹੈ।

ਜਿਨ੍ਹਾਂ ਖੂਹਾਂ ਵਿਚ ਪਾਣੀ ਸੁੱਕ ਜਾਂਦਾ ਜਾਂ ਹੇਠਾਂ ਉਤਰ ਜਾਂਦਾ ਹੈ, ਉਨ੍ਹਾਂ ਅੰਨ੍ਹੇ ਖੂਹਾਂ ਵਿਚ ਭੂਤ-ਪ੍ਰੇਤਾਂ ਤੇ ਚੰਦਰੀਆਂ ਰੂਹਾਂ ਦਾ ਵਾਸਾ ਮੰਨਿਆ ਜਾਂਦਾ ਹੈ। ਜਿਨ੍ਹਾਂ ਇਲਾਕਿਆਂ ਵਿਚ ਨਵੇਂ ਖੂਹ ਪੁਟਣੇ ਮੁਸ਼ਕਲ ਹੁੰਦੇ ਹਨ, ਉਥੇ ਪੁਰਾਣੇ ਦੱਬੇ ਖੂਹਾਂ ਨੂੰ ਲੱਭਣ ਦਾ ਯਤਨ ਕੀਤਾ ਜਾਂਦਾ ਹੈ ਤੇ ਪਹਿਲਿਆਂ ਵਿਚ ਇਸ ਕੰਮ ਵਿਚ 'ਸੁੰਘਣੇ' ਮਦਦ ਕੀਤਾ ਕਰਦੇ ਸਨ। ਇਹ ਲੋਕ ਭੇਡਾਂ ਨੂੰ ਹਿਕਦੇ ਹੋਏ ਪੁਰਾਣੇ ਖੂਹਾਂ ਦੀ ਥਾਂ ਲਭ ਲੈਂਦੇ ਸਨ। ਕਹਿੰਦੇ ਹਨ, ਜਿਸ ਧਰਤੀ ਹੇਠਾਂ ਖੂਹ ਦੱਬਿਆ ਹੋਵੇ, ਉੱਥੇ ਭੇਡਾਂ ਕਦੇ ਨਹੀਂ ਬੈਠਦੀਆਂ ਤੇ ਨਾ ਹੀ ਉਪਰੋਂ ਲੰਘਦੀਆਂ ਹਨ। ਸਗੋਂ ਉਸ ਦੇ ਆਲੇ ਦੁਆਲੇ ਘੇਰਾ ਪਾ ਕੇ ਬੈਠਦੀਆਂ ਹਨ। ਭੇਡਾਂ ਦੇ ਇਸ ਸੁਭਾਵ ਤੋਂ ਅਨੁਮਾਨ ਲਗਾ ਲਿਆ ਜਾਂਦਾ ਹੈ ਕਿ ਹੇਠਾਂ ਕੋਈ ਖੂਹ ਦਬਿਆ ਹੋਇਆ ਹੈ ਜਾਂ ਨਹੀਂ।

ਪੰਜਾਬ ਵਿਚ ਅਨੇਕਾਂ ਖੂਹ ਅਜਿਹੇ ਮਿਲਦੇ ਹਨ, ਜਿਨ੍ਹਾਂ ਦਾ ਪਾਣੀ ਬੜਾ ਗੁਣਕਾਰੀ ਮੰਨਿਆ ਗਿਆ ਹੈ ਤੇ ਇਸ਼ਨਾਨ ਕਰਨ ਜਾਂ ਚੁਲ਼ੂ ਭਰ ਪੀਣ ਨਾਲ ਨਿਰਸੰਤਾਨ ਤੀਵੀਆਂ ਦੀ ਕੁਖ ਹਰੀ ਹੋ ਜਾਂਦੀ ਹੈ। ਅਜਿਹਾ ਹੀ ਇਕ ਪ੍ਰਸਿੱਧ ਖੂਹ ਸਿਆਲਕੋਟ ਵਿਚ 'ਪੂਰਨ ਦਾ ਖੂਹ' ਹੈ।

ਕੁਝ ਖੂਹਾਂ ਦੇ ਪਾਣੀ ਵਿਚ ਖਾਰਸ਼, ਕੋਹੜ ਆਦਿ ਰੋਗਾਂ ਨੂੰ ਨਾਸ਼ ਕਰਨ ਦੀ ਸ਼ਕਤੀ ਮੰਨੀ ਜਾਂਦੀ ਹੈ।

ਖੂਹ ਨਾਲ ਕਈ ਟੂਣੇ-ਟੱਪੇ ਤੇ ਵਹਿਮ ਵੀ ਪ੍ਰਚਲਤ ਹਨ। ਧਾਰਨਾ ਹੈ ਕਿ ਜੇ ਕੋਈ ਬਾਂਝ ਇਸਤ੍ਰੀ ਸੱਤਾਂ ਖੂਹਾਂ ਵਿਚੋਂ ਪਾਣੀ ਭਰ ਕੇ, ਕਿਸੇ ਚੁਰਾਹੇ ਉੱਤੇ, ਸਰਘੀ ਵੇਲੇ ਇਸ਼ਨਾਨ ਕਰੇ, ਤਾਂ ਉਸ ਦੇ ਘਰ ਪੁੱਤਰ ਜੰਮਦਾ ਹੈ। ਪਰ ਜੇ ਉਸ ਨੂੰ ਕੋਈ ਸ਼ਖ਼ਸ ਨਹਾਂਦਿਆਂ ਵੇਖ ਲਏ ਤਾਂ ਟੂਣਾ ਗੁਣਕਾਰੀ ਨਹੀਂ ਰਹਿੰਦਾ।

ਜੇ ਖੂਹ ਵਿਚੋਂ ਪਾਣੀ ਭਰਦਿਆਂ, ਕੋਈ ਅਰਥੀ ਲੈ ਕੇ ਅੱਗੋਂ ਲੰਘੇ ਤਾਂ ਭਰਿਆ ਪਾਣੀ ਦਾ ਘੜਾ ਡੋਲ੍ਹ ਦਿਤਾ ਜਾਂਦਾ ਹੈ ਤੇ ਮੁੜ ਤਾਜ਼ਾ ਘੜਾ ਭਰਿਆ ਜਾਂਦਾ ਹੈ। ਜੇ ਖੂਹ ਵਿਚ ਕੋਈ ਡੰਗਰ ਮਰੇ ਤਾਂ ਉਸ ਦਾ ਪਾਣੀ ਅਪਵਿਤ੍ਰ ਹੋ ਜਾਂਦਾ ਹੈ।

ਕੁਝ ਖੂਹਾਂ ਬਾਰੇ ਨਿਸਚਾ ਹੈ ਕਿ ਇਹ ਅੰਦਰੋਂ ਅੰਦਰੀਂ ਗੰਗਾ ਦੀ ਧਾਰ ਨਾਲ ਮਿਲੇ ਹੋਏ ਹਨ।

ਪੰਜਾਬ ਵਿਚ ਕੁਝ ਖੂਹ ਅਜਿਹੇ ਵੀ ਹਨ, ਜਿਨ੍ਹਾਂ ਦਾ ਪਾਣੀ ਰਾਮ ਤੇ ਸੀਤਾ ਨੇ ਬਨਬਾਸ ਦੇ ਦਿਨੀਂ ਪੀਤਾ ਸੀ। ਇਹ ਮੁਤਬਰਕ ਮੰਨੇ ਜਾਂਦੇ ਹਨ। ਬਨਾਰਸ ਵਿਚ ਦੋ ਬੜੇ ਪਵਿਤ੍ਰ ਖੂਹ ਹਨ, ਇਕ ਮਾਨਿਕਕਰਨ ਦਾ ਤੇ ਦੂਜਾ ਗਿਆਨਵਰਧਕ। ਮਾਨਿਕਕਰਨ ਸ਼ਿਵ ਦਾ ਮੰਦਰ ਭੋਇੰ ਉੱਤੇ ਡਿਗਣ ਨਾਲ ਬਣਿਆ ਸੀ। ਗਿਆਨਵਰਧਕ ਦਾ ਜਲ ਪੀਣ ਨਾਲ ਬੁੱਧੀ ਤਿਖੀ ਹੁੰਦੀ ਮੰਨੀ ਜਾਂਦੀ ਹੈ।

(ਖ-90) **ਖੂਹਣੀ** :

ਇਕ ਵੱਡਾ ਲਸ਼ਕਰ, ਜਿਸ ਦੇ ਪੈਰਾਂ ਦੀ ਧੂੜ ਨਾਲ ਇਕ ਖੂਹ ਭਰਿਆ ਜਾਵੇ। ਪੁਰਾਤਨ ਗ੍ਰੰਥਾਂ ਅਨੁਸਾਰ ਇਕ

ਖੂਹਣੀ ਵਿਚ 21,800 ਹਾਥੀ, ਰੱਥ ਘੋੜੇ ਤੇ ਪਿਆਦੇ ਸ਼ਾਮਲ ਹੁੰਦੇ ਸਨ। ਫੌਜ ਦੇ ਚਾਰ ਭਾਗ ਹੁੰਦੇ, ਜਿਸ ਵਿਚ ਇਕ ਹਿੱਸਾ ਹਾਥੀ (21,870), ਇਕ ਹਿੱਸਾ ਰੱਥ, ਤਿੰਨ ਹਿੱਸੇ ਘੋੜੇ (65,610) ਅਤੇ ਪੰਜ ਹਿੱਸੇ ਪਿਆਦੇ (1,09,350) ਹੁੰਦੇ ਸਨ। ਇਸ ਨੂੰ ਅਖੂਣੀ/ਚਤਰੰਗਣੀ ਸੈਨਾ ਵੀ ਕਹਿੰਦੇ ਹਨ (ਵੇਖੋ : ਅਖੂਣੀ)।

(ਖ-91) **ਖ਼ੂਨੀ ਹਨੇਰੀ** :

ਉਹ ਹਨੇਰੀ ਝੱਖੜ, ਜਿਸ ਨਾਲ ਸਾਰਾ ਆਕਾਸ਼ ਰੱਤਾ ਹੋ ਜਾਵੇ। ਧਾਰਨਾ ਹੈ ਕਿ ਜਦੋਂ ਧਰਤੀ ਉੱਤੇ ਕੋਈ ਭਿਅੰਕਰ ਅਪਰਾਧ ਹੋਵੇ ਜਾਂ ਅਤਿਆਚਾਰ ਵਧੇ ਜਾਂ ਕਿਸੇ ਬੇਲੋਸੇ ਦਾ ਖ਼ੂਨ ਹੋ ਜਾਵੇ, ਤਾਂ ਖ਼ੂਨੀ ਹਨੇਰੀ ਝੁਲਦੀ ਹੈ। ਦੰਦ-ਕਥਾਵਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਲਾਹੌਰ ਵਿਚ, ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਦਿੱਲੀ ਵਿਚ, ਬੜੀ ਭਿਆਨਕ ਖ਼ੂਨੀ ਹਨੇਰੀ ਚਲੀ ਸੀ।

(ਖ-92) **ਖ਼ੂਨੀ ਮੁਰਕੀ** :

ਕੰਨਾਂ ਨੂੰ ਵਿੰਨ੍ਹਣ ਲੱਗਿਆਂ, ਵਣਜਾਰੇ, ਇਕ ਖ਼ਾਸ ਤਰ੍ਹਾਂ ਦੀ ਲੋਹੇ ਦੀ ਮੁਰਕੀ ਵਰਤਦੇ ਹਨ, ਜਿਸ ਦਾ ਅਗਲਾ ਸਿਰਾ ਸੂਏ ਵਾਂਗ ਤਿੱਖਾ ਹੁੰਦਾ ਹੈ। ਇਸਨੂੰ ਖ਼ੂਨੀ ਮੁਰਕੀ ਕਹਿੰਦੇ ਹਨ ਅਤੇ ਇਸ ਨਾਲ ਕੰਨ ਸੌਖੇ ਹੀ ਵਿੰਨ੍ਹੇ ਜਾਂਦੇ ਹਨ।

(ਖ-93) **ਖੇਸ** :

ਮੋਟੀ ਬੁਣਤੀ ਦਾ ਸੂਤੀ ਕਪੜਾ, ਜੋ ਉੱਤੇ ਲੈਣ ਜਾਂ ਹੇਠਾਂ ਵਿਛਾਉਣ ਦੇ ਲਈ ਵਰਤਿਆ ਜਾਂਦਾ ਹੈ। ਸਰਦੀਆ ਵਿਚ, ਚਾਦਰੇ ਵਾਂਗ, ਖੇਸ ਦੀ ਬੁੱਕਲ ਵੀ ਮਾਰ ਲਈ ਜਾਂਦੀ ਹੈ। ਫੁੱਲਕਾਰੀ ਵਾਂਗ, ਪੰਜਾਬ ਦੇ ਖੇਸ ਬੁਣਨ ਦੀ ਸ਼ਿਲਪ-ਕਲਾ ਵੀ ਬੜੀ ਸੁੰਦਰ ਤੇ ਬੇਜੋੜ ਹੈ। ਪੰਜਾਬੀਆਂ ਨੇ ਇਸ ਕਲਾ ਨੂੰ ਬੜੀ ਮਿਹਨਤ, ਰੀਝ ਤੇ ਭਾਵਨਾ ਨਾਲ ਪਾਲਿਆ ਤੇ ਨਿਖਾਰਿਆ ਹੈ। ਪੰਜਾਬ ਵਿਚ ਸਭ ਤੋਂ ਵਧੀਆ ਖੇਸ ਮੁਲਤਾਨ ਵਿਚ ਬੁਣਦੇ ਰਹੇ ਹਨ।

ਖੇਸ ਕਈ ਰੰਗਤੀਆਂ ਤੇ ਸ਼ੈਲੀਆਂ ਦੇ ਹਨ। ਇਨ੍ਹਾਂ ਵਿਚ ਬਹੁਤ ਕਰਕੇ ਜਿਉਮੈਟਰੀਕਲ ਪੈਟਰਨ ਹੀ ਬਣਾਏ ਜਾਂਦੇ ਹਨ, ਪਰ ਕੁਝ ਖੇਸਾਂ ਵਿਚ ਫੁੱਲ-ਪੱਤੀਆਂ ਵੀ ਬੁਣੀਆਂ ਮਿਲਦੀਆਂ ਹਨ। ਬਹੁਤੇ ਖੇਸ ਡੱਬੀਆਂ ਵਾਲੇ ਹੀ ਹੁੰਦੇ ਹਨ। ਇਨ੍ਹਾਂ ਖੇਸਾਂ ਵਿਚ ਚਾਰ ਖ਼ਾਨੇ ਬਣੇ ਹੁੰਦੇ ਹਨ ਅਤੇ ਸੂਤਰ ਦੇ ਰੰਗਾਂ ਦਾ ਵਰਤਿਆ ਜਾਂਦਾ ਹੈ, ਜਿਸ ਨਾਲ ਖ਼ੂਬਸੂਰਤ ਡੱਬੀਆਂ ਬਣ ਜਾਂਦੀਆਂ ਹਨ। ਇਕ ਹੋਰ ਡੱਬੀਦਾਰ ਖੇਸ 'ਗੁੰਮਟੀ ਖੇਸ' ਅਖਵਾਉਂਦਾ ਹੈ, ਜਿਸ ਵਿਚ ਤਾਣਾ ਤੇ ਪੇਟਾ ਦੋ ਵਖੋ-ਵਖਰੇ ਰੰਗਾਂ ਦਾ ਹੁੰਦਾ ਹੈ।

ਮੁਲਤਾਨ ਵਿਚ ਕਈ ਸ਼ੈਲੀਆਂ ਤੇ ਨਮੂਨਿਆਂ ਦੇ ਖੇਸ ਬਣਾਏ ਜਾਂਦੇ ਹਨ, ਜਿਨ੍ਹਾਂ ਵਿਚ 'ਮਜਨੂੰ' ਤੇ 'ਬੁਲਬੁਲ-ਚਸ਼ਮ' ਖੇਸ ਬੜੇ ਲੋਕਪ੍ਰਿਯ ਹੋਏ ਹਨ। ਮਜਨੂੰ ਖੇਸ ਦੀ ਦੂਹਰੀ ਬੁਣਤੀ ਹੁੰਦੀ ਹੈ ਤੇ ਦੋਵੇਂ ਪਾਸੇ ਵਖੋ ਵਖਰੇ ਨਮੂਨੇ ਬਣੇ ਹੁੰਦੇ ਹਨ। ਬੁਲਬੁਲ-ਚਸ਼ਮ ਵਿਚ ਡੱਬੀਆਂ ਬਣੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਬੁਲਬੁਲ ਦੀ ਅੱਖ ਸ਼ੋਭਾ ਦੇ ਰਹੀ ਹੁੰਦੀ ਹੈ। ਇਹ ਖੇਸ ਦੂਹਰਾ ਹੁੰਦਾ ਹੈ ਤੇ ਸਭਨਾਂ ਤੋਂ ਵਧੀਆ ਵੀ।

(ਖ-94) **ਖੇਹਨੂੰ** :

ਲੀਰਾਂ ਤੇ ਧਾਗਿਆਂ ਨੂੰ ਵਲ੍ਹੇਟ ਕੇ, ਬਣਾਈ ਗੇਂਦ, ਜਿਸ ਨਾਲ ਕੁੜੀਆਂ ਪੰਜ-ਗੀਟੜਾ ਤੇ ਹੋਰ ਖੇਡਾਂ ਖੇਡਦੀਆਂ ਹਨ। ਖੇਹਨੂੰ ਖੇਡਦਿਆਂ ਕੁੜੀਆਂ ਨਾਲ ਨਾਲ ਟੱਪੇ ਵੀ ਅਲਾਪਦੀਆਂ ਹਨ, ਜੋ ਖੇਹਨੂੰ ਦੇ ਗੀਤ ਅਖਵਾਉਂਦੇ ਹਨ। ਖੇਹਨੂੰ ਨੂੰ ਖਿਦੋ ਵੀ ਕਹਿੰਦੇ ਹਨ (ਵੇਖੋ : ਖਿਦੋ)।

(ਖ-95) **ਖੇਡਾਂ** :

ਖੇਡਾਂ ਮਨੁੱਖੀ ਜੀਵਨ ਲਈ ਉਤਨੀਆਂ ਹੀ ਜ਼ਰੂਰੀ ਹਨ ਜਿਤਨਾ ਕਿ ਅੰਨ, ਪਾਣੀ ਤੇ ਹਵਾ। ਖੇਡਾਂ ਜਿਥੇ ਸਰੀਰ ਨੂੰ ਨਰੋਆ, ਸੁਡੌਲ ਤੇ ਬਲਵਾਨ ਰਖਦੀਆਂ ਹਨ, ਉਥੇ ਰੂਹ ਨੂੰ ਖੇੜਾ ਤੇ ਹੁਲਾਸ ਬਖ਼ਸ਼ਦੀਆਂ ਹਨ। ਨਰੋਈ ਕਿਸਮ ਦਾ ਮਨੋਰੰਜਨ ਆਤਮਾ ਨੂੰ ਸ਼ਕਤੀ ਦੇਂਦਾ ਤੇ ਵਿਗਸਾਂਦਾ ਹੈ ਤੇ ਮਨ ਤੇ ਸਰੀਰ ਦੋਹਾਂ ਨੂੰ ਕਦੇ ਬੁੱਢਿਆਂ ਨਹੀਂ ਹੋਣ ਦੇਂਦਾ।

ਪੰਜਾਬ ਦੀਆਂ ਖੇਡਾਂ ਵੰਨ-ਸੁਵੰਨੀਆਂ ਤੇ ਬਹੁਰੰਗੀ ਹਨ। ਇਨ੍ਹਾਂ ਦੀ ਵਡੀ ਸਿਫ਼ਤ ਇਹ ਹੈ ਕਿ ਉਹ ਪੰਜਾਬੀਆਂ ਦੇ ਸੁਭਾਵ ਤੇ ਚਰਿਤ੍ਰ ਦੇ ਅਨੁਕੂਲ ਹਨ। ਇਨ੍ਹਾਂ ਖੇਡਾਂ ਵਿਚ ਪੰਜਾਬੀਆਂ ਦਾ ਰੰਗੀਲਾਪਨ, ਪ੍ਰਾਕ੍ਰਮੀ ਸੁਭਾਵ ਤੇ ਸਾਹਸੀ ਜਜ਼ਬਾ ਪ੍ਰਤੱਖ ਝਲਕਾਂ ਮਾਰਦਾ ਹੈ। ਇਨ੍ਹਾਂ ਖੇਡਾਂ ਵਿਚ ਕਰੜਾਈ ਵੀ ਹੈ ਤੇ ਲੱਚਕ ਵੀ, ਛੋਹਲਾਪਨ ਵੀ ਹੈ ਤੇ ਗੰਭੀਰਤਾ ਵੀ।

ਪੰਜਾਬ ਵਿਚ ਪ੍ਰਚਲਤ ਖੇਡਾਂ ਦਾ ਭੰਡਾਰਾ ਬੜਾ ਭਰਪੂਰ ਹੈ। ਹਰ ਉਮਰ ਦੇ ਸ਼ਖ਼ਸ ਲਈ, ਉਸਦੀ ਬਲ-ਪੱਧਰ ਤੇ ਸਮਰੱਥਾ ਅਨੁਸਾਰ ਵਖੋ ਵਖਰੀਆਂ ਖੇਡਾਂ ਹਨ। ਜੇ ਜਵਾਨ ਗਭਰੂ ਕੌਡੀ, ਕੁਸ਼ਤੀ ਤੇ ਨੇਜ਼ਾਬਾਜ਼ੀ ਆਦਿ ਵਿਚ ਆਨੰਦ ਲੈਂਦੇ ਹਨ, ਤਾਂ ਛੋਟੇ ਬੱਚੇ ਗੁੱਲੀ ਡੰਡਾ, ਕੋਟਲਾ ਛਪਾਕੀ ਤੇ ਖਿਦੋ ਆਦਿ ਨਾਲ ਆਪਣੀਆਂ ਵਿਹਲੀਆਂ ਘੜੀਆਂ ਰਸੀਲੀਆਂ ਬਣਾ ਲੈਂਦੇ ਹਨ। ਵਡੇਰੀ ਉਮਰ ਦੇ ਲੋਕ ਟਾਹਣਾਂ

ਜਾਂ ਚੌਪਟ ਖੇਡ ਕੇ ਆਪਣਾ ਸਮਾਂ ਬਿਤਾਂਦੇ ਹਨ। ਇਸੇ ਤਰ੍ਹਾਂ ਛੋਟੀਆਂ ਕੁੜੀਆਂ ਗੁੱਡੀਆਂ ਪਟੋਲਿਆਂ ਨਾਲ ਤੇ ਵਡੇਰੀਆਂ ਕੁੜੀਆਂ ਖਿਦੋ, ਗੀਟੀਆਂ ਤੇ ਕਿੱਕਲੀ ਨਾਲ ਜੀਵਨ ਦੇ ਪੱਲੇ ਉਤੇ ਰੰਗਾਂ ਦੇ ਛੱਟੇ ਮਾਰ ਲੈਂਦੀਆਂ ਹਨ।

ਮੁੰਡਿਆਂ ਦੀਆਂ ਖੇਡਾਂ ਕੁੜੀਆਂ ਨਾਲੋਂ ਜ਼ਿਆਦਾ ਮਾਤਰਾ ਵਿਚ ਹਨ, ਜਿਸ ਦਾ ਕਾਰਨ ਸਮਾਜਕ ਬੰਧਨ ਹਨ। ਹੁਣ ਤਕ ਕੁੜੀ ਛੋਟੀ ਉਮਰ ਵਿਚ ਵਿਆਹੀ ਜਾਂਦੀ ਰਹੀ ਤੇ ਵਿਆਹ ਤੋਂ ਮਗਰੋਂ ਉਸ ਲਈ ਖੇਡਾਂ ਨਾਲੋਂ, ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣਾ ਵਧੇਰੇ ਜ਼ਰੂਰੀ ਹੁੰਦਾ ਸੀ। ਜਵਾਨ ਕੁੜੀਆਂ ਆਪਣਾ ਵਿਹਲਾ ਸਮਾਂ ਤ੍ਰਿੰਞਣਾਂ ਵਿਚ ਚਰਖਾ ਕੱਤਣ ਤੇ ਫੁੱਲਕਾਰੀ ਕੱਢਣ ਵਿਚ ਗੁਜ਼ਾਰਦੀਆਂ ਰਹੀਆਂ। ਤਿੰਞਣਾਂ ਵਿਚ ਹੀ ਉਹ ਇਕ ਦੂਜੇ ਨਾਲ ਹਾਸੇ ਠੱਠੇ ਕਰਕੇ, ਲੋਕ-ਗੀਤ ਗਾ ਕੇ ਤੇ ਨਕਲਾਂ ਉਤਾਰ ਕੇ ਮਨ ਪ੍ਰਚਾ ਲੈਂਦੀਆਂ ਹਨ।

ਪੰਜਾਬ ਦੀਆਂ ਖੇਡਾਂ ਵਿਚ ਸਾਮਾਨ ਥੋੜਾ ਤੇ ਨੇਮ ਸਾਦਾ ਹਨ। ਖਿਡਾਰੀਆਂ ਦੀ ਗਿਣਤੀ ਵੀ ਲੋੜ ਅਨੁਸਾਰ ਵਧਾਈ ਘਟਾਈ ਜਾ ਸਕਦੀ ਹੈ। ਖੇਡ ਲਈ ਖੁਲ੍ਹੇ ਮੈਦਾਨ ਦੀ ਵੀ ਲੋੜ ਨਹੀਂ ਪੈਂਦੀ, ਬਹੁਤੀਆਂ ਖੇਡਾਂ ਘਰ ਦੇ ਅੰਦਰ ਵਿਹੜੇ ਵਿਚ ਜਾਂ ਬਾਹਰ ਗਲੀ ਵਿਚ, ਖੇਡ ਲਈਆਂ ਜਾਂਦੀਆਂ ਹਨ। ਇਥੋਂ ਤਕ ਕਿ ਕਬੱਡੀ ਵਰਗੀ ਖੇਡ ਵੀ, ਬੱਚੇ ਗਲੀ ਵਿਚ ਖੇਡ ਲੈਂਦੇ ਹਨ।

ਪੰਜਾਬ ਇਕ ਬੜਾ ਵਿਸ਼ਾਲ ਖੇਤਰ ਹੈ। ਇਸ ਲਈ ਖੇਡਾਂ ਵਿਚ ਤੇ ਉਨ੍ਹਾਂ ਦੇ ਨਾਵਾਂ ਵਿਚ ਸਥਾਨਿਕ ਅੰਤਰ ਆਮ ਮਿਲਦੇ ਹਨ। ਉਦਾਹਰਣ ਵਜੋਂ ਕਬੱਡੀ ਹੀ ਲੈ ਲਓ, ਹਰ ਇਲਾਕੇ ਦੀ ਕਬੱਡੀ ਦੂਜੇ ਇਲਾਕੇ ਨਾਲੋਂ ਵਖਰੀ ਹੈ। ਸਿਆਲਕੋਟੀ ਕਬੱਡੀ, ਲਾਹੌਰੀ ਕਬੱਡੀ, ਜਾਲੰਧਰੀ ਕਬੱਡੀ ਤੇ ਅੰਬਾਲਵੀ ਕਬੱਡੀ ਆਦਿ। ਇਨ੍ਹਾਂ ਦੇ ਇਲਾਕਾਈ ਨਾਂ ਹਨ। ਧਨੀ ਵਿਚ 'ਪੀਰ ਕਬੱਡੀ' ਵਧੇਰੇ ਪ੍ਰਚਲਤ ਤੇ ਪ੍ਰਸਿਧ ਹੈ। ਇਹੋ ਹਾਲ ਬਾਕੀ ਖੇਡਾਂ ਦਾ ਹੈ।

### (ਖ-96) ਖੇਡਣ ਵੇਲਾ :

ਬੱਚਿਆਂ ਲਈ ਖੇਡਣ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੁੰਦਾ। ਜਦੋਂ ਮਨ ਵਿਚ ਵਲੇਲ ਉਠੀ, ਖੇਡ ਲਿਆ। ਜਦੋਂ ਕੁਝ ਬੱਚਿਆਂ ਨੇ ਦੂਜੇ ਬੱਚਿਆਂ ਨੂੰ ਖੇਡਣ ਲਈ, ਇਕੱਠਾ ਕਰਨਾ ਹੋਵੇ ਤਾਂ ਉਹ ਕੁਝ ਤੁਕਾਂ ਉੱਚੀ ਉੱਚੀ ਉਚਾਰਦੇ ਹਨ। ਜਦੋਂ ਕੁੜੀਆਂ ਨੇ ਖੇਡਣਾ ਹੋਵੇ ਤਾਂ ਦੋ ਚਾਰ ਕੁੜੀਆਂ ਕਿਸੇ ਖੁਲ੍ਹੀ ਥਾਂ ਖਲੋ ਕੇ ਗਾਉਣ ਲਗਦੀਆਂ ਹਨ :—

ਆਓ, ਭੈਣੋ ਖੇਡੀਏ
ਖੇਡਣ ਵੇਲਾ ਹੋਇਆ
ਰੋਟੀ ਕੌਣ ਪਕਾਏਗਾ
ਹੀਰਾ ਜਾਂ ਹੀਰੇ ਦੀ ਭਾਣਜੀ।
ਸਭੇ ਗੱਲਾਂ ਜਾਣਦੀ
ਇਕ ਗੱਲ ਭੁਲ ਗਈ
ਬਰੋਟੇ ਵਾਂਗੂ ਫੁਲ ਗਈ।

ਇਹ ਇਕ ਤਰ੍ਹਾਂ ਦਾ ਕੁੜੀਆਂ ਨੂੰ ਖੇਡਣ ਦਾ ਬੁਲਾਵਾ ਹੁੰਦਾ ਹੈ।

ਕਿਧਰੋਂ ਕੋਈ ਹੋਰ ਸੁਰ ਉਭਰਦੀ ਹੈ :—

ਦੋ ਛਿੱਟਾਂ ਪਈਆਂ ਗਾਂ ਦੀਆਂ .
ਆਓ ਮੁੰਡਿਓ ਖੇਡੀਏ
ਲੱਤਾਂ ਪਈਆਂ ਜੰਗਦੀਆਂ।

ਨਿੱਕੇ ਨਿੱਕੇ ਬੱਚੇ ਜਦ ਖੇਡਣਾ ਚਾਹੁੰਦੇ ਹਨ ਤਾਂ ਉਹ ਬਾਕੀ ਮੁੰਡਿਆਂ ਨੂੰ ਇਕੱਠਾ ਕਰਨ ਲਈ, ਇਹ ਹੋਕਰਾ ਦੇਂਦੇ ਹਨ :—

ਦੋ ਲਕੜੀਆਂ ਦੋ ਕਾਨੇ
ਆ ਜਾਓ ਮੁੰਡਿਓ ਕਿਸੇ ਵੀ ਬਹਾਨੇ।

ਇਸ ਤਰ੍ਹਾਂ ਦੀਆਂ ਅਨੇਕਾਂ ਤੁੱਕਾਂ ਬੱਚਿਆਂ ਦਾ ਖੇਡ ਲਈ ਮਨ ਤਿਆਰ ਕਰਨ ਲਈ ਉਚਾਰੀਆਂ ਜਾਂਦੀਆਂ ਹਨ। ਕਈ ਵਾਰ ਮੌਕੇ 'ਤੇ ਹੀ ਗੱਲ ਘੜ ਲਈ ਜਾਂਦੀ ਹੈ।

### (ਖ-97) ਖੇਡਣਾ (ਖੇਲ੍ਹਣਾ) :

(1) ਜਦੋਂ ਕਿਸੇ ਤੀਵੀਂ ਜਾਂ ਮਰਦ ਵਿਚ ਦੇਵੀ-ਦੇਵਤੇ ਦਾ ਪ੍ਰਵੇਸ਼ ਹੁੰਦਾ ਹੈ ਤਾਂ ਉਹ ਸਿਰ ਮਾਰ ਮਾਰ ਕੇ ਘੁੰਮਾਂਦਾ ਹੈ। ਉਦੋਂ ਜੋ ਕੁਝ ਵੀ ਉਹ ਬੋਲਦਾ/ਬੋਲਦੀ ਹੈ ਉਹ ਉਸ ਦੇਵੀ ਦੇ ਬੋਲ ਸਮਝੇ ਜਾਂਦੇ ਹਨ, ਜੋ ਉਸ ਪ੍ਰਾਣੀ ਵਿਚ ਵਾਸਾ ਹੈ। ਲੋਕੀਂ ਉਸ ਅਗੇ ਕਣ ਪਾਉਂਦੇ (ਰੁਪਏ ਪੈਸੇ, ਅੰਨ ਕਪੜੇ ਦਾ ਦਾਨ ਕਰਦੇ) ਤੇ ਪ੍ਰਸ਼ਨ ਪੁੱਛਦੇ ਹਨ।

(2) ਜਦੋਂ ਕੋਈ ਚੇਲਾ/ਪੀਰ ਸਿਰ ਮਾਰ ਮਾਰ, ਆਵੇਸ਼ ਦੀ ਅਵਸਥਾ ਵਿਚ, ਪਹੁੰਚ ਜਾਂਦਾ ਹੈ ਤੇ ਪ੍ਰਗਟ ਕਰਦਾ ਹੈ ਕਿ ਜਿਸ ਦੇਵੀ ਦੇਵਤੇ ਜਾਂ ਭੂਤ-ਪ੍ਰੇਤ ਨੂੰ ਉਸ ਵਸ ਅਥਵਾ ਸਿਧ ਕੀਤਾ ਹੋਇਆ ਹੈ, ਉਹ ਉਸ ਵਿਚ ਪ੍ਰਵੇਸ਼ ਕਰ ਗਈ ਹੈ ਤਾਂ ਉਸਦੀ ਸਹਾਇਤਾ ਨਾਲ ਉਹ ਦੂਜਿਆਂ ਵਿਚੋਂ ਭੂਤ-ਪ੍ਰੇਤ ਕਢ ਸਕਦਾ ਤੇ ਉਨ੍ਹਾਂ ਦੇ ਕਾਰਜਾਂ ਦੀ ਸਿਧੀ ਕਰ ਸਕਦਾ ਹੈ। ਇਸ ਕਿਰਿਆ ਨੂੰ 'ਖੇਡਣਾ' ਕਹਿੰਦੇ ਹਨ।

(3) ਜਦੋਂ ਕਿਸੇ ਤੀਵੀਂ/ਮਰਦ ਉਤੇ ਭੂਤ-ਪ੍ਰੇਤ ਦੀ ਛਾਇਆ ਹੋਵੇ ਤਾਂ ਉਸਦੇ ਚੰਦਰੇ ਅਸਰ ਹੇਠ, ਜੋ ਗੱਲਾਂ ਤੇ ਕਿਰਿਆਵਾਂ ਆਦਿ, ਉਹ ਤੀਵੀਂ/ਮਰਦ ਕਰਦੇ ਹਨ, ਉਸਨੂੰ 'ਖੇਡਣਾ' ਕਹਿੰਦੇ ਹਨ। ਜਦੋਂ ਕਿਸੇ ਵਿਚ ਭੂਤ-ਪ੍ਰੇਤ ਪ੍ਰਵੇਸ਼ ਕਰ ਗਿਆ ਹੋਵੇ ਤਾਂ ਸਿਰ ਪੇਟ ਮਾਰ ਕੇ, ਜੋ ਬੇਤੁਕੀਆਂ ਗੱਲਾਂ ਉਹ ਕਰਦੀ ਹੈ, ਉਸਨੂੰ ਚੇਲੇ 'ਡੌਲੀ'

ਕਹਿੰਦੇ ਹਨ (ਵੇਖੋ : ਡੌਲੀ)।

(4) ਦੇਵੀ ਦੇਵਤੇ, ਭੂਤ-ਪ੍ਰੇਤ ਜਾਂ ਜਾਦੂ-ਮੰਤ੍ਰ ਦੇ ਅਸਰ ਹੇਠ ਸਿਰ ਮਾਰਨਾ ਜਾਂ ਸਰੀਰ ਨੂੰ ਹਿਲਾ ਹਿਲਾ ਕੇ ਝੂਲਣਾ; ਮਾਤਾ ਦੇਵੀ ਦੇ ਉਪਾਸ਼ਕ ਮੰਨਦੇ ਹਨ ਕਿ ਜਦੋਂ ਦੇਵੀ ਕਿਸੇ ਕੰਨਿਆਂ/ਤੀਵੀਂ ਵਿਚ ਪ੍ਰਵੇਸ਼ ਕਰਦੀ ਹੈ, ਤਾਂ ਉਹ ਕੰਨਿਆਂ/ਤੀਵੀਂ ਦੇਵੀ ਦੇ ਅਸਰ ਹੇਠ, ਵਜਦ ਵਿਚ ਆ ਕੇ ਸਿਰ ਮਾਰਦੀ ਤੇ ਝੂਲਦੀ ਹੈ। ਮਾਤਾ ਦੇਵੀ ਦੇ ਉਪਾਸ਼ਕ ਕੰਨਿਆਂ ਨੂੰ ਉਸ ਘੜੀ, ਦੇਵੀ ਮੰਨ ਕੇ ਪੂਜਦੇ ਤੇ ਉਸ ਤੋਂ ਕਈ ਸਵਾਲ ਪੁਛਦੇ ਹਨ। ਇਨ੍ਹਾਂ ਪੁੱਛਾਂ ਦਾ ਉਤਰ ਭਾਵੇਂ ਝੂਲਣ ਵਾਲੀ ਕੰਨਿਆਂ ਦੇ ਰਹੀ ਹੁੰਦੀ ਹੈ, ਪਰ ਧਾਰਨਾ ਅਨੁਸਾਰ ਕੰਨਿਆਂ ਦੇ ਮਾਧਿਅਮ ਦੁਆਰਾ ਦੇਵੀ ਖ਼ੁਦ ਬੋਲ ਰਹੀ ਹੁੰਦੀ ਹੈ। ਜੋ ਕੰਨਿਆਂ/ਤੀਵੀਂ ਦੇਵੀ ਦੇ ਅਸਰ ਹੇਠ ਝੂਲਦੀ ਹੋਵੇ ਉਸਨੂੰ 'ਮਾਤਾ' ਕਿਹਾ ਜਾਂਦਾ ਹੈ।

ਕਈ ਵਾਰ ਜੋਗੀ ਜਾਂ ਚੇਲੇ, ਕਿਸੇ ਪਕੜ ਜਾਂ ਛਾਇਆ ਵਾਲੇ ਰੋਗੀ ਅੰਦਰੋਂ, ਭੂਤ-ਪ੍ਰੇਤ ਕੱਢਣ ਲਈ ਜਾਦੂ-ਮੰਤ੍ਰ ਫੂਕਦੇ ਹਨ। ਜਿਸ ਦੇ ਅਸਰ ਹੇਠ ਰੋਗੀ ਸਿਰ ਮਾਰਨ ਲਗ ਪੈਂਦਾ ਹੈ। ਇਸ ਕਰਮ-ਕਾਂਡ ਨੂੰ ਵੀ 'ਖੇਡਣਾ' ਕਹਿੰਦੇ ਹਨ। ਧਾਰਨਾ ਹੈ ਕਿ ਮੰਤ੍ਰਾਂ ਦੇ ਅਸਰ ਹੇਠ, ਝੂਲਣ ਨਾਲ ਭੂਤ-ਪ੍ਰੇਤ ਉਸਦਾ ਸਰੀਰ ਛਡ ਜਾਂਦੇ ਹਨ।

### (ਖ-98) ਖੇਤਰਪਾਲ :

ਪੰਜਾਬ ਦੇ ਪਿੰਡਾਂ ਵਿਚ ਪੂਜਿਆ ਜਾਂਦਾ ਇਕ ਸਥਾਨਿਕ ਦਿਉਤਾ; ਇਹ ਦਿਉਤਾ ਖੇਤਾਂ ਦੀ ਰਾਖੀ ਤੇ ਫਸਲਾਂ ਦੀ ਪਾਲਨਾ ਕਰਦਾ ਹੈ। ਖੇਤਰਪਾਲ ਭੈਰਵ ਦਾ ਹੀ ਇਕ ਰੂਪ ਮੰਨਿਆ ਗਿਆ ਹੈ ਅਤੇ ਇਸਨੂੰ ਪ੍ਰਸੰਨ ਕਰਨ ਲਈ, ਦੁੱਧ ਤੇ ਮਿੱਠੇ ਪਦਾਰਥ ਚਾੜ੍ਹੇ ਜਾਂਦੇ ਹਨ। ਵੇਦਾਂ ਵਿਚ ਵੀ ਅਜਿਹੇ ਦਿਉਤੇ ਕਸ਼ੇਤਰਯਸ-ਪਤੀ ਦਾ ਜ਼ਿਕਰ ਮਿਲਦਾ ਹੈ, ਜਿਸਨੂੰ ਪ੍ਰਸੰਨ ਰਖਣ ਲਈ ਬਲਦ ਜਾਂ ਕਿਸੇ ਹੋਰ ਪਸ਼ੂ ਦੀ ਬਲੀ ਦਿਤੀ ਜਾਂਦੀ ਸੀ।

ਇਸ ਲੋਕ-ਦਿਉਤੇ ਨੂੰ ਸਮੂਰਤ ਕਰਨ ਲਈ, ਖੇਤਾਂ ਵਿਚ ਦੋ ਡੰਡੇ ਖੜੇ ਕਰਕੇ ਉਪਰ ਕੁੰਨੀ ਮੂਧੀ ਮਾਰ ਦਿਤੀ ਜਾਂਦੀ ਹੈ। ਕੁੰਨੀ ਉਤੇ ਚਿੱਟੀਆਂ ਕਾਲੀਆਂ ਧਾਰੀਆਂ ਵਾਹ ਕੇ ਦਿਉਤੇ ਦੀ ਸ਼ਕਲ ਉਭਾਰੀ ਜਾਂਦੀ ਹੈ। ਕਈ ਵਾਰ ਖੇਤ ਵਿਚ ਕੋਈ ਲੰਮਾ ਜਿਹਾ ਪੱਥਰ ਗੱਡ ਕੇ ਉਸ ਉਪਰ ਨੱਕ, ਅੱਖ, ਕੰਨ ਤੇ ਮੂੰਹ ਉਲੀਕ ਦਿਤੇ ਜਾਂਦੇ ਹਨ। ਖੇਤਰਪਾਲ ਸਿਰਫ਼ ਖੇਤਾਂ ਦਾ ਹੀ ਰਾਖਾ ਨਹੀਂ ਹੁੰਦਾ, ਸਾਰੇ ਪਿੰਡ ਦੀ ਰਖਿਆ ਵੀ ਕਰਦਾ ਹੈ।

ਖੇਤਾਂ ਵਿਚ, ਅਜ ਕਲ੍ਹ ਚਿੜੀਆਂ-ਕਾਵਾਂ ਜਾਂ ਪਸ਼ੂਆਂ ਨੂੰ ਡਰਾਉਣ ਲਈ, ਬਾਂਸ ਦੇ ਡੰਡੇ ਉਤੇ ਕਾਲੀ ਕੁੰਨੀ ਮੂਧੀ ਮਾਰ ਕੇ 'ਡਰਨਾ' ਖੜਾ ਕੀਤਾ ਜਾਂਦਾ ਹੈ, ਉਹ ਖੇਤਰਪਾਲ ਦਾ ਹੀ ਪੁਰਾਣਾ ਤੇ ਵਿਗੜਿਆ ਰੂਪ ਹੈ।

ਖੇਤਰਪਾਲ ਦੀ ਪੂਜਾ ਬੱਚੇ ਦੇ ਜਨਮ, ਸ਼ਗਨ ਤੇ ਵਿਆਹ ਤੋਂ ਇਲਾਵਾ ਫਸਲਾਂ ਦੇ ਪੱਕਣ ਵੇਲੇ ਕੀਤੀ ਜਾਂਦੀ ਹੈ। ਖੇਤਰਪਾਲ ਕਦੇ ਕਦੇ ਪਿੱਪਲ ਦੇ ਰੁੱਖ ਉਤੇ ਵੀ ਵਾਸ ਕਰਦਾ ਹੈ। ਇਸ ਲਈ ਤੀਵੀਆਂ ਪਿੱਪਲ ਨੂੰ ਪੂਜਦੀਆਂ ਹਨ। ਖ਼ਾਸ ਤੌਰ ਤੇ ਜਦੋਂ ਬੀਮਾਰੀ ਕਿਸੇ ਚੰਦਰੀ ਰੂਹ ਸਦਕਾ ਹੋਵੇ। ਖੇਤਰਪਾਲ ਭੂਮੀ ਦਾ ਵੀ ਸਵਾਮੀ ਹੈ, ਵੈਸੇ ਭੂਮੀ ਦੇ ਦਿਉਤੇ ਨੂੰ 'ਭੂਮੀਆ' ਕਹਿੰਦੇ ਹਨ (ਵੇਖੋ : ਭੂਮੀਆਂ)। ਭੂਮੀਏ ਵਾਂਗ ਖੇਤਰਪਾਲ ਵੀ ਧਰਤੀ ਉਤੇ ਵਸਦੀਆਂ ਚੰਦਰੀਆਂ ਰੂਹਾਂ ਤੋਂ ਰੱਖਿਆ ਕਰਦਾ ਹੈ।

ਖੇਤਰਪਾਲ ਧਰਤੀ ਦੇ ਅੰਦਰ ਵਸਦੇ ਇਕ ਹੋਰ ਦਿਉਤੇ ਸ਼ੇਸ਼ਨਾਗ ਦਾ ਰੂਪ ਮੰਨਿਆ ਜਾਂਦਾ ਹੈ। ਕਿਸੇ ਸਮੇਂ ਸ਼ੇਸ਼ਨਾਗ ਨੂੰ ਖੇਤਾਂ ਤੇ ਫਸਲਾਂ ਦਾ ਰਾਖਾ ਮੰਨ ਕੇ ਪੂਜਿਆ ਜਾਂਦਾ ਸੀ। ਖੇਤਾਂ ਵਿਚ ਖੁਡ ਬਣਾ ਕੇ ਨਿਵਾਸ ਕਰਦੇ ਸੱਪ ਨੂੰ ਮਾਰਨ ਦੀ ਥਾਂ ਦੁੱਧ ਪਿਲਾਉਣਾ ਜ਼ਿਆਦਾ ਸ਼ੁਭ ਸਮਝਿਆ ਜਾਂਦਾ ਹੈ।

ਪੰਜਾਬ ਵਿਚ, ਫਿਰੋਜ਼ਪੁਰ ਤੇ ਗੁਰਦਾਸਪੁਰ ਜ਼ਿਲੇ ਵਿਚ, ਖੇਤਰਪਾਲ ਦੀ ਪੂਜਾ ਅਜ ਵੀ ਸ਼ਰਧਾ ਨਾਲ ਕੀਤੀ ਜਾਂਦੀ ਹੈ। ਰੋਜ਼ (ਗਲਾਸਰੀ) ਅਨੁਸਾਰ ਗੁਰਦਾਸਪੁਰ ਦੇ ਕੁਝ ਰਾਜਪੂਤ ਵਾਢੀ ਕਰਨ ਤੋਂ ਪਹਿਲਾਂ, ਬ੍ਰਾਹਮਣਾਂ ਤੋਂ ਸ਼ੁਭ ਮਹੂਰਤ ਕਢਵਾਂਦੇ ਹਨ ਤੇ ਇਸ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਪੰਜ ਜਾਂ ਸੱਤ ਮੁੱਡੇ ਇਕ ਜਲ ਦਾ ਭਰਿਆ ਕੁੰਭ ਤੇ ਪੱਕੀ ਫਸਲ ਦੀ ਇਕ ਟੁਕੜੀ ਖੇਤਰਪਾਲ ਦੀ ਭੇਟਾ ਲਈ ਰਾਖਵੀਂ ਕਰਕੇ, ਵੱਢੇ ਬਗੈਰ ਛੱਡ ਦੇਂਦੇ ਹਨ।

ਚੰਭੇ ਵਿਚ ਖੇਤਰਪਾਲ ਭੂਮੀ ਦਾ ਦੇਵਤਾ ਹੈ। ਹਲ ਵਾਹੁਣ ਤੋਂ ਪਹਿਲਾਂ ਇਸਨੂੰ ਪਤਿਆਇਆ ਜਾਂਦਾ ਹੈ ਤਾਂ ਜੋ ਚੋਖੀ ਤੇ ਭਰਪੂਰ ਫਸਲ ਹੋਵੇ। ਜਦੋਂ ਕਿਸੇ ਬੰਜਰ ਭੁੰਇ ਨੂੰ, ਪਹਿਲੀ ਵਾਰ ਵਾਹੀ ਹੇਠ ਲਿਆਇਆ ਜਾਂਦਾ ਹੈ ਤਾਂ ਖੇਤਰਪਾਲ ਦੀ ਪ੍ਰਸੰਨਤਾ ਲਈ, ਇਸ ਮੌਕੇ ਤੇ ਬਕਰਾ ਜਾਂ ਭੇਡ ਦੀ ਬਲੀ ਦਿਤੀ ਜਾਂਦੀ ਤੇ ਧੂਪ-ਦੀਪ ਜਲਾਇਆ ਜਾਂਦਾ ਹੈ।

### (ਖ-99) ਖੇਤਰੀ :

ਨੁਰਾਤਿਆਂ ਦੇ ਦਿਨੀਂ, ਕੰਵਾਰੀਆਂ ਕੁੜੀਆਂ 'ਸਾਂਝੀ ਦੇਵੀ' ਦੀ ਮੂਰਤੀ ਬਣਾ ਕੇ ਉਸਦੀ ਪੂਜਾ ਕਰਦੀਆਂ ਹਨ ਤੇ ਪਹਿਲੇ ਨੁਰਾਤੇ ਨੂੰ ਘਰ ਦੀ ਕਿਸੇ ਗੁੱਠੇ ਜਾਂ ਕਿਸੇ ਭਾਂਡੇ ਵਿਚ ਜੌਂ ਬੀਜਦੀਆਂ ਹਨ, ਇਸਨੂੰ 'ਖੇਤਰੀ' ਜਾਂ 'ਸਾਂਝੀ ਮਾਈ ਦੀ ਖੇਤਰੀ' ਕਹਿੰਦੇ ਹਨ। ਨੌਂਵੇਂ ਨੁਰਾਤੇ ਤਕ ਇਨ੍ਹਾਂ ਜੌਆਂ ਦੀ ਖੇਤਰੀ ਨੂੰ, ਪਾਣੀ ਦੇ ਕੇ ਵਡਾ ਕੀਤਾ

ਜਾਂਦਾ ਹੈ ਹਰ ਰੋਜ਼ ਇਸਦੇ ਸਾਹਮਣੇ ਜੋਤ ਬਾਲੀ ਜਾਂਦੀ ਹੈ। ਦਸਵੇਂ ਦਿਨ ਕੁੜੀਆਂ ਜੌਆਂ ਦੀਆਂ ਬੱਬਲੀਆਂ ਆਪਣੇ ਵੀਰਾਂ ਜਾਂ ਪਿਉ ਦੀਆਂ ਪੱਗਾਂ ਵਿਚ ਟੰਗਦੀਆਂ ਤੇ ਲਾਗ ਲੈਂਦੀਆਂ ਹਨ। ਦਸਵੇਂ ਦਿਨ ਸਾਂਝੀ ਦੇਵੀ ਦੀ ਮੂਰਤੀ ਨਾਲ ਜੌਆਂ ਦੀ ਖੇਤਰੀ ਨੂੰ ਵੀ ਜਲ ਪ੍ਰਵਾਹ ਦਿਤਾ ਜਾਂਦਾ ਹੈ (ਵੇਖੋ : ਸਾਂਝੀ ਦੇਵੀ)।

(ਖ-100) **ਖੇੜਾ ਪਤੀ** :

ਪਿੰਡ ਦਾ ਉਹ ਪਰੋਹਤ, ਜਿਸਦੇ ਵਡਿਕੇ ਨਵੇਂ ਪਿੰਡ ਬੰਨ੍ਹਣ ਵਾਲੇ ਬਜ਼ੁਰਗਾਂ ਦੇ ਨਾਲ ਹੀ, ਪਿੰਡ ਵਿਚ ਵਸੇ ਹੋਣ। ਅਜਿਹੇ ਪਰੋਹਤ ਨੂੰ ਆਦਰ ਨਾਲ ਖੇੜਾ ਪਤੀ ਕਿਹਾ ਜਾਂਦਾ ਹੈ। ਛੋਟਾ ਪਿੰਡ ਜਾਂ ਮਾਜਰੀ ਨੂੰ ਖੇੜੀ ਕਹਿੰਦੇ ਹਨ।

(ਖ-101) **ਖੇੜਾ ਦਿਉਤਾ** :

(1) ਇਕ ਸਥਾਨਕ ਦਿਉਤਾ, ਜੋ ਭੂਮੀਆਂ ਦਾ ਹੀ ਇਕ ਰੂਪ ਮੰਨਿਆ ਜਾਂਦਾ ਹੈ। ਕਈ ਥਾਈਂ ਤਾਂ ਇਨ੍ਹਾਂ ਦੋਹਾਂ ਦਿਉਤਿਆਂ ਨੂੰ ਇਕ-ਰੂਪ ਮੰਨਦੇ ਹਨ। ਪਰ ਖੇੜਾ ਦਿਉਤੇ ਦਾ ਸਥਾਨ ਭੂਮੀਏ ਦੇ ਸਥਾਨ ਨਾਲੋਂ ਵਖਰਾ ਬਣਾਇਆ ਜਾਂਦਾ ਹੈ। ਇਸ ਦੀ ਪੂਜਾ, ਸਿਰਫ਼ ਐਤਵਾਰ ਨੂੰ ਹੀ ਕੀਤੀ ਜਾਂਦੀ ਹੈ।

ਨਵਾਂ ਪਿੰਡ ਬੰਨ੍ਹਣ ਵੇਲੇ, ਸਭ ਤੋਂ ਪਹਿਲਾਂ ਕੁੱਲ ਦੇ ਵਡਿਕੇ ਦੀ ਸਮਾਧੀ ਬਣਾਈ ਜਾਂਦੀ ਹੈ, ਜੋ ਇੱਟਾਂ ਤੇ ਚੂਨੇ ਦਾ ਇਕ ਤਰ੍ਹਾਂ ਦਾ ਥੜਾ ਜਿਹਾ ਹੁੰਦਾ ਹੈ। ਇਸੇ ਨੂੰ 'ਖੇੜਾ' ਕਹਿੰਦੇ ਹਨ। ਖੇੜੇ ਦੇ ਵਸਣ ਤੋਂ ਬਾਅਦ ਹੀ ਪਿੰਡ ਵਿਚ ਮਕਾਨ ਉਸਾਰੇ ਜਾਂਦੇ ਹਨ।

ਜ਼ਰੂਰੀ ਨਹੀਂ ਕਿ ਪਿੰਡ ਦੀ ਨੀਂਹ ਰਖਣ ਵੇਲੇ ਹੀ ਖੇੜਾ ਸਥਾਪਿਤ ਕੀਤਾ ਜਾਵੇ। ਕਈ ਪਿੰਡਾਂ ਵਿਚ, ਜਦੋਂ ਪਿੰਡ ਬੰਨ੍ਹਣ ਵਾਲਾ ਮੁਖੀਆ ਕਾਲ ਵਸ ਹੋ ਜਾਂਦਾ ਹੈ ਤਾਂ ਉਸਦੀ ਸਮਾਧੀ ਨੂੰ ਹੀ ਖੇੜੇ ਦੀ ਉਪਾਧੀ ਦਿਤੀ ਜਾਂਦੀ ਹੈ। ਕਈ ਥਾਈਂ ਪਿੰਡ ਵਿਚ ਮਰੇ, ਸਭ ਤੋਂ ਪਹਿਲੇ ਪ੍ਰਾਣੀ ਦੀ ਸਮਾਧੀ ਨੂੰ ਹੀ, ਖੇੜੇ ਦਾ ਦਰਜਾ ਪ੍ਰਾਪਤ ਹੁੰਦਾ ਹੈ।

ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਪਿਤਰੀ-ਪੂਜਾ ਪ੍ਰਚਲਤ ਸੀ। ਹਰ ਘਰ ਵਿਚ ਪਿਤਰਾਂ ਦੀ ਪੂਜਾ ਨਿਤ ਕੀਤੀ ਜਾਂਦੀ ਤੇ ਪਿਤਰਾਂ ਦੀਆਂ ਸਿਲਾਂ ਘਰ ਵਿਚ ਰਖਣ ਦੀ ਪ੍ਰਥਾ ਸੀ। ਸਾਰੇ ਪਿੰਡ ਵਿਚ ਇੱਕੋ ਮੁਖ ਗੋਤ ਜਾਂ ਬਰਾਦਰੀ ਦੀ ਵਸੋਂ ਹੋਣ ਕਰਕੇ ਉਨ੍ਹਾਂ ਸਭਨਾਂ ਦਾ ਸਾਂਝਾ ਵਡਿਕਾ ਇਕੋ ਹੁੰਦਾ ਸੀ, ਜਿਸਨੂੰ ਖੇੜੇ ਦੇ ਰੂਪ ਵਿਚ ਪਿੰਡ ਦੇ ਸਭ ਲੋਕ ਪੂਜਦੇ ਸਨ।

ਵੈਸੇ ਤਾਂ ਹਰ ਐਤਵਾਰ ਵਾਲੇ ਦਿਨ ਖੇੜਾ ਦਿਉਤਾ ਪੂਜਿਆ ਜਾਂਦਾ ਹੈ। ਪਰ ਪਿੰਡ ਵਿਚ ਬੱਚੇ ਦੇ ਜਨਮ ਜਾਂ ਵਿਆਹ ਉਤੇ ਉਚੇਚੀ ਪੂਜਾ ਕੀਤੀ ਜਾਂਦੀ ਹੈ। 'ਜੰਞ ਚੜ੍ਹਨ' ਤੋਂ ਪਹਿਲਾਂ ਲਾੜੇ ਨੂੰ ਖੇੜੇ 'ਤੇ ਮੱਥਾ ਟਿਕਾਇਆ ਜਾਂਦਾ ਹੈ। ਜਦੋਂ ਕੰਨਿਆਂ ਦਾ ਡੋਲਾ ਸੌਹਰੇ ਪਿੰਡ ਵਿਚ ਪਹੁੰਚਦਾ ਹੈ ਤਾਂ ਪਹਿਲਾਂ ਖੇੜੇ ਦੇ ਅਸਥਾਨ ਉਤੇ ਮੱਥਾ ਟਿਕਾਇਆ ਜਾਂਦਾ ਹੈ। ਬੱਚੇ ਦੇ ਜਨਮ ਉਤੇ 'ਖੇੜੇ' 'ਤੇ ਜੋਤ ਜਗਾਈ ਜਾਂਦੀ ਹੈ। ਸੰਕਟ ਜਾਂ ਬੀਮਾਰੀ ਵੇਲੇ, ਖੇੜੇ 'ਤੇ ਰੋਟ ਵੰਡੇ ਜਾਂਦੇ ਹਨ। ਔੜ ਪੈ ਜਾਵੇ ਤਾਂ ਪਿੰਡ ਦੇ ਲੋਕ ਰਲ ਕੇ ਖੇੜੇ ਉਤੇ ਯੱਗ ਕਰਦੇ ਹਨ।

ਖੇੜਾ ਬੁਤੀ ਦੀ ਸ਼ਕਲ ਦਾ ਵੀ ਹੁੰਦਾ ਹੈ। ਕਈ ਥਾਈਂ ਇੱਟਾਂ ਤੇ ਚੂਨੇ ਦਾ ਥੜਾ ਬਣਾ ਕੇ, ਮੱਧ ਵਿਚ ਇਕ ਛੋਟੀ ਜਿਹੀ ਟਿੱਲੀ ਖੜੀ ਕਰ ਦੇਂਦੇ ਹਨ, ਜਿਸ ਵਿਚ ਜੋਤ ਜਗਾਣ ਲਈ ਥਾਂ ਰਖੀ ਜਾਂਦੀ ਹੈ। ਕਈ ਥਾਈਂ ਵਖਰੀ ਜਾਂ ਥੜੇ ਉਤੇ ਹੀ ਮੱਮਟੀ ਜਿਹੀ ਬਣਾ ਦਿਤੀ ਜਾਂਦੀ ਹੈ, ਜਿਸ ਦੇ ਚਾਰੇ ਪਾਸੇ ਕੰਧਾਂ ਉਤੇ ਦੀਵੇ ਬਾਲਣ ਲਈ ਚਾਰ ਆਲੇ ਬਣਾਏ ਜਾਂਦੇ ਹਨ। ਪਿੰਡ ਵਾਲੇ ਖੇੜੇ ਦੀ ਸਮੇਂ ਸਮੇਂ ਮੁਰੰਮਤ ਕਰਦੇ ਰਹਿੰਦੇ ਹਨ।

(2) ਪਿੰਡ ਦੇ ਮੁਖੀ ਦਰਵਾਜ਼ੇ ਸਾਹਮਣੇ, ਧਰਤੀ ਵਿਚ ਗੱਡਿਆ, ਮਨੁੱਖ ਸ਼ਕਲ ਦਾ ਇਕ ਢਾਂਚਾ; ਧਾਰਨਾ ਹੈ ਇਹ ਪਿੰਡ ਵਿਚ ਪਸ਼ੂਆਂ ਦੀਆਂ ਬੀਮਾਰੀਆਂ ਤੋਂ ਰੱਖਿਆ ਕਰਦਾ ਹੈ।

(ਖ-102) **ਖ਼ੈਰ ਮੁਬਾਰਕ** :

ਬੱਚੇ ਦੇ ਜਨਮ, ਕੁੜਮਾਈ ਜਾਂ ਵਿਆਹ ਦੇ ਖ਼ੁਸ਼ੀ ਦੇ ਮੌਕੇ ਉਤੇ ਜਦੋਂ ਕੋਈ ਵਧਾਈ ਜਾਂ ਮੁਬਾਰਕ ਦੇਂਦਾ ਹੈ ਤਾਂ ਅਗੋਂ ਉਤਰ ਵਿਚ 'ਖ਼ੈਰ ਮੁਬਾਰਕ' ਜਾਂ 'ਤੁਸੀਂ ਵਧੋ' ਆਦਿ ਅਸੀਸਾਂ ਦਿਤੀਆਂ ਲਈਆਂ ਜਾਂਦੀਆਂ ਹਨ। ਜੇ ਉੱਤਰ ਨਾ ਮਿਲੇ ਤਾਂ ਵਧਾਈ ਕਬੂਲੀ ਨਹੀਂ ਸਮਝੀ ਜਾਂਦੀ। ਪੰਜਾਬ ਵਿਚ ਅਸੀਸਾਂ ਲੈਣ ਤੇ ਦੇਣ ਦੀ ਰੁਚੀ ਬੜੀ ਪ੍ਰਬਲ ਹੈ। ਵੱਡੇ ਅਸੀਸਾਂ ਦੇਂਦੇ ਅਤੇ ਛੋਟੇ ਅਸੀਸਾਂ ਨੂੰ ਕਬੂਲਦੇ ਹਨ।

(ਖ-103) **ਖੇਰਾਮੂਰਤੀ** :

ਅੱਟਕ ਦੇ ਜ਼ਿਲੇ ਦਾ ਇਕ ਜੰਗਲ, ਜਿਸ ਵਿਚ ਰਾਜਾ ਰਸਾਲੂ ਨੇ, ਰਾਣੀ ਕੋਕਿਲਾਂ ਦੇ ਰਹਿਣ ਲਈ ਧੌਲਰ ਬਣਵਾਇਆ ਸੀ। ਇਹ ਥਾਉਂ ਤਹਿਸੀਲ ਫਤਹਜੰਗ ਵਿਚ ਹੈ ਅਤੇ ਰੱਖ ਖੇਰਾਮੂਰਤੀ ਦੇ ਨਾਂ ਨਾਲ ਪ੍ਰਸਿਧ ਹੈ। ਖੇਰਾਮੂਰਤੀ ਦੇ ਪਹਾੜ ਸੋਲ-ਸੂਆਂ ਦੇ ਖੇਤਰ ਦੀ ਸੀਮਾਂ ਉਤੇ ਹਨ। ਇਹੋ ਪਹਾੜ ਅਗੇ ਜਾ ਕੇ ਚੋਰਪੜ ਵਿਚ ਸਮਾ ਜਾਂਦੇ ਹਨ। ਖੇਰਾਮੂਰਤੀ ਰਾਵਲਪਿੰਡੀ ਤੋਂ ਬਾਰਾਂ ਮੀਲ ਪੱਛਮ ਵਲ ਸਥਿਤ ਹੈ।

ਖੇਰਾਮੂਰਤੀ ਦੇ ਪਹਾੜਾਂ ਤੇ ਕਸੀਆਂ ਨਾਲ ਦੈਂਤਾਂ, ਪਰੀਆਂ ਤੇ ਰਾਖਸ਼ਾਂ ਦੀਆਂ ਅਨੇਕਾਂ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ। ਇਸ ਇਲਾਕੇ ਦੇ ਬਿਧ ਲੋਕ ਖੇਰਾਮੂਰਤੀ ਦੇ ਹਰ ਵਡੇ ਪੱਥਰ, ਰੁੱਖ ਤੇ ਚਸ਼ਮੇ ਬਾਰੇ ਕੋਈ ਰੋਚਿਕ ਅਨੂਠੀ ਦੰਦ-ਕਥਾ ਸੁਣਾਉਂਦੇ ਹਨ। ਅੱਟਕ ਜ਼ਿਲੇ ਦੀ ਗਜ਼ਟੀਅਰ (ਸਫ਼ਾ 12) ਵਿਚ ਲਿਖਿਆ ਹੈ ਕਿ ਇਹ ਥਾਂ "ਪ੍ਰਾਚੀਨ ਕਾਲ ਦੀਆਂ ਦੰਦ-ਕਥਾਵਾਂ ਤੇ ਦੈਂਤਾਂ ਤੇ ਪਰੀਆਂ ਦੀਆਂ ਕਥਾ-ਕਹਾਣੀਆਂ ਵਿਚ ਬੜੀ ਅਮੀਰ ਹੈ। ਸ਼ਾਇਦ ਹੀ ਪੰਜਾਬ ਦੇ ਕਿਸੇ ਹੋਰ ਪਹਾੜ ਨਾਲ, ਇਤਨੀਆਂ ਕਥਾਵਾਂ ਜੁੜੀਆਂ ਹੋਈਆਂ ਹੋਣ, ਜਿਤਨੀਆਂ ਖੇਰਾਮੂਰਤੀ ਨਾਲ। ਇਥੋਂ ਦੇ ਹਰ ਪੱਥਰ ਵਿਚ ਅਨੇਕਾਂ ਧੜਕਣਾਂ ਮੋਨ ਸੁੱਤੀਆਂ ਪਈਆਂ ਹਨ।

ਖੇਰਾਮੂਰਤੀ ਨਾਲ ਜੁੜੀ ਸਭ ਤੋਂ ਵਧ ਮੁਹੱਤਵਪੂਰਣ ਕਥਾ ਰਾਣੀ ਕੋਕਿਲਾਂ ਦੀ ਹੈ, ਜੋ ਰਾਜਾ ਸਿਰਕਪ ਦੀ ਸਭ ਤੋਂ ਛੋਟੀ ਲੜਕੀ ਸੀ। ਰਸਾਲੂ ਨੇ ਖੇਰਾਮੂਰਤੀ ਦੇ ਹਰੇ ਭਰੇ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਰੱਖ ਵਿਚ, ਕੋਕਿਲਾਂ ਲਈ ਇਕ ਸੁੰਦਰ ਪੈਲਰ ਬਣਵਾਇਆ, ਜਿਸ ਦਾ ਅੰਦਰ-ਬਾਹਰ ਜਾਣ ਦਾ ਰਾਹ ਗੁਪਤ ਰਖਿਆ ਗਿਆ। ਰਾਜਾ ਰਸਾਲੂ ਜਦੋਂ ਸ਼ਿਕਾਰ ਲਈ ਖੇਰਾਮੂਰਤੀ ਦੇ ਪਹਾੜਾਂ ਵਲ ਗਿਆ ਹੋਇਆ ਸੀ, ਤਾਂ ਪਿਛੋਂ ਹੀਰਾ ਹਰਨ ਆਪਣੇ ਕਿਸੇ ਅਪਮਾਨ ਦਾ ਬਦਲਾ ਲੈਣ ਲਈ ਰਾਜਾ ਹੋਡੀ ਨੂੰ ਫ਼ਰੇਬ ਨਾਲ, ਖੇਰਾਮੂਰਤੀ ਲੈ ਆਇਆ ਤੇ ਹੋਡੀ ਨੇ ਰਾਜੇ ਰਸਾਲੂ ਦੀ ਗ਼ੈਰ-ਹਾਜ਼ਰੀ ਦਾ ਫ਼ਾਇਦਾ ਉਠਾ ਕੇ, ਕੋਕਿਲਾਂ ਦਾ ਜੋਬਨ ਮਾਣਿਆ। ਇਸ ਦੰਦ ਕਥਾ ਨਾਲ ਕਈ ਕਾਵਿ-ਕਥਾਵਾਂ ਪ੍ਰਚਲਤ ਹਨ (ਵੇਖੋ : ਕੋਕਿਲਾਂ)।

ਖੇਰਾਮੂਰਤੀ ਵਿਚ ਇਕ ਚਸ਼ਮਾ ਹੈ, ਜਿਸ ਦਾ ਪਾਣੀ ਬੜਾ ਨਿਰਮਲ ਤੇ ਸਵੱਛ ਹੈ। ਰਵਾਇਤ ਹੈ ਕਿ ਜਦੋਂ ਰਸਾਲੂ ਖੇਰਾਮੂਰਤੀ ਵਿਚ ਰਿਹਾ ਕਰਦਾ ਸੀ ਤਾਂ ਉਹ ਇਸੇ ਚਸ਼ਮੇ ਦੇ ਮੁੱਢ ਬਹਿ ਕੇ ਤੱਪ ਕੀਤਾ ਕਰਦਾ ਸੀ। ਇਸ ਚਸ਼ਮੇ ਵਿਚ ਪਹਿਲਾਂ ਪਾਣੀ ਨਹੀਂ ਸੀ ਹੁੰਦਾ, ਪਰ ਰਾਜੇ ਰਸਾਲੂ ਦੇ ਲੰਮੇ ਤੱਪ ਸਦਕਾ, ਅੱਟਕ ਦਰਿਆ ਦਾ ਪਾਣੀ, ਅੰਦਰੋ ਅੰਦਰੀਂ ਵਗਦਾ, ਕਿਸੇ ਗੁਪਤ ਧਾਰਾ ਦੁਆਰਾ ਇਸ ਸੋਮੇ ਵਿਚੋਂ ਆ ਫੁਟਿਆ।

(ਖ-104) **ਖੋਸਲਾ** :

ਖਤ੍ਰੀਆਂ ਦੀ ਇਕ ਗੋਤ; ਇਕ ਧਾਰਨਾ ਅਨੁਸਾਰ ਖੋਸਲਾ ਸ਼ਬਦ ਖੋਸਨਾ ਦਾ ਵਿਗਾੜ ਹੈ, ਜਿਸ ਦਾ ਮਤਲਬ ਹੈ 'ਖੋਹਣਾ'। ਧਾਰਨਾ ਹੈ ਕਿ ਇਨ੍ਹਾਂ ਦੇ ਵਡਿਕੇ ਦੂਜੇ ਖਤ੍ਰੀਆਂ ਤੋਂ ਖੋਹ ਖਿੰਝ ਕੇ ਖਾਧਾ ਕਰਦੇ ਸਨ, ਜਿਸ ਤੋਂ ਇਨ੍ਹਾਂ ਦਾ ਨਾਂ ਪਹਿਲਾ ਖੋਸਨਾ ਤੇ ਫਿਰ ਖੋਸਲਾ ਪੈ ਗਿਆ।

ਖੋਸਲੇ ਖਤ੍ਰੀਆਂ ਦੀ ਸਰੀਨ ਬਰਾਦਰੀ ਵਿਚੋਂ ਹਨ। ਭੱਦਰਾਂ ਤੇ ਵਿਆਹ ਆਦਿ ਸਮੇਂ, ਇਨ੍ਹਾਂ ਵਿਚ ਗਰੜ ਦੀ ਪੂਜਾ ਉਪ੍ਰੰਤ ਭੋਜਨ ਛਕਾਇਆ ਜਾਂਦਾ ਹੈ। ਭੱਦਰਾਂ ਤੋਂ ਪੂਰਬ ਸੰਧਿਆ ਨੂੰ, ਕੁਲ-ਪ੍ਰੋਹਿਤ ਕਿਸੇ ਅਜਿਹੇ ਦਰਖ਼ਤ ਹੇਠਾਂ ਜਾ ਕੇ, ਜਿਥੇ ਗਰੜ ਦਾ ਆਲ੍ਹਣਾ ਹੋਵੇ, ਉੱਚੀ ਸਾਰੀ ਆਵਾਜ਼ ਮਾਰਦਾ ਹੋਇਆ, ਗਰੜ ਨੂੰ ਨਿਉਤਾ ਦੇਂਦਾ ਹੈ। ਅਗਲੇ ਦਿਨ ਭੱਦਰਾਂ ਕਰਨ ਤੋਂ ਪਹਿਲਾਂ ਚਾਰ ਮੰਡੇ, ਸੇਰ ਹਲਵਾ ਤੇ ਇਕ ਟੱਕਾ ਥਾਲ ਵਿਚ ਪਰੋਸ ਕੇ ਰਖਦੇ ਹਨ। ਗਰੜ ਭੋਜਨ ਦਾ ਕੁਝ ਹਿੱਸਾ ਪੰਜਿਆਂ ਨਾਲ ਚੁਕ ਕੇ ਜਦੋਂ ਤਕ ਨਹੀਂ ਲੈ ਜਾਂਦਾ, ਉਦੋਂ ਤਕ ਭੱਦਰਾਂ ਨਹੀਂ ਕੀਤੀਆਂ ਜਾਂਦੀਆਂ। ਵਿਆਹ ਵੇਲੇ ਜਦੋਂ ਡੋਲੀ ਘਰ ਆਉਂਦੀ ਹੈ, ਤਾਂ ਸਭ ਤੋਂ ਪਹਿਲਾਂ, ਗਰੜ ਨੂੰ ਕੁਝ ਮਠਿਆਈ ਤੇ ਭੋਜ ਇਸੇ ਢੰਗ ਨਾਲ ਭੇਟ ਕੀਤਾ ਜਾਂਦਾ ਹੈ।

ਖੋਸਲਿਆਂ ਦੀਆਂ ਰਵਾਇਤਾਂ ਅਨੁਸਾਰ, ਗਰੜ ਨੇ ਉਨ੍ਹਾਂ ਦੇ ਵਡਿਕੇ ਦੀ ਸੰਕਟ ਸਮੇਂ, ਸਹਾਇਤਾ ਕੀਤੀ ਸੀ, ਜਿਸ ਕਰਕੇ ਗਰੜ ਦੀ ਪੂਜਾ ਦੀ ਪਿਰਤ ਪੈ ਗਈ। ਜਾਪਦਾ ਹੈ ਕਿ ਗਰੜ ਇਸ ਗੋਤ ਦਾ ਕਦੇ ਕੁੱਲ-ਚਿੰਨ੍ਹ (ਟੋਟਮ) ਸੀ।

(ਖ-105) **ਖੋਸਾ** :

ਚਕਵਾਲ ਦੇ ਇਲਾਕੇ ਦੀ ਪ੍ਰਸਿਧ ਜੁੱਤੀ, ਇਹ ਪੁੱਠੇ ਚੰਮੜੇ ਦੀ ਬਣਾਈ ਜਾਂਦੀ ਹੈ। ਇਸ ਦੀ ਨੱਕ ਚੋੜੀ ਤੇ ਲੰਮੀ ਹੁੰਦੀ ਤੇ ਪੱਬ ਤੇ ਮੋੜੀ ਹੁੰਦੀ ਹੈ। ਇਸ ਜੁੱਤੀ ਦੀ ਵਡਿਆਈ ਬਾਰੇ ਕਹਾਵਤ ਵੀ ਪ੍ਰਚਲਤ ਹੈ : 'ਜੁੱਤੀ ਖੋਸਾ ਬਾਕੀ ਸਭ ਕੂੜਾ'।

(ਖ-106) **ਖੋਖਰ** :

ਇਕ ਗੋਤ, ਜੋ ਜੱਟਾਂ, ਰਾਜਪੂਤਾਂ, ਅਰਾਈਆਂ ਤੇ ਚੂਹੜਿਆਂ ਵਿਚ ਮਿਲਦੀ ਹੈ। ਖਤ੍ਰੀਆਂ ਵਿਚ ਵੀ ਖੁਖਰੈਣਾਂ ਨੂੰ ਖੋਖਰ ਕਹਿ ਲਿਆ ਜਾਂਦਾ ਹੈ।

ਰੋਜ਼ (ਗਲਾਸਰੀ) ਅਨੁਸਾਰ ਰਾਜਪੂਤ ਤੇ ਜੱਟ ਖੋਖਰ ਵਧੇਰੇ ਕਰਕੇ, ਜਿਹਲਮ ਤੇ ਝਨਾਂ ਦੀਆਂ ਵਾਦੀਆਂ ਵਿਚ ਮਿਲਦੇ ਹਨ, ਖ਼ਾਸ ਤੌਰ ਉਤੇ ਝੰਗ ਤੇ ਸ਼ਾਹਪੁਰ ਦੇ ਜ਼ਿਲਿਆਂ ਵਿਚ। ਕਿਸੇ ਸਮੇਂ ਝੰਗ ਦੇ ਪੂਰਬ ਵਲ ਦੇ ਖੇਤਰ ਉਤੇ ਖੋਖਰਾਂ ਦਾ ਰਾਜਸੀ ਅਧਿਕਾਰ ਰਿਹਾ ਹੈ। 'ਆਇਨੇ ਅਕਬਰੀ' ਵਿਚ ਖੋਖਰਾਂ ਦਾ ਜ਼ਿਕਰ ਆਉਂਦਾ ਹੈ। ਅਕਬਰ ਦੇ ਰਾਜ ਸਮੇਂ ਹੁਸ਼ਿਆਰਪੁਰ ਦੇ ਦਸੂਆ ਪਰਗਨੇ ਵਿਚ ਇਸ਼ਕ ਬੇਲੇ ਦਾ ਬੜਾ ਜ਼ੋਰ ਸੀ। ਤੇ ਇਨ੍ਹਾਂ ਦੇ ਨਾਂ ਉਤੇ ਹੀ ਇਸ ਖੇਤਰ ਦਾ ਨਾਂ ਖੋਖਰੈਣ ਪੈ ਗਿਆ (ਵੇਖੋ : ਖੋਖਰੈਣ)। ਖੋਖਰ, ਗੱਖੜਾਂ ਤੋਂ ਕਈ ਸਦੀਆਂ ਪਹਿਲਾਂ ਹੀ

ਪੰਜਾਬ ਵਿਚ ਆਬਾਦ ਸਨ ਤੇ ਗੱਖੜਾਂ ਦੇ ਨਿਮਕ ਦੇ ਪਹਾੜਾਂ ਦੇ ਖੇਤਰ ਵਿਚ ਵਸਣ ਤੋਂ ਪਹਿਲਾ ਸਾਰੇ ਪੰਜਾਬ ਵਿਚ ਖਿਲਰ ਚੁਕੇ ਸਨ।

ਖੋਖਰ ਹਿੰਦੂਉਂ ਹੀ ਮੁਸਲਮਾਨ ਹੋਏ। ਇਨ੍ਹਾਂ ਦੀਆਂ ਕਈ ਰਸਮਾਂ-ਰੀਤੀਆਂ ਹਿੰਦੂਆਂ ਵਾਲੀਆਂ ਹੀ ਹਨ। ਜਿਹਲਮ ਦੇ ਖੋਖਰਾਂ ਵਿਚ ਉਨੀਵੀਂ ਸਦੀ ਦੇ ਅੰਤ ਤਕ ਕਈ ਹਿੰਦੂ-ਰੀਤੀਆਂ ਪ੍ਰਚਲਤ ਰਹੀਆਂ ਤੇ ਦੱਤ ਬ੍ਰਾਹਮਣ ਉਨ੍ਹਾਂ ਦੇ ਪ੍ਰੋਹਿਤ ਬਣੇ ਰਹੇ।

ਖੋਖਰ ਕਬੀਲੇ ਦੇ ਮੁੱਢ ਬਾਰੇ, ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਰਵਾਇਤਾਂ ਇਸਨੂੰ ਅਵਾਣ ਕਬੀਲਿਆਂ ਨਾਲ ਜੋੜਦੀਆਂ ਹਨ। ਇਸ ਕਬੀਲੇ ਦਾ ਵਡਿਕਾ ਖੋਖਰ ਕੁਤਬ ਸ਼ਾਹ ਦਾ ਲੜਕਾ ਮੰਨਿਆ ਜਾਂਦਾ ਹੈ। ਇਕ ਹੋਰ ਰਵਾਇਤ ਅਨੁਸਾਰ ਅਵਾਣ ਤੇ ਖੋਖਰ ਦੋਹਾਂ ਕਬੀਲਿਆਂ ਨੂੰ ਪੀਰ ਕੁਤਬ ਸ਼ਾਹ ਨੇ ਹੀ ਇਸਲਾਮ ਮਤ ਵਿਚ ਲਿਆਂਦਾ ਸੀ ਤੇ ਇਹ ਦੋਵੇਂ ਕਬੀਲੇ ਉਨ੍ਹਾਂ ਦੇ ਮੁਰੀਦ ਸਨ।

ਜਿਹਲਮ ਦੇ ਇਲਾਕੇ ਵਿਚ, ਖੋਖਰ ਗੋਤ ਦੇ ਜੱਟ ਤੇ ਰਾਜਪੂਤ ਇਕ ਦੂਜੇ ਵਿਚ ਇਉਂ ਰਚ ਮਿਚ ਗਏ ਹਨ ਕਿ ਇਕੋ ਜਾਣੇ ਜਾਂਦੇ ਹਨ, ਪਰ ਪਿੰਡ ਦਾਦਨ ਖ਼ਾਂ ਦੇ ਆਸ ਪਾਸ ਦੇ ਇਲਾਕੇ ਦੇ ਰਾਜਪੂਤ ਖੋਖਰ, ਜੱਟਾਂ ਨਾਲੋਂ ਬਿਲਕੁਲ ਵਖਰੇ ਪਛਾਣੇ ਜਾਂਦੇ ਹਨ। ਇਥੋਂ ਦੇ ਰਾਜਪੂਤ ਖੋਖਰ ਜੰਞੂਆ ਕਬੀਲੇ ਵਿਚ ਵਿਆਹ ਕਰਦੇ ਹਨ।

ਗੁਜਰਾਤ ਦੇ ਖੋਖਰਾਂ ਵਿਚ ਵਿਆਹ ਦੇ ਕੁਝ ਰਵਾਜ ਵਿਲੱਖਣ ਹਨ। ਜੰਞ ਚੜ੍ਹਨ ਤੋਂ ਪਹਿਲਾਂ ਸੱਤ ਕਮੀਆਂ, ਜਿਨ੍ਹਾਂ ਵਿਚੋਂ ਨਾਈ, ਮਰਾਸੀ, ਤਰਖਾਣ, ਲੁਹਾਰ, ਘੁਮਿਆਰ, ਧੋਬੀ ਤੇ ਰਾਜਾਂ ਨੂੰ ਸੁਗਾਤਾਂ ਵੰਡੀਆਂ ਜਾਂਦੀਆਂ ਹਨ। ਜਦੋਂ ਜੰਞ ਕੰਨਿਆਂ ਦੇ ਘਰ ਪਹੁੰਚਦੀ ਹੈ ਤਾਂ ਕੰਨਿਆਂ ਦਾ ਪਿਉ, ਇਕ ਵਡੀ, ਸਾਰੀ ਥਾਲੀ ਵਿਚ ਵਧ ਤੋਂ ਵਧ ਸੁਗਾਤਾਂ ਰਖ ਕੇ ਲਾੜ੍ਹੇ ਦੇ ਪਿਉ ਨੂੰ ਦੇਂਦਾ ਹੈ, ਤੇ ਉਹ ਕਮੀਆਂ ਵਿਚ ਵੰਡ ਦੇਂਦਾ ਹੈ।

ਖੋਖਰਾਂ ਦਾ ਰਵਾਇਤੀ ਇਤਿਹਾਸ ਰੋਜ਼ ਗਲਾਸਰੀ, (ਜਿਲਦ-2, ਪੰਨੇ 541-549) ਵਿਚ ਵਿਸਥਾਰ ਨਾਲ ਦਿਤਾ ਹੈ।

### (ਖ-107) ਖੋਖਰਾਇਣ :

ਖਤ੍ਰੀਆਂ ਦੀਆਂ ਕੁਝ ਨਿਸ਼ਚਿਤ ਜਾਤਾਂ ਦਾ ਸਮੂਹ; ਇਨ੍ਹਾਂ ਖਤ੍ਰੀਆਂ ਨੇ, ਖੋਖਰਾਂ ਵਲੋਂ ਕੀਤੀ ਬਗ਼ਾਵਤ ਵਿਚ, ਉਨ੍ਹਾਂ ਦਾ ਸਾਥ ਦਿਤਾ। ਖੋਖਰਾਂ ਦੇ ਹਿਮਾਇਤੀ ਹੋਣ ਕਰਕੇ ਇਹ ਖਤ੍ਰੀ ਖੋਖਰਾਇਣ ਅਖਵਾਏ। ਬਾਕੀ ਖਤ੍ਰੀਆਂ ਨੇ, ਇਨ੍ਹਾਂ ਨਾਲ ਰਿਸ਼ਤੇ ਨਾਤੇ ਬੰਦ ਕਰ ਦਿਤੇ। ਇਨ੍ਹਾਂ ਖਤ੍ਰੀਆਂ ਨੇ ਆਪਣੀ ਵਖਰੀ ਬਰਾਦਰੀ ਬਣਾ ਲਈ (ਵੇਖੋ : ਖੁਖਰੇਣ)।

### (ਖ-108) ਖੋਖਰੇਣ :

ਇਕ ਇਲਾਕਾ, ਜੋ ਹੁਸ਼ਿਆਰਪੁਰ ਦੀ ਦਸੂਆ ਤਹਿਸੀਲ ਵਿਚ ਸਥਿਤ ਹੈ, ਜਿਸ ਨੂੰ 'ਚਾਲੀਆਂ ਖੋਖਰੇਣ' ਵੀ ਕਹਿੰਦੇ ਹਨ। ਇਸ ਇਲਾਕੇ ਵਿਚ ਖੋਖਰਾਂ ਦੇ ਵਸਾਏ ਚਾਲੀ ਪਿੰਡ ਹਨ। ਅਕਬਰ ਦੇ ਸਮੇਂ ਤੋਂ ਖੋਖਰਾਂ ਦਾ ਜ਼ੋਰ ਚਲਿਆ ਆ ਰਿਹਾ ਹੈ ਤੇ ਉਦੋਂ ਹੀ ਇਨ੍ਹਾਂ ਦਾ ਨਾਂ ਖੋਖਰੇਣ ਪਿਆ। ਇਥੋਂ ਦੇ ਖੋਖਰਾਂ ਦੇ ਦੋ ਛਤ ਹਨ, ਇਕ ਹੁਸ਼ਿਆਰਪੁਰ ਵਿਚ ਟਾਹਲੀ ਵਿਖੇ ਤੇ ਦੂਜੀ ਕਪੂਰਥਲਾ ਵਿਚ ਬੇਗੋਵਾਲ ਵਿਖੇ।

### (ਖ-109) ਖੋਖੀ :

ਖ਼ਾਸ ਵਿਧੀ ਨਾਲ ਬਣਾਇਆ ਗੀਠਾ, ਜਿਸ ਨਾਲ ਖੁੱਤੀ ਖੇਡਦਿਆਂ, ਖੁੱਤੀ ਤੋਂ ਬਾਹਰ ਰਹੇ ਗੀਠੇ ਨੂੰ ਫੁੰਡਿਆ ਜਾਂਦਾ ਹੈ। ਇਕ ਵੱਡਾ ਸਾਰਾ ਗੀਠਾ ਲੈ ਕੇ, ਉਸ ਵਿਚ ਇਕ ਪਾਸੇ ਤੋਂ ਛੇਕ ਕਰਕੇ, ਗਿਰੀ ਕੱਢ ਲਈ ਜਾਂਦੀ ਹੈ ਤੇ ਖ਼ਾਲੀ ਥਾਂ ਵਿਚ ਸਿੱਕਾ ਭਰ ਦਿਤਾ ਜਾਂਦਾ ਹੈ।

### (ਖ-110) ਖੋਜ਼ਦਾਰ :

ਮੁਸਲਮਾਨਾਂ ਵਿਚ, ਰਮਜ਼ਾਨ ਦਾ ਸਾਰਾ ਮਹੀਨਾ ਰੋਜ਼ੇ ਰੱਖਣੇ ਲਾਜ਼ਮੀ ਹਨ। ਜਦੋਂ ਕੋਈ ਮੁਸਲਮਾਨ ਬੀਮਾਰੀ ਜਾਂ ਕਿਸੇ ਹੋਰ ਮਜਬੂਰੀ ਵਸ ਰੋਜ਼ਾ ਨਾ ਰਖ ਸਕੇ, ਪਰ ਪਹਿਲਾਂ ਇਸ ਨੇਮ ਨੂੰ ਪਾਲਦਾ ਰਿਹਾ ਹੋਵੇ, ਤਾਂ ਉਸਨੂੰ 'ਖੋਜ਼ਦਾਰ' ਕਿਹਾ ਜਾਂਦਾ ਹੈ।

### (ਖ-111) ਖੋਜਾ :

ਮੁਸਲਮਾਨਾਂ ਦੀ ਇਕ ਜ਼ਾਤ, ਜੋ ਪਹਿਲਾਂ ਧਰਮ ਵਜੋਂ ਹਿੰਦੂ ਖਤ੍ਰੀ ਜਾਂ ਅਰੋੜੇ ਸਨ, ਇਨ੍ਹਾਂ ਦਾ ਕਿੱਤਾ ਜ਼ਿਆਦਾਤਰ ਦੁਕਾਨਦਾਰੀ ਜਾਂ ਵਪਾਰ ਰਿਹਾ ਹੈ। ਮੁਸਲਮਾਨੀ ਰਾਜ ਦੇ ਦੌਰਾਨ ਕਿਸੇ ਜ਼ਾਤ ਦਾ ਵੀ ਹਿੰਦੂ ਵਪਾਰੀ, ਜਦੋਂ ਇਸਲਾਮ ਧਾਰਨ ਕਰ ਲੈਂਦਾ, ਤਾਂ ਉਹ ਖਵਾਜਾ ਜਾਂ 'ਖੋਜਾ' ਅਖਵਾਉਂਦਾ; ਪਰ ਬਹੁਤੇ ਖੋਜੇ ਅਰੋੜਿਆਂ ਤੋਂ ਹੀ ਮੁਸਲਮਾਨ ਬਣੇ। ਝੰਗ ਦੇ ਸਾਰੇ ਖੋਜਿਆਂ ਦਾ ਪਿੱਛਾ ਅਰੋੜਿਆਂ ਦਾ ਹੈ ਤੇ ਸ਼ਾਹਪੁਰ ਦੇ ਖੋਜਿਆਂ ਦਾ ਖਤ੍ਰੀਆਂ ਦਾ। ਕੁਝ ਖੋਜੇ ਵੈਸ਼ ਤੇ ਕਾਇਥਾਂ ਜਾਤਾਂ ਵਿਚੋਂ ਵੀ ਹਨ।

ਖੋਜੇ ਦੇਸ਼ ਵੰਡ ਤੋਂ ਪਹਿਲਾਂ ਵੀ, ਜ਼ਿਆਦਾਤਰ ਪੱਛਮੀ ਪੰਜਾਬ ਵਿਚ ਹੀ ਰਹਿੰਦੇ ਸਨ। ਇਨ੍ਹਾਂ ਵਿਚ ਹਿੰਦੂਆਂ ਦੀਆਂ ਕਈ ਰਹੁ-ਰੀਤੀਆਂ ਤੇ ਪਰੰਪਰਾਵਾਂ ਅਜੇ ਵੀ ਕਾਇਮ

ਹਨ। ਸ਼ਾਹਪੁਰ ਦੇ ਖੋਜੇ ਤਾਂ ਖਤ੍ਰੀਆਂ ਦੀ ਗੋਤ ਪ੍ਰਥਾ ਤੋਂ ਵੀ ਹਾਲੇ ਮੁਕਤ ਨਹੀਂ ਹੋਏ। ਰੋਜ਼ (ਗਲਾਸਰੀ) ਅਨੁਸਾਰ ਭੇਰਾ (ਸ਼ਾਹਪੁਰ) ਦੇ ਖੋਜੀ ਜੋ ਦਸ ਸ਼ਾਖ਼ਾਂ ਵਿਚ ਵੰਡੇ ਹੋਏ ਹਨ, ਉਨ੍ਹਾਂ ਵਿਚ ਨੌਂ ਖਤ੍ਰੀਆਂ ਦੀਆਂ ਗੋਤਾਂ ਹਨ— ਸਹਿਗਲ, ਵੋਹਰਾ, ਸੇਠੀ, ਕਪੂਰ, ਦੁੱਗਲ, ਰੋਰ, ਗੋਗਵਾਲਾ, ਮਗੂਨ, ਮਾਹਿੰਦਰੂ, ਦਸਵੀਂ ਸ਼ਾਖ਼ ਮਟੋਲੀ ਹੈ। ਪਹਿਲੀਆਂ ਛੇ ਜਾਤਾਂ ਬਾਕੀ ਤਿੰਨਾ ਜਾਤਾਂ ਵਿਚ ਧੀਆਂ ਤਾਂ ਦੇਂਦੇ ਹਨ, ਪਰ ਉਨ੍ਹਾਂ ਦੇ ਘਰ ਮੁੜ ਨਹੀਂ ਵਿਆਹੁੰਦੇ। ਭੇਰਾ ਤੇ ਖੋਜਿਆਂ ਵਿਚ ਇਕੋ ਪਤਨੀ ਰਖਣ ਦੀ ਪ੍ਰਥਾ ਹੈ। ਇਥੋਂ ਤਕ ਕਿ ਪਹਿਲੀ ਪਤਨੀ ਦੇ ਮਰ ਜਾਣ 'ਤੇ ਦੂਜੀ ਪਤਨੀ ਆਪਣੀ ਬਰਾਦਰੀ ਵਿਚੋਂ ਨਹੀਂ ਮਿਲਦੀ। ਸੋ ਉਨ੍ਹਾਂ ਨੂੰ ਕਿਸੇ ਦੂਜੇ ਮੁਸਲਮਾਨ ਕਬੀਲੇ ਵਿਚੋਂ ਆਪਣੀ ਦੂਜੀ ਪਤਨੀ ਲਿਆਉਣੀ ਪੈਂਦੀ ਹੈ।

ਝੰਗ ਵਿਚ ਖੋਜਿਆਂ ਦੀਆਂ ਚਾਰ ਗੋਤਾਂ ਮੁਹਾਣ, ਵੋਹਰਾ, ਵਧਵਾ ਤੇ ਪਸੀਚਾ ਹਨ। ਚਿਨਿਊਟ ਦੇ ਖੋਜੇ ਵਧੇਰੇ ਕਰਕੇ ਮੁੱਢ ਵਜੋਂ ਖਤ੍ਰੀ ਹਨ। ਕੁਝ ਅਰੋੜੇ ਇਸਲਾਮ ਧਾਰਨ ਉਪਰੰਤ ਵੀ 'ਬਾਹਰੀ' ਤੇ 'ਖੁੰਜਾਈ' ਬਰਾਦਰੀਆਂ ਵਿਚ ਵੰਡੇ ਹੋਏ ਹਨ। ਖਤ੍ਰੀਆਂ ਵਾਗ ਹੀ, ਉਹ ਅਰੋੜਿਆਂ ਵਿਚ ਰਿਸ਼ਤੇ ਨਾਤੇ ਨਹੀਂ ਕਰਦੇ।

ਚਿਨਿਉਟ ਦੇ ਖੋਜੇ ਪੀਰ ਜਿਲਾਨੀ ਦੇ ਉਪਾਸ਼ਕ ਹਨ, ਜੋ ਇਮਾਮ ਹੁਸੈਨ ਦੀ ਵੰਸ਼ ਵਿਚੋਂ ਮੰਨੇ ਜਾਂਦੇ ਹਨ।

ਖੋਜਿਆਂ ਬਾਰੇ ਕੁਝ ਕਹਾਵਤਾਂ ਵੀ ਪ੍ਰਚਲਤ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਬੜਾ ਚਤਰ, ਚਲਾਕ ਤੇ ਠੱਗ ਦਸਿਆ ਗਿਆ ਹੈ। ਇਕ ਕਹਾਵਤ ਵਿਚ ਉਸਨੂੰ 'ਸ਼ਹਿਦ ਲਪੇਟਿਆ ਮੋਹਰਾ' ਤੇ ਗੰਦਾ ਬਰੋਜ਼ਾ ਵੀ ਕਿਹਾ ਗਿਆ ਹੈ :

1. ਮੁਗਲੋਂ ਗੋਰਾ ਸੋ ਕੋਹੜਾ,
   ਖੋਜਿਉਂ ਸਿਆਣਾ ਸੋ ਕਮਲਾ।
2 ਅੱਠ ਠਗ ਅੱਠ ਠਠਿਆਰ,
   ਅੱਠ ਸੁਨਿਆਰੇ ਤੇ ਅੱਠ ਲੋਹਾਰ,
   ਅੱਠੂ ਚੋਕਾ ਬੱਤ੍ਰੀ, ਇਕ ਕਮਲਾ ਜਿਹਾ ਖਤ੍ਰੀ।
   ਖਤਰੀਉਂ ਭੰਨ ਬਨਾਇਆ ਖੋਜਾ,
   ਜਿਉਂ ਵਾਲਾਂ ਨੂੰ ਗੰਦਾ ਬਰੋਜ਼ਾ।
3. ਖੋਜਾ ਸੌ ਸੋਹਰੇ ਦਾ ਸੋਹਰਾ,
   ਸੂਈ ਵਾਂਗੂ ਸੰਜਰੇ ਨਿਕਲੇ ਵਾਂਗ ਤਲਵਾਰ,
   ਇਸ ਖਖਿਉਂ, ਉੜੀਉਂ, ਜਜਿਉਂ, ਰੱਖ ਲਏ ਕਰਤਾਰ।

(ਅ) ਖੋਜਾ ਸ਼ਬਦ ਖਵਾਜਾ ਦਾ ਹੀ ਵਿਕਾਰ ਰੂਪ ਹੈ। (ਰੋਜ਼ ਗਲਾਸਰੀ) ਅਨੁਸਾਰ ਪੰਜਾਬ ਵਿਚ ਖੋਜਾ ਸ਼ਬਦ ਤਿੰਨ ਵਿਭਿੰਨ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ : (1) ਹੀਜੜੇ ਲਈ (2) ਰੂਹੜੇ ਲਈ, ਜਿਸਨੇ ਇਸਲਾਮ ਮਤ ਧਾਰਨ ਕਰ ਲਿਆ ਹੋਵੇ, (3) ਮੁਸਲਮਾਨ ਵਪਾਰੀ ਲਈ।

ਕਈ ਖੋਜੇ ਆਪਣੇ ਆਪ ਨੂੰ ਅਸਲੀ ਜੱਟ ਮੰਨਦੇ ਹਨ ਅਤੇ ਸਿਰਫ ਜੱਟਾਂ ਵਿਚ ਹੀ ਰਿਸ਼ਤੇ ਕਰਦੇ ਹਨ। ਇਨ੍ਹਾਂ ਵਿਚ ਇਕੋ ਗੋਤ ਵਿਚ ਵਿਆਹ ਕਰਨ ਦੀ ਵੀ ਪ੍ਰਥਾ ਹੈ, ਪਰ ਨਜ਼ਦੀਕੀ ਅੰਗਾਂ ਸਾਕਾਂ ਵਿਚ ਨਹੀਂ, ਭਾਵੇਂ ਇਸਲਾਮ ਵਿਚ ਚਚੇਰੇ, ਮਸੇਰੇ ਤੇ ਮਮੇਰੇ, ਭੈਣ-ਭਰਾਵਾਂ ਵਿਚ ਵਿਆਹ ਕਰਨ ਦੀ ਆਗਿਆ ਹੈ।

ਖੋਜੀਆਂ ਤੋਂ ਬਚਣ ਲਈ ਚੋਰ ਕਈ ਵਾਰ ਚੋਰੀ ਕੀਤੇ ਪਸ਼ੂ ਦੇ ਖੁਰੇ ਮਿਟਾਣ ਲਈ, ਉਸਦੇ ਪੈਰਾਂ ਵਿਚ ਚਮੜੇ ਦੇ ਜੁੱਤੇ ਜਿਸਨੂੰ 'ਖੁਸਾ' ਕਹਿੰਦੇ ਹਨ, ਪਹਿਨਾ ਦੇਂਦੇ ਹਨ। ਚੋਰ ਆਪਣੇ ਪੈਰਾਂ ਦੇ ਨਿਸ਼ਾਨ ਮਿਟਾਣ ਲਈ ਕਦੇ ਜੁੱਤੀ ਜਾਂ ਖੇੜ੍ਹੀਆਂ ਪਹਿਨ ਲੈਂਦੇ ਹਨ ਅਤੇ ਕਿਧਰੇ ਨੰਗੇ ਪੈਰ ਤੁਰਦੇ ਕਈ ਮੰਜ਼ਲਾਂ ਪਾਰ ਕਰ ਜਾਂਦੇ ਹਨ।

## (ਖ-112) **ਖੋਜ-ਕਥਾ-ਰੂੜ੍ਹੀ :**

ਲੋਕ-ਕਹਾਣੀਆਂ ਦੀ ਇਕ ਪ੍ਰਸਿਧ ਕਥਾ-ਰੂੜ੍ਹੀ; ਨਾਇਕ ਕਿਸੇ ਦੂਰ-ਦੁਰਾਡੀ ਅਨਜਾਣੀ ਧਰਤੀ ਉਤੇ, ਕਿਸੇ ਚਮਤਕਾਰੀ ਸੁੰਦਰ ਮੁਟਿਆਰ ਨੂੰ, ਜੋ ਹੱਸਦੀ ਹੈ ਤਾਂ ਫੁੱਲ ਖਿੜਦੇ ਹਨ, ਰੋਂਦੀ ਹੈ ਤਾਂ ਮੋਤੀ ਡੁਲ੍ਹਦੇ ਹਨ, ਨੂੰ ਖੋਜਣ ਲਈ ਘਰੋਂ ਨਿਕਲ ਤੁਰਦਾ ਹੈ, ਜਾਂ ਕਿਸੇ ਹੋਰ ਬਹੁਮੁੱਲੇ ਚਮਤਕਾਰੀ ਪਦਾਰਥ ਨੂੰ ਪ੍ਰਾਪਤ ਕਰਨ ਲਈ ਨਿਕਲਦਾ ਹੈ। ਰਾਹ ਵਿਚ ਕਈ ਤਰ੍ਹਾਂ ਦੀਆਂ ਰਹੱਸਮਈ ਔਕੜਾਂ ਆਉਂਦੀਆਂ ਹਨ। ਉਸ ਤੋਂ ਪਹਿਲਾਂ ਨਿਕਲੇ ਕਈ ਜਗਿਆਸੂ ਮੰਜ਼ਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਜਿੰਦ ਗਵਾ ਚੁਕੇ ਹੁੰਦੇ ਹਨ।

ਕਈ ਵਾਰ ਅਜਿਹਾ ਪਦਾਰਥ ਕਿਸੇ ਰਾਖਸ਼/ਜਿੰਨ/ਦੇਵ ਦੇ ਕਬਜ਼ੇ ਵਿਚ ਹੁੰਦਾ ਹੈ ਤੇ ਇਸਨੂੰ ਪ੍ਰਾਪਤ ਕਰਨ ਲਈ ਪਹਿਲਾਂ ਉਸ ਰਾਖਸ਼/ਜਿੰਨ/ਦੇਵ ਆਦਿ ਦੀ ਜਾਨ ਲੈਣੀ ਪੈਂਦੀ ਹੈ। ਇਸ ਮੰਤਵ ਲਈ ਉਸਨੂੰ ਕੁਝ ਹੋਰ ਵਸਤੂਆਂ ਦੀ ਖੋਜ ਕਰਨੀ ਪੈਂਦੀ ਹੈ, ਜਿਵੇਂ ਉਹ ਪੰਛੀ, ਪੱਥਰ ਜਾਂ ਬ੍ਰਿਛ, ਬੂਟਾ ਜਿਸ ਵਿਚ ਉਸ ਰਾਖਸ਼ ਜਾਂ ਜਿੰਨ ਦੀ ਜਾਨ, ਗੁਪਤ ਰੂਪ ਵਿਚ ਛੁਪੀ ਹੁੰਦੀ ਹੈ।

ਪਦਾਰਥ ਸੁੰਦਰੀ ਨੂੰ ਪ੍ਰਾਪਤ ਕਰਨ ਮਗਰੋਂ ਵੀ ਉਸਨੂੰ ਅਜਿਹੇ ਅੰਮ੍ਰਿਤ ਜਲ ਦੀ ਖੋਜ ਕਰਨੀ ਪੈਂਦੀ ਹੈ, ਜਿਸਦੇ ਛੱਟੇ ਉਨ੍ਹਾਂ ਪੱਥਰ ਹੋਏ ਜਗਿਆਸੂਆਂ ਨੂੰ ਪੁਨਰ-ਜੀਵਨ ਬਖ਼ਸ਼ਦੇ ਹਨ, ਜਿਹੜੇ ਖੋਜ ਲਈ ਪਹਿਲਾਂ ਇਥੇ ਰਾਖਸ਼ ਜਾਂ ਦੈਂਤ ਹਥੋਂ ਮਾਰੇ ਗਏ ਸਨ।

ਇਸ ਖੋਜ ਵਿਚ ਨਾਇਕ ਦੇ ਨਾਲ ਕਈ ਸਹਾਇਕ ਵੀ ਸ਼ਾਮਿਲ ਹੁੰਦੇ ਹਨ। ਕਈ ਵਾਰ ਇਹ ਕਿਸੇ ਮ੍ਰਿਤਕ ਦੀ ਰੂਹ ਹੁੰਦੀ ਹੈ ਤੇ ਕਈ ਵਾਰ ਕੋਈ ਜਨੌਰ ਜਾਂ ਪੰਛੀ, ਜਿਸ ਉਤੇ ਨਾਇਕ ਨੇ ਕੋਈ ਅਹਿਸਾਨ ਕੀਤਾ ਹੁੰਦਾ ਹੈ।

'ਅਨਾਰਾਂ ਸ਼ਹਿਜ਼ਾਦੀ', 'ਫੂਲਾਂ ਰਾਣੀ', 'ਮਿਰਚੀ ਸ਼ਹਿਜ਼ਾਦੀ' ਆਦਿ 'ਖੰਜ-ਰੂੜ੍ਹੀ' ਨਾਲ ਸਬੰਧਿਤ ਲੋਕ-ਕਹਾਣੀਆਂ ਹਨ।

(ਖ-113) **ਖੋਜੀ** :

ਪੰਜਾਬ ਵਿਚ, ਪਸ਼ੂਆਂ ਦੇ ਖੁਰੇ ਜਾਂ ਪੈੜ ਤੋਂ ਹੀ, ਚੋਰੀ ਹੋਏ ਪਸ਼ੂਆਂ ਦੀ ਖੁਰਾ-ਖੋਜ ਕੱਢ ਲੈਣ ਵਾਲੇ 'ਖਜੀ' ਅਖਵਾਉਂਦੇ ਹਨ। ਇਹ ਆਪਣੀ ਕਲਾ ਵਿਚ ਬੜੇ ਮਾਹਿਰ ਹੁੰਦੇ ਹਨ। ਬਾਰ ਦੇ ਇਲਾਕੇ ਦੇ ਖੋਜੀ ਤਾਂ ਖੁਰਾ ਕੱਢਣ ਵਿਚ ਵਧੇਰੇ ਅਟਕਲ ਰਖਦੇ ਹਨ। ਇਹ ਖੋਜੀ ਪਸ਼ੂ ਦੇ ਖੁਰੇ ਜਾਂ ਪੈੜ ਨੂੰ ਮਿਟਾਣ ਲਈ, ਕਈ ਕਿਸਮ ਦੇ ਯਤਨ ਕਰਦੇ ਹਨ, ਤੇ ਕਈ ਵਾਰ ਉਹ ਕਿਸੇ ਪਿੰਡ ਦੇ ਪਸ਼ੂਆਂ ਦੀ ਪੈੜ ਨਾਲ, ਆਪਣੇ ਪਸ਼ੂ ਦੀ ਪੈੜ ਰਲਾਣ ਦਾ ਯਤਨ ਕਰਦੇ ਹਨ। ਪਰ ਉਹ ਪਿੰਡ ਦੇ ਸਥਾਨਕ ਖੋਜੀ, ਜੋ ਉਸ ਪਿੰਡ ਦੇ ਪਸ਼ੂਆਂ ਦੇ ਖੁਰੇ ਪਛਾਣਦੇ ਹਨ ਤੇ ਉਹ ਖੋਜੀ ਬਾਹਰ ਦੇ ਖੋਜੀਆਂ ਦੀ ਸਹਾਇਤਾ ਕਰਦੇ ਅਤੇ ਪਿੰਡ ਵਿਚੋਂ ਖੁਰੇ ਦੀ ਪੈੜ ਲਭ ਕੇ, ਉਸਨੂੰ ਅਗੇ ਤੋਰਦੇ ਹਨ। ਜੇ ਉਹ ਅਜਿਹੇ ਨਾ ਕਰ ਸਕਣ, ਅਥਵਾ ਖੁਰੇ ਦੀ ਪੈੜ, ਉਨ੍ਹਾਂ ਦੇ ਪਿੰਡ ਤੋਂ ਬਾਹਰ ਨਾ ਨਿਕਲਦੀ ਹੋਵੇ, ਤਾਂ ਪਿੰਡ ਵਾਲਿਆਂ ਨੂੰ ਚੋਰੀ ਹੋਏ ਪਸ਼ੂ ਦਾ ਮੁੱਲ ਤਾਰਨਾ ਪੈਂਦਾ ਹੈ। ਇਹ ਖੋਜੀ ਜਿਸ ਸਬਰ ਤੇ ਯੋਗਤਾ ਨਾਲ ਆਪਣਾ ਕੰਮ ਕਰਦੇ ਅਤੇ ਜਿਸ ਅਲੌਕਿਕ ਦ੍ਰਿਸ਼ਟੀ ਨਾਲ ਪੈੜ ਪਛਾਣਦੇ ਹਨ, ਉਸ ਦੀ ਦਾਦ ਦੇਣੀ ਪੈਂਦੀ ਹੈ। ਕਈ ਵਾਰ ਖੋਜੀਆਂ ਨੇ ਦੋ ਦੋ ਸੌ ਮੀਲ ਦੀ ਵਾਟ ਭਾਗ ਕੇ ਵੀ ਆਪਣੇ ਪਸ਼ੂ ਨੂੰ ਜਾ ਲੱਭਿਆ ਹੈ। ਗਲਾਸਰੀ, (1,278) ਉਤੇ ਪਸ਼ੂ ਦੀ ਖੋਜ ਦੀਆਂ ਦੋ ਦਿਲਚਸਪ ਤੇ ਅਲੌਕਿਕ ਮਿਸਾਲਾਂ ਦਿਤੀਆਂ ਹੋਈਆਂ ਹਨ। ਇਕ ਉਠ ਮੁਲਤਾਨ ਦੀ ਮੰਡੀ ਵਿਚ ਗੁੰਮ ਗਿਆ। ਇਸ ਮੰਡੀ ਵਿਚ ਹਜ਼ਾਰਾਂ ਪਸ਼ੂ ਆਸ ਪਾਸ ਦੇ ਇਲਾਕਿਆਂ ਵਿਚੋਂ ਆ ਕੇ ਟਿਕੇ ਹੁੰਦੇ ਸਨ। ਇਸ ਉਠ ਦੇ ਪੈਰਾਂ ਦੇ ਤਲੇ ਉਤੇ ਮਾਲਕ ਨੇ ਆਪਣਾ ਕੋਈ ਨਿਸ਼ਾਨ ਖੋਦਿਆ ਹੋਇਆ ਸੀ। ਇਹ ਨਿਸ਼ਾਨ ਖੋਜੀ ਨੂੰ ਵਿਖਾ ਦਿਤਾ ਗਿਆ ਤੇ ਉਸਨੇ ਨਗਰ ਦਾ ਚੱਕਰ ਲਗਾ ਕੇ ਲਭ ਲਿਆ ਕਿ ਪੈੜ ਉੱਤਰ ਦਿਸ਼ਾ ਵਲ ਜਾਂਦੀ ਹੈ ਤੇ ਉਹ 200 ਮੀਲ ਦੂਰ ਗੁਜਰਾਤ ਪਹੁੰਚਿਆ ਤੇ ਇਥੋਂ ਖੁਰ ਗੁੰਮ ਗਿਆ। ਤਾਂ ਉਸ ਇਕ ਹੋਰ ਖੋਜੀ ਦੀ ਸਹਾਇਤਾ ਨਾਲ ਪੈੜ ਫਿਰ ਨੱਪ ਲਈ ਤੇ ਕਸ਼ਮੀਰ ਦੇ ਇਕ ਕਸਬੇ ਵਿਚ ਉਹ ਪਸ਼ੂ ਜਾ ਲਭਿਆ ਤੇ ਵਾਪਸ ਲੈ ਆਇਆ। ਇਸੇ ਤਰ੍ਹਾਂ ਇਕ ਬਲਦ ਫਿਰੋਜ਼ਪੁਰ ਦੇ ਇਲਾਕੇ ਵਿਚੋਂ ਗੁੰਮ ਗਿਆ। ਚੋਰ ਬਲਦ ਨੂੰ ਸਤਲੁਜ ਦਰਿਆ ਵਲ ਲੈ ਗਿਆ ਤੇ ਪਾਰ ਕਰਕੇ ਬਾਰ ਦੇ ਇਲਾਕੇ ਵਿਚ ਜਾ ਪੁਜਾ। ਖੋਜੀ ਪੈੜ ਦੇ ਪਿਛੇ ਦਰਿਆ ਦੇ ਕੰਢੇ ਪਹੁੰਚਿਆ, ਜੋ ਉਥੋਂ ਦੋ ਮੀਲ ਫੈਲਿਆ ਹੋਇਆ ਸੀ। ਦੂਜੇ ਪਾਸੇ ਬਾਰ ਦੇ ਰੇਤਲੇ ਮੈਦਾਨ ਸਨ, ਜਿਥੇ ਸੈਂਕੜੇ ਬਲਦ ਚਰਦੇ ਫਿਰਦੇ ਸਨ। ਖੋਜੀ ਨੇ ਪਾਣੀ ਦੀ ਧਾਰ ਦੇ ਵਹਿਣ ਦਾ ਅਜਿਹਾ ਹਿਸਾਬ ਲਗਾਇਆ ਕਿ ਠੀਕ ਉਸ ਥਾਂ ਉਤੇ ਜਾ ਪਹੁੰਚਿਆ, ਜਿਥੋਂ ਕਿ ਦਰਿਆ ਵਿਚੋਂ ਚੋਰ ਬਾਹਰ ਨਿਕਲਿਆ ਸੀ ਤੇ ਪੈੜ ਦਾ ਪਿੱਛਾ ਕਰ ਕੇ ਬਲਦ ਨੂੰ ਤੇ ਉਸ ਦੇ ਚੋਰ ਨੂੰ ਖੋਜ ਲਿਆ।

(ਖ-114) **ਖੋਟ** :

ਕਿਸੇ ਦੇਵੀ-ਦੇਵਤੇ/ਗੁਰੂ-ਪੀਰ ਦੀ ਪੂਜਾ ਵਿਚ, ਅਣਗਹਿਲੀ ਹੋ ਜਾਣੀ ਅਥਵਾ ਉਸ ਅਣਗਹਿਲੀ ਕਾਰਨ ਆਇਆ ਸੰਕਟ। ਕਾਂਗੜੇ ਦੇ ਪਹਾੜੀਆਂ ਦੀ ਧਾਰਨਾ ਹੈ ਕਿ ਰੋਗਾਂ ਦਾ ਮੂਲ ਕਾਰਨ, ਕਿਸੇ ਦੇਵੀ ਦੇਵਤੇ ਤੇ ਪੀਰ ਫ਼ਕੀਰ ਦੀ ਕਰੋਪੀ ਹੈ, ਜੋ ਕਿਸੇ ਖੋਟ ਕਾਰਨ ਹੁੰਦੀ ਹੈ। ਜਦੋਂ ਤਕ ਖੋਟ ਬਖ਼ਸ਼ਿਆ ਨਾ ਜਾਵੇ, ਉਦੋਂ ਤਕ ਰੋਗੀ ਦਾ ਦੁਖ-ਦਲਿਦਰ ਤੋਂ ਛੁਟਕਾਰਾ ਨਹੀਂ ਹੁੰਦਾ।

ਪਹਾੜੀਏ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕ ਹਰੇਕ ਰੋਗ ਨੂੰ ਕਿਸੇ ਨਾ ਕਿਸੇ ਗੁਰ-ਪੀਰ ਅਥਵਾ ਦੇਵੀ-ਦੇਵਤੇ ਦੀ ਖੋਟ ਮੰਨਦੇ ਹਨ। ਹਰ ਤਰ੍ਹਾਂ ਦੇ ਰੋਗ ਲਈ ਖੋਟ ਉਤਾਰਨ ਦੀਆਂ ਵਖੋ-ਵਖਰੀਆਂ ਰੀਤਾਂ, ਉਨ੍ਹਾਂ ਵਿਚ ਪ੍ਰਚਲਤ ਹਨ। ਜੇ ਗੁੱਗੇ ਦਾ ਖੋਟ ਹੋਵੇ ਤਾਂ ਰੋਗੀ ਨੂੰ ਗੁੱਗੇ ਦੀ ਮੜ੍ਹੀ ਉਤੇ ਲਿਜਾ ਕੇ ਬਖ਼ਸ਼ਾਇਆ ਜਾਂਦਾ ਹੈ।

(ਖ-115) **ਖੋਤਾ** :

ਖੋਤਾ ਭਾਵੇਂ ਨਿਮਾਣਾ ਤੇ ਲਿੱਸਾ ਜਿਹਾ ਪਸ਼ੂ ਹੈ, ਜੋ ਜ਼ਿਆਦਾਤਰ ਭਾਰ ਢੋਣ ਦੇ ਕੰਮ ਆਉਂਦਾ ਹੈ, ਪਰ ਇਸ ਨਾਲ ਕਈ ਤਰ੍ਹਾਂ ਦੀ ਦਿਲਚਸਪ ਲੋਕਧਾਰਾ ਜੁੜੀ ਹੋਈ ਹੈ। ਸ਼ਾਇਦ ਪਸ਼ੂਆਂ ਵਿਚ ਸਭਨਾਂ ਤੋਂ ਵੱਧ।

ਵੈਦਿਕ ਪੌਰਾਣਧਾਰਾ ਅਨੁਸਾਰ ਖੋਤਾ ਅਸ਼ਵਨੀ ਭਰਾਵਾਂ ਦਾ ਵਾਹਣ ਹੈ ਤੇ ਇਹ ਘੋੜਿਆਂ ਨਾਲ ਰਲ ਕੇ, ਉਨ੍ਹਾਂ ਦੇ ਸੁਨਹਿਰੀ ਰੱਥ ਨੂੰ ਖਿਚਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਵੈਦਿਕ ਕਾਲ ਵਿਚ ਇਸ ਨੂੰ ਆਦਰਯੋਗ ਸਥਾਨ ਪ੍ਰਾਪਤ ਸੀ।

ਪੰਜਾਬ ਵਿਚ ਖੋਤੇ ਨੂੰ ਸੀਤਲਾ ਦੇਵੀ ਦਾ ਵਾਹਣ ਮੰਨ ਕੇ, ਅਜ ਵੀ ਪਿੰਡਾਂ ਵਿਚ ਪੂਜਿਆ ਜਾਂਦਾ ਹੈ। ਜਦੋਂ ਕਿਸੇ ਬੱਚੇ ਨੂੰ ਮਾਤਾ ਨਿਕਲਦੀ ਹੈ, ਤਾਂ ਸੀਤਲਾ ਦੇਵੀ ਦੇ ਉਪਾਸ਼ਕ, ਸੀਤਲਾ ਦੇਵੀ ਨੂੰ ਪ੍ਰਸੰਨ ਕਰਨ ਲਈ, ਖੋਤੇ ਨੂੰ ਬਹੇ ਗੁਲਗੁਲੇ ਭੇਟ ਕਰਦੇ ਹਨ। ਚੇਤ ਦੇ ਮਹੀਨੇ 'ਜਰਗ' ਦੇ ਵਿਚ 'ਬਾਹਿੜੀਏ' ਦੇ ਮੇਲੇ ਵਿਚ, ਘੁਮਿਆਰ ਆਪਣੇ

ਖੋਤਿਆਂ ਨੂੰ ਸ਼ਿੰਗਾਰ ਕੇ ਲਿਆਉਂਦੇ ਹਨ—ਪਿੱਠ ਉਪਰ ਰੰਗੀ-ਬਰੰਗੀ ਝੁੱਲ ਤੇ ਗਲ ਵਿਚ ਕੌਡੀਆਂ ਤੇ ਘੁੰਗਿਆਂ ਦੀਆਂ ਗਾਨੀਆਂ। ਮਾਤਾ ਦੇਵੀ ਦੇ ਉਪਾਸ਼ਕ ਇਨ੍ਹਾਂ ਨੂੰ ਗੁਲਗੁਲੇ, ਜੌਂ ਦੇ ਪਿੰਨੇ ਤੇ ਬਾਜਰੇ ਦੀਆਂ ਬਕਲੀਆਂ ਭੇਟਾ ਕਰਦੇ ਹਨ।

ਮਾਤਾ ਦੇ ਕਈ ਉਪਾਸ਼ਕ, ਵਿਆਹ ਵੇਲੇ ਲਾੜ੍ਹੇ ਨੂੰ ਥੋੜੀ ਦੂਰ ਤਕ ਖੋਤੇ ਦੀ ਸਵਾਰੀ ਕਰਾਉਂਦੇ ਹਨ। ਇਸ ਤਰ੍ਹਾਂ ਕਰਨ ਨਾਲ ਲਾੜ੍ਹੇ ਦੇ ਘਰ, ਜੋ ਔਲਾਦ ਪੈਦਾ ਹੁੰਦੀ ਹੈ, ਦੇਵੀ ਮਾਤਾ ਉਸ ਉਤੇ ਮਿਹਰ ਭਰਿਆ ਹੱਥ ਰਖਦੀ ਹੈ। ਅਗਰਵਾਲਾਂ ਵਿਚ, ਮਾਤਾ ਦੇਵੀ ਦੀ ਪ੍ਰਸੰਨਤਾ ਲਈ, ਲਾੜ੍ਹੇ ਨੂੰ ਖੋਤੇ ਨਾਲ ਛੁਹਾਣ ਦੀ ਰੀਤ ਅਵੱਸ਼ ਕੀਤੀ ਜਾਂਦੀ ਹੈ।

ਖੋਤਾ ਕਈ ਲੋਕ-ਕਹਾਣੀਆਂ ਦਾ ਦਿਲਚਸਪ ਪਾਤਰ ਹੈ। ਨੀਤੀ-ਕਥਾਵਾਂ ਵਿਚ ਖੋਤੇ ਦੀ ਕਿਸੇ ਪੱਕੀ ਹੋਈ ਆਦਤ, ਸੁਭਾਵ ਜਾਂ ਕਮਜ਼ੋਰੀ ਦੀ ਖਿਲ੍ਹੀ ਪਾ ਕੇ, ਮਨੁਖ ਨੂੰ ਵਿਹਾਰਕ ਜੀਵਨ ਸੰਬੰਧੀ ਬੜੀਆਂ ਅਹਿਮ ਸਿਖਿਆਵਾਂ ਦਿਤੀਆਂ ਮਿਲਦੀਆਂ ਹਨ। 'ਕਥਾ ਸਰਹਿਤ ਸਾਗਰ' ਵਿਚ ਖੋਤੇ ਬਾਰੇ ਇਕ ਰੋਚਕ ਕਥਾ ਮਿਲਦੀ ਹੈ। ਇਕ ਸ਼ਖ਼ਸ ਨੇ ਆਪਣੇ ਮਰੀਅਲ ਜਿਹੇ ਖੋਤੇ ਨੂੰ, ਸ਼ੇਰ ਦੀ ਖਲ ਪਹਿਨਾ ਕੇ, ਆਪਣੇ ਗੁਆਂਢੀ ਕਿਸਾਨ ਦੇ ਖੇਤਾਂ ਵਿਚ ਛੱਡ ਦਿਤਾ। ਜਿਹੜਾ ਉਸ ਖੋਤੇ ਨੂੰ ਵੇਖਦਾ, ਸ਼ੇਰ ਸਮਝ ਕੇ, ਡਰਦਾ ਨਸ ਜਾਂਦਾ। ਗੁਆਂਢੀ ਕਿਸਾਨ ਨੇ ਜਦੋਂ ਆਪਣੇ ਖੇਤਾਂ ਵਿਚ ਸ਼ੇਰ ਵੇਖਿਆ, ਤਾਂ ਉਹ ਡਰ ਨਾਲ ਕੰਬਣ ਲਗਾ। ਉਹ ਦਰਖ਼ਤਾਂ ਦਾ ਓਟ ਲੈ ਕੇ ਨੱਸਣ ਲਗਾ। ਪਰ ਖੋਤੇ ਨੇ ਕਿਸਾਨ ਨੂੰ ਵੇਖ ਕੇ ਹਿਣਕਣਾ ਸ਼ੁਰੂ ਕਰ ਦਿਤਾ ਤੇ ਸਾਰਾ ਭੇਦ ਖੁਲ੍ਹ ਗਿਆ।

ਸਾਖੀਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ, ਖ਼ਾਲਸੇ ਦੀ ਸਾਜਨਾ ਮਗਰੋਂ, ਇਕ ਵਾਰ, ਇਕ ਘੁਮਿਆਰ ਦੇ ਖੋਤੇ ਨੂੰ, ਸ਼ੇਰ ਦੀ ਖੱਲ ਪਹਿਨਾ ਕੇ, ਖੇਤਾਂ ਵਿਚ ਛੱਡ ਦਿਤਾ। ਪਹਿਲਾਂ ਤਾਂ ਪਿੰਡ ਦੇ ਲੋਕੀਂ ਉਸਨੂੰ ਵੇਖ ਕੇ ਬੜੇ ਘਬਰਾਏ, ਪਰ ਜਦੋਂ ਉਹ ਹਿਣਕਿਆ ਤਾਂ ਕਿਸਾਨ ਉਸਦੀ ਅਸਲੀਅਤ ਨੂੰ ਜਾਣ ਕੇ, ਡੰਡੇ ਮਾਰਦੇ ਹੋਏ, ਉਸਨੂੰ ਖੇਤਾਂ ਵਿਚੋਂ ਬਾਹਰ ਕੱਢ ਆਏ। ਜਦੋਂ ਘੁਮਿਆਰ ਸ਼ੇਰ ਦੀ ਖੱਲ ਖੋਤੇ ਤੋਂ ਉਤਾਰ ਕੇ ਗੁਰੂ ਜੀ ਨੂੰ ਵਾਪਸ ਕਰਨ ਗਿਆ, ਤਾਂ ਗੁਰੂ ਜੀ ਨੇ ਸੰਗਤ ਨੂੰ ਸਮਝਾਇਆ ਕਿ ਸ਼ੇਰ ਦਾ ਬਾਣਾ ਪਹਿਨ ਕੇ ਖੋਤਾ ਕਦੇ ਸ਼ੇਰ ਨਹੀਂ ਬਣਿਆ ਕਰਦਾ। ਇਸੇ ਤਰ੍ਹਾਂ ਸਿੰਘ ਨਾਂ ਰਖ ਲੈਣ ਨਾਲ, ਖ਼ਾਲਸਾ ਸ਼ੇਰ ਨਹੀਂ ਬਣਦਾ। ਸ਼ੇਰ ਬਣਨ ਲਈ ਅੰਦਰ ਸ਼ੇਰਾਂ ਵਾਲਾ ਸਾਹਸ ਤੇ ਦਲੇਰੀ ਚਾਹੀਦੀ ਹੈ।

ਅਖਾਣਾਂ ਤੇ ਬੁਝਾਰਤਾਂ ਵਿਚ ਵੀ ਖੋਤੇ ਦਾ ਜ਼ਿਕਰ ਆਮ ਹੈ। ਕੁਝ ਅਖਾਣਾਂ ਵਿਚ ਤਾਂ ਖੋਤੇ ਦੇ ਰੂਪਕ ਦੁਆਰਾ ਹੀ ਕੋਈ ਗੱਲ ਕਹੀ ਗਈ ਹੈ—'ਖੋਤੇ ਨੂੰ ਘਿਉ ਪਿਲਾਂਦੇ ਸਨ, ਉਹ ਕਹੇ, ਮੇਰੇ ਕੰਨ ਕਿਉਂ ਪਏ ਪੁਟਦੇ ਹੋ।' ਬੇਸ਼ਰਮੀ ਦਾ ਸਮੂਰਤੀਕਰਣ 'ਖੋਤੇ ਤੇ ਚੜ੍ਹ ਭੌਂਕਦੀ, ਰੰਨ ਸਾਰੇ ਲੋਕਾਂ ਦੀ' ਦੁਆਰਾ ਕੀਤਾ ਗਿਆ ਹੈ।

ਇਕ ਬੁਝਾਰਤ ਵਿਚ ਖੋਤੀ ਨੂੰ 'ਮਿਰਗ ਨੈਣੀ' ਕਹਿ ਕੇ ਰੰਗ ਬੰਨ੍ਹਿਆ ਹੈ :

ਘੋੜ ਸੁੰਮੀ ਮਿਰਗ ਨੈਣੀ
ਸੰਖ ਵਾਂਙੂ ਗਜਦੀ।
ਧੋਤੀ ਦੇ ਲੜ ਪੰਜ ਰੁਪਏ,
ਉਹ ਵੀ ਲੈ ਕੇ ਭਜਦੀ।

ਪਹਿਲਿਆਂ ਵਿਚ ਕਿਸੇ ਦੋਸ਼ੀ ਨੂੰ ਅਪਮਾਨਤ ਕਰਨ ਲਈ, ਉਸਦੇ ਮੂੰਹ 'ਤੇ ਕਾਲਖ ਮਲ ਕੇ, ਖੋਤੇ ਦੀ ਪਿੱਠ ਦੇ ਪੁੱਠੇ ਪਾਸੇ ਬਿਠਾ ਕੇ, ਸਾਰੇ ਨਗਰ ਵਿਚ ਫੇਰਿਆ ਜਾਂਦਾ ਸੀ।

ਖੋਤੇ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ ਤੇ ਮਨੌਤਾਂ ਵੀ ਜੁੜੀਆਂ ਹੋਈਆਂ ਹਨ। ਵਿਚਾਰ ਹੈ ਕਿ ਜੇ ਕੋਈ ਸ਼ਖ਼ਸ ਰੋਟੀ ਖਾਣ ਪਿਛੋਂ ਆਕੜਾਂ ਭੰਨੇ ਤਾਂ ਉਹ ਅਗਲੇ ਜਨਮ ਖੋਤੇ ਦੀ ਜੂਨ ਵਿਚ ਪੈਂਦਾ ਹੈ। ਸਫ਼ਰ ਕਰਨ ਲਗਿਆਂ, ਜੇ ਰਾਹ ਵਿਚ ਖੋਤਾ ਹਿਣਕਦਾ ਮਿਲੇ ਤਾਂ ਸ਼ੁਭ ਮੰਨਿਆ ਗਿਆ ਹੈ।

## (ਖ-116) ਖੋਤੇ ਚੜ੍ਹਾਉਣਾ :

ਜਦੋਂ ਕਿਸੇ ਨੂੰ ਕਿਸੇ ਅਪਰਾਧ ਕਾਰਨ ਨਸ਼ਰ ਕਰਨਾ ਹੋਵੇ, ਅਥਵਾ ਸਜ਼ਾ ਦੇਣੀ ਹੋਵੇ ਤਾਂ ਉਸਨੂੰ ਖੋਤੇ ਉੱਤੇ ਚੜ੍ਹਾ ਕੇ, ਉਸਦਾ ਮੂੰਹ ਕਾਲਾ ਕਰ ਦਿਤਾ ਜਾਂਦਾ ਹੈ। ਜੇ ਕਸੂਰ ਹੋਰ ਜ਼ਿਆਦਾ ਵੱਡਾ ਹੋਵੇ ਤਾਂ ਗਲ ਵਿਚ ਜੁੱਤੀਆਂ ਦਾ ਹਾਰ ਪਹਿਨਾਇਆ ਜਾਂਦਾ, ਜੇ ਕਸੂਰ ਬਹੁਤ ਜ਼ਿਆਦਾ ਹੁੰਦਾ ਤਾਂ ਬਿਠਾਣ ਵੇਲੇ ਉਸਦਾ ਮੂੰਹ ਪਿਛੇ ਪੂਛਲ ਵਲ ਕਰ ਦਿਤਾ ਜਾਂਦਾ, ਤੇ ਸਾਰੇ ਪਿੰਡ ਜਾਂ ਸ਼ਹਿਰ ਵਿਚ ਘੁਮਾਇਆ ਜਾਂਦਾ।

ਮਨੂ-ਸਿਮਰਤੀ ਵਿਚ ਖੋਤੇ ਚੜ੍ਹਾਉਣ ਦੀ ਸਜ਼ਾ ਦਾ ਜ਼ਿਕਰ ਮਿਲਦਾ ਹੈ। ਮਨੂ ਲਿਖਦਾ ਹੈ—ਜੋ ਕੋਈ ਤੀਵੀਂ ਜ਼ਿਕਰ ਕੀਤੇ ਗਏ ਅਪਰਾਧ ਦੀ ਅਪਰਾਧਣ ਹੋਵੇ, ਉਸਦਾ ਸਿਰ ਤਤਕਾਲੀਨ ਮੁੰਨ ਦਿਤਾ ਜਾਵੇ ਤੇ ਉਸ ਦੀਆਂ ਦੋ ਉਂਗਲਾਂ ਕਟ ਦਿਤੀਆਂ ਜਾਣ, ਤੇ ਉਸਨੂੰ ਖੋਤੇ ਉੱਤੇ ਚਾੜ੍ਹ ਕੇ ਗਲੀ ਮਹੱਲੇ ਵਿਚ ਘੁਮਾਇਆ ਜਾਵੇ (8,370)।

ਮੁਸਲਮਾਨਾਂ ਵਿਚ ਇਹ ਸਜ਼ਾ ਆਮ ਪ੍ਰਚਲਤ ਸੀ ਤੇ ਇਸਨੂੰ 'ਤਸ਼ਹੀਰ' ਕਹਿੰਦੇ ਹਨ। ਇਹ ਸਜ਼ਾ ਇਕ ਵਾਰ ਹਜ਼ਰਤ ਉਮਰ ਨੂੰ, ਝੂਠੀ ਗਵਾਹੀ ਦੇਣ ਕਾਰਨ, ਦਿਤੀ

ਗਈ ਸੀ। ਭਾਰਤੀ ਇਤਿਹਾਸ ਵਿਚ ਇਹ ਸਜ਼ਾ ਮੁਸਲਮਾਨੀ ਰਾਜ ਸਮੇਂ ਸੈਫ਼ਦੀਨ ਗੋਰੀ ਨੂੰ ਦੇਣ ਦੇ ਪ੍ਰਮਾਣ ਮਿਲਦੇ ਹਨ। ਜਦੋਂ ਉਹ ਗਜ਼ਨੀ ਵਿਚ ਫੜਿਆ ਗਿਆ, ਉਸਦਾ ਮੂੰਹ ਕਾਲਾ ਕਰਕੇ ਤੇ ਪੂਛਲ ਵਲ ਬਿਠਾ ਕੇ, ਖੋਤੇ 'ਤੇ ਚੜ੍ਹਾ ਦਿਤਾ ਗਿਆ। ਲੋਕਾਂ ਉਸ ਉਤੇ ਜੁੱਤੀਆਂ ਤੇ ਰੋੜੀਆਂ ਸੁਟੀਆਂ। ਅਖ਼ੀਰ ਉਸਨੂੰ ਕਤਲ ਕਰ ਦਿਤਾ ਗਿਆ।

ਅਜੇ ਵੀ ਪਿੰਡਾਂ ਵਿਚ ਕਿਧਰੇ ਕਿਧਰੇ ਸਮਾਜਿਕ ਅਪਰਾਧੀਆਂ ਨੂੰ ਖੋਤੇ ਚੜ੍ਹਾਉਣ ਦੀ ਇੱਕਾ-ਦੁੱਕਾ ਘਟਨਾ ਸੁਣਨ ਵਿਚ ਆਉਂਦੀ ਰਹਿੰਦੀ ਹੈ। ਪਰ ਹੁਣ ਇਹ ਪ੍ਰਥਾ ਇਤਿਹਾਸ ਦਾ ਹਿੱਸਾ ਬਣ ਕੇ ਰਹਿ ਗਈ ਹੈ।

(ਖ-117) **ਖੋਪਰੀ** :

ਕਈ ਜਾਦੂਗਰ, ਜਿਨ੍ਹਾਂ ਨੇ ਕਿਸੇ ਭੂਤ-ਪ੍ਰੇਤ ਨੂੰ ਮੰਤ੍ਰਾਂ ਤੇ ਜਾਦੂ-ਰੀਤਾਂ ਦੁਆਰਾ ਵਸ ਵਿਚ ਕੀਤਾ ਹੁੰਦਾ ਹੈ, ਉਹ ਖੋਪਰੀ ਨੂੰ ਆਪਣਾ ਮਾਧਿਅਮ ਬਣਾਉਂਦੇ ਹਨ। ਉਹ ਕਬਰਸਤਾਨ ਵਿਚੋਂ ਕਿਸੇ ਮੁਰਦੇ ਦੀ ਕਬਰ ਪੁਟ ਕੇ, ਉਸਦੀ ਖੋਪਰੀ ਕੱਢ ਲੈਂਦੇ ਹਨ। ਫਿਰ ਮੰਤ੍ਰਾਂ ਤੇ ਸਾਧਨਾ ਨਾਲ ਲਾਗਵੇਂ ਟੂਣੇ ਦੇ ਸਿਧਾਂਤ ਅਨੁਸਾਰ, ਉਸ ਖੋਪਰੀ ਦੇ ਪ੍ਰੇਤ ਨੂੰ, ਵਸ ਵਿਚ ਕਰ ਲੈਂਦੇ ਹਨ। ਇਸ ਪ੍ਰੇਤ ਦੇ ਮਾਧਿਅਮ ਦੁਆਰਾ ਉਹ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਦੇ ਹਨ।

ਖੋਪਰੀ ਮਨੁੱਖ ਦੇ ਸਰੀਰ ਦਾ ਵਿਸ਼ੇਸ਼ ਅੰਗ ਹੈ ਤੇ ਇਸ ਉੱਤੇ ਜਾਦੂ-ਟੂਣੇ ਦਾ ਛੇਤੀ ਅਸਰ ਹੁੰਦਾ ਹੈ। ਦਾਹ-ਸੰਸਕਾਰ ਵੇਲੇ ਜਦੋਂ ਤਕ ਕਪਾਲ (ਖੋਪਰੀ) ਫਟ ਨਹੀਂ ਜਾਂਦਾ, ਉਦੋਂ ਤਕ ਅਰਥੀ ਨਾਲ ਗਏ ਲੋਕ ਸ਼ਮਸ਼ਾਨ ਭੂਮੀ ਵਿਚ ਹੀ ਰਹਿੰਦੇ ਹਨ। ਧਾਰਨਾ ਹੈ ਕਿ ਕਪਾਲ ਫਟ ਜਾਣ ਜਾਂ ਕੋਈ ਅੰਗ ਭੰਗ ਕਰਨ ਨਾਲ ਉਸ ਮ੍ਰਿਤਕ ਦੇਹ ਉਤੇ ਜਾਦੂ ਟੂਣੇ ਦਾ ਅਸਰ ਨਹੀਂ ਹੁੰਦਾ।

(ਖ-118) **ਖੋਪਾ** :

ਨਾਰੀਅਲ ਦੀ ਠੂਠੀ; ਇਸ ਨੂੰ ਸ਼ੁਭ ਜਾਣ ਕੇ ਸ਼ਗਨ ਤੇ ਸਮਾਜਿਕ ਰੀਤੀਆਂ ਵੇਲੇ ਵਰਤੋਂ ਵਿਚ ਆਮ ਲਿਆਇਆ ਜਾਂਦਾ ਹੈ। ਨਾਰੀਅਲ ਦੀ ਸ਼ਕਲ ਮਨੁੱਖ ਦੀ ਖੋਪਰੀ ਨਾਲ ਮੇਲ ਖਾਂਦੀ ਹੈ ਤੇ ਸੰਸਕਾਰਾਂ ਸਮੇਂ, ਇਸ ਦੀ ਵਰਤੋਂ 'ਨਰ ਬਲੀ' ਦੀ ਸੂਚਕ ਹੈ। ਪਹਿਲਿਆਂ ਵਿਚ ਦੇਵੀ-ਦੇਵਤਿਆਂ ਨੂੰ, ਪਤਿਆਣ ਲਈ ਨਰ ਜਾਂ ਪਸ਼ੂ ਦੀ ਬਲੀ ਦਿਤੀ ਜਾਂਦੀ ਸੀ, ਪਰ ਪਿਛੋਂ ਨਾਰੀਅਲ ਨੂੰ ਹੀ ਕਪਾਲ ਦੀ ਪ੍ਰਤੀਕ ਮੰਨ ਕੇ, ਪੂਜਾ ਤੇ ਰਹੁ-ਰੀਤੀਆਂ ਸਮੇਂ ਸੰਧੂਰ ਧੂੜ ਕੇ, ਇਸ ਦੀ ਸਥਾਪਨਾ ਕਰਨ ਦੀ ਪ੍ਰਥਾ ਚਲ ਪਈ। ਖੋਪਾ ਨਾਰੀਅਲ ਦੀ ਗਿਰੀ ਹੋਣ ਕਰਕੇ ਨਾਰੀਅਲ ਜਿਤਨਾ ਹੀ ਸ਼ੁਭ ਮੰਨਿਆ ਜਾਂਦਾ ਹੈ।

(ਖ-119) **ਖੋੜ** :

ਇਕ ਖ਼ਾਸ ਕਿਸਮ ਦਾ ਭੋਜਨ, ਜੋ ਮੰਗਣੀ ਦੀ ਰਸਮ ਵੇਲੇ ਕੰਨਿਆਂ-ਪੱਖ ਵਾਲੇ, ਵਰ ਦੇ ਪਿਉ ਤੇ ਸਾਕ-ਸੰਬੰਧੀਆਂ ਨੂੰ ਖਵਾਂਦੇ ਹਨ। ਛੱਛ (ਜ਼ਿਲਾ ਅੱਟਕ) ਦੇ ਮੁਸਲਮਾਨਾਂ ਵਿਚ ਰਵਾਜ ਹੈ ਕਿ ਵਰ ਦਾ ਪਿਉ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਦੇ ਨਾਲ, ਦੁਪਹਿਰ ਪਿਛੋਂ ਕੰਨਿਆਂ-ਪੱਖ ਦੇ ਪਿੰਡ ਜਾਂਦਾ ਹੈ ਤੇ ਹੁਜਰੇ ਵਿਚ ਆਰਾਮ ਕਰਦਾ ਹੈ। ਉਸਦੇ ਨਾਲ ਇਕ ਮਿਰਾਸੀ ਵੀ ਹੁੰਦਾ ਹੈ, ਜੋ ਉਨ੍ਹਾਂ ਦੇ ਆਉਣ ਦੀ ਖ਼ਬਰ ਕੰਨਿਆਂ-ਪੱਖ ਵਾਲਿਆਂ ਨੂੰ ਪਹੁੰਚਾ ਆਉਂਦਾ ਹੈ ਤੇ ਫਿਰ ਨਜ਼ਰੋਂ ਉਹਲੇ ਰਹਿੰਦਾ ਹੈ। ਕੰਨਿਆਂ-ਪੱਖ ਵਾਲੇ ਭੋਜਨ ਤਿਆਰ ਕਰਵਾ ਕੇ ਵਰ ਦੇ ਪਿਉ ਤੇ ਸਾਕਾਂ ਸੰਬੰਧੀਆਂ ਨੂੰ ਖਵਾਂਦੇ ਹਨ। ਇਸ ਭੋਜਨ ਤੇ ਰੀਤ ਨੂੰ 'ਖੋੜ' ਕਹਿੰਦੇ ਹਨ।

(ਖ-120) **ਖੋਰ** :

ਸ਼ੈਵਮਤ ਵਾਲਿਆਂ ਦਾ ਤਿਲਕ; ਸ਼ੈਵ ਮੱਥੇ ਉਪਰ ਚੰਦਨ ਲਗਾ ਕੇ, ਫੇਰ ਅੰਗੂਠੇ ਤੇ ਉਸਦੇ ਨਾਲ ਵਾਲੀ ਉਂਗਲ ਨਾਲ ਧਨੁਖ ਦੀ ਸ਼ਕਲ ਦਾ ਇਕ ਚਿੰਨ੍ਹ ਬਣਾਉਂਦੇ ਹਨ। ਇਸ ਤਿਲਕ ਨੂੰ 'ਖੋਰ' ਕਿਹਾ ਜਾਂਦਾ ਹੈ।

## ਗ

### (ਗ-1) ਗਊ :

ਹਿੰਦੂਆਂ ਵਿਚ, ਗਊ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਤੇ ਆਦਰ ਨਾਲ, ਉਸਨੂੰ ਗਾਉ ਮਾਤਾ ਕਿਹਾ ਜਾਂਦਾ ਹੈ। ਪੌਰਾਣਿਕ ਕਥਾਵਾਂ ਅਨੁਸਾਰ, ਬ੍ਰਹਮਾ ਦੇਵਤੇ ਨੇ, ਗਊ ਤੇ ਬ੍ਰਾਹਮਣ ਨੂੰ, ਇਕੋ ਵੇਲੇ, ਵਿਸਾਖੀ ਦੀ ਸੰਗਰਾਂਦ ਨੂੰ ਉਤਪੰਨ ਕੀਤਾ। ਇਸੇ ਲਈ ਗਊ-ਪੂਜ, ਪਹਿਲੀ ਵਿਸਾਖ ਨੂੰ, ਗਊ ਮਾਤਾ ਦੀ ਉਚੇਚੇ ਤੌਰ ਤੇ ਪੂਜਾ ਕਰਦੇ ਹਨ। ਇਸ ਦਿਨ ਉਹ ਸਰਘੀ ਵੇਲੇ ਇਸ਼ਨਾਨ ਉਪ੍ਰੰਤ, ਗਊ ਦੇ ਚਰਨਾਂ ਵਿਚ ਫੁੱਲ ਭੇਟ ਕਰਦੇ ਤੇ ਆਟੇ ਦਾ ਪੇੜਾ ਖਵਾਂਦੇ ਹਨ। ਫੇਰ ਗਊ ਦੀਆਂ ਸੱਤ ਪ੍ਰਦੱਖਣਾ ਕਰਦੇ ਹਨ।

ਹਿੰਦੂਆਂ ਵਿਚ, 'ਸੁਰਾਭੀ' ਨਾਉਂ ਦੀ, ਇਕ ਗਊ ਭਗਤ ਸੰਪਰਦਾਇ ਵੀ ਹੈ, ਜਿਸ ਦੇ ਅਨੁਯਾਈ ਰੋਜ਼ ਸਵੇਰੇ ਉਪ੍ਰੋਕਤ ਵਿਧੀ ਨਾਲ, ਗਊ ਨੂੰ ਪੂਜਦੇ ਹਨ। ਕਈ ਕੱਟੜ ਪੰਥੀ ਤਾਂ ਗਊ ਦੇ ਦੁੱਧ ਤੋਂ ਬਣੀਆਂ ਵਸਤੂਆਂ ਤੋਂ ਛੁਟ ਹੋਰ ਕੋਈ ਚੀਜ਼-ਵਸਤ ਮੂੰਹ ਨਹੀਂ ਲਗਾਂਦੇ। ਇਨ੍ਹਾਂ ਦਾ ਨਿਸਚਾ ਹੈ ਕਿ ਮਰਨ ਪਿਛੋਂ, ਉਹ ਸਿਧੇ, ਸੁਰਾਭੀ ਨਾਉਂ ਦੇ ਸਵਰਗ ਵਿਚ ਜਾਣਗੇ, ਜਿਥੇ ਸੁਰਾਭੀ ਗਊ, ਰਹਿੰਦੀ ਦੁਨੀਆਂ ਤਕ, ਉਨ੍ਹਾਂ ਦੀ ਰੱਖਿਆ ਤੇ ਪਾਲਨਾ ਕਰੇਗੀ।

ਗਊ ਚੌਦਾਂ ਪ੍ਰਮੁਖ ਰਤਨਾਂ ਵਿਚੋਂ ਇਕ ਹੈ। ਜਦੋਂ ਸੁਰਾਂ ਤੇ ਅਸੁਰਾਂ ਨੇ ਅੰਮ੍ਰਿਤ ਦੀ ਪ੍ਰਾਪਤੀ ਲਈ ਖੀਰ-ਸਾਗਰ ਨੂੰ ਰਿੜਕਿਆ ਤਾਂ ਸਾਗਰ ਵਿਚੋਂ, ਜੋ ਚੌਦਾਂ ਰਤਨ ਨਿਕਲੇ, ਉਨ੍ਹਾਂ ਵਿਚ ਇਕ ਗਊ ਵੀ ਸੀ। ਇਸ ਗਊ ਦਾ ਨਾਂ ਕਾਮਧੇਨ, ਨੰਦਨੀ ਤੇ ਸੁਬਲਾ ਹੈ। ਸੁਰਾਭੀਆਂ ਅਨੁਸਾਰ ਇਸ ਗਊ ਦਾ ਨਾਂ ਸੁਰਾਭੀ ਸੀ ਤੇ ਕਾਮਧੇਨ, ਨੰਦਨੀ ਤੇ ਸੁਬਲਾ ਉਸ ਦੀਆਂ ਵਛੇਰੀਆਂ ਸਨ। ਪੁਰਾਣਾਂ ਅਨੁਸਾਰ ਇਸ ਗਊ ਦਾ ਦੁੱਧ, ਜਿਹੜਾ ਇਕ ਵਾਰ ਪੀ ਲਏ, ਉਸ ਦੀਆਂ ਸਭ ਕਾਮਨਾਵਾਂ ਸਹਿਜ ਵਿਚ ਹੀ ਪੂਰੀਆਂ ਹੋ ਜਾਂਦੀਆਂ ਹਨ। ਲੋਕ-ਧਾਰਨਾ ਹੈ ਕਿ ਕਾਮਧੇਨ ਦੇ ਦੁੱਧ ਦੀਆਂ ਕੁਝ ਧਾਰਾਂ, ਮਾਤ-ਲੋਕ ਦੀਆਂ ਗਊਆਂ ਦੇ ਥਣਾਂ ਵਿਚ ਉਤਰ ਆਉਂਦੀਆਂ ਹਨ ਤੇ ਜਿਸਨੂੰ ਉਹ ਅੰਮ੍ਰਿਤ ਧਾਰਾਂ ਪੀਣ ਲਈ ਮਿਲ ਜਾਣ, ਉਸ ਦੀਆਂ ਸਭੇ ਮਨੋ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਸੇ ਕਰਕੇ ਗਊ ਦੇ ਦੁੱਧ ਨੂੰ ਨਿਆਮਤ ਮੰਨਿਆ ਗਿਆ ਹੈ।

ਸਨਾਤਨੀ ਹਿੰਦੂਆਂ ਦੇ ਵਿਚਾਰ ਅਨੁਸਾਰ ਗਊ-ਹੱਤਿਆ ਬ੍ਰਾਹਮਣ-ਹੱਤਿਆ ਦੇ ਤੁਲ ਹੋਣ ਕਰਕੇ, ਘੋਰ ਪਾਪ ਹੈ। ਸੋਨੇ ਦੀ ਗਊ ਦਾਨ ਕਰਨ ਅਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨ ਨਾਲ ਹੀ ਹਤਿਆਰਾ ਇਸ ਪਾਪ ਤੋਂ ਮੁਕਤ ਹੋ ਸਕਦਾ ਹੈ (ਵੇਖੋ : ਹਤਿਆਰਾ)।

ਹਿੰਦੂਆਂ ਵਿਚ ਗਊ ਦਾਨ ਦਾ ਬੜਾ ਮਹਾਤਮ ਹੈ। ਨਿਸਚਾ ਹੈ ਕਿ ਇਸ ਲੋਕ ਵਿਚ ਗਊ ਦਾਨ ਕਰਨ ਵਾਲੇ ਦਾ ਅਗਲਾ ਲੋਕ ਸੁਹੇਲਾ ਹੋ ਜਾਂਦਾ ਹੈ। ਇਸੇ ਲਈ ਜਦੋਂ ਕੋਈ ਪ੍ਰਾਣੀ ਸਵਾਸ ਤਿਆਗ ਰਿਹਾ ਹੋਵੇ ਤਾਂ ਉਸਦੇ ਹੱਥੋਂ ਗਊ ਛੁਹਾ ਕੇ ਬ੍ਰਾਹਮਣ ਨੂੰ ਦਾਨ ਕਰਨ ਦੀ ਪ੍ਰਥਾ ਹੈ। ਬ੍ਰਾਹਮਣ ਕੁਝ ਮੰਤ੍ਰਾਂ ਦਾ ਜਾਪ ਕਰਦਿਆਂ ਗਊ ਨੂੰ ਪੂਛਲ ਤੋਂ ਫੜ ਕੇ ਇਸ ਦਾਨ ਦੇ ਮਹਾਤਮ ਨੂੰ ਵਧਾਂਦਾ ਹੈ। ਧਾਰਨਾ ਹੈ ਕਿ ਮਰਨ ਪਿਛੋਂ ਜਦੋਂ ਜੀਵਾਤਮਾ ਅਗਲੇ ਲੋਕ ਜਾਂਦੀ ਹੈ ਤਾਂ ਰਾਹ ਵਿਚ ਉਸਨੂੰ ਇਕ ਖ਼ੌਫ਼ਨਾਕ ਨਦੀ ਲੰਘਣੀ ਪੈਂਦੀ ਹੈ, ਜਿਸ ਦਾ ਪਾਣੀ ਲਾਵੇ ਵਾਂਗ ਉਬਲਦਾ ਹੈ ਤੇ ਧੂੰਏਂ ਦੀਆਂ ਅਜਿਹੀਆਂ ਲਪਟਾਂ ਛਡਦਾ ਹੈ ਕਿ ਅਗੇ ਪਿਛੇ ਕੁਝ ਵਿਖਾਈ ਨਹੀਂ ਦੇਂਦਾ। ਧਰਮੀਆਂ ਨੂੰ ਇਸ ਧੂਏਂ ਵਿਚੋਂ ਮਹਿਕ ਆਉਂਦੀ ਹੈ ਤੇ ਉਹ ਇਸ ਦੀਆ ਲਪਟਾਂ ਉਤੇ ਤਰ ਕੇ ਨਦੀ ਪਾਰ ਕਰ ਜਾਂਦੇ ਹਨ, ਪਰ ਪਾਪੀਆਂ ਨੂੰ ਇਸ ਦੀ ਬਾਸ, ਸੇਕ ਤੇ ਤਪਤ ਬੜਾ ਕਸ਼ਟ ਦੇਂਦੀ ਹੈ। ਜਿਸ ਜੀਵ ਨੇ ਮਾਤਲੋਕ ਵਿਚ ਮਰਨ ਵੇਲੇ ਗਊ ਪੁੰਨ ਕੀਤੀ ਹੋਵੇ, ਉਹ ਇਸ ਨਦੀ ਨੂੰ ਉਸਦੀ ਪੂਛਲ ਫੜ ਕੇ ਪਾਰ ਹੋ ਜਾਂਦਾ ਹੈ।

ਗਊ ਨੂੰ ਆਟੇ ਦੇ ਪੇੜੇ ਖਵਾਣ ਦਾ ਬੜਾ ਮਹਾਤਮ ਹੈ। ਗਰਭਵਤੀ ਤੀਵੀਆਂ ਗਰਭ ਦੇ ਦਿਨਾਂ ਵਿਚ ਗਊ ਨੂੰ, ਆਟੇ ਦੇ ਪੇੜੇ, ਇਸ ਆਸ਼ੇ ਨਾਲ ਖਵਾਂਦੀਆਂ ਹਨ ਕਿ ਗਊ ਉਨ੍ਹਾਂ ਦੇ ਬੱਚੇ ਦੀ ਗਰਭ ਵਿਚ ਰੱਖਿਆ ਕਰੇਗੀ।

ਵੰਡ ਤੋਂ ਪਹਿਲਾਂ ਕੁਝ ਹਿੰਦੂ ਦੁਕਾਨਦਾਰ ਆਪਣੇ ਘਰ ਦੇ ਬੂਹੇ ਜਾਂ ਦੁਕਾਨ ਅਗੇ, ਖਿਉੜੇ ਦੇ ਪਹਾੜੀ ਨਿਮਕ ਦਾ ਵਡਾ ਸਾਰਾ ਡਲਾ ਰਖ ਦੇਂਦੇ ਸਨ। ਗਊਆ ਲੰਘਦੀਆਂ ਹੋਈਆਂ ਲੂਣ ਚਟ ਜਾਂਦੀਆਂ ਸਨ। ਇਹ ਬੜਾ ਪੁੰਨ ਕਰਮ ਹੈ। ਧਾਰਨਾ ਹੈ ਕਿ ਗਊ ਜਿਸ ਦਾ ਨਿਮਕ ਖਾ ਲਵੇ, ਉਸ ਨੂੰ ਹਲਾਲ ਕਰਨ ਲਈ, ਅਗਲੇ ਲੋਕ ਵਿਚ, ਉਸਦੀ ਰੱਖਿਆ ਕਰਦੀ ਹੈ। ਹੁਣ ਪਾਕਿਸਤਾਨ ਬਣ ਜਾਣ ਨਾਲ ਖਿਉੜੇ ਦਾ ਲੂਣ ਇਧਰ ਨਹੀਂ ਮਿਲਦਾ।

ਗਊ-ਭਗਤ ਗਊ ਦੇ ਗੋਹੇ ਤੇ ਮੂਤਰ ਨੂੰ ਬੜਾ ਪਵਿਤ੍ਰ ਮੰਨਦੇ ਹਨ। ਸੂਤਕ ਪਾਤਕ ਕੱਢਣ ਲਈ ਗੋਹੇ ਦਾ ਪੋਚਾ ਘਰ ਵਿਚ ਫੇਰਿਆ ਜਾਂਦਾ ਹੈ। ਧਾਰਨਾ ਹੈ ਕਿ ਜਿਥੇ ਗਊ ਦੇ ਗੋਹੇ ਤੇ ਮੂਤਰ ਦਾ ਪੋਚਾ ਫੇਰਿਆ ਹੋਵੇ, ਉਥੋਂ ਭੂਤ-ਪ੍ਰੇਤ ਦੂਰ ਰਹਿੰਦੇ ਹਨ। ਗਊਤਰ ਨੂੰ ਗੰਗਾਜਲੀ ਤੁਲ ਪਵਿਤ੍ਰ ਸਮਝ ਕੇ ਪੀਤਾ ਵੀ ਜਾਂਦਾ ਹੈ। ਬੱਚੇ ਦੇ ਜਨਮ ਪਿਛੋਂ ਤੇਹਰਵਾਂ ਨਹਾਣ ਲਗਿਆਂ, ਸੂਤਕ ਦੀ ਭਿੱਟ ਕੱਢਣ ਲਈ, ਕਈ ਤੀਵੀਆਂ ਗਊਤਰ ਨਾਲ ਇਸ਼ਨਾਨ ਕਰਦੀਆਂ ਹਨ। ਕਈ ਗਊ ਦੇ ਗੋਹੇ ਦੀ ਰਾਖ ਦਾ ਟਿੱਕਾ ਮੱਥੇ ਤੇ ਲਗਾਂਦੇ ਹਨ।

ਵੈਦਿਕ ਕਾਲ ਵਿਚ, ਹਿੰਦੂ, ਗਊ ਨੂੰ ਪੂਜਨੀਕ ਪਸ਼ੂ ਨਹੀਂ ਸੀ ਸਮਝਦੇ। ਵੇਦਾਂ ਤੇ ਬੀਰ-ਕਾਵਿ ਗ੍ਰੰਥਾਂ ਵਿਚ ਕਈ ਥਾਈਂ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਹਿੰਦੂ ਗਊ ਮਾਸ ਖਾਇਆ ਕਰਦੇ ਸਨ। ਇਥੋਂ ਤਕ ਕਿ ਰਿਸ਼ੀ ਮੁਨੀ ਆਪਣੇ ਮਹਿਮਾਨਾਂ ਦੀ ਖ਼ਾਤਰ ਕਰਨ ਲਈ, ਗਊ ਵੱਛੇ ਦਾ ਮਾਸ ਰਿੰਨ੍ਹ ਕੇ, ਉਨ੍ਹਾਂ ਅਗੇ ਧਰਦੇ ਸਨ।

(ਗ-2) **ਗਊ-ਗ੍ਰਾਸ।**

ਗਊ-ਭਗਤ ਭੋਜਨ ਕਰਨ ਵੇਲੇ, ਤਿੰਨ ਗਿਰਾਹੀਆਂ, ਗਊ ਲਈ ਵਖਰੀਆਂ ਰਖ ਛਡਦੇ ਹਨ ਤੇ ਫਿਰ ਗਲੀ ਵਿਚੋਂ ਲੰਘਦੀ ਕਿਸੇ ਗਊ ਨੂੰ ਖਵਾ ਦੇਂਦੇ ਹਨ। ਕਈ ਘਰਾਂ ਵਿਚ ਗਿਰਾਹੀਆਂ ਦੀ ਥਾਂ, ਰੋਟੀ ਪਕਾਣ ਲਗਿਆਂ, ਤੌਣੀ ਵਿਚੋਂ, ਇਕ ਪੇੜਾ ਗਊ ਨਮਿਤ ਵਖ ਕਰ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਇਹ ਗਿਰਾਹੀਆਂ/ਪੇੜਾ ਅਗਲੇ ਲੋਕ ਵਿਚ, ਦਾਨੀ ਨੂੰ, ਕਈ ਗੁਣਾ ਵਧ ਹੋ ਕੇ ਮਿਲਦਾ ਹੈ। ਸਰਾਧਾਂ ਦੇ ਦਿਨੀਂ, ਗਊ ਨੂੰ ਜੋ ਪੇੜੇ ਜਾਂ ਗਿਰਾਹੀਆਂ ਭੇਟ ਕੀਤੀਆਂ ਜਾਂਦੀਆਂ ਹਨ, ਉਹ ਅਗਲੇ ਲੋਕ ਵਿਚ ਪਿੱਤਰਾਂ ਨੂੰ ਪਹੁੰਚਦੀਆਂ ਹਨ। ਇਨ੍ਹਾਂ ਨੂੰ ਵੀ ਗਊ-ਗ੍ਰਾਸ ਕਿਹਾ ਜਾਂਦਾ ਹੈ।

(ਗ-3) **ਗਊ ਜੁਆਲਣਾ** :

ਹਿੰਦੂਆਂ ਦਾ ਨਿਸਚਾ ਹੈ ਕਿ ਕਿਸੇ ਪ੍ਰਾਣੀ ਨਮਿਤ, ਕੋਈ ਵਸਤੂ ਗਊ ਨੂੰ ਅਰਪਨ ਕੀਤੀ ਜਾਵੇ ਤਾਂ ਗਊ, ਆਪਣੀ ਦੈਵੀ ਸ਼ਕਤੀ ਦੁਆਰਾ, ਉਹ ਵਸਤੂ ਉਸ ਜੀਵਾਤਮਾ ਤਕ ਅਗਲੇ ਲੋਕ ਵਿਚ ਪਹੁੰਚਾ ਦੇਂਦੀ ਹੈ। ਇਸ ਲਈ ਹਿੰਦੂ ਕਿਸੇ ਪ੍ਰਾਣੀ ਦੇ ਵਰੀਹਣੇ, ਬਰਸੀ ਜਾਂ ਸਰਾਧਾਂ ਦੇ ਦਿਨੀਂ ਪਿਤਰਾਂ ਨਮਿਤ ਗਊ ਨੂੰ ਛੋਲੇ ਖੁਆਉਂਦੇ ਹਨ। ਇਸ ਭੇਂਟ ਨੂੰ 'ਗਊ ਜੁਆਲਣਾ' ਕਹਿੰਦੇ ਹਨ।

(ਗ-4) **ਗਊ ਮਣਸਣੀ** :

ਸੰਕਟ ਸਮੇਂ ਕਿਸੇ ਪ੍ਰਾਣੀ ਹਥੋਂ ਗਊ ਦੀ ਪੂਛ ਫੜਾ ਕੇ, ਬ੍ਰਾਹਮਣ ਨੂੰ ਦਾਨ ਕਰਨੀ। ਹਿੰਦੂਆਂ ਵਿਚ ਜਦੋਂ ਕੋਈ ਪ੍ਰਾਣੀ ਸਵਾਸ ਤਿਆਗ ਰਿਹਾ ਹੋਵੇ ਤਾਂ ਉਸਦੇ ਹਥੋਂ ਗਊ ਛੁਹਾ ਕੇ ਬ੍ਰਾਹਮਣ ਨੂੰ ਦਾਨ ਕੀਤੀ ਜਾਂਦੀ ਹੈ। ਪਹਿਲਿਆਂ ਵਿਚ ਇਹ ਗਊ ਪ੍ਰਾਣੀ ਦੇ ਦਾਹ ਸੰਸਕਾਰ ਵੇਲੇ ਨਾਲ ਹੀ ਦਾਹ ਦਿਤੀ ਜਾਂਦੀ ਸੀ, ਪਰ ਪਿਛੋਂ ਬ੍ਰਾਹਮਣਾਂ ਨੂੰ ਭੇਂਟ ਕਰਨ ਦੀ ਪਿਰਤ ਪੈ ਗਈ। ਕੋਈ ਸੰਕਟ ਟਲ ਜਾਵੇ ਤਾਂ ਵੀ ਗਊ ਮਣਸੀ ਜਾਂਦੀ ਹੈ। ਜਦੋਂ ਪੂਰਨ ਬਾਰਾਂ ਸਾਲਾਂ ਪਿਛੋਂ ਭੋਰੇ ਵਿਚੋਂ ਨਿਕਲਿਆ ਤਾਂ ਸਲਵਾਨ ਨੇ ਗਊਆਂ ਮਣਸੀਆਂ ਸਨ :

ਖ਼ੇ ਖ਼ੁਸ਼ੀ ਹੋਈ ਸਲਵਾਨ ਰਾਜੇ,
ਪੂਰਨ ਆਇ ਕੇ ਜਦੋਂ ਸਲਾਮ ਕੀਤਾ।
ਖ਼ੁਸ਼ੀ ਨਾਲ ਨਾ ਸੇਉਂਦਾ ਵਿਚ ਜਾਮੇ,
ਗਊਆਂ ਮਣਸੀਆਂ ਤੇ ਪੁੰਨ ਦਾਨ ਕੀਤਾ।

(ਗ-5) **ਗਊ-ਮੁਖਾ** :

ਉਹ ਸਫੈਦ ਜ਼ਮੀਨ/ਮਕਾਨ/ਦੁਕਾਨ ਨੂੰ ਜੋ ਮੱਥੇ ਵਲੋਂ ਘਟ ਚੌੜੀ ਤੇ ਪਿਛਲੇ ਪਾਸੇ ਵਲੋਂ ਜ਼ਿਆਦਾ ਚੌੜੀ ਹੋਵੇ, ਗਊ-ਮੁਖਾ ਕਿਹਾ ਜਾਂਦਾ ਹੈ। ਕਿਉਂ ਜੋ ਗਊ ਦਾ ਮੁਖ ਛੋਟਾ ਤੇ ਪਿੱਠ ਵਡੀ ਹੁੰਦੀ ਹੈ। ਅਜਿਹੀ ਥਾਂ ਬੜੀ ਸ਼ੁਭ ਮੰਨੀ ਜਾਂਦੀ ਹੈ ਤੇ ਘਰ ਵਲਾਂ-ਫਲਾਂ ਰਹਿੰਦੀਆਂ ਹਨ ਤੇ ਕਦੇ ਕੋਈ ਸੰਕਟ ਨਹੀਂ ਪੈਂਦਾ।

ਇਸ ਦੇ ਉਲਟ ਜੋ ਸਫੈਦ ਜ਼ਮੀਨ/ਮਕਾਨ/ਦੁਕਾਨ ਅਗੇ ਪਾਸੇ ਵਲੋਂ ਜ਼ਿਆਦਾ ਚੌੜੀ ਤੇ ਪਿਛਲੇ ਪਾਸੇ ਵਲੋਂ ਘਟ ਚੌੜੀ ਹੋਵੇ, ਉਸਨੂੰ 'ਸ਼ੇਰ-ਮੁਖਾ' ਕਹਿੰਦੇ ਹਨ, ਕਿਉਂ ਜੋ ਸ਼ੇਰ ਦਾ ਮੁਖ ਵਡਾ ਤੇ ਪਿਠ ਛੋਟੀ ਹੁੰਦੀ ਹੈ। ਇਸ ਤਰ੍ਹਾਂ ਦੀ ਥਾਂ ਅਸ਼ੁਭ ਮੰਨੀ ਗਈ ਹੈ ਤੇ ਜਿਹੜਾ ਵੀ ਇਥੇ ਰਹਿੰਦਾ ਹੈ, ਉਹ ਹਮੇਸ਼ਾ ਦੁਖ ਦਲਿਦ੍ਰ ਤੇ ਸੰਕਟਾਂ ਵਿਚ ਗ੍ਰਸਿਆ ਰਹਿੰਦਾ ਹੈ।

(ਗ-6) **ਗਊ-ਲੋਕ** :

ਪੁਰਾਣਾਂ ਅਨੁਸਾਰ ਇਕ ਲੋਕ, ਜਿਥੇ ਵਿਸ਼ਨੂੰ ਤੇ ਕ੍ਰਿਸ਼ਨ

ਦਾ ਨਿਵਾਸ ਮੰਨਿਆ ਗਿਆ ਹੈ। ਇਹ ਲੋਕ ਬੈਕੁੰਠ ਤੋਂ ਉਪਰ ਹੈ ਤੇ ਗਊ-ਭਗਤ ਮਰਨ ਮਗਰੋਂ ਇਸੇ ਲੋਕ ਵਿਚ ਪਧਾਰਦੇ ਮੰਨੇ ਜਾਂਦੇ ਹਨ।

(ਗ-7) **ਗਹਿਰ ਗੰਭੀਰੀਏ** :

ਉਦਾਸੀਆਂ ਦੀ ਇਕ ਉਪ-ਸੰਪ੍ਰਦਾ, ਜਿਸ ਦੇ ਮੋਢੀ ਬਾਵਾ ਬਿਸ਼ਨ ਦਾਸ ਹਨ। ਇਸ ਸੰਪ੍ਰਦਾਇ ਦਾ ਮੁਖੀ ਅਸਥਾਨ ਰੋਪੜ ਵਿਚ ਹੈ। ਦੂਜੇ ਉਦਾਸੀ ਸਾਧੂਆਂ ਵਾਂਗ ਇਹ ਵੀ ਆਦਿ ਗ੍ਰੰਥ ਸਾਹਿਬ ਨੂੰ ਆਪਣਾ ਧਾਰਮਿਕ ਗ੍ਰੰਥ ਮੰਨਦੇ ਹਨ।

ਇਸ ਸੰਪ੍ਰਦਾਇ ਦੇ ਮੋਢੀ ਬਿਸ਼ਨ ਦਾਸ ਪ੍ਰਮਾਤਮਾ ਲਈ 'ਗਹਿਰ ਗੰਭੀਰ' ਦਾ ਸ਼ਬਦ ਵਧੇਰੇ ਵਰਤਿਆ ਕਰਦੇ ਸਨ। ਕਿਸੇ ਨੂੰ ਮਿਲਣ ਵੇਲੇ ਵੀ 'ਗਹਿਰ ਗੰਭੀਰ' ਕਹਿ ਕੇ ਪ੍ਰਨਾਮ ਕੀਤਾ ਕਰਦੇ ਸਨ। ਇਨ੍ਹਾਂ ਦੇ ਸ਼ਰਧਾਲੂਆਂ ਵਿਚ ਵੀ ਇਹੋ ਮੁਹਾਵਰਾ ਪ੍ਰਚਲਤ ਹੋ ਗਿਆ ਤੇ ਇਹ ਸੰਪ੍ਰਦਾਇ 'ਗਹਿਰ ਗੰਭੀਰ' ਨਾਉਂ ਨਾਲ ਪ੍ਰਸਿਧ ਹੋ ਗਈ। ਗੁਰੂ ਗ੍ਰੰਥ ਸਾਹਿਬ ਵਿਚ ਗਹਿਰ ਗੰਭੀਰ ਸ਼ਬਦ ਕਈ ਥਾਈਂ ਪ੍ਰਭੂ ਲਈ ਵਰਤਿਆ ਮਿਲਦਾ ਹੈ—'ਗਹਿਰ ਗੰਭੀਰ ਅਥਾਹ ਹਾਥ ਨ ਲਭਈ'। ਬਿਸ਼ਨ ਦਾਸ ਨੇ ਇਹ ਨਾਉਂ ਉਥੋਂ ਹੀ ਅਪਣਾਇਆ।

ਬਿਸ਼ਨ ਦਾਸ ਨੇ ਇਕ ਗ੍ਰੰਥ 'ਸ੍ਰੀ ਗਹਿਰ ਗੰਭੀਰ ਸੁਖ ਸਾਗਰ ਗ੍ਰੰਥ' ਰਚਿਆ, ਜੋ 1897 ਈ: ਵਿਚ ਪ੍ਰਕਾਸ਼ਿਤ ਹੋਇਆ। ਇਹ ਆਪਣੇ ਮਤ ਦੇ ਪ੍ਰਚਾਰ ਲਈ ਇਕ ਅਖ਼ਬਾਰ 'ਗਹਿਰ ਗੰਭੀਰ ਗਜ਼ਟ' ਵੀ ਕਢਦੇ ਰਹੇ। ਇਹ ਸੰਪ੍ਰਦਾਇ, ਸਿੰਘ ਸਭਾ ਲਹਿਰ ਤੇ ਗੁਰਦਵਾਰਾ ਸੁਧਾਰ ਲਹਿਰ ਦੇ ਹੱਕ ਵਿਚ ਨਹੀਂ ਸਨ।

ਬਿਸ਼ਨ ਦਾਸ ਦਾ ਜਨਮ ਜ਼ਿਲਾ ਲੁਧਿਆਣਾ ਦੇ ਇਕ ਪਿੰਡ 'ਠਾਣਾ' ਵਿਚ 1863 ਈ: ਵਿਚ ਹੋਇਆ (ਗੁਰ ਸ਼ਬਦ ਰਤਨਾਕਰ ਅਨੁਸਾਰ ਚੇਤ ਬਦੀ 9, ਸੰਮਤ 1920)। ਇਨ੍ਹਾਂ ਦੇ ਪਿਤਾ ਕਾਨ੍ਹ ਚੰਦ ਤਰਖਾਣਾ ਕੰਮ ਕਰਦੇ ਸਨ। ਬਿਸ਼ਨ ਦਾਸ ਬਚਪਨ ਤੋਂ ਹੀ ਉਦਾਸੀ ਸੁਭਾਵ ਦੇ ਸਨ। ਸੋ, ਇਹ ਮਤਾਬ ਦਾਸ ਉਦਾਸੀ ਦੇ ਚੇਲੇ ਬਣ ਗਏ ਤੇ ਕਈ ਸਾਲ ਉਨ੍ਹਾਂ ਦੇ ਅਖਾੜੇ ਵਿਚ ਰਹੇ। ਪਿਛੋਂ 1887 ਈ: ਵਿਚ ਇਨ੍ਹਾਂ ਆਪਣਾ ਡੇਰਾ ਰੋਪੜ ਬਣਾ ਲਿਆ।

(ਗ-8) **ਗਹੀਰਾ** :

ਪੰਜਾਬ ਦੇ ਪਿੰਡਾਂ ਵਿਚ ਖੇਤਾਂ/ਘਰਾਂ ਦੇ ਵਿਹੜਿਆਂ ਵਿਚ, ਗਹੀਰੇ ਆਮ ਵੇਖਣ ਵਿਚ ਆਉਂਦੇ ਹਨ। ਇਨ੍ਹਾਂ ਵਿਚ ਗੋਹੇ ਦੀਆਂ ਸੁੱਕੀਆਂ ਪਾਥੀਆਂ ਬੜੇ ਸਲੀਕੇ ਨਾਲ ਰਖੀਆਂ ਹੁੰਦੀਆਂ ਹਨ। ਬਹੁਤ ਸਾਰੀਆਂ ਪਾਥੀਆਂ ਨੂੰ 'ਕੁਪ' ਦੀ ਸ਼ਕਲ ਵਿਚ ਜੋੜ ਕੇ, ਬਾਹਰੋਂ ਗੋਹੇ ਦਾ ਲੇਪ ਦੇ ਦਿਤਾ ਜਾਂਦਾ ਹੈ। ਇਸ ਉਪਰ ਮੀਂਹ-ਕਣੀ ਦਾ ਅਸਰ ਨਹੀਂ ਹੁੰਦਾ। ਗਹੀਰੇ ਨਾਲ ਕੁਝ ਮਨੌਤਾਂ ਵੀ ਜੁੜੀਆਂ ਹੋਈਆਂ ਹਨ। ਧਾਰਨਾ ਹੈ ਕਿ ਜਿਸ ਖੇਤ/ਘਰ ਵਿਚ ਗਊ ਦੇ ਗੋਹੇ ਦਾ ਗਹੀਰਾ ਲੱਗਾ ਹੋਵੇ, ਉਥੇ ਭੂਤ-ਪ੍ਰੇਤ ਨਹੀਂ ਫਟਕਦੇ।

(ਗ-9) **ਗੱਖੜ** :

ਮੁਸਲਮਾਨ ਰਾਜਪੂਤਾਂ ਦੀ ਇਕ ਪ੍ਰਸਿਧ ਜਾਤੀ, ਜਿਸ ਦੀ ਪਾਕਿਸਤਾਨੀ ਪੰਜਾਬ ਦੇ ਜਿਹਲਮ, ਰਾਵਲਪਿੰਡੀ ਤੇ ਹਜ਼ਾਰਾ ਜ਼ਿਲਿਆਂ ਵਿਚ ਕਾਫ਼ੀ ਵਸੋਂ ਹੈ। ਗੱਖੜ ਕਬੀਲਾ ਸਿੰਧ-ਸਾਗਰ ਦੁਆਬ ਦਾ ਇਕ ਪ੍ਰਾਚੀਨ ਤੇ ਉੱਘਾ ਕਬੀਲਾ ਹੈ, ਜਿਸ ਦੀ ਪੰਜਾਬ ਦੇ ਮਧਕਾਲੀ ਇਤਿਹਾਸ ਵਿਚ ਮਹੱਤਵਪੂਰਨ ਭੂਮਿਕਾ ਰਹੀ ਹੈ।

ਗੱਖੜ ਕਬੀਲੇ ਦੇ ਅਸਲੇ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਵਿਦਵਾਨਾਂ ਦੇ ਵਖੋ ਵਖਰੇ ਮਤ ਹਨ। ਜਨਰਲ ਕੋਰਟ ਦਾ ਵਿਚਾਰ ਹੈ ਕਿ ਇਸ ਕਬੀਲੇ ਦੇ ਲੋਕ ਉਨ੍ਹਾਂ ਯੂਨਾਨੀਆਂ ਦੀ ਔਲਾਦ ਹਨ, ਜੋ ਸਮਰਾਟ ਸਕੰਦਰ ਦੇ ਹੱਲੇ ਪਿਛੋਂ, ਪੰਜਾਬ ਵਿਚ ਹੀ ਵਸ ਗਏ ਸਨ। ਗੱਖੜ ਕਬੀਲੇ ਦੇ ਕਈ ਲੋਕ ਆਪਣੇ ਆਪ ਨੂੰ, ਯੂਨਾਨੀਆਂ ਦੀ ਹੀ ਵੰਸ਼ ਦਸਦੇ ਹਨ। ਏ. ਬਰੇਂਡਰਥ ਦਾ ਮਤ, ਜੋ ਸਥਾਨਕ ਰਵਾਇਤਾਂ ਦੇ ਆਧਾਰ 'ਤੇ ਹੈ, ਇਸ ਤੋਂ ਵਖਰਾ ਹੈ। ਉਸ ਅਨੁਸਾਰ ਗੱਖੜ ਫ਼ਾਰਸ ਵਿਚੋਂ ਕਸ਼ਮੀਰ ਦੇ ਰਾਹ ਪੰਜਾਬ ਵਿਚ ਆਏ। ਕਈ ਗੱਖੜ ਅਜ ਵੀ ਆਪਣਾ ਪਿਛਾ ਈਰਾਨੀ ਦਸਦੇ ਹਨ। ਜਨਰਲ ਕਨਿੰਘਮ ਆਰਕੀਓਲਾਜੀਕਲ ਸਰਵੇ ਰਿਪੋਰਟ (ਜਿਲਦ 2,ਪੰਨਾ 22-33) ਵਿਚ ਕਈ ਦਲੀਲਾਂ ਦੇ ਆਧਾਰ ਤੇ, ਇਸ ਨਤੀਜੇ ਉਤੇ ਪੁਜਿਆ ਕਿ ਗੱਖੜ ਯੀਚੀ-ਸਿਥੀਅਨ ਦੀ ਔਲਾਦ ਹਨ, ਜੋ ਪੰਜਾਬ ਵਿਚ ਉਤਰ ਪੱਛਮ ਵਲੋਂ ਹਜ਼ਰਤ ਈਸਾ ਤੋਂ ਚਾਰ ਸ਼ਤਾਬਦੀਆਂ ਬਾਅਦ ਦਾਖ਼ਲ ਹੋਏ। ਇਤਿਹਾਸਕਾਰ ਫ਼ਰਿਸ਼ਤਾ ਨੇ ਗੱਖੜਾਂ ਨੂੰ ਇਕ ਬੜੀ ਅੱਖੜਖਾਂਦ, ਵਹਿਸ਼ੀ ਤੇ ਲੜਾਕੀ ਜਾਤੀ ਦਸਿਆ ਹੈ, ਜਿਨ੍ਹਾਂ ਦਾ ਕੋਈ ਧਰਮ-ਸਦਾਚਾਰ ਨਹੀਂ ਤੇ ਜਿਨ੍ਹਾਂ ਵਿਚ ਬਹੁਕੰਤੀ ਵਿਆਹ ਤੇ ਕੰਨਿਆਂ ਮਾਰਨ ਦੀ ਪ੍ਰਥਾ ਆਮ ਸੀ। ਪਰ ਕੁਝ ਵਿਦਵਾਨ ਫ਼ਰਿਸ਼ਤੇ ਦੀ ਗੱਲ ਨਾਲ ਸਹਿਮਤ ਨਹੀਂ। ਉਨ੍ਹਾਂ ਦਾ ਵਿਚਾਰ ਹੈ ਕਿ ਫ਼ਰਿਸ਼ਤੇ ਨੇ ਜਾਂ ਤਾਂ ਕੀਨੇ ਵਸ ਇਹ ਕੁਝ ਲਿਖਿਆ ਹੈ ਜਾਂ ਉਹ ਗੱਖੜਾਂ ਦਾ ਖੋਖਰਾਂ ਨਾਲ ਏਕੀਕਰਣ ਕਰ ਗਿਆ ਹੈ।

ਪੰਜਾਬ ਦੇ ਇਤਿਹਾਸ ਵਿਚ, ਗੱਖੜਾਂ ਨੇ ਮਹੱਤਵਪੂਰਣ ਹਿੱਸਾ ਪਾਇਆ। ਜਦੋਂ ਬਾਬਰ ਨੇ ਪੰਜਾਬ ਤੇ ਪਹਿਲਾ

ਧਾਵਾ ਬੋਲਿਆ, ਉਦੋਂ ਉਹਨੇ ਸਿੰਧ ਸਾਗਰ ਦੁਆਬ ਦੇ ਇਕ ਕਬੀਲੇ, ਜੰਝੂਆਂ ਦੀ ਮਦਦ ਨਾਲ, ਗੱਖੜਾਂ ਦੇ ਮੁਖੀਏ ਹਾਤੀ ਖ਼ਾਨ ਉੱਤੇ ਵਿਜੈ ਪਾਈ ਪਰ ਮਗਰਲੇ ਸਮੇਂ ਬਾਬਰ ਨੇ ਗੱਖੜਾਂ ਨਾਲ ਮਿਤ੍ਰਤਾ ਗੰਢ ਲਈ ਤੇ ਇਨ੍ਹਾਂ ਤੋਂ ਫ਼ੌਜੀ ਮਦਦ ਮੰਗੀ। ਜਦੋਂ ਬਾਬਰ ਦੇ ਲੜਕੇ ਹਿਮਾਯੂੰ ਤੋਂ, 1542 ਈਸਵੀ ਵਿਚ, ਸ਼ੇਰ ਸ਼ਾਹ ਸੂਰੀ ਨੇ ਰਾਜ ਖੋਹ ਲਿਆ, ਤਾਂ ਉਦੋਂ ਗੱਖੜਾਂ ਉੱਤੇ ਆਪਣਾ ਦਾਬਾ ਰਖਣ ਲਈ, ਉਸਨੇ ਜਿਹਲਮ ਤੋਂ ਦਸ ਕੁ ਮੀਲ ਦੂਰ ਰੁਹਤਾਸ ਵਿਚ ਭਾਰੀ ਕਿਲਾ ਉਸਾਰਿਆ। ਸ਼ੇਰ ਸ਼ਾਹ ਸੂਰੀ ਜਿਤਨਾ ਚਿਰ ਜੀਉਂਦਾ ਰਿਹਾ, ਗੱਖੜ ਉਸ ਨਾਲ ਲੋਹਾ ਲੈਂਦੇ ਰਹੇ। ਸ਼ੇਰ ਸ਼ਾਹ ਸੂਰੀ ਦੀ ਮੌਤ ਪਿਛੋਂ ਗੱਖੜਾਂ ਨੇ ਹੀ ਹਿਮਾਯੂੰ ਨੂੰ ਮੁੜ ਦਿੱਲੀ ਦਾ ਤਖ਼ਤ ਦਿਵਾਣ ਵਿਚ, ਫ਼ੌਜੀ ਮਦਦ ਕੀਤੀ। ਇਸ ਲਈ ਮੁਗਲਾਂ ਦੇ ਸਮੇਂ ਗੱਖੜਾਂ ਦਾ ਜ਼ੋਰ ਵਧਦਾ ਗਿਆ। ਪਿਛੋਂ ਸਿੱਖ ਰਾਜ ਦੇ ਸਮੇਂ ਗੱਖੜਾਂ ਦਾ ਦਬਦਬਾ ਮੁੜ ਖ਼ਤਮ ਹੋ ਗਿਆ।

ਗੱਖੜ ਕਬੀਲਾ ਕਈ ਸ਼ਾਖਾਂ ਵਿਚ ਵੰਡਿਆ ਹੋਇਆ ਹੈ ਅਤੇ ਹਰ ਸ਼ਾਖ ਦਾ ਨਾਉਂ, ਉਸ ਸ਼ਾਖ ਦੇ ਕਿਸੇ ਵਡਿਕੇ ਦੇ ਨਾਉਂ ਦੇ ਆਧਾਰ ਤੇ ਹੀ ਰਖਿਆ ਗਿਆ। ਹਰ ਸ਼ਾਖ ਦੀ ਆਪਣੀ 'ਮੰਡੀ' ਹੈ। 'ਮੰਡੀ' ਉਨ੍ਹਾਂ ਪਿੰਡਾਂ ਦੇ ਝੁੰਡਾਂ ਨੂੰ ਕਹਿੰਦੇ ਹਨ, ਜੋ ਕਿਸੇ ਸ਼ਾਖ ਦੇ ਮੂਲ ਸਥਾਨ ਹਨ। ਜਿਹਲਮ ਜਿਲੇ ਵਿਚ ਗੱਖੜਾਂ ਦੀਆਂ ਛੇ ਮੰਡੀਆਂ ਹਨ, ਜਿਨ੍ਹਾਂ ਵਿਚੋਂ ਇਕ ਪ੍ਰਸਿਧ ਮੰਡੀ ਡੁਮੇਲੀ ਵਿਖੇ ਹੈ।

ਗੱਖੜ ਕਬੀਲੇ ਦੇ ਲੋਕ ਬੜੇ ਬਹਾਦਰ ਤੇ ਅਣਖੀਲੇ ਹਨ। ਲੜਾਕੇ ਤੇ ਜਾਨਬਾਜ਼ ਹੋਣ ਕਰਕੇ, ਇਹ ਚੰਗੇ ਸਿਪਾਹੀ ਹਨ। ਵਾਹੀ ਖੇਤੀ ਦੇ ਕੰਮ ਵਿਚ ਇਹ ਬੜੇ ਢਿੱਲੇ ਹਨ। ਇਨ੍ਹਾਂ ਵਿਚ ਕੀਨਾ ਤੇ ਸਾੜਾ ਬਹੁਤ ਜ਼ਿਆਦਾ ਹੈ ਤੇ ਕੁਝ ਕਬੀਲਿਆਂ ਵਿਚ ਜੱਦੀ ਵੈਰ ਪੀੜ੍ਹੀਆਂ ਤੋਂ ਚਲੇ ਆ ਰਹੇ ਹਨ, ਜਿਸ ਕਰਕੇ ਇਨ੍ਹਾਂ ਵਿਚ ਕਤਲ ਤੇ ਫ਼ਸਾਦਾਂ ਦੀਆਂ ਵਾਰਦਾਤਾਂ ਆਮ ਹੁੰਦੀਆਂ ਰਹਿੰਦੀਆਂ ਹਨ।

## (ਗ-10) ਗਗਨ ਦਮਾਮਾ :

ਡੇਰਾ ਗ਼ਾਜ਼ੀ ਖ਼ਾਂ ਦੇ ਜਿਲੇ ਵਿਚ ਨਿਗਾਹਾ ਵਿਖੇ, ਪੀਰ ਦਾ ਵਡਾ ਧੌਂਸਾ; ਇਸ ਧੌਂਸੇ ਨੂੰ ਜਦੋਂ ਵਜਾਇਆ ਜਾਂਦਾ ਹੈ ਤਾਂ ਇੰਜ ਲਗਦਾ ਹੈ ਕਿ ਅਸਮਾਨ ਵਿਚੋਂ ਗਰਜਦੀ ਆਵਾਜ਼ ਹੇਠਾਂ ਉਤਰ ਕੇ ਆ ਰਹੀ ਹੋਵੇ। ਇਸ ਪੀਰ ਨੂੰ ਧੌਂਕਲ ਪੀਰ, ਨਿਗਾਹਾ ਪੀਰ ਵੀ ਕਹਿੰਦੇ ਹਨ।

## (ਗ-11) ਗੱਗੜ :

ਇਕ ਪਛੜੀ ਜਾਤੀ, ਜੋ ਪੇਟ ਭਰਨ ਲਈ ਕੀੜੇ ਮਕੌੜੇ, ਡੱਡੂ ਤੇ ਚੂਹੇ ਵੀ ਖਾ ਲੈਂਦੀ ਹੈ। ਇਸ ਜਾਤੀ ਦੇ ਲੋਕ ਜੋਕ, ਸਿੰਗੀ ਤੇ ਤੂੰਬੀ ਆਦਿ ਦੁਆਰਾ ਫੋੜੇ ਫਿਨਸੀਆਂ ਆਦਿ ਦੇ ਰੋਗੀਆਂ ਦੇ ਸਰੀਰ ਵਿਚੋਂ ਗੰਦਾ ਲਹੂ ਕੱਢਣ 'ਚ ਮਾਹਿਰ ਹਨ। ਜੋਕਾਂ ਘਰ ਵਿਚ ਰੱਖਣ ਕਾਰਨ ਇਨ੍ਹਾਂ ਨੂੰ 'ਜੋਕੇਰੇ' ਵੀ ਕਹਿੰਦੇ ਹਨ। ਇਨ੍ਹਾਂ ਦੀਆਂ ਤੀਵੀਆਂ ਘਾਹ, ਨੜੀਆਂ ਤੇ ਸਿਰਕੀ ਦੇ ਛੂਹੜ ਤੇ ਚਟਾਈਆਂ, ਪੱਛੀਆਂ ਤੇ ਟੋਕਰੀਆਂ ਆਦਿ ਬਣਾਉਂਦੀਆਂ ਹਨ ਤੇ ਗਲੀਆਂ ਵਿਚ ਫਿਰ ਕੇ ਵੇਚਦੀਆਂ ਹਨ। ਕੁਝ ਗੱਗੜ, ਮੁਸਲਮਾਨ ਘਰਾਂ ਵਿਚ, ਵਿਆਹ ਦੇ ਦਿਨੀਂ, ਲਾਗੀਆਂ ਦਾ ਕੰਮ ਕਰਦੇ ਤੇ ਲਾਗ ਲੈਂਦੇ ਹਨ। ਇਨ੍ਹਾਂ ਦਾ ਪੀਰ ਬਾਲਾ ਸ਼ਾਹ ਹੈ, ਜੋ ਚੂੜ੍ਹਿਆਂ ਦਾ ਵੀ ਗੁਰੂ ਹੈ। ਮੁਸਲਮਾਨਾਂ ਵਾਂਗ ਗੱਗੜਾਂ ਵਿਚ ਵਿਆਹ ਨਿਕਾਹ ਰੀਤੀ ਨਾਲ ਕੀਤੇ ਜਾਂਦੇ ਹਨ। ਕੁਝ ਹਿੰਦੂ ਗੱਗੜ ਵੀ ਮਿਲਦੇ ਹਨ, ਜਿਨ੍ਹਾਂ ਵਿਚ ਫੇਰਿਆਂ ਦਾ ਰਵਾਜ ਹੈ। ਇਨ੍ਹਾਂ ਨੂੰ ਗਗੜਾ ਵੀ ਕਹਿੰਦੇ ਹਨ।

## (ਗ-12) ਗੰਗਾ :

ਹਿੰਦੂਆਂ ਦਾ ਇਕ ਪਵਿਤਰ ਦਰਿਆ; ਵੈਦਿਕ ਕਾਲ ਵਿਚ ਜਦੋਂ ਆਰੀਆ ਪੰਜਾਬ ਵਿਚ ਰਹਿੰਦੇ ਸਨ, ਉਦੋਂ ਤਕ ਉਹ ਸਿੰਧੂ ਤੇ ਸਰਸਵਤੀ ਨੂੰ ਹੀ ਪਾਵਨ ਮੰਨਦੇ ਸਨ। ਰਿਗਵੇਦ, ਜੋ ਆਰੀਆ ਜਾਤੀ ਦਾ ਪ੍ਰਥਮ ਗ੍ਰੰਥ ਹੈ, ਵਿਚ ਗੰਗਾ ਦਾ ਵਰਨਣ ਕੇਵਲ ਦੋ ਵਾਰ ਆਇਆ ਹੈ। ਪਰ ਮਗਰੋਂ ਪੌਰਾਣਿਕ ਕਾਲ ਵਿਚ ਗੰਗਾ ਦਰਿਆ ਸਭ ਤੋਂ ਵਧ ਪਵਿਤਰ ਮੰਨਿਆ ਜਾਣ ਲਗਾ ਤੇ ਹਿੰਦੂ ਇਸਨੂੰ 'ਗੰਗਾ ਮਾਤਾ' ਕਹਿ ਕੇ ਪੂਜਣ ਲਗੇ।

ਪੁਰਾਣਾਂ ਅਨੁਸਾਰ ਗੰਗਾ, ਪ੍ਰਾਣਧਾਰੀ ਰੂਪ ਵਿਚ ਹਿਮਾਵਤ ਦੀ ਪੁਤ੍ਰੀ ਤੇ ਓਮਾ ਦੀ ਭੈਣ ਹੈ। ਇਸ ਦਾ ਜਨਮ ਮੇਨਾ ਦੀ ਕੁਖੋਂ ਹੋਇਆ। ਹਿਮਾਵਤ ਨੇ ਇਸ ਦਾ ਵਿਆਹ ਸ਼ਾਤਨੂੰ ਨਾਲ ਕਰ ਦਿਤਾ ਤੇ ਇਸ ਦੀ ਕੁਖੋਂ ਭੀਸ਼ਮ ਨੇ ਜਨਮ ਲਿਆ। ਇਕ ਹੋਰ ਕਥਾ ਅਨੁਸਾਰ ਗੰਗਾ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲਦੀ ਹੋਈ, ਆਕਾਸ਼ ਵਿਚ ਵਗਿਆ ਕਰਦੀ ਸੀ। ਇਸ ਨੂੰ ਰਾਜੇ ਭਗੀਰਥ ਨੇ ਬੜੇ ਕਰੜੇ ਤੱਪਾਂ ਤੇ ਸਾਧਨਾਂ ਨਾਲ ਆਕਾਸ਼ ਵਿਚੋਂ ਪ੍ਰਿਥਵੀ ਉਤੇ ਲਿਆਂਦਾ। ਇਸ ਲਈ ਇਸ ਨਦੀ ਨੂੰ ਭਗੀਰਥੀ ਵੀ ਕਹਿੰਦੇ ਹਨ।

ਗੰਗਾ ਨੂੰ, ਪ੍ਰਿਥਵੀ ਉਤੇ ਇਕ ਖ਼ਾਸ ਉਦੇਸ਼ ਨਾਲ ਲਿਆਂਦਾ ਗਿਆ ਸੀ। ਰਾਜਾ ਸਾਗਰ ਦੇ ਪੁਤਰ, ਕਪਿਲ ਰਿਸ਼ੀ ਦੀ ਕਰੋਧ-ਅਗਨ ਨਾਲ ਭਸਮ ਹੋਏ ਸਨ। ਉਨ੍ਹਾਂ ਦੀ ਸੁਆਹ ਨੂੰ, ਗੰਗਾ ਦੇ ਪਵਿਤਰ ਪਾਣੀ ਦੇ ਛੱਟੇ ਮਾਰ ਕੇ ਉਨ੍ਹਾਂ ਨੂੰ ਮੁੜ ਸੁਰਜੀਤ ਕੀਤਾ ਗਿਆ।

ਪੌਰਾਣਿਕ-ਕਥਾ ਅਨੁਸਾਰ ਅਜੁਧਿਆ ਉਤੇ ਸੂਰਜ ਬੰਸੀ

ਰਾਜੇ 'ਸਾਗਰ' ਦਾ ਰਾਜ ਅਧਿਕਾਰ ਸੀ। ਇਸ ਦੀਆਂ ਦੋ ਪਤਨੀਆਂ ਕੇਸਨੀ ਤੇ ਸੁਮਤੀ ਸਨ। ਕੇਸਨੀ ਦੀ ਕੁਖੋਂ ਇਕ ਪੁੱਤਰ ਜੰਮਿਆ, ਪਰ ਸੁਮਤੀ ਨੇ ਇਕ ਵਡੇ ਸਾਰੇ ਪੇਠੇ ਨੂੰ ਜਨਮ ਦਿਤਾ। ਜਦੋਂ ਉਹ ਪੇਠਾ ਫਟਿਆ ਤਾਂ ਉਸ ਵਿਚੋਂ ਸੱਠ ਹਜਾਰ ਬੱਚੇ ਨਿਕਲੇ। ਜਦੋਂ ਬੱਚੇ ਵਡੇ ਹੋਏ ਤਾਂ ਸਾਗਰ ਨੇ, ਇੰਦਰ ਤੋਂ ਇੰਦਰਪੁਰੀ ਦਾ ਰਾਜ ਖੋਹਣ ਲਈ ਅਸ਼ਵਮੇਧ ਯੱਗ ਕੀਤਾ। ਸਾਗਰ ਨੇ ਘੋੜਾ ਛਡਿਆ ਤਾਂ ਇੰਦਰ ਨੇ ਯੱਗ ਵਿਚ ਵਿਘਨ ਪਾਉਣ ਲਈ, ਅਸੁਰ ਦਾ ਰੂਪ ਧਾਰ ਕੇ, ਇਸ ਘੋੜੇ ਨੂੰ ਪਤਾਲ ਵਲ ਧਕ ਦਿਤਾ। ਪਤਾਲ ਲੋਕ ਵਿਚ ਕਪਿਲ ਰਿਸ਼ੀ ਤਪ ਕਰ ਰਿਹਾ ਸੀ। ਘੋੜਾ ਉਸਦੇ ਨੇੜੇ ਜਾ ਕੇ ਅਠਖੇਲੀਆਂ ਕਰਨ ਲਗਾ।

ਘੋੜੇ ਦੇ ਅਲੋਪ ਹੋ ਜਾਣ ਨਾਲ ਸਾਗਰ ਬੜਾ ਘਬਰਾਇਆ, ਕਿਉਂ ਜੋ ਅਸਵਮੇਧ ਯੱਗ ਦੇ ਭੰਗ ਹੋ ਜਾਣ ਨਾਲ ਦੁਖ ਤੇ ਸੰਕਟ ਆਉਂਦੇ ਹਨ। ਸਾਗਰ ਨੇ ਆਪਣੇ ਸੱਠ ਹਜਾਰ ਬੱਚਿਆਂ ਨੂੰ ਘੋੜਾ ਢੂੰਡਣ ਲਈ ਭੇਜਿਆ। ਅਖੀਰ, ਉਹ ਪਾਤਾਲ ਲੋਕ ਪਹੁੰਚੇ ਤੇ ਉਥੇ ਕਪਿਲ ਰਿਸ਼ੀ ਦੀ ਕੁਟੀਆ ਦੇ ਨੇੜੇ ਘੋੜੇ ਨੂੰ ਵੇਖ ਕੇ ਉਨ੍ਹਾਂ ਸਮਝਿਆ ਕਿ ਕਪਿਲ ਰਿਸ਼ੀ ਨੇ ਹੀ ਘੋੜੇ ਨੂੰ ਚੁਰਾ ਕੇ ਇਥੇ ਲਿਆਂਦਾ ਹੈ। ਸੋ, ਉਹ ਉਥੇ ਖਰੂਦ ਪਾਉਣ ਲਗੇ। ਕਪਿਲ ਦੀ ਤਪੱਸਿਆ ਖੰਡਨ ਹੋ ਗਈ। ਰਿਸ਼ੀ ਨੇ ਕਰੋਧ ਨਾਲ ਯੁਵਕਾਂ ਵਲ ਵੇਖਿਆ ਤਾਂ ਉਹ ਸਾਰੇ ਉਸੇ ਵੇਲੇ ਭਸਮ ਹੋ ਗਏ।

ਸਾਗਰ ਨੇ ਆਪਣੇ ਪੁੱਤਰਾਂ ਦੀ ਖੋਜ ਵਿਚ ਆਪਣੇ ਪੋਤਰੇ ਅਨਸੁਮਨ ਨੂੰ ਭੇਜਿਆ। ਅਨਸੁਮਨ ਬੜੇ ਸ਼ਾਂਤ ਸੁਭਾਅ ਦਾ ਸੀ। ਇਸ ਨੇ, ਜਦੋਂ ਆਪਣੇ ਦਾਦੇ ਦਾ ਘੋੜਾ ਕਪਿਲ ਰਿਸ਼ੀ ਦੀ ਕੁਟੀਆ ਦੇ ਬਾਹਰ ਬੈਠਿਆਂ ਵੇਖਿਆ ਤਾਂ ਰਿਸ਼ੀ ਨੂੰ ਪ੍ਰਨਾਮ ਕਰਕੇ ਬੜੇ ਨਿਮ੍ਰਤਾ ਨਾਲ ਆਪਣੇ ਚਾਚਿਆਂ ਬਾਰੇ ਪੁਛਿਆ। ਕਪਿਲ ਰਿਸ਼ੀ ਅਨਸੁਮਨ ਉਤੇ ਬੜਾ ਪ੍ਰਸੰਨ ਹੋਇਆ ਤੇ ਉਸਨੇ ਉਸਨੂੰ ਸਾਰੀ ਗੱਲ ਦਸਦਿਆਂ ਕਿਹਾ ਕਿ ਇਹ ਲੋਕ ਮੁੜ ਸੁਰਜੀਤ ਤਾਂ ਹੀ ਹੋ ਸਕਦੇ ਹਨ, ਜੇ ਇਨ੍ਹਾਂ ਦੀ ਭਸਮ ਉਤੋਂ ਦੀ ਆਕਾਸ਼ ਵਿਚ ਵਗਦੀ ਗੰਗਾ ਦੀ ਧਾਰਾ ਲੰਘੇ। ਅਨਸੁਮਨ ਘੋੜਾ ਲੈ ਕੇ ਵਾਪਸ ਅਜੁਧਿਆ ਆ ਗਿਆ ਤੇ ਪਹਿਲਾਂ ਉਸ ਯੱਗ ਸੰਪੂਰਨ ਕੀਤਾ।

ਆਕਾਸ਼ ਦੀ ਗੰਗਾ ਨੂੰ ਪ੍ਰਿਥਵੀ ਤੇ ਲਿਆਣ ਲਈ ਪਹਿਲਾਂ ਸਾਗਰ ਨੇ ਤੇ ਫਿਰ ਉਸਦੇ ਪੋਤਰੇ ਅਨਸੁਮਨ ਨੇ ਬੜੇ ਯਤਨ ਕੀਤੇ, ਪਰ ਉਹ ਸਫਲ ਨਾ ਹੋ ਸਕੇ। ਅਨਸੁਮਨ ਦਾ ਲੜਕਾ ਦਲੀਪ ਵੀ, ਇਸ ਕਾਰਜ ਵਿਚ ਸਫਲ ਨਾ ਹੋਇਆ। ਜਦੋਂ ਇਹ ਸਭ ਕਾਲਵਸ ਹੋ ਗਏ ਤਾਂ ਸਾਗਰ ਦਾ ਪੜ-ਪੋਤਰਾ ਭਗੀਰਥ, ਇਸ ਕਾਰਜ ਵਿਚ ਜੁਟ ਗਿਆ। ਭਗੀਰਥ ਨੇ ਕਰੜੀ ਤਪੱਸਿਆ ਨਾਲ ਬ੍ਰਹਮਾ ਨੂੰ ਮਨਾ ਲਿਆ ਤੇ ਉਸਨੇ ਗੰਗਾ ਨੂੰ ਮਾਤ-ਲੋਕ ਭੇਜਣਾ ਪ੍ਰਵਾਨ ਕਰ ਲਿਆ। ਪਰ ਇਕ ਹੋਰ ਮੁਸੀਬਤ ਆ ਪਈ। ਪ੍ਰਿਥਵੀ ਗੰਗਾ ਨਦੀ ਦਾ ਅਥਾਹ ਵੇਗ ਝਲਣੋਂ ਅਸਮਰਥ ਸੀ। ਸੋ, ਬ੍ਰਹਮਾ ਨੇ ਭਗੀਰਥ ਨੂੰ ਸਮਝਾਇਆ ਕਿ ਉਹ ਸ਼ਿਵ ਦੀ ਅਰਾਧਨਾ ਕਰਕੇ, ਉਸਨੂੰ ਇਸ ਗੱਲ ਉਤੇ ਰਜ਼ਾਮੰਦ ਕਰੇ ਕਿ ਸ਼ਿਵ ਆਪਣੀਆਂ ਲਿਟਾਂ ਵਿਚ ਗੰਗਾ ਹੇਠਾਂ ਉਤਰਵਾ ਲਏ। ਭਗੀਰਥ ਨੇ ਮੁੜ ਕਰੜੀ ਤਪੱਸਿਆ ਕਰਕੇ ਸ਼ਿਵ ਨੂੰ ਪ੍ਰਸੰਨ ਕੀਤਾ ਤੇ ਸ਼ਿਵ ਗੰਗਾ ਦਾ ਜਲ ਆਪਣੀਆਂ ਲਿਟਾਂ ਵਿਚ ਉਤਾਰਨਾ ਮੰਨ ਗਿਆ।

ਬ੍ਰਹਮਾ ਨੇ ਗੰਗਾ ਨੂੰ ਮਾਤ-ਲੋਕ ਵਿਚ ਜਾਣ ਦਾ ਹੁਕਮ ਦਿਤਾ, ਪਰ ਗੰਗਾ ਮਾਤ-ਲੋਕ ਵਿਚ ਜਾਣਾ ਨਹੀਂ ਸੀ ਚਾਹੁੰਦੀ। ਸੋ, ਉਸਨੇ ਮਾਤ-ਲੋਕ ਨੂੰ ਆਪਣੇ ਹੜ੍ਹ ਦੇ ਵੇਗ ਨਾਲ ਰੋਹੜ ਲੈਣ ਦਾ ਨਿਸ਼ਚਾ ਕਰ ਲਿਆ। ਗੰਗਾ ਜਦੋਂ ਤੇਜ਼ ਵਹਿਣ ਦੇ ਰੂਪ ਵਿਚ, ਝੱਗ ਛਡਦੀ ਤੇ ਸ਼ੂਕਦੀ ਹੋਈ ਆਈ ਤਾਂ ਸ਼ਿਵ ਨੇ ਉਸਦਾ ਅਭਿਮਾਨ ਤੋੜਨ ਲਈ, ਉਸਨੂੰ ਆਪਣੀਆਂ ਲਿਟਾਂ ਵਿਚ ਹੀ ਸਮਾ ਲਿਆ। ਗੰਗਾ ਸ਼ਿਵ ਦੀਆਂ ਲਿਟਾਂ ਵਿਚੋਂ ਬਾਹਰ ਨਿਕਲਣੋਂ ਅਸਮਰਥ ਸੀ, ਤਾਂ ਭਗੀਰਥ ਨੇ ਫਿਰ ਕਠਨ ਤਪੱਸਿਆ ਕਰਕੇ, ਸ਼ਿਵ ਨੂੰ ਪ੍ਰਸੰਨ ਕੀਤਾ। ਫਿਰ ਸ਼ਿਵ ਨੇ ਗੰਗਾ ਨੂੰ ਆਪਣੀਆਂ ਲਿਟਾਂ ਵਿਚੋਂ ਮੁਕਤ ਕੀਤਾ। ਗੰਗਾ ਕਈ ਨਦੀਆਂ ਦਾ ਰੂਪ ਧਾਰ ਕੇ ਸ਼ਿਵ ਦੇ ਮੱਥੇ ਵਿਚੋਂ ਮੁੜ ਨਿਕਲੀ। ਇਨ੍ਹਾਂ ਨਦੀਆਂ ਦਾ ਰੂਪ ਕਈ ਚਾਰ ਦਸਦੇ ਹਨ, ਕਈ ਦਸ, ਪਰ ਸਤ ਦੀ ਗਿਣਤੀ ਵਧੇਰੇ ਪ੍ਰਮਾਣੀਕ ਮੰਨੀ ਜਾਂਦੀ ਹੈ। ਇਸੇ ਲਈ ਗੰਗਾ ਨੂੰ ਸਪਤ ਸਿੰਧੂ ਵੀ ਕਿਹਾ ਜਾਂਦਾ ਹੈ।

ਗੰਗਾ ਸ਼ਿਵ ਦੀਆਂ ਲਿਟਾਂ ਵਿਚੋਂ ਮੁਕਤ ਹੋ ਕੇ ਫਿਰ ਸ਼ੂਕਦੀ ਹੋਈ ਵਗਣ ਲਗੀ ਅਤੇ ਰਾਹ ਵਿਚ ਉਹਨੇ ਜਾਹਨੂੰ ਨਾਉਂ ਦੇ ਇਕ ਰਿਸ਼ੀ ਦੇ ਯੱਗ ਵਿਚ ਵਿਘਨ ਪਾ ਦਿਤਾ, ਰਿਸ਼ੀ ਨੇ ਕਰੋਧ ਵਿਚ ਆ ਕੇ ਗੰਗਾ ਦਾ ਸਾਰਾ ਪਾਣੀ ਪੀ ਲਿਆ। ਭਗੀਰਥ ਦੇ ਤਰਲੇ ਕਰਨ 'ਤੇ ਜਾਹਨੂੰ ਨੇ ਪਸੀਜ ਕੇ ਗੰਗਾ ਨੂੰ ਆਪਣੇ ਕੰਨਾਂ ਰਾਹੀਂ ਵਗਣ ਦੀ ਆਗਿਆ ਦੇ ਦਿਤੀ। ਇਸੇ ਕਰਕੇ ਗੰਗਾ ਨੂੰ 'ਜਾਹਨਵੀ' ਵੀ ਆਖਿਆ ਜਾਂਦਾ ਹੈ। ਭਗੀਰਥ ਗੰਗਾ ਨੂੰ ਪਾਤਾਲ ਲੋਕ ਵਿਚ ਲੈ ਗਿਆ। ਗੰਗਾ ਜਦੋਂ ਸਾਗਰ ਦੇ ਪੁੱਤਰਾਂ ਦੀਆਂ ਅਸਥੀਆਂ ਤੋਂ ਲੰਘੀ ਤਾਂ ਉਹ ਸਭ ਭਰਾ ਸੁਰਜੀਤ ਹੋ ਗਏ।

ਹਿੰਦੂ ਗੰਗਾ ਨੂੰ, ਆਕਾਸ਼ ਵਿਚੋਂ ਉਤਰੀ ਪਾਵਨ ਨਦੀ ਹੋਣ ਕਰਕੇ, ਆਦਰ ਨਾਲ ਗੰਗਾ ਮਈਆ ਕਹਿੰਦੇ ਹਨ। ਆਦਿਮ ਮਾਨਵ ਹਰ ਜੜ੍ਹ ਵਸਤੂ ਨੂੰ ਆਤਮਾ-ਯੁਕਤ ਮੰਨਦਾ ਸੀ। ਇਸੇ ਰੁਚੀ ਸਦਕਾ ਉਹ ਗੰਗਾ ਨੂੰ ਇਕ ਚੇਤਨ ਦੇਵੀ ਦੇ ਰੂਪ ਵਿਚ ਪੂਜਣ ਲੱਗਾ।

ਹਿੰਦੂ ਗੰਗਾ ਜਲ ਨੂੰ ਸਭ ਪਦਾਰਥਾਂ ਤੋਂ ਵਧ ਪਵਿਤਰ ਮੰਨਦੇ ਹਨ। ਇਸ ਦੇ ਜਲ ਨੂੰ ਉਸ ਅੰਮ੍ਰਿਤ ਦੇ ਤੁਲ ਸਮਝਦੇ ਹਨ, ਜੋ ਸਾਗਰ ਮੰਥਣ ਵੇਲੇ ਨਿਕਲੇ ਚੌਦਾਂ ਰਤਨਾਂ ਵਿਚੋਂ ਇਕ ਸੀ। ਇਹ ਅੰਮ੍ਰਿਤ ਜਲ ਨਾਲ ਮਨ, ਦੇਹ ਤੇ ਆਤਮਾ ਸਭ ਸੁਧ ਹੋ ਜਾਂਦੇ ਹਨ। ਰੋਗੀ ਨੂੰ ਗੰਗਾ ਜਲ ਪਿਲਾਣ ਨਾਲ ਰੋਗ ਦੀ ਸ਼ਿੱਦਤ ਤੇ ਪੀੜਾ ਘਟ ਜਾਂਦੀ ਹੈ। ਮਰਨ ਵੇਲੇ ਪ੍ਰਾਣੀ ਦੇ ਮੂੰਹ ਵਿਚ ਗੰਗਾ ਜਲ ਇਸ ਵਿਚਾਰ ਨਾਲ ਪਾਇਆ ਜਾਂਦਾ ਹੈ ਕਿ ਪ੍ਰਾਣੀ ਦੇ ਸਭ ਪਾਪਾਂ ਦੀ ਮੈਲ ਧੁਲ ਜਾਂਦੀ ਹੈ। ਪੌਰਾਣਿਕ ਕਾਲ ਤੋਂ ਹੀ ਹਿੰਦੂ ਮ੍ਰਿਤਕ ਪ੍ਰਾਣੀ ਦੇ ਦਾਹ-ਸੰਸਕਾਰ ਮਗਰੋਂ ਉਸਦੇ ਫੁੱਲ ਗੰਗਾ ਵਿਚ ਪ੍ਰਵਾਹ ਕਰਦੇ ਆ ਰਹੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਪ੍ਰਾਣੀ ਮੁਕਤ ਹੋ ਜਾਂਦਾ ਹੈ।

ਗੰਗਾ ਜਲ ਦੀ ਚੂਲ੍ਹੀ ਭਰ ਕੇ ਜਾਂ ਹੱਥ ਵਿਚ ਗੰਗਾ ਜਲ ਦਾ ਲੋਟਾ ਅਥਵਾ ਗੰਗਾ-ਸਾਮਗ੍ਰੀ ਲੈ ਕੇ, ਝੂਠੀ ਸਹੁੰ ਚੁਕਣੀ ਜਾਂ ਕੋਈ ਪ੍ਰਣ ਕਰਕੇ ਤੋੜਨਾ ਮਹਾਂ ਪਾਪ ਮੰਨਿਆ ਜਾਂਦਾ ਹੈ। ਧਾਰਨਾ ਹੈ ਕਿ ਗੰਗਾ ਅਜਿਹੇ ਸ਼ਖ਼ਸ ਦੀਆਂ ਅਸਥੀਆਂ (ਫੁੱਲ) ਨਹੀਂ ਕਬੂਲਦੀ।

ਗੰਗਾ ਦਰਿਆ ਦੀ ਮਿੱਟੀ ਨੂੰ ਵੀ ਹਿੰਦੂ, ਪਵਿਤਰ ਜਾਣ ਕੇ, ਆਪਣੇ ਘਰ ਵਿਚ ਰਖਦੇ ਹਨ। ਇਸ ਮਿੱਟੀ ਦਾ ਤਿਲਕ ਮੱਥੇ ਉਤੇ ਲਗਾਣ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ।

ਗੰਗਾ ਨੂੰ ਬਾਲ ਭੇਂਟ : ਕਈ ਹਿੰਦੂ, ਜਿਨ੍ਹਾਂ ਦੇ ਘਰ ਸੰਤਾਨ ਨਹੀਂ ਹੁੰਦੀ, ਉਹ ਗੰਗਾ ਮਾਈ ਅਗੇ ਸੁੱਖਣਾ ਸੁੱਖਦੇ ਹਨ ਕਿ ਜੇ ਗੰਗਾ ਮਾਈ ਨੇ, ਉਨ੍ਹਾਂ ਨੂੰ ਲੜਕੇ ਦੀ ਦਾਤ ਬਖ਼ਸ਼ੀ ਤਾਂ ਉਹ ਆਪਣੇ ਪਹਿਲੇ ਬੱਚੇ ਨੂੰ ਗੰਗਾ ਮਾਈ ਦੀ ਭੇਟਾ ਚਾੜ੍ਹ ਦੇਣਗੇ। ਜੇ ਬੱਚਾ ਜਨਮ ਪਵੇ ਤਾਂ ਉਹ ਬੱਚੇ ਨੂੰ ਸਤ ਵਾਰ ਗੰਗਾ ਦੇ ਕੰਢੇ ਖਲੋ ਕੇ ਦਰਿਆ ਦੀ ਭੇਂਟ ਕਰਦੇ ਅਥਵਾ ਜਲ ਵਿਚ ਰੋਹੜਦੇ ਹਨ। ਹਰ ਵਾਰ ਬੱਚੇ ਦਾ ਕੋਈ ਰਿਸ਼ਤੇਦਾਰ, ਪਾਣੀ ਦੀ ਧਾਰ ਵਿਚੋਂ ਬੱਚਾ ਕੱਢ ਲੈਂਦਾ ਹੈ। ਸਤਵੀਂ ਵਾਰ ਜੋ ਸ਼ਖ਼ਸ ਪਾਣੀ ਵਿਚੋਂ ਬੱਚਾ ਕਢਦਾ ਹੈ, ਉਹ ਥੋੜਾ ਸਮਾਂ ਬੱਚੇ ਨੂੰ ਆਪਣੇ ਕੋਲ ਰਖਦਾ ਤੇ ਪਾਲਦਾ ਹੈ ਤੇ ਫਿਰ ਉਨ੍ਹਾਂ ਦੇ ਅਸਲ ਵਾਰਸਾਂ ਨੂੰ ਦੇ ਦੇਂਦਾ ਹੈ।

ਕਈ ਲੋਕ ਥੋੜੀ ਦੇਰ ਲਈ ਬੱਚੇ ਨੂੰ ਪਾਣੀ ਵਿਚ ਸੁਟ ਕੇ ਫਿਰ ਬੱਚੇ ਨੂੰ ਚੁਕ ਲੈਂਦੇ ਹਨ ਜਿਵੇਂ ਗੰਗਾ ਮਾਈ ਤੋਂ ਪ੍ਰਸਾਦਿ ਵਜੋਂ ਮਿਲਿਆ ਹੋਵੇ।

ਗੰਗਾ ਦਰਿਆ ਨਾਲ ਸਬੰਧਿਤ ਕਈ ਥਾਵਾਂ, ਪੰਜਾਬ ਵਿਚ ਉਪਲਬਧ ਹਨ, ਜਿਨ੍ਹਾਂ ਬਾਰੇ ਧਾਰਨਾ ਹੈ ਕਿ ਗੰਗਾ ਦਰਿਆ ਦਾ ਪਾਣੀ ਰਹੱਸਮਈ ਢੰਗ ਨਾਲ, ਇਨ੍ਹਾਂ ਥਾਵਾਂ ਉਤੇ ਪਹੁੰਚਦਾ ਹੈ ਤੇ ਉਸਦੇ ਜਲ ਵਿਚ ਇਸ਼ਨਾਨ ਕਰਨ ਦਾ ਮਹਾਤਮ ਇਤਨਾ ਹੀ ਹੈ ਜਿਤਨਾ ਗੰਗਾ ਦਰਿਆ ਵਿਚ ਇਸ਼ਨਾਨ ਕਰਨ ਦਾ।

(1) ਗੰਗਾ : ਫ਼ਿਰੋਜ਼ਪੁਰ ਜ਼ਿਲੇ ਦਾ ਇਕ ਪਿੰਡ ਜੋ ਡਲਾ ਨੇ ਵਸਾਇਆ। ਡਲਾ ਸਿਧੂਆਂ ਦੇ ਇਕ ਵਡੇਰੇ ਮੋਹਨ ਦਾ ਪੋਤਰਾ ਸੀ। ਮੋਹਨ ਸੋਲਵੀਂ ਸਦੀ ਵਿਚ ਹੋਇਆ। ਇਸ ਦੇ ਪੁੱਤਰ ਦੂਨੀ ਚੰਦ ਜੋ ਕਾਲਾ ਦੇ ਨਾਉਂ ਨਾਲ ਪ੍ਰਸਿਧ ਸੀ, ਨੇ ਪਟੀ ਕਲਾਂ ਵਸਾਇਆ। ਦੂਨੀ ਚੰਦ ਦੇ ਤਿੰਨ ਪੁੱਤਰ ਸਨ- ਡਲਾ, ਖੁਮਰ ਤੇ ਫਤਾ। ਡਲਾ ਨੇ ਬੁਰਜ ਡਲਾ ਤੇ ਗੰਗਾ ਵਸਾਇਆ ਅਤੇ ਖੁਮਰ ਤੇ ਫਤਾ ਨੇ ਨਥਾਨਾ।

ਮਾਨ ਜਟਾਂ ਵਿਚ ਗੰਗਾ ਦੀ ਬੜੀ ਮਾਨਤਾ ਰਹੀ ਹੈ। ਇਹ ਜਠੇਰਿਆਂ ਨੂੰ ਵੀ ਪੂਜਦੇ ਹਨ।

ਰਵਾਇਤ ਹੈ ਕਿ ਗੰਗਾ ਪਿੰਡ ਵਿਚ ਜੋ ਸਰੋਵਰ ਹੈ, ਉਹ ਕਾਲੂ ਨਾਥ ਨੇ, ਆਪਣੀ ਦੈਵੀ ਸ਼ਕਤੀ ਦੁਆਰਾ ਉਤਪੰਨ ਕੀਤਾ ਸੀ। ਉਸਨੇ ਆਪਣਾ ਤੂੰਬਾ ਤੇ ਡੰਡਾ ਗੰਗਾ ਨਦੀ ਵਿਚ ਸੁਟ ਕੇ, ਇਥੋਂ ਕਢ ਵਿਖਾਇਆ ਸੀ (ਫ਼ਿਰੋਜ਼ਪੁਰ ਗਜ਼ਟੀਅਰ 75, 83, 117)।

(2) ਗੰਗਾ ਸਰ : ਕਰਤਾਰਪੁਰ ਵਿਚ ਇਕ ਪਵਿਤਰ ਖੂਹ, ਜੋ ਗੁਰੂ ਅਰਜਨ ਦੇਵ ਜੀ ਨੇ ਖੁਦਵਾਇਆ। ਧਾਰਨਾ ਹੈ ਕਿ ਗੰਗਾ ਕਿਸੇ ਗੁਪਤ ਧਾਰਾ ਦੁਆਰਾ ਇਸ ਖੂਹ ਵਿਚ ਪ੍ਰਗਟ ਹੁੰਦੀ ਹੈ। ਇਸ ਸਬੰਧ ਵਿਚ ਇਕ ਸਾਖੀ ਵੀ ਪ੍ਰਚਲਤ ਹੈ। ਗੁਰੂ ਅਰਜਨ ਦੇਵ ਜੀ ਦਾ ਇਕ ਭਗਤ, ਹਰਦੁਆਰ ਗਿਆ ਤੇ ਉਸ ਨੇ ਵਾਪਸ ਆ ਕੇ ਦਸਿਆ ਕਿ ਗੰਗਾ ਵਿਚ ਇਸ਼ਨਾਨ ਕਰਦਿਆਂ ਉਸਦਾ ਇਕ ਲੋਟਾ ਪਾਣੀ ਵਿਚ ਵਹਿ ਗਿਆ ਹੈ। ਗੁਰੂ ਜੀ ਨੇ, ਉਸ ਭਗਤ ਨੂੰ, ਗੰਗਾ ਸਰ ਵਿਚ ਚੁੱਭੀ ਮਾਰਨ ਲਈ ਕਿਹਾ। ਭਗਤ ਨੇ ਇਸੇ ਤਰ੍ਹਾਂ ਕੀਤਾ ਤੇ ਉਸਨੂੰ ਗੰਗਾ ਸਰ ਦੇ ਪਾਣੀ ਵਿਚੋਂ ਉਹ ਗੁੰਮਿਆ ਲੋਟਾ ਮਿਲ ਗਿਆ।

(3) ਗੰਗਾ ਖੂਹ : ਨੂਰ ਮਹਲ, ਤਹਿਸੀਲ ਫਲੌਰ ਵਿਚ, ਇਕ ਪੀਰ ਦੇ ਤਕੀਏ ਕੋਲ ਇਕ ਖੂਹ, ਜਿਸ ਦੇ ਜਲ ਨੂੰ, ਇਲਾਕੇ ਦੇ ਲੋਕ ਗੰਗਾ-ਜਲ ਜਿਤਨੀ ਹੀ ਮਾਨਤਾ ਦੇਂਦੇ ਹਨ। ਇਸ ਖੂਹ ਵਿਚ ਜਲ ਤਕ ਪਹੁੰਚਣ ਲਈ ਪਉੜੀਆਂ ਲਗੀਆਂ ਹੋਈਆਂ ਹਨ।

ਰਵਾਇਤ ਹੈ ਕਿ ਪੀਰ ਦਾ ਇਕ ਹਿੰਦੂ ਲੜਕੇ ਨਾਲ ਇਸ਼ਕ ਸੀ। ਉਸ ਲੜਕੇ ਦੀ ਵੀ ਪੀਰ ਵਿਚ ਬੜੀ ਸ਼ਰਧਾ ਸੀ। ਇਕ ਵਾਰ ਉਸ ਲੜਕੇ ਦੇ ਮਾਪੇ ਕੁਝ ਰਿਸ਼ਤੇਦਾਰਾਂ ਨਾਲ ਗੰਗਾ ਇਸ਼ਨਾਨ ਕਰਨ ਲਈ ਗਏ, ਪਰ ਉਹਨੂੰ ਨਾਲ ਨਾ ਲੈ ਗਏ। ਲੜਕੇ ਨੂੰ ਬੜਾ ਦੁਖ ਹੋਇਆ ਤੇ ਉਸਨੇ ਪੀਰ ਨੂੰ ਆਪਣੇ ਦਿਲ ਦੀ ਵੇਦਨਾ ਦਸੀ। ਪੀਰ ਲੜਕੇ ਨੂੰ ਇਸ ਖੂਹ ਵਿਚ ਲੈ ਗਿਆ ਤੇ ਅਖ਼ੀਰਲੀ ਪਉੜੀ ਉਤੇ

ਲਿਟਾ ਕੇ ਸੌਂ ਜਾਣ ਲਈ ਕਿਹਾ । ਅੱਖਾਂ ਮੀਟਦੇ ਸਾਰ ਹੀ ਉਹ ਲੜਕਾ ਹਰਦੁਆਰ ਪਹੁੰਚ ਗਿਆ । ਉਸਦੇ ਰਿਸ਼ਤੇਦਾਰਾਂ ਨੇ ਉਸਨੂੰ ਗੰਗਾ ਵਿਚ ਇਸ਼ਨਾਨ ਕਰਦਿਆਂ ਤੇ ਘੁੰਮਦਿਆਂ ਫਿਰਦਿਆਂ ਵੀ ਵੇਖਿਆ । ਜਦੋਂ ਮਾਪੇ ਮੁੜ ਕੇ ਘਰ ਆਏ ਤਾਂ ਉਨ੍ਹਾਂ ਆਪਣੇ ਲੜਕੇ ਨੂੰ ਪੁਛਿਆ ਕਿ ਉਹ ਕਿਵੇਂ ਗੰਗਾ ਪਹੁੰਚ ਗਿਆ ਤਾਂ ਉਸਨੇ ਪੀਰ ਵਾਲੀ ਗੱਲ ਦਸ ਦਿਤੀ । ਉਦੋਂ ਤੋਂ ਇਸ ਖੂਹ ਨੂੰ 'ਗੰਗਾ ਖੂਹ' ਕਿਹਾ ਜਾਂਦਾ ਹੈ । ਤੇ ਪਿੰਡ ਦੇ ਸਾਰੇ ਲੋਕ ਇਸ ਨੂੰ ਪਾਵਨ ਮੰਨਦੇ ਹਨ ।

### (ਗ-13) **ਗੰਗਾ ਇਸ਼ਨਾਨ** :

ਗੰਗਾ ਇਸ਼ਨਾਨ ਦਾ ਬੜਾ ਮਹਾਤਮ ਮੰਨਿਆ ਗਿਆ ਹੈ । ਸਨਾਤਨੀ ਹਿੰਦੂਆਂ ਦਾ ਵਿਚਾਰ ਹੈ ਕਿ ਜਦੋਂ ਤਕ ਕੋਈ ਬੱਚਾ ਗੰਗਾ ਵਿਚ ਖੁਲ ਕੇ ਚੁਭੀਆਂ ਨਹੀਂ ਮਾਰ ਲੈਂਦਾ, ਉਦੋਂ ਤਕ ਉਸਦੇ ਜਨਮ ਦਾ ਸੂਤਕ ਪੂਰੀ ਤਰ੍ਹਾਂ ਨਹੀਂ ਉਤਰਦਾ । ਇਸੇ ਲਈ ਹਿੰਦੂਆਂ ਲਈ ਜੀਵਨ ਵਿਚ ਇਕ ਵਾਰ, ਗੰਗਾ ਦਾ ਇਸ਼ਨਾਨ ਕਰਨਾ ਲਾਜ਼ਮੀ ਹੈ । ਇਸੇ ਧਾਰਮਿਕ ਵਰਤਾਰੇ ਤੋਂ ਮੁਹਾਵਰਾ ਬਣਿਆ ਹੈ-- 'ਗੰਗਾ ਇਸ਼ਨਾਨ ਕਰਨਾ' ਭਾਵ ਕਿਸੇ ਭਾਰੀ ਬੋਝ ਦਾ ਉਤਰਨਾ ।

ਗੰਗਾ ਦੇ ਇਸ਼ਨਾਨ ਲਈ ਅਨੇਕਾਂ ਗੰਗਾ-ਭਗਤ ਹਰ ਸਾਲ ਸੰਗ ਬਣਾ ਕੇ ਜਾਂਦੇ ਹਨ । ਉਹ ਰਸਤੇ ਵਿਚ ਗੰਗਾ ਮਾਈ ਦੀ ਉਸਤਤੀ ਵਿਚ ਗੀਤ ਗਾਉਂਦੇ ਜਾਂਦੇ ਹਨ । ਪਹਿਲਿਆਂ ਵਿਚ ਜਦੋਂ ਆਵਾਜਾਈ ਦੇ ਸਾਧਨ ਉੱਨਤ ਨਹੀਂ ਸਨ ਤੇ ਸਫ਼ਰ ਬੜੇ ਦੁਸ਼ਵਾਰ ਹੁੰਦੇ ਸਨ ਤਾਂ ਦਿਨੇ ਸਫ਼ਰ ਕੀਤਾ ਜਾਂਦਾ ਤੇ ਰਾਤ ਨੂੰ ਗੰਗਾ ਮਾਈ ਨਮਿਤ ਚੌਕੀ ਭਰੀ ਜਾਂਦੀ । ਗੰਗਾ ਮਾਈ ਦੀ ਸਿਫ਼ਤੀ ਵਿਚ ਗੀਤ ਗਾਏ ਜਾਂਦੇ :

ਰੰਗ ਬਣਿਆ ਹਰਿਦੁਆਰੇ,
ਗੰਗਾ ਮਾਈ ! ਰੰਗ ਬਣਿਆ ।
ਗੰਗਾ ਜਮਨਾ ਦੋਨੋਂ ਭੈਣਾਂ
ਮਾਰਕੰਡਾ ਤੇਰਾ ਬੜਾ ਭਰਾਉ ।
ਚਲੁ ਸੰਤਾ ਗੰਗਾ ਜੀ ਨਾਉ ।
ਰੰਗ ਬਣਿਆ ਹਰਿਦੁਆਰੇ,
ਗੰਗਾ ਮਾਈ ! ਰੰਗ ਬਣਿਆ ।

ਗੰਗਾ ਇਸ਼ਨਾਨ ਵੇਲੇ ਕਈ ਤਰ੍ਹਾਂ ਦੇ ਮੰਤਰਾਂ ਤੇ ਸਲੋਕਾਂ ਦਾ ਪਾਠ ਵੀ ਕੀਤਾ ਜਾਂਦਾ ਹੈ । ਅਜਿਹਾ ਇਕ ਹੋਰ ਸਲੋਕ ਇਸ ਪ੍ਰਕਾਰ ਹੈ :

ਗੰਗਾ ਗਯਾ ਗੁਦਾਵਰੀ, ਤੀਰਥ ਬੜੇ ਪਰਾਗ ।
ਛਾਲੀ ਬੜੀ ਸਮੁੰਦਰ ਕੀ, ਪਾਪ ਕਟੇ ਹਰਦੁਆਰ ।

ਹਿੰਦੂਆਂ ਦਾ ਨਿਸਚਾ ਹੈ ਕਿ ਗੰਗਾ ਦਰਿਆ ਦੇ ਕੰਢੇ ਸੁਆਸ ਤਿਆਗਣ ਵਾਲਾ ਅਥਵਾ ਕਾਂਸ਼ੀ ਵਿਚ ਮਰਨ ਵਾਲਾ, ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ । ਇਸ ਲਈ ਕਈ ਹਿੰਦੂ ਜੀਵਨ ਦੇ ਅੰਤਲੇ ਦਿਨੀਂ ਕਾਂਸ਼ੀ ਜਾ ਵਸਦੇ ਹਨ ।

### (ਗ-14) **ਗੰਗਾ ਤੇਲੀ** :

ਪੰਜਾਬੀ ਵਿਚ ਅਖਾਣ ਪ੍ਰਚਲਤ ਹੈ—'ਕਿਥੇ ਰਾਜਾ ਭੋਜ ਕਿਥੇ ਗੰਗਾ ਤੇਲੀ' । ਜਿਸ ਦਾ ਭਾਵ ਦੋ ਵਿਅਕਤੀਆਂ ਜਾਂ ਸਥਿਤੀਆਂ ਵਿਚਲੀ ਅਸਮਾਨਤਾ ਪ੍ਰਗਟ ਕਰਨਾ ਹੈ । ਇਹ ਅਖਾਣ ਮੂਲ ਵਿਚ ਮਾਲਵਾ ਪ੍ਰਦੇਸ ਤੋਂ ਪੰਜਾਬ ਵਿਚ ਆਇਆ ਹੈ । ਉਥੇ ਇਸ ਕਹਾਵਤ ਦਾ ਰੂਪ ਇਹ ਹੈ : 'ਕਹਾਂ ਰਾਜਾ ਭੋਜ ਔਰ ਕਹਾਂ ਗਾਂਗਲੀ ਤੇਲਨ' । ਪੰਜਾਬ ਵਿਚ ਗਾਂਗਲੀ ਤੇਲਨ ਸ਼ਬਦ ਬਦਲ ਕੇ ਗੰਗਾ ਤੇਲੀ ਬਣ ਗਿਆ । ਕਥਾ ਪ੍ਰਚਲਤ ਹੈ ਕਿ ਧਾਰਾ ਨਗਰੀ ਵਿਚ ਗਾਂਗਲੀ (ਜਾਂ ਗਾਂਗੀ) ਨਾਉਂ ਦੀ ਇਕ ਤੇਲਨ ਰਹਿੰਦੀ ਸੀ, ਉਸਦੀ ਸ਼ਕਲ ਸੂਰਤ ਰਾਖਸ਼ਾਂ ਵਰਗੀ ਸੀ ਤੇ ਉਸਦੀ ਤਕੜੀ ਇਤਨੀ ਵਡੀ ਸੀ ਕਿ ਧਾਰਾ ਨਗਰੀ ਵਿਚ ਜੋ ਲਾਟ-ਮਸਜਦ ਵਿਚਲੀ ਲਾਟ ਸੀ, ਉਹ ਉਸਦੀ ਤਕੜੀ ਵਿਚਲਾ ਡੰਡਾ ਸੀ । ਇਹ ਵੀ ਕਿਹਾ ਜਾਂਦਾ ਹੈ ਕਿ ਧਾਰਾ ਤੇ ਮਾਂਡੂ ਵਿਚ ਜੋ ਪਹਾੜੀ ਹੈ, ਉਹ ਤੇਲਣ ਦੇ ਲਹਿੰਗਾ ਝਾੜਨ ਨਾਲ ਡਿੱਗੀ ਹੋਈ ਰੇਤ ਤੋਂ ਉਸਰੀ ਹੈ । ਇਸ ਪਹਾੜੀ ਨੂੰ 'ਤੇਲਨ-ਟੇਕਰੀ' ਵੀ ਕਿਹਾ ਜਾਂਦਾ ਹੈ । ਇਸ ਅਖਾਣ ਦਾ ਭਾਵ ਇਹ ਸੀ ਕਿ ਤੇਲਨ ਭਾਵੇਂ ਇਤਨੇ ਲੰਬੇ ਚੌੜੇ ਡੀਲ ਡੌਲ ਵਾਲੀ ਸੀ, ਪਰ ਉਹ ਰਾਜਾ ਭੋਜ ਦੀ ਬਰਾਬਰੀ ਨਹੀਂ ਸੀ ਕਰ ਸਕਦੀ ਜੋ ਕਿ ਕੱਦ-ਕਾਠ ਵਿਚ, ਤੇਲਣ ਨਾਲੋਂ ਕਾਫ਼ੀ ਛੋਟੇ ਲਗਦੇ ਸਨ ।

### (ਗ-15) **ਗੰਗਾ ਦਸ਼ਹਿਰਾ** :

ਗੰਗਾ ਮਾਤਾ ਨਾਲ ਸਬੰਧਿਤ ਇਕ ਪੁਰਬ, ਜੋ ਜੇਠ ਦੀ ਚਾਨਣੀ ਪੱਖ ਦੀ ਦਸਵੀਂ ਨੂੰ, ਮਨਾਇਆ ਜਾਂਦਾ ਹੈ । ਇਸ ਤਿੱਥ ਨੂੰ ਹੀ ਗੰਗਾ, ਸਵਰਗ ਵਿਚੋਂ ਧਰਤੀ ਉਤੇ ਉਤਰੀ ਸੀ । ਹਿੰਦੂ ਇਸ ਤਿੱਥ ਨੂੰ ਗੰਗਾ ਨਦੀ ਵਿਚ ਇਸ਼ਨਾਨ ਕਰਦੇ ਅਤੇ ਗੰਗਾ ਮਾਤਾ ਦੀ ਪੂਜਾ ਕਰਦੇ ਹਨ । ਪੁਰਾਣਾਂ ਵਿਚ ਇਸ ਪੁਰਬ ਦਾ ਬੜਾ ਮਹੱਤਵ ਦਸਿਆ ਗਿਆ ਹੈ । ਸਕੰਦ ਪੁਰਾਣ ਵਿਚ ਲਿਖਿਆ ਹੈ ਕਿ ਇਸ ਦਿਨ ਇਸ਼ਨਾਨ ਤੇ ਦਾਨ-ਪੁੰਨ ਦਾ ਵਿਸ਼ੇਸ਼ ਮਹੱਤਵ ਹੈ । ਜੇ ਗੰਗਾ ਨਦੀ ਵਿਚ ਇਸ਼ਨਾਨ ਕਰਨਾ ਅਸੰਭਵ ਹੋਵੇ ਤਾਂ ਕਿਸੇ ਹੋਰ ਪਾਵਨ ਨਦੀ ਵਿਚ ਇਸ਼ਨਾਨ ਕਰਕੇ, ਤਿਲ ਦਾਨ ਕੀਤੇ ਜਾਂਦੇ ਹਨ । ਇਸ ਤਿੱਥ ਨੂੰ, ਗੰਗਾ ਵਿਚ ਇਸ਼ਨਾਨ ਕਰਨ ਵਾਲਾ ਪ੍ਰਾਣੀ, ਦਸਾਂ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ।

ਦਸ਼ਹਿਰਾ ਨੂੰ ਦਸ ਯੋਗਾਂ ਦਾ ਪੁੰਨ ਮਿਲਦਾ ਹੈ। ਇਹ ਦਸ ਯੋਗ ਹਨ—ਜੇਠ ਮਹੀਨਾ, ਚਾਨਣ ਪੱਖ, ਦਸਵੀਂ ਤਿੱਥ, ਬੁਧ ਦਿਨ, ਹਸਤ ਨਛੱਤਰ, ਵਯੂਤੀਪਾਤ ਗਰ ਤੇ ਆਨੰਦ ਯੋਗ। ਇਸ ਦਿਨ ਚੰਦਰਮਾ ਕੰਨਿਆ ਰਾਸ਼ੀ ਤੇ ਸੂਰਜ ਬ੍ਰਿਖ ਰਾਸ਼ੀ ਵਿਚ ਹੁੰਦਾ ਹੈ। ਇਨ੍ਹਾਂ ਦਸ ਯੋਗਾਂ ਸਮੇਂ ਵਿਚ ਗੰਗਾ ਦਾ ਇਸ਼ਨਾਨ ਦਸਾਂ ਪਾਪਾਂ ਦਾ ਨਾਸ਼ ਕਰਦਾ ਹੈ। ਇਹ ਦਸ ਪਾਪ ਤਿੰਨ ਪ੍ਰਕਾਰ ਦੇ ਹਨ -ਤਿੰਨ ਕਾਇਕ, ਚਾਰ ਵਾਚਕ ਤੇ ਤਿੰਨ ਮਾਨਸਿਕ। ਕਾਇਕ ਅਥਵਾ ਸਰੀਰ ਨਾਲ ਕੀਤੇ ਜਾਣ ਵਾਲੇ ਪਾਪ ਹਨ : ਚੋਰੀ, ਹਿੰਸਾ ਤੇ ਪਰ-ਇਸਤ੍ਰੀ ਗਮਨ। ਵਾਚਕ ਅਥਵਾ ਬਚਨਾਂ ਦੁਆਰਾ ਕੀਤੇ ਜਾਣ ਵਾਲੇ ਪਾਪ ਹਨ : ਕਠੋਰ ਬਚਨ ਬਿਲਾਸ, ਝੂਠ ਬੋਲਣਾ, ਨਿੰਦਿਆ ਕਰਨੀ, ਚੁਗਲੀ ਖਾਣਾ। ਮਾਨਸਿਕ ਪਾਪ ਹਨ : ਦੂਜਿਆਂ ਦੇ ਧਨ ਤੇ ਈਰਖਾ ਕਰਨੀ, ਦੂਜਿਆਂ ਨੂੰ ਨੁਕਸਾਨ ਪਹੁੰਚਾਣ ਬਾਰੇ ਸੋਚਣਾ ਅਤੇ ਫਜ਼ੂਲ ਗੱਲਾਂ ਵਿਚ ਰਸ ਲੈਣਾ।

ਜੇ ਇਹ ਤਿਥੀ ਸੋਮਵਾਰ ਨੂੰ ਪਏ ਤੇ ਹਸਤ ਨਛੱਤਰ ਹੋਵੇ ਤਾਂ ਗੰਗਾ ਇਸ਼ਨਾਨ ਨਾਲ ਪ੍ਰਾਣੀ ਸਭ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਤਿਥੀ ਨੂੰ ਇਸ਼ਨਾਨ ਕਰਨ ਵਾਲਾ ਵਿਸ਼ਨੂੰ-ਲੋਕ ਨੂੰ ਪ੍ਰਾਪਤ ਕਰਦਾ ਹੈ।

ਇਸ ਤਿੱਥ ਨੂੰ ਗੰਗਾ ਦੀ ਪੂਜਾ ਖ਼ਾਸ ਵਿਧੀ ਨਾਲ ਕੀਤੀ ਜਾਂਦੀ ਹੈ। ਪਹਿਲਾਂ ਇਸ਼ਨਾਨ ਕੀਤਾ ਜਾਂਦਾ ਹੈ, ਫਿਰ 'ਓਮ ਨਮੋ ਭਗਵਤਯੇ ਦਸ ਪਾਪ ਹਰਾਯੇ, ਕ੍ਰਿਸ਼ਣਾਯੈ, ਵਿਸ਼ਨੂੰ ਰੂਪਗਯੈ ਨਨਿਦਨਯੇ ਨਮੋਨਮਾ' ਦਾ ਮੰਤਰ ਪੜ੍ਹਿਆ ਜਾਂਦਾ ਤੇ ਗੰਗਾ ਨੂੰ ਫੁੱਲ ਭੇਟ ਕੀਤੇ ਜਾਂਦੇ ਹਨ। ਇਸ ਪਿਛੋਂ ਆਪਣੇ ਦਸ ਪਾਪਾਂ ਨੂੰ ਧਿਆਨ ਵਿਚ ਰਖ ਕੇ ਉਨ੍ਹਾਂ ਦੇ ਨਾਸ਼ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ।

## (ਗ-16) ਗੰਗਾ ਮਾਲਾ ਚੜ੍ਹਾਣਾ :

ਇਕ ਰੀਤ ਜੋ ਗੰਗਾ ਮਾਈ ਦੇ ਉਪਾਸ਼ਕ ਕਿਸੇ ਸੁੱਖਣਾ ਦੀ ਪੂਰਤੀ ਉਤੇ ਕਰਦੇ ਹਨ। ਹਰਦੁਆਰ ਜਾਂ ਬਨਾਰਸ ਜਾ ਕੇ, ਗੰਗਾ ਨਦੀ ਦੇ ਪਾਟ ਜਿਤਨੀ ਲੰਮੀ ਮੁੰਜ ਦੀ ਰੱਸੀ ਲੈ ਕੇ, ਉਸ ਵਿਚ ਥੋੜੀ ਥੋੜੀ ਵਿੱਥ ਉਤੇ ਫੁੱਲ-ਕਲੀਆਂ ਪਰੋ ਲਈਆਂ ਜਾਂਦੀਆਂ ਹਨ ਤੇ ਫਿਰ ਇਸ ਮਾਲਾ ਦਾ ਇਕ ਸਿਰਾ ਗੰਗਾ ਨਦੀ ਦੇ ਇਕ ਕੰਢੇ ਉਤੇ ਗੱਡ ਕੇ ਬੰਨ੍ਹ ਦੇਂਦੇ ਹਨ ਤੇ ਮਾਲਾ ਨੂੰ ਬੇੜੀ ਵਿਚ ਰਖ ਕੇ, ਗੰਗਾ ਮਾਈ ਦੀ ਮਹਿਮਾ ਵਿਚ ਗੀਤ ਗਾਂਦੇ ਹੋਏ, ਪਾਰਲੇ ਕੰਢੇ ਵਲ ਜਾਂਦੇ ਹਨ। ਰਾਹ ਵਿਚ ਉਹ ਮਾਲਾ ਨੂੰ ਖਿਲਾਰਦੇ ਜਾਂਦੇ ਹਨ। ਤੇ ਨਾਲ ਹੀ ਸ਼ਹਿਨਾਈ ਵਜਾਉਣ ਵਾਲਾ ਸ਼ਹਿਨਾਈ ਵਜਾਉਂਦਾ ਜਾਂਦਾ ਹੈ। ਅੱਧ ਵਿਚ ਪਹੁੰਚ ਕੇ, ਦੁੱਧ, ਚਾਵਲ, ਜਲ ਤੇ ਫੁੱਲ ਫਲ ਨਦੀ ਦੀ ਭੇਟ ਕੀਤੇ ਜਾਂਦੇ ਹਨ ਅਤੇ ਨਦੀ ਦੀ ਪੂਜਾ ਕੀਤੀ ਜਾਂਦੀ ਹੈ। ਪਾਰਲੇ ਕੰਢੇ ਉਤੇ ਪਹੁੰਚ ਕੇ, ਮਾਲਾ ਨੂੰ ਕੰਢੇ ਨਾਲ ਛੁਹਾਇਆ ਜਾਂਦਾ ਤੇ ਗੰਗਾ ਮਾਈ ਦੀ ਪੂਜਾ ਕੀਤੀ ਜਾਂਦੀ ਹੈ। ਪੂਜਾ ਕਰਨ ਲਈ ਪ੍ਰੋਹਿਤ ਨਾਲ ਹੁੰਦਾ ਹੈ। ਜੇ ਕਿਸੇ ਬੱਚੇ ਦੀ ਸੁਖ-ਸੁਖਣਾ ਹੋਵੇ ਤਾਂ ਉਸਨੂੰ ਸੁੰਦਰ ਕਪੜੇ ਪਹਿਨਾਏ ਜਾਂਦੇ ਹਨ। ਅਜਿਹੇ ਬੱਚੇ ਨੂੰ ਉਦੋਂ ਤਕ ਗੰਗਾ ਪਾਰ ਨਹੀਂ ਕਰਨ ਦਿਤੀ ਜਾਂਦੀ, ਜਦੋਂ ਤਕ ਗੰਗਾ ਮਾਈ ਨੂੰ ਮਾਲਾ ਨਹੀਂ ਚੜ੍ਹਾ ਲਈ ਜਾਂਦੀ।

## (ਗ-17) ਗਜ :

ਇਕ ਗੰਧਰਵ, ਜੋ ਦੇਵਲ ਰਿਸ਼ੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਭਗਵਤ ਸ੍ਰੀ ਅਨੁਸਾਰ ਇਕ ਵਾਰ ਗਜ ਨਦੀ ਵਿਚ ਤਰ ਰਿਹਾ ਸੀ ਕਿ ਤੰਦੂਏ ਨੇ ਉਸਨੂੰ ਆਪਣੀਆਂ ਤੰਦਾਂ ਵਿਚ ਜਕੜ ਲਿਆ। ਜਦੋਂ ਬੇਬਸ ਹੋ ਕੇ ਗਜ ਡੁੱਬਣ ਲਗਾ ਤਾਂ ਗਜ ਨੇ ਕੰਵਲ ਫੁੱਲ ਨੂੰ ਆਪਣੀ ਸੁੰਡ ਵਿਚ ਲੈ ਕੇ, ਵਿਸ਼ਨੂੰ ਨੂੰ ਅਰਪਨ ਕਰਦਿਆਂ ਅਰਾਧਨਾ ਕੀਤੀ। ਵਿਸ਼ਨੂੰ ਨੇ ਪ੍ਰਸੰਨ ਹੋ ਕੇ ਗਜ ਦੇ ਸਭ ਬੰਧਨ ਕਟ ਦਿਤੇ।

ਭਗਤ ਬਾਣੀ ਵਿਚ ਕਈ ਥਾਈਂ ਗਜ ਦੇ ਪ੍ਰਸੰਗ ਵਲ ਸੰਕੇਤ ਹੈ :

ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।

– ਮਾਲੀ ਨਾਮ ਦੇਵ

## (ਗ-18) ਗਜਾਸੁਰ :

ਹਾਥੀ ਦੀ ਸ਼ਕਲ ਦਾ ਇਕ ਦੈਂਤ ਜੋ ਮਹਿਖਾਸੁਰ ਦਾ ਪੁਤ੍ਰ ਸੀ। ਸਕੰਦ ਪੁਰਾਣ ਅਨੁਸਾਰ ਉਹ ਪਿਛਲੇ ਜਨਮ ਵਿਚ ਮਦੰਸ਼ ਨਾਉਂ ਦਾ ਇਕ ਰਾਜਾ ਸੀ। ਉਸ ਤੋਂ ਨਾਰਦ ਦੀ ਨਿਰਾਦਰੀ ਹੋ ਗਈ ਤੇ ਨਾਰਦ ਨੇ ਸਰਾਪ ਦੇ ਦਿਤਾ। ਫਲਸਰੂਪ ਅਗਲੇ ਜਨਮ ਉਸਨੇ ਹਾਥੀ ਦੀ ਜੂਨ ਵਿਚ ਜਨਮ ਲਿਆ। ਗਜਾਸੁਰ ਨੇ ਦੇਵਤਿਆਂ ਨੂੰ ਬੜੇ ਦੁਖ ਦਿਤੇ ਤੇ ਅਖ਼ੀਰ ਦੇਵਤਿਆਂ ਨੇ ਸ਼ਿਵ ਤੋਂ ਸਹਾਇਤਾ ਮੰਗੀ। ਸ਼ਿਵ ਨੇ ਰਾਜਾ ਸੁਰ ਨੂੰ ਮਾਰ ਕੇ ਇਸ ਦੀ ਖਲੜੀ ਨੂੰ ਆਪਣੇ ਸਰੀਰ ਉਤੇ ਪਹਿਨਿਆ।

## (ਗ-19) ਗਜਮੇਧ

ਉਹ ਯੱਗ ਜਿਸ ਵਿਚ ਹਾਥੀ ਦੀ ਬਲੀ ਦਿਤੀ ਜਾਵੇ, ਪਰ ਹਿੰਦੂਆਂ ਵਿਚ ਯੱਗ ਸਮੇਂ ਦੇਵਤਿਆਂ ਦੀ ਪ੍ਰਸੰਨਤਾ ਲਈ ਪਸ਼ੂ ਦੀ ਕੁਰਬਾਨੀ ਦੇਣ ਦੀ ਪ੍ਰਥਾ ਸੀ। ਸਭ ਤੋਂ ਵਡਾ ਯੱਗ ਅਸ਼ਵਮੇਧ ਮੰਨਿਆ ਜਾਂਦਾ, ਜਿਸ ਵਿਚ ਘੋੜੇ ਦੀ ਬਲੀ ਦਿਤੀ ਜਾਂਦੀ।

(ਗ-20) **ਗਜਮੋਤੀ** :

ਲੋਕ-ਧਾਰਨਾ ਹੈ ਕਿ ਚਿੱਟੇ ਰੰਗ ਦੇ ਹਾਥੀ ਦੇ ਸਿਰ ਵਿਚੋਂ, ਇਕ ਵਡੀ ਸਾਰੀ ਮਣੀ ਨਿਕਲਦੀ ਹੈ, ਜੋ ਬੜੀ ਬਰਕਤ ਵਾਲੀ ਮੰਨੀ ਜਾਂਦੀ ਹੈ। ਜਿਸ ਦੇ ਕੋਲ ਇਹ ਮਣੀ ਹੋਵੇ, ਉਸਦੇ ਘਰ ਦੁੱਧ-ਘਿਉ ਦੀਆਂ ਨਦੀਆਂ ਵਗਦੀਆਂ ਰਹਿੰਦੀਆਂ ਹਨ।

(ਗ-21) **ਗਜਰਾ** :

ਕੜੇ ਦੀ ਸ਼ਕਲ ਦਾ ਇਕ ਗਹਿਣਾ, ਜੋ ਤੀਵੀਆਂ ਕਲਾਈ ਵਿਚ ਪਹਿਨਦੀਆਂ ਹਨ। ਗਜਰਾ ਸੋਨੇ, ਚਾਂਦੀ ਜਾਂ ਕੱਚ ਦਾ ਬਣਿਆ ਹੁੰਦਾ ਹੈ।

ਮੋਤੀਆਂ, ਚੰਬੇ ਜਾਂ ਕਿਸੇ ਹੋਰ ਫੁੱਲ ਦੀਆਂ ਕਲੀਆਂ ਦੀ ਗੁੰਦੀ ਮਾਲਾ; ਤੀਵੀਆਂ ਸ਼ਿੰਗਾਰ ਲਈ ਫੁੱਲਾਂ ਦੇ ਗਜਰੇ, ਕੇਸਾਂ ਦੇ ਜੂੜੇ ਨਾਲ ਸਜਾਂਦੀਆਂ ਜਾਂ ਗਲੇ ਅਥਵਾ ਵੀਣੀ ਉਤੇ ਧਾਰਨ ਕਰਦੀਆਂ ਹਨ।

(ਗ-22) **ਗੰਜੀਚਾਰਾ**

ਇਕ ਖੇਡ, ਜ਼ਮੀਨ/ਗੱਤੇ/ਲਕੜੀ ਦੇ ਪਟੜੇ ਉਤੇ ਇਕ ਮੁਰਬਾ ਬਣਾ ਕੇ, ਉਸ ਵਿਚ 25 ਖ਼ਾਨੇ ਵਾਹ ਲਏ ਜਾਂਦੇ ਹਨ ਤੇ ਫਿਰ ਕੌਡਾਂ ਸੁਟ ਕੇ, ਆਪੋ ਆਪਣੀਆਂ ਗੀਟੀਆਂ ਦੀ ਚਾਲ ਚਲੀ ਜਾਂਦੀ ਹੈ। ਮਧ ਵਿਚ ਵਡਾ ਘਰ (ਖ਼ਾਨਾ) ਹੁੰਦਾ ਹੈ। ਜਿਸ ਖਿਡਾਰੀ ਦੀਆਂ ਸਭ ਗੀਟੀਆਂ ਪਹਿਲਾਂ ਉਥੇ ਪੁਜ ਜਾਂਦੀਆਂ ਹਨ, ਉਹ ਮੰਗੀ ਹੁੰਦਾ ਹੈ। ਇਸ ਨੂੰ ਦੋ ਤਿੰਨ ਜਾਂ ਚਾਰ ਖਿਡਾਰੀ ਖੇਡਦੇ ਹਨ (ਵੇਖੋ : ਟਾਹਣ)।

(ਗ-23) **ਗੰਜੀ ਬਾਰ** :

ਮੁਲਤਾਨ ਜ਼ਿਲੇ ਦਾ ਇਕ ਖੇਤਰ, ਜੋ ਰਾਵੀ ਤੇ ਬਿਆਸ ਦੇ ਪੁਰਾਣੇ ਵਹਿਣਾਂ ਵਿਚ ਫੈਲਿਆ ਹੋਇਆ ਹੈ। ਗੰਜੀ ਬਾਰ ਤੇ ਝਨਾਂ ਦਰਿਆ ਦੇ ਵਿਚਕਾਰ ਦਾ ਇਲਾਕਾ 'ਰਾਵੀ ਬਾਰ' ਨਾਲ ਪ੍ਰਸਿਧ ਹੈ। ਇਸ ਦੇ ਦੱਖਣ ਵਲ ਬਿਆਸ, ਬਾਰ ਤੇ ਨੀਲੀ ਬਾਰ ਹਨ, ਜੋ ਤਰਤੀਬਵਾਰ ਪੁਰਾਣੇ ਬਿਆਸ ਤੇ ਸਤਲੁਜ ਦੇ ਕੰਢੇ ਹਨ।

(ਗ-24) **ਗਾਟ** :

ਮੰਤਰਿਆ ਹੋਇਆ ਧਾਗਾ ਜਾਂ ਕੋਈ ਹੋਰ ਵਸਤੂ, ਜਿਸ ਨੂੰ ਕਿਸੇ ਮੰਤਵ ਦੀ ਸਿਧੀ ਲਈ, ਸਰੀਰ ਦੇ ਕਿਸੇ ਅੰਗ ਨਾਲ ਬੰਨ੍ਹਿਆ ਜਾਂਦਾ ਹੈ। ਚੇਲੇ/ਓਝੇ ਕਿਸੇ ਧਾਗੇ, ਛੱਲੇ ਜਾਂ ਹੋਰ ਵਸਤ ਉਤੇ, ਮੰਤਰ ਪੜ੍ਹ ਕੇ ਅਥਵਾ ਦਮ ਮਾਰ ਕੇ, ਤਵੀਤ ਤਿਆਰ ਕਰਕੇ ਲੋਕਾਂ ਨੂੰ ਦੇਂਦੇ ਹਨ। ਇਸ ਨੂੰ ਤਾਂਬੇ ਦੀ ਡੱਬੀ ਵਿਚ ਮੜ੍ਹ ਕੇ ਲੋੜਵੰਦ ਮੰਤਵ ਪੂਰਤੀ ਲਈ ਆਪਣੇ ਕਿਸੇ ਅੰਗ, ਬਾਜ਼ੂ ਜਾਂ ਗਲੇ ਵਿਚ ਬੰਨ੍ਹ ਲੈਂਦੇ ਹਨ। ਧਾਰਨਾ ਹੈ ਕਿ ਇਸ ਦੀ ਰਹੱਸਮਈ ਸ਼ਕਤੀ ਨਾਲ, ਰੋਗੀ ਅੰਗ ਨਰੋਏ ਹੋ ਜਾਂਦੇ ਹਨ। ਮਨੋ-ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ ਤੇ ਚੰਦਰੀ ਨਜ਼ਰ ਦੂਰ ਰਹਿੰਦੀ ਹੈ। ਇਸੇ ਵਿਚਾਰ ਨਾਲ ਗਾਟ ਪਸ਼ੂਆਂ ਦੇ ਗਲੇ ਵਿਚ ਵੀ ਬੰਨ੍ਹੇ ਜਾਂਦੇ ਹਨ (ਵੇਖੋ : ਤਵੀਤ)।

(ਗ-25) **ਗਠ** :

ਵਿਆਹ ਦੇ ਸਾਹੇ ਦਾ ਗੰਢਾਂ ਵਾਲਾ ਧਾਗਾ; ਇਹ ਧਾਗਾ ਪ੍ਰੋਹਤ ਮੰਤਰਾਂ ਦਾ ਉੱਚਾਰਨ ਕਰਕੇ ਤਿਆਰ ਕਰਦਾ ਹੈ ਅਤੇ ਇਸ ਦੀਆਂ ਗੰਢਾਂ ਕੁੱਲ ਦੇ ਦੇਵਤਿਆਂ ਦੀਆਂ ਬੋਧਿਕ ਹੁੰਦੀਆਂ ਹਨ। ਪਹਿਲਿਆਂ ਵਿਚ ਰਵਾਜ ਸੀ ਕਿ ਦੂਰ ਵਸਦੇ ਅੰਗਾਂ ਸਾਕਾਂ ਨੂੰ, ਵਿਆਹ ਵਿਚ ਸ਼ਾਮਲ ਹੋਣ ਲਈ ਦਾਅਵਤ ਦੇਣ ਲਈ, ਨਾਈ ਹੱਥ ਗੰਢਾਂ ਵਾਲਾ ਧਾਗਾ ਫੇਰਿਆ ਜਾਂਦਾ ਸੀ, ਜਿਸ ਨੂੰ 'ਗੰਢ ਫੇਰਨਾ' ਕਹਿੰਦੇ ਹਨ।

(ਗ-26) **ਗਠ ਪਾਉਣਾ** :

ਵਿਆਹ ਦਾ ਸਾਹਾ ਕਢਾਉਣਾ; ਵਿਆਹ ਦੀ ਤਿੱਥ ਨਿਸ਼ਚਤ ਕਰਨ ਵੇਲੇ ਕੁੱਲ-ਪ੍ਰੋਹਿਤ ਇਕ ਧਾਗੇ ਉਤੇ ਮੰਤਰਾਂ ਦਾ ਜਾਪ ਕਰਦਾ ਹੋਇਆ ਕੁਝ ਗੰਢਾਂ ਮਾਰਦਾ ਹੈ, ਤਾਂ ਜੋ ਕੁੱਲ ਦੇ ਦੇਵਤਿਆਂ ਦੀ ਵਰ ਤੇ ਕੰਨਿਆਂ ਉਤੇ ਬਖ਼ਸ਼ਿਸ਼ ਰਹੇ ਅਤੇ ਵਿਆਹ ਵੇਲੇ ਕੋਈ ਵਿਘਨ ਨਾ ਪਏ।

ਲਹਿੰਦੇ ਦੇ ਇਲਾਕੇ ਵਿਚ ਇਸ ਰਸਮ ਨੂੰ 'ਗੰਢੀ ਪਾਉਣਾ' ਕਹਿੰਦੇ ਹਨ। ਲਹਿੰਦੇ ਵਿਚ ਇਸ ਰਸਮ ਵੇਲੇ ਵਰ ਦਾ ਪਿਉ ਆਪਣੀ ਬਰਾਦਰੀ ਦੇ ਕੁਝ ਚੋਣਵੇਂ ਬੰਦੇ ਨਾਲ ਲੈਕੇ ਕੰਨਿਆਂ ਦੇ ਘਰ ਜਾਂਦਾ ਹੈ। ਉਹ ਆਪਣੇ ਨਾਲ ਗੁੜ ਜਾਂ ਪਤਾਸਿਆਂ ਦੀ ਇਕ ਗਠ (ਟੋਕਰੀ) ਲਿਜਾਂਦਾ ਹੈ, ਜੋ ਉਹ ਕੰਨਿਆਂ ਪੱਖ ਦੀ ਭੇਟ ਕਰਦਾ ਹੈ। ਦੋਵੇਂ ਧਿਰਾਂ, ਕੁੱਲ-ਪ੍ਰੋਹਿਤ ਦੀ ਸਲਾਹ ਨਾਲ, ਵਿਆਹ ਨਾਲ ਸੰਬੰਧਿਤ ਤਿੰਨ ਰਸਮਾਂ ਲਈ ਦਿਨ (ਢੋਏ ਦੀ ਤਿਥੀ) ਨਿਸ਼ਚਤ ਕਰਦੀਆਂ ਹਨ। ਇਹ ਰਸਮਾਂ ਹਨ : (1) ਮੌਢੀਆਂ ਖੋਲ੍ਹਣ ਦੀ ਰਸਮ; (2) ਵਰ ਤੇ ਕੰਨਿਆਂ ਨੂੰ ਚੀਕੂ ਅਥਵਾ ਵਟਣਾ ਮਲਣਾ; (3) ਇਸ਼ਨਾਨ ਕਰਵਾਉਣ ਤੇ ਗਾਨਾ ਬੰਨ੍ਹਣ ਦੀ ਰਸਮ। ਇਹ ਤਿੰਨੋ ਰਸਮਾਂ ਦੋ ਦੋ ਦਿਨ ਦੀ ਵਿਥ ਨਾਲ ਕੀਤੀਆਂ ਜਾਂਦੀਆਂ ਹਨ।

(ਗ-27) **ਗਡ** :

ਗੁਜਰਾਤ (ਪਾਕਿਸਤਾਨੀ ਪੰਜਾਬ) ਦੇ ਹਿੰਦੂਆਂ ਵਿਚ, ਵਿਆਹ ਨਾਲ ਸੰਬੰਧਿਤ ਇਕ ਰੀਤ; ਸ਼ਗਨ ਮਗਰੋਂ ਪਹਿਲੀ ਰੀਤ ਭੰਡਾ ਅਖਵਾਉਂਦੀ ਹੈ, ਜਿਸ ਵਿਚ ਕੰਨਿਆਂ ਪੱਖ ਵਾਲੇ

ਵਰ ਦੀ ਮਾਂ ਲਈ ਕਪੜਿਆਂ ਦਾ ਤ੍ਰੇਵਰ, ਕੁਝ ਗਹਿਣੇ, ਖੋਪਾ, ਛੁਹਾਰੇ, ਚਾਵਲ, ਖੰਡ ਤੇ ਕੁਝ ਰੋਕ ਰੁਪਏ ਭੇਜਦੇ ਹਨ। ਭੋਜੇ ਤੋਂ ਕੁਝ ਦਿਨ ਮਗਰੋਂ 'ਗਡ' ਦੀ ਰੀਤ ਕੀਤੀ ਜਾਂਦੀ ਹੈ, ਜਿਸ ਵਿਚ ਵਰ ਦੀ ਮਾਂ ਲਈ ਸੁਨਹਿਰੀ ਲੱਪੇ ਵਾਲਾ ਇਕ ਭਾਰੀ ਦੁਪੱਟਾ, ਕੁਝ ਕਪੜੇ, ਛੁਹਾਰੇ, ਖੋਪਾ, ਚਾਵਲ ਤੇ ਗੁੜ ਹੁੰਦਾ ਹੈ। ਦੁਪੱਟਾ ਸ਼ਗਨਾਂ ਨਾਲ ਵਰ ਦੀ ਮਾਂ ਸਿਰ ਉਪਰ ਲੈਂਦੀ ਹੈ, ਤੇ ਗੁੜ ਵੰਡਦੀ ਹੈ।

(ਗ-28) **ਗੰਡ** :

ਨਖਸ਼ਤਰਾਂ ਦੇ ਕੁਝ ਚਰਨ ਅਤੇ ਚੰਨ ਦੀਆਂ ਕੁਝ ਤਿਥਾਂ ਗੰਡ ਅਖਵਾਉਂਦੀਆਂ ਹਨ। ਸੁਲੇਸ਼ਾ, ਰੇਵਤੀ ਤੇ ਜਯੇਸ਼ਠਾ ਨਖਸ਼ਤਰ ਦਾ ਚੌਥਾ ਚਰਨ, ਅਸ਼ਵਨੀ, ਮੂਲ ਤੇ ਮਘਾ ਦਾ ਪਹਿਲਾ ਚਰਨ ਅਤੇ ਚੰਦਰ ਮਾਸ ਦੀਆਂ ਕ੍ਰਿਸ਼ਨ ਪੱਖ ਦੀਆਂ ਪੰਜ ਹਨੇਰੀਆਂ ਤਿਥਾਂ 'ਗੰਡ' ਦੇ ਅੰਤਰਗਤ ਆਉਂਦੀਆਂ ਹਨ।' ਇਹ ਸਭ ਨਖਸ਼ਤਰ ਤੇ ਤਿਥਾਂ ਅਸ਼ੁਭ ਹਨ। ਧਾਰਨਾ ਹੈ ਕਿ ਇਨ੍ਹਾਂ ਵਿਚ ਜੰਮਿਆ ਬਾਲ ਮਾਂ ਪਿਉ ਉਤੇ ਭਾਰਾ ਹੁੰਦਾ ਹੈ। ਜੇ ਦਿਨ ਵੇਲੇ ਬਾਲ ਜੰਮੇ ਤਾਂ ਪਿਉ ਉਤੇ ਭਾਰਾ ਅਤੇ ਜੇ ਰਾਤ ਨੂੰ ਜੰਮੇ ਤਾਂ ਮਾਂ ਉਤੇ। ਪਰ ਜੇ ਉਹ ਸਵੇਰੇ ਜਾਂ ਸ਼ਾਮ ਨੂੰ ਜੰਮੇ ਤਾਂ ਆਪਣੇ ਆਪ ਉਤੇ ਭਾਰਾ ਹੁੰਦਾ ਹੈ।

ਲੋਕ-ਨਿਸਚੇ ਅਨੁਸਾਰ ਮਾਂ-ਪਿਉ ਨੂੰ, ਗੰਡ ਦੇ ਪ੍ਰਭਾਵ ਵਾਲੇ ਬੱਚੇ ਦੇ ਮੱਥੇ, ਉਦੋਂ ਤਕ ਨਹੀਂ ਲਗਣਾ ਚਾਹੀਦਾ, ਜਦੋਂ ਤਕ ਅਗਲੇ ਸਾਲ ਦਾ ਉਹਾ ਨਖਸ਼ਤਰ ਨਾ ਪਏ, ਜਿਸ ਵਿਚ ਕਿ ਬੱਚਾ ਜੰਮਿਆ ਸੀ। ਜੇ ਮਾਪੇ ਪਹਿਲਾਂ ਮੱਥੇ ਲਗਣਾ ਚਾਹੁਣ ਤਾਂ ਉਨ੍ਹਾਂ ਲਈ ਕੁਝ ਉਪਾਅ ਕਰਨੇ ਜ਼ਰੂਰੀ ਹਨ। ਪੰਜ ਵਖੋ ਵਖ ਧਾਤਾਂ ਦੇ ਪੁਤਲੇ ਬਣਾ ਕੇ ਤੇ ਤਾਂਬੇ ਦੇ ਘੜੇ ਵਿਚ ਪਾ ਕੇ ਉਨ੍ਹਾਂ ਅਗੇ ਫਲ ਰਖੇ ਜਾਣ ਅਤੇ ਜਦੋਂ ਤਕ ਇਹ ਭੋਗ ਨਾ ਲਗਾ ਲੈਣ, ਬ੍ਰਾਹਮਣ ਮੰਤਰ ਦਾ ਜਾਪ ਕਰਦਾ ਰਹੇ। ਨਿਸਚਾ ਹੈ ਕਿ ਧਾਤ ਦੇ ਇਹ ਪੁਤਲੇ ਫਲਾਂ ਨੂੰ ਭੋਗ ਲਗਾਂਦੇ ਹਨ। ਇਸ ਪਿਛੋਂ ਦੇਵ ਉਪਾਸਨਾ ਕੀਤੀ ਜਾਂਦੀ ਹੈ।

ਇਕ ਹੋਰ ਉਪਾਅ ਇਹ ਹੈ ਕਿ ਮਿੱਟੀ ਦੇ ਘੜੇ ਵਿਚ 28 ਸੁਰਾਖ਼ ਕਰਕੇ, ਉਸ ਵਿਚ ਕਈ ਦਰਖ਼ਤਾਂ ਦੇ ਪੱਤੇ ਪਾਏ ਜਾਣ। ਫਿਰ ਇਸ ਘੜੇ ਨੂੰ ਕਿਸੇ ਉੱਚੀ ਥਾਂ ਟੰਗ ਦਿਤਾ ਜਾਵੇ ਤੇ ਹੇਠਾਂ ਬੱਚੇ ਤੇ ਉਸ ਦੇ ਮਾਪੇ ਨੂੰ ਬਿਠਾ ਦਿਤਾ ਜਾਵੇ। ਘੜੇ ਵਿਚੋਂ ਜਦੋਂ ਤਕ ਸਾਰਾ ਪਾਣੀ ਬੂੰਦ ਬੂੰਦ ਕਰਕੇ ਨਿਕਲ ਨਾ ਚੁਕੇ, ਉਦੋਂ ਤਕ ਮਾਪੇ ਘੜੇ ਹੇਠ ਬੈਠੇ ਰਹਿਣ। ਇਸ ਉਪ੍ਰੰਤ ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ। ਇਸ ਤਰ੍ਹਾਂ ਗੰਡ ਦਾ ਅਸ਼ੁਭ ਅਸਰ ਨਹੀਂ ਰਹਿੰਦਾ।

(ਗ-29) **ਗੰਡਕੀ** :

ਇਕ ਨਦੀ, ਜਿਸ ਨੂੰ ਵੈਸ਼ਨੋਮਤ ਵਾਲੇ ਪੂਜਨੀਕ ਮੰਨਦੇ ਹਨ। ਇਹ ਨਦੀ ਸਪਤ-ਗੰਡਨੀ (ਨਿਪਾਲ) ਪਹਾੜ ਵਿਚੋਂ ਨਿਕਲ ਕੇ, ਪਟਨਾ ਦੇ ਨੇੜੇ ਗੰਗਾ ਦਰਿਆ ਵਿਚ ਜਾ ਮਿਲਦੀ ਹੈ। ਇਸ ਨਦੀ ਵਿਚੋਂ, ਕਾਲੇ ਰੰਗ ਦੇ ਗੋਲ ਪੱਥਰ, ਜਿਨ੍ਹਾਂ ਨੂੰ ਸਾਲਿਗਰਾਮ ਕਹਿੰਦੇ ਹਨ, ਆਮ ਮਿਲਦੇ ਹਨ। ਇਨ੍ਹਾਂ ਪੱਥਰਾਂ ਉਤੇ ਚੱਕਰ ਦਾ ਚਿੰਨ੍ਹ ਬਣਿਆ ਹੁੰਦਾ ਹੈ ਤੇ ਵੈਸ਼ਨੋਮਤ ਵਾਲੇ ਵਿਸ਼ਨੂੰ ਦਾ ਰੂਪ ਮੰਨ ਕੇ ਪੂਜਦੇ ਹਨ।

ਪੁਰਾਣਾਂ ਵਿਚ ਗੰਡਕੀ ਨਦੀ ਨਾਲ ਸਬੰਧਿਤ ਕਈ ਕਥਾਵਾਂ ਦਾ ਵਰਨਣ ਹੈ। ਵਰਹਾ ਪੁਰਾਣ ਅਨੁਸਾਰ ਗੰਡੀ ਨੇ ਦਸ ਹਜ਼ਾਰ ਸਾਲ ਘੋਰ ਤੱਪ ਕਰਕੇ ਵਿਸ਼ਨੂੰ ਨੂੰ ਪ੍ਰਸੰਨ ਕੀਤਾ, ਅਤੇ ਵਰ ਮੰਗਿਆ ਕਿ ਵਿਸ਼ਨੂੰ ਉਸ ਦੇ ਗਰਭ ਤੋਂ ਪੁੱਤਰ ਦੇ ਰੂਪ ਵਿਚ ਜਨਮ ਲਏ। ਵਿਸ਼ਨੂੰ ਗੰਡਕੀ ਉਤੇ ਬਹੁਤ ਪ੍ਰਸੰਨ ਸਨ, ਤੇ ਉਨ੍ਹਾਂ ਨੇ ਕਿਹਾ ਕਿ ਉਹ ਉਸ ਵਿਚੋਂ ਸਾਲਿਗਰਾਮ ਦੇ ਰੂਪ ਵਿਚ ਪੈਦਾ ਹੋਣਗੇ।

ਇਕ ਹੋਰ ਪੋਰਾਣਿਕ ਕਥਾ ਅਨੁਸਾਰ ਵਿਸ਼ਨੂੰ ਦੀਆਂ ਦੋਹਾਂ ਕਨਪਟੀਆਂ ਤੋਂ ਪਸੀਨਾ ਵਗਿਆ—ਇਕ ਚਿੱਟਾ ਦੂਜਾ ਮੈਲਾ, ਚਿੱਟੇ ਤੋਂ ਗੰਡਕੀ ਨਦੀ ਬਣੀ ਤੇ ਕਾਲੇ ਤੋਂ ਕ੍ਰਿਸ਼ਨਾ ਨਦੀ (ਵੇਖੋ : ਸਾਲਿਗਰਾਮ)।

(ਗ-30) **ਗੰਡਗੜ੍ਹ** :

ਹਰੀਪੁਰ ਹਜ਼ਾਰੇ ਦੇ ਇਲਾਕੇ ਵਿਚ, ਇਕ ਪਰਬਤ, ਜਿਸ ਦਾ ਵਰਨਣ ਰਾਜਾ ਰਸਾਲੂ ਦੀਆਂ ਦੰਦ-ਕਥਾਵਾਂ ਵਿਚ ਆਉਂਦਾ ਹੈ। ਰਵਾਇਤ ਹੈ ਕਿ ਰਾਜਾ ਰਸਾਲੂ ਜਦੋਂ ਮਾਣਕਿਆਲੇ ਵਿਚ ਸੱਤਾਂ ਰਾਖਸ਼ਾਂ ਤੇ ਉਨ੍ਹਾਂ ਦੀ ਭੈਣ ਥਿਰਿਆ (ਥਿਰਾ) ਨਾਲ ਲੜਿਆ ਸੀ ਤਾਂ ਕਈ ਦਿਨਾਂ ਦੇ ਘੋਰ ਯੁਧ ਮਗਰੋਂ ਰਸਾਲੂ ਸਤ ਰਾਖਸ਼ਾਂ ਨੂੰ ਮਾਰਨ ਵਿਚ ਸਫਲ ਹੋਇਆ, ਪਰ ਥਿਰਾ ਜਾਨ ਬਚਾ ਕੇ, ਗੰਡਗੜ੍ਹ ਦੇ ਪਹਾੜਾਂ ਵਿਚ ਇਕ ਗੁਫਾ ਵਿਚ ਜਾ ਛੁਪੀ। ਰਾਜਾ ਰਸਾਲੂ ਉਸਦਾ ਪਿੱਛਾ ਕਰਦਾ ਗੁਫਾ ਤਕ ਆਇਆ, ਪਰ ਗੁਫਾ ਅਗੇ ਕੁਝ ਤਾਅਵੀਜ਼ ਬੰਨ੍ਹੇ ਵੇਖ ਕੇ, ਅੰਦਰ ਨਾ ਗਿਆ ਤੇ ਬਾਹਰੋਂ ਹੀ ਗੁਫਾ ਅਗੇ ਇਕ ਵੱਡਾ ਪਥਰ ਰਖ ਕੇ, ਉਸ ਦਾ ਮੂੰਹ ਬੰਦ ਕਰ ਦਿਤਾ।

ਧਾਰਨਾ ਹੈ ਕਿ ਥਿਰਾ ਰਾਖਸ਼ਣੀ ਅਜ ਤਕ ਇਸ ਗੁਫਾ ਵਿਚ ਬੰਦ ਹੈ। ਜਦੋਂ ਉਹ ਕਦੇ ਕਦੇ ਪਰੇਸ਼ਾਨ ਹੋ ਕੇ ਚੀਖਦੀ ਤੇ ਕੁਰਲਾਂਦੀ ਹੈ ਤਾਂ ਇਸ ਦੀ ਗੜਗੜਾਹਟ ਸਾਰੇ ਇਲਾਕੇ ਵਿਚ ਸੁਣਾਈ ਦੇਂਦੀ ਹੈ। ਕਈ ਵਾਰ ਇਹ ਗੜਗੜਾਹਟ ਅਜਿਹੇ ਮੌਕੇ ਉਤੇ ਵੀ ਸੁਣਾਈ ਦੇਂਦੀ ਹੈ ਜਦੋਂ ਆਕਾਸ਼ ਬਿਲਕੁਲ ਨਿਰਮਲ ਹੁੰਦਾ ਹੈ। ਇਸ ਤੋਂ

ਇਹ ਵਿਸ਼ਵਾਸ਼ ਬਝ ਗਿਆ ਕਿ ਇਹ ਆਵਾਜ਼ ਥਿਰਾ ਰਾਖਸ਼ਣੀ ਦੀ ਹੀ ਹੈ, ਜੋ ਗੁਫ਼ਾ ਅੰਦਰ ਬੰਦ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਇਹ ਆਵਾਜ਼ ਸੁਣਾਈ ਨਹੀਂ ਦੇ ਰਹੀ, ਜਿਸ ਤੋਂ ਲੋਕਾਂ ਦਾ ਵਿਚਾਰ ਹੈ ਕਿ ਥਿਰਾ ਰਾਖਸ਼ਣੀ ਗੁਫ਼ਾ ਅੰਦਰ ਹੀ ਮਰ ਗਈ ਹੈ।

ਗੰਡਗੜ ਦੇ ਪਹਾੜਾਂ ਵਿਚ, ਕਦੇ ਕਈ ਲੜਾਕੇ, ਉਜੱਡ ਤੇ ਨਿਰਦਈ ਕਬੀਲੇ ਰਹਿੰਦੇ ਸਨ, ਜੋ ਹੇਠਾਂ ਮੈਦਾਨਾਂ ਵਿਚ ਜਾ ਕੇ ਉਥੋਂ ਦੇ ਲੋਕਾਂ ਤੇ ਅਤਿਆਚਾਰ ਕਰਦੇ ਤੇ ਉਨ੍ਹਾਂ ਦੇ ਕਈ ਬੰਦੇ ਬੰਦੀ ਬਣਾ ਕੇ ਲੈ ਜਾਂਦੇ। ਲੋਕ ਇਹਨਾਂ ਨੂੰ ਦਿਉ ਤੇ ਰਾਖਸ਼ ਕਹਿਣ ਲਗ ਪਏ। 'ਗੰਡ' ਸ਼ਬਦ ਤੋਂ ਭਾਵ ਨਿਰਦਈ ਤੇ ਦੁਸ਼ਟ ਪਸ਼ੂ ਦਾ ਹੈ। ਤੇ ਇਸ ਇਲਾਕੇ ਨੂੰ ਨੀਚ ਤੇ ਜ਼ਾਲਮ ਜਾਤੀਆਂ ਦਾ ਨਿਵਾਸ ਅਸਥਾਨ ਸਮਝ ਕੇ ਗੰਡਗੜ੍ਹ ਕਿਹਾ ਜਾਣ ਲਗਾ। ਰਾਜਾ ਰਸਾਲੂ ਨੇ ਇਨ੍ਹਾਂ ਨਿਰਦਈ ਕਬੀਲਿਆਂ ਦੇ ਮੁਖੀਆਂ ਨਾਲ ਘੋਰ ਯੁੱਧ ਕਰਕੇ ਜਿੱਤ ਪ੍ਰਾਪਤ ਕੀਤੀ।

ਗੰਡਗੜ੍ਹ ਦੇ ਪਹਾੜਾਂ ਵਿਚ ਕਈ ਨਿਕੇ ਨਿਕੇ ਪਿੰਡ ਹਨ, ਜਿਨ੍ਹਾਂ ਵਿਚੋਂ ਇਕ ਪਿੰਡ ਸਿਰੀ ਕੋਟ ਹੈ, ਜਿਥੋਂ ਦੇ ਰਾਜੇ ਨਾਲ ਲੜਾਈ ਕਰਕੇ ਰਸਾਲੂ ਨੇ ਵਿਜੈ ਪਾਈ। ਗੰਡਗੜ੍ਹ ਦੇ ਪਹਾੜਾਂ ਵਿਚ ਕਈ ਗੁਫਾਂ ਹਨ, ਜਿਨ੍ਹਾਂ ਵਿਚੋਂ ਇਕ ਗਫਾ ਗੰਡਗੜ੍ਹੀ ਹੈ। ਰਾਜੇ ਰਸਾਲੂ ਨੇ ਥਿਰਾ ਦੀ ਗੁਫਾ ਅਗੇ ਪੱਥਰ ਦੇ ਕੇ ਇਥੇ ਆਰਾਮ ਕੀਤਾ ਸੀ।

### (ਗ-31) ਗੰਡ ਦਾ ਬੋਹ :

ਮਾਲਵੇ ਵਿਚ, ਭਗਤੇ ਪਿੰਡ ਦੇ ਨੇੜੇ ਇਕ ਪੁਰਾਣਾ ਬੋਹ, ਜਿਸ ਨਾਲ ਬਹੁਤ ਸਾਰੀ ਲੋਕਧਾਰਾ ਜੁੜੀ ਹੋਈ ਹੈ। ਇਕ ਸਾਖੀ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਇਥੇ ਇਕ ਤਿੱਤਰ ਨੂੰ ਮੁਕਤ ਕੀਤਾ ਸੀ।

### (ਗ-32) ਗੰਡਾ :

ਗੰਡਾਂ ਵਾਲਾ ਸੂਤਰ ਜਾਂ ਰੇਸ਼ਮ ਦਾ ਧਾਗਾ ਜਿਸ ਉਤੇ ਕੋਈ ਮੰਤਰ ਪੜ੍ਹਿਆ ਜਾਂ ਫੂਕਿਆ ਹੁੰਦਾ ਹੈ। ਕਈ ਵਾਰ ਧਾਗੇ ਦੀ ਥਾਂ ਖਜੂਰ ਦੇ ਰੇਸ਼ੇ ਜਾਂ ਆਂਦਰਾਂ ਦੀ ਵੀ ਗੰਡ ਬਣਾਈ ਜਾਂਦੀ ਹੈ। ਕੋਈ ਪੀਰ/ਫ਼ਕੀਰ/ਚੇਲਾ ਧਾਗੇ ਉਤੇ ਕਲਾਮ/ਮੰਤਰ ਪੜ੍ਹ ਕੇ ਗੰਢਾਂ ਮਾਰ ਦੇਂਦਾ ਹੈ ਤੇ ਉਹ ਕਲਾਮ,ਮੰਤਰ ਧਾਗੇ ਨਾਲ ਬਝ ਜਾਂਦਾ ਹੈ। ਧਾਰਨਾ ਹੈ ਕਿ ਇਸ ਧਾਗੇ ਨੂੰ ਤਵੀਤ ਵਜੋਂ ਸਰੀਰ ਦੇ ਰੋਗੀ ਦੇ ਅੰਗ ਨਾਲ ਬੰਨ੍ਹ ਦੇਣ ਨਾਲ, ਦੁਖ ਦਲਿਦਰ ਦੂਰ ਹੋ ਜਾਂਦਾ ਹੈ। ਕਈ ਇਸ ਧਾਗੇ ਨੂੰ ਕਿਸੇ ਮਨੋਕਾਮਨਾ ਦੀ ਪੂਰਤੀ ਲਈ, ਤਾਂਬੇ ਦੀ ਡੱਬੀ ਵਿਚ ਮੜ੍ਹ ਕੇ, ਗਲ ਵਿਚ ਪਹਿਨਾਂਦੇ ਹਨ। ਗੰਡ ਨਾਲ ਚੰਦਰੀ ਨਜ਼ਰ ਨਹੀਂ ਲਗਦੀ ਤੇ ਨਾ ਹੀ ਛਾਇਆ ਦਾ ਅਸਰ ਹੁੰਦਾ ਹੈ।

ਕਈ ਵਾਰ ਧਾਗੇ ਨਾਲ ਚਾਰ ਕੌਡੀਆਂ ਵੀ ਮੰਤਰ ਮਾਰ ਕੇ ਬੰਨ੍ਹ ਦਿਤੀਆਂ ਜਾਂਦੀਆਂ ਹਨ, ਇਸ ਨਾਲ ਗੰਡ ਦੀ ਗੁਣਕਾਰੀ ਸ਼ਕਤੀ ਵਧ ਜਾਂਦੀ ਹੈ। ਗੰਡਾ ਸੰਜੋਗ ਦਾ ਪ੍ਰਤੀਕ ਹੈ।

### (ਗ-33) ਗੱਡੀ :

ਇਕ ਪ੍ਰਸਿਧ ਲੋਕ-ਕਾਵਿ ਰੂਪ; ਬੋਲੀ ਵਾਂਗ ਹੀ ਇਸ ਦੀ ਹਰੇਕ ਤੁਕ ਦਾ ਆਪਣਾ ਪੂਰਾ ਰਿਦਮ ਹੁੰਦਾ ਹੈ ਤੇ ਤੁਕਾਂਤ ਮੇਲ ਲਈ ਉਹ ਕਿਸੇ ਹੋਰ ਤੁਕ ਦਾ ਆਸਰਾ ਨਹੀਂ ਲੈਂਦੀ। ਹਰ ਤੁਕ ਦਾ ਮੁਢਲਾ ਵਾਕੰਸ਼ ਦੋਹਰਾਇਆ ਜਾਂਦਾ ਹੈ। ਜਿਸ ਨੂੰ ਆਮ ਚਾਲ ਨਾਲੋਂ ਰਤਾ ਤੇਜ਼ੀ ਨਾਲ ਉਚਾਰਿਆ ਜਾਂਦਾ ਹੈ, ਜਿਵੇਂ ਛੱਕ ਛੱਕ ਕਰਦੀ ਗੱਡੀ ਤੇਜ਼ੀ ਨਾਲ ਅਗੇ ਵਧ ਰਹੀ ਹੋਵੇ। ਪੰਜੇ ਸਾਹਿਬ ਦਾ ਪ੍ਰਸਿਧ ਸਾਕਾ 'ਗੱਡੀ' ਦੇ ਕਾਵਿ-ਰੂਪ ਵਿਚ ਹੀ ਰਚਿਆ ਮਿਲਦਾ ਹੈ :

ਗੱਡੀ ਭਰ ਕੇ
ਗੱਡੀ ਭਰ ਕੇ ਸਪੈਸ਼ਲ ਤੋਰੀ
ਅਮ੍ਰਿਤਸਰ ਸ਼ਹਿਰ ਦੇ ਵਿਚੋਂ।
ਜੱਥੇਦਾਰ ਸੀ
ਜੱਥੇਦਾਰ ਸੀ ਅਮਰ ਸਿੰਘ ਸੂਰਾ·
ਮੀਹ ਆਗੂ ਲਾਲ ਸਿੰਘ ਸੀ।
ਝੂੰਖੇ ਸਿੰਘ ਸੀ
ਝੂੰਖੇ ਸਿੰਘ ਸੀ ਜੱਥੇ ਦੇ ਸਾਰੇ
ਜਿਨ੍ਹਾਂ ਨੇ ਅੱਟਕ ਪੁਜਣਾ।
ਦੁੱਧ ਫਲ ਤੇ
ਦੁੱਧ ਫਲ ਤੇ ਪਦਾਰਥ ਮੇਵੇ
ਲੈ ਕੇ ਆਏ ਟੇਸ਼ਣ ਤੇ।
ਗੱਡੀ ਪੰਦਰਾਂ—
ਗੱਡੀ ਪੰਦਰਾਂ ਮਿੰਟ ਡਕ ਦੇਵੇ
ਖ਼ਾਲਸੇ ਨੇ ਜਲ ਛੱਕਣਾ।
ਵੇਲਾ ਹੋ ਗਿਆ
ਵੇਲਾ ਹੋ ਗਿਆ ਬਦਲ ਗਏ ਕਾਂਟੇ
ਗੱਡੀ ਆਈ ਸ਼ਾਂ ਕਰਕੇ।
ਦੰਗ ਰਹਿ ਗਏ—
ਦੰਗ ਰਹਿ ਗਏ ਰੇਲ ਦੇ ਅਫਸਰ
ਖ਼ਾਲਸੇ ਦੀ ਕਾਰ ਵੇਖ ਕੇ।
ਜੀਹਦੇ ਵਿਚ ਸੀ
ਜੀਹਦੇ ਵਿਚ ਸੀ ਪੈਨਸ਼ਨੀ ਸਾਰੇ
ਕੈਦ ਕੀਤੇ ਗੁਰੂ ਬਾਗ 'ਚੋਂ।

ਗੱਡੀ ਚਲਦੀ
ਗੱਡੀ ਚਲਦੀ ਹਵਾ ਨਾਲ ਬਿੱਦ ਕੇ
ਲੰਘ ਜਾਂਦੀ ਟੇਸ਼ਣਾਂ ਤੋਂ ।

ਪੰਜੇ ਸਾਹਿਬ ਦੀ
ਪੰਜੇ ਸਾਹਿਬ ਦੀ ਸੰਗਤ ਨੇ ਸੁਣਿਆ
ਸੇਵਾ ਦਾ ਪ੍ਰੇਮ ਜਾਗਿਆ ।

ਜੱਥੇਦਾਰ ਨੇ
ਜੱਥੇਦਾਰ ਨੇ ਬੇਨਤੀ ਕੀਤੀ
ਕੋਲ ਜਾ ਕੇ ਬਾਬੂ ਦੇ ।

ਬਾਬੂ ਇਕ ਨਾ—
ਬਾਬੂ ਇਕ ਨਾ ਮੰਨੀ ਸਿੰਘ ਸਾਹਿਬ ਦੀ
ਤੋੜ ਕੇ ਜਵਾਬ ਦੇ ਦਿਤਾ ।

ਗੱਡੀ ਸਾਹਮਣੇ
ਗੱਡੀ ਸਾਹਮਣੇ ਛਾਤੀਆਂ ਡਾਹੀਆਂ
ਗੁਰੂ ਦੇ ਦੁਲਾਰਿਆਂ ਨੇ ।

ਗੱਡੀ ਠਲ੍ਹ ਲਈ
ਗੱਡੀ ਠਲ੍ਹ ਲਈ ਖਾਲਸੇ ਨੇ
ਰੱਤ ਡੋਹਲ ਕੇ ਗੱਡੀ ਠਾਠ੍ਹ ਲਈ ।

ਇਸ ਕਾਵਿ ਰੂਪ ਨੂੰ ਵਧੇਰੇ ਕਰਕੇ ਸਾਕਿਆਂ ਲਈ ਵਰਤਿਆ ਗਿਆ ਹੈ । ਪ੍ਰੋ. ਮੋਹਨ ਸਿੰਘ ਨੇ ਤਵੀ ਨਾਂ ਦੀ ਕਵਿਤਾ ਇਸੇ ਲੋਕ-ਕਾਵਿ ਰੂਪ ਵਿਚ ਰਚੀ ਹੈ ।

### (ਗ-34) ਗਡੀਰਾ ਟੰਗਣਾ :

ਸੰਤਾਨ ਲਈ ਇਕ ਸੁਖਣਾ । ਕਈ ਨਿਰਸੰਤਾਨ ਤੀਵੀਆਂ ਪੀਰਾਂ ਦੀਆਂ ਖਾਨਗਾਹਾਂ ਉਤੇ ਔਲਾਦ ਲਈ ਸੁਖਣਾ ਸੁਖਦੀਆਂ ਹਨ ਤੇ ਮਨੋਕਾਮਨਾ ਦੀ ਪੂਰਤੀ ਉਤੇ ਖਾਨਗਾਹ ਉਤੇ ਸੁਖਣਾ ਦੇਣ ਤੋਂ ਇਲਾਵਾ, ਬਿਛਾਂ ਦੇ ਝੁੰਡਾਂ ਉਤੇ ਗਡੀਰਾ ਟੰਗ ਆਉਂਦੀਆਂ ਹਨ । ਲੋਹੜੀ ਨੂੰ ਸੁਖਣਾ ਪੂਰੀ ਹੋਣ ਤੇ ਅੱਗ ਵਿਚ ਚਰਖਾ ਫੂਕਿਆ ਜਾਂਦਾ ਹੈ ।

### (ਗ-35) ਗੰਢ :

ਗੰਢ ਦੀ ਪੰਜਾਬ ਦੇ ਕਈ ਸਮਾਜਿਕ ਵਰਤਾਰਿਆਂ ਤੇ ਰਹੁ-ਰੀਤਾਂ ਉਤੇ ਗਹਿਰੀ ਛਾਪ ਹੈ । ਗੰਢ ਸਬੰਧਿਤ ਵਸਤੂਆਂ ਨੂੰ ਜੋੜਦੀ ਤੇ ਪੱਕੇ ਪੀਡੇ ਰਿਸ਼ਤੇ ਵਿਚ ਬੰਨ੍ਹਦੀ ਹੈ । ਟੂਣੇ ਟੱਪੇ ਵਿਚ ਵੀ ਗੰਢ ਦੀ ਬੜੀ ਅਹਿਮੀਅਤ ਹੈ । ਸੁਹਿਰਦ ਟੂਣੇ ਵਿਚ ਗੰਢ ਦ੍ਰਿੜ੍ਹਤਾ, ਪਕਿਆਈ ਤੇ ਇਕਸੁਰਤਾ ਦੀ ਪ੍ਰਤੀਕ ਹੈ । ਇਸਦੇ ਉਲਟ ਗੰਢ ਖੋਲ੍ਹਣ ਦਾ ਭਾਵ ਹੈ ਗੁੰਝਲਾਂ ਤੋਂ ਛੁਟਕਾਰਾ ਤੇ ਸੰਕਟਾਂ ਤੋਂ ਮੁਕਤੀ ।

ਵਿਆਹ ਦੀਆਂ ਰਸਮਾਂ ਵਿਚੋਂ, ਲਾਵਾਂ ਵੇਲੇ ਗੰਢ-ਚਿਤਰਾਵਾ ਇਕ ਅਹਿਮ ਰੀਤ ਹੈ । ਇਸ ਮੌਕੇ ਤੇ ਵਰ ਤੇ ਕੰਨਿਆਂ ਦੇ ਪੱਲਿਆਂ ਦੀਆਂ ਕੰਨੀਆਂ ਨੂੰ ਗੰਢ ਮਾਰ ਕੇ ਬੰਨ੍ਹ ਦਿਤਾ ਜਾਂਦਾ ਹੈ । ਇਹ ਗੰਢ ਵਰ ਤੇ ਕੰਨਿਆਂ ਨੂੰ ਸਦੀਵੀ ਤੌਰ ਉਤੇ ਇਕ ਦੂਜੇ ਨਾਲ ਜੋੜਨ ਦੀ ਪ੍ਰਤੀਕ ਹੈ ।

ਗਾਨਾ ਬੰਨ੍ਹਣ ਤੇ ਖੋਲ੍ਹਣ ਦੀ ਰੀਤ ਵੀ ਗੰਢਾਂ ਨਾਲ ਸਬੰਧਿਤ ਹੈ । ਵਰ ਤੇ ਕੰਨਿਆਂ ਦੋਵੇਂ ਰਸਮੀ ਇਸ਼ਨਾਨ ਤੋਂ ਮਗਰੋਂ ਗਾਨਾ ਬੰਨ੍ਹਦੇ ਹਨ ਤੇ ਵਿਆਹ ਤੋਂ ਬਾਅਦ, ਦੂਲ੍ਹੇ ਦੇ ਘਰ, ਵਰ ਤੇ ਕੰਨਿਆਂ ਇਕ ਦੂਜੇ ਦਾ ਗਾਨਾ ਖੋਲ੍ਹਦੇ ਹਨ । ਗਾਨਾ ਮੌਲੀ ਦੇ ਧਾਗੇ ਦਾ ਬਣਿਆ ਹੁੰਦਾ ਹੈ ਤੇ ਇਸ ਨਾਲ ਕੌਡੀਆਂ, ਘੁੰਗੇ ਤੇ ਹੋਰ ਨਿਕ-ਸੁਕ ਆਦਿ ਬੰਨ੍ਹੇ ਹੁੰਦੇ ਹਨ । ਗਾਨੇ ਦੀਆਂ ਗੰਢਾਂ ਪੰਜ ਜਾਂ ਸਤ ਹੁੰਦੀਆਂ ਹਨ, ਜਿਨ੍ਹਾਂ ਨੂੰ ਹੌਲੇ ਹੌਲੇ ਉਂਗਲਾਂ ਨਾਲ ਖੋਲ੍ਹਣਾ ਹੁੰਦਾ ਹੈ । ਜੇ ਗੰਢਾਂ ਨਾ ਖੁਲ੍ਹਣ ਅਥਵਾ ਕਟਣੀਆਂ ਜਾਂ ਤਰੋੜਨੀਆਂ ਪੈ ਜਾਣ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ । ਇਸ ਰਸਮ ਦੇ ਪਿਛੇ ਵੀ ਸੁਹਿਰਦ ਟੂਣੇ ਦਾ ਸਿਧਾਂਤ ਕੰਮ ਕਰਦਾ ਹੈ । ਗਾਨੇ ਦੀਆਂ ਗੰਢਾਂ ਖੋਲ੍ਹਣ ਤੋਂ ਭਾਵ ਜੀਵਨ ਦੀਆਂ ਗੁੰਝਲਾਂ ਨੂੰ ਸੁਖਾਵੇਂ ਢੰਗ ਨਾਲ ਹਲ ਕਰ ਲੈਣ ਦਾ ਸ਼ਗਨ ਹੈ ।

ਗੰਢ ਜਾਦੂ-ਟੂਣੇ ਦੀ ਵੀ ਇਕ ਵਿਧੀ ਹੈ । ਕਿਸੇ ਨੂੰ ਵਸ ਵਿਚ ਕਰਨਾ ਹੋਵੇ ਤਾਂ ਉਸ ਵਲ ਧਿਆਨ ਧਰ ਕੇ, ਧਾਗੇ ਨੂੰ ਮੰਤਰ ਪੜ੍ਹਦੇ ਹੋਏ ਗੰਢ ਮਾਰੀ ਜਾਂਦੀ ਹੈ । ਪਿੰਡਾਂ ਵਿਚ ਓਝੇ/ਸਾਧ/ਚੇਲੇ ਮੰਤਰਿਆ ਹੋਇਆ ਗੰਢ ਵਾਲਾ ਧਾਗਾ ਦਿੰਦੇ ਹਨ, ਜੋ ਬਾਜੂ ਜਾਂ ਪਟ ਨਾਲ ਬੰਨ੍ਹਣ ਨਾਲ ਦੁਸ਼ਮਣ ਵਸ ਵਿਚ ਹੋ ਜਾਂਦਾ ਹੈ ।

ਗੰਢ ਦੁਆਰਾ ਰੂਪ-ਪਰਿਵਰਤਨ ਵੀ ਹੁੰਦਾ ਮੰਨਿਆ ਗਿਆ ਹੈ । ਸਾਖੀਆਂ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਮਰਦਾਨਾ ਨਾਲ ਕਾਮਰੂਪ (ਅਸਾਮ) ਗਏ ਤਾਂ ਮਰਦਾਨਾ ਜਦੋਂ ਕੋਈ ਚੀਜ਼ ਵਸਤ ਲੈਣ ਸ਼ਹਿਰ ਗਿਆ ਤਾਂ ਕੁਝ ਤੀਵੀਆਂ ਨੇ ਉਸ ਦੇ ਗਲ ਵਿਚ ਧਾਗਾ ਪਾ ਕੇ ਗੰਢ ਮਾਰੀ ਤਾਂ ਉਹ ਭੇਡੂ ਬਣ ਗਿਆ । ਲੋਕ-ਕਹਾਣੀਆਂ ਵਿਚ ਵੀ ਗੰਢ ਵਾਲੇ ਧਾਗੇ ਦਾ ਜ਼ਿਕਰ ਮਿਲਦਾ ਹੈ । ਕਿਸੇ ਪੰਛੀ ਦੇ ਪੰਜੇ ਵਿਚ 'ਗੰਢਾਂ ਵਾਲਾ ਧਾਗਾ' ਬੱਝਿਆ ਵੇਖਿਆ ਗਿਆ, ਜਦੋਂ ਧਾਗਾ ਖੋਲ੍ਹਿਆ ਗਿਆ ਤਾਂ ਉਹ ਪੰਛੀ ਆਪਣੀ ਅਸਲੀ ਸੂਰਤ ਧਾਰ ਗਿਆ । ਇਸ ਲਈ ਧਾਰਨਾ ਹੈ ਕਿ ਜਿਸ ਮੁਰਾਦ ਨੂੰ ਸਾਹਮਣੇ ਰਖ ਕੇ ਗੰਢ ਮਾਰੀ ਜਾਵੇ, ਉਹ ਪੂਰੀ ਹੋ ਜਾਂਦੀ ਹੈ ।

ਕੋਈ ਗੱਲ ਯਾਦ ਰਖਣ ਲਈ ਵੀ ਗੰਢ ਇਕ ਵਿਧੀ ਵਜੋਂ ਵਰਤੀ ਜਾਂਦੀ ਹੈ । ਪਿੰਡਾਂ ਦੇ ਅਨਪੜ੍ਹ ਲੋਕ ਕਿਸੇ ਗੱਲ ਨੂੰ ਯਾਦ ਰਖਣ ਲਈ ਰੁਮਾਲ, ਪੱਗ ਦੇ ਲੜ ਜਾਂ

ਚਾਦਰੇ ਦੀ ਨੁਕਰ ਨੂੰ ਗੰਢ ਮਾਰ ਲੈਂਦੇ ਹਨ। ਇਸ ਤਰ੍ਹਾਂ ਗੰਢ ਵੇਖਦੇ ਸਾਰ ਗੱਲ ਯਾਦ ਆ ਜਾਂਦੀ ਹੈ।

ਵਿਆਹ ਦੀ ਇਕ ਰੀਤ 'ਗੰਢ ਫੇਰਨਾ' ਹੈ, ਜਿਸ ਵਿਚ ਨਾਈ ਵਿਆਹ ਦਾ ਨਿਉਤਾ ਦੇਣ ਵੇਲੇ ਭਾਈਚਾਰੇ ਤੇ ਸਾਕਾਚਾਰੀ ਵਿਚ ਗੁੜ/ਸ਼ਕਰ/ਮਠਿਆਈ ਆਦਿ ਵੰਡਦਾ ਹੈ (ਵੇਖੋ : ਗੰਢ ਫੇਰਨਾ)।

(ਗ-36) **ਗੰਢ ਘਲਣਾ** :

ਮੱਧਕਾਲ ਵਿਚ ਜਦੋਂ ਪੀਰਾਂ ਦੀਆਂ ਖ਼ਾਨਗਾਹਾਂ ਉਤੇ ਕੋਈ ਮੇਲਾ ਹੁੰਦਾ ਤਾਂ ਮੁਜਾਵਰ ਆਸ ਪਾਸ ਦੇ ਪਿੰਡਾਂ ਵਿਚ, ਲੋਕਾਂ ਨੂੰ ਮੇਲੇ ਵਿਚ ਸ਼ਾਮਲ ਹੋਣ ਦਾ ਨਿਉਤਾ ਦੇਣ ਲਈ, ਗੰਢ ਘਲਦੇ ਸਨ। ਜਿਸ ਵਿਚ ਸ਼ਕਰ/ਗੁੜ/ਪਤਾਸੇ ਦਾ ਪ੍ਰਸ਼ਾਦਿ ਹੁੰਦਾ ਸੀ।

(ਗ-37) **ਗੰਢ ਚਿਤਰਾਵਾ** :

ਵਿਆਹ ਦੀ ਇਕ ਰਸਮ; ਲਾਵਾਂ ਵੇਲੇ ਵਰ ਤੇ ਕੰਨਿਆਂ ਦੇ ਪੱਲਿਆਂ ਨੂੰ ਮੇਲ ਕੇ ਗੰਢ ਦੇਣ ਦੀ ਕਿਰਿਆ, ਜੋ ਇਸ ਗੱਲ ਦੀ ਪ੍ਰਤੀਕ ਹੈ ਕਿ ਵਰ ਤੇ ਕੰਨਿਆਂ ਅਜ ਤੋਂ ਵਿਆਹ ਦੇ ਬੰਧਨ ਵਿਚ ਬੱਝੇ ਗਏ ਹਨ। ਇਸਨੂੰ ਗੰਢ-ਬੰਧਨ ਵੀ ਕਹਿੰਦੇ ਹਨ। ਇਸ ਰਸਮ ਦਾ ਆਧਾਰ ਸਮ ਤੋਂ ਸਮ ਤਕ ਦੀ ਯਾਤਰਾ ਹੈ।

(ਗ-38) **ਗੰਢ ਫੇਰਨਾ** :

ਵਿਆਹ ਦੀ ਇਕ ਰਸਮ, ਵਿਆਹ ਦੀ ਸਾਇਤ ਨਿਕਲਣ ਮਗਰੋਂ ਸਭ ਅੰਗਾਂ ਸਾਕਾਂ ਨੂੰ ਵਿਆਹ ਦੀ ਤਿੱਥ ਦੀ ਸੂਚਨਾ ਭੇਜਣੀ। ਪਹਿਲਿਆਂ ਵਿਚ ਨਾਈ ਹੱਥ ਗੰਢਾਂ ਵਾਲਾ ਧਾਗਾ ਭੇਜ ਕੇ, ਅੰਗਾਂ ਸਾਕਾਂ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਨਿਉਤਾ ਦਿਤਾ ਜਾਂਦਾ ਸੀ। ਨਾਲ ਹੀ ਨਾਈ ਨੂੰ ਗੁੜ ਦੀ ਟੋਕਰੀ ਦਿਤੀ ਜਾਂਦੀ। ਨਾਈ ਗੰਢ ਫੇਰਦਾ ਤੇ ਗੁੜ ਵੰਡਦਾ ਹੋਇਆ ਸਭ ਨੂੰ ਵਿਆਹ ਵਿਚ ਸ਼ਾਮਲ ਹੋਣ ਦੀ ਸੂਚਨਾ ਦੇਂਦਾ।

(ਗ-39) **ਗੰਢ ਭੇਜਣਾ** :

ਵਿਆਹ ਦੀ ਇਕ ਰਸਮ; ਪਹਿਲਿਆਂ ਵਿਚ ਜਦੋਂ ਕੁੱਲ ਦਾ ਨਾਈ, ਵਿਆਹ ਦੀ ਰਸਮ ਵਿਚ ਸ਼ਾਮਲ ਹੋਣ ਲਈ ਸਾਕ-ਸਬੰਧੀਆਂ ਨੂੰ ਸੱਦਾ ਦੇਣ ਜਾਂਦਾ ਤਾਂ ਉਹ ਆਪਣੇ ਕੋਲ ਇਕ ਲੰਮੀ ਰੱਸੀ ਅਥਵਾ ਮੌਲੀ ਦਾ ਧਾਗਾ ਰਖਦਾ ਸੀ, ਜਿਸ ਉਤੇ ਉਸਨੇ ਉਤਨੀਆਂ ਹੀ ਗੰਢਾਂ ਮਾਰੀਆਂ ਹੁੰਦੀਆਂ ਸਨ ਜਿਤਨਿਆਂ ਨੂੰ ਉਹਨੇ ਸੱਦਾ ਦੇਣਾ ਹੁੰਦਾ। ਜਦੋਂ ਉਹ ਕਿਸੇ ਅੰਗ-ਸਾਕ ਨੂੰ ਸੱਦਾ ਦੇ ਲੈਂਦਾ ਤਾਂ ਉਹ ਉਸ ਨਮਿਤ ਬੰਨ੍ਹੀ ਗੰਢ ਖੋਲ੍ਹ ਦੇਂਦਾ। ਇਕ ਪਿੰਡ ਦੇ ਅੰਗ ਸਾਕਾਂ ਦੀਆਂ ਗੰਢਾਂ ਨਾਲੋ ਨਾਲ ਮਾਰੀਆਂ ਹੁੰਦੀਆਂ। ਸੱਦਾ ਦੇਣ ਲਗਿਆਂ ਨਾਈ ਨਾਲ ਹੀ ਕੁਝ ਮਠਿਆਈ ਅਥਵਾ ਭਾਜੀ ਵੀ ਦੇਂਦਾ। ਅਜ ਭਾਵੇਂ ਗੰਢਾਂ ਦੀ ਪ੍ਰਥਾ ਨਹੀਂ ਰਹੀ, ਪਰ ਵਿਆਹ ਵਿਚ ਸ਼ਾਮਲ ਹੋਣ ਲਈ, ਜੋ ਮਠਿਆਈ, ਗੁੜ ਅਥਵਾ ਭਾਜੀ ਵੰਡੀ ਜਾਂਦੀ ਹੈ, ਉਸਨੂੰ 'ਗੰਢ ਭੇਜਣਾ' ਹੀ ਕਹਿੰਦੇ ਹਨ।

(ਗ-40) **ਗੰਢਣ** :

ਕਾਲੇ ਰੰਗ ਦਾ ਧਾਗਾ ਜਿਸ 'ਤੇ ਥੋੜੀ ਥੋੜੀ ਵਿਥ ਉਤੇ ਸੱਤ ਗੰਢਾਂ ਦਿਤੀਆਂ ਹੁੰਦੀਆਂ ਹਨ। ਗੰਢੜ ਨੂੰ ਬੱਚੇ ਦੇ ਲੱਕ ਦੁਆਲੇ ਜਾਂ ਗਲ ਵਿਚ ਚੰਦਰੀ ਨਜ਼ਰ ਤੋਂ ਰੱਖਿਆ ਲਈ ਬੰਨ੍ਹਿਆ ਜਾਂਦਾ ਹੈ।

(ਗ-41) **ਗਣ** :

ਦੇਵਤਿਆਂ ਦੀ ਸੇਵਾ ਕਰਨ ਵਾਲੇ ਦਾਸਾਂ ਦਾ ਵਰਗ: ਹਰ ਦੇਵਤੇ ਦੇ ਆਪੋ ਆਪਣੇ ਗਣ ਹਨ, ਜੋ ਉਸਦੇ ਹੁਕਮ ਦੀ ਪਾਲਨਾ ਲਈ ਤੱਤਪਰ ਰਹਿੰਦੇ ਹਨ। ਸ਼ਿਵ ਦੇ ਗਣ ਸ਼ਿਵਗਣ ਅਖਵਾਉਂਦੇ ਅਤੇ ਯਮ ਦੇ ਯਮਗਣ।

ਗਣ ਦੇਵਤਾ , ਅਜਿਹੇ ਦੇਵਤੇ ਜੋ ਵਧੇਰੇ ਕਰਕੇ ਵਰਗਾਂ ਵਿਚ ਜਾਣੇ ਜਾਂਦੇ ਹਨ। ਇਹ ਵਰਗ ਜਾਂ ਗਣ ਨੌਂ ਹਨ—

(ੳ) ਆਦਿਤਯ 12, (ਅ) ਵਿਸ਼ਵ ਦੇਵਾ 10, (ੲ) ਵਸੂ 8, (ਸ) ਤੁਸ਼ਿਤ 36, (ਹ) ਆਭਾਸਵਰ 64, (ਕ) ਅਨਿਲ 49, (ਖ) ਮਹਾਰਾਜਿਕ 220, (ਗ) ਸਾਧਯ 12, (ਘ) ਰੁਦ੍ਰ 11

ਗਣ ਦੇਵਤੇ ਸ਼ਿਵ ਦੇ ਦਰਬਾਨ ਹਨ ਤੇ ਗਣੇਸ਼ ਇਨ੍ਹਾਂ ਦਾ ਰਾਜਾ ਹੈ। ਇਨ੍ਹਾਂ ਦਾ ਨਿਵਾਸ ਅਸਥਾਨ ਕੈਲਾਸ਼ ਵਿਚ ਮੰਨਿਆ ਗਿਆ ਹੈ।

(ਗ-42) **ਗਣੇਸ਼** :

ਗਣੇਸ਼ ਹਿੰਦੂਆਂ ਦਾ ਇਕ ਬੜਾ ਲੋਕਪ੍ਰਿਯ ਦੇਵਤਾ ਹੈ, ਜਿਸ ਦੀ ਮਾਨਤਾ ਸ਼ਿਵ ਜੀ ਤੇ ਵਿਸ਼ਨੂੰ ਤੋਂ ਛੁਟ, ਬਾਕੀ ਸਭ ਦੇਵਤਿਆਂ ਤੋਂ ਜ਼ਿਆਦਾ ਹੈ। ਗਣੇਸ਼ ਨੂੰ ਬੁੱਧੀ ਤੇ ਵਿਵੇਕ ਦਾ ਦੇਵਤਾ ਤੇ ਸ਼ਾਸਤ੍ਰਾਂ ਦਾ ਗਿਆਤਾ ਮੰਨਿਆ ਜਾਂਦਾ ਹੈ। ਗ੍ਰੰਥਾਂ ਦੇ ਆਰੰਭ ਵਿਚ ਅਥਵਾ ਮੰਗਲਾਚਰਨ ਵਿਚ ਗਣੇਸ਼ ਦੀ ਮਹਿਮਾ ਕੀਤੀ ਜਾਂਦੀ ਹੈ। ਰਵਾਇਤ ਹੈ ਕਿ ਵਿਆਸ ਰਿਸ਼ੀ ਨੇ ਗਣੇਸ਼ ਦੇ ਹਥੋਂ ਮਹਾਂਭਾਰਤ ਨੂੰ ਲਿਖਵਾਇਆ ਸੀ। ਗਣੇਸ਼ ਸਭ ਵਿਘਨ ਤੇ ਸੰਕਟ ਨਾਸ਼ ਕਰਨ ਵਾਲਾ ਮੰਨਿਆ ਗਿਆ ਹੈ। ਇਸੇ ਲਈ ਹਿੰਦੂ

ਹਰ ਕਾਰਜ ਦੇ ਆਰੰਭ ਵਿਚ, ਇਸੇ ਦੀ ਆਰਾਧਨਾ ਕਰਦੇ ਹਨ। ਪੰਜਾਬ ਵਿਚ ਦੁਕਾਨਦਾਰ ਆਪਣੇ ਵਹੀ ਖਾਤੇ ਦੇ ਆਰੰਭ ਵਿਚ ਗਣੇਸ਼ ਦਾ ਚਿਤ੍ਰ ਉਲੀਕਦੇ ਤੇ ਹੇਠਾਂ 'ਗਣੇਸ਼ ਨਮਹ' ਲਿਖਦੇ ਹਨ। ਇਸ ਨਾਲ ਕੰਮ ਵਿਚ ਬਰਕਤ ਪੈਂਦੀ ਹੈ।

ਗਣੇਸ਼, ਸ਼ਿਵ ਦੇ ਗਣਾਂ ਦਾ ਮੁਖੀਆ ਹੋਣ ਕਰਕੇ, ਗਣਪਤੀ ਵੀ ਅਖਵਾਉਂਦਾ ਹੈ। ਦੱਖਣ ਵਿਚ ਗਣੇਸ਼ ਦੇ ਅਨੇਕਾਂ ਮੰਦਰ ਮਿਲਦੇ ਹਨ ਅਤੇ ਇਸ ਦੇ ਉਪਾਸ਼ਕ ਗਣਪਤੀ ਅਖਵਾਉਂਦੇ ਹਨ। ਕਈ ਵਿਦਵਾਨ ਤਾਂ ਗਣੇਸ਼ ਨੂੰ ਦ੍ਰਾਵੜੀ ਮੂਲ ਦਾ ਦੇਵਤਾ ਮੰਨਦੇ ਹਨ। ਜੀ. ਏ. ਗੋਰੀਸਨ (E.E.R. 6.176) ਲਿਖਦੇ ਹਨ—ਗਣੇਸ਼ ਮੂਲ ਵਿਚ ਦ੍ਰਾਵੜੀ ਮੁੱਢ ਦਾ ਸੂਰਜ-ਦੇਵਤਾ ਜਾਪਦਾ ਹੈ, ਜਿਸ ਨੂੰ ਪਿਛੋਂ ਹਿੰਦੂ ਦੇਵ ਮਾਲਾ ਵਿਚ ਸ਼ਾਮਿਲ ਕਰ ਲਿਆ ਗਿਆ। ਇਕ ਦੋਹਾ, ਜੋ ਮਨੂੰ ਰਚਿਤ ਮੰਨਿਆ ਜਾਂਦਾ ਹੈ, ਪਰ ਮਨੂੰ-ਸਿਮਰਤੀ ਵਿਚ ਨਹੀਂ ਮਿਲਦਾ, ਦੇ ਅਨੁਸਾਰ ਸੰਭੋ (ਸ਼ਿਵ) ਬ੍ਰਾਹਮਣਾਂ ਦਾ ਦੇਵਤਾ ਹੈ, ਮਾਧਵ (ਵਿਸ਼ਨੂੰ) (ਖੱਤ੍ਰੀਆਂ) ਦਾ, ਬ੍ਰਹਮਾ ਵੈਸ਼ ਜਾਤੀ ਦਾ ਅਤੇ ਗਣੇਸ਼ ਸ਼ੂਦਰਾਂ ਅਥਵਾ ਆਦਿ-ਵਾਸੀਆਂ ਦਾ। ਇਕ ਹੋਰ ਗੱਲ ਜੋ ਦ੍ਰਾਵੜੀ ਪਰੰਪਰਾ ਨਾਲ ਮੇਲ ਖਾਂਦੀ ਹੈ, ਉਹ ਇਹ ਹੈ ਕਿ ਚੂਹਾ ਜੋ ਹਿੰਦੂ ਪੁਰਾਣਮਾਲਾ ਅਨੁਸਾਰ ਗਣੇਸ਼ ਦਾ ਵਾਹਨ ਹੈ, ਇਕ ਦ੍ਰਾਵੜੀ ਕਬੀਲੇ ਦਾ ਕੁੱਲ ਚਿੰਨ੍ਹ (Totem) ਹੈ। ਇਹ ਸਾਂਝ ਸੁਭਾਵਿਕ ਨਹੀਂ।

ਕੁਝ ਗ੍ਰੰਥਾਂ ਵਿਚ ਗਣੇਸ਼ ਨੂੰ ਸਭ ਦੇਵਤਿਆਂ ਤੋਂ ਮਹਾਨ ਮੰਨਿਆ ਗਿਆ ਹੈ। 'ਗਣੇਸ਼ ਪੁਰਾਨ' ਅਤੇ 'ਗਣੇਸ਼ ਗੀਤਾ' ਵਿਚ ਗਣੇਸ਼ ਦਾ ਏਕੀਕਰਣ ਪ੍ਰਮਾਤਮਾ ਨਾਲ ਕੀਤਾ ਗਿਆ ਹੈ ਅਤੇ ਗਣੇਸ਼ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤੋਂ ਉਪਰ ਦਸਿਆ ਗਿਆ ਹੈ।

ਗਣੇਸ਼ ਦਾ ਚਿਤ੍ਰਾਂ ਵਿਚ ਜੋ ਸਰੂਪ ਮਿਲਦਾ ਹੈ, ਉਸ ਅਨੁਸਾਰ ਗਣੇਸ਼ ਸਰੀਰ ਦਾ ਸੁਮੱਧਰ, ਘੜੇ ਵਾਂਗ ਫੁਲਿਆ ਪੇਟ, ਮੂੰਹ ਹਾਥੀ ਦਾ, ਜਿਸ ਵਿਚ ਕੇਵਲ ਇਕੋ ਦੰਦ ਹੈ ਤੇ ਖਲੜੀ ਦਾ ਰੰਗ ਪੀਲਾ। ਗਣੇਸ਼ ਦੇ ਚਾਰ ਹੱਥ ਹਨ; ਇਕ ਹੱਥ ਵਿਚ ਸੰਖ, ਦੂਜੇ ਵਿਚ ਚੱਕਰ, ਤੀਜੇ ਵਿਚ ਗਦਾ ਤੇ ਚੌਥੇ ਵਿਚ ਕੰਵਲ ਫੁੱਲ ਫੜਿਆ ਹੁੰਦਾ ਹੈ। ਚੂਹਾ ਇਸ ਦਾ ਵਾਹਨ ਹੈ, ਕਈ ਵਾਰ ਗਣੇਸ਼ ਚੂਹੇ ਦੀ ਸਵਾਰੀ ਕਰਦਾ ਵਿਖਾਇਆ ਗਿਆ ਹੈ। ਕਈ ਵਾਰ ਜੇ ਗਣੇਸ਼ ਆਸਨ 'ਤੇ ਬੈਠਾ ਹੋਵੇ ਤਾਂ ਚੂਹਾ ਨੇੜੇ ਕਿਧਰੇ ਹੀ ਬੈਠਾ ਵਿਖਾਇਆ ਜਾਂਦਾ ਹੈ।

ਗਣੇਸ਼ ਦੀ ਉਤਪੱਤੀ ਬਾਰੇ ਕਈ ਪੁਰਾਣਿਕ ਕਥਾਵਾਂ ਪ੍ਰਚਲਤ ਹਨ। ਮਤਸਿਆ ਪੁਰਾਣ ਵਿਚ, ਗਣੇਸ਼ ਦੇ ਹਾਥੀ ਦੇ ਸਿਰ ਬਾਰੇ ਕਥਾ ਲਿਖੀ ਮਿਲਦੀ ਹੈ। ਸ਼ਿਵ ਦੀ ਆਦਤ ਸੀ ਕਿ ਜਦੋਂ ਪਾਰਬਤੀ ਇਸ਼ਨਾਨ ਕਰ ਰਹੀ ਹੁੰਦੀ ਤਾਂ ਉਹ ਅਚਨਚੇਤੀ ਉਸਦੇ ਸਿਰ 'ਤੇ ਆ ਕੇ ਪਾਰਬਤੀ ਨੂੰ ਹੈਰਾਨ ਕਰ ਦੇਂਦੇ। ਇਕ ਵਾਰ ਜਦੋਂ ਪਾਰਬਤੀ ਨਹਾਣ ਲਗੀ ਤਾਂ ਉਸਨੇ ਆਪਣੇ ਸਰੀਰ ਦੀ ਮੈਲ ਤੇ ਤੇਲ ਨਾਲ ਮਨੁਖੀ ਆਕਾਰ ਦਾ ਇਕ ਬੁਤ ਸਿਰਜਿਆ। ਫਿਰ ਗੰਗਾਜਲੀ ਤਰੌਂਕ ਕੇ ਪਾਰਬਤੀ ਨੇ ਉਸ ਵਿਚ ਜਾਨ ਪਾ ਦਿਤੀ। ਪਾਰਬਤੀ ਉਸਨੂੰ ਆਪਣੇ ਗੁਸਲਖ਼ਾਨੇ ਦੇ ਬਾਹਰ ਰਖਵਾਲੀ ਕਰਨ ਲਈ ਬਿਠਾ ਕੇ ਖ਼ੁਦ ਅੰਦਰ ਨਹਾਣ ਚਲੀ ਗਈ। ਜਦੋਂ ਸ਼ਿਵ ਜੀ ਆਏ ਤਾਂ ਇਕ ਓਪਰੇ ਬਾਲਕ ਨੂੰ ਗੁਸਲਖ਼ਾਨੇ ਦੇ ਬੂਹੇ ਅਗੇ ਬੈਠਾ ਵੇਖ ਕੇ ਹੈਰਾਨ ਹੋਏ। ਗਣੇਸ਼ ਨੇ ਸ਼ਿਵ ਨੂੰ ਅੰਦਰ ਜਾਣੋਂ ਰੋਕਿਆ ਤੇ ਦੋਹਾਂ ਵਿਚ ਝਗੜਾ ਹੋ ਗਿਆ। ਸ਼ਿਵ ਨੇ ਕਰੋਧ ਵਿਚ ਆ ਕੇ ਗਣੇਸ਼ ਦਾ ਸਿਰ ਕਟ ਦਿਤਾ। ਇਹ ਵੇਖ ਪਾਰਬਤੀ ਵਿਰਲਾਪ ਕਰਨ ਲਗੀ। ਪਾਰਬਤੀ ਨੂੰ ਸ਼ਾਂਤ ਕਰਨ ਲਈ ਸ਼ਿਵ ਕਿਸੇ ਜਿਊਂਦੇ ਪ੍ਰਾਣੀ ਦਾ ਸਿਰ ਲੈਣ ਲਈ ਬਾਹਰ ਗਏ। ਸੁਭਾਵਕ ਹੀ ਉਸਨੂੰ ਜਿਹੜਾ ਪ੍ਰਾਣੀ ਸਭ ਤੋਂ ਪਹਿਲਾਂ ਦਿਸਿਆ, ਉਹ ਹਾਥੀ ਸੀ। ਉਸੇ ਦਾ ਸਿਰ ਵੱਢ ਕੇ ਸ਼ਿਵ ਨੇ ਇਸ ਬਾਲਕ ਦੇ ਸਿਰ ਮੜ੍ਹ ਦਿਤਾ।

ਇਕ ਹੋਰ ਪੁਰਾਣ ਕਥਾ ਅਨੁਸਾਰ, ਪਾਰਬਤੀ ਪੁੱਤਰ ਦੀ ਮਨੋਕਾਮਨਾ ਨਾਲ, ਕਈ ਸਾਲਾਂ ਤਕ ਵਿਸ਼ਨੂੰ ਦੀ ਪੂਜਾ ਕਰਦੀ ਰਹੀ। ਅਖ਼ੀਰ, ਵਿਸ਼ਨੂੰ ਦੀ ਬਖ਼ਸ਼ਿਸ਼ ਨਾਲ ਉਸਦੇ ਘਰ ਵਿਚ ਇਕ ਬਾਲਕ ਜੰਮਿਆ (ਕਈਆਂ ਰੂਪਾਂਤਰਾਂ ਅਨੁਸਾਰ ਵਿਸ਼ਨੂੰ ਖ਼ੁਦ ਬਾਲਕ ਦਾ ਰੂਪ ਧਾਰ ਕੇ ਉਸਦੇ ਘਰ ਪ੍ਰਗਟ ਹੋਏ)। ਇਸ ਖ਼ੁਸ਼ੀ ਦੇ ਅਵਸਰ ਤੇ ਸਭ ਦੇਵਤੇ ਪਾਰਬਤੀ ਨੂੰ ਵਧਾਈ ਦੇਣ ਆਏ। ਸ਼ਨੀ ਦੇਵਤਾ ਵੀ ਆਇਆ, ਪਰ ਉਸ ਆਪਣੀ ਨਜ਼ਰ ਨੀਵੀਂ ਪਾਈ ਰਖੀ ਤੇ ਬਾਲਕ ਵਲ ਨਾ ਵੇਖਿਆ, ਕਿਉਂ ਜੋ ਉਸਦੀ ਪਤਨੀ ਨੇ, ਉਸਨੂੰ ਸਰਾਪ ਦਿਤਾ ਸੀ ਕਿ ਉਸਦੀ ਨਜ਼ਰ ਅਜ ਜਿਸ ਬਾਲਕ ਤੇ ਪਏਗੀ ਉਹ ਭਸਮ ਹੋ ਜਾਵੇਗਾ। ਪਰ ਪਾਰਬਤੀ ਨੇ ਸ਼ਨੀ ਉਤੇ ਜ਼ੋਰ ਪਾਇਆ ਕਿ ਉਹ ਉਸਦੇ ਬੱਚੇ ਵਲ ਇਕ ਨਜ਼ਰ ਭਰ ਕੇ ਵੇਖੇ। ਉਸਦਾ ਬੱਚਾ ਇਤਨਾ ਮਹਾਨ ਹੈ ਕਿ ਉਸ 'ਤੇ ਇਨ੍ਹਾਂ ਬੇਥਵੀਆਂ ਗੱਲਾਂ ਦਾ ਅਸਰ ਨਹੀਂ ਹੁੰਦਾ। ਸ਼ਨੀ ਦੇ ਵੇਖਦਿਆਂ ਹੀ ਬੱਚੇ ਦਾ ਸਿਰ ਸੜ ਕੇ ਸਵਾਹ ਹੋ ਗਿਆ। ਪਾਰਬਤੀ ਨੇ ਕਰੋਧ ਵਿਚ ਆ ਕੇ ਸ਼ਨੀ ਨੂੰ ਸਰਾਪ ਦਿਤਾ ਤੇ ਉਹ ਲੰਗੜਾ ਹੋ ਗਿਆ। ਪਾਰਬਤੀ ਵਿਰਲਾਪ ਕਰਨ ਲਗੀ ਤੇ ਵਿਸ਼ਨੂੰ ਭਗਵਾਨ ਗਰੁੜ 'ਤੇ ਸਵਾਰ ਹੋ ਕੇ, ਉਸਦੀ ਸਹਾਇਤਾ ਲਈ ਬਹੁੜੇ। ਉਨ੍ਹਾਂ ਨੇ ਬਾਲਕ ਨੂੰ ਮੁੜ ਸੁਰਜੀਤ ਕਰਨ ਲਈ ਕਿਸੇ ਪ੍ਰਾਣਧਾਰੀ ਦਾ ਸੀਸ, ਬਾਲਕ ਦੇ ਮੋਢਿਆਂ 'ਤੇ ਮੜ੍ਹਨਾ ਚਾਹਿਆ। ਦਰਿਆ ਦੇ ਕੰਢੇ, ਉਨ੍ਹਾਂ ਇਕ ਹਾਥੀ ਸੁੱਤਾ

ਵੇਖਿਆ, ਵਿਸ਼ਨੂੰ ਨੇ ਉਸਦਾ ਸਿਰ ਵੱਢ ਕੇ ਬੱਚੇ ਦੇ ਧੜ ਨਾਲ ਜੋੜ ਦਿਤਾ । ਬੱਚਾ ਸੁਰਜੀਤ ਹੋ ਕੇ ਗਣੇਸ਼ ਅਖਵਾਇਆ ।

ਸਕੰਦ ਪੁਰਾਣ ਵਿਚ ਗਣੇਸ਼ ਦੀ ਉਤਪੱਤੀ ਬਾਰੇ ਇਕ ਹੋਰ ਕਥਾ ਮਿਲਦੀ ਹੈ ਕਿ ਦੁਆਪਰ ਯੁਗ ਦੇ ਖ਼ਾਤਮੇ ਤੇ ਕਲਜੁਗ ਦੇ ਮੁਢ ਦੇ ਵਿਚਕਾਰਲੇ ਸਮੇਂ ਵਿਚ, ਕੁਝ ਸੂਦਰ, ਕਪਟੀ ਤੇ ਪਾਪੀ ਜੀਵ, ਸੋਮਨਾਥ ਮੰਦਰ ਦੀ ਯਾਤ੍ਰਾ ਦੇ ਫਲ ਸਦਕਾ, ਮਰਨ ਉਪ੍ਰੰਤ, ਸਵਰਗ ਲੋਕ ਵਿਚ ਚਲੇ ਗਏ । ਫਲਸਰੂਪ ਨਰਕ ਖ਼ਾਲੀ ਹੋ ਗਿਆ । ਸਵਰਗ ਵਿਚ ਤਿਲ ਧਰਨ ਦੀ ਥਾਂ ਨਾ ਰਹੀ । ਇਸ ਸੰਕਟ ਸਮੇਂ ਇੰਦਰ ਤੇ ਕੁਝ ਹੋਰ ਦੇਵਤਿਆਂ ਨੇ ਸ਼ਿਵ ਤੋਂ ਸਲਾਹ ਮੰਗੀ । ਸ਼ਿਵ ਨੇ ਉਨ੍ਹਾਂ ਨੂੰ ਪਾਰਬਤੀ ਕੋਲ ਜਾਣ ਲਈ ਕਿਹਾ । ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਇਕ ਅਲੌਕਿਕ ਜੀਵ ਗਣੇਸ਼ ਉਤਪੰਨ ਕੀਤਾ, ਜਿਸ ਦੀਆਂ ਬਾਹਵਾਂ ਚਾਰ ਸਨ ਤੇ ਸਿਰ ਹਾਥੀ ਦਾ ਸੀ । ਗਣੇਸ ਨੇ ਲੋਕਾਂ ਨੂੰ ਉਕਸਾਇਆ ਕਿ ਉਹ ਤੀਰਥਾਂ ਉਤੇ ਧਨ ਦੌਲਤ ਦੀ ਮਨੋਕਾਮਨਾ ਲੈ ਕੇ ਜਾਇਆ ਕਰਨ । ਇਸ ਤਰ੍ਹਾਂ ਲੋਕੀਂ ਕੁਰਾਹੇ ਪੈ ਗਏ ਤੇ ਸਵਰਗ ਦੇ ਫਲ ਤੋਂ ਵੰਚਿਤ ਹੋ ਗਏ । ਇੰਜ ਜਾਪਦਾ ਹੈ ਕਿ ਬ੍ਰਾਹਮਣਾਂ ਨੇ, ਤੀਰਥ ਯਾਤ੍ਰਾ, ਖ਼ਾਸ ਤੌਰ 'ਤੇ ਸੋਮਨਾਥ ਦੀ ਮਹੱਤਾ ਦਰਸਾਣ ਲਈ ਘੜੀ ਸੀ ।

ਵਰਹਾ ਪੁਰਾਣ ਅਨੁਸਾਰ, ਗਣੇਸ਼ ਨੂੰ ਪਾਰਬਤੀ ਨੇ ਨਹੀਂ, ਸਿਵ ਨੇ ਉਤਪੰਨ ਕੀਤਾ । ਕਥਾ ਅਨੁਸਾਰ ਕੁਝ ਦੇਵਤਿਆਂ ਤੇ ਰਿਸ਼ੀਆਂ ਨੇ ਸ਼ਿਵ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਇਕ ਅਜਿਹਾ ਪ੍ਰਤਿਭਾਸ਼ਾਲੀ ਜੀਵ ਉਤਪੰਨ ਕਰੇ, ਜੋ ਲੋਕਾਂ ਨੂੰ ਪਾਪ ਕਰਨ ਤੋਂ ਵਰਜੇ । ਸ਼ਿਵ ਵਿਸਮਾਦ ਅਵਸਥਾ ਵਿਚ ਆ ਗਏ ਤੇ ਉਨ੍ਹਾਂ ਦੇ ਤੇਜਸਵੀ ਮੁਖੜੇ ਤੋਂ ਇਕ ਦੈਵੀ ਸਰੂਪ ਵਾਲਾ ਕਲਾਧਾਰੀ ਬਾਲਕ ਨਿੰਮਿਆ, ਜਿਸ ਦੀ ਸੰਦਰਤਾ ਵੇਖ ਕੇ ਸਭ ਦੇਵਤੇ ਚਕ੍ਰਿਤ ਰਹਿ ਗਏ । ਪਾਰਬਤੀ ਨੇ, ਈਰਖਾ ਨਾਲ, ਇਸ ਬਾਲਕ ਨੂੰ ਸਰਾਪ ਦਿਤਾ । ਉਹ ਉਸੇ ਵੇਲੇ ਕਰੂਪ, ਵਡੀ ਗੋਗੜ ਵਾਲਾ, ਤੇ ਹਾਥੀ ਦੀ ਨੁਹਾਰ ਗ੍ਰਹਿਣ ਕਰ ਗਿਆ । ਸ਼ਿਵ ਜੀ ਨੇ ਬਾਲਕ ਦੀ ਸ਼ਕਲ ਤਾਂ ਨਾ ਬਦਲੀ ਪਰ ਵਰ ਦਿਤਾ ਕਿ ਉਹ ਸਭ ਗਣਾਂ ਦਾ ਮੁਖੀਆ ਤੇ ਦੇਵਤਿਆਂ ਵਿਚੋਂ ਮਹਾਨ ਹੋਵੇਗਾ ਅਤੇ ਹਰੇਕ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਲੋਕੀਂ ਉਸਦੀ ਅਰਾਧਨਾ ਕਰਨਗੇ ।

ਗਣੇਸ਼ ਨੂੰ ਏਕ-ਦੰਸ਼ਟ੍ ਭਾਵ ਇਕ ਦੰਦੀ ਵਾਲਾ ਵੀ ਕਿਹਾ ਜਾਂਦਾ ਹੈ । ਕਥਾ ਹੈ ਕਿ ਇਕ ਵਾਰ ਪਰਸਰਾਮ, ਜੋ ਵਿਸ਼ਨੂੰ ਦੇ ਅਵਤਾਰ ਸਨ, ਸ਼ਿਵ ਜੀ ਨੂੰ ਕੈਲਾਸ ਪਰਬਤ 'ਤੇ ਮਿਲਣ ਲਈ ਗਏ । ਉਦੋਂ ਸ਼ਿਵ ਜੀ ਨਿੰਦਰਾ ਅਵਸਥਾ ਵਿਚ ਸਨ । ਗਣੇਸ਼ ਦੁਵਾਰ ਉਤੇ ਪਹਿਰਾ ਦੇ ਰਿਹਾ ਸੀ । ਉਸਨੇ ਪਰਸਰਾਮ ਨੂੰ ਅੰਦਰ ਜਾਣੋਂ ਰੋਕਦਿਆਂ ਨਿਰਾਦਰੀ ਭਰੇ ਸ਼ਬਦ ਵਰਤੇ, ਜਿਸ 'ਤੇ ਦੋਹਾਂ ਵਿਚ ਝਗੜਾ ਹੋ ਗਿਆ । ਗਣੇਸ਼ ਨੇ ਪਰਸਰਾਮ ਨੂੰ ਆਪਣੀ ਸੁੰਡ ਵਿਚ ਵਲ੍ਹੇਟ ਕੇ ਅਜਿਹੀ ਭੁਆਂਟਣੀ ਦਿਤੀ, ਕਿ ਉਸਨੂੰ ਸੁੱਧ ਬੁੱਧ ਹੀ ਨਾ ਰਹੀ । ਹੋਸ਼ ਆਉਣ ਤੇ ਪਰਸਰਾਮ ਨੇ ਗਣੇਸ਼ ਉਤੇ ਆਪਣੇ ਕੁਹਾੜੇ ਨਾਲ ਧਾਵਾ ਬੋਲਿਆ । ਗਣੇਸ਼ ਨੇ ਇਸ ਖ਼ਿਆਲ ਨਾਲ, ਕਿ ਇਹ ਕੁਹਾੜਾ ਉਸ ਦੇ ਪਿਤਾ ਦਾ ਹੀ ਦਿਤਾ ਹਥਿਆਰ ਹੈ, ਜੋ ਉਨ੍ਹਾਂ ਨੇ ਵਿਸ਼ਨੂੰ ਨੂੰ ਪਰਸਰਾਮ ਦਾ ਅਵਤਾਰ ਧਾਰਨ ਸਮੇਂ ਦਿਤਾ ਸੀ, ਇਸ ਕੁਹਾੜੇ ਦਾ ਆਦਰ ਕਰਦਿਆਂ ਵਾਰ ਨੂੰ ਹਲੀਮੀ ਨਾਲ ਇਕ ਦੰਦ ਉਤੇ ਝਲ ਲਿਆ । ਫਲਸਰੂਪ ਇਕ ਦੰਦ ਟੁਟ ਗਿਆ । ਪਾਰਬਤੀ ਨੇ ਕਰੋਧ ਵਿਚ ਆ ਕੇ, ਇਸ ਦਾ ਬਦਲਾ ਲੈਣਾ ਚਾਹਿਆ । ਪਰ ਬ੍ਰਹਮਾ ਦੇਵਤੇ ਨੇ ਬਚਨ ਦਿਤਾ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ ਗਣੇਸ਼ ਨੂੰ ਬਾਕੀ ਸਭ ਦੇਵਤੇ ਪੂਜਿਆ ਕਰਨਗੇ ।

ਗਣੇਸ਼ ਦੀਆਂ ਦੋ ਪਤਨੀਆਂ ਸਿੱਧੀ ਤੇ ਬੁੱਧੀ ਹਨ । ਇਸ ਦਾ ਭਰਾ ਕਾਰਤਕਿਆ ਵੀ ਇਨ੍ਹਾਂ ਨਾਲ ਵਿਆਹ ਕਰਨਾ ਚਾਹੁੰਦਾ ਸੀ । ਦੋਹਾਂ ਨੇ ਇਹ ਸ਼ਰਤ ਮਿਥੀ ਕਿ ਜਿਹੜਾ ਦੁਨੀਆਂ ਦਾ ਚੱਕਰ ਸਭ ਤੋਂ ਪਹਿਲਾਂ ਲਗਾ ਕੇ ਪਹੁੰਚੇ, ਉਹ ਹੀ ਇਨ੍ਹਾਂ ਨਾਲ ਵਿਆਹ ਕਰ ਲਏ । ਗਣੇਸ਼ ਤੇ ਕਾਰਤਕਿਆ ਦੋਵੇਂ ਇਕਠੇ ਨਿਕਲੇ, ਪਰ ਜਦੋਂ ਕਾਰਤਕਿਆ ਦੁਨੀਆਂ ਦਾ ਚੱਕਰ ਪੂਰਾ ਕਰਕੇ ਇਨ੍ਹਾਂ ਮੁਟਿਆਰਾਂ ਕੋਲ ਪੁਜਿਅ ਤਾਂ ਗਣੇਸ਼ ਉਥੇ ਪਹਿਲਾਂ ਹੀ ਪਹੁੰਚ ਕੇ ਉਨ੍ਹਾਂ ਨਾਲ ਵਿਆਹ ਕਰਵਾ ਚੁਕਾ ਸੀ ।

ਗਣੇਸ਼ ਬਾਰੇ ਇਕ ਜਨਮ-ਕਥਾ ਲੋਕਾਂ ਵਿਚ ਇਉਂ ਪ੍ਰਚਲਤ ਹੈ । ਸ਼ਿਵ ਜੀ ਜਦੋਂ ਤੇਰਾਂ ਸਾਲ ਬਨਬਾਸ ਵਿਚ ਗੁਜ਼ਰ ਗਏ ਤਾਂ ਪਾਰਬਤੀ ਨੂੰ ਕਿਸੇ ਨੇ ਖ਼ਬਰ ਦਿਤੀ ਕਿ ਉਹ ਜਪ ਤਪ ਪੂਰਾ ਕਰਕੇ ਵਾਪਸ ਘਰ ਆ ਰਹੇ ਹਨ । ਪਾਰਬਤੀ ਬੜੀ ਪ੍ਰਸੰਨ ਹੋਈ ਤੇ ਵਿਜੋਗ ਦੀ ਅਵਸਥਾ ਵਿਚ ਬਸਤਰ ਤਿਆਗ ਕੇ ਸਵਾਗਤ ਦੀਆਂ ਤਿਆਰੀਆਂ ਕਰਨ ਲੱਗੀ । ਇਨ੍ਹਾਂ ਤੇਰਾਂ ਸਾਲਾਂ ਵਿਚ ਪਾਰਬਤੀ ਨੇ ਇਸ਼ਨਾਨ ਨਹੀਂ ਸੀ ਕੀਤਾ, ਉਸਨੇ ਵਟਣੇ ਨਾਲ ਆਪਣੇ ਸਰੀਰ ਨੂੰ ਸਾਫ਼ ਕੀਤਾ । ਮੈਲ ਦਾ ਜੋ ਢੇਰ ਲੱਗਾ, ਉਸ ਨਾਲ ਉਸਨੇ ਇਕ ਲੜਕੇ ਦਾ ਸਰੀਰ ਬਣਾਇਆ ਤੇ ਆਪਣੇ ਦੁਵਾਰ ਦੇ ਬਾਹਰ ਪਹਿਰੇ 'ਤੇ ਬਿਠਾ ਇਸ਼ਨਾਨ ਕਰਨ ਲਗੀ । ਪਾਰਬਤੀ ਨੇ ਬਾਲਕ ਨੂੰ ਕਿਹਾ ਕਿ ਉਹ ਅੰਦਰ ਕਿਸੇ ਨੂੰ ਨਾ ਆਉਣ ਦੇਵੇ । ਜਦੋਂ ਸ਼ਿਵ ਆਸ਼ਰਮ ਉਤੇ ਪੁਜੇ ਅਤੇ ਕੁਟੀਆ ਅੰਦਰ ਜਾਣ ਲਗੇ ਤਾਂ ਬਾਲਕ ਨੇ ਰੋਕਿਆ । ਸ਼ਿਵ ਦੇ ਪੁੱਛਣ ਉਤੇ ਉਸ ਦਸਿਆ ਕਿ ਉਹ ਪਾਰਬਤੀ ਦਾ ਬਾਲਕ ਹੈ, ਤਾਂ ਸ਼ਿਵ ਨੂੰ ਗੁੱਸਾ ਚੜ੍ਹ ਗਿਆ

ਤੇ ਕਹਿਣ ਲਗੇ--ਤੂੰ ਪਾਰਬਤੀ ਦਾ ਬਾਲਕ ਨਹੀਂ ਹੋ ਸਕਦਾ, ਉਹ ਮੇਰੀ ਇਸਤ੍ਰੀ ਹੈ ਤੇ ਪਤੀਬ੍ਰਤ ਧਰਮ ਵਿਚ ਪਰਪੱਕ ਹੈ। ਤੇ ਉਨ੍ਹਾਂ ਤ੍ਰਿਸ਼ੂਲ ਨਾਲ ਗਣੇਸ਼ ਦਾ ਸਿਰ ਧੜ ਨਾਲੋਂ ਵਖ ਕਰ ਦਿਤਾ।

ਪਾਰਬਤੀ ਇਸ਼ਨਾਨ ਕਰ ਚੁਕੀ, ਤਾਂ ਉਸ ਸ਼ਿਵ ਨੂੰ ਪੁਛਿਆ, "ਤੁਹਾਨੂੰ ਅੰਦਰ ਆਉਣ ਤੋਂ ਕਿਸੇ ਰੋਕਿਆ ਨਹੀਂ ?" ਸ਼ਿਵ ਨੇ ਸਾਰੀ ਗੱਲ ਦੱਸੀ, ਜਿਸ ਨੂੰ ਸੁਣ ਕੇ ਪਾਰਬਤੀ ਬੇਹੋਸ਼ ਹੋ ਗਈ। ਸ਼ਿਵ ਨੇ ਅੰਮ੍ਰਿਤ ਦੇ ਛੱਟੇ ਮਾਰ ਕੇ ਪਾਰਬਤੀ ਨੂੰ ਸੁਰਜੀਤ ਕੀਤਾ ਤੇ ਪਾਰਬਤੀ ਨੇ ਬਾਲਕ ਲਈ ਦਇਆ ਦਾ ਦਾਨ ਮੰਗਿਆ। ਪਰ ਬਾਲਕ ਦਾ ਸਿਰ ਤ੍ਰਿਸ਼ੂਲ ਨਾਲ ਰੇਜ਼ਾ ਰੇਜ਼ਾ ਹੋ ਗਿਆ ਸੀ। ਸੋ, ਉਹ ਸਿਰ ਲੈਣ ਲਈ ਬਾਹਰ ਨਿਕਲੇ, ਪਰ ਉਨ੍ਹਾਂ ਨੇ ਕਿਸੇ ਮਾਂ ਦਾ ਹਿਰਦਾ ਨਾ ਤੋੜਨਾ ਚਾਹਿਆ। ਤੇ ਅਖੀਰ ਇਕ ਹਾਥੀ ਦੇ ਬੱਚੇ ਦਾ ਸਿਰ ਕਟਿਆ, ਕਿਉਂ ਜੋ ਹੱਥਨੀ ਆਪਣੇ ਬੱਚੇ ਤੋਂ ਵਖ ਹੋ ਕੇ ਹਾਥੀ ਨਾਲ ਭੋਗ ਕਰ ਰਹੀ ਸੀ। ਸ਼ਿਵ ਨੇ ਬਾਲਕ ਦੇ ਸਿਰ ਉਤੇ ਹਾਥੀ ਦਾ ਸਿਰ ਲਗਾ ਦਿਤਾ।

### (ਗ-43) ਗਣੇਸ਼-ਅੰਨ :

ਫ਼ਸਲ ਕੱਟਣ ਸਮੇਂ ਬ੍ਰਾਹਮਣਾਂ ਨੂੰ ਦਾਨ ਦੇ ਤੌਰ ਉਤੇ ਦਿਤਾ ਜਾਣ ਵਾਲਾ, ਬੋਹਲ ਦਾ ਹਿੱਸਾ। ਦੇਵਤਿਆਂ ਦੀ ਪ੍ਰਸੰਨਤਾ ਲਈ ਫ਼ਸਲ ਵਿਚ ਧਰਮ-ਅਰਥ ਦਾਨ। ਦੀਵਾਨ ਸਾਵਣ ਮਲ ਦੇ ਵੇਲੇ, ਮੁਲਤਾਨ ਦੇ ਇਲਾਕੇ ਵਿਚ, ਸਰਕਾਰ ਫ਼ਸਲ ਕੱਟਣ ਵੇਲੇ ਕਿਸਾਨ ਤੋਂ ਕੁਝ ਅੰਨ, ਕਰ ਵਜੋਂ ਵਸੂਲ ਕਰ ਕੇ ਬ੍ਰਾਹਮਣਾਂ ਨੂੰ ਦਿਤਾ ਕਰਦੀ ਸੀ।

### (ਗ-44) ਗਣੇਸ਼ ਗੱਦੀ :

1. ਨਰਮ ਆਸਣ ਜਿਸ ਉਤੇ ਹਟਵਾਣੀਆ ਬੈਠ ਕੇ ਚੀਜ਼ਾਂ ਵਸਤਾਂ ਵੇਚਦਾ ਹੈ। ਗੱਦੀ ਨੂੰ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ ਅਤੇ ਜੁੱਤੀ ਜਾਂ ਕੋਈ ਹੋਰ ਅਪਵਿਤ੍ਰ ਚੀਜ਼ ਗੱਦੀ ਨਾਲ ਛੁਹਣਾ ਅਸ਼ੁਭ ਹੈ। ਗੱਦੀ ਨਾਲ ਕਈ ਤਰ੍ਹਾਂ ਦੇ ਭਰਮ-ਵਹਿਮ ਵੀ ਜੁੜੇ ਹੋਏ ਹਨ। ਜੇ ਗੱਦੀ ਉਤੇ ਸਵੇਰੇ ਬੈਠਣੀ ਤੋਂ ਪਹਿਲਾਂ ਕੋਈ ਚਿੜੀ ਬੈਠ ਜਾਵੇ ਤਾਂ ਉਸ ਦਿਨ ਚੋਖੀ ਵਿਕਰੀ ਹੁੰਦੀ ਹੈ। ਜੇ ਕਿਸੇ ਦੀ ਗੱਦੀ ਨਾਲੋਂ ਟਾਕੀ ਫਾੜ ਕੇ ਕੋਈ ਹਟਵਾਣੀਆ ਆਪਣੀ ਗੱਦੀ ਨਾਲ ਟਾਂਕ ਲਏ ਤਾਂ ਜਿਸ ਦੀ ਗੱਦੀ ਤੋਂ ਟਾਕੀ ਫਾੜੀ ਸੀ, ਉਸਦੀ ਵਿਕਰੀ ਘਟੇਗੀ ਤੇ ਉਸਦੀ ਆਪਣੀ ਵਧੇਗੀ। ਧਾਰਨਾ ਹੈ ਕਿ ਗੱਦੀ ਦੁਆਲੇ ਧੂਪ ਧੁਖਾਣ ਤੇ ਦੀਵੇ ਨਾਲ ਗੱਦੀ ਦੀ ਆਰਤੀ ਉਤਾਰਨ ਨਾਲ ਵਿਕਰੀ ਵਧਦੀ ਹੈ। ਕਈ ਹਟਵਾਣੀਏ ਗੱਦੀ ਉਤੇ ਬੈਠਣ ਤੋਂ ਪਹਿਲਾਂ ਕੁਝ ਹਰੇ ਪੱਤੇ ਹਥ ਲੈਂਦੇ ਹਨ, ਜਿਸ ਨੂੰ 'ਗੱਦੀ ਹਰੀ ਕਰਨਾ' ਕਹਿੰਦੇ ਹਨ ਤੇ ਇਸ ਧਾਰਨਾ ਅਨੁਸਾਰ ਦੁਕਾਨਦਾਰੀ ਚਮਕਦੀ ਹੈ।

2. ਕਿਸੇ ਫ਼ਕੀਰ ਜਾਂ ਸਾਧੂ-ਸੰਤ ਦੇ ਬੈਠਣ ਦੀ ਥਾਂ। ਇਹ ਗੱਦੀ ਅਧਿਆਤਮਕ ਕਣੀ ਵਾਲੀ ਤੇ ਬੜੀ ਪਵਿਤ੍ਰ ਮੰਨੀ ਗਈ ਹੈ ਅਤੇ ਇਸ ਦੀ ਧੂੜ ਮੱਥੇ ਤੇ ਲਗਾਣ ਨਾਲ ਅਧਿਆਤਮਕ ਸ਼ਕਤੀ ਗ੍ਰਹਿਣ ਹੁੰਦੀ ਤੇ ਰੋਗ ਨਸ਼ਟ ਹੁੰਦੇ ਹਨ। ਕਈ ਰੋਗੀ ਕਿਸੇ ਫ਼ਕੀਰ ਦੀ ਗੱਦੀ ਉਤੇ ਹੱਥ ਫੇਰ ਕੇ ਰੋਗ ਵਾਲੀ ਥਾਂ ਉਤੇ ਲਗਾਂਦੇ ਹਨ। ਨਿਸਚਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਰੋਗ ਦੂਰ ਹੋ ਜਾਂਦਾ ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ।

ਕਈ ਫ਼ਕੀਰਾਂ ਤੇ ਪੀਰਾਂ ਦੀਆਂ ਗੱਦੀਆਂ ਉਨ੍ਹਾਂ ਦੇ ਚਲਾਣਾ ਕਰਨ ਮਗਰੋਂ ਕਾਇਮ ਰਹਿੰਦੀਆਂ ਹਨ ਅਤੇ ਉਨ੍ਹਾਂ ਦੇ ਮਗਰੋਂ ਉਨ੍ਹਾਂ ਦੇ ਚੇਲੇ ਗੱਦੀ ਉਤੇ ਬੈਠਦੇ ਤੇ ਪਰੰਪਰਾ ਨੂੰ ਅਗੇ ਤੋਰਦੇ ਹਨ। ਪੰਜਾਬ ਵਿਚ ਸਭ ਤੋਂ ਪੁਰਾਣੀ ਗੱਦੀ ਬਾਬਾ ਫ਼ਰੀਦ ਸ਼ਕਰਗੰਜ ਦੀ ਹੈ, ਜੋ ਹੁਣ ਪਾਕਪਟਨ ਵਿਚ ਕਾਇਮ ਹੈ। ਪਛਮੀ ਪੰਜਾਬ ਵਿਚ ਜੋਗੀਆਂ ਤੇ ਕਈ ਹਿੰਦੂ ਸਾਧੂਆਂ ਦੀਆਂ ਗੱਦੀਆਂ ਕਾਇਮ ਸਨ, ਜੋ ਦੇਸ਼-ਵੰਡ ਮਗਰੋਂ ਖ਼ਤਮ ਹੋ ਗਈਆਂ ਹਨ। ਪੂਰਬੀ ਪੰਜਾਬ ਵਿਚ ਕਈ ਗੱਦੀਆਂ ਅਖਾੜਿਆਂ ਤੇ ਡੇਰਿਆਂ ਦੇ ਰੂਪ ਵਿਚ ਮਿਲਦੀਆਂ ਹਨ।

### (ਗ-45) ਗਣੇਸ਼ ਗੀਤਾ :

ਭਗਵਤ ਗੀਤਾ ਦਾ ਹੀ ਇਕ ਰੂਪਾਂਤਰ, ਜਿਸ ਵਿਚ ਕ੍ਰਿਸ਼ਨ ਦੇ ਨਾਉਂ ਦੀ ਥਾਂ ਗਣੇਸ਼ ਦਾ ਨਾਉਂ ਆਉਂਦਾ ਹੈ। ਇਸ ਗੀਤਾ ਵਿਚ ਗਣੇਸ਼ ਦਾ ਏਕੀਕਰਣ ਪ੍ਰਮਾਤਮਾ ਨਾਲ ਕੀਤਾ ਗਿਆ ਹੈ ਤੇ ਗਣੇਸ਼ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤੋਂ ਉਪਰ ਮੰਨਿਆ ਗਿਆ ਹੈ। ਗਣੇਸ਼ ਦੀ ਉਪਾਸ਼ਨਾ ਕਰਨ ਵਾਲੀ ਸੰਪਰਦਾਇ, ਜੋ ਗਣਪਤਯ ਨਾਉਂ ਨਾਲ ਪ੍ਰਸਿਧ ਹੈ, ਇਸ ਗੀਤਾ ਨੂੰ ਆਪਣਾ ਧਾਰਮਿਕ ਗ੍ਰੰਥ ਮੰਨਦੀ ਹੈ।

### (ਗ-46) ਗਣੇਸ਼ ਚੱਕਰ :

ਗਣੇਸ਼ ਦੇਵਤੇ ਦਾ ਮੰਤ੍ਰ ਚੱਕਰ, ਜਿਸ ਨੂੰ ਗਣੇਸ਼ ਦੇ ਉਪਾਸ਼ਕ ਆਟੇ ਅਤੇ ਸੰਧੂਰ ਨਾਲ, ਭੋਇੰ ਉਤੇ ਬਣਾ ਕੇ ਪੂਜਦੇ ਹਨ। ਧਰਤੀ ਨੂੰ ਗੋਹੇ ਤੇ ਮਿੱਟੀ ਦੇ ਲੇਪਣ ਨਾਲ ਅਥਵਾ ਗੰਗਾ ਜਲ ਦੇ ਛੱਟਿਆਂ ਨਾਲ, ਸਾਫ਼ ਕਰ ਲਿਆ ਜਾਂਦਾ ਹੈ ਫਿਰ ਉਸ ਉਤੇ ਆਟੇ ਤੇ ਸੰਧੂਰ ਨਾਲ ਗਣੇਸ਼ ਚੱਕਰ ਉਲੀਕਿਆ ਜਾਂਦਾ ਹੈ। ਇਹ ਚੱਕਰ ਕੰਵਲ ਦੀ ਸ਼ਕਲ ਦਾ ਹੁੰਦਾ ਹੈ। ਪਹਿਲਾਂ ਅੱਠ ਜਾਂ ਬਾਰਾਂ ਕੰਵਲ ਦੀਆਂ ਪੰਖੜੀਆਂ ਬਣਾ ਲਈਆਂ ਜਾਂਦੀਆਂ ਹਨ ਤੇ ਫਿਰ ਉਸਦੇ

ਅੰਦਰ ਇਕ ਹੋਰ ਚੱਕਰ ਬਣਾ ਕੇ, ਉਸ ਵਿਚ ਇਕ ਦੂਜੇ ਨੂੰ ਕਟਦੀਆਂ, ਦੋ ਤ੍ਰਿਕੋਣਾਂ ਬਣਾ ਲਈਆਂ ਜਾਂਦੀਆਂ ਹਨ।

ਇਸ ਚੱਕਰ ਦੀ ਉਪਾਸ਼ਨਾ ਕਰਨ ਲਗਿਆਂ ਇਕ ਵਿਸ਼ੇਸ਼ ਮੰਤ੍ਰ ਦਾ ਉਚਾਰਨ ਕੀਤਾ ਜਾਂਦਾ ਹੈ–''ਗੰ ਸਵਹਸ਼ ਕੀ ਕਮਲਸਾਸਨਾਯ ਨਮੋ।''

ਪੂਜਾ ਕਰਨ ਲਗਿਆਂ ਜਿਸ ਆਸਣ ਉਤੇ ਉਪਾਸ਼ਕ ਬੈਠਦਾ ਹੈ, ਉਸਦੇ ਹੇਠਾਂ ਸਵਾਸਤਿਕ ਦਾ ਚਿੰਨ੍ਹ ਉਲੀਕ ਲੈਂਦਾ ਹੈ।

(ਗ–47) **ਗਣੇਸ਼ ਚੌਥ** :

ਗਣੇਸ਼ ਚੌਥ ਨੂੰ ਹੀ, ਸ਼ਿਵ ਨੇ ਹਾਥੀ ਦਾ ਸਿਰ ਕਟ ਕੇ, ਗਣੇਸ਼ ਦੇ ਧੜ ਉਤੇ ਟਿਕਾ ਕੇ ਮੁੜ ਸੁਰਜੀਤ ਕੀਤਾ ਸੀ। ਇਸੇ ਕਰਕੇ ਗਣੇਸ਼ ਦੇਵਤੇ ਦੇ ਉਪਾਸ਼ਕ ਇਸ ਤਿੱਥ ਨੂੰ ਬੜਾ ਮਹੱਤਵ ਦੇਂਦੇ ਹਨ। ਇਹ ਤਿੱਥ ਭਾਦਰੋਂ ਦੇ ਚਾਨਣੇ ਪੱਖ ਦੀ ਚੌਥ ਨੂੰ ਪੈਂਦੀ ਹੈ। ਇਸ ਦਿਨ ਗਣੇਸ਼ ਦੀ ਮੂਰਤੀ ਪੂਜੀ ਜਾਂਦੀ ਤੇ ਵਰਤ ਰਖਿਆ ਜਾਂਦਾ ਹੈ।

ਉਪਾਸ਼ਕ, ਇਸ ਤਿੱਥ ਨੂੰ ਸਰਘੀ ਵੇਲੇ ਇਸ਼ਨਾਨ ਕਰਦੇ ਹਨ। ਘਰ ਦੀ ਕਿਸੇ ਨੁਕਰ ਵਿਚ ਗੋਹੇ ਦਾ ਲੇਪਣ ਦੇ ਕੇ, ਕੋਰੇ ਘੜੇ ਵਿਚ ਪਾਣੀ ਭਰ ਕੇ ਰਖਦੇ ਹਨ। ਘੜੇ ਦਾ ਮੂੰਹ ਕਿਸੇ ਨਵੇਂ ਕਪੜੇ ਨਾਲ ਢੱਕ ਦਿਤਾ ਜਾਂਦਾ ਹੈ। ਉਸ ਉਪਰ ਵਿਤ ਮੁਜਬ ਚਾਂਦੀ, ਤਾਂਬੇ, ਮਿੱਟੀ ਜਾਂ ਗੋਹੇ ਦੀ ਮੂਰਤੀ ਸਥਾਪਿਤ ਕੀਤੀ ਜਾਂਦੀ ਹੈ ਤੇ ਫਿਰ ਗਣੇਸ਼ ਵਲ ਧਿਆਨ ਧਰਕੇ ਸੋਲ੍ਹਾਂ ਉਪਚਾਰ ਵਾਲੀ ਪੂਜਾ ਕੀਤੀ ਜਾਂਦੀ ਹੈ।

ਪੂਜਾ ਸਮੇਂ ਗਣੇਸ਼ ਦੇ ਦਸ ਨਾਵਾਂ ਦਾ ਜਾਪ ਕੀਤਾ ਜਾਂਦਾ ਹੈ,- ਜੋ ਇਸ ਪ੍ਰਕਾਰ ਹਨ—ਗਜਾਨਨ, ਗਜ-ਵਦਨ, ਕਰਿਮੁਖ, ਹੇਰੰਬ, ਉਮਾ-ਪੁੱਤਰ, ਵਿਘਨੇਸ਼, ਦਿਵੇਦੇਹ, ਦੇਵਮਾਤ੍ਰ, ਏਕ-ਦੰਸ਼ਟ੍ਰ, ਤੇ ਵਿਨਾਇਕ। ਇਹ ਸਭ ਨਾਉਂ ਗਣੇਸ਼ ਦੀਆਂ ਹੀ ਉਪਾਧੀਆਂ ਹਨ। ਪੂਜਾ ਵੇਲੇ ਵੇਸਣ ਦੇ ਲੱਡੂ ਗਣੇਸ਼ ਨੂੰ ਭੇਟ ਕੀਤੇ ਜਾਂਦੇ ਹਨ। ਪੰਜ ਲੱਡੂ ਮੂਰਤੀ ਦੇ ਲੇਖੇ, ਪੰਜ ਬ੍ਰਾਹਮਣ ਨੂੰ ਤੇ ਬਾਕੀ ਲੱਡੂ, ਪ੍ਰਵਾਰ ਦੇ ਜੀਆਂ ਵਿਚ ਵੰਡ ਦਿਤੇ ਜਾਂਦੇ ਹਨ। ਗਣੇਸ਼ ਦੀ ਜਨਮ ਕਥਾ ਵੀ ਸੁਣਾਈ ਜਾਂਦੀ ਹੈ।

ਗਣੇਸ਼-ਚੌਥ ਵਾਲੇ ਦਿਨ, ਨਵੇਂ ਚੰਦਰਮੇ ਦੇ ਪਹਿਲੀ ਵਾਰ ਦਰਸ਼ਨ ਕਰਨੇ ਅਸ਼ੁਭ ਹਨ। ਧਾਰਨਾ ਹੈ ਕਿ ਜੇ ਕੋਈ ਅਣਜਾਣੇ ਹੀ ਇਸ ਤਿੱਥ ਚੰਦਰਮੇ ਨੂੰ ਵੇਖ ਲਏ ਤਾਂ ਉਸਦੇ ਮੱਥੇ ਸਾਲ ਦੇ ਅੰਦਰ ਕੋਈ ਝੂਠਾ ਕਲੰਕ ਲਗੇਗਾ। ਕਹਿੰਦੇ ਹਨ ਕ੍ਰਿਸ਼ਨ ਨੇ ਗਣੇਸ਼ ਚੌਥ ਵਾਲੇ ਦਿਨ ਚੰਦਰਮਾ ਵੇਖਿਆ ਸੀ, ਫਲਸਰੂਪ ਉਨ੍ਹਾਂ ਦੇ ਮੱਥੇ ਸਤਰਾਜਿਤ ਦੀ ਮਣੀ ਚੁਰਾਣ ਦਾ ਝੂਠਾ ਕਲੰਕ ਲਗਾ ਸੀ। ਕਲੰਕ ਤੋਂ ਬਚਣ ਦਾ ਉਪਾ ਇਹ ਹੈ ਕਿ ਅਗਲੇ ਦਿਨ ਗਵਾਂਢੀਆਂ ਦੇ ਘਰ ਰਾਤ ਵੇਲੇ ਪੱਥਰ ਸੁਟ ਕੇ, ਉਨ੍ਹਾਂ ਨਾਲ ਬਿਨ ਮਤਲਬ ਦੇ ਝਗੜਾ ਮੁੱਲ ਲੈ ਲਿਆ ਜਾਵੇ ਤੇ ਉਨ੍ਹਾਂ ਤੋਂ ਗਾਲ੍ਹਾਂ ਖਾ ਲਈਆਂ ਜਾਣ।

ਗਣੇਸ਼ ਚੌਥ ਨੂੰ ਚੰਦਰਮਾ ਵੇਖਣਾ ਅਸ਼ੁਭ ਕਿਉਂ ਹੈ? ਇਸ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ: ਇਕ ਵਾਰ ਗਣੇਸ਼ ਬ੍ਰਹਮ-ਲੋਕ ਵਿਚੋਂ ਪਰਤਦਿਆਂ ਚੰਦਰ-ਲੋਕ ਵਿਚੋਂ ਦੀ ਲੰਘ ਰਿਹਾ ਸੀ। ਪੈਰਾਂ ਨੂੰ ਠੇਢਾ ਲਗਣ ਨਾਲ, ਉਹ ਸਿਰ ਦੇ ਭਾਰ ਮੂਧਾ ਜਾ ਪਿਆ। ਇਹ ਦ੍ਰਿਸ਼ ਵੇਖ ਕੇ ਚੰਦਰਮੇ ਦਾ ਹਾਸਾ ਨਿਕਲ ਗਿਆ। ਗਣੇਸ਼ ਨੇ ਕਰੋਧ ਵਿਚ ਆ ਕੇ ਚੰਦਰਮੇ ਨੂੰ ਸਰਾਪ ਦਿਤਾ ਕਿ ਜਿਹੜਾ ਚੰਦਰਮੇ ਵਲ ਵੇਖੇਗਾ ਉਸਦੇ ਮੱਥੇ ਕਲੰਕ ਲਗੇਗਾ। ਸੋ ਚੰਦਰਮੇ ਦੇ ਚੜ੍ਹਦੇ ਸਾਰ ਦੇਵਤਿਆਂ ਅਤੇ ਮਾਤ ਲੋਕ ਦੇ ਜੀਵਾਂ ਨੇ ਆਪਣੇ ਮੂੰਹ ਛੁਪਾਣੇ ਸ਼ੁਰੂ ਕਰ ਦਿਤੇ। ਚੰਦਰਮਾ ਬੜਾ ਲਜਿਤ ਹੋਇਆ ਤੇ ਉਹ ਕੰਵਲ ਫੁੱਲ ਵਿਚ ਛੁਪ ਕੇ ਬੈਠ ਗਿਆ। ਸਭ ਦੇਵਤੇ ਬ੍ਰਹਮਾ ਕੋਲ ਗਏ ਤੇ ਇਸ ਸੰਕਟ ਤੋਂ ਬਚਣ ਦਾ ਉਪਾ ਪੁਛਣ ਲਗੇ। ਬ੍ਰਹਮਾ ਨੇ ਚੰਦਰਮਾ ਨੂੰ ਸਲਾਹ ਦਿਤੀ ਕਿ ਉਹ ਗਣੇਸ਼ ਦੀ ਅਰਾਧਨਾ ਕਰੇ ਤੇ ਉਸ ਨਮਿਤ ਵਰਤ ਰਖੇ। ਜਦੋਂ ਗਣੇਸ਼ ਪ੍ਰਗਟ ਹੋਵੇ ਤਾਂ ਉਸ ਤੋਂ ਖਿਮਾਂ ਮੰਗੇ। ਚੰਦਰਮਾ ਨੇ ਇਸੇ ਤਰ੍ਹਾਂ ਕੀਤਾ। ਗਣੇਸ਼ ਨੇ ਪਹਿਲਾ ਸਰਾਪ ਤਾਂ ਵਾਪਸ ਲੈ ਲਿਆ ਪਰ ਕਿਹਾ ਕਿ ਸਾਲ ਵਿਚ ਸਿਰਫ ਇਕ ਦਿਨ ਗਣੇਸ਼ ਚੌਥ ਨੂੰ, ਜਿਹੜਾ ਚੰਦਰਮਾ ਦਾ ਦਰਸ਼ਨ ਕਰੇਗਾ ਉਸਦੇ ਮੱਥੇ ਕਲੰਕ ਲਗੇਗਾ।

(ਗ–48) **ਗਣੇਸ਼ ਦਾ ਚੱਕਰ** :

ਗਣੇਸ਼ ਦੇ ਉਪਾਸ਼ਕ ਅਸਥੀਆਂ ਤੇ ਰਾਖ ਨੂੰ ਗੰਗਾ ਵਿਚ, ਪ੍ਰਵਾਹ ਕਰਨ ਤੋਂ ਪਹਿਲਾਂ, ਗਣੇਸ਼ ਦੇ ਦਾਇਰੇ ਵਿਚ ਰਖਦੇ ਹਨ। ਦਰਿਆ ਦੇ ਘਾਟ ਜਿਥੇ ਅਸਥੀਆਂ ਸੁਟੀਆਂ ਜਾਂਦੀਆਂ ਹਨ, ਅਨੇਕਾਂ ਪ੍ਰੋਹਿਤ ਗਣੇਸ਼ ਦੇ ਚੱਕਰ ਬਣਾ ਕੇ ਬੈਠੇ ਹੁੰਦੇ ਹਨ। ਉਹ ਮੰਤ੍ਰਾਂ ਦਾ ਉੱਚਾਰਨ ਕਰਦਿਆਂ ਹੋਇਆਂ, ਇਨ੍ਹਾਂ ਦਾਇਰਿਆਂ ਵਿਚ ਦੀਵੇ ਰਖਕੇ ਬਾਲਦੇ ਹਨ।

ਇਹ ਦਾਇਰੇ ਜੁਮੈਟਰੀ ਦੀ ਇਕ ਖਾਸ ਸ਼ਕਲ ਵਾਂਗ ਹੁੰਦੇ ਹਨ, ਜੋ ਸੰਦਲ ਦੇ ਬੂਰੇ, ਮਾਂਹ ਦੀ ਦਾਲ ਤੇ ਗੁਲਾਲ ਨਾਲ ਬਣਾਏ ਜਾਂਦੇ ਹਨ। ਇਹ ਦਾਇਰੇ, ਇਕ ਫੁਟ ਚੌੜੇ ਤੇ ਦੋ ਫੁਟ ਲੰਮੇ ਪਰ ਗੋਲ ਆਕਾਰ ਦੇ ਹੁੰਦੇ ਹਨ ਤੇ ਇਨ੍ਹਾਂ ਵਿਚ ਨੁਕਰਾਂ ਉਤੇ ਗੁਲਾਲ ਦੇ ਧੂੜੇ ਨਾਲ 'ਓਮ' ਜਾਂ ਕੋਈ ਹੋਰ ਅੱਖਰ ਲਿਖਿਆ ਹੁੰਦਾ ਹੈ। ਦਾਇਰੇ ਦੇ ਵਿਚਕਾਰ ਗਣੇਸ਼ ਦੀ ਮੂਰਤੀ ਬਣਾਈ ਜਾਂਦੀ ਹੈ ਤੇ ਉਸ ਮੂਰਤੀ ਦੇ ਮੱਥੇ ਉਤੇ ਤੇਲ ਦੀਆਂ ਇਕ ਦੋ ਧਾਰਾਂ ਡੋਲ੍ਹ ਦਿਤੀਆਂ ਜਾਂਦੀਆਂ ਹਨ (ਪਿਉ ਪੁੱਤਰ, 287)। ਇਨ੍ਹਾਂ ਦਾਇਰਿਆਂ

ਵਿਚ ਅਸਥੀਆਂ ਤੇ ਰਾਖ ਪ੍ਰਵਾਹਣ ਆਏ ਹਿੰਦੂ ਅਸਥੀਆਂ ਤੇ ਰਾਖ ਦੀ ਪੋਟਲੀ ਉਲਟ ਦੇਂਦੇ ਹਨ। ਪੰਡਤ ਮੰਤਰਾਂ ਦਾ ਉਚਾਰਨ ਕਰਦਾ ਇਸ ਉਤੇ ਗੰਗਾ ਜਲ ਦੇ ਛੱਟੇ ਮਾਰਦਾ ਹੈ। ਗੰਗਾ ਮਾਈ ਦੀ ਪੰਜ ਵਾਰ 'ਜੈ ਬੋਲ ਕੇ' ਤੇ ਹਰ ਵਾਰ ਨਮਸਕਾਰ ਕਰਕੇ, ਇਹ ਅਸਥੀਆਂ ਤੇ ਰਾਖ ਗੰਗਾ ਵਿਚ ਪ੍ਰਵਾਹ ਕਰ ਦਿਤੀ ਜਾਂਦੀ ਹੈ, ਫਿਰ ਚੜ੍ਹਦੇ ਵਲ ਮੂੰਹ ਕਰਕੇ ਪਾਣੀ ਉਛਾਲਿਆ ਜਾਂਦਾ ਹੈ।

(ਗ-49) **ਗਣੇਸ਼ ਪੁਰਾਣ** :

ਇਕ ਉਪ-ਪੁਰਾਣ, ਜਿਸ ਵਿਚ ਗਣੇਸ਼ ਦੀ ਪੁਰਾਣਿਕ ਕਥਾ ਤੇ ਮਹਿਮਾ ਹੈ। ਇਸ ਗ੍ਰੰਥ ਵਿਚ, ਗਣੇਸ਼ ਨੂੰ, ਬਾਕੀ ਸਭ ਦੇਵਤਿਆਂ—ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਤੋਂ ਵਧ ਮਾਨ ਪ੍ਰਤਿਸ਼ਠਾ ਦਾ ਸਵਾਮੀ ਮੰਨਿਆ ਗਿਆ ਹੈ। ਗਣਪਤੀ ਧਰਮੀ ਇਸ ਗ੍ਰੰਥ ਦਾ ਬੜਾ ਆਦਰ ਕਰਦੇ ਹਨ।

(ਗ-50) **ਗਣੇਸ਼ ਪੂਜਾ** :

ਹਿੰਦੂਆਂ ਵਿਚ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਗਣੇਸ਼ ਦੀ ਮੂਰਤੀ ਦੀ ਪੂਜਾ ਕਰਨ ਦੀ ਪ੍ਰਥਾ ਹੈ। ਹਿੰਦੂ ਹਟਵਾਣੀਏਂ ਤਾਂ ਆਪਣੀ ਦੁਕਾਨ ਖੋਲ੍ਹਦਿਆਂ ਸਭ ਤੋਂ ਪਹਿਲਾਂ ਗਣੇਸ਼ ਦੀ ਪੂਜਾ ਕਰਦੇ ਤੇ ਉਸਦੀ ਮੂਰਤੀ ਅਗੇ ਧੂਪ ਧੁਖਾਂਦੇ ਤੇ ਫਿਰ ਕਿਸੇ ਗਾਹਕ ਨੂੰ ਸੌਦਾ ਦੇਂਦੇ ਹਨ। ਨਵੇਂ ਵਹੀ ਖਾਤੇ ਸ਼ੁਰੂ ਕਰਨ ਤੋਂ ਪਹਿਲਾਂ, ਮੁਢਲੇ ਪੰਨੇ ਉਤੇ ਗਣੇਸ਼ ਦਾ ਚਿਤ੍ਰ ਬਣਾਇਆ ਜਾਂਦਾ ਹੈ। ਚਿਤ੍ਰ ਹੇਠ 'ਗਣੇਸ਼ ਨਮਹ' ਲਿਖਿਆ ਜਾਂਦਾ ਹੈ।

ਕਈ ਸਨਾਤਨੀ ਹਿੰਦੂ ਸਫ਼ਰ ਅਰੰਭ ਕਰਨ ਤੋਂ ਪਹਿਲਾਂ ਗਣੇਸ਼ ਦੀ ਮੂਰਤੀ ਪੂਜਦੇ ਤੇ ਉਸ ਅਗੇ ਧੂਪ ਦੀਪ ਜਗਾਂਦੇ ਹਨ ਤਾਂ ਜੋ ਪੰਧ ਸੁਹੇਲਾ ਰਹੇ। ਧਾਰਮਿਕ ਰਹੁ-ਰੀਤੀਆਂ ਤੇ ਸੰਸਕਾਰ ਸਮੇਂ ਵੀ ਹਿੰਦੂਆਂ ਵਿਚ ਹੋਰ ਦੇਵਤਿਆਂ ਤੋਂ ਪਹਿਲਾਂ ਗਣੇਸ਼ ਦੀ ਪੂਜਾ ਕੀਤੀ ਜਾਂਦੀ ਹੈ।

'ਗਣੇਸ਼ ਚੌਥ' ਨੂੰ ਗਣੇਸ਼ ਦਾ ਜਨਮ ਪੁਰਬ ਹੋਣ ਕਰਕੇ, ਗਣੇਸ਼ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ ਤੇ ਵਰਤ ਰਖਿਆ ਜਾਂਦਾ ਹੈ। ਕਈ ਉਪਾਸ਼ਕ ਹਰ ਮਹੀਨੇ ਚੰਨ ਦੇ ਕ੍ਰਿਸ਼ਨਾ ਪੱਖ ਤੇ ਚਾਨਣ ਪੱਖ ਦੀ ਚੋਥੀ ਤਿੱਥ ਨੂੰ ਵਰਤ ਰਖਦੇ ਹਨ। ਮਾਘ, ਸਾਵਣ, ਭਾਦਰੋਂ ਤੇ ਮਘਰ ਦੇ ਮਹੀਨੇ ਦੀਆਂ 'ਚੌਥ' ਦੀਆਂ ਤਿੱਥਾਂ ਦਾ ਖ਼ਾਸ ਮਹਾਤਮ ਹੈ।

(ਗ-51) **ਗਣੇਸ਼ ਮੰਦਰ** :

ਗਣੇਸ਼ ਦਾ ਇਕ ਮੰਦਰ ਹਰਦੁਆਰ ਵਿਚ ਸਥਿਤ ਹੈ, ਜੋ ਸਭ ਤੋਂ ਪ੍ਰਾਚੀਨ ਮੰਦਰ ਮੰਨਿਆ ਗਿਆ ਹੈ। ਰਵਾਇਤ ਹੈ ਕਿ ਇਥੇ ਗਣੇਸ਼ ਦਾ ਮੂਲ ਸਰੀਰ ਅਸਥਾਪਨ ਸੀ ਅਤੇ ਪਹਿਲੇ ਤਿੰਨ ਜੁੱਗਾਂ ਵਿਚ ਇਥੇ ਗਣੇਸ਼ ਸਾਖਿਆਤ ਦਰਸ਼ਨ ਦਿਤਾ ਕਰਦੇ ਸਨ, ਪਰ ਕਲਜੁਗ ਵਿਚ ਉਹ ਸਮਾਧੀ ਵਿਚ ਅਜਿਹੇ ਲੀਨ ਹੋਏ ਕਿ ਮੂਰਤੀ ਬਣ ਕੇ ਰਹਿ ਗਏ।

(ਗ-52) **ਗਣੇਸ਼ੀ** :

ਦੇਸ਼ ਵੰਡ ਤੋਂ ਪਹਿਲਾਂ ਮੁਲਤਾਨ ਜ਼ਿਲੇ (ਪਾਕਿਸਤਾਨ) ਵਿਚ ਰਹਿੰਦੇ ਹਿੰਦੂ ਫ਼ਸਲਾਂ ਦੀ ਵਾਢੀ ਤੇ ਗਾਹ ਗਾਹਣ ਤੋਂ ਬਾਅਦ ਕੁਝ ਅੰਨ ਇਲਾਕੇ ਦੇ ਕਿਸੇ ਮੰਦਰ ਜਾਂ ਮੱਠ ਨੂੰ ਭੇਟਾ ਕਰਦੇ ਸਨ, ਇਸ ਭੇਟ ਨੂੰ 'ਗਣੇਸ਼ੀ' ਕਿਹਾ ਜਾਂਦਾ ਸੀ।

ਅਨਾਜ ਨੂੰ ਵੰਡਣ ਤੋਂ ਪਹਿਲਾਂ ਕੁਝ ਅੰਨ ਪੀਰਾਂ ਫ਼ਕੀਰਾਂ ਤੇ ਖ਼ਾਨਗਾਹਾਂ ਲਈ ਵੀ ਵਖਰਾ ਰਖ ਲਿਆ ਜਾਂਦਾ ਸੀ। ਖ਼ਾਨਗਾਹਾਂ ਨੂੰ ਭੇਟ ਕੀਤੇ ਅੰਨ ਨੂੰ 'ਲੱਟਾ' ਅਤੇ ਮੁੱਲਾ ਨੂੰ ਦਾਨ ਕੀਤੇ ਅੰਨ ਨੂੰ 'ਜੱਖ' ਕਹਿੰਦੇ ਸਨ। ਇਹ ਭੇਟਾਵਾਂ ਸਭ ਧਾਰਮਿਕ ਸਥਾਨਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਦਿਤੀਆਂ ਜਾਂਦੀਆਂ ਸਨ, ਭਾਵੇਂ ਖਲਵਾੜਾ ਕਿਸੇ ਹਿੰਦੂ ਦਾ ਹੋਵੇ ਤੇ ਭਾਵੇਂ ਮੁਸਲਮਾਨ ਦਾ।

(ਗ-53) **ਗਦਾ** :

ਵਿਸ਼ਨੂੰ ਦਾ ਪ੍ਰਸਿਧ ਸ਼ਸਤ੍ਰ ਜਿਸ ਨਾਲ ਉਹ ਵੈਰੀਆਂ ਤੇ ਦੁਸ਼ਟਾਂ ਦਾ ਨਾਸ ਕਰਦਾ ਹੈ। ਗੁਰਜ ਦੀ ਸ਼ਕਲ ਦਾ, ਇਹ ਹਥਿਆਰ ਵਿਸ਼ਕਰਮਾ ਨੇ ਗਦਾ ਸੁਰ ਦੀਆਂ ਹੱਡੀਆਂ ਤੋਂ ਬਣਾਇਆ ਸੀ। ਵਾਯੂ ਪੁਰਾਣ ਅਨੁਸਾਰ ਹੇਤਿਰਕ ਨਾਉਂ ਦਾ ਅਸੁਰ ਰਾਜਾ, ਬ੍ਰਹਮਾ ਤੋਂ ਵਰ ਪ੍ਰਾਪਤ ਕਰਕੇ ਅਜਿਤ ਹੋ ਗਿਆ ਤੇ ਦੇਵਤਿਆਂ ਨੂੰ ਕਸ਼ਟ ਦੇਣ ਲਗਾ। ਦੇਵਤੇ ਰਖਿਆ ਲਈ ਵਿਸ਼ਨੂੰ ਪਾਸ ਗਏ ਤਾਂ ਵਿਸ਼ਨੂੰ ਨੇ ਉਨ੍ਹਾਂ ਤੋਂ ਕਿਸੇ ਕਰੜੇ ਹਥਿਆਰ ਦੀ ਮੰਗ ਕੀਤੀ। ਗਦਾਸੁਰ ਦੀਆਂ ਹੱਡੀਆਂ ਲੋਹੇ ਵਾਂਗ ਮਜ਼ਬੂਤ ਸਨ, ਦੇਵਤਿਆਂ ਨੇ ਉਸ ਦੀਆਂ ਹੱਡੀਆਂ ਮੰਗੀਆਂ ਤੇ ਵਿਸ਼ਕਰਮਾ ਨੇ ਉਨ੍ਹਾਂ ਹੱਡੀਆਂ ਤੋਂ ਇਕ ਅਦਭੁਤ ਹਥਿਆਰ ਤਿਆਰ ਕੀਤਾ, ਜਿਸ ਦਾ ਨਾਉਂ ਗਦਾ ਰਖਿਆ ਗਿਆ। ਵਿਸ਼ਨੂੰ ਨੇ ਇਸੇ ਹਥਿਆਰ ਨਾਲ 'ਹੇਤੀ' ਨੂੰ ਮਾਰਿਆ।

ਗਦਾ ਨੂੰ ਹਨੂਮਾਨ, ਭੀਮ, ਦੁਰਯੋਧਨ ਵਰਗੇ ਯੋਧਿਆਂ ਨੇ ਧਾਰਨ ਕੀਤਾ। ਚੰਡੀ ਦੇਵੀ ਨੇ ਵੀ ਯੁੱਧ ਵਿਚ ਗਦਾ ਬੜੀ ਪ੍ਰਵੀਨਤਾ ਨਾਲ ਵਰਤਿਆ। ਇਹ ਹਥਿਆਰ ਮੂਸਲ ਦੀ ਸ਼ਕਲ ਦਾ ਹੁੰਦਾ ਹੈ। ਇਸਦੇ ਇਕ ਸਿਰੇ ਉਤੇ ਲੋਹੇ ਦਾ ਗੋਲਾ ਜਿਹਾ ਬਣਿਆ ਹੁੰਦਾ ਹੈ। ਪਹਿਲਿਆਂ ਵਿਚ ਇਸ ਗੋਲੇ ਉਤੇ ਸ਼ੇਰ, ਗਰੜ, ਕੰਵਲ ਫੁੱਲ ਜਾਂ ਰੇਖਾ ਚਿਤ੍ਰ ਉਕਰੇ ਹੁੰਦੇ ਸਨ। ਗਦਾ ਦੀ ਲੰਬਾਈ ਛੇ ਸਤ ਫੁਟ ਦੇ ਕਰੀਬ ਹੁੰਦੀ ਸੀ। ਗਦਾ ਨੂੰ ਚਲਾਉਣ ਦੇ ਕਈ ਪੈਂਤਰੇ ਤੇ ਦਾਓ ਪੇਚ ਹੁੰਦੇ ਹਨ। ਇਕ ਕਥਨ ਅਨੁਸਾਰ ਚਾਲੀ

ਦਾਓ ਪੇਚ ਹੁੰਦੇ ਹਨ। ਗਦਾ ਚਲਾਉਣ ਵਿਚ ਹਨੂਮਾਨ ਤੇ ਭੀਮ ਸਭ ਤੋਂ ਵਧ ਕੁਸ਼ਲ ਸਨ।

(ਗ-54) **ਗਦਾਸੁਰ** :

ਗਦ ਨਾਂ ਦਾ ਇਕ ਅਸੁਰ, ਜਿਸ ਦੀਆਂ ਹੱਡੀਆਂ ਵਜਰ-ਵਾਂਗ ਮਜ਼ਬੂਤ ਸਨ। ਵਾਯੂ ਪੁਰਾਣ ਅਨੁਸਾਰ ਵਿਸ਼ਨੂੰ ਦੇਵਤਾ ਦਾ ਗਦਾ ਸ਼ਸਤ੍ਰ ਇਸੇ ਅਸੁਰ ਦੀਆਂ ਹੱਡੀਆਂ ਦਾ ਬਣਿਆ ਹੋਇਆ ਸੀ। ਇਸ ਸ਼ਸਤ੍ਰ ਨੂੰ ਵਿਸ਼ਕਰਮਾ ਨੇ ਬਣਾਇਆ ਸੀ।

(ਗ-55) **ਗੰਦਾਲ** :

ਇਕ ਦੇਵ, ਜਿਸ ਦਾ ਜ਼ਿਕਰ ਸ਼ਾਹ ਬਹਿਰਾਮ ਦੇ ਕਿੱਸੇ ਵਿਚ ਆਉਂਦਾ ਹੈ। ਇਸ ਦੇਵ ਨੇ ਸ਼ਾਹ ਬਹਿਰਾਮ ਦੀ ਮਦਦ ਕੀਤੀ ਸੀ :

'ਗੰਦਾਲ' ਕਰੇਗਾ ਖ਼ਿਦਮਤ ਤੇਰੀ ਤੇ ਸਭ ਖ਼ਾਤਰਦਾਰੀ।

(ਗ-56) **ਗੱਦੀ ਕਬੀਲਾ** :

(ਵੇਖੋ : ਹਿਮਾਚਲ ਪ੍ਰਦੇਸ਼)।

(ਗ-57) **ਗੰਦੌੜਾ** :

ਮਿੱਠੀ ਰੋਟੀ ਜਾਂ ਟਿੱਕੀ ਜੋ ਪਹਿਲਿਆਂ ਵਿਚ ਵਿਆਹ ਵੇਲੇ, ਭਾਜੀ ਵਜੋਂ ਬਰਾਦਰੀ ਵਿਚ ਵੰਡੀ ਜਾਂਦੀ ਸੀ। ਦੀਰਘ ਆਯੂ ਭੋਗ ਕੇ ਮਰੇ ਬਜ਼ੁਰਗ ਦੀ ਕਿਰਿਆ ਵਾਲੇ ਦਿਨ ਵੀ ਮਿੱਠੀ ਰੋਟੀ ਵੰਡਣ ਦੀ ਪ੍ਰਥਾ ਹੈ। ਧਾਰਨਾ ਹੈ ਕਿ ਗੰਦੌੜਾ ਖਾਣ ਵਾਲਾ ਸ਼ਖ਼ਸ ਵੀ ਲੰਮੀ ਆਯੂ ਭੋਗ ਕੇ ਮਰਦਾ ਹੈ। ਗੰਦੌੜਾ ਵੰਡਣ ਦੀ ਕਿਰਿਆ ਨੂੰ 'ਗੰਦੌੜਾ ਫੇਰਨਾ' ਕਿਹਾ ਜਾਂਦਾ ਹੈ।

(ਗ-58) **ਗੰਧਕ** :

ਇਕ ਦੇਵ, ਜਿਸ ਦਾ ਜ਼ਿਕਰ ਸ਼ਾਹ ਬਹਿਰਾਮ ਦੇ ਕਿੱਸੇ ਵਿਚ ਆਉਂਦਾ ਹੈ :

ਗੰਧਕ ਨਾਮ ਭਰਾ ਹੈ ਸਾਡਾ ਸਾਥੀ ਹੈ ਉਹ ਭਾਰਾ।

(ਗ-59) **ਗੰਧ-ਮਾਦਨ** :

1. ਰਾਮਾਇਣ ਦਾ ਇਕ ਪਾਤਰ; ਰਾਮ ਚੰਦਰ ਦੀ ਬਾਂਦਰ ਸੈਨਾ ਦਾ ਇਕ ਮੁੱਖੀਆ, ਜਿਸ ਨੂੰ ਰਾਵਣ ਦੇ ਪੁਤਰ ਇੰਦਰਜੀਤ ਨੇ ਮਾਰ ਦਿਤਾ ਸੀ। ਹਨੂਮਾਨ ਨੇ ਕੈਲਾਸ਼ ਪਰਬਤ ਤੋਂ, ਜੋ ਸੰਜੀਵਨੀ ਬੂਟੀ ਲਿਆਂਦੀ ਸੀ, ਉਸਦੇ ਅਸਰ ਨਾਲ ਇਹ ਮੁੜ ਸੁਰਜੀਤ ਹੋ ਗਿਆ ਸੀ।

2. ਪੁਰਾਣਾਂ ਅਨੁਸਾਰ ਇਕ ਪਹਾੜ ਜੋ ਸੁਮੇਰ ਪਰਬਤ ਦੇ ਦੱਖਣ ਵਲ ਸਥਿਤ ਹੈ, ਇਸ ਪਹਾੜ ਦੇ ਨਾਲ ਜੋ ਜੰਗਲ ਹੈ ਉਸ ਵਿਚ ਬੜੀ ਅਨੂਠੀ ਤੇ ਅਸੱਤ ਕਰ ਦੇਣ ਵਾਲੀ ਮਹਿਕ ਆਉਂਦੀ ਰਹਿੰਦੀ ਹੈ, ਜਿਸ ਕਰਕੇ ਇਸਦਾ ਨਾਂ ਗੰਧ-ਮਾਦਨ ਪੈ ਗਿਆ।

(ਗ-60) **ਗੰਧ ਮ੍ਰਿਗ** :

ਉਹ ਮਿਰਗ, ਜਿਸਦੀ ਧੁੰਨੀ ਵਿਚੋਂ ਕਸਤੂਰੀ ਨਿਕਲਦੀ ਹੈ, ਇਸਨੂੰ 'ਕਸਤੂਰਾ' ਹਿਰਨ ਵੀ ਕਹਿੰਦੇ ਹਨ। ਇਹ ਹਿਰਨ ਬੜਾ ਸ਼ੁਭ ਤੇ ਕਲਿਆਨਕਾਰੀ ਮੰਨਿਆ ਜਾਂਦਾ ਹੈ। ਜੋਗੀ ਇਸਨੂੰ ਆਦਰ ਦੇਂਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਕਸਤੂਰੀ ਕਿਸੇ ਪਹੁੰਚੇ ਹੋਏ ਜੋਗੀ ਦਾ ਹੀ ਰੂਪ ਹੁੰਦਾ ਹੈ (ਵੇਖੋ : ਕਸਤੂਰਾ)।

(ਗ-61) **ਗੰਧਰਵ** :

ਪੁਰਾਣਾਂ ਅਨੁਸਾਰ ਦੇਵ ਲੋਕ ਦੇ ਗਾਇਕ ਤੇ ਸੰਗੀਤਕਾਰ ਜੋ ਆਪਣੀ ਕਲਾ ਦੁਆਰਾ ਦੇਵਤਿਆਂ ਦਾ ਮਨੋਰੰਜਨ ਕਰਦੇ ਹਨ। ਗੰਧਰਵਾਂ ਦੀ ਉਤਪਤੀ ਬਾਰੇ ਪੁਰਾਣਾਂ ਵਿਚ ਵਿਭਿੰਨ ਕਥਾਵਾਂ ਮਿਲਦੀਆਂ ਹਨ। ਇਕ ਪੌਰਾਣਿਕ ਕਥਾ ਅਨੁਸਾਰ ਗੰਧਰਵ ਕਸ਼ਯਪ ਰਿਸ਼ੀ ਦੀ ਸੰਤਾਨ ਹਨ ਜੋ ਉਸਦੀ ਪਤਨੀ ਅਰਸ਼ਿਟਾ ਦੀ ਕੁਖੋਂ ਜੰਮੇ। ਇਕ ਹੋਰ ਕਥਾ ਅਨੁਸਾਰ ਇਹ ਕਣਵ ਰਿਸ਼ੀ ਦੀ ਉਲਾਦ ਹਨ, ਜੋ ਦਖਸ਼ ਦੀਆਂ ਦੋ ਵਖ ਵਖ ਧੀਆਂ 'ਮੁਨੀ' ਤੇ 'ਪ੍ਰਧ' ਦੇ ਕੁਖੋਂ ਜੰਮੇ। ਹਰੀਵੰਸ਼ ਅਨੁਸਾਰ ਗੰਧਰਵ ਬ੍ਰਹਮਾ ਦੀ ਨਾਸ ਵਿਚੋਂ ਪੈਦਾ ਹੋਏ।

ਅਥਰਵ ਵੇਦ ਵਿਚ ਗੰਧਰਵਾਂ ਦੀ ਗਿਣਤੀ 6333 ਦਸੀ ਗਈ ਹੈ। ਨਾਰਦ ਮੁਨੀ ਨੂੰ ਗੰਧਰਵਾਂ ਦਾ ਪ੍ਰਧਾਨ ਮੰਨਿਆ ਗਿਆ ਹੈ, ਜੋ ਵੀਣਾ ਵਜਾਂਦੇ ਹੋਏ ਤ੍ਰੈਲੋਕੀ ਵਿਚ ਵਿਚਰਦੇ ਰਹਿੰਦੇ ਹਨ। ਗੰਧਰਵਾਂ ਵਿਚੋਂ ਅਠ ਗੰਧਰਵਾਂ ਨੂੰ ਖ਼ਾਸ ਪ੍ਰਸਿਧਤਾ ਪ੍ਰਾਪਤ ਹੈ। ਇਨ੍ਹਾਂ ਦੇ ਨਾਂ ਹਨ—ਹਾਹਾ, ਹੂਹੂ, ਚਿਤ੍ਰਥ, ਤੰਬੁਰ, ਹੰਸ, ਵਿਸ਼ਵਾਵਸ, ਨੰਦੀ ਤੇ ਗੋਮਾਯ। ਹਾਹਾ ਤੇ ਹੂਹੂ ਇੰਦ੍ਰ ਸਭਾ ਦੇ ਗਵਈਏ ਹਨ। ਇਨ੍ਹਾਂ ਨੂੰ ਆਪਣੀ ਕਲਾ ਤੇ ਵਿਦਿਆ ਦਾ ਅਭਿਮਾਨ ਹੋ ਗਿਆ ਸੀ। ਦੇਵਲ ਰਿਖੀ ਦੇ ਸਰਾਪ ਕਾਰਨ ਇਹ ਦੋਵੇਂ ਗਜਰਾਜ ਅਤੇ ਤੰਦੂਆ ਬਣੇ। ਚਿਤ੍ਰਥ ਕੁਬੇਰ ਦੇ ਬਾਗ਼ਾਂ ਦੀ ਦੇਖਭਾਲ ਕਰਦਾ ਹੈ। ਤੰਬੁਰ ਨੇ ਸੰਸਾਰ ਦੇ ਲੋਕਾਂ ਨੂੰ ਸੰਗੀਤ ਸਿਖਾਇਆ ਅਤੇ ਇਹ ਸੰਸਾਰ ਦਾ ਸਭ ਤੋਂ ਪਹਿਲਾ ਗਾਇਕ ਮੰਨਿਆ ਗਿਆ ਹੈ। ਤੰਬੁਰ ਨਾਂ ਦਾ ਸਾਜ਼ ਇਸੇ ਗੰਧਰਵ ਨੇ ਬਣਾ ਕੇ ਸੰਸਾਰ ਨੂੰ ਦਿਤਾ। ਵਿਸ਼ਵਾਵਸ ਗੰਧਰਵ ਹਰ ਨਵੀਂ ਵਿਆਹੀ ਕੁੜੀ ਦੇ ਜੀਵਨ ਵਿਚ ਸੰਗੀਤ ਦਾ ਰਸ ਘੋਲ ਕੇ ਸੁਖ ਸ਼ਾਂਤੀ ਪੈਦਾ ਕਰਦਾ ਹੈ।

ਗੰਧਰਵ ਦੇਵ ਲੋਕ ਦੀ ਜਿਸ ਨਗਰੀ ਵਿਚ ਵਾਸਾ

ਕਰਦੇ ਹਨ, ਉਸਨੂੰ 'ਗੰਧਰਵ ਨਗਰੀ' ਕਿਹਾ ਜਾਂਦਾ ਹੈ। ਇਹ ਨਗਰੀ ਬੜੀ ਵਚਿਤ੍ਰ ਅਤੇ ਅਦਭੁਤ ਹੈ। ਇਕ ਪਲ ਇਹ ਜਗਮਗ ਕਰਦੀ ਅਕਾਸ਼ ਵਿਚ ਵਿਖਾਈ ਦੇਂਦੀ ਹੈ ਤੇ ਦੂਜੇ ਪਲ ਅਲੋਪ ਹੋ ਜਾਂਦੀ ਹੈ। ਇਸ ਨਗਰੀ ਵਿਚ ਸੁੱਖ ਦੇ ਸਾਰੇ ਸਾਧਨ ਹਨ।

ਗੰਧਰਵ ਇੰਦਰ ਦੇ ਦਰਬਾਰ ਦੇ ਗਵਈਏ ਹਨ। ਸੰਗੀਤ ਸਮੇਂ ਇਨ੍ਹਾਂ ਦਾ ਸਾਥ ਅਪੱਛਰਾ ਦੇਂਦੀਆਂ ਹਨ। ਅਪੱਛਰਾਂ ਗੰਧਰਵਾਂ ਦੀਆਂ ਪਤਨੀਆਂ ਹਨ। ਗੰਧਰਵ ਆਪਣੇ ਮਨ-ਪਸੰਦ ਦੀ ਅਪੱਛਰਾ ਨਾਲ ਵਿਆਹ ਕਰਦੇ ਹਨ। ਗੰਧਰਵਾਂ ਦਾ ਇਕ ਹੋਰ ਕਰਤੱਵ ਸੋਮ-ਰਸ ਨੂੰ ਤਿਆਰ ਕਰਕੇ ਦੇਵਤਿਆਂ ਨੂੰ ਭੇਟ ਕਰਨਾ ਹੈ।

ਸੰਸਾਰ ਵਿਚ ਜਿਤਨੀਆਂ ਵੀ ਤੀਵੀਆਂ ਬ੍ਰਹਮਾ ਨੇ ਉਤਪੰਨ ਕੀਤੀਆਂ ਹਨ, ਉਨ੍ਹਾਂ ਸਭਨਾਂ ਉਪਰ ਗੰਧਰਵਾਂ ਦਾ ਪੂਰਾ ਅਧਿਕਾਰ ਰਹਿੰਦਾ ਹੈ। ਤੀਵੀਆਂ ਦੀ ਖ਼ੁਸ਼ੀ ਗੰਧਰਵਾਂ ਉਪਰ ਨਿਰਭਰ ਕਰਦੀ ਹੈ, ਜੋ ਉਨ੍ਹਾਂ ਦੀ ਭਾਵਨਾਵਾਂ ਨੂੰ ਪਰੱਖੇ ਹੀ, ਉਤੇਜਿਤ ਕਰਦੇ ਰਹਿੰਦੇ ਹਨ। ਗੰਧਰਵ ਬੜੇ ਸੁੰਦਰ, ਸੁਨੱਖੇ ਤੇ ਮਨਮੋਹਣੇ ਹੁੰਦੇ ਹਨ। ਇਨ੍ਹਾਂ ਉਤੇ ਸਥਾਨ ਦੀ ਕੋਈ ਬੰਦਸ਼ ਨਹੀਂ। ਜੰਗਲ, ਪਹਾੜ, ਅਕਾਸ਼-ਮੰਡਲ ਵਿਚ ਜਿਥੇ ਚਾਹੁਣ ਪਲਾਂ ਵਿਚ ਪਹੁੰਚ ਸਕਦੇ ਹਨ। ਪੁਲਾੜ ਉਤੇ ਇਨ੍ਹਾਂ ਦਾ ਪੂਰਾ ਅਧਿਕਾਰ ਹੁੰਦਾ ਹੈ। ਗੋਲਡ ਸਦੂਕਰ ਗੰਧਰਵਾਂ ਨੂੰ ਸੂਰਜ ਦੀ ਜੋਤ ਦਾ ਮਾਨਵੀਕਰਣ ਮੰਨਦਾ ਹੈ।

(ਗ-62) **ਗੰਧਰਵ ਨਗਰੀ** :

ਦੇਵਲੋਕ ਵਿਚ ਇਕ ਨਗਰੀ ਜਿਥੇ ਗੰਧਰਵਾਂ ਦਾ ਵਾਸਾ ਮੰਨਿਆ ਗਿਆ ਹੈ। ਇਹ ਨਗਰੀ ਬੜੀ ਸੁੰਦਰ ਤੇ ਸੁਖ ਸਾਧਨਾ ਨਾਲ ਭਰਪੂਰ ਹੈ। ਕਦੇ ਕਦੇ ਇਹ ਨਗਰੀ ਅਕਾਸ਼ ਵਿਚ ਜਗਮਗਾਂਦੀ ਹੋਈ ਵਿਖਾਈ ਦੇਂਦੀ ਹੈ ਤੇ ਫਿਰ ਛਾਈਂ ਮਾਈਂ ਹੋ ਜਾਂਦੀ ਹੈ। ਇਸ ਨਗਰੀ ਨੂੰ ਹਰਿ ਚੰਦੌਰੀ ਕਹਿੰਦੇ ਹਨ।

(ਗ-63) **ਗੰਧਰਵ ਵਿਆਹ** :

ਸ਼ਾਸਤਰਾਂ ਨੇ ਅੱਠ-ਪ੍ਰਕਾਰ ਦੇ ਵਿਆਹ ਮੰਨੇ ਹਨ, ਜਿਨ੍ਹਾਂ ਵਿਚੋਂ ਇਕ ਕਿਸਮ ਗੰਧਰਵ ਵਿਆਹ ਦੀ ਹੈ। ਜਿਸ ਵਿਚ ਵਰ ਤੇ ਕੰਨਿਆਂ ਆਪਣੀ ਇੱਛਾ ਅਨੁਸਾਰ ਵਿਆਹ ਕਰ ਲੈਂਦੇ ਹਨ। ਸ਼ਕੁੰਤਲਾ ਨੇ ਦੁਸ਼ਯੰਤ ਰਾਜੇ ਨਾਲ, ਗੰਧਰਵ ਰੀਤੀ ਦੁਆਰਾ ਵਿਆਹ ਕੀਤਾ ਸੀ। ਇਸ ਵਿਆਹ ਦਾ ਨਾਂ ਗੰਧਰਵ, ਇੰਦਰ ਦੀ ਸਭਾ ਦੇ ਗਵਈਆਂ ਦੇ ਨਾਂ ਤੋਂ ਪਿਆ, ਜੋ ਆਪਣੀ ਮਨ-ਪਸੰਦ ਦੀ ਅਪਛਰਾ ਨਾਲ ਵਿਆਹ ਕਰਦੇ ਹਨ।

(ਗ-64) **ਗੰਧਰਵ ਵੇਦ** :

ਇਕ ਉਪ-ਵੇਦ, ਜਿਸ ਵਿਚ ਰਾਗ ਵਿਦਿਆ ਤੇ ਨਾਚ ਕਲਾ ਦਾ ਵਰਨਣ ਹੈ।

(ਗ-65) **ਗਧੀਲਾ, ਗੰਧੀਲਾ** :

ਖੋਤੇ ਪਾਲਨ ਵਾਲੀ ਇਕ ਖ਼ਾਨਾ-ਬਦੋਸ਼ ਜਾਤੀ; (ਵੇਖੋ : ਖ਼ਾਨਾਬਦੋਸ਼)।

(ਗ-66) **ਗਨਕਾ** :

ਇਕ ਵੇਸਵਾ; ਭਗਤੀ ਕਾਵਿ ਵਿਚ ਦੋ ਵੇਸਵਾਵਾਂ ਦੇ ਪ੍ਰਸੰਗਾਂ ਵਲ ਸੰਕੇਤ ਮਿਲਦੇ ਹਨ, ਜੋ ਨਾਮ ਅਭਿਆਸ ਵਿਚ ਲਗ ਕੇ ਮੁਕਤ ਹੋ ਗਈਆਂ। ਇਕ ਦਾ ਨਾਂ ਚੰਦ੍ਰਮਣੀ ਜਾਂ ਚੰਦ੍ਰਵਤੀ ਸੀ ਤੇ ਦੂਜੀ ਦਾ ਪਿੰਗਲਾ। ਚੰਦ੍ਰਵਤੀ ਦੇ ਮੁਕਤ ਹੋਣ ਦੀ ਕਥਾ ਇਸ ਪ੍ਰਕਾਰ ਹੈ : ਇਕ ਵਾਰ ਸਖ਼ਤ ਹਨੇਰੀ ਝੁੱਲੀ ਤੇ ਇਕ ਮਹਾਤਮਾ ਓਟ ਲੈਣ ਲਈ ਚੰਦ੍ਰਮਣੀ ਦੇ ਕੋਠੇ ਉਤੇ ਆ ਪਧਾਰੇ। ਚੰਦ੍ਰਮਣੀ ਨੇ ਮਹਾਤਮਾ ਨੂੰ ਬੜਾ ਆਦਰ ਮਾਣ ਦਿਤਾ।

ਜਾਣ ਲਗਿਆਂ ਮਹਾਤਮਾ ਨੇ ਚੰਦ੍ਰਮਣੀ ਨੂੰ ਇਕ ਤੋਤਾ ਦੇਂਦਿਆਂ ਕਿਹਾ ਕਿ ਉਹ ਇਸ ਨੂੰ 'ਰਾਮ ਨਾਮ' ਦਾ ਪਾਠ ਸਿਖਾਇਆ ਕਰੇ। ਤੋਤੇ ਨੂੰ ਰਾਮ ਨਾਮ ਸਿਖਾਂਦਿਆਂ ਚੰਦ੍ਰਮਣੀ ਦੇ ਅੰਦਰ ਭਗਤੀ ਭਾਵਨਾ ਜਾਗ ਪਈ ਤੇ ਉਸਨੇ ਪਾਪ ਦਾ ਮਾਰਗ ਤਿਆਗ ਦਿਤਾ—

ਸੁਆ ਪੜਾਵਤ ਗਨਿਕਾ ਤਰੀ,
ਸੋ ਹਰਿ ਨੈਨਹੁ ਕੀ ਪੂਤਰੀ। (ਗੋ: ਨਾਮਦੇਵ)

ਦੂਜੀ ਵੇਸਵਾ ਪਿੰਗਲਾ ਹੈ, ਜੋ ਰਾਜੇ ਜਨਕ ਦੀ ਨਗਰੀ ਵਿਚ ਰਹਿੰਦੀ ਸੀ। ਇਕ ਵਾਰ ਪਿੰਗਲਾ ਦੇ ਅੰਦਰੋਂ ਕਾਮ ਭਾਵਨਾ ਭੜਕ ਉਠੀ, ਪਰ ਕੋਈ ਕਰਮੀ ਪੁਰਖ ਉਸ ਦੀ ਚੇਸ਼ਟਾ ਪੂਰੀ ਕਰਨ ਲਈ ਨਾ ਆਇਆ। ਸਾਰੀ ਰਾਤ ਉਹ ਕਿਸੇ ਕਰਮੀ ਪੁਰਖ ਦੀ ਉਡੀਕ ਵਿਚ ਵਿਆਕੁਲ ਹੋਈ ਤੜਪਦੀ ਰਹੀ। ਓਦੋਂ ਇਸ ਨੇ ਆਪਣੇ ਮਨ ਦੇ ਅੰਦਰ ਝਾਤੀ ਮਾਰੀ ਤੇ ਉਸ ਨੂੰ ਸੋਝੀ ਹੋਈ ਕਿ ਕਾਮ ਨੂੰ ਇਤਨਾ ਜ਼ਿਆਦਾ ਭੋਗਣ ਦੇ ਬਾਵਜੂਦ ਵੀ, ਉਸ ਦੀ ਵਾਸ਼ਨਾ ਨਹੀਂ ਮੁਕੀ, ਜੇ ਉਹ ਪ੍ਰਭੂ ਵਿਚ ਲਿਵ ਜੋੜਦੀ ਤਾਂ ਉਸ ਦੀ ਅਜਿਹੀ ਅਵਸਥਾ ਨਾ ਹੁੰਦੀ। ਪਿੰਗਲਾ ਨੂੰ ਵੈਰਾਗ ਹੋ ਗਿਆ ਤੇ ਉਸ ਨੇ ਕਾਮੀ ਜੀਵਨ ਤਿਆਗ ਕੇ, ਪ੍ਰਭੂ ਭਗਤੀ ਵਲ ਮਨ ਜੋੜਿਆ। ਇਸੇ ਪਿੰਗਲਾ ਨੂੰ ਦਤਾਤ੍ਰੇਯ ਨੇ ਆਪਣਾ ਗੁਰੂ ਧਾਰਨ ਕੀਤਾ ਸੀ—

ਅਜਾਮਲ ਪਿੰਗਲਾ ਲੁਭਤੁ ਕੁੰਚਰੁ ਗਏ
ਹਰਿ ਕੇ ਪਾਸ। (ਕੇਦਾਰਾ ਰਵਦਾਸ)

(ਗ-67) **ਗੰਨਾ** :

ਗੰਨੇ ਦਾ, ਪੰਜਾਬ ਦੇ ਲੋਕ-ਜੀਵਨ ਵਿਚ ਮਹੱਤਵਪੂਰਨ ਸਥਾਨ ਹੈ। ਗੰਨੇ ਤੋਂ ਰਸ, ਗੁੜ, ਸ਼ਕਰ ਅਤੇ ਚੀਨੀ ਆਦਿ ਬਣਾਈ ਜਾਂਦੀ ਹੈ ਤੇ ਇਹ ਸਭ ਵਸਤਾਂ, ਸ਼ੁਭ ਜਾਣ ਕੇ ਰੀਤਾਂ ਵੇਲੇ ਸ਼ਗਨ ਵਜੋਂ ਵੰਡਣ ਦੀ ਪ੍ਰਥਾ ਹੈ। ਗੰਢ ਫੇਰਨ ਵੇਲੇ, ਵਿਆਹ ਦਾ ਸੱਦਾ ਦੇਣ ਲਗਿਆਂ ਗੁੜ/ਸ਼ਕਰ ਦੀ ਭਾਜੀ ਵੰਡੀ ਜਾਂਦੀ ਹੈ (ਵੇਖੋ : ਗੁੜ)। ਗੰਨੇ ਦੇ ਰਸ ਦੀ ਖੀਰ ਬਨਾਉਣ ਦਾ ਰਿਵਾਜ ਹੈ।

ਪੰਜਾਬ ਵਿਚ ਗੰਨੇ ਬੀਜਣ ਤੋਂ ਇਕ ਦਿਨ ਪਹਿਲਾਂ, ਗੰਨੇ ਦਾ ਉਤਪਾਦਨ ਵਧਾਉਣ ਲਈ ਇਕ ਉਚੇਚੀ ਰੀਤ ਕੀਤੀ ਜਾਂਦੀ ਹੈ। ਇਕ ਵਡੇ ਸਾਰੇ ਮਿੱਟੀ ਦੇ ਭਾਂਡੇ ਵਿਚ, ਮਿਠੇ ਚਾਵਲ ਰਿੰਨ੍ਹ ਕੇ ਖੇਤ ਵਿਚ ਲਿਆਂਦੇ ਜਾਂਦੇ ਹਨ। ਤੀਵੀਆਂ ਪਹਿਲਾਂ ਭਾਂਡੇ ਦੇ ਬਾਹਰਲੇ ਪਾਸੇ ਚਾਵਲਾਂ ਦਾ ਲੇਪਨ ਦੇਂਦੀਆਂ ਹਨ ਤੇ ਫਿਰ ਕਾਮਿਆਂ ਵਿਚ ਵੰਡ ਦੇਂਦੀਆਂ ਹਨ। ਅਗਲੇ ਦਿਨ ਘਰ ਦੀ ਕੋਈ ਵਡਿਕੀ ਸਵਾਣੀ, ਗਲ ਵਿਚ ਹਾਰ ਪਾ ਕੇ, ਖੇਤਾਂ ਦੇ ਦੁਆਲੇ ਤਕਲੇ ਉਤੇ ਧਾਗਾ ਵਲਦਿਆਂ ਹੋਇਆਂ ਘੁੰਮਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਗੰਨਾ ਮਜ਼ਬੂਤ ਤੇ ਸੰਘਣਾ ਹੁੰਦਾ ਹੈ। ਇਹ ਵਿਚਾਰ ਵੀ ਹੈ ਕਿ ਖੇਤ ਦੇ ਚਾਰੇ ਪਾਸੇ ਘੁੰਮਣ ਨਾਲ ਖੇਤ ਦੁਆਲੇ ਇਕ ਕਾਰ ਜਿਹੀ ਬਣ ਜਾਂਦੀ ਹੈ ਤੇ ਕੋਈ ਕਰੂਰ ਸ਼ਕਤੀ ਉਸਨੂੰ ਨੁਕਸਾਨ ਨਹੀਂ ਪਹੁੰਚਾਂਦੀ।

(ਗ-68) **ਗੱਪ** :

ਆਮ ਬੋਲ ਚਾਲ ਵਿਚ, ਗੱਪ ਵਧਾ ਚੜ੍ਹਾ ਕੇ ਆਖੀ ਕੋਈ ਗੱਲ ਲਈ ਵਰਤਿਆ ਜਾਂਦਾ ਹੈ। ਪਰ ਕੁਝ ਗੱਪਾਂ ਜਿਨ੍ਹਾਂ ਵਿਚ ਬ੍ਰਿਤਾਂਤਕ ਅੰਸ਼ ਲੋੜੀਂਦੀ ਮਾਤਰਾ ਵਿਚ ਹੁੰਦਾ ਹੈ, ਕਥਾਵਾਂ ਦੇ ਅੰਤਰਗਤ ਆ ਜਾਂਦੀਆਂ ਹਨ। ਗੱਲਾਂ ਦਾ ਰੋੜਕਾ ਪਾਈ ਰਖਣਾ ਪੰਜਾਬੀ ਸੁਭਾਵ ਹੈ ਅਤੇ ਪੰਜਾਬੀ 'ਖੰਭ ਦੀ ਚਿੜੀ' ਅਤੇ 'ਚਿੜੀ ਦੀ ਡਾਰ' ਬਨਾਉਣ ਵਿਚ ਖ਼ਾਸ ਤੌਰ ਤੇ ਆਨੰਦ ਲੈਂਦਾ ਹੈ। ਇਸੇ ਲੋਕ-ਬਿਰਤੀ ਨੇ ਗੱਪ ਨੂੰ ਇਕ ਵਖਰਾ ਕਥਾ-ਰੂਪ ਪ੍ਰਦਾਨ ਕੀਤਾ।

ਗੱਪ ਵਿਚ ਗੱਲ ਨੂੰ ਬਹੁਤ ਵਧਾ ਚੜ੍ਹਾ ਕੇ ਬਿਆਨ ਕੀਤਾ ਜਾਂਦਾ ਹੈ। ਕਈ ਵਾਰ ਤਾਂ ਸਾਰੇ ਪਸਾਰੇ ਦਾ ਕੋਈ ਸਿਰ ਪੈਰ ਨਹੀਂ ਹੁੰਦਾ। ਗੱਪ ਦੀ ਬਿਰਤੀ ਅਤਿ-ਕਥਨੀ ਵਾਲੀ ਹੁੰਦੀ ਹੈ, ਜੋ ਕਾਵਿ ਵਿਚ ਤਾਂ ਓਪਰੀ ਨਹੀਂ ਲਗਦੀ, ਪਰ ਕਹਾਣੀ ਵਿਚ ਵਸਤੂ-ਜਗਤ ਨਾਲੋਂ ਵਖਰੀ ਹੋਣ ਕਰਕੇ, ਵਚਿਤ੍ਰ ਅਤੇ ਅਦਭੁਤ ਲਗਦੀ ਹੈ। ਵਸਤੂ-ਜਗਤ ਨਾਲੋਂ ਟੁਟ ਕੇ, ਕਿਸੇ ਵਚਿਤ੍ਰ ਸੰਸਾਰ ਵਿਚ ਪ੍ਰਵੇਸ਼ ਕਰਨ ਦਾ ਆਪਣਾ ਲੁਤਫ਼ ਹੈ। ਨਿਰਮੂਲ ਦਾ ਰਸ ਗੱਪਾਂ ਦੁਆਰਾ ਹੀ ਮਾਣਿਆ ਜਾ ਸਕਦਾ ਹੈ। ਗੱਪ ਦਾ ਜਗਤ ਪਰੀ-ਕਥਾਵਾਂ ਦੇ ਅਲੌਕਿਕ ਸੰਸਾਰ ਨਾਲੋਂ ਵਖਰਾ ਹੁੰਦਾ ਹੈ। ਪਰੀ-ਕਥਾਵਾਂ ਸਾਨੂੰ ਇਕ ਅਜਿਹੇ ਅਦਭੁਤ ਜਗਤ ਵਿਚ ਲੈ ਜਾਂਦੀਆਂ ਹਨ, ਜੋ ਵਸਤੂ-ਜਗਤ ਨਾਲੋਂ ਭਿੰਨ ਹੈ, ਪਰ ਗੱਪਾਂ ਸਾਨੂੰ ਵਾਸਤਵਿਕ ਸੰਸਾਰ ਵਿਚ ਹੀ ਰਖਦੀਆਂ ਹਨ, ਫਿਰ ਵੀ ਉਸਦੀ ਪ੍ਰਕ੍ਰਿਤੀ ਨਾਲੋਂ ਟੁਟ ਕੇ ਵਿਲੱਖਣਤਾ ਗ੍ਰਹਿਣ ਕਰ ਲੈਂਦੀਆਂ ਹਨ। ਪਰੀ-ਕਥਾਵਾਂ ਦੇ ਸੰਸਾਰ ਵਿਚ ਸਥਾਨ, ਵਸਤੂ ਤੇ ਪ੍ਰਾਣੀ ਸਭ 'ਪਰਾ' ਹੁੰਦੇ ਹਨ, ਪਰ ਗੱਪ ਦੇ ਸੰਸਾਰ ਦੇ ਪ੍ਰਾਣੀ ਤਾਂ ਵਾਸਤਵਿਕ ਸੰਸਾਰ ਵਿਚੋਂ ਹੀ ਲਏ ਗਏ ਹੁੰਦੇ ਹਨ, ਉਨ੍ਹਾਂ ਦੇ ਕਰਦਾਰ ਪਰਾ ਪ੍ਰਕ੍ਰਿਤ ਦੇ ਹਨ।

ਗੱਪਾਂ ਆਕਾਰ ਵਿਚ ਛੋਟੀਆਂ ਵੀ ਹੁੰਦੀਆਂ ਹਨ ਤੇ ਪਸਾਰ ਵਾਲੀਆਂ ਵੀ। ਛੋਟੇ ਆਕਾਰ ਵਾਲੀਆਂ ਗੱਪਾਂ, ਚੁਟਕਲੇ ਦੀਆਂ ਸੀਮਾਂ ਜਾ ਛੁਹੰਦੀਆਂ ਹਨ, ਪਰ ਵਡੇ ਆਕਾਰ ਦੀਆਂ ਗੱਪਾਂ ਸਮੇਂ-ਸਥਾਨ ਵਿਚ ਫੈਲੀਆਂ ਹੁੰਦੀਆਂ ਹਨ ਅਤੇ ਆਪਣੇ ਵਖਰੇ ਮੁਹਾਂਦਰੇ ਕਾਰਨ ਝਟ ਪਛਾਣੀਆਂ ਜਾਂਦੀਆਂ ਹਨ।

(ਗ-69) **ਗਪੌੜ ਸੰਖ**

ਗਪੌੜ ਸੰਖ, ਅਜਿਹੇ ਗੱਪੀ ਆਦਮੀ ਲਈ ਵਰਤਿਆ ਜਾਂਦਾ ਹੈ, ਜੋ ਵਾਇਦੇ ਤਾਂ ਕਰੇ ਪਰ ਸਿਰੇ ਨਾ ਚਾੜ੍ਹੇ। ਇਸ ਦੇ ਪਿਛੋਕੜ ਵਿਚ ਇਕ ਲੋਕ-ਕਹਾਣੀ ਹੈ। ਇਕ ਲੋਭੀ ਸ਼ਖ਼ਸ ਨੇ ਮਾਇਆ ਪ੍ਰਾਪਤ ਕਰਨ ਦੇ ਖ਼ਿਆਲ ਨਾਲ ਸ਼ਿਵ ਦੀ ਅਰਾਧਨਾ ਕੀਤੀ। ਸ਼ਿਵ ਉਸਦੀ ਨੀਅਤ ਤਾੜ ਗਏ। ਹਾਸੇ ਭਾਣੇ ਉਸ ਨੂੰ ਇਕ ਸੰਖ ਵਰਦਾਨ ਵਜੋਂ ਦੇ ਗਏ ਤੇ ਕਿਹਾ ਕਿ ਭਗਤਾ, ਜੋ ਤੂੰ ਮੰਗੇਂਗਾ, ਇਹ ਸੰਖ ਤੈਨੂੰ ਦੁਗਣਾ ਦੇਵੇਗਾ। ਭਗਤ ਸੰਖ ਨੂੰ ਘਰ ਲੈ ਆਇਆ। ਘਰ ਵਿਚ ਕਾਫ਼ੀ ਭੁਖ ਨੰਗ ਵਰਤੀ ਹੋਈ ਸੀ ਤੇ ਰਹਿਣ ਲਈ ਕੋਈ ਟਿਕਾਣਾ ਨਹੀਂ ਸੀ। ਪਹਿਲਾਂ ਉਸਨੇ ਮਕਾਨ ਬਨਾਉਣ ਦੀ ਸੋਚੀ। ਭਗਤ ਨੇ ਸੰਖ ਤੋਂ ਹਜ਼ਾਰ ਰੁਪਿਆ ਮੰਗਿਆ। ਸੰਖ ਨੇ ਉਤਰ ਦਿਤਾ—ਭਗਤਾ, ਦੋ ਹਜ਼ਾਰ ਲੈ। ਭਗਤ ਨੇ ਖ਼ੁਸ਼ ਹੋ ਕੇ ਕਿਹਾ—ਹਾਂ, ਦੋ ਹਜ਼ਾਰ ਹੀ ਦੇਹ। ਸਾਰਾ ਪ੍ਰਵਾਰ ਇਕੱਠਾ ਹੋ ਗਿਆ ਤੇ ਖ਼ੁਸ਼ੀ ਨਾਲ ਫੁਲਿਆ ਨਾ ਸਮਾਇਆ। ਦੋ ਹਜ਼ਾਰ ਦੀ ਗੱਲ ਸੁਣ ਕੇ ਸੰਖ ਮਹਾਰਾਜ ਕਹਿਣ ਲਗਾ—ਦੋ ਹਜ਼ਾਰ ਦਾ ਕੀ ਏ, ਤੂੰ ਚਾਰ ਹਜ਼ਾਰ ਲੈ। ਇਸ ਤਰ੍ਹਾਂ ਜਿਤਨੇ ਪੈਸੇ ਭਗਤ ਹੁਰੀਂ ਮੰਗਦੇ, ਸੰਖ ਮਹਾਰਾਜ ਦੁਗਣੇ ਦੇਣ ਦੀ ਗੱਲ ਦੁਹਰਾਂਦੇ, ਪਰ ਹੱਥੋਂ ਝਾੜਦੇ ਕੁਝ ਨਾ। ਜਦੋਂ ਗੱਲ ਲੱਖਾਂ ਤਕ ਪਹੁੰਚ ਗਈ ਤਾਂ ਭਗਤ ਖਿੱਝ ਕੇ ਕਹਿਣ ਲਗਾ—ਕੁਝ ਦੇਵੇਂਗੇ ਕਿ ਦੂਣੇ ਦੀ ਆਸ

ਹੀ ਦੁਵਾਂਦੇ ਜਾਵੇਂਗੇ। ਸੰਖ ਮਹਾਰਾਜ ਬੋਲੇ—ਅਸੀਂ ਤਾਂ ਦੂਣੇ ਦੱਸਣਾ ਹੀ ਜਾਣਦੇ ਹਾਂ, ਦੇਣ ਨੂੰ ਸਾਡੇ ਕੋਲ ਕੀ ਧਰਿਆ ਪਿਆ ਹੈ।

(ਗ-70) **ਗਯ** :

ਇਕ ਅਸੁਰ, ਜੋ ਵਿਸ਼ਨੂੰ ਦਾ ਬੜਾ ਭਗਤ ਸੀ। ਜਿਥੇ ਗਯ ਦੀ ਦੇਹ ਰੁੱਖੀ ਗਈ, ਉਥੇ ਹਿੰਦੂਆਂ ਦਾ ਪ੍ਰਸਿਧ ਤੀਰਥ ਗਯਾ ਬਣਿਆ ਹੋਇਆ ਹੈ (ਵੇਖੋ : ਗਯਾ)।

(ਗ-71) **ਗਯਾ** :

ਅਠਾਹਠ ਤੀਰਥਾਂ ਵਿਚੋਂ ਇਕ ਪ੍ਰਮੁੱਖ ਤੀਰਥ, ਜੋ ਬਿਹਾਰ ਵਿਚ ਫਲਗਾ ਨਦੀ ਦੇ ਕੰਢੇ ਸਥਿਤ ਹੈ। ਗਯਾ ਹਿੰਦੂਆਂ ਦੀਆਂ ਸੱਤ ਪਵਿਤ੍ਰ ਪੁਰੀਆਂ ਵਿਚੋਂ ਇਕ ਹੈ। ਮਹਾਂਭਾਰਤ ਅਨੁਸਾਰ, ਜੇ ਕੋਈ ਪ੍ਰਾਣੀ, ਬ੍ਰਹਮਚਾਰੀ ਰਹਿ ਕੇ ਬਿਰਤੀ ਇਕਾਗਰ ਕਰਕੇ, ਇਥੇ ਈਸ਼ਵਰ ਦੀ ਅਰਾਧਨਾ ਕਰੇ ਤਾਂ ਉਸਨੂੰ ਅਸ਼ਵਮੇਧ ਯੱਗ ਦੇ ਬਰਾਬਰ ਦਾ ਫਲ ਪ੍ਰਾਪਤ ਹੁੰਦਾ ਹੈ। ਗਯਾ ਨਦੀ ਵਿਚ ਇਸ਼ਨਾਨ ਕਰਨ ਮਗਰੋਂ ਜੋ ਪ੍ਰਾਣੀ ਦੇਵਤਿਆਂ ਤੇ ਪਿਤਰਾਂ ਨੂੰ ਸ਼ਰਧਾ ਪੂਰਵਕ ਭੋਜਨ ਤਰੋਪਣ ਕਰਦਾ ਹੈ, ਉਹ ਖੁਦ ਸਵਰਗ ਲੋਕ ਨੂੰ ਜਾਂਦਾ ਹੈ ਅਤੇ ਉਸ ਦੀ ਕੁੱਲ ਦਾ ਉਧਾਰ ਹੁੰਦਾ ਹੈ।

ਗਯਾ ਵਿਚ ਹਿੰਦੂਆਂ ਦੇ ਅਨੇਕਾਂ ਤੀਰਥ ਹਨ, ਜਿਨ੍ਹਾਂ ਦਾ ਭਾਰਤ ਦੇ ਧਰਮ ਦੇ ਇਤਿਹਾਸ ਵਿਚ ਮਹੱਤਵਪੂਰਣ ਅਸਥਾਨ ਹੈ। ਹਰੇਕ ਹਿੰਦੂ ਲਈ, ਜੀਵਨ ਵਿਚ, ਇਕ ਵਾਰ ਗਯਾ ਜਾਣਾ ਜ਼ਰੂਰੀ ਮੰਨਿਆ ਗਿਆ ਹੈ। ਬੋਧੀ ਵੀ ਗਯਾ ਨੂੰ ਬੜਾ ਪਾਵਨ ਨਗਰ ਮੰਨਦੇ ਹਨ। ਇਥੇ ਹੀ ਗੌਤਮ ਬੁੱਧ ਨੂੰ ਬੋਧੀ ਬ੍ਰਿਛ ਹੇਠ ਗਿਆਨ ਪ੍ਰਾਪਤ ਹੋਇਆ ਸੀ। ਜਿਸ ਤੋਂ ਇਸ ਦਾ ਨਾਉਂ 'ਬੁੱਧ ਗਯਾ' ਪ੍ਰਸਿਧ ਹੋ ਗਿਆ। ਗਯਾ ਦੇ ਪੁਰਾਣੇ ਨਗਰ ਨੂੰ ਹਿੰਦੂ 'ਬੁੱਧ ਗਯਾ' ਤੋਂ ਨਿਖੇੜਨ ਲਈ 'ਬ੍ਰਹਮ ਗਯਾ' ਕਹਿੰਦੇ ਹਨ।

ਗਯਾ ਵਿਚ ਇਕ ਅਭਿਮੁਕਤੇਸ਼ਵਰ ਮੰਦਰ ਹੈ, ਜਿਸ ਵਿਚ ਭਗਵਾਨ ਚਤੁਰਮੁਖ ਦੀ ਮੂਰਤੀ ਹੈ। ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਜਿਸ ਪ੍ਰਾਣੀ ਦਾ ਮਰਨ ਮਗਰੋਂ ਸਰਾਧ ਕਰਨ ਵਾਲਾ ਕੋਈ ਨਾ ਹੋਵੇ, ਉਹ ਇਥੇ ਆ ਕੇ ਜੇ ਤਿਲ ਤੇ ਦਹੀਂ ਮਿਲਾ ਕੇ ਬਣਾਏ ਪਿੰਡ ਆਪਣੇ ਨਮਿਤ ਖੁਦ ਹੀ ਭਗਵਾਨ ਦੇ ਸੱਜੇ ਹੱਥ ਵਿਚ ਦੇ ਆਵੇ, ਤਾਂ ਉਸਨੂੰ ਮਰਨ ਮਗਰੋਂ ਮੁਕਤੀ ਮਿਲ ਜਾਂਦੀ ਹੈ ਤੇ ਉਸਦੇ ਮਰਨ ਮਗਰੋਂ ਸਰਾਧ ਤੇ ਪਿੰਡ-ਪੱਤਲ ਕਿਰਿਆ ਕਰਨ ਦੀ ਲੋੜ ਨਹੀਂ ਰਹਿੰਦੀ। ਗਯਾ ਵਿਚ ਸਰਸਵਤੀ ਨਦੀ ਤੋਂ ਮੀਲ ਕੁ ਦੂਰ ਇਕ 'ਧਰਮਰਿਣ' ਅਸਥਾਨ ਹੈ, ਜਿਥੇ ਇਕ ਖੂਹ ਹੈ। ਪਿੰਡ ਦਾਨ ਕਰਨ ਮਗਰੋਂ, 'ਪਿੰਡਾਂ' ਨੂੰ ਇਥੇ ਖੂਹ ਵਿਚ ਹੀ ਸੁਟ ਦਿਤਾ ਜਾਂਦਾ ਹੈ। ਧਾਰਨਾ ਹੈ ਕਿ ਇਥੇ ਪਿੰਡ ਦਾਨ ਕਰਨ ਮਗਰੋਂ ਫਿਰ ਪਿਤਰਾਂ ਦਾ ਹਰ ਸਾਲ ਸਰਾਧ ਕਰਨ ਦੀ ਲੋੜ ਨਹੀਂ ਰਹਿੰਦੀ ਅਤੇ ਪਿਤਰਾਂ ਨੂੰ ਮੁਕਤੀ ਮਿਲ ਜਾਂਦੀ ਹੈ।

ਗਯਾ ਦਾ ਸਾਰਾ ਖੇਤਰ ਹੀ ਬੜਾ ਪਵਿਤ੍ਰ ਮੰਨਿਆ ਗਿਆ ਹੈ। ਹਿੰਦੂਆਂ ਦੀ ਧਾਰਨਾ ਹੈ ਕਿ ਇਥੋਂ ਦੀ ਭੋਇੰ ਉਤੇ ਕਿਸੇ ਵੀ ਥਾਂ ਪਿੰਡ-ਦਾਨ ਕੀਤੇ ਜਾਣ ਤਾਂ ਫਿਰ ਉਹ ਪ੍ਰਾਣੀ ਪ੍ਰੇਤ ਜੂਨ ਜਾਂ ਨਰਕ ਤੋਂ ਛੁਟਕਾਰਾ ਪਾ ਕੇ ਮੁਕਤ ਹੋ ਜਾਂਦਾ ਹੈ।

ਗਯਾ ਦੇ ਮਹਾਤਮ ਬਾਰੇ ਇਕ ਕਥਾ ਵਾਯੂ ਪੁਰਾਣ ਵਿਚ ਮਿਲਦੀ ਹੈ। ਇਕ ਅਸੁਰ ਜਿਸ ਦਾ ਨਾਂ ਗਯ (ਗਯਾ) ਸੀ, ਵਿਸ਼ਨੂੰ ਦਾ ਅਨਿੰਨ ਭਗਤ ਸੀ। ਇਸ ਨੇ ਬੜੀ ਕਠਨ ਤਪਸਿਆ ਕੀਤੀ। ਵਿਸ਼ਨੂੰ ਦੇ ਆਦੇਸ਼ ਤੇ ਦੇਵਤੇ ਅਸੁਰ ਕੋਲ ਗਏ ਤੇ ਕੋਈ ਵਰ ਮੰਗਣ ਲਈ ਕਿਹਾ। ਗਯਾ ਨੇ ਵਰ ਮੰਗਿਆ ਕਿ ਉਸਨੂੰ ਦੇਵਤਿਆਂ ਤੋਂ ਵਧ ਪਵਿਤ੍ਰ ਤੇ ਨਿਰਮਲ ਬਣਾ ਦਿਤਾ ਜਾਵੇ ਤੇ ਉਸ ਦੀ ਛੁਹ ਮੁਕਤੀ ਦਾਤਾ ਹੋਵੇ। ਫਲਸਰੂਪ ਜਿਹੜਾ ਪ੍ਰਾਣੀ ਵੀ ਗਯਾ ਅਸੁਰ ਨੂੰ ਵੇਖ ਜਾਂ ਛੁਹ ਲੈਂਦਾ, ਉਹ ਬ੍ਰਹਮ-ਲੋਕ ਨੂੰ ਪ੍ਰਾਪਤ ਕਰ ਲੈਂਦਾ। ਸਾਰੇ ਨਰਕ ਸੱਖਣੇ ਹੋ ਗਏ ਤੇ ਦੇਵਤਿਆਂ ਦੀ ਪੁੱਛ ਪ੍ਰਤੀਤ ਖ਼ਤਮ ਹੋ ਗਈ। ਦੇਵਤੇ, ਬ੍ਰਹਮਾ ਦੀ ਅਗਵਾਈ ਹੇਠ ਵਿਸ਼ਨੂੰ ਕੋਲ ਗਏ। ਵਿਸ਼ਨੂੰ ਨੇ ਉਨ੍ਹਾਂ ਨੂੰ ਸਲਾਹ ਦਿਤੀ ਕਿ ਉਹ ਗਯਾ ਕੋਲ ਜਾ ਕੇ ਉਸ ਤੋਂ ਆਪਣੇ ਸਰੀਰ ਉਤੇ ਯੱਗ ਕਰਨ ਦੀ ਆਗਿਆ ਮੰਗਣ। ਗਯਾ ਨੇ ਯੱਗ ਦੀ ਆਗਿਆ ਦੇ ਦਿਤੀ। ਦੇਵਤਿਆਂ ਨੇ ਗਯਾ ਦਾ ਸਿਰ ਬ੍ਰਹਮਾ ਜੀ ਦੀ ਪਹਾੜੀ ਵਾਲੀ ਥਾਂ ਅਤੇ ਪੈਰ ਉੱਤਰ ਵਲ ਰਖੇ। ਉਨ੍ਹਾਂ ਨੇ ਗਯਾ ਦੇ ਜਿਸਮ ਉਤੇ ਯੱਗ ਕੀਤਾ, ਪਰ ਗਯਾ ਦਾ ਸਿਰ ਹਿਲਦਾ ਰਿਹਾ। ਯੱਗ ਕਰਨ ਵੇਲੇ ਇਕ ਭਾਰੀ ਪੱਥਰ ਗਯਾ ਦੇ ਸਿਰ ਉਤੇ ਰਖ ਦਿਤਾ ਤਾਂ ਜੋ ਉਹ ਹਿੱਲੇ ਨਾ, ਪਰ ਉਹ ਫੇਰ ਵੀ ਹਿਲਦਾ ਰਿਹਾ। ਦੇਵਤਿਆਂ ਫਿਰ ਵਿਸ਼ਨੂੰ ਅਗੇ ਬੇਨਤੀ ਕੀਤੀ, ਜਿਸ ਨੇ ਆ ਕੇ ਆਪਣੇ ਗੁਰਜ ਨਾਲ ਗਯਾ ਨੂੰ ਸ਼ਾਂਤ ਕਰ ਦਿਤਾ। ਗਯਾ ਅਸੁਰ ਨੇ ਗਿਲਾ ਕੀਤਾ ਕਿ ਵਿਸ਼ਨੂੰ ਨੇ ਉਹਨੂੰ ਗੁਰਜ ਨਾਲ ਸ਼ਾਂਤ ਕਰ ਦਿਤਾ ਹੈ। ਵਿਸ਼ਨੂੰ ਇਹ ਕੰਮ ਉਹਨੂੰ ਆਦੇਸ਼ ਦੇ ਕੇ ਵੀ ਸਿਧ ਕਰ ਸਕਦੇ ਸਨ। ਵਿਸ਼ਨੂੰ ਨੇ ਪ੍ਰਸੰਨ ਹੋ ਕੇ ਗਯਾ ਨੂੰ ਵਰ ਮੰਗਣ ਲਈ ਕਿਹਾ। ਗਯਾ ਨੇ ਵਰ ਮੰਗਿਆ ਕਿ ਜਦੋਂ ਤਕ ਸ੍ਰਿਸ਼ਟੀ ਕਾਇਮ ਹੈ, ਉਦੋਂ ਤਕ ਬ੍ਰਹਮਾ ਵਿਸ਼ਨੂੰ ਆਦਿ ਦੇਵਤੇ ਮੇਰੇ ਉਪਰ ਟਿਕੇ ਪੱਥਰ ਉਤੇ ਬਿਰਾਜਮਾਨ ਰਹਿਣ ਤੇ ਗਯਾ ਖੇਤਰ, ਜੋ ਪੰਜ ਕੋਹ ਵਿਚ ਫੈਲਿਆ ਹੋਇਐ, ਧਰਤੀ ਉਤੇ ਸਭ ਤੋਂ ਪਵਿਤ੍ਰ ਅਸਥਾਨ ਮੰਨਿਆ ਜਾਵੇ। ਇਥੇ ਜਿਹੜੇ ਲੋਕ ਇਸ਼ਨਾਨ ਕਰਕੇ ਪੁਰਖਿਆਂ ਦੇ

ਪਿੰਡ ਭਰਨ ਉਨ੍ਹਾਂ ਦੀ ਆਪਣੀ ਤੇ ਪੁਰਖਿਆਂ ਦੀ ਮੁਕਤੀ ਹੋਵੇ। ਸੋ, ਉਦੋਂ ਤੋਂ ਇਹ ਧਰਤੀ ਪਾਵਨ ਮੰਨੀ ਜਾਂਦੀ ਹੈ।

(ਗ-72) **ਗਯਾਲ**

ਇਕ ਚੰਦਰੀ ਰੂਹ; ਜਿਨ੍ਹਾਂ ਪ੍ਰਾਣੀਆਂ ਦੀ ਸੰਤਾਨ ਦੀ ਲਾਲਸਾ ਮਿਟਦੀ ਨਹੀਂ ਤੇ ਔਤਰੇ-ਨਖੱਤ੍ਰੇ ਮਰ ਜਾਂਦੇ ਹਨ, ਉਨ੍ਹਾਂ ਦੀ ਪ੍ਰੇਤ-ਆਤਮਾ ਗਯਾਲ ਦੇ ਰੂਪ ਵਿਚ ਭਟਕਦੀ ਰਹਿੰਦੀ ਹੈ। ਇਹ ਪ੍ਰੇਤ ਸੰਤਾਨ ਵਾਲਿਆਂ ਨਾਲ ਈਰਖਾ ਕਰਦਾ ਤੇ ਵਸਦੇ ਰਸਦੇ ਘਰ ਨੂੰ ਉਜਾੜ ਕੇ ਖ਼ੁਸ਼ ਹੁੰਦਾ ਹੈ। ਜਿਸ ਜਗ੍ਹਾ ਵਿਚ ਅਰਧ-ਗੁਲਾਈ ਵਿਚ, ਨਿੱਕੇ ਨਿੱਕੇ ਟੋਏ ਇਕ ਕਤਾਰ ਵਿਚ ਬਣੇ ਹੁੰਦੇ ਹਨ, ਉਥੇ ਇਸ ਦਾ ਵਸੇਬਾ ਹੁੰਦਾ ਹੈ, ਜਿਨ੍ਹਾਂ ਵਿਚ ਦੁੱਧ ਤੇ ਗੰਗਾਜਲੀ ਪਾਈ ਜਾਂਦੀ ਹੈ। ਗਯਾਲ ਨੂੰ ਪਤਿਆਣ ਲਈ ਸੰਤਾਨ ਵਾਲੀਆਂ ਤੀਵੀਆਂ ਇਸ ਥੜੇ ਉਤੇ ਦੀਵੇ ਬਾਲਦੀਆਂ ਹਨ ਤੇ ਬ੍ਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਕਈ ਮਾਵਾਂ ਗਯਾਲ ਨਮਿਤ ਚਾਂਦੀ ਦਾ ਰੁਪਿਆ ਭੇਟ ਕਰਕੇ, ਉਸਨੂੰ ਆਪਣੇ ਬੱਚੇ ਦੇ ਗਲ ਵਿਚ ਪਹਿਨਾ ਦੇਂਦੀਆਂ ਹਨ। ਇਹ ਰੁਪਿਆ, ਤਵੀਤ ਵਾਂਗ, ਬੱਚੇ ਦੀ ਚੰਦਰੀਆਂ ਰੂਹਾਂ ਤੋਂ ਰੱਖਿਆ ਕਰਦਾ ਹੈ।

ਗਯਾਲ ਨੂੰ 'ਔਂਤ' ਜਾਂ 'ਔਤਰ' ਵੀ ਕਹਿੰਦੇ ਹਨ (ਵੇਖੋ : ਔਂਤ)। ਗਯਾਲ ਦੇ ਅਰਥ ਹਨ—'ਉਹ ਜੋ ਚਲਾ ਗਿਆ'। ਔਂਤ ਲਈ ਮੰਗਲ ਭਾਸ਼ਾ ਵਿਚ ਇਹ ਸ਼ਬਦ ਵਰਤਿਆ ਜਾਂਦਾ ਹੈ।

(ਗ-73) **ਗਰਦਨੀ** :

ਤੀਵੀਆਂ ਦੇ ਗਲ ਦਾ ਇਕ ਗਹਿਣਾ। ਇਹ ਪ੍ਰੇਤ ਰੂਹਾਂ ਤੋਂ ਗਲੇ ਦੀ ਰਾਖੀ ਕਰਦਾ ਹੈ ਤੇ ਸ਼ੁਭ ਹੈ।

(ਗ-74) **ਗੜ੍ਹਬੜਾ** :

ਕਾਗ਼ਜ਼ ਦੀ ਬਣੀ ਡੋਲੀ ਜਾਂ ਫਾਨੂਸ, ਜਿਸ ਵਿਚ ਦੀਵੇ ਰਖ ਕੇ ਦੀਵਾਲੀ ਉਤੇ ਬਾਲੇ ਜਾਂਦੇ ਹਨ। ਕਾਨੇ ਦੀਆਂ ਤੀਲਾਂ ਦਾ ਢਾਂਚਾ ਬਣਾ ਕੇ, ਉਪਰ ਮੋਮੀ ਕਾਗ਼ਜ਼ ਦੇ ਕਈ ਰੰਗਾਂ ਦੇ ਟੁਕੜੇ ਮੜ੍ਹ ਦਿਤੇ ਜਾਂਦੇ ਹਨ। ਸੁਹਜ ਲਈ ਹੇਠਾਂ ਕਾਗਜ਼ੀ ਝਾਲਰਾਂ ਲਮਕਾ ਦਿਤੀਆਂ ਜਾਂਦੀਆਂ ਹਨ, ਵਿਚ ਦੀਵੇ ਧਰਨ ਦੀ ਥਾਂ ਬਣਾਈ ਜਾਂਦੀ ਹੈ। ਜਦੋਂ ਇਸ ਵਿਚ ਦੀਵੇ ਬਾਲੇ ਜਾਂਦੇ ਹਨ ਤਾਂ ਇਹ ਬੜੀ ਸੁੰਦਰ ਦੱਖ ਦੇਂਦਾ ਹੈ।

ਮਿੱਟੀ ਦੀ ਡੋਲੀ ਜਾਂ ਗੜਵੀ, ਜਿਸ ਵਿਚ ਫੁੱਲ-ਪੱਤੀਆਂ ਵਰਗੇ ਛੇਦ ਹੁੰਦੇ ਹਨ। ਦੀਵਾਲੀ ਨੂੰ ਅਜਿਹੇ ਭਾਂਡੇ ਵਿਚ ਦੀਵਾ ਰਖ ਕੇ ਬਾਲਿਆ ਜਾਂਦਾ ਹੈ। ਛੇਦਾਂ ਵਿਚੋਂ ਰੋਸ਼ਨੀ ਝਰਦੀ ਬੜੀ ਪਿਆਰੀ ਲਗਦੀ ਹੈ।

(ਗ-75) **ਗਰਭਦਾਨ** :

ਗੁਪਤ ਢੰਗ ਨਾਲ ਕੀਤਾ ਦਾਨ; ਹਿੰਦੂਆਂ ਵਿਚ ਗੁਪਤ ਦਾਨ ਦਾ ਬੜਾ ਮਹੱਤਵ ਮੰਨਿਆ ਗਿਆ ਹੈ। ਇਹ ਦਾਨ ਕਈ ਵਿਧੀਆਂ ਨਾਲ ਕੀਤਾ ਜਾਂਦਾ ਸੀ ਜਿਵੇਂ ਕੱਦੂ ਪੇਠੇ ਜਾਂ ਗੋਭੀ ਦੇ ਫੁੱਲ ਵਿਚ ਧਨ ਛੁਪਾ ਕੇ ਲੋੜਵੰਦ ਨੂੰ ਭੇਜਣਾ। ਭਗਤ ਬਾਣੀ ਵਿਚ ਅਜਿਹੇ ਦਾਨ ਵਲ ਸੰਕੇਤ ਹੈ : 'ਸੋਨਾ ਗਰਭਦਾਨ ਦੀਜੇ' (ਰਾਮਕਲੀ ਨਾਮਦੇਵ)।

(ਗ-76) **ਗਰਭਵਤੀ** :

ਗਰਭ ਦੇ ਦਿਨਾਂ ਵਿਚ, ਗਰਭਵਤੀ ਤੀਵੀਂ ਉਤੇ ਚੰਦਰੀਆਂ ਰੂਹਾਂ ਦਾ ਪ੍ਰਭਾਵ ਛੇਤੀ ਪੈਂਦਾ ਹੈ। ਧਾਰਨਾ ਹੈ ਕਿ ਭੂਤ ਪ੍ਰੇਤ ਤੇ ਹੋਰ ਬਲਾਵਾਂ ਗਰਭ ਵਿਚਲੇ ਬੱਚੇ ਨੂੰ, ਜੋ ਕੱਚਾ ਤੇ ਲਵਾ ਜੀਅ ਹੁੰਦਾ ਹੈ, ਨਿਗਲ ਜਾਣਾ ਚਾਹੁੰਦੀਆਂ ਹਨ। ਇਸ ਕਰਕੇ ਗਰਭਵਤੀ ਲਈ ਕੁਝ ਰੱਖਾਂ ਤੇ ਨਿਸ਼ੇਧ ਜ਼ਰੂਰੀ ਮੰਨੇ ਗਏ ਹਨ।

ਮਾਰਕੰਡੇ ਪੁਰਾਣ ਅਨੁਸਾਰ ਗਰਭਵਤੀ ਇਸਤ੍ਰੀ ਦੇ ਗਰਭ ਨੂੰ ਚੰਦਰੀਆਂ ਰੂਹਾਂ, ਪ੍ਰੇਤ ਤੇ ਡੈਣਾਂ ਖਾ ਜਾਣ ਦੀ ਲਾਲਸਾ ਰਖਦੀਆਂ ਹਨ, ਇਸ ਵਾਸਤੇ ਗਰਭਵਤੀ ਨੂੰ ਸੁੱਚ ਇਸ਼ਨਾਨ ਦੁਆਰਾ ਹਮੇਸ਼ਾ ਪਵਿਤ੍ਰ ਰਹਿਣਾ ਚਾਹੀਦਾ ਹੈ। ਪਵਿਤ੍ਰ ਮੰਤ੍ਰਾਂ ਦਾ ਉਲੇਖ ਕਰਨਾ ਚਾਹੀਦਾ ਹੈ ਤੇ ਹਮੇਸ਼ਾ ਹਾਰ ਸ਼ਿੰਗਾਰ ਪਹਿਨਣੇ ਚਾਹੀਦੇ ਹਨ। ਵਿਰੂਪਾ ਤੇ ਵਿਕਰਤੀ ਪ੍ਰੇਤ ਤਾਂ ਹਮੇਸ਼ਾਂ ਬ੍ਰਿਛਾਂ, ਖਾਈਆਂ ਤੇ ਦਰਿਆਵਾਂ ਵਿਚ ਨਿਵਾਸ ਕਰਦੇ ਹਨ, ਇਸ ਲਈ ਅਜਿਹੀਆਂ ਥਾਵਾਂ ਉਤੇ ਗਰਭਵਤੀ ਨੂੰ ਨਹੀਂ ਜਾਣਾ ਚਾਹੀਦਾ। ਗਰਭਵਤੀ ਦਾ ਪੁੱਤਰ ਵਿਘਨ ਤੇ ਧੀ ਮਹਿਨੀ ਹੈ, ਵਿਘਨ ਗਰਭ ਵਿਚ ਦਾਖ਼ਲ ਹੋ ਕੇ ਅੰਡੇ ਨੂੰ ਚੱਟਮ ਕਰ ਜਾਂਦਾ ਹੈ, ਮਹਿਨੀ ਦਾਖ਼ਲ ਹੋ ਕੇ ਗਰਭਪਾਤ ਕਰ ਦੇਂਦੀ ਹੈ। ਮਹਿਨੀ ਦੀ ਸ਼ਰਾਰਤ ਕਰਕੇ ਇਸਤ੍ਰੀ ਦੀ ਕੁਖ ਵਿਚੋਂ ਸੱਪ, ਡੱਡੂ ਤੇ ਕੱਛੂ ਜੰਮਦੇ ਹਨ।

ਪਦਮ ਪੁਰਾਣ ਵਿਚ ਕਸ਼ਯਪ ਤੇ ਅਦੀਤੀ ਵਿਚਕਾਰ ਹੋਈ ਇਕ ਲੰਮੀ ਵਾਰਤਾਲਾਪ ਵਿਚ ਗਰਭਵਤੀ ਲਈ ਕੁਝ ਨਿਸ਼ੇਧ ਦਸੇ ਗਏ ਹਨ—ਗਰਭਵਤੀ ਨੂੰ ਮੋਲੇ, ਗੁਰਜ ਅਥਵਾ ਦੌਰੀ-ਡੰਡੇ ਉਤੇ ਨਹੀਂ ਬੈਠਣਾ ਚਾਹੀਦਾ। ਉਸਨੂੰ ਦਰਿਆ ਵਿਚ ਇਸ਼ਨਾਨ ਨਹੀਂ ਕਰਨਾ ਚਾਹੀਦਾ...ਨਾ ਹੀ ਉਜੜਿਆਂ ਘਰਾਂ ਵਿਚ ਪੈਰ ਪਾਉਣਾ ਚਾਹੀਦਾ ਹੈ...ਉਸਨੂੰ ਆਪਣੇ ਨਹੁੰਆਂ ਨਾਲ ਧਰਤੀ ਨਹੀਂ ਖੁਰਚਣੀ ਚਾਹੀਦੀ। ਉਸਨੂੰ ਕੋਲੇ, ਛਲੂਰ, ਸਵਾਹ ਅਥਵਾ ਖੋਪਰੀ ਨੂੰ ਨਹੀਂ ਛੋਹਣਾ ਚਾਹੀਦਾ, ਉਸਦੇ ਵਾਲ ਖਿੰਡੇ ਨਾ ਹੋਣ, ਉਹ ਅਪਵਿਤ੍ਰ ਨਾ ਰਹੇ। ਸੌਣ ਵੇਲੇ ਉਸਦਾ ਮੂੰਹ ਉੱਤਰ ਵਲ ਨਹੀਂ ਹੋਣਾ ਚਾਹੀਦਾ, ਨਾ ਹੀ ਉਸਨੂੰ ਮੂੰਧੇ ਮੂੰਹ ਸੌਣਾ ਚਾਹੀਦਾ ਹੈ।

ਮਤੱਸਯ ਪੁਰਾਣ ਅਨੁਸਾਰ ਗਰਭਵਤੀ ਨੂੰ ਤਾਰਿਆਂ ਦੀ ਛਾਂ ਹੇਠ ਭੋਜਨ ਨਹੀਂ ਕਰਨਾ ਚਾਹੀਦਾ। ਉਸਨੂੰ ਦਰਖ਼ਤਾਂ ਦੇ ਹੇਠੋਂ ਨਹੀਂ ਲੰਘਣਾ ਚਾਹੀਦਾ। ਉਸਨੂੰ ਹਰ ਮਹੀਨੇ ਦੀ ਤੀਜੀ ਤਿੱਥ ਨੂੰ ਪਾਰਬਤੀ ਵਰਤ ਰਖਣਾ ਚਾਹੀਦਾ ਹੈ।

ਲੋਕ-ਨਿਸਚੇ ਅਨੁਸਾਰ ਗਰਭਵਤੀ ਨੂੰ, ਕਬਰਾਂ ਤੇ ਮਰਘਟ ਦੇ ਨੇੜਿਉਂ, ਇਕੱਲਾ ਨਹੀਂ ਲੰਘਣਾ ਚਾਹੀਦਾ। ਕਿਸੇ ਬਾਂਝ ਤੀਵੀਂ ਅਥਵਾ ਜਿਸ ਤੀਵੀਂ ਦਾ ਅਠਮਾਹਾ ਬੱਚਾ ਮਰਿਆ ਹੋਵੇ, ਉਸ ਤੋਂ ਸਿਰ ਨਹੀਂ ਫੁਲਾਣਾ ਚਾਹੀਦਾ। ਗਰਭ ਦੇ ਦਿਨਾਂ ਵਿਚ ਕਿਸੇ ਦਾ ਸਿਰ ਫੋਲਣਾ ਚੰਗਾ ਨਹੀਂ ਮੰਨਿਆ ਜਾਂਦਾ। ਗਿੱਲਾ ਸਿਰ ਫੋਲਣ ਨਾਲ ਅਗਲੇ ਦੇ ਦੁੱਖ ਕੱਚੇ ਜੀਅ ਨੂੰ ਚੰਬੜਨ ਦਾ ਡਰ ਹੁੰਦਾ ਹੈ। ਗਰਭਵਤੀ ਨੂੰ ਪ੍ਰਛਾਵੇਂ ਤੋਂ ਵੀ ਬਚਾਣ ਦੀ ਲੋੜ ਹੈ, ਇਸ ਲਈ ਕਿਸੇ ਤੀਵੀਂ ਦੇ ਢਲਦੇ ਪ੍ਰਛਾਵੇਂ ਉਤੋਂ ਨਹੀਂ ਲੰਘਣਾ ਚਾਹੀਦਾ।

ਗਰਭਵਤੀ ਤੀਵੀਂ ਨੂੰ ਕਿਸੇ ਅਜਿਹੀ ਤੀਵੀਂ ਦੇ ਮੱਥੇ ਨਹੀਂ ਲਗਣਾ ਚਾਹੀਦਾ, ਜਿਸ ਨੇ ਰੱਖਾਂ ਪਾਈਆਂ ਹੋਣ। ਜਿਸ ਕਮਰੇ ਵਿਚ ਗਰਭਵਤੀ ਰਹਿੰਦੀ ਹੋਵੇ, ਉਸਦੀ ਉਪਰਲੀ ਛੱਤ ਦਾ ਵੀ ਧਿਆਨ ਰਖਣਾ ਜ਼ਰੂਰੀ ਹੈ, ਤਾਂ ਜੋ ਉਥੇ ਕੋਈ ਤਵੀਤ ਨਾ ਸੁਟ ਜਾਏ। ਇਸੇ ਡਰੋਂ ਛਿਲੇ ਵਾਲੇ ਕਮਰੇ ਉਤੇ ਛਿਮਕਾਂ ਤੇ ਕੰਡਿਆਲੀਆਂ ਝਾੜਾਂ ਰਖ ਦਿਤੀਆਂ ਜਾਂਦੀਆਂ ਹਨ ਤਾਂ ਜੋ ਉਥੋਂ ਬਿੱਲੀ ਕੁੱਤਾ ਨਾ ਲੰਘੇ ਅਥਵਾ ਕੋਈ ਚੰਦਰੀ ਰੂਹ ਛੱਤ ਉਤੇ ਨਾ ਬੈਠੀ ਹੋਵੇ।

ਗਰਭ ਦੇ ਅਖ਼ੀਰਲੇ ਛੇ ਕੁ ਮਹੀਨੇ ਗਰਭਵਤੀ ਅੱਖਾਂ ਵਿਚ ਸੁਰਮਾ ਨਹੀਂ ਪਾਂਦੀ। ਮਾਲਵੇ ਵਿਚ ਗਰਭ ਦੇ ਤੀਜੇ ਮਹੀਨੇ ਗਰਭਵਤੀ ਦੀਆਂ ਅੱਖਾਂ ਵਿਚ ਸੁਰਮਾ ਪਾ ਕੇ 'ਅੱਖ ਸਲਾਈ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਮਗਰੋਂ ਬੱਚੇ ਦੇ ਜਨਮ ਤਕ ਉਹ ਸੁਰਮਾ ਨਹੀਂ ਪਾਂਦੀ।

ਗ੍ਰਹਿਣ ਸਮੇਂ ਗਰਭਵਤੀ ਨੂੰ ਕੋਈ ਕੰਮ-ਧੰਧਾ ਨਹੀਂ ਕਰਨਾ ਚਾਹੀਦਾ, ਕਿਉਂ ਜੋ ਬੱਚੇ ਦੇ ਗ੍ਰਹਿਣੇ ਜਾਣ ਦਾ ਡਰ ਹੈ। ਜੇ ਗਰਭਵਤੀ ਸਿਉਣ ਪਰੋਣ ਦਾ ਕੰਮ ਕਰੇਗੀ ਤਾਂ ਉਸੇ ਤਰ੍ਹਾਂ ਦੇ ਨਿਸ਼ਾਨ ਬੱਚੇ ਦੇ ਸਰੀਰ ਉਤੇ ਪੈ ਜਾਣਗੇ। ਜੇ ਕੋਈ ਚੀਜ਼ ਕਟੇਗੀ ਤਾਂ ਕਾਟੇ ਦੇ ਨਿਸ਼ਾਨ ਗਰਭ ਵਿਚਲੇ ਬੱਚੇ ਦੇ ਜਿਸਮ ਉਤੇ ਉਭਰ ਜਾਣਗੇ। ਇਸ ਮੌਕੇ ਤੇ ਮਾਲਵੇ ਵਿਚ ਸੂਤਰ ਦੀ ਅੱਟੀ ਪੈਰਾਂ ਵਿਚ ਪਾ ਕੇ, ਗਰਭਵਤੀ ਚੁਪ ਕਰਕੇ, ਅੰਦਰ ਮੰਜੇ ਤੇ ਲੰਮੀ ਪੈ ਜਾਂਦੀ ਹੈ।

ਗਰਭ ਦੇ ਦਿਨਾਂ ਵਿਚ ਗਰਭਵਤੀ ਲਈ ਸ਼ੁਭ ਕੰਮ ਕਰਨੇ ਲਾਭਵੰਦ ਹਨ। ਉਸ ਲਈ ਮੱਸਿਆ ਵਾਲੇ ਦਿਨ ਗਾਵਾਂ ਨੂੰ ਪੇੜੇ ਖਵਾਣੇ ਤੇ ਕੀੜੀਆਂ ਦੇ ਭੌਣਾਂ ਉਤੇ ਹਰ ਸੋਮਵਾਰ ਤਿਲਚੌਲੀ ਬਿਖੇਰਨੀ ਜ਼ਰੂਰੀ ਹੈ। ਇਕਾਦਸ਼ੀ ਦੇ ਵਰਤ ਦਾ ਵੀ ਗਰਭ ਤੇ ਨਰੋਆ ਅਸਰ ਪੈਂਦਾ ਹੈ। ਮਾਲਵੇ ਵਿਚ ਗਰਭ ਦੇ ਦਿਨਾਂ ਵਿਚ ਤੀਵੀਂ ਦੇ ਪੱਲੇ ਨਾਲ ਕੱਚੇ ਦਾਣਿਆਂ ਦਾ ਲੱਪ ਬੰਨ੍ਹ ਦਿਤਾ ਜਾਂਦਾ ਹੈ ਤਾਂ ਜੋ ਕੋਈ ਚੰਦਰੀ ਰੂਹ ਨੇੜੇ ਨਾ ਢੁਕੇ। ਜਿਥੇ ਅੰਨ ਦੇਵਤਾ ਹੋਵੇ, ਉਸਦੇ ਨੇੜੇ ਕੋਈ ਚੰਦਰੀ ਰੂਹ ਨਹੀਂ ਢੁਕਦੀ।

ਗਰਭਵਤੀ ਜਠੇਰਿਆਂ ਤੇ ਸਤੀਆਂ ਨੂੰ ਪੂਜਦੀ ਤੇ ਸਮਾਧਾਂ ਦੀ ਪ੍ਰਕਰਮਾ ਕਰਦੀ ਹੈ।

ਗਰਭ ਦੇ ਦਿਨਾਂ ਵਿਚ ਕਈ ਰੀਤਾ ਤੇ ਸੰਸਕਾਰ ਕੀਤੇ ਜਾਂਦੇ ਹਨ (ਵੇਖੋ : ਗਰਭਾਧਾਨ ਸੰਸਕਾਰ)।

(ਗ-77) **ਗਰਭਾਧਾਨ ਸੰਸਕਾਰ** :

ਹਿੰਦੂਆਂ ਦੇ ਪ੍ਰਸਿਧ ਸੋਲਾਂ ਸੰਸਕਾਰਾਂ ਵਿਚੋਂ ਇਕ ਸੰਸਕਾਰ; ਪੂਰਵ ਮੀਮਾਂਸਾ (ਅਧਿਆਇ 1, ਪਾਦਰਾਂਕ) ਅਨੁਸਾਰ ਉਹ ਗਰਭਾਧਾਨ ਮਰਯਾਦਾ ਜਿਸ ਦੁਆਰਾ ਮਰਦ ਆਪਣੇ ਵੀਰਜ ਨੂੰ ਇਸਤ੍ਰੀ ਦੀ ਕੁੱਖ ਵਿਚ ਧਰਦਾ ਹੈ। ਗਰਭਾਧਾਨ ਸੰਸਕਾਰ ਗਰਭ ਧਾਰਨ ਸਮੇਂ ਕੀਤਾ ਜਾਂਦਾ ਹੈ। ਇਸ ਤੋਂ ਬਗੈਰ ਜਨਮਿਆ ਬੱਚਾ ਅਪਵਿਤ੍ਰ ਮੰਨਿਆ ਗਿਆ ਹੈ। ਵੇਦਾਂ ਵਿਚ, ਖ਼ਾਸ ਤੌਰ ਤੇ ਅਥਰਵ ਵੇਦ ਵਿਚ, ਕਈ ਥਾਈਂ ਇਸ ਗੱਲ ਵਲ ਸੰਕੇਤ ਮਿਲਦੇ ਹਨ ਕਿ ਮਰਦ ਇਸਤ੍ਰੀ ਨੂੰ ਗਰਭ ਠਹਿਰਾਣ ਲਈ, ਉਸ ਕੋਲ ਕਿਵੇਂ ਪਹੁੰਚੇ। ਪਰ ਗ੍ਰਹਿ-ਸੂਤਰਾਂ ਵਿਚ ਗਰਭਾਧਾਨ ਸੰਸਕਾਰ ਦਾ ਪੂਰਾ ਵਰਨਣ ਮਿਲਦਾ ਹੈ। ਗ੍ਰਹਿ-ਸੂਤਰਾਂ ਅਨੁਸਾਰ ਹਰ ਮਹੀਨੇ ਜਦੋਂ ਪਤਨੀ, ਮਾਹਵਾਰੀ ਤੋਂ ਪਿਛੋਂ ਨਹਾ-ਧੋ ਚੁਕੀ ਹੋਵੇ ਤਾਂ ਪਤੀ ਨੂੰ ਭੋਗ ਲਈ ਉਸ ਦੀ ਸੇਜ ਉਤੇ ਜਾਣਾ ਚਾਹੀਦਾ ਹੈ। ਭੋਗ ਤੋਂ ਪਹਿਲਾਂ ਉਸ ਨੂੰ ਕੁਝ ਸੰਕਲਪ ਕਰਨੇ ਪੈਂਦੇ ਹਨ। ਹਰ ਤਰ੍ਹਾਂ ਦੇ ਪੁੱਤਰ ਲਈ ਵਖਰਾ ਸੰਕਲਪ ਹੈ। ਸੰਕਲਪ ਪਿਛੋਂ ਹਵਨ ਵਿਚ ਸਮਿਗਰੀ ਭੇਟਾ ਕੀਤੀ ਜਾਂਦੀ ਹੈ। ਇਸ ਪਿਛੋਂ ਪਤੀ ਪਤਨੀ ਭੋਗ ਬਿਲਾਸ ਲਈ ਤਿਆਰ ਹੁੰਦੇ ਹਨ। ਪਤਨੀ ਸੁੰਦਰ ਪੁਸ਼ਾਕ ਵਿਚ ਸੁਸ਼ੋਭਤ ਹੁੰਦੀ ਹੈ ਅਤੇ ਉਸਦਾ ਪਤੀ ਵੇਦਾਂ ਵਿਚੋਂ ਅਜਿਹੀਆਂ ਰਿੱਚਾਂ ਦਾ ਉੱਚਾਰਨ ਕਰਦਾ ਹੈ, ਜਿਨ੍ਹਾਂ ਦਾ ਸੰਬੰਧ ਉਤਪਤੀ ਨਾਲ ਹੁੰਦਾ ਹੈ ਤੇ ਜਿਨ੍ਹਾਂ ਵਿਚ ਗਰਭ ਦੇ ਠਹਿਰ ਜਾਣ ਲਈ ਦੇਵਤਿਆਂ ਅਗੇ ਪ੍ਰਾਰਥਨਾਵਾਂ ਕੀਤੀਆਂ ਹੁੰਦੀਆਂ ਹਨ। ਭੋਗ ਸਮੇਂ ਵੀ ਕੁਝ ਰਿੱਚਾਂ ਪੜ੍ਹੀਆਂ ਜਾਂਦੀਆਂ ਤੇ ਦੇਵਤੇ ਪੂਸਣ ਅਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਸੰਸਕਾਰ ਦੇ ਮਗਰੋਂ ਸੁਗਾਤਾਂ ਦਿਤੀਆਂ ਜਾਂਦੀਆਂ ਤੇ ਮਠਿਆਈ ਵੰਡੀ ਜਾਂਦੀ ਹੈ।

ਧਰਮ ਸ਼ਾਸਤ੍ਰਾਂ ਵਿਚ ਇਸ ਸੰਸਕਾਰ ਬਾਰੇ ਕਈ ਤਰ੍ਹਾਂ ਦੇ ਸੰਕਲਪ, ਕਰਤੱਵ ਤੇ ਨੇਮ ਦਰਜ ਹਨ। ਸਭ ਧਰਮ-ਸ਼ਾਸਤ੍ਰ

ਇਕਸੁਰ ਹੋ ਕੇ ਇਸ ਸੰਸਕਾਰ ਦਾ ਸਮਾਂ, ਮਾਹਵਾਰੀ ਤੋਂ ਪਿਛੋਂ ਚੌਥੀ ਰਾਤ ਤੋਂ ਸੋਲਵੀਂ ਰਾਤ ਤਕ ਦਾ ਮੰਨਦੇ ਹਨ। ਬਹੁਤੇ ਗ੍ਰਹਿ-ਸੂਤਰਾਂ ਵਿਚ ਚੌਥੀ ਰਾਤ ਨੂੰ ਗਰਭ ਲਈ ਵਧੇਰੇ ਪਵਿਤ੍ਰ ਸਮਝਿਆ ਗਿਆ ਹੈ। ਪਰ ਕਈ ਗ੍ਰਹਿ-ਸੂਤਰ ਪਹਿਲੀਆਂ ਨਾਲੋਂ ਪਿਛਲੀਆਂ ਰਾਤਾਂ ਵਿਚ ਠਹਿਰੇ ਗਰਭ ਤੋਂ ਜੰਮੇ ਬੱਚੇ ਨੂੰ ਵਧੇਰੇ ਭਾਗਵਾਨ ਤੇ ਪ੍ਰਤਿਭਾਸ਼ਾਲੀ ਮੰਨਦੇ ਹਨ। ਮਨੂ-ਸਿਮਰਤੀ (3.48) ਅਨੁਸਾਰ ਮਾਹਵਾਰੀ ਤੋਂ ਬਾਅਦ ਤਕ ਰਾਤਾਂ ਵਿਚ (1, 3, 5...) ਭੋਗ ਕਰਨ ਨਾਲ ਕੁੜੀ ਤੇ ਜਿਸਤ ਰਾਤਾਂ (2, 4, 6...) ਵਿਚ ਮੁੰਡਾ ਜੰਮਦਾ ਹੈ। ਵਿਆਸ ਅਨੁਸਾਰ "ਚੌਥੀ ਰਾਤ ਨੂੰ ਗਰਭ ਵਿਚ ਠਹਿਰਿਆ ਬਾਲ ਥੋੜੀ ਉਮਰ ਭੋਗਦਾ ਹੈ ਤੇ ਨਿਰਧਨ ਰਹਿੰਦਾ ਹੈ। ਪੰਜਵੀਂ ਰਾਤ ਨੂੰ ਗਰਭ ਵਿਚ ਠਹਿਰੀ ਕੰਨਿਆ ਆਮ ਤੌਰ ਤੇ ਅਗੋਂ ਕੁੜੀਆਂ ਹੀ ਜੰਮਦੀ ਹੈ। ਛੇਵੀਂ ਰਾਤ ਦੇ ਗਰਭ ਦਾ ਬਾਲ ਸਾਧਾਰਨ ਬੁੱਧੀ ਵਾਲਾ ਹੁੰਦਾ ਹੈ। ਸਤਵੀਂ ਰਾਤ ਦੇ ਗਰਭ ਦੀ ਕੰਨਿਆਂ ਨਿਰਸੰਤਾਨ ਰਹਿੰਦੀ ਹੈ। ਅਠਵੀਂ ਰਾਤ ਦੇ ਗਰਭ ਦਾ ਬਾਲ ਬੜਾ ਧਨਾਢ ਤੇ ਭਾਗਸ਼ਾਲੀ ਹੁੰਦਾ ਹੈ। ਨਾਵੀਂ ਰਾਤ ਦੇ ਗਰਭ ਦੀ ਕੰਨਿਆਂ ਸੁਭਾਗਵਤੀ ਹੁੰਦੀ ਹੈ। ਦਸਵੀਂ ਰਾਤ ਦੇ ਗਰਭ ਦਾ ਬਾਲ ਵਿਦਵਾਨ ਤੇ ਕਲਾਧਾਰੀ ਹੁੰਦਾ ਹੈ। ਗਿਆਰਵੀਂ ਰਾਤ ਦੇ ਗਰਭ ਦੀ ਕੰਨਿਆਂ ਧਾਰਮਿਕ ਭਾਵਨਾਵਾਂ ਤੋਂ ਸਖਣੀ ਹੁੰਦੀ ਹੈ। ਬਾਰ੍ਹਵੀਂ ਰਾਤ ਦੇ ਗਰਭ ਦਾ ਬਾਲ ਬੜਾ ਉੱਤਮ ਤੇ ਪ੍ਰਤਿਭਾਸ਼ਾਲੀ ਹੁੰਦਾ ਹੈ, ਤੇਹਰਵੀਂ ਰਾਤ ਦੇ ਗਰਭ ਦੀ ਕੁੜੀ ਬਦਚਲਨ ਤੇ ਕਾਮ-ਰੁਚੀਆਂ ਵਾਲੀ ਹੁੰਦੀ ਹੈ ਅਤੇ ਚੌਧਵੀਂ ਰਾਤ ਦੇ ਗਰਭ ਦਾ ਬਾਲ ਧਾਰਮਿਕ ਭਾਵਨਾ ਵਾਲਾ, ਕਿਰਤਾਰਥ, ਸੰਕਲਪਾਂ ਵਿਚ ਦ੍ਰਿੜ ਹੁੰਦਾ ਹੈ। ਪੰਦਰਵੀਂ ਰਾਤ ਦੇ ਗਰਭ ਦੀ ਕੰਨਿਆਂ ਅਨੇਕਾਂ ਬਾਲਕਾਂ ਨੂੰ ਜਨਮ ਦੇਂਦੀ ਹੈ ਤੇ ਪਤੀਬ੍ਰਤਾ ਧਰਮ ਵਿਚ ਪਰਪੱਕ ਹੁੰਦੀ ਹੈ। ਸੋਲਵੀਂ ਰਾਤ ਦਾ ਬਾਲ ਵਿਦਵਾਨ ਕਲਾਧਾਰੀ, ਸੱਚਾਈ ਪ੍ਰਸਤ, ਸਵੈਕਾਬੂ ਤੇ ਸੰਜਮ ਵਿਚ ਰਹਿਣ ਵਾਲਾ ਤੇ ਸਭ ਨੂੰ ਆਸਰਾ ਦੇਣ ਵਾਲਾ ਹੁੰਦਾ ਹੈ।" ਇਸ ਵਿਸ਼ਵਾਸ਼ ਦਾ ਆਧਾਰ ਇਹ ਹੈ ਕਿ ਮਾਹਵਾਰੀ ਨਾਲ ਇਸਤ੍ਰੀ ਅਪਵਿਤ੍ਰ ਹੋ ਜਾਂਦੀ ਹੈ ਤੇ ਜਿਤਨੇ ਦਿਨਾਂ ਪਿਛੋਂ ਗਰਭ ਠਹਿਰੇਗਾ, ਉਤਨਾ ਉਹ ਬੱਚਾ ਪਵਿਤ੍ਰ ਤੇ ਭਾਗਵਾਨ ਹੋਵੇਗਾ।

ਦਿਨ ਵੇਲੇ ਗਰਭ ਠਹਿਰਨ ਨਾਲ ਬੱਚਾ ਕਮਜ਼ੋਰ, ਰੋਗੀ ਤੇ ਬਦਕਿਸਮਤ ਹੋਵੇਗਾ ਅਤੇ ਉਹ ਥੋੜੀ ਆਯੂ ਭੋਗੇਗਾ। ਗਰਭਾਧਾਨ ਲਈ ਕੁਝ ਦਿਨ ਨਿਸ਼ੇਧ ਹਨ। ਮਨੂ-ਸਿਮਰਤੀ ਅਨੁਸਾਰ ਗਿਆਰਵਾਂ ਤੇ ਤੇਹਰਵਾਂ ਦਿਨ ਨਿਸ਼ੇਧ ਹੈ। ਕਈ ਧਰਮ ਸ਼ਾਸਤਰਾਂ ਅਨੁਸਾਰ 8ਵੀਂ, 14ਵੀਂ, 15ਵੀਂ ਤੇ 30ਵੀਂ ਰਾਤ ਗਰਭਾਧਾਨ ਲਈ ਵਿਵਰਜਤ ਹੈ। ਵਿਸ਼ਨੂੰ ਪੁਰਾਣ ਅਨੁਸਾਰ ਇਨ੍ਹਾਂ ਰਾਤਾਂ ਵਿਚ ਪਤਨੀ ਨਾਲ ਭੋਗ ਕਰਨ ਵਾਲਾ ਪਤੀ ਨਰਕ ਦਾ ਅਧਿਕਾਰੀ ਬਣਦਾ ਹੈ। ਇਨ੍ਹਾਂ ਨਿਸ਼ੇਧਾਂ ਨੂੰ ਧਿਆਨ ਵਿਚ ਰੱਖਣ ਵਾਲੇ ਪਤੀ ਦਾ ਦਰਜਾ ਬ੍ਰਹਮਚਾਰੀ ਦੇ ਬਰਾਬਰ ਮੰਨਿਆ ਗਿਆ ਹੈ।

(ਗ-78) **ਗਰਾਹੀ ਦੇਣਾ** :

ਕੁੜਮਾਈ ਨਾਲ ਸਬੰਧਿਤ ਇਕ ਰੀਤ; ਮੁਲਤਾਨ ਤੇ ਝੰਗ ਦੇ ਇਲਾਕੇ ਵਿਚ, ਕੁੜਮਾਈ ਹੋਣ ਮਗਰੋਂ ਮੁੰਡਾ ਆਪਣੇ ਘਰ ਜਾਂਦਾ ਹੈ ਅਤੇ ਉਸ ਨੂੰ ਮਿੱਠੀ ਚੂਰੀ (ਰੋਟੀ ਨੂੰ ਭੋਰ ਕੇ ਤੇ ਉਸ ਵਿਚ ਸ਼ਕਰ ਤੇ ਮੱਖਣ ਰਲਾ ਕੇ) ਤੇ ਖਿੱਚੜੀ ਦੀ ਗਰਾਹੀ ਮੂੰਹ ਲਗਾਈ ਜਾਂਦੀ ਹੈ। ਬਾਕੀ ਖਿੱਚੜੀ ਬਰਾਦਰੀ ਵਿਚ ਵੰਡ ਦਿਤੀ ਜਾਂਦੀ ਹੈ। ਬਰਾਦਰੀ ਦੇ ਲੋਕ ਸ਼ਗਨ ਵਜੋਂ ਕੁਝ ਪੈਸੇ ਲੜਕੇ ਦੀ ਤਲੀ ਉਤੇ ਧਰਦੇ ਹਨ। ਰਾਤ ਨੂੰ ਗੀਤ, ਖ਼ਾਸ ਤੌਰ ਤੇ ਘੋੜੀਆਂ ਗਾਈਆਂ ਜਾਂਦੀਆਂ ਹਨ ਤੇ ਅੱਧੀ ਅੱਧੀ ਰਾਤ ਤਕ ਸਵਾਂਗ ਭਰੇ ਜਾਂਦੇ ਹਨ।

(ਗ-79) **ਗ੍ਰਹਿ** :

ਚੰਨ ਅਤੇ ਕੁਝ ਹੋਰ ਸਿਤਾਰੇ ਜੋ ਸੂਰਜ ਦੁਆਲੇ ਚੱਕਰ ਕਟਦੇ ਹਨ। ਇਨ੍ਹਾਂ ਦੀ ਗਿਣਤੀ ਨੌਂ ਹੈ—ਸੂਰਜ, ਚੰਦ, ਮੰਗਲ, ਬੁੱਧ, ਬ੍ਰਹਿਸਪਤ, ਸ਼ੁਕਰ, ਸਨੀਚਰ, ਰਾਹੂ ਤੇ ਕੇਤੂ। ਕਾਵਿ ਵਿਚ ਗ੍ਰਹਿ ਸ਼ਬਦ ਨੌਂ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ।

ਜੋਤਿਸ਼ ਵਿਦਿਆ ਅਨੁਸਾਰ ਗ੍ਰਹਿਆਂ ਦੀ ਚਾਲ ਦਾ ਅਸਰ ਮਨੁੱਖ ਦੇ ਜੀਵਨ ਤੇ ਪ੍ਰਾਕ੍ਰਿਤਕ ਘਟਨਾਵਾਂ ਉਤੇ ਸੁਤੇ ਸਿਧ ਪੈਂਦਾ ਹੈ। ਜਿਨ੍ਹਾਂ ਗ੍ਰਹਿਆਂ ਹੇਠ ਕੋਈ ਪ੍ਰਾਣੀ ਜੰਮਦਾ ਹੈ, ਉਨ੍ਹਾਂ ਦਾ ਅਸਰ ਉਸ ਪ੍ਰਾਣੀ ਦੇ ਜੀਵਨ ਉਤੇ ਪੈਣਾ ਸੁਭਾਵਿਕ ਮੰਨਿਆ ਗਿਆ ਹੈ। ਇਸੇ ਲਈ ਜੋਤਿਸ਼ੀ ਗ੍ਰਹਿ ਦੀ ਚਾਲ ਤੋਂ ਕਿਸੇ ਪ੍ਰਾਣੀ ਦੇ ਭਵਿਖ ਬਾਰੇ ਅਨੁਮਾਨ ਲਗਾ ਲੈਂਦੇ ਹਨ।

ਗ੍ਰਹਿਆਂ ਦੀ ਚਾਲ ਦਾ ਮਨੁਖੀ ਜੀਵਨ ਉਤੇ ਅਸਰ ਮੰਨਣ ਦਾ ਵਿਚਾਰ ਅਨੁਕਰਣ ਟੂਣੇ ਉਤੇ ਆਧਾਰਤ ਹੈ, ਜਿਸ ਅਨੁਸਾਰ ਅਨੁਰੂਪ ਤੋਂ ਅਨੁਰੂਪ ਦੀ ਉਤਪਤੀ ਹੁੰਦੀ ਮੰਨੀ ਗਈ ਹੈ।

ਲੋਕ ਨਿਸ਼ਚੇ ਅਨੁਸਾਰ ਮੰਗਲ ਤੇ ਸ਼ਨੀ ਗ੍ਰਹਿ ਜੀਵਾਂ ਵਲ ਮੰਦ-ਭਾਵਨਾ ਰਖਦੇ ਹਨ। ਇਨ੍ਹਾਂ ਗ੍ਰਹਿਆਂ ਦੇ ਪ੍ਰਭਾਵ ਹੇਠ ਜੰਮਿਆ ਬੱਚਾ ਜੀਵਨ ਵਿਚ ਸੁੱਖ ਘਟ ਭੋਗਦਾ ਤੇ ਦੁੱਖ ਕਲੇਸ਼ ਵਧੇਰੇ ਝਾਗਦਾ ਹੈ। ਮੰਗਲ ਗ੍ਰਹਿ ਦੇ ਪ੍ਰਭਾਵ ਹੇਠ ਜੰਮੇ ਬੱਚੇ, ਜਿਸ ਨੂੰ ਮੰਗਲੀਕ ਕਹਿੰਦੇ ਹਨ, ਉਸ ਦੀ ਰਾਸ਼ੀ ਕੇਵਲ ਮੰਗਲੀਕ ਨਾਲ ਹੀ ਠੀਕ ਬੈਠਦੀ ਹੈ, ਹੋਰ ਕਿਸੇ ਨਾਲ ਨਹੀਂ। ਇਸੇ ਲਈ ਮੰਗਲੀਕ

ਕੁੜੀ ਮੁੰਡੇ ਦਾ ਵਿਆਹ ਮੰਗਲੀਕ ਨਾਲ ਹੀ ਕੀਤਾ ਜਾਂਦਾ ਹੈ, ਜੇ ਨਾ ਕੀਤਾ ਜਾਵੇ ਤਾਂ ਮੰਗਲ ਦੀ ਕਰੋਪੀ ਸਦਕਾ, ਉਹ ਜੋੜਾ ਜੀਵਨ ਭਰ ਨਰਕ ਭੋਗਦਾ ਹੈ।

ਜਿਨ੍ਹਾਂ ਉਤੇ ਸਨਿਚਰ ਗ੍ਰਹਿ ਭਾਰਾ ਹੁੰਦਾ ਹੈ ਉਹ ਸਨਿਚਰਵਾਰ ਨੂੰ ਤਾਂਬੇ ਦਾ ਪੈਸਾ ਅਥਵਾ ਤੇਲ ਦਾਨ ਕਰਦੇ ਹਨ। ਭਾਟੜਿਆਂ ਦੀ ਤੇਲ ਦੀ ਕਟੋਰੀ ਵਿਚ, ਜਿਥੇ ਸ਼ਨਿਚਰ ਦੇਵਤੇ ਦੀ ਮੂਰਤੀ ਰਖੀ ਹੁੰਦੀ ਹੈ, ਆਪਣਾ ਬਿੰਬ ਵੇਖਦੇ ਹਨ। ਇਸ ਤਰ੍ਹਾਂ ਸਨਿਚਰ ਪ੍ਰਸੰਨ ਹੋ ਜਾਂਦਾ ਹੈ।

ਚੰਦਰ ਬ੍ਰਹਿਸਪਤ ਤੇ ਸ਼ੁਕਰ ਚੰਗੀਆਂ ਭਾਵਨਾ ਰਖਣ ਵਾਲੇ ਗ੍ਰਹਿ ਮੰਨੇ ਜਾਂਦੇ ਹਨ। ਇਨ੍ਹਾਂ ਦੇ ਪ੍ਰਭਾਵ ਹੇਠ ਜੰਮਿਆ ਬਾਲਕ ਹਮੇਸ਼ਾ ਅਰੋਗ ਤੇ ਨਰੋਆ ਰਹਿੰਦਾ ਹੈ ਅਤੇ ਜੀਵਨ ਵਿਚ ਉਚੀਆਂ ਪਦਵੀਆਂ ਪ੍ਰਾਪਤ ਕਰਦਾ ਹੈ। ਬੁੱਧ ਗ੍ਰਹਿ ਦਾ ਸੁਭਾਵ ਟਿਕਵਾਂ ਨਹੀਂ, ਦੂਜੇ ਗ੍ਰਹਿਆਂ ਦੀ ਸਥਿਤੀ ਨਾਲ ਰਲ ਕੇ, ਇਸ ਦਾ ਪ੍ਰਭਾਵ ਚੰਗਾ ਜਾਂ ਮੰਦਾ ਪੈਂਦਾ ਹੈ। ਜਿਥੋਂ ਤਕ ਇਸ ਦਾ ਆਪਣਾ ਨਿਜੀ ਸਬੰਧ ਹੈ, ਇਹ ਸ਼ੁਭ ਭਾਵਨਾਵਾਂ ਵਾਲਾ ਮੰਨਿਆ ਗਿਆ ਹੈ।

ਜਿਸ ਘਰ ਵਿਚ ਬ੍ਰਹਿਸਪਤ ਹੋਵੇ ਉਸ ਨੂੰ ਦੁੱਖ ਦੇਂਦਾ ਤੇ ਪਰੇਸ਼ਾਨ ਕਰਦਾ ਹੈ, ਪਰ ਜਿਸ ਘਰ ਵਲ ਵੇਖੇ ਉਸ ਨੂੰ ਲਾਭ ਪਹੁੰਚਾਂਦਾ ਹੈ, ਪਰ ਇਹਦੇ ਉਲਟ ਸ਼ਨੀ ਜਿਸ ਘਰ ਵਿਚ ਬੈਠਦਾ ਹੈ, ਉਸ ਲਈ ਫਲਦਾਇਕ ਹੁੰਦਾ ਹੈ, ਜਿਥੇ ਇਸ ਦੀ ਨਜ਼ਰ ਹੋਵੇ ਉਥੇ ਨੁਕਸਾਨ ਪਹੁੰਚਾਂਦਾ ਹੈ।

ਸੂਰਜ ਬਾਰੇ ਧਾਰਨਾ ਹੈ ਕਿ ਜੇ ਕੋਈ ਸ਼ਖਸ ਹਰ ਸੰਗਰਾਂਦ ਨੂੰ ਸੂਰਜ ਦਾ ਬਿੰਬ ਨਿਰਮਲ ਜਲ ਦੇ ਕਟੋਰੇ ਵਿਚ ਉਤਾਰ ਕੇ ਇਕ ਵਰ੍ਹਾ ਪਾਣੀ ਪੀਏ ਤਾਂ ਉਸ ਦਾ ਬੜਾ ਤੇਜ ਪ੍ਰਤਾਪ ਵਧਦਾ ਹੈ।

ਨਵੀਂ ਵਿਆਹੀ ਕੁੜੀ, ਵਰ੍ਹਾ ਭਰ ਨੇਮ ਨਾਲ ਦੂਜ ਦਾ ਨਵਾਂ ਚੰਨ ਚੜ੍ਹਦਾ ਵੇਖੇ ਤਾਂ ਬੁੱਢੀਆਂ ਆਖਦੀਆਂ ਹਨ, ਉਸ ਦੇ ਘਰ ਦੂਜ ਦੇ ਚੰਨ ਵਰਗਾ ਪੁੱਤਰ ਜੰਮਦਾ ਹੈ। ਨਵੇਂ ਚੰਨ ਦੇ ਮੂੰਹ ਹਮੇਸ਼ਾਂ ਦੂਜੀ ਜਾਂ ਤੀਜੀ ਤਿੱਥ ਨੂੰ ਹੀ ਲਗਣਾ ਚਾਹੀਦਾ ਹੈ। ਚੌਥੀ ਤਿੱਥ ਨੂੰ ਮੂੰਹ ਲਗਣਾ ਅਸ਼ੁਭ ਹੈ ਅਤੇ ਕੋਈ ਨਾ ਕੋਈ ਝੂਠੀ ਬਦਨਾਮੀ, ਤੁਹਮਤ ਜਾਂ ਚੋਰੀ ਮੱਥੇ ਲਗਦੀ ਹੈ।

(ਗ-80) **ਗ੍ਰਹਿ ਕੁੰਡਲੀ** :

ਗ੍ਰਹਿਆਂ ਦੇ ਪ੍ਰਭਾਵ ਨੂੰ ਮੁੱਖ ਰਖ ਕੇ ਬਣਾਈ ਗਈ ਕੁੰਡਲੀ, ਜਨਮ-ਪਤ੍ਰੀ (ਵੇਖੋ : ਜਨਮ-ਪਤ੍ਰੀ)।

(ਗ-81) **ਗ੍ਰਹਿ-ਗੋਚਰ** :

ਜੋਤਿਸ਼ ਵਿਦਿਆ ਅਨੁਸਾਰ ਕਿਸੇ ਸ਼ਖਸ ਦਾ ਨਾਉਂ ਗ੍ਰਹਿ ਤੇ ਰਾਸ਼ੀ ਨੂੰ ਮੁੱਖ ਰਖ ਕੇ ਰਖਿਆ ਜਾਂਦਾ ਹੈ। ਗ੍ਰਹਿ ਸਦਕਾ ਉਹ ਨੌਂ ਰਾਸ਼ੀਆਂ ਵਿਚੋਂ ਕਿਸੇ ਇਕ ਰਾਸ਼ੀ ਨਾਲ ਸੰਬੰਧਤ ਹੁੰਦਾ ਹੈ। ਹਰ ਰਾਸ਼ੀ ਅਗੋਂ ਗ੍ਰਹਿਆਂ ਦੀ ਚਾਲ ਉਤੇ ਨਿਰਭਰ ਹੁੰਦੀ ਹੈ ਤੇ ਉਨ੍ਹਾਂ ਦਾ ਚੰਗਾ ਮੰਦਾ ਪ੍ਰਭਾਵ ਉਸ ਰਾਸ਼ੀ ਵਾਲੇ ਪ੍ਰਾਣੀ ਉਤੇ ਪੈਂਦਾ ਹੈ। ਨਾਉਂ ਦੀ ਰਾਸ਼ੀ ਦੇ ਹਿਸਾਬ ਨਾਲ ਜੋ ਗ੍ਰਹਿ ਬਣਦੇ ਹਨ, ਉਹ ਜਨਮ ਦੀ ਰਾਸ਼ੀ ਦੇ ਗ੍ਰਹਿਆਂ ਨਾਲੋਂ ਵਖਰੇ ਹੁੰਦੇ ਹਨ। ਇਨ੍ਹਾਂ ਨੂੰ ਗ੍ਰਹਿ-ਗੋਚਰ ਕਿਹਾ ਜਾਂਦਾ ਹੈ।

(ਗ-82) **ਗ੍ਰਹਿ ਚੜ੍ਹਨਾ** :

ਕਿਸੇ ਗ੍ਰਹਿ ਦੇ ਮੰਦੇ ਪ੍ਰਭਾਵ ਹੇਠ ਆਉਣਾ, ਖ਼ਾਸ ਤੌਰ ਤੇ ਸਨਿਚਰ ਗ੍ਰਹਿ ਦੇ ਅਸਰ ਹੇਠ ਬੁਰੇ ਦਿਨ ਆਉਣੇ। ਗ੍ਰਹਿਆ ਦੇ ਮੰਦੇ ਪ੍ਰਭਾਵ ਹੇਠੋਂ ਨਿਕਲਣ ਲਈ ਕੁਝ ਉਪਾਅ ਵੀ ਲੋਕਾਂ ਵਿਚ ਪ੍ਰਚਲਤ ਹਨ, ਜਿਵੇਂ ਸਨਿਚਰ ਦੇ ਮੰਦੇ ਪ੍ਰਭਾਵ ਤੋਂ ਬਚਣ ਲਈ ਉਸ ਦਿਨ ਭਾਟੜਿਆਂ ਨੂੰ ਤਾਂਬੇ ਦਾ ਪੈਸਾ ਤੇ ਤੇਲ ਦਾਨ ਕਰਨਾ ਅਤੇ ਉਨ੍ਹਾਂ ਦੇ ਕਟੋਰੇ ਵਿਚ ਜਿਥੇ ਤੇਲ ਤੇ ਸਨਿਚਰ ਦੀ ਮੂਰਤੀ ਪਈ ਹੁੰਦੀ ਹੈ, ਆਪਣਾ ਬਿੰਬ ਵੇਖਣਾ।

(ਗ-83) **ਗ੍ਰਹਿਣ** :

ਸੂਰਜ ਚੰਦ ਆਦਿ ਗ੍ਰਹਿਆਂ ਉਤੇ ਧਰਤੀ ਜਾਂ ਕਿਸੇ ਹੋਰ ਗ੍ਰਹਿ ਦਾ ਪ੍ਰਛਾਵਾਂ ਪੈ ਜਾਣ ਦੀ ਕਿਰਿਆ, ਜਿਸ ਕਰਕੇ ਉਨ੍ਹਾਂ ਦਾ ਕੁਝ ਰੋਸ਼ਨ ਹਿੱਸਾ ਕਾਲਾ ਵਿਖਾਈ ਦੇਣ ਲਗਦਾ ਹੈ। ਸੂਰਜ ਗ੍ਰਹਿਣ ਅਮਾਵਸ ਵਾਲੇ ਦਿਨ ਉਦੋਂ ਲਗਦਾ ਹੈ ਜਦੋਂ ਸੂਰਜ ਤੇ ਧਰਤੀ ਵਿਚਕਾਰ, ਗਤੀ ਕਰਦਾ ਹੋਇਆ, ਚੰਨ ਆ ਜਾਂਦਾ ਹੈ ਅਤੇ ਚੰਨ ਗ੍ਰਹਿਣ ਪੂਰਨਮਾਸ਼ੀ ਵਾਲੀ ਰਾਤ, ਜਦੋਂ ਸੂਰਜ ਤੇ ਚੰਨ ਵਿਚਕਾਰ ਧਰਤੀ ਆ ਜਾਂਦੀ ਹੈ।

ਪੁਰਾਣਾਂ ਅਨੁਸਾਰ ਗ੍ਰਹਿਣ ਦਾ ਕਾਰਨ ਅਸੁਰ ਰਾਹੂ ਅਤੇ ਕੇਤੂ ਹਨ, ਜੋ ਬਦਲੇ ਦੀ ਭਾਵਨਾ ਨਾਲ ਚੰਨ ਤੇ ਸੂਰਜ ਦਿਉਤੇ ਨੂੰ ਗ੍ਰਸਣ ਲਈ ਆਦਿ ਕਾਲ ਤੋਂ ਉਨ੍ਹਾਂ ਦਾ ਪਿੱਛਾ ਕਰਦੇ ਆ ਰਹੇ ਹਨ। ਇਸ ਬਾਰੇ ਇਕ ਕਥਾ ਹੈ : ਦੇਵਤਿਆਂ ਤੇ ਦੈਂਤਾਂ ਨੇ, ਅੰਮ੍ਰਿਤ ਦੀ ਪ੍ਰਾਪਤੀ ਲਈ ਰਲ ਕੇ ਖੀਰ ਸਾਗਰ ਨੂੰ ਰਿੜਕਿਆ। ਜਦੋਂ ਸਾਗਰ ਵਿਚੋਂ ਅੰਮ੍ਰਿਤ ਦਾ ਕਲਸ ਨਿਕਲਿਆ ਤਾਂ ਦੈਂਤ ਇਸਨੂੰ ਚੁਕ ਕੇ ਨਸ ਗਏ। ਦੇਵਤੇ ਘਬਰਾ ਗਏ ਕਿ ਜੇ ਦੈਂਤਾਂ ਨੇ ਅੰਮ੍ਰਿਤ ਪੀ ਲਿਆ ਤਾਂ ਉਹ ਅਮਰ ਹੋ ਜਾਣਗੇ ਤੇ ਸਭਨਾਂ ਦੇਵਤਿਆਂ ਦਾ ਬੀਜ ਨਾਸ਼ ਕਰ ਦੇਣਗੇ। ਸੋ, ਉਹ ਸਾਰੇ ਰਲ ਕੇ ਵਿਸ਼ਨੂੰ ਭਗਵਾਨ ਕੋਲ ਗਏ ਤੇ ਸਾਰੀ ਗੱਲ ਦਸੀ। ਵਿਸ਼ਨੂੰ ਨੇ ਦੈਂਤਾਂ ਤੋਂ ਅੰਮ੍ਰਿਤ ਦਾ ਕਲਸ ਪ੍ਰਾਪਤ ਕਰਨ ਲਈ ਇਕ ਸੁੰਦਰ ਮੁਟਿਆਰ ਮੋਹਿਨੀ ਦਾ

ਰੂਪ ਧਾਰਨ ਕੀਤਾ ਤੇ ਉਸ ਫੁੱਲਵਾੜੀ ਵਿਚ ਜਾ ਕੇ ਨਚਣਾ ਸ਼ੁਰੂ ਕਰ ਦਿਤਾ, ਜਿਥੇ ਦੈਂਤ ਬੈਠੇ ਅੰਮ੍ਰਿਤ ਪੀਣ ਦੀਆਂ ਤਿਆਰੀਆਂ ਕਰ ਰਹੇ ਸਨ। ਮੋਹਿਨੀ ਨੇ ਆਪਣੇ ਰੂਪ ਤੇ ਅਦਾਵਾਂ ਨਾਲ ਦੈਂਤਾਂ ਨੂੰ ਮੋਹ ਲਿਆ ਤੇ ਚਲਾਕੀ ਨਾਲ ਉਨ੍ਹਾਂ ਤੋਂ ਅੰਮ੍ਰਿਤ ਦਾ ਕਲਸ ਲੈ ਲਿਆ। ਇਤਨੀ ਦੇਰ ਤਕ ਦੇਵਤੇ ਵੀ ਉਥੇ ਪਹੁੰਚ ਗਏ ਤੇ ਅੰਮ੍ਰਿਤ ਉਪਰ ਹੱਕ ਜਿਤਾਣ ਲਗੇ। ਦੈਂਤਾਂ ਨੇ ਦੇਵਤਿਆਂ ਦਾ ਹੱਕ ਪ੍ਰਵਾਨ ਕਰ ਲਿਆ ਤੇ ਮੋਹਿਨੀ ਦੋਹਾਂ ਵਿਚ ਅੰਮ੍ਰਿਤ ਵੰਡਣ ਲੱਗੀ। ਅਜੇ ਮੋਹਿਨੀ ਦੇਵਤਿਆਂ ਵਿਚ ਹੀ ਅੰਮ੍ਰਿਤ ਵੰਡ ਰਹੀ ਸੀ ਕਿ ਕਲਸ ਵਿਚ ਕੁਝ ਬੂੰਦਾਂ ਹੀ ਬਾਕੀ ਰਹਿ ਗਈਆਂ। ਰਾਹੂ ਦੈਂਤ ਨੂੰ ਸ਼ਕ ਪੈ ਗਿਆ ਤੇ ਉਸ ਨੇ ਦੈਵੀ ਸ਼ਕਤੀ ਨਾਲ ਜਾਣ ਲਿਆ ਕਿ 'ਮੋਹਿਨੀ' ਵਿਸ਼ਨੂੰ ਦਾ ਹੀ ਸਰੂਪ ਹੈ ਤੇ ਦੈਂਤਾਂ ਨਾਲ ਛਲ ਹੋ ਗਿਆ ਹੈ। ਸੋ, ਉਹ ਤੁਰਤ ਦੇਵਤਿਆਂ ਦਾ ਭੇਸ ਧਾਰ ਕੇ ਚੰਨ ਤੇ ਸੂਰਜ ਵਿਚਕਾਰ ਜਾ ਬੈਠਾ। ਮੋਹਿਨੀ ਨੇ ਰਾਹੂ ਨੂੰ ਦੇਵਤਾ ਸਮਝ, ਉਸ ਨੂੰ ਅੰਮ੍ਰਿਤ ਪੀਣ ਲਈ ਦੇ ਦਿਤਾ। ਐਨ ਉਸੇ ਵੇਲੇ ਰਾਹੂ ਦੇ ਕੋਲ ਬੈਠੇ ਸੂਰਜ ਤੇ ਚੰਨ ਦੀ ਨਜ਼ਰ ਰਾਹੂ ਦੇ ਪ੍ਰਛਾਵੇਂ ਉਤੇ ਪੈ ਗਈ। ਦੇਵਤਿਆਂ ਦਾ ਪ੍ਰਛਾਵਾਂ ਨਹੀਂ ਹੁੰਦਾ। ਸੋ, ਚੰਨ ਸੂਰਜ ਨੇ ਮੋਹਿਨੀ ਨੂੰ ਇਸ਼ਾਰੇ ਨਾਲ ਰਾਹੂ ਦੇ ਪ੍ਰਛਾਵੇਂ ਵਲ ਸੰਕੇਤ ਕੀਤਾ। ਮੋਹਿਨੀ ਸਾਰੀ ਗੱਲ ਸਮਝ ਗਈ। ਤੇ ਉਸ ਨੇ ਅੱਖ-ਪਲਕਾਰੇ ਵਿਚ ਵਿਸ਼ਨੂੰ ਦਾ ਅਸਲੀ ਰੂਪ ਧਾਰ, ਸੁਦਰਸ਼ਨ ਚੱਕਰ ਨਾਲ, ਰਾਹੂ ਦਾ ਸਿਰ ਧੜ ਨਾਲੋਂ ਵਖ ਕਰ ਦਿਤਾ। ਉਦੋਂ ਤਕ ਰਾਹੂ ਅੰਮ੍ਰਿਤ ਦਾ ਘੁਟ ਅੰਦਰ ਲੰਘਾ ਚੁਕਾ ਸੀ। ਸੋ, ਵਿਸ਼ਨੂੰ ਅਮਰ ਹੋ ਚੁਕੇ ਰਾਹੂ ਨੂੰ ਮਾਰਨੋਂ ਅਸਮਰਥ ਸੀ। ਇਸ ਲਈ ਰਾਹੂ ਦਾ ਕਟਿਆ ਸਿਰ ਤੇ ਧੜ ਦੋਵੇਂ ਵਖੋ ਵਖਰੇ ਜੀਉਂਦੇ ਰਹੇ। ਸਿਰ ਰਾਹੂ ਤੇ ਧੜ ਕੇਤੂ ਅਖਵਾਇਆ। ਉਦੋਂ ਤੋਂ ਰਾਹੂ ਤੇ ਕੇਤੂ ਸੂਰਜ ਤੇ ਚੰਨ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਉਨ੍ਹਾਂ ਦਾ ਪਿੱਛਾ ਕਰਦੇ ਰਹਿੰਦੇ ਹਨ। ਜਦੋਂ ਵੀ ਸੂਰਜ/ਚੰਨ ਉਨ੍ਹਾਂ ਦੀ ਪਕੜ ਵਿਚ ਆ ਜਾਂਦਾ ਹੈ, ਉਹ ਗ੍ਰਹਿਣਿਆ ਜਾਂਦਾ ਹੈ। ਧਰਤੀ ਦੇ ਲੋਕ ਉਦੋਂ ਖੁਲ੍ਹ ਕੇ ਦਾਨ ਦੇਂਦੇ ਹਨ ਤਾਂ ਜੋ ਚੰਨ/ਸੂਰਜ ਦੇਵਤਾ, ਦੈਂਤਾਂ ਦੇ ਦੁਸ਼ਟ ਪੰਜੇ ਤੋਂ ਮੁਕਤ ਹੋ ਸਕਣ।

ਚੰਨ ਗ੍ਰਹਿਣ ਬਾਰੇ ਇਕ ਲੌਕਿਕ ਕਥਾ ਪ੍ਰਚਲਤ ਹੈ। ਰਵਾਇਤ ਹੈ, ਚੰਨ ਨੂੰ ਇਕ ਵਾਰ ਰੁਪਏ ਪੈਸੇ ਦੀ ਸਖ਼ਤ ਲੋੜ ਪੈ ਗਈ। ਰੁਪਏ ਦਾ ਪ੍ਰਬੰਧ ਕਿਧਰੋਂ ਨਾ ਹੋਣ ਕਰਕੇ, ਚੰਨ ਨੇ ਇਕ 'ਡੂਮ' ਤੋਂ ਸੂਦ ਉਤੇ ਰੁਪਏ ਲੈ ਲਏ। ਚੰਨ ਤੋਂ ਇਹ ਰਕਮ ਮੋੜੀ ਨਾ ਗਈ ਤੇ ਸੂਦ ਵਧਦਾ ਗਿਆ। ਜਦੋਂ ਵੀ ਡੂਮ ਚੰਨ ਤੋਂ ਰਕਮ ਉਗਰਾਹੁਣ ਜਾਂਦਾ ਹੈ, ਚੰਨ ਸ਼ਰਮ ਦਾ ਮਾਰਿਆ ਆਪਣਾ ਸਿਰ ਮੂੰਹ ਛੁਪਾ ਲੈਂਦਾ ਹੈ ਤੇ ਉਦੋਂ ਤਕ ਮੂੰਹ ਨਹੀਂ ਵਿਖਾਉਂਦਾ ਜਦੋਂ ਤਕ ਧਰਤੀ ਦੇ ਲੋਕ ਡੂੰਮਾਂ ਨੂੰ ਚੋਖੀ ਸਾਰੀ ਚੀਜ਼ ਵਸਤ ਤੇ ਰੁਪਿਆ ਪੈਸਾ ਦਾਨ ਦੇ ਕੇ ਚੰਨ ਦਾ ਕੁਝ ਰਿਣ ਹੌਲਾ ਨਹੀਂ ਕਰ ਦੇਂਦੇ।

ਸਨਾਤਨੀ ਵਿਚਾਰਾਂ ਦੇ ਹਿੰਦੂ ਗ੍ਰਹਿਣ ਕਾਲ ਨੂੰ ਅਪਵਿਤ੍ਰ ਮੰਨਦੇ ਹਨ। ਤੇ ਇਸ ਦੌਰਾਨ ਨਾ ਤਾਂ ਕੋਈ ਚੀਜ਼ ਮੂੰਹ ਲਗਾਉਂਦੇ ਹਨ ਤੇ ਨਾ ਹੀ ਕੋਈ ਸ਼ੁਭ ਕੰਮ ਕਰਦੇ ਹਨ। ਗ੍ਰਹਿਣ ਦੇ ਮੁਕਣ ਉਤੇ ਉਹ ਸੁਧੀ ਲਈ ਇਸ਼ਨਾਨ ਕਰਦੇ ਤੇ ਗ੍ਰਹਿਣ ਦਾ ਚੰਦਰਾ ਪ੍ਰਭਾਵ ਉਤਾਰਨ ਲਈ, ਘਰ ਦੇ ਸਾਰੇ ਬਰਤਨ ਮਾਂਝ ਕੇ, ਸੁੱਚੇ ਕਰਦੇ ਹਨ। ਪੱਕੇ ਹੋਏ ਸਭ ਪਦਾਰਥ ਦਾਨ ਕਰ ਦਿਤੇ ਜਾਂਦੇ ਹਨ। ਗ੍ਰਹਿਣ ਲਗਣ ਤੋਂ ਪਹਿਲਾਂ ਘਰ ਦੇ ਸਾਰੇ ਘੜਿਆਂ ਵਿਚੋਂ ਪਾਣੀ ਡੋਲ੍ਹ ਦਿਤਾ ਜਾਂਦਾ ਹੈ। ਸਨਾਤਨੀ ਹਿੰਦੂ ਤਾਂ ਸੂਰਜ ਗ੍ਰਹਿਣ ਲਗਣ ਤੋਂ 12 ਘੰਟੇ ਅਤੇ ਚੰਨ ਗ੍ਰਹਿਣ ਤੋਂ 8 ਘੰਟੇ ਪਹਿਲਾਂ ਪੱਕੀ ਹੋਈ ਕੋਈ ਚੀਜ਼ ਨਹੀਂ ਖਾਂਦੇ।

ਗਰਭਵਤੀ ਇਸਤ੍ਰੀ ਲਈ ਗ੍ਰਹਿਣ ਸਮੇਂ ਕਈ ਨਿਸ਼ੇਧ ਹਨ। ਗ੍ਰਹਿਣ ਦਾ ਅਸਰ ਗਰਭ ਵਿਚ ਪਏ ਬੱਚੇ ਉਤੇ ਮੰਨਿਆ ਜਾਂਦਾ ਹੈ। ਗ੍ਰਹਿਣ ਸਮੇਂ ਗਰਭਵਤੀ ਜੋ ਕੰਮ ਕਰੇਗੀ ਉਸ ਦਾ ਨਿਸ਼ਾਨ ਬੱਚੇ ਦੇ ਸਰੀਰ ਉਤੇ ਪੈ ਜਾਏਗਾ। ਜੇ ਉਹ ਕੁਝ ਲਫ਼ਜ਼ ਲਿਖੇਗੀ ਤਾਂ ਬੱਚੇ ਦੇ ਸਰੀਰ ਉਤੇ ਉਹੋ ਕੁਝ ਉਕਰਿਆ ਜਾਵੇਗਾ। ਜੇ ਉਹ ਕੋਈ ਚੀਜ਼ ਕੱਟੇਗੀ ਤਾਂ ਬੱਚੇ ਦੇ ਸਰੀਰ ਤੇ ਕਾਟੇ ਦਾ ਨਿਸ਼ਾਨ ਪੈ ਜਾਵੇਗਾ ਇਤਿਆਦਿ, ਇਸ ਲਈ ਗਰਭਵਤੀ ਨੂੰ ਗ੍ਰਹਿਣ ਸਮੇਂ ਕਿਸੇ ਨਵੇਕਲੀ ਥਾਂ ਚੁਪ ਚਾਪ ਲਿਟਾ ਦਿਤਾ ਜਾਂਦਾ ਹੈ। ਜੇ ਉਹ ਕੁਝ ਖਾ ਲਵੇ ਤਾਂ ਬੱਚਾ ਪਾਗਲ ਜੰਮੇਗਾ। ਪਿੰਡਾਂ ਵਿਚ ਤਾਂ ਗਰਭਵਤੀ ਇਸਤ੍ਰੀ ਨੂੰ ਹਨੇਰੇ ਕਮਰੇ ਵਿਚ ਜਿਥੇ ਸੂਰਜ ਅਥਵਾ ਚੰਨ ਦੀ ਕਿਰਨ ਨਾ ਪਹੁੰਚ ਸਕੇ, ਲਿਟਾ ਦਿਤਾ ਜਾਂਦਾ ਹੈ। ਕਈ ਲੋਕ ਗਰਭਵਤੀ ਤੀਵੀਂ ਦੇ ਲਕ ਦੁਆਲੇ ਗੋਹੇ ਨਾਲ ਦਾਗ ਵਾਹ ਦਿੰਦੇ ਹਨ। ਜੇ ਕੋਈ ਪਸ਼ੂ ਗੱਭਣ ਹੋਵੇ ਤਾਂ ਉਸ ਦੇ ਸਿੰਙਾਂ ਉਤੇ ਸੰਧੂਰ ਲਗਾ ਦਿਤਾ ਜਾਂਦਾ ਹੈ।

(ਗ-84) **ਗ੍ਰਹਿ ਪੂਜਾ :**

ਮਨੁਖ ਆਦਿਮ ਅਵਸਥਾ ਵਿਚ ਪ੍ਰਾਕ੍ਰਿਤਕ ਸ਼ਕਤੀਆਂ ਅਤੇ ਗੌਰਵਮਈ ਦ੍ਰਿਸ਼ਟਮਾਨਾਂ ਨੂੰ ਦੇਵ ਮੰਨ ਕੇ, ਉਨ੍ਹਾਂ ਦੀ ਪੂਜਾ-ਅਰਚਾ ਕਰਦਾ ਅਥਵਾ ਉਨ੍ਹਾਂ ਦੀ ਸੰਤੁਸ਼ਟੀ ਲਈ ਉਨ੍ਹਾਂ ਨੂੰ ਪਤਿਆਂਦਾ ਸੀ। ਗ੍ਰਹਿਆਂ ਦੀ ਪੂਜਾ ਵੀ, ਪੂਰਵ-ਇਤਿਹਾਸਕ ਕਾਲ ਤੋਂ ਪ੍ਰਚਲਤ ਹੈ। ਆਰੰਭ ਵਿਚ ਧਰਤੀ, ਸੂਰਜ ਅਤੇ ਚੰਨ ਦੀ ਹੀ ਪੂਜਾ ਕੀਤੀ ਜਾਂਦੀ ਰਹੀ,

ਪਰ ਜਿਵੇਂ ਜਿਵੇਂ ਬਾਕੀ ਹੋਰ ਗ੍ਰਹਿਆਂ ਦਾ ਗਿਆਨ ਹੁੰਦਾ ਗਿਆ, ਉਨ੍ਹਾਂ ਦੀ ਪੂਜਾ ਵੀ ਆਰੰਭ ਹੋ ਗਈ। ਪ੍ਰਾਚੀਨ ਕਾਲ ਤੋਂ ਇਹ ਧਾਰਨਾ ਚਲੀ ਆ ਰਹੀ ਹੈ ਕਿ ਗ੍ਰਹਿਆਂ ਦੀ ਸਥਿਤੀ ਦਾ ਮਨੁਖ ਦੀ ਹੋਣੀ ਤੇ ਮਾਨਸਿਕ ਅਵਸਥਾ ਉਤੇ ਗਹਿਰਾ ਪ੍ਰਭਾਵ ਪੈਂਦਾ ਹੈ। ਦੁਨੀਆਂ ਉਤੇ ਬਹੁਤ ਸੰਕਟ ਗ੍ਰਹਿਆਂ ਦੀ ਕਰੂਰਤਾ ਦਾ ਫਲ ਮੰਨਿਆ ਜਾਂਦਾ ਰਿਹਾ। ਇਸ ਲਈ ਗ੍ਰਹਿਆਂ ਦੀ ਪੂਜਾ ਸੁਭਾਵਕ ਸੀ। ਜੋਤਿਸ਼ ਵਿਦਿਆ ਅਨੁਸਾਰ ਗ੍ਰਹਿਆਂ ਦਾ ਮਨੁਖੀ ਜੀਵਨ ਉਤੇ ਬੜਾ ਗਹਿਰਾ ਪ੍ਰਭਾਵ ਹੈ। ਉਹ ਚੰਗੇ ਗ੍ਰਹਿਆਂ ਦੇ ਪ੍ਰਭਾਵ ਹੇਠ ਵਧਦਾ ਫੁਲਦਾ ਹੈ। ਮੰਦੇ ਗ੍ਰਹਿਆਂ ਦੇ ਪ੍ਰਭਾਵ ਹੇਠ ਸੰਕਟਗ੍ਰਸਤ ਹੁੰਦਾ ਹੈ। ਇਸ ਲਈ ਗ੍ਰਹਿਆਂ ਦੀ ਪੂਜਾ ਕਰਕੇ ਉਸਨੂੰ ਪਤਿਆਣਾ ਲੋਕ-ਧਰਮਾਂ ਦਾ ਅੰਗ ਹੈ।

ਕੁਝ ਗ੍ਰਹਿਆਂ ਦੀ ਪੂਜਾ ਸੁਤੰਤਰ ਰੂਪ ਵਿਚ ਕੀਤੀ ਜਾਂਦੀ ਹੈ, ਜਿਵੇਂ ਸੂਰਜ ਦੀ ਪੂਜਾ 'ਸੂਰਜ ਨਰੈਣ' ਦੇ ਰੂਪ ਵਿਚ, ਚੰਦਰਮੇ ਦੀ ਪੂਜਾ ਨਵਾਂ ਚੰਨ ਚੜ੍ਹਨ ਵੇਲੇ, ਮੰਗਲ ਗ੍ਰਹਿ ਦੀ ਮੰਗਲ ਕਾਰਜਾਂ ਦੇ ਆਰੰਭ ਵਿਚ। ਸਨਿਚਰ ਦੇ ਕਰੂਰ ਪ੍ਰਭਾਵ ਨੂੰ 'ਢਈਆ' ਕਿਹਾ ਜਾਂਦਾ ਹੈ। ਕਿਉਂ ਜੋ ਸਨਿਚਰ ਇਕ ਰਾਸ਼ੀ ਵਿਚ ਢਾਈ ਵਰ੍ਹੇ ਰਹਿੰਦਾ ਹੈ। ਇਸੇ ਲਈ ਇਸ ਦਾ ਕਰੂਰ ਪ੍ਰਭਾਵ ਢਾਈ ਘੜੀਆਂ, ਢਾਈ ਦਿਨ, ਢਾਈ ਮਹੀਨੇ, ਢਾਈ ਸਾਲ ਜਾਂ ਸਾਢੇ ਸੱਤ ਸਾਲ, ਜਿਸ ਨੂੰ ਸਾੜਸਤੀ ਕਹਿੰਦੇ ਹਨ ਰਹਿਣਾ ਮੰਨਦੇ ਹਨ। ਸ਼ਨੀ ਦੀ ਪੂਜਾ ਨਾਲ ਇਹ ਸਮਾਂ ਘਟਦਾ ਹੈ। ਰਾਹੂ ਕੇਤੂ ਦੀ ਪੂਜਾ ਤਾਂ ਚੰਦਰ ਗ੍ਰਹਿਣ ਤੇ ਸੂਰਜ ਗ੍ਰਹਿਣ ਵੇਲੇ ਕੀਤੀ ਜਾਂਦੀ ਹੈ।

ਆਮ ਤੌਰ ਉਤੇ ਨੌਂ ਗ੍ਰਹਿਆਂ ਦੀ ਪੂਜਾ ਸਮੁੱਚੇ ਰੂਪ ਵਿਚ ਵੀ ਕੀਤੀ ਜਾਂਦੀ ਹੈ। ਜਿਸ ਨੂੰ 'ਸਾਂਤ' (ਸੰਤ) ਕਹਿੰਦੇ ਹਨ। ਧਾਰਨਾ ਹੈ ਕਿ ਸਾਂਤ ਨਾਲ ਸਾਰੇ ਗ੍ਰਹਿ ਆਪਣੇ ਕਰੂਰ ਪ੍ਰਭਾਵ ਤਿਆਗ ਕੇ ਸ਼ਾਂਤ ਹੋ ਜਾਂਦੇ ਹਨ। ਨੌਂ ਗ੍ਰਹਿਆਂ ਦੀ ਪੂਜਾ ਵਿਆਹ ਸ਼ਾਦੀ, ਮਕਾਨ ਦੇ ਮਹੂਰਤ ਜਾਂ ਕੰਮ ਧੰਦੇ ਦੇ ਮਹੂਰਤ ਵੇਲੇ ਕੀਤੀ ਜਾਂਦੀ ਹੈ। ਪੰਜ ਗ੍ਰਹਿਆਂ ਦੀ ਪੂਜਾ ਅਰਚਾ ਨੂੰ 'ਪੰਚਕ' ਸ਼ਾਂਤੀ ਕਹਿੰਦੇ ਹਨ।

ਗ੍ਰਹਿਆਂ ਦੀ ਪੂਜਾ ਵਧੇਰੇ ਕਰ ਕੇ ਵਰਤਾਂ ਤੇ ਕਰਮ-ਕਾਂਡਾਂ ਦੁਆਰਾ ਕੀਤੀ ਜਾਂਦੀ ਹੈ। ਸੱਤ ਗ੍ਰਹਿਆਂ ਦਾ ਸੰਬੰਧ ਤਾਂ ਸੱਤ ਵਾਰਾਂ ਨਾਲ ਹੈ। ਇਸ ਲਈ ਸੱਤਾਂ ਗ੍ਰਹਿਆਂ ਨਾਲ ਸੰਬੰਧਿਤ ਸਤ ਵਾਰਾਂ ਨੂੰ ਵਰਤ ਰਖ ਕੇ ਉਸ ਨੂੰ ਪਤਿਆ ਲਿਆ ਜਾਂਦਾ ਹੈ। ਗ੍ਰਹਿਆਂ ਤੋਂ ਇਲਾਵਾ ਨਛੱਤਰਾਂ ਦੀ ਪੂਜਾ ਅਰਚਾ ਦੀ ਵੀ ਪ੍ਰਥਾ ਹੈ। ਨਛੱਤ੍ਰ ਤਾਰਿਆਂ ਦੇ ਸਮੂਹ ਦੇ ਉਹ ਖੇਤਰ-ਪਿੰਡ ਹਨ, ਜੋ ਅਸਮਾਨ ਵਿਚ ਵਿਚਰਦਿਆਂ ਚੰਦਰਮੇ ਦੇ ਮਾਰਗ ਵਿਚ ਪੈਂਦੇ ਹਨ। ਇਨ੍ਹਾਂ ਦੀ ਸੰਖਿਆ ਸਤਾਈ ਹੈ। ਕੁਝ ਨਛਤ੍ਰ ਚੰਗੇ ਪ੍ਰਭਾਵ ਵਾਲੇ ਹਨ ਕੁਝ ਮੰਦੇ, ਜਿਵੇਂ ਸਵਾਂਤੀ ਨਛਤ੍ਰ ਚੰਗੇ ਸੁਭਾਵ ਦਾ ਹੈ, ਪਰ ਮੂਲ ਮੰਦੇ ਪ੍ਰਭਾਵ ਵਾਲਾ। ਪੰਚਕ ਪੰਜ ਨਛਤ੍ਰਾਂ ਦਾ ਸਮੁਦਾਏ ਹੈ, ਇਸ ਲਈ ਧਨਿਸ਼ਟਾ, ਸੁਤ-ਪਖਾ, ਪੂਰਵਾ ਭਾਦ੍ਰਪਾਦ, ਉਤਰਾਭਾਦ੍ਰਸਦ ਅਤੇ ਰਵੇਤੀ ਸ਼ਹਯਿਲ ਹਨ। 'ਪੰਚਕ' ਵਿਚ ਕਿਸੇ ਨਵੇਂ ਕਾਰਜ ਦਾ ਆਰੰਭ ਕਰਨਾ ਜੋਤਿਸ਼ ਅਨੁਸਾਰ ਠੀਕ ਨਹੀਂ ਸਮਝਿਆ ਜਾਂਦਾ।

ਕੁਝ ਇਕਲੇ ਇਕਲੇ ਨਛਤ੍ਰਾਂ ਦਾ ਪ੍ਰਭਾਵ ਮੰਦਾ ਮੰਨਿਆ ਜਾਂਦਾ ਹੈ ਜਿਵੇਂ ਮੂਲ ਨਛਤ੍ਰ ਵਿਚ ਜੰਮਿਆ ਬੱਚਾ ਮਾਪਿਆਂ ਉਤੇ ਭਾਰਾ ਮੰਨਿਆ ਗਿਆ ਹੈ। ਮੂਲ ਸਭ ਤੋਂ ਵਧ ਦਵੇਖ ਭਾਵਨਾ ਵਾਲਾ ਨਛੱਤਰ ਹੈ। ਅਜਿਹੇ ਬੱਚੇ ਦਾ ਬਾਰਾਂ ਸਾਲਾਂ ਤਕ ਮਾਂ ਪਿਉ ਦੇ ਮੱਥੇ ਲਗਣਾ ਸ਼ੁਭ ਨਹੀਂ। ਜੇ ਮਜਬੂਰੀ ਕਾਰਨ ਲਗਣਾ ਪਏ ਤਾਂ ਮਾਪੇ ਪਹਿਲੀ ਵਾਰ, ਬੱਚੇ ਨੂੰ ਸਿੱਧਾ ਨਹੀਂ ਵੇਖਦੇ ਇਕ ਖੁਲ੍ਹੇ ਭਾਂਡੇ ਵਿਚ ਸਰ੍ਹੋਂ ਦਾ ਤੇਲ ਧਰ ਕੇ ਉਸ ਵਿਚ ਬੱਚੇ ਦਾ ਬਿੰਬ ਵੇਖਿਆ ਜਾਂਦਾ ਹੈ (ਵੇਖੋ : ਧਰਤੀ ਮਾਤਾ)।

ਰਾਹੂ ਤੇ ਕੇਤੂ ਅਸ਼ੁਭ ਗ੍ਰਹਿ ਮੰਨੇ ਗਏ ਹਨ। ਪੁਰਾਣਾਂ ਅਨੁਸਾਰ ਇਹ ਦੋਵੇਂ ਅਸੁਰ ਗ੍ਰਹਿ ਹਨ ਅਤੇ ਧੋਖੇ ਨਾਲ ਵਿਸ਼ਨੂੰ ਤੋਂ ਅੰਮ੍ਰਿਤ ਪੀ ਕੇ, ਅਮਰ ਹੋ ਗਏ ਹਨ। ਇਨ੍ਹਾਂ ਦੋਹਾਂ ਦੁਆਰਾ ਹੀ ਸੂਰਜ ਤੇ ਚੰਨ ਨੂੰ ਗ੍ਰਹਿਣ ਲਗਦਾ ਹੈ।

ਹਰੇਕ ਗ੍ਰਹਿ ਦਾ ਕਿਸੇ ਰਾਸ਼ੀ ਅਥਵਾ ਘਰ ਵਿਚ ਠਹਿਰਨ ਦਾ ਸਮਾਂ ਇਕਸਾਰ ਨਹੀਂ। ਸੂਰਜ ਹਰੇਕ ਰਾਸ਼ੀ ਵਿਚ ਇਕ ਮਹੀਨਾ ਠਹਿਰਦਾ ਹੈ, ਚੰਦਰਮਾ ਸਵਾ ਦੋ ਦਿਨ, ਮੰਗਲ ਡੇਢ ਮਹੀਨਾ, ਬੁੱਧ ਹਰੇਕ ਰਾਸ਼ੀ ਵਿਚ 21 ਦਿਨ ਬਿਸਰਾਮ ਕਰਦਾ ਹੈ, ਬ੍ਰਹਿਸਪਤ 13 ਮਹੀਨੇ ਤੇ ਸ਼ੁਕਰ 27 ਦਿਨ ਠਹਿਰਦਾ ਹੈ, ਸ਼ਨੀ ਹਰੇਕ ਰਾਸ਼ੀ ਵਿਚ, ਢਾਈ ਵਰ੍ਹੇ ਰਹਿੰਦਾ ਹੈ। ਰਾਹੂ ਤੇ ਕੇਤੂ ਹਰੇਕ ਰਾਸ਼ੀ ਵਿਚ ਡੇਢ ਸਾਲ ਬਿਸਰਾਮ ਕਰਦੇ ਹਨ।

ਗ੍ਰਹਿਆਂ ਨੂੰ ਅਗੋਂ ਜਾਤਾਂ ਵਿਚ ਵੰਡਿਆ ਹੋਇਆ ਹੈ। ਸ਼ੁਕਰ ਤੇ ਬ੍ਰਹਿਸਪਤ ਦੋਵੇਂ ਬ੍ਰਾਹਮਣ ਹਨ, ਮੰਗਲ ਤੇ ਸੂਰਜ ਗ੍ਰਹਿ ਖੱਤਰੀ ਹਨ, ਬੁੱਧ ਤੇ ਚੰਦਰਮਾ ਵੈਸ਼ ਹਨ, ਸਨਿਚਰ, ਰਾਹੂ ਤੇ ਕੇਤੂ ਤਿੰਨੇ ਜਾਤ ਦੇ ਸ਼ੂਦਰ ਗ੍ਰਹਿ ਮੰਨੇ ਗਏ ਹਨ।

ਹਰ ਗ੍ਰਹਿ ਦਾ ਕੋਈ ਨਾ ਕੋਈ ਰੰਗ ਮਿਥਿਆ ਗਿਆ ਹੈ—ਮੰਗਲ ਤੇ ਸੂਰਜ ਦਾ ਰੰਗ ਲਾਲ ਹੈ। ਚੰਦ੍ਰਮਾ ਤੇ ਸ਼ੁਕਰ ਚਿੱਟੇ ਰੰਗ ਦੇ ਹਨ। ਬ੍ਰਿਹਸਪਤੀ ਬਸੰਤੀ ਰੰਗ ਦਾ ਤੇ ਬੁੱਧ ਹਰੇ ਰੰਗ ਦਾ, ਸ਼ਨੀ ਕਾਲੇ ਰੰਗ ਦਾ ਤੇ ਰਾਹੂ ਕੇਤੂ ਦਾ ਰੰਗ ਧੂੰਏ ਵਰਗਾ ਮੰਨਿਆ ਗਿਆ ਹੈ।

ਹਰੇਕ ਗ੍ਰਹਿ ਦਾ ਆਪਣਾ ਵਖਰਾ ਵਾਹਣ ਹੈ। ਸੂਰਜ ਦਾ ਵਾਹਣ ਘੋੜਾ, ਚੰਦਰਮੇ ਦਾ ਖਰਗੋਸ਼, ਮੰਗਲ ਦਾ ਸੂਰ, ਬੁਧ ਦਾ ਸ਼ੇਰ, ਬ੍ਰਿਹਸਪਤੀ ਦਾ ਹਿਰਨ, ਸ਼ੁਕਰ ਦਾ

ਡੱਡੂ, ਸ਼ਨੀ ਦਾ ਭੈਂਸਾ। ਰਾਹੂ ਦਾ ਵਾਹਣ ਰੱਥ ਤੇ ਕੇਤੂ ਦਾ ਕਾਂ ਹੈ।

## (ਗ-85) ਗਰਿਮਾ :

ਇਕ ਸਿੱਧੀ, ਜਿਸ ਦੀ ਸ਼ਕਤੀ ਨਾਲ ਕੋਈ ਸਾਧਕ ਜਿਤਨਾ ਚਾਹਵੇ ਭਾਰੀ ਹੋ ਜਾਂਦਾ ਹੈ (ਵੇਖੋ : ਅਸ਼ਟ ਸਿਧ)। ਕਥਾ ਹੈ ਕਿ ਜਦੋਂ ਰਾਵਨ ਸ਼ਿਵ ਨੂੰ ਮੋਢਿਆਂ ਉਤੇ ਚੁਕ ਕੇ ਲੰਕਾ ਲਿਜਾਣ ਲੱਗਾ ਤਾਂ ਸ਼ਿਵ ਨੇ ਸ਼ਰਤ ਰੱਖੀ ਕਿ ਰਾਵਨ ਰਾਹ ਵਿਚ ਕਿਧਰੇ ਵੀ ਨਹੀਂ ਰੁਕੇਗਾ। ਅਚਲ ਪਹੁੰਚ ਕੇ ਰਾਵਨ ਨੂੰ ਹਾਜਤ ਹੋਈ ਤੇ ਉਹ ਸ਼ਿਵ ਨੂੰ ਇਕ ਚੱਟਾਨ ਉਤੇ ਬਿਠਾ ਕੇ ਖੁਦ ਜੰਗਲ ਪਾਣੀ ਲਈ ਗਿਆ। ਸ਼ਿਵ ਨੇ ਗਰਿਮਾ ਸ਼ਕਤੀ ਦੁਆਰਾ ਆਪਣੇ ਆਪ ਨੂੰ, ਇਤਨਾ ਬੋਝਲ ਬਣਾ ਲਿਆ ਕਿ ਮੁੜ ਰਾਵਨ ਤੋਂ ਚੁਕਿਆ ਹੀ ਨਹੀਂ ਗਿਆ। ਸ਼ਿਵ ਦਾ ਇਹ ਰੂਪ ਅਚਲੇਸ਼ਵਰ ਅਖਵਾਇਆ (ਵੇਖੋ : ਅਚਲੇਸ਼ਵਰ)।

## (ਗ-86) ਗਰੀਬ ਦਾਸੀਏ :

ਭਗਤ ਗਰੀਬ ਦਾਸ ਦਾ ਚਲਾਇਆ ਪੰਥ; ਇਹ ਸੰਪਰਦਾਇ ਕਬੀਰ-ਪੰਥੀਆਂ ਦੀ ਹੀ ਇਕ ਸ਼ਾਖ ਮੰਨੀ ਗਈ ਹੈ। ਇਸ ਮੱਤ ਨੂੰ ਮੰਨਣ ਵਾਲੇ ਪੰਜਾਬ ਵਿਚ ਕਈ ਥਾਈਂ ਬਿਖਰੇ ਮਿਲਦੇ ਹਨ। ਇਨ੍ਹਾਂ ਦਾ ਪੂਜਨੀਕ ਗ੍ਰੰਥ 'ਪੋਥੀ ਬਾਬਾ ਗਰੀਬ ਦਾਸ' ਹੈ, ਜਿਸ ਵਿਚ ਕਬੀਰ ਭਗਤ ਤੇ ਗਰੀਬ ਦਾਸ ਦੀਆਂ ਰਚੀਆਂ ਦਸ ਹਜ਼ਾਰ ਸ਼ਲੋਕ ਤੇ ਸਾਖੀਆਂ ਹਨ।

ਗਰੀਬ ਦਾਸੀਏ ਸਾਧੂ ਬ੍ਰਹਮਚਾਰੀ ਹੁੰਦੇ ਹਨ ਅਤੇ ਗੇਰੂਏ ਰੰਗ ਦੇ ਕਪੜੇ ਪਹਿਨਦੇ ਹਨ। ਇਹ ਕਬੀਰ-ਪੰਥੀ ਸਾਧੂਆਂ ਦੇ ਉਲਟ, ਤੰਬਾਕੂ ਜਾਂ ਕੋਈ ਹੋਰ ਨਸ਼ੀਲੀ ਚੀਜ਼ ਨਹੀਂ ਵਰਤਦੇ।

ਗਰੀਬ ਦਾਸੀਏ ਆਪੋ ਵਿਚ ਮਿਲਣ ਵੇਲੇ 'ਸਤ ਸਾਹਿਬ' ਸ਼ਬਦ ਵਰਤਦੇ ਹਨ। ਇਸ ਲਈ ਇਸ ਸੰਪਰਦਾਇ ਦਾ ਨਾਂ 'ਸਤ ਸਾਹਿਬੀਏ' ਵੀ ਪੈ ਗਿਆ।

ਗਰੀਬ ਦਾਸੀਆਂ ਦੇ ਪੰਥ ਦਾ ਮੋਢੀ ਗਰੀਬ ਦਾਸ ਹੈ। 1717 ਈ: ਵਿਚ, ਪਿੰਡ ਛੁਡਾਣੀ ਤਹਿਸੀਲ ਝੰਗ ਵਿਚ, ਧਨਖੜੇ ਜੱਟਾਂ ਦੇ ਘਰ ਪੈਦਾ ਹੋਏ ਅਤੇ 1782 ਈ: ਵਿਚ ਕਾਲਵਸ ਹੋਏ। ਛੁਡਾਣੀ ਵਿਚ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ, ਜਿਥੇ ਮਹੰਤ ਦੀ ਗੱਦੀ ਚਲਦੀ ਆ ਰਹੀ ਹੈ। ਇਸ ਸਮਾਧ ਦੇ ਪਹਿਲੇ ਚਾਰ ਮਹੰਤ ਗ੍ਰਿਹਸਤੀ ਸਨ, ਪਰ ਪਿਛੋਂ ਫੈਸਲਾ ਕੀਤਾ ਗਿਆ ਕਿ ਅਗੋਂ ਤੋਂ ਮਹੰਤ ਬ੍ਰਹਮਚਾਰੀ ਹੋਣ।

ਰਵਾਇਤ ਅਨੁਸਾਰ ਗਰੀਬ ਦਾਸ ਦੇ ਗੁਰੂ ਕਬੀਰ ਜੀ ਸਨ। ਉਂਜ ਇਹ ਗੱਲ ਬੜੀ ਹਾਸੋ-ਹੀਣੀ ਜਾਪਦੀ ਹੈ, ਕਿਉਂ ਜੋ ਕਬੀਰ ਗਰੀਬ ਦਾਸ ਤੋਂ ਤਿੰਨ ਕੁ ਸਦੀਆਂ ਪਹਿਲਾਂ ਹੋਏ। ਗਰੀਬ ਦਾਸ ਉਤੇ ਕਬੀਰ ਪੰਥੀਆਂ ਦਾ ਚੋਖਾ ਅਸਰ ਜਾਪਦਾ ਹੈ, ਜਿਨ੍ਹਾਂ ਦੀ ਸੰਗਤ ਵਿਚ ਇਨ੍ਹਾਂ ਨੇ ਗ੍ਰਿਹਸਤੀ ਜੀਵਨ ਤਿਆਗ ਦਿਤਾ ਸੀ।

ਇਨ੍ਹਾਂ ਨੇ ਇਕ ਗ੍ਰੰਥ 'ਪੋਥੀ ਬਾਬਾ ਗਰੀਬ ਦਾਸ' ਸੰਪਾਦਨ ਕੀਤੀ, ਜਿਸ ਵਿਚ 24,000 ਸਾਖੀਆਂ ਤੇ ਚੌਪਾਈਆਂ ਹਨ। ਇਸ ਪੋਥੀ ਵਿਚ ਸੱਤ ਹਜ਼ਾਰ ਸ਼ਲੋਕ ਕਬੀਰ ਦੇ ਹਨ ਤੇ ਬਾਕੀ 17,000 ਗਰੀਬ ਦਾਸ ਦੇ ਰਚੇ ਹੋਏ ਹਨ। ਇਹ ਸਾਰੀ ਰਚਨਾ ਭਗਤੀ ਭਾਵਨਾ ਨਾਲ ਭਰਪੂਰ ਹੈ।

## (ਗ-87) ਗਰੁੜ :

ਇਕ ਪੁਰਾਣਿਕ ਪੰਛੀ, ਜਿਸ ਉਤੇ ਵਿਸ਼ਨੂੰ ਸਵਾਰੀ ਕਰਦੇ ਹਨ। ਇਸ ਦਾ ਅੱਧਾ ਧੜ ਮਨੁਖ ਦਾ ਤੇ ਅੱਧਾ ਪੰਛੀ ਦਾ ਹੈ। ਇਸ ਦੀ ਚੁੰਝ, ਸਿਰ, ਖੰਭ ਅਤੇ ਨਹੁੰਦਰਾਂ ਉਕਾਬ ਦੀਆਂ ਹਨ ਤੇ ਸਰੀਰ ਦੇ ਕੁਝ ਅੰਗ ਮਨੁਖੀ ਆਕਾਰ ਦੇ ਹਨ। ਇਸ ਦਾ ਚਿਹਰਾ ਚਿੱਟਾ, ਖੰਭ ਲਾਲ ਤੇ ਸਰੀਰ ਸੁਨਹਿਰੀ ਰੰਗ ਦਾ ਹੈ। ਇਹ ਪੰਛੀਆਂ ਦਾ ਰਾਜਾ ਹੈ।

ਵਿਸ਼ਨੂੰ ਦਾ ਵਾਹਣ ਹੋਣ ਕਰਕੇ, ਹਿੰਦੂ ਇਸ ਨੂੰ ਬੜਾ ਪਵਿਤ੍ਰ ਮੰਨਦੇ ਹਨ। ਦੁਸਹਿਰੇ ਵਾਲੇ ਦਿਨ ਗਰੁੜ ਦਾ ਵਿਖਾਈ ਦੇਣਾ ਸ਼ੁਭ ਸ਼ਗਨ ਮੰਨਿਆ ਗਿਆ ਹੈ। ਧਾਰਨਾ ਹੈ ਕਿ ਵਿਸ਼ਨੂੰ ਜਿਸ ਉਤੇ ਮਿਹਰਬਾਨ ਹੁੰਦਾ ਹੈ, ਉਸ ਕੋਲ ਦੁਸਹਿਰੇ ਵਾਲੇ ਦਿਨ ਗਰੁੜ ਭੇਜਦਾ ਹੈ।

ਗਰੁੜ ਵਿਨਤਾ ਦੇ ਗਰਭ ਤੋਂ ਕਸ਼ਯਪ ਦਾ ਪੁੱਤਰ ਹੈ। ਪਰ ਵਿਸ਼ਨੂੰ ਪੁਰਾਣ ਅਨੁਸਾਰ ਗਰੁੜ 'ਦਿਤੀ' ਦੀ ਸੰਤਾਨ ਹੈ। ਵਿਸ਼ਨੂੰ ਪੁਰਾਣ, ਰਾਮਾਇਣ ਤੇ ਮਹਾਂਭਾਰਤ ਵਿਚ ਗਰੁੜ ਦੀ ਬਹਾਦਰੀ ਦੀਆਂ ਅਨੂਠੀਆਂ ਕਥਾਵਾਂ ਮਿਲਦੀਆਂ ਹਨ। ਰਾਵਨ ਨਾਲ ਯੁੱਧ ਵੇਲੇ ਗਰੁੜ ਨੇ ਰਾਮ ਦੀ ਬੜੀ ਸਹਾਇਤਾ ਕੀਤੀ। ਰਾਵਨ ਦੇ ਇਕ ਸਾਥੀ ਇੰਦਰਜੀਤ ਨੇ ਜਦੋਂ ਰਾਮ, ਲਛਮਣ ਤੇ ਹਨੂੰਮਾਨ ਉਤੇ ਨਾਗ ਅਸਤਰ ਛੱਡੇ ਤਾਂ ਗਰੁੜ ਨੇ ਪ੍ਰਗਟ ਹੋ ਕੇ ਰਾਮ ਨੂੰ ਗਰੁੜ ਅਸਤਰ ਚਲਾਣ ਲਈ ਦਿਤੇ, ਜਿਨ੍ਹਾਂ ਸਦਕਾ ਨਾਗ ਅਸਤਰਾਂ ਦਾ ਪ੍ਰਭਾਵ ਨਸ਼ਟ ਹੋ ਗਿਆ।

ਗਰੁੜ ਸੱਪਾਂ ਦਾ ਵੱਡਾ ਵੈਰੀ ਹੈ। ਇਸ ਵੈਰ ਭਾਵਨਾ ਪਿਛੇ ਇਕ ਕਥਾ ਹੈ—ਸੱਪਾਂ ਦੀ ਮਾਂ ਕਦਰੂ ਨੇ, ਗਰੁੜ ਦੀ ਮਾਂ ਵਿਨਤਾ ਨਾਲ ਇਕ ਵਾਰ ਖੀਰ ਸਾਗਰ ਵਿਚੋਂ ਨਿਕਲੇ ਘੋੜੇ ਦੇ ਰੰਗ ਬਾਰੇ, ਆਪੋ ਵਿਚ ਸ਼ਰਤ ਲਗਾ ਦਿਤੀ। ਵਿਨਤਾ ਸ਼ਰਤ ਹਾਰ ਗਈ ਤੇ ਉਸਨੂੰ ਪਾਤਾਲ ਲੋਕ ਵਿਚ ਜਾ ਕੇ ਸੱਪਾਂ ਦੀ ਗ਼ੁਲਾਮੀ ਕਰਨੀ ਪਈ। ਗਰੁੜ ਨੇ ਕਦਰੂ

ਅਗੇ ਬੇਨਤੀ ਕੀਤੀ ਕਿ ਉਹ ਉਸ ਦੀ ਮਾਂ ਨੂੰ ਮੁਕਤ ਕਰ ਦੇਵੇ, ਪਰ ਕਦਰੂ ਨੇ ਕੇਵਲ ਇਕ ਸ਼ਰਤ ਉਤੇ ਵਿਨਤਾ ਨੂੰ ਛੱਡਣ ਦਾ ਬਚਨ ਦਿਤਾ ਕਿ ਉਹ ਕਿਸੇ ਤਰ੍ਹਾਂ ਚੰਦਰ ਨੂੰ ਪਤਾਲ ਵਿਚ ਉਨ੍ਹਾਂ ਤਕ ਲੈ ਆਵੇ, ਤਾਂ ਜੋ ਸਭ ਸੱਪ ਚੰਦਰ ਵਿਚਲੇ ਅੰਮ੍ਰਿਤ ਨੂੰ ਪੀ ਕੇ ਅਮਰ ਹੋ ਜਾਣ। ਗਰੁੜ ਨੇ ਚੰਦਰ ਨੂੰ ਆਪਣੇ ਖੰਭਾਂ ਵਿਚ ਛੁਪਾ ਲਿਆ ਤੇ ਜਦੋਂ ਉਹ ਉੱਡਣ ਲਗਾ ਤਾਂ ਦੇਵਤਿਆਂ ਨੇ ਉਸ ਉਤੇ ਹੱਲਾ ਬੋਲ ਦਿਤਾ। ਗਰੁੜ ਨੇ ਬੜੀ ਵੀਰਤਾ ਵਿਖਾਈ। ਇੰਦਰ ਦੇ ਵਜਰ ਨੂੰ ਗਰੁੜ ਨੇ ਚਕਨਾਚੂਰ ਕਰ ਦਿਤਾ। ਅਖੀਰ ਵਿਸ਼ਨੂੰ ਨੇ ਵਿਚ ਪੈ ਕੇ ਸਮਝੌਤਾ ਕਰਵਾਇਆ। ਵਿਸ਼ਨੂੰ ਨੇ ਗਰੁੜ ਦੀ ਵੀਰਤਾ ਉਤੇ ਰੀਝ ਕੇ, ਉਸਨੂੰ ਵਰ ਮੰਗਣ ਲਈ ਕਿਹਾ। ਗਰੁੜ ਨੇ ਵਰ ਮੰਗਿਆ ਕਿ ਉਹ ਹਮੇਸ਼ਾ ਵਿਸ਼ਨੂੰ ਤੋਂ ਉੱਚਾ ਰਹੇ। ਵਿਸ਼ਨੂੰ ਨੇ ਇਹ ਵਰ ਦੇ ਦਿਤਾ।

ਗਰੁੜ ਵਿਸ਼ਨੂੰ ਦੀ ਨੇਕਦਿਲੀ ਉਤੇ ਬੜਾ ਪ੍ਰਸੰਨ ਹੋਇਆ ਤੇ ਵਿਸ਼ਨੂੰ ਨੂੰ ਕਹਿਣ ਲਗਾ ਕਿ ਉਹ ਕੋਈ ਵਰ ਮੰਗੇ। ਵਿਸ਼ਨੂੰ ਨੇ ਵਰ ਮੰਗਿਆ ਕਿ ਗਰੁੜ ਉਸਦਾ ਵਾਹਣ ਬਣ ਜਾਵੇ। ਗਰੁੜ ਨੇ ਪ੍ਰਵਾਨ ਕਰ ਲਿਆ। ਦੋਹਾਂ ਵਰਾਂ ਦੀ ਪੂਰਤੀ ਲਈ ਗਰੁੜ ਵਿਸ਼ਨੂੰ ਦੀ ਧੁਜਾ ਉਪਰ ਰਹਿੰਦਾ ਹੈ। ਇਸ ਤਰ੍ਹਾਂ ਉਹ ਵਿਸ਼ਨੂੰ ਦਾ ਵਾਹਣ ਵੀ ਹੋ ਗਿਆ ਤੇ ਵਿਸ਼ਨੂੰ ਦੇ ਉੱਪਰ ਵੀ ਉਸਨੂੰ ਸਥਾਨ ਪ੍ਰਾਪਤ ਹੋ ਗਿਆ।

ਗਰੁੜ ਅਨੇਕਾਂ ਨਾਵਾਂ ਤੇ ਉਪਾਧੀਆਂ ਨਾਲ ਪ੍ਰਸਿਧ ਹੈ। ਜਿਵੇਂ ਮਾਤਾ ਦੇ ਨਾਂ ਉਤੇ ਉਸਨੂੰ ਵੈਨਤੇਯ ਅਤੇ ਪਿਤਾ ਦੇ ਨਾਂ ਦੇ ਆਧਾਰ ਤੇ ਕਸ਼ਯਪੀ ਵੀ ਕਹਿੰਦੇ ਹਨ। ਪੰਛੀਆਂ ਦਾ ਰਾਜਾ ਹੋਣ ਕਰਕੇ ਇਸ ਨੂੰ ਗਰੁੜਮਾਨ ਕਹਿੰਦੇ ਹਨ ਅਤੇ ਅੰਮ੍ਰਿਤ ਚੁਰਾਉਣ ਕਰਕੇ 'ਅਮ੍ਰਿਤਹਰਣ'।

### (ਗ-88) ਗਰੁੜ ਗੰਗਾ :

ਇਕ ਨਦੀ ਜੋ ਬਦਰੀ ਨਾਰਾਇਣ ਤੀਰਥ ਦੇ ਰਾਹ ਵਿਚ ਪੈਂਦੀ ਹੈ। ਧਾਰਨਾ ਹੈ ਕਿ ਇਸ ਨਦੀ ਦੇ ਪੱਥਰ ਜਾਂ ਗੀਟੇ ਨੂੰ ਘਰ ਵਿਚ ਰਖਿਆ ਜਾਵੇ ਤਾਂ ਸੱਪ ਘਰ ਦੇ ਨੇੜੇ ਨਹੀਂ ਢੁਕਦਾ।

### (ਗ-89) ਗਰੁੜ ਦੁਗਾਰ :

ਇਕ ਬੂਟੀ ਜੋ ਸੱਪ ਦਾ ਜ਼ਹਿਰ ਦੂਰ ਕਰਨ ਲਈ ਵਰਤੀ ਜਾਂਦੀ ਹੈ। ਇਸ ਬੂਟੀ ਬਾਰੇ ਕਥਾ ਹੈ ਕਿ ਗਰੁੜ ਨੇ ਇਕ ਵਾਰ ਡਕਾਰ ਮਾਰਿਆ ਤਾਂ ਉਸ ਦੇ ਅੰਦਰੋਂ ਕੁਝ ਮੈਲਾ ਬਾਹਰ ਧਰਤੀ ਉਤੇ ਆ ਡਿਗਿਆ, ਉਥੋਂ ਇਹ ਬੂਟੀ ਪੈਦਾ ਹੋ ਗਈ।

### (ਗ-90) ਗਰੁੜ ਪੁਰਾਣ :

ਗਰੁੜ ਇਕ ਪੁਰਾਣਿਕ ਪੰਛੀ ਹੈ, ਜੋ ਵਿਸ਼ਨੂੰ ਦਾ ਵਾਹਣ ਹੈ। ਵਿਸ਼ਨੂੰ ਭਗਵਾਨ ਨੇ ਗਰੁੜ ਨੂੰ ਜੋ ਉਪਦੇਸ਼ ਦਿਤਾ ਉਹ ਗਰੁੜ ਪੁਰਾਣ ਵਿਚ ਦਰਜ ਹੈ। ਵਿਸ਼ਨੂੰ ਨਾਲ ਸਬੰਧਿਤ ਹੋਣ ਕਰਕੇ ਇਹ ਵੈਸ਼ਣਵ ਪੁਰਾਣ ਹੈ, ਜਿਸ ਵਿਚ 19,000 ਸ਼ਲੋਕ ਹਨ। ਪਰ ਇਹ ਪੁਰਾਣ ਪੂਰਣ ਰੂਪ ਵਿਚ ਉਪਲਬਧ ਨਹੀਂ। ਇਸ ਦੀਆਂ ਪ੍ਰਾਪਤ ਪ੍ਰਤੀਆਂ ਵਿਚ ਗਿਆਰਾ ਹਜ਼ਾਰ ਸ਼ਲੋਕ ਹਨ। ਇਸ ਦੇ ਦੋ ਭਾਗ ਹਨ— ਪੂਰਵ ਤੇ ਉਤਰ। ਪੂਰਵ ਵਿਚ 243 ਅਤੇ ਉਤਰ ਵਿਚ 45 ਅਧਿਆਇ ਹਨ। ਪੂਰਵ ਖੰਡ ਅਗਨ ਪੁਰਾਣ ਨਾਲ ਕਈ ਗੱਲਾਂ ਵਿਚ ਮੇਲ ਖਾਂਦਾ ਹੈ ਅਤੇ ਇਸ ਵਿਚ ਰਾਜਨੀਤੀ, ਆਯੁਰਵੇਦ, ਛੰਦ ਸ਼ਾਸਤ੍ਰ, ਪਸ਼ੂ ਚਿਕਿਤਸਾ, ਸਾਖ ਯੋਗ ਆਦਿ ਕਈ ਵਿਸ਼ਿਆਂ ਦਾ ਵਰਨਣ ਹੈ। ਇਸ ਦੇ ਉਤਰ ਖੰਡ ਵਿਚ ਪ੍ਰਾਣੀ ਦੇ ਮਰਨ ਮਗਰੋਂ ਦੀ ਅਵਸਥਾ ਦਾ ਵਿਸਥਾਰ ਪੂਰਵਕ ਵਰਨਣ ਹੈ।

ਹਿੰਦੂਆਂ ਵਿਚ ਕਿਸੇ ਪ੍ਰਾਣੀ ਦੀ ਮ੍ਰਿਤੂ ਦੇ ਅਵਸਰ ਅਥਵਾ ਸਰਾਧਾਂ ਸਮੇਂ ਗਰੁੜ ਪੁਰਾਣ ਦੀ ਕਥਾ ਕਰਵਾਈ ਜਾਂਦੀ ਹੈ।

### (ਗ-91) ਗਰੁੜ ਪੂਜਾ :

ਖਤ੍ਰੀਆਂ ਦੀਆਂ ਕੁਝ ਗੋਤਾਂ 'ਖੋਸਲਾ', 'ਪਾਸੀ' ਆਦਿ ਵਿਚ ਲੜਕੇ ਦੀਆਂ ਭਦਰਾਂ (ਮੁੰਡਨ) ਕਰਨ ਵੇਲੇ, ਗਰੁੜ ਦੀ ਪੂਜਾ ਕੀਤੀ ਜਾਂਦੀ ਹੈ। ਭਦਰਾਂ ਦੀ ਪੂਰਵ ਸੰਧਿਆ ਨੂੰ ਕੁੱਲ-ਪ੍ਰੋਹਿਤ ਕਿਸੇ ਅਜਿਹੇ ਦਰਖ਼ਤ ਕੋਲ ਜਾਂਦਾ ਹੈ, ਜਿਥੇ ਗਰੁੜ ਰਹਿੰਦਾ ਹੋਵੇ ਤੇ ਉਸਨੂੰ ਉੱਚੀ ਆਵਾਜ਼ ਨਾਲ ਅਗਲੇ ਦਿਨ ਭੋਜ ਉੱਤੇ ਆਉਣ ਦਾ ਨਿਉਤਾ ਦੇ ਆਉਂਦਾ ਹੈ।

ਅਗਲੇ ਦਿਨ ਸਿਰ ਮੁੰਨਣ ਤੋਂ ਪਹਿਲਾਂ ਚਾਰ ਗਰਾਹੀਆਂ, ਕੁਝ ਹਲਵਾ ਤੇ ਦੋ ਪੈਸੇ ਥਾਲ ਵਿਚ ਰਖ ਕੇ, ਘਰ ਦੀ ਸਭ ਤੋਂ ਉਪਰਲੀ ਛੱਤ ਉਤੇ ਧਰ ਦਿਤੇ ਜਾਂਦੇ ਹਨ ਤੇ ਜਦੋਂ ਗਰੁੜ ਭੋਗ ਲਗਾ ਲੈਂਦਾ ਹੈ ਤਾਂ ਮੁੰਡਨ ਦੀ ਰਸਮ ਕੀਤੀ ਜਾਂਦੀ ਹੈ। ਵਿਆਹ ਸਮੇਂ ਵੀ ਜਦੋਂ ਦੁਲ੍ਹਨ ਪਹਿਲੀ ਵਾਰ ਸਹੁਰੇ ਘਰ ਆਉਂਦੀ ਹੈ ਤਾਂ ਗਰੁੜ ਨੂੰ ਭੋਜਨ ਭੇਟਾ ਕੀਤੀ ਜਾਂਦੀ ਹੈ।

### (ਗ-92) ਗਰੁੜਾਰੀ :

ਗਰੁੜ ਮੰਤ੍ਰ ਜਾਣਨ ਵਾਲਾ ਮਾਂਦਰੀ। ਸੱਪ ਤੇ ਗਰੁੜ ਦਾ ਮੁੱਢ-ਕਦੀਮ ਤੋਂ ਹੀ ਵੈਰ ਚਲਿਆ ਆ ਰਿਹਾ ਹੈ। ਧਾਰਨਾ ਹੈ ਗਰੁੜ ਮੰਤ੍ਰ ਦੇ ਪੜ੍ਹਨ ਨਾਲ ਸੱਪ ਦਾ ਜ਼ਹਿਰ ਉਤਰ ਜਾਂਦਾ ਹੈ।

(ਗ-93) **ਗਰੇਵਾਲ** :

ਜੱਟਾਂ ਦੀ ਇਕ ਗੋਤ; ਇਹ ਆਪਣਾ ਮੁੱਢ ਰਾਜਪੂਤਾਂ ਨਾਲ ਜੋੜਦੇ ਹਨ (ਵੇਖੋ : ਜੱਟ)।

(ਗ-94) **ਗਲ ਪੱਲ੍ਹ ਤੇ ਮੂੰਹ ਘਾਹ**

ਨਿੰਮ੍ਰਤਾ ਤੇ ਅਧੀਨਗੀ ਦਾ ਪ੍ਰਤੀਕ, ਇਕ ਵਿਵਹਾਰ; ਹਿੰਦੂਆਂ ਵਿਚ ਗਊ ਨਿੰਮ੍ਰਤਾ ਤੇ ਅਧੀਨਗੀ ਦਾ ਚਿੰਨ੍ਹ ਹੈ, ਗਲ ਵਿਚ ਪੱਲਾ ਪਾ ਕੇ ਤੇ ਮੂੰਹ ਵਿਚ ਘਾਹ ਲੈ ਕੇ ਕਿਸੇ ਦੇ ਸਾਹਮਣੇ ਪੇਸ਼ ਹੋਣ ਤੋਂ ਭਾਵ ਹੈ, ਨਿਮਾਣਾ ਬਣ ਕੇ ਦੂਜੇ ਦੀ ਅਧੀਨਗੀ ਅਬੂਲ ਕਰਨਾ। ਮੁਸਲਮਾਨੀ ਰਾਜ ਸਮੇਂ ਹਿੰਦੂ ਮੁਸਲਮਾਨ ਹਾਕਮਾਂ ਸਾਹਮਣੇ ਆਪਣੀ ਅਧੀਨਗੀ ਇਸੇ ਵਿਵਹਾਰ ਦੁਆਰਾ ਪ੍ਰਗਟ ਕਰਦੇ ਸਨ।

(ਗ-95) **ਗਲਮਾਨ, ਗਿਲਮਾਨ** :

ਇਸਲਾਮੀ ਮਿਥਕ ਕਥਾਵਾਂ ਅਨੁਸਾਰ ਬਹਿਸ਼ਤ ਦੇ ਉਹ ਸੇਵਾਦਾਰ, ਜੋ ਮੋਮਨਾਂ ਦੀ ਸੇਵਾ ਲਈ ਹਮੇਸ਼ਾ ਹਾਜ਼ਰ ਰਹਿੰਦੇ ਹਨ ਤੇ ਉਨ੍ਹਾਂ ਦੇ ਹਰ ਹੁਕਮ ਦੀ ਪਾਲਣਾ ਕਰਦੇ ਹਨ।

(ਗ-96) **ਗਲੇਈ** :

ਇਕ ਤਰ੍ਹਾਂ ਦੀ ਕਿਰਲੀ, ਜਿਸ ਬਾਰੇ ਮੁਲਤਾਨੀਆਂ ਦੀ ਧਾਰਨਾ ਹੈ ਕਿ ਦੁੱਧ ਰਿੜਕਣ ਵੇਲੇ ਜੇ ਇਸ ਨੂੰ ਛੂਹ ਲਈਏ ਜਾਂ ਦਹੀਂ ਦਾ ਛੱਟਾ ਗਲੇਈ ਤੇ ਮਾਰ ਲਿਆ ਜਾਵੇ ਤਾਂ ਮੱਖਣ ਜਿਆਦਾ ਮਾਤਰਾ ਵਿਚ ਨਿਕਲਦਾ ਹੈ। ਮੁਲਤਾਨੀ ਗਲੇਈ ਨੂੰ ਕਦੇ ਨਹੀਂ ਮਾਰਦੇ। ਜੇ ਕਿਸੇ ਦੇ ਘਰ ਗਲੇਈ ਮਰ ਜਾਵੇ ਤਾਂ ਲੋਕ-ਵਿਸ਼ਵਾਸ ਹੈ ਕਿ ਉਸ ਘਰੋਂ ਦੁੱਧ ਦਹੀਂ ਸੁਕ ਜਾਂਦਾ ਹੈ।

(ਗ-97) **ਗਦ੍ਹਾਤੜੀ** :

ਪੁਰਾਣੇ ਕਪੜੇ ਜਾਂ ਟਾਕੀਆਂ ਦਾ ਸੀਤਾ ਹੋਇਆ ਚੋਲਾ, ਜੋ ਕਈ ਵਾਰ ਬਦ-ਨਜ਼ਰ ਤੋਂ ਬਚਣ ਲਈ, ਨਵੇਂ ਜੰਮੇ ਬੱਚੇ ਨੂੰ ਪਹਿਨਾਇਆ ਜਾਂਦਾ ਹੈ। ਕਈ ਜਾਤੀਆਂ ਵਿਚ ਜੰਮਦੇ ਬੱਚੇ ਨੂੰ ਕੁੱਲ ਦੇ ਕਿਸੇ ਬਜ਼ੁਰਗ ਜਾਂ ਪੁਰਖਿਆਂ ਦੇ ਉਤਾਰ ਨਾਲੋਂ ਟਾਕੀਆਂ ਫਾੜ ਕੇ ਸੀਤਾ ਚੋਲਾ ਪਹਿਨਾਣ ਦੀ ਪ੍ਰਥਾ ਹੈ, ਤਾਂ ਜੋ ਬਜ਼ੁਰਗਾਂ ਦੇ ਗੁਣ ਬੱਚੇ ਵਿਚ ਸਹਿਜ ਭਾਵ ਵਿਚ ਹੀ ਰਚ ਜਾਣ। ਇਸ ਪ੍ਰਥਾ ਦਾ ਆਧਾਰ ਸੁਹਿਰਦ ਟੂਣਾ ਹੈ। ਕਈ ਲੋਕੀਂ ਗਲੀ ਮਹੱਲੇ ਜਾਂ ਪਿੰਡ ਵਿਚੋਂ ਟਾਕੀਆਂ ਮੰਗ ਮੰਗ ਕੇ ਬਣਾਈ ਗੋਦੜੀ ਦਾ ਚੋਲਾ ਜਿਉਂ ਕੇ ਨਵੇਂ ਬੱਚੇ ਨੂੰ ਪਹਿਨਾਂਦੇ ਹਨ। ਇਸ ਤਰ੍ਹਾਂ ਚੰਦਰੀ ਨਜ਼ਰ ਬੱਚੇ ਨੂੰ ਨਹੀਂ ਲਗਦੀ ਤੇ ਚੰਦਰੀਆਂ ਰੂਹਾਂ ਨੇੜੇ ਨਹੀਂ ਢੁਕਦੀਆਂ। ਅਜਿਹੇ ਚੋਲੇ ਨੂੰ 'ਗਦ੍ਹਾਤੜੀ' ਕਹਿੰਦੇ ਹਨ।

(ਗ-98) **ਗਵਾਲਾ ਟਿੱਲਾ** :

ਕਾਂਗੜੇ ਜਿਲੇ ਵਿਚ ਟੀਰਾ ਸੁਜਾਨਪੁਰ ਸੜਕ ਉਤੇ ਮੌਹਲ ਖੱਡ ਦੇ ਨੇੜੇ ਇਕ ਟਿੱਲਾ; ਇਸ ਟਿੱਲੇ ਨਾਲ ਦੋ ਅਣਜਾਣੇ ਪ੍ਰੇਮੀਆਂ ਦੀ ਦਿਲਚਸਪ ਦੰਦ-ਕਥਾ ਸੰਬੰਧਿਤ ਹੈ। ਰਵਾਇਤ ਹੈ ਕਿ ਇਸ ਟਿੱਲੇ ਉਤੇ ਇਕ ਆਜੜੀ ਪਸ਼ੂ ਚਰਾ ਰਿਹਾ ਸੀ। ਉਸ ਦੇ ਕੋਲੋਂ ਦੀ ਇਕ ਸੁੰਦਰ ਪਹਾੜਨ ਸਿਰ ਉਤੇ ਲਾਲ ਦੁਪੱਟਾ ਓੜ੍ਹੀ ਲੰਘੀ। ਆਜੜੀ ਉਸ ਦੀ ਸੁੰਦਰਤਾ ਉਤੇ ਪਹਿਲੀ ਨਜ਼ਰੇ ਮੋਹਤ ਹੋ ਗਿਆ ਤੇ ਕਹਿਣ ਲੱਗਾ :

ਆਰ ਜਰਾਰੀ ਪਾਰ ਜਰਾਰੀ
ਲਾਲ ਘੁੰਡੇ ਵਾਲੀ ਮੇਰੀ ਲਾੜ੍ਹੀ

ਮੁਟਿਆਰ ਇਹ ਬੋਲ ਸੁਣ ਕੇ ਹੱਸ ਪਈ ਤੇ ਤਾਹਨੇ ਨਾਲ ਕਹਿਣ ਲੱਗੀ :

ਆਰ ਜਰਾਰੀ ਪਾਰ ਜਰਾਰੀ
ਜੇ ਤੂੰ ਬਡਾ ਆਸ਼ਕ ਏਂ ਤਾਂ
ਮਾਰ ਟਿੱਲੇ ਤੋਂ ਛਾਲ।

ਆਜੜੀ ਨੇ ਇਸ ਗੱਲ ਨੂੰ ਆਪਣੇ ਪਿਆਰ ਦਾ ਇਮਤਿਹਾਨ ਸਮਝਿਆ ਤੇ ਉਹ ਮੁਟਿਆਰ ਦੀਆਂ ਅੱਖਾਂ ਵਿਚ ਝਾਕਦਾ ਹੋਇਆ ਖੱਡ ਵਿਚ ਕੁੱਦ ਗਿਆ ਤੇ ਪ੍ਰਾਣ ਤਿਆਗ ਦਿਤੇ। ਆਜੜੀ ਦੀ ਇਸ ਕੁਰਬਾਨੀ ਦਾ ਮੁਟਿਆਰ ਦੇ ਦਿਲ ਉਤੇ ਇਤਨਾ ਗਹਿਰਾ ਅਸਰ ਹੋਇਆ ਕਿ ਉਹ ਵੀ ਉਸੇ ਥਾਂ ਖਲੋ ਕੇ ਖੱਡ ਵਿਚ ਕੁੱਦ ਪਈ। ਦੋਹਾਂ ਦੀਆਂ ਦੇਹਾਂ ਇਕ ਦੂਜੇ ਤੋਂ ਵਿੱਥ ਉਤੇ ਜਾ ਡਿਗੀਆਂ, ਪਰ ਖ਼ੂਨ ਵਹਿ ਕੇ ਇਕ ਹੋ ਗਿਆ। ਲੋਕਾਂ ਨੇ ਇਨ੍ਹਾਂ ਦੀ ਭਾਵਨਾ ਦਾ ਸਤਿਕਾਰ ਕਰਦਿਆਂ, ਇਥੇ ਦੋਹਾਂ ਦੀ ਸਮਾਧ ਬਣਾ ਦਿਤੀ।

(ਗ-99) **ਗੜ੍ਹ** :

ਗਾਜਰ ਮੂਲੀ ਆਦਿ ਦਾ ਬੁੰਡਾ, ਜਿਸ ਵਿਚ ਜੜ੍ਹ ਦਾ ਸਿਰਾ ਹੁੰਦਾ ਹੈ। ਇਸ ਨੂੰ ਖਾਣਾ ਸ਼ੁਭ ਨਹੀਂ ਮੰਨਿਆ ਜਾਂਦਾ। ਧਾਰਨਾ ਹੈ ਕਿ ਗੜ੍ਹ ਖਾਣ ਵਾਲਾ ਆਪਣੇ ਮਾਤਾ ਪਿਤਾ ਤੇ ਪੁਰਖਿਆਂ ਦਾ ਬੁਰਾ ਮੰਗਦਾ ਹੈ। ਉਸਦੇ ਮਾਤਾ ਪਿਤਾ ਤੇ ਪੁਰਖੇ ਭਟਕਦੇ ਰਹਿੰਦੇ ਹਨ।

(ਗ-100) **ਗੜ੍ਹ ਸ਼ੰਕਰ** :

ਹੁਸ਼ਿਆਰਪੁਰ ਤੋਂ ਪੰਝੀ ਕੁ ਮੀਲਾਂ ਦੀ ਵਿੱਥ ਉਤੇ, ਥੇਹ ਉਤੇ ਵਸਿਆ ਇਕ ਪ੍ਰਾਚੀਨ ਨਗਰ। ਇਸ ਨਗਰ ਨੂੰ ਰਾਜਾ ਸ਼ੰਕਰ ਦਾਸ ਨੇ ਵਸਾਇਆ ਤੇ ਇਥੇ ਇਕ ਭਾਰੀ

ਕਿਲਾ ਬਣਵਾਇਆ ਜਿਸ ਤੋਂ ਇਸ ਥਾਂ ਦਾ ਨਾਂ ਗੜ੍ਹ ਸ਼ੰਕਰ ਪੈ ਗਿਆ। ਮੁਸਲਮਾਨੀ ਹੱਲਿਆਂ ਵੇਲੇ ਪਹਿਲਾਂ ਇਸ ਕਿਲੇ ਉਤੇ ਸੁਲਤਾਨ ਮੁਹੰਮਦ ਗ਼ਜ਼ਨਵੀ ਨੇ ਕਬਜ਼ਾ ਕੀਤਾ ਤੇ ਪਿਛੋਂ ਸ਼ਹਾਬ-ਉਦ-ਦੀਨ ਗ਼ੌਰੀ ਨੇ। ਗ਼ੌਰੀ ਨੇ ਇਹ ਕਿਲਾ ਜੈਪੁਰ ਦੇ ਰਾਜਾ ਮਾਨ ਸਿੰਘ ਦੇ ਪੁਤਰ ਹਵੇਂਹਾ ਤੇ ਕਚਵਾਹਾ ਨੂੰ ਦੇ ਦਿਤਾ।

ਇਥੋਂ ਦੇ ਮੂਲ ਵਸਨੀਕ ਮਹਾਤੋਂ ਸਨ, ਜਿਨ੍ਹਾਂ ਨੂੰ 1175 ਈਸਵੀ ਵਿਚ, ਰਾਜਪੂਤਾਂ ਨੇ ਇਥੋਂ ਕੱਢ ਦਿਤਾ ਤੇ ਇਹ ਬਿਨਜੋਂ, ਅਜਨੋਹਾ, ਜਲਵੇਰਾ, ਪੰਜਾਵਰ ਵਿਚ ਜਾ ਵਸੇ। ਜਲਵੇਰਾ ਪਿੰਡ ਦੇ ਮਹਾਤੋਂ ਹੁਣ ਵੀ ਗੜ੍ਹ ਸ਼ੰਕਰ ਦਾ ਪਾਣੀ ਨਹੀਂ ਪੀਂਦੇ।

(ਗ-101) **ਗੜ੍ਹ ਗੰਗਾ :**

ਗੜ੍ਹ ਮੁਕਤੇਸ਼ਵਰ ਦੇ ਨੇੜੇ ਵਗਦੀ ਇਕ ਨਦੀ, ਜੋ ਗੰਗਾ ਜਿਤਨੀ ਹੀ ਪਾਵਨ ਮੰਨੀ ਜਾਂਦੀ ਹੈ (ਵੇਖੋ : ਗੰਗਾ)।

(ਗ-102) **ਗੜ੍ਹ ਦਿਵਾਲਾ :**

ਹੁਸ਼ਿਆਰਪੁਰ ਤੋਂ 18 ਕੁ ਮੀਲਾਂ ਦੀ ਵਿਥ ਉਤੇ ਦਸੂਹੇ ਵਲ ਜਾਂਦੀ ਸੜਕ ਉਤੇ ਇਕ ਨਗਰ; ਰਵਾਇਤ ਅਨੁਸਾਰ ਇਹ ਨਗਰ 1443 ਈਸਵੀ ਵਿਚ ਇਕ ਜੱਟ ਗੜ੍ਹੀਆ ਨੇ ਵਸਾਇਆ ਤੇ ਉਸੇ ਦੇ ਨਾਂ ਉਤੇ ਇਸ ਦਾ ਨਾਂ ਗੜ੍ਹ ਪ੍ਰਚਲਤ ਹੋ ਗਿਆ। ਪਿਛੋਂ ਇਸ ਨਗਰ ਵਿਚ ਦੇਵੀ ਪ੍ਰਗਟ ਹੋਈ। ਉਸ ਥਾਂ 'ਤੇ ਸ੍ਰ: ਜੋਧ ਸਿੰਘ ਰਾਮਗੜ੍ਹੀਆ ਨੇ ਇਕ ਮੰਦਰ ਬਣਵਾਇਆ। ਇਸ ਨਗਰ ਨੂੰ 'ਗੜ੍ਹ ਦੇਵੀ ਵਾਲਾ' ਕਿਹਾ ਜਾਣ ਲੱਗਾ ਜੋ ਬਾਅਦ ਵਿਚ 'ਗੜ੍ਹ ਦਿਵਾਲਾ' ਨਾਲ ਪ੍ਰਸਿਧ ਹੋ ਗਿਆ।

(ਗ-103) **ਗੜਬੜ ਚੌਥ :**

(1) ਇਕ ਅਨਪੜ੍ਹ ਪੰਡਤ ਬਾਰੇ ਕਥਾ ਪ੍ਰਚਲਤ ਹੈ ਕਿ ਉਹ ਤਿਥਾਂ ਦਾ ਹਿਸਾਬ ਲਗਾਣ ਲਈ ਇਕ ਘੜੇ ਵਿਚ ਚੰਨ ਦੇ ਵਧਣ ਦੇ ਦਿਨੀਂ ਇਕ ਠੀਕਰੀ ਰੋਜ਼ ਪਾ ਦਿਤਾ ਕਰਦਾ ਸੀ ਤੇ ਘਟਣ ਦੇ ਦਿਨੀਂ ਕੱਢ ਲਿਆ ਕਰਦਾ ਸੀ। ਜਦੋਂ ਕੋਈ ਜਜਮਾਨ ਤਿੱਥ ਬਾਰੇ ਪੁਛਦਾ ਤਾਂ ਠੀਕਰੀਆਂ ਗਿਣ ਕੇ ਦਸ ਦੇਂਦਾ ਕਿ ਅਜ ਕਿਹੜੀ ਤਿੱਥ ਹੈ। ਇਕ ਵਾਰ ਉਸ ਦੀ ਤੀਵੀਂ ਕਿਸੇ ਗੱਲੋਂ ਲੜ ਪਈ ਤੇ ਉਸ ਗੁੱਸੇ ਵਿਚ ਆ ਕੇ ਕੁਝ ਠੀਕਰੀਆਂ ਘੜੇ ਵਿਚ ਪਾ ਦਿਤੀਆਂ। ਅਗਲੇ ਦਿਨ ਕਿਸੇ ਦੇ ਪੁੱਛਣ ਉਤੇ ਕਿ ਅਜ ਕਿਹੜੀ ਤਿੱਥ ਹੈ, ਉਹ ਘੜੇ ਦੀਆਂ ਠੀਕਰੀਆਂ ਗਿਣਨ ਲੱਗਾ ਜੋ ਪੰਦਰਾਂ ਤੋਂ ਵੀ ਵੱਧ ਨਿਕਲੀਆਂ ਤਾਂ ਉਸਨੂੰ ਹਿਸਾਬ ਦੀ ਕੁਝ ਸਮਝ ਨਾ ਪਈ ਤੇ ਕਹਿਣ ਲੱਗਾ ਅਜ 'ਗੜਬੜ ਤਿੱਥ' ਹੈ। ਗੜਬੜ ਤਿੱਥ ਨੂੰ ਹੀ ਗੜਬੜ ਚੌਥ ਕਿਹਾ ਜਾਂਦਾ ਹੈ।

(2) ਗਣੇਸ਼ ਚੌਥ ਨੂੰ ਵੀ ਗੜਬੜ ਚੌਥ ਕਿਹਾ ਜਾਂਦਾ ਹੈ (ਵੇਖੋ : ਗਣੇਸ਼ ਚੌਥ)।

(ਗ-104) **ਗੜੀਅਲ, ਗੁੜੀਅਲ :**

ਬੁੰਜਾਹੀ ਖਤ੍ਰੀਆਂ ਦੀ ਇਕ ਜ਼ਾਤ, ਨੇਜ਼ਾਧਾਰੀ ਹੋਣ ਕਰਕੇ ਇਸ ਜ਼ਾਤ ਦੇ ਵਡਿਕੇ ਦੀ ਅੱਲ ਗੜੀਅਲ ਪੈ ਗਈ ਜੋ ਪਿਛੋਂ ਗੋਤ ਦੇ ਨਾਉਂ ਵਜੋਂ ਪ੍ਰਚਲਤ ਹੋ ਗਈ (ਵੇਖੋ : ਬੁੰਜਾਹੀ)। ਭਾਈ ਕਾਹਨ ਸਿੰਘ (ਪੰਨਾ 301) ਅਨੁਸਾਰ ਇਸ ਸ਼ਬਦ ਦਾ ਸ਼ੁੱਧ ਉੱਚਾਰਣ ਗੁੜੀਅਲ ਹੈ।

(ਗ-105) **ਗੜ੍ਹਤੀ, ਗੁੜ੍ਹਤੀ :**

ਨਵੇਂ ਜੰਮੇ ਬੱਚੇ ਦੇ ਮੂੰਹ ਵਿਚ ਪਾਇਆ ਜਾਣ ਵਾਲਾ ਪਹਿਲਾ ਖਾਦ ਪਦਾਰਥ; ਪਹਿਲਿਆਂ ਵਿਚ ਨਵੇਂ ਜੰਮੇ ਬੱਚੇ ਨੂੰ, ਆਂਦਰਾਂ ਦੀ ਸਫ਼ਾਈ ਲਈ ਗੁੜ ਵਿਚ ਸੌਂਫ਼ ਆਦਿ ਦੀ ਬਣੀ ਘੁੱਟੀ ਮਿਲਾ ਕੇ ਦਿਤੀ ਜਾਂਦੀ ਸੀ ਜਿਸ ਨੂੰ ਗੁੜ-ਘੁੱਟੀ ਕਹਿੰਦੇ ਸਨ। ਇਹੋ ਸ਼ਬਦ ਸੰਯੁਕਤ ਰੂਪ ਵਿਚ ਗੜ੍ਹਤੀ (ਗੁੜ੍ਹਤੀ) ਪ੍ਰਚਲਤ ਹੋ ਗਿਆ।

ਗੁੜ੍ਹਤੀ ਪਹਿਲੀ ਖ਼ੁਰਾਕ ਹੁੰਦੀ ਹੈ ਜੋ ਜੰਮਣ ਮਗਰੋਂ ਬੱਚਾ ਪਹਿਲੀ ਵਾਰ ਰਸਮੀ ਢੰਗ ਨਾਲ ਮੂੰਹ ਲਗਾਉਂਦਾ ਹੈ। ਕਈ ਕੌਰੀ ਚੱਪਣੀ ਵਿਚ ਬਕਰੀ ਦਾ ਦੁੱਧ ਪਾ ਕੇ ਰੂੰ ਦੀ ਪਤਲੀ ਜਿਹੀ ਬੱਤੀ ਨਾਲ ਚੱਪਣੀ ਵਿਚੋਂ ਦੁੱਧ ਦੀਆਂ ਬੂੰਦਾਂ ਬਾਲਕ ਦੇ ਮੂੰਹ ਵਿਚ ਚੋਂਦੇ ਹਨ। ਕਈ ਲੋਕ ਬੱਚੇ ਨੂੰ ਸ਼ਹਿਦ ਚਟਾਂਦੇ ਹਨ। ਕਈ ਸੌਂਫ਼ ਤੇ ਖੰਡ ਪੀਹ ਕੇ ਬੱਚੇ ਦੇ ਮੂੰਹ ਲਗਾਂਦੇ ਹਨ। ਰਾਜਪੂਤਾਂ ਵਿਚ ਕਿਰਪਾਨ ਦੀ ਨੋਕ ਨਾਲ ਸ਼ਹਿਦ ਲਗਾ ਕੇ ਬੱਚੇ ਦੀ ਜੀਭ ਉਤੇ ਲਗਾਇਆ ਜਾਂਦਾ ਹੈ।

ਇਸ ਰੀਤ ਸਮੇਂ ਮਿਰਾਸੀ ਜਾਂ ਕਿਸੇ ਹੋਰ ਕੰਮੀ-ਕਮੀਣ ਨੂੰ ਕੁਝ ਸਿੱਕੇ ਤੇ ਅੰਨ ਦਾ ਛੱਜ ਭਰ ਕੇ ਦਿਤਾ ਜਾਂਦਾ ਹੈ।

(ਗ-106) **ਗਾਉਣ :**

ਵਿਆਹ ਨਾਲ ਸੰਬੰਧਿਤ ਰੀਤਾਂ ਰਸਮਾਂ ਵੇਲੇ ਗਾਏ ਵਾਲੇ ਗੀਤ (ਵੇਖੋ : ਲੋਕ-ਗੀਤ)।

(ਗ-107) **ਗਾਉਦੁਮ :**

ਗਊ ਦੀ ਪੂਛ ਦੀ ਸ਼ਕਲ ਦਾ ਧੂੜੂ ਜੋ ਗਾਜਰ ਵਾਂਗ ਪਿਛੋਂ ਮੋਟਾ ਤੇ ਅਗੋਂ ਹੌਲੇ ਹੌਲੇ ਪਤਲਾ ਹੁੰਦਾ ਹੈ; ਇਕ ਤਰ੍ਹਾਂ ਦਾ ਨਰਸਿੰਘਾ।

**(ਗ-108) ਗਾਇਤਰੀ ਦੇਵੀ :**

ਇਕ ਦੇਵੀ; ਬ੍ਰਹਮਾ ਦੀ ਪਤਨੀ। ਬ੍ਰਹਮਾ ਦੀ ਪਹਿਲੀ ਪਤਨੀ ਦਾ ਨਾਂ ਸਾਵਿਤ੍ਰੀ ਹੈ। ਇਕ ਯੱਗ ਸਮੇਂ ਬ੍ਰਹਮਾ ਨੇ ਗਾਇਤਰੀ ਨਾਲ ਗੰਧਰਵ ਰੀਤੀ ਨਾਲ ਵਿਆਹ ਕਰਕੇ ਯੱਗ ਦੀ ਮਰਯਾਦਾ ਨੂੰ ਪੂਰਾ ਕੀਤਾ। ਪਦਮ ਪੁਰਾਣ ਵਿਚ ਇਹ ਕਥਾ ਇਸ ਪ੍ਰਕਾਰ ਹੈ : ਇਕ ਵੇਰ ਬ੍ਰਹਮਾ ਨੇ ਯੱਗ ਕੀਤਾ। ਪੁਰਾਣਾਂ ਅਨੁਸਾਰ ਯੱਗ ਦੀ ਰੀਤ ਵੇਲੇ ਪਤਨੀ ਦਾ ਕੋਲ ਹੋਣਾ ਜ਼ਰੂਰੀ ਸੀ। ਬ੍ਰਹਮਾ ਨੇ ਸਾਵਿਤ੍ਰੀ ਨੂੰ ਬੁਲਾਉਣ ਲਈ ਇਕ ਗੋਲੀ ਨੂੰ ਭੇਜਿਆ। ਸਾਵਿਤ੍ਰੀ ਹਾਰ ਸ਼ਿੰਗਾਰ ਵਿਚ ਰੁਝੀ ਹੋਈ ਸੀ। ਉਸ ਨੇ ਥੋੜੀ ਦੇਰ ਹੋਰ ਠਹਿਰ ਜਾਣ ਲਈ ਕਿਹਾ। ਗੋਲੀ ਨੇ ਸਾਵਿਤ੍ਰੀ ਦਾ ਸੁਨੇਹਾ ਬ੍ਰਹਮਾ ਨੂੰ ਜਾ ਦਿਤਾ। ਯੱਗ ਦੀ ਸੁਭ ਘੜੀ ਨੇੜੇ ਆ ਗਈ ਸੀ। ਸੋ, ਬ੍ਰਹਮਾ ਨੇ, ਕਰੋਧ ਵਿਚ ਆ ਕੇ ਇੰਦਰ ਦੇਵਤੇ ਨੂੰ ਕਿਹਾ ਕਿ ਉਹ ਉਸ ਲਈ ਕੋਈ ਹੋਰ ਇਸਤ੍ਰੀ ਲਭੇ। ਇੰਦਰ ਨੇ ਅੱਖ-ਪਲਕਾਰੇ ਵਿਚ ਇਕ ਰਿਸ਼ੀ ਦੀ ਕੰਨਿਆਂ ਗਾਇਤਰੀ ਨੂੰ ਲੈ ਆਂਦਾ, ਜਿਸ ਨਾਲ ਬ੍ਰਹਮਾ ਨੇ ਗੰਧਰਵ ਰੀਤੀ ਨਾਲ ਵਿਆਹ ਕਰਕੇ ਯੱਗ ਪੂਰਾ ਕੀਤਾ। ਸਾਵਿਤ੍ਰੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬੜੀ ਦੁਖੀ ਹੋਈ ਤੇ ਬ੍ਰਹਮਾ ਨਾਲ ਝਗੜਾ ਕਰਨ ਲੱਗੀ, ਪਰ ਗਾਇਤਰੀ ਨੇ ਸਾਵਿਤ੍ਰੀ ਨੂੰ ਕਿਹਾ ਕਿ ਉਹ ਉਸ ਦੀ ਥਾਂ ਕਦੇ ਨਹੀਂ ਮੱਲੇਗੀ ਅਤੇ ਹਮੇਸ਼ਾ ਉਸ ਦੇ ਅਧੀਨ ਹੋ ਕੇ ਰਹੇਗੀ। ਪਦਮ ਪੁਰਾਣ ਅਨੁਸਾਰ 'ਗਾਇਤਰੀ' ਮਾਤ-ਲੋਕ ਦੀ ਕੋਈ ਗਵਾਲਣ ਸੀ।

ਗਾਇਤਰੀ ਦੇਵੀ ਦਾ ਸਰੂਪ ਪੁਰਾਣਾਂ ਵਿਚ ਇਸ ਪ੍ਰਕਾਰ ਦਸਿਆ ਹੈ—ਇਸ ਦੇ ਇਕ ਹੱਥ ਵਿਚ ਮ੍ਰਿਗ ਦਾ ਸਿੰਗ ਹੈ ਅਤੇ ਦੂਜੇ ਵਿਚ ਕੰਵਲ ਫੁੱਲ। ਇਸ ਦੇ ਕੰਨਾਂ ਵਿਚ ਕੁੰਡਲ, ਗਲੇ ਵਿਚ ਮੋਤੀਆਂ ਦਾ ਹਾਰ ਤੇ ਮੱਥੇ ਉਤੇ ਮੁਕਟ ਸਜਿਆ ਹੋਇਆ ਹੈ। ਉਹ ਲਾਲ ਰੰਗ ਦੇ ਵਸਤ੍ਰ ਪਹਿਨਦੀ ਹੈ।

ਗਾਇਤਰੀ ਦੇਵੀ ਨੂੰ ਵੇਦਾਂ ਦੀ ਮਾਤਾ ਮੰਨਿਆ ਜਾਂਦਾ ਹੈ। ਪੁਰਾਣ ਕਥਾਵਾਂ ਅਨੁਸਾਰ ਚਾਰੇ ਵੇਦ ਬ੍ਰਹਮਾ ਨੇ ਰਚੇ ਤੇ ਗਾਇਤਰੀ ਬ੍ਰਹਮਾ ਦੀ ਅਰਧੰਗਨੀ ਹੋਣ ਕਰਕੇ, ਵੇਦਾਂ ਦੀ ਮਾਤਾ ਅਖਵਾਈ। ਦੇਵਤਾ ਵਖਟਕਾਰ ਗਾਇਤਰੀ ਤੋਂ ਪੈਦਾ ਹੋਇਆ। ਕਥਾ ਹੈ ਕਿ ਇਕ ਵਾਰ ਬ੍ਰਿਹਸਪਤ ਨੇ ਕਰੋਧ ਵਿਚ ਆ ਕੇ ਕਿਸੇ ਗੱਲੋਂ ਗਾਇਤਰੀ ਦੇ ਮੱਥੇ ਉਤੇ ਲੱਤ ਮਾਰੀ। ਮੱਥੇ ਵਿਚ ਜੋ ਜ਼ਖਮ ਬਣਿਆ, ਉਸ ਵਿਚੋਂ ਵਖਟਕਾਰ ਪ੍ਰਗਟ ਹੋਇਆ।

**(ਗ-109) ਗਾਇਤਰੀ ਮੰਤ੍ਰ :**

ਹਿੰਦੂਆਂ ਦਾ ਮੂਲ ਮੰਤ੍ਰ, ਜਿਸ ਦਾ ਜਾਪ ਕੇਵਲ ਦੋ-ਜਨਮੇ ਅਥਵਾ ਬ੍ਰਾਹਮਣ, ਖਤ੍ਰੀ ਤੇ ਵੈਸ਼ ਕਰ ਸਕਦੇ ਹਨ। ਰਿਗ ਵੇਦ ਦਾ ਇਹ ਸਭ ਤੋਂ ਪਵਿਤ੍ਰ ਸਤੋਤਰ ਹੈ, ਜੋ ਬ੍ਰਹਮਾ ਦੇ ਮੁਖ ਵਿਚੋਂ ਨਿਕਲਣ ਕਰਕੇ ਗਾਇਤਰੀ ਅਖਵਾਇਆ। ਜਨੇਊ ਪਹਿਨਣ ਵੇਲੇ ਗੁਰੂ ਚੇਲੇ ਤੋਂ ਇਸ ਮੰਤ੍ਰ ਦਾ ਪਾਠ ਕਰਾਂਦਾ ਹੈ ਤੇ ਉਸ ਪਿਛੋਂ ਹਰ ਦੋ-ਜਨਮੇ ਲਈ ਸਵੇਰੇ ਸ਼ਾਮ ਇਸ ਦਾ ਪਾਠ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਇਹ ਪਾਠ 'ਚੌਕ' ਪੂਰ ਕੇ ਅਤੇ ਉਸ ਵਿਚ ਇਕ ਦੀਵਾ, ਪਾਣੀ ਦਾ ਕੁੰਭ ਤੇ ਕੁਝ ਦੱਬ ਘਾਹ ਰਖ ਕੇ ਕੀਤਾ ਜਾਂਦਾ ਹੈ। ਇਸ ਮੰਤ੍ਰ ਵਿਚ ਸੂਰਜ ਨੂੰ ਸਾਵਿਤ੍ਰੀ ਦੇ ਰੂਪ ਵਿਚ ਸੰਬੋਧਨ ਕੀਤਾ ਗਿਆ ਹੈ, ਇਸ ਕਰਕੇ ਇਸ ਨੂੰ 'ਸਾਵਿਤ੍ਰੀ ਮੰਤ੍ਰ' ਵੀ ਕਿਹਾ ਜਾਂਦਾ ਹੈ।

**(ਗ-110) ਗਾਹਟੀ ਖੇਡਣਾ :**

ਛੋਟੇ ਬਾਲਕਾਂ ਦੀ ਇਕ ਖੇਡ; ਲੰਮੇ ਤੇ ਮਜ਼ਬੂਤ ਧਾਗੇ ਨਾਲ ਕੋਈ ਗੀਟਾ, ਪੱਥਰ ਜਾਂ ਅੰਬ ਦੀ ਗਿਟਕ ਬੰਨ੍ਹ ਲਈ ਜਾਂਦੀ ਹੈ ਤੇ ਫਿਰ ਕਿਸੇ ਦੂਜੇ ਮੁੰਡੇ ਦੀ ਗਾਹਟੀ ਨਾਲ ਉਸ ਦਾ ਪੇਚਾ ਪਾਇਆ ਜਾਂਦਾ ਹੈ। ਦੋਵੇਂ ਆਪੋ ਆਪਣੀ ਗਾਹਟੀ ਨੂੰ ਹੁਜਕੇ ਮਾਰਦੇ ਤੇ ਦਾਉ-ਪੇਚ ਲੜਾਂਦੇ ਹਨ। ਜਿਸ ਦੀ ਗਾਹਟੀ ਪਹਿਲਾਂ ਟੁੱਟ ਜਾਵੇ, ਉਸ ਦੀ ਹਾਰ ਮੰਨੀ ਜਾਂਦੀ ਹੈ।

**(ਗ-111) ਗਾਹਲੜੀ :**

ਗਾਹਲੜੀ ਦੀ ਪਿੱਠ ਉਪਰ ਜੋ ਕਾਲੀਆਂ ਚਿੱਟੀਆਂ ਧਾਰੀਆਂ ਹਨ ਉਨ੍ਹਾਂ ਬਾਰੇ ਇਕ ਮਿੱਥਕ ਕਥਾ ਇਉਂ ਪ੍ਰਚਲਤ ਹੈ : ਜਦੋਂ ਸ੍ਰੀ ਰਾਮ ਚੰਦਰ ਲੰਕਾ ਉਤੇ ਧਾਵਾ ਬੋਲਣ ਵਾਸਤੇ ਸਮੁੰਦਰ ਉਤੇ ਪੁਲ ਬੰਨ੍ਹ ਰਹੇ ਸਨ ਤਾਂ ਬਾਂਦਰ ਸੈਨਾ ਦੇ ਨਾਲ ਮਿਲ ਕੇ ਕਈ ਜੰਗਲੀ ਪਸ਼ੂਆਂ ਨੇ ਵੀ ਪੱਥਰ ਢੋਣ ਵਿਚ ਸਹਾਇਤਾ ਕੀਤੀ। ਉਦੋਂ ਗਾਹਲੜੀ ਵੀ, ਆਪਣੀ ਵਿਤ ਮੁਜਬ ਨਿਕੇ ਨਿਕੇ ਗੀਟੇ ਮੂੰਹ ਵਿਚ ਪਾ ਕੇ ਜਾਂ ਰੋਹੜ ਕੇ ਲਿਆਂਦੀ ਰਹੀ। ਰਾਮ ਚੰਦਰ ਨੇ ਉਸ ਦੇ ਕਰਤੱਵ ਉਤੇ ਪ੍ਰਸੰਨ ਹੋ ਕੇ, ਉਸ ਦੀ ਪਿੱਠ ਉਤੇ ਹੱਥ ਫੇਰਿਆ ਤੇ ਉਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਹਮੇਸ਼ਾ ਲਈ ਗਾਹਲੜੀ ਦੇ ਸਰੀਰ ਉਤੇ ਉਕਰੇ ਗਏ।

**(ਗ-112) ਗਾਹਲਾਂ :**

ਗਾਹਲਾਂ ਵੀ ਲੋਕਧਾਰਾ ਦਾ ਇਕ ਰੌਚਿਕ ਅੰਗ ਹਨ ਅਤੇ ਇਹ ਕਿਸੇ ਜਾਤੀ ਦੀਆਂ ਅਚੇਤ ਕਰੋਧਿਤ ਭਾਵਨਾਵਾਂ ਦਾ ਬੋਧ ਕਰਾਂਦੀਆਂ ਹਨ। ਕਿਸੇ ਜਾਤੀ ਦੀਆਂ ਅਪੂਰਣ ਸਧਰਾਂ ਵਿਕਾਰੀ ਹੋ ਕੇ ਗਾਹਲਾਂ ਵਿਚ ਪ੍ਰਤਿਬਿੰਬਤ ਹੁੰਦੀਆਂ ਹਨ। ਗਾਹਲਾਂ ਵਿਚ ਸਦਾਚਾਰ ਤੇ ਨੈਤਿਕਤਾ ਦੇ ਬੰਧੇਜ

ਵਿਚ ਅਕਿਆ ਮਨ ਅਵੇਤਾ ਹੋ ਕੇ ਖਰੂਦ ਪਾਉਂਦਾ ਹੈ ਅਤੇ ਅੰਦਰ ਦੇ ਸਾਰੇ ਖਲੇਪੜ ਤੇ ਜੰਗਾਲ ਹੂੰਜ ਕੇ ਬਾਹਰ ਸੁਟ ਧਰਦਾ ਹੈ।

ਗਾਹਲਾਂ ਪੰਜਾਬੀ ਜੀਵਨ ਵਿਚ ਇਤਨੀਆਂ ਵਿਆਪਕ ਹਨ ਕਿ ਇਹ ਪੰਜਾਬੀ ਚਰਿਤ੍ਰ ਦਾ ਇਕ ਅਨਿੱਖੜ ਅੰਗ ਹਨ। ਮਾਵਾਂ ਦੀ ਜੀਭ ਉਤੇ ਤਾਂ ਗਾਹਲਾਂ ਸਾਰਾ ਦਿਨ ਭੁੜਕਦੀਆਂ ਰਹਿੰਦੀਆਂ ਹਨ ਅਤੇ ਮਾਂ-ਪਿਉ ਦੀਆਂ ਗਾਹਲਾਂ ਨੂੰ ਤਾਂ ਲਾਡ ਮਲ੍ਹਾਰ ਦਾ ਇਕ ਹਿੱਸਾ ਹੀ ਸਮਝਿਆ ਜਾਂਦਾ ਹੈ। ਅਖਾਣ ਵੀ ਹੈ :

ਮਾਂ ਪਿਉ ਦੀਆਂ ਗਾਹਲਾਂ, ਦੁੱਧ ਘਿਓ ਦੀਆਂ ਨਾਲਾਂ।

ਕੁਝ ਗਾਹਲਾਂ ਤਾਂ ਆਮ ਸੰਬੋਧਨ ਦਾ ਹਿੱਸਾ ਹਨ। ਮਾਝੇ ਵਿਚ 'ਸਾਲਾ' ਗਾਹਲ ਹੈ ਤੇ ਜੇ ਕੋਈ ਕਿਸੇ ਨੂੰ ਸਾਲਾ ਕਹਿ ਦੇਵੇ ਤਾਂ ਦੂਜਾ ਸਿਰ ਪਾੜਨ ਲਈ ਤਿਆਰ ਹੋ ਜਾਂਦਾ ਹੈ, ਪਰ ਮਾਲਵੇ ਵਿਚ ਮਿਤ੍ਰਾਂ ਵਿਚ ਇਹ ਸੰਬੋਧਨੀ ਸ਼ਬਦ ਹੈ ਅਤੇ ਇਸ ਗਾਹਲ ਨੂੰ ਸਭਿਆਚਾਰ ਦੇ ਅੰਤਰਗਤ ਹੀ ਮੰਨਿਆ ਜਾਂਦਾ ਹੈ।

ਹਰ ਗਾਹਲ ਜ਼ਰੂਰੀ ਨਹੀਂ ਅਸ਼ਲੀਲ ਹੀ ਹੋਵੇ। ਮਾਵਾਂ ਬੱਚਿਆਂ ਨੂੰ ਜੋ ਗਾਹਲਾਂ ਕਢਦੀਆਂ ਹਨ, ਉਨ੍ਹਾਂ ਵਿਚ ਕਰੋਧੀ ਮਨ ਦੀ ਭੜਾਸ ਤਾਂ ਹੁੰਦੀ ਹੈ ਪਰ ਅਸ਼ਲੀਲਤਾ ਨਹੀਂ। ਜਿਵੇਂ, ਵੇ ਰੁੜ੍ਹਪੁੜ੍ਹ ਜਾਣਿਆ; ਤੈਨੂੰ ਕਿਸੇ ਦੀ ਆਈ ਪੈ ਜਾਵੇ; ਸੁੱਤਾ ਸੌਂ ਜਾਵੇਂ; ਤੇਰੇ ਸਿਰ ਸਵਾਹ ਸੱਤਾਂ ਤੰਦੂਰਾਂ ਦੀ, ਆਦਿ।

ਕੁਝ ਗਾਹਲਾਂ ਵਿਚ ਵਿਅੰਗ, ਟਿਚਕਰ ਤੇ ਚੋਭ ਦਾ ਰੰਗ ਹੁੰਦਾ ਹੈ ਜਿਵੇਂ ਬਾਂਦਰ ਦੀ ਪੂਛ ਹੋਣਾ, ਜਨਾਨੀ ਦੀ ਗੁੱਤ ਹੋਣਾ, ਉੱਲੂ ਦਾ ਕੰਨ ਆਦਿ।

ਗਾਹਲਾਂ ਉਹ ਹੀ ਅਸ਼ਲੀਲ ਹਨ ਜਿਨ੍ਹਾਂ ਵਿਚ ਅਪ੍ਰਵਾਨਤ ਲਿੰਗਕ ਸੰਬੰਧਾਂ ਨੂੰ ਪ੍ਰਗਟ ਕਰਕੇ ਦੂਜੇ ਦੀ ਅਣਖ ਉਤੇ ਸੱਟ ਮਾਰੀ ਜਾਂਦੀ ਹੈ। ਪਰ ਅਸ਼ਲੀਲ ਗਾਹਲਾਂ ਸਮੁਚੀਆਂ ਗਾਹਲਾਂ ਦਾ ਇਕ ਨਿਗੂਣਾ ਜਿਹਾ ਭਾਗ ਹਨ।

(ਗ-113) **ਗਾਗਰ :**

ਮਿੱਟੀ ਅਥਵਾ ਧਾਤ ਦਾ ਇਕ ਭਾਂਡਾ, ਜੋ ਪ੍ਰਾਚੀਨ ਕਾਲ ਤੋਂ ਪੰਜਾਬੀ ਘਰਾਂ ਵਿਚ ਵਰਤੀਂਦਾ ਆ ਰਿਹਾ ਹੈ। ਤੀਵੀਆਂ ਖੂਹਾਂ, ਨਦੀਆਂ ਤੇ ਨਾਲਿਆਂ ਵਿਚੋਂ ਪਾਣੀ 'ਗਾਗਰ' ਵਿਚ ਭਰ ਕੇ ਲਿਆਇਆ ਕਰਦੀਆਂ ਸਨ। ਗਾਗਰ ਸ਼ੁਭ ਭਾਂਡਾ ਹੈ, ਜਿਸ ਦੀ ਵਰਤੋਂ ਰਸੋਈ ਵਿਚ ਕਰਨਾ ਕਲਿਆਣੀ ਹੈ।

(ਗ-114) **ਗਾਂਗਾ ਤੇਲੀ :**

ਰਾਜਾ ਭੋਜ ਦੇ ਸਮੇਂ ਦਾ ਇਕ ਪ੍ਰਸਿਧ ਤੇਲੀ, ਜਿਸ ਨੇ ਭਰੀ ਸਭਾ ਵਿਚ ਅੰਗਾਂ ਦੇ ਇਸ਼ਾਰਿਆਂ ਨਾਲ ਹੀ ਇਕ ਅਭਿਮਾਨੀ ਪੰਡਤ ਨੂੰ ਗੋਸ਼ਠੀ ਵਿਚ ਜਿੱਤ ਲਿਆ ਸੀ। ਰਵਾਇਤ ਹੈ ਕਿ ਇਕ ਮਹਾਨ ਪੰਡਤ ਅਨੇਕਾਂ ਗੋਸ਼ਠੀਆਂ ਵਿਚ ਵਿਜੈ ਪ੍ਰਾਪਤ ਕਰਕੇ, ਰਾਜੇ ਭੋਜ ਦੀ ਸਭਾ ਵਿਚ ਆਇਆ ਅਤੇ ਉਸ ਨੇ ਉਜੈਨ ਦੇ ਪੰਡਤਾਂ ਨੂੰ ਗੋਸ਼ਠੀ ਕਰਨ ਲਈ ਵੰਗਾਰਿਆ, ਪਰ ਕੋਈ ਪੰਡਤ ਉਸ ਨਾਲ ਗੋਸ਼ਠੀ ਕਰਨ ਲਈ ਤਿਆਰ ਨਾ ਹੋਇਆ। ਗਾਂਗਾ ਤੇਲੀ ਨੂੰ ਜਦੋਂ ਖ਼ਬਰ ਹੋਈ ਤਾਂ ਉਹ ਚਰਚਾ ਕਰਨ ਲਈ ਸਭਾ ਵਿਚ ਆਇਆ।

ਗਾਂਗਾ ਤੇਲੀ ਨੇ ਆਪਣੀ ਜੁੱਤੀ ਕਪੜੇ ਵਿਚ ਵਲੇਟ ਕੇ ਕੱਛ ਹੇਠਾਂ ਮਾਰ ਲਈ, ਤਾਂ ਜੋ ਕਿਧਰੇ ਭੀੜ ਵਿਚ ਗੁੰਮ ਨਾ ਹੋ ਜਾਵੇ। ਪੰਡਤ ਨੇ ਸਭਾ ਵਿਚ ਆਉਂਦਿਆਂ ਸਾਰ ਗਾਂਗੇ ਨੂੰ ਪੁਛਿਆ ਕਿ ਉਸ ਦੀ ਕੱਛ ਹੇਠ ਕੀ ਹੈ। ਗਾਂਗੇ ਨੇ ਦੂਹਰੇ ਭਾਵ ਵਾਲੇ ਸ਼ਬਦ ਵਰਤਦਿਆਂ ਕਿਹਾ—ਇਹ 'ਕੰਟਕ ਚਰਨ ਪੁਰਾਨ' ਹੈ, ਜਿਸ ਤੋਂ ਗਾਂਗੇ ਦਾ ਭਾਵ ਕੰਡਿਆਂ ਤੋਂ ਪੈਰਾਂ ਦੀ ਰੱਖਿਆ ਕਰਨ ਵਾਲੀ ਜੁੱਤੀ ਤੋਂ ਸੀ। ਪੰਡਤ ਨੇ ਅਜਿਹੇ ਪੁਰਾਣ ਦਾ ਨਾਂ ਪਹਿਲਾਂ ਨਹੀਂ ਸੀ ਸੁਣਿਆ ਹੋਇਆ। ਸੋ, ਉਹ ਕੁਝ ਘਬਰਾ ਗਿਆ ਕਿ ਇਹ ਨਵਾਂ ਪੁਰਾਣ ਕਿਥੋਂ ਕਢ ਲਿਆਇਆ ਹੈ।

ਇਸ ਪਿਛੋਂ ਸੈਨਤ-ਗੋਸ਼ਠੀ ਆਰੰਭ ਹੋਈ, ਜਿਸ ਵਿਚ ਅੰਗਾਂ ਦੇ ਇਸ਼ਾਰਿਆਂ ਨਾਲ ਗੱਲ ਸਮਝਾਈ ਜਾਣੀ ਸੀ। ਪੰਡਤ ਨੇ ਚਰਚਾ ਸ਼ੁਰੂ ਕਰਦਿਆਂ ਇਕ ਉਂਗਲੀ ਖੜੀ ਕੀਤੀ, ਜਿਸ ਤੋਂ ਉਸ ਦਾ ਭਾਵ ਸੀ ਕਿ ਸਾਰੀ ਸ੍ਰਿਸ਼ਟੀ ਇਕ ਪ੍ਰਮਾਤਮਾ ਨੇ ਸਿਰਜੀ ਹੈ। ਗਾਂਗਾ ਜੋ ਇਕ ਅੱਖ ਤੋਂ ਕਾਣਾ ਸੀ, ਉਸ ਨੇ ਇਸ ਸੰਕੇਤ ਦਾ ਇਹ ਭਾਵ ਲਿਆ ਕਿ ਪੰਡਤ ਉਸ ਦੀ ਇਕੋ ਅੱਖ ਕਢ ਦੇਣ ਦੀ ਧਮਕੀ ਦੇ ਰਿਹਾ ਹੈ। ਸੋ, ਉਸ ਨੇ ਦੋ ਉਂਗਲਾਂ ਖੜੀਆਂ ਕਰ ਦਿਤੀਆਂ ਜਿਸ ਤੋਂ ਗਾਂਗੇ ਦਾ ਭਾਵ ਸੀ ਕਿ ਮੈਂ ਤੇਰੀਆਂ ਦੋਵੇਂ ਅੱਖਾਂ ਕੱਢ ਦੇਵਾਂਗਾ। ਪੰਡਤ ਨੇ ਆਪਣੀ ਸੂਝ ਅਨੁਸਾਰ ਇਸ ਦਾ ਇਹ ਅਰਥ ਕਢਿਆ ਕਿ ਸੰਸਾਰ ਵਿਚ ਪ੍ਰਮਾਤਮਾ ਤੋਂ ਬਿਨਾਂ ਇਕ ਹੋਰ ਚੀਜ਼ ਮਾਇਆ ਵੀ ਹੈ। ਪੰਡਤ ਨੇ ਉਤਰ ਵਿਚ ਪੰਜ ਉਂਗਲਾਂ ਖੜੀਆਂ ਕਰ ਦਿਤੀਆਂ, ਜਿਸ ਦਾ ਮਤਲਬ ਸੀ ਕਿ ਸੰਸਾਰ ਪੰਜ ਤੱਤਾਂ ਦਾ ਰਚਿਆ ਹੋਇਆ ਹੈ। ਗਾਂਗੇ ਨੇ ਆਪਣੀ ਬੁੱਧੀ ਅਨੁਸਾਰ ਪੰਜ ਉਂਗਲਾਂ ਦਾ ਭਾਵ ਇਹ ਲਿਆ ਕਿ ਪੰਡਤ ਉਸ ਦੇ ਮੂੰਹ ਉਤੇ ਚੁਪੇੜ ਮਾਰਨ ਦੀ ਧਮਕੀ ਦੇ ਰਿਹਾ ਹੈ। ਸੋ ਗਾਂਗੇ ਨੇ ਮੁਠ ਵੱਟ ਕੇ ਜ਼ੋਰ ਦੀ ਹਿਲਾਈ, ਜਿਸ ਤੋਂ ਉਸ ਦਾ ਭਾਵ ਸੀ ਕਿ ਉਹ ਪੰਡਤ ਨੂੰ ਅਗੋਂ ਘਸੁੰਨ ਮਾਰੇਗਾ। ਪਰ ਪੰਡਤ ਨੇ ਇਸ ਦਾ ਇਹ ਭਾਵ ਲਿਆ ਕਿ ਜਦੋਂ ਪਰਲੋ ਆਵੇਗੀ ਤਾਂ ਸਭ ਸ੍ਰਿਸ਼ਟੀ ਨਸ਼ਟ ਹੋ ਕੇ ਮੁੱਠੀ ਭਰ ਸਵਾਹ ਹੋ ਜਾਵੇਗੀ।

ਪੰਡਤ ਕੋਲ ਸੰਕੇਤ ਕਰਨ ਲਈ ਹੋਰ ਕੋਈ ਗੱਲ ਨਾ ਰਹੀ ਤੇ ਉਸ ਹਾਰ ਮੰਨ ਲਈ। ਭਾਈ ਗੁਰਦਾਸ ਨੇ 32ਵੀਂ ਵਾਰ ਦੀ ਅਠਾਰ੍ਹਵੀਂ ਪਉੜੀ ਵਿਚ ਇਹ ਕਥਾ ਇਉਂ ਦਿਤੀ ਹੈ—

ਗੋਸ਼ਟ ਗਾਂਗੀ ਤੇਲੀਐ ਪੰਡਤ ਨਾਲ ਹੋਵੈ ਜਗ ਦੇਖੈ
ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ
ਫੇਰ ਉਚਾਇ ਪੰਜਾਂਗੁਲਾਂ ਗਾਂਗਾ ਮੁੱਠ ਹਲਾਇ ਅਲੇਖੈ
ਪੈਰੀਂ ਪੈ ਉਠ ਚਲਿਆ ਪੰਡਿਤ ਹਾਰ ਭੁਲਾਵੈ ਭੇਖੈ
ਨਿਰਗੁਨ ਸਰਗੁਨ ਅੰਗ ਦੁਇ
ਪਰਮੇਸਰ ਪੰਜ ਮਿਲਨ ਸਰੇਖੈ
ਅਖੀਂ ਦੋਵੇਂ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ
ਮੂਰਖ ਪੰਡਿਤ ਸੁਰਤ ਵਸੇਖੈ ॥

ਪੰਜਾਬ ਦੇ ਅਖਾਣਾਂ ਵਿਚ ਵੀ ਗਾਂਗੇ ਤੇਲੀ ਵਲ ਸੰਕੇਤ ਹੈ—ਕਿੱਥੇ ਰਾਜਾ ਭੋਜ ਕਿੱਥੇ ਗੰਗਾ ਤੇਲੀ।

(ਗ-115) **ਗਾਚੀ** :

ਪੀਲੀ ਮਿੱਟੀ ਦੀ ਚਕਲੀ ਜੋ ਬੱਚੇ ਪੱਟੀ ਪੋਚਣ ਲਈ ਵਰਤਦੇ ਹਨ। ਗਰਭ ਦੇ ਕੱਚੇ ਦਿਨਾਂ ਵਿਚ ਕਈ ਤੀਵੀਆਂ ਨੂੰ ਆਪਣੇ ਅੰਦਰ ਇਕ ਭੜਾਸ ਜਿਹੀ ਲਗਦੀ ਹੈ ਜਿਸ ਨੂੰ ਮਿਟਾਣ ਲਈ ਉਹ ਗਾਚੀ ਜਾਂ ਮਿੱਟੀ ਦੇ ਡਲੇ ਖਾਂਦੀਆਂ ਹਨ, ਇਕ ਲੋਕ-ਗੀਤ ਵੀ ਹੈ :

ਹਾਇ ਮੈਂ ਗਾਚੀ ਖਾਣੀ ਏਂ...

(ਗ-116) **ਗ਼ਾਜ਼ੀ** :

ਮੁਸਲਮਾਨੀ ਅਕੀਦੇ ਅਨੁਸਾਰ ਦੀਨ ਦੇ ਦੁਸ਼ਮਣਾਂ ਤੇ ਕਾਫ਼ਰਾਂ ਨਾਲ ਯੁੱਧ ਲੜਨ ਵਾਲਾ ਧਰਮ ਵੀਰ। ਧਾਰਨਾ ਹੈ ਕਿ ਕਿਆਮਤ ਪਿਛੋਂ ਗਾਜ਼ੀ ਨੂੰ ਬਹਿਸ਼ਤ ਵਿਚ ਹੂਰਾਂ ਮਿਲਣਗੀਆਂ (ਵੇਖੋ : ਗ਼ਾਜ਼ੀ ਮੀਆਂ)।

(ਗ-117) **ਗ਼ਾਜ਼ੀ ਮੀਆਂ** :

ਇਕ ਮੁਸਲਮਾਨ ਸ਼ਹੀਦ, ਜਿਸ ਦੀ ਮੁਸਲਮਾਨਾਂ ਵਿਚ ਖ਼ਾਸ ਤੌਰ ਤੇ ਹੇਠਲੀਆਂ ਜ਼ਾਤਾਂ ਵਿਚ ਬੜਾ ਮਾਣ-ਪ੍ਰਤਿਸ਼ਠਾ ਹੈ। ਕਈ ਹਿੰਦੂ ਵੀ ਇਸ ਦੇ ਸ਼ਰਧਾਲੂ ਰਹੇ, ਭਾਵੇਂ ਗਾਜ਼ੀ ਮੀਆਂ ਨੇ ਹਿੰਦੂਆਂ ਨੂੰ ਨਸ਼ਟ ਕਰਨ ਲਈ ਕਈ ਯੁੱਧ ਲੜੇ।

ਗਾਜ਼ੀ ਮੀਆਂ ਕੌਣ ਸੀ ? ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਕੋਈ ਇਸ ਨੂੰ ਸੱਯਦ ਦਸਦਾ ਹੈ ਤੇ ਕੋਈ ਪਠਾਣ। ਫ਼ਰਿਸ਼ਤੇ ਅਨੁਸਾਰ ਇਹ ਮਹਿਮੂਦ ਗਜ਼ਨੀ ਦੀ ਵੰਸ਼ ਵਿਚੋਂ ਸੀ ਤੇ 1162 ਈਸਵੀ ਵਿਚ ਬੜੈਚ ਵਿਚ ਮਾਰਿਆ ਗਿਆ ਸੀ।

ਮਿਰਾਤੇ ਮਸਊਦੀ ਅਨੁਸਾਰ ਇਹ ਮੀਰ ਸਹੂ ਦਾ ਪੁੱਤਰ ਸੀ ਅਤੇ ਇਸ ਦੀ ਸ਼ਾਦੀ ਮਹਿਮੂਦ ਗ਼ਜ਼ਨੀ ਦੀ ਭੈਣ 'ਸਤਰੇ ਮੌਅਲਾ' ਨਾਲ ਹੋਈ ਸੀ। ਉਹ 405 ਹਿਜਰੀ ਵਿਚ ਅਜਮੇਰ ਵਿਚ ਜੰਮਿਆ ਤੇ ਉਸ ਦਾ ਨਾਉਂ ਸਾਲਾਰ ਮਸਊਦ ਰਖਿਆ ਗਿਆ ਸੀ। ਕਾਫ਼ਰਾਂ ਵਿਰੁਧ ਇਕ ਲੜਾਈ ਵਿਚ ਕਮਾਲ ਵਿਖਾਣ ਸਦਕਾ ਮਹਿਮੂਦ ਗ਼ਜ਼ਨੀ ਦਾ ਧਿਆਨ ਸਾਲਾਰ ਮਸਊਦ ਵਲ ਖਿਚਿਆ ਗਿਆ। ਮਹਿਮੂਦ ਗ਼ਜ਼ਨੀ ਨੇ ਆਪਣੀ ਭੈਣ ਇਸ ਨਾਲ ਵਿਆਹ ਦਿਤੀ। ਸੁਲਤਾਨ ਮਹਿਮੂਦ ਦੀ ਮੌਤ ਉਤੇ ਹਿੰਦੂਆਂ ਨੇ ਮੁਸਲਮਾਨਾਂ ਨੂੰ ਦੇਸ਼ ਵਿਚੋਂ ਕੱਢਣ ਲਈ ਬੜੈਚ ਵਿਚ ਰਾਜਾ ਸ਼ਾਹਰ ਦਿਉ ਦੀ ਸਰਦਾਰੀ ਹੇਠ ਇਕ ਭਾਰੀ ਲਸ਼ਕਰ ਬਣਾ ਕੇ ਮੁਸਲਮਾਨਾਂ ਵਿਰੁਧ ਹੱਲਾ ਬੋਲਿਆ। ਇਸ ਯੁੱਧ ਵਿਚ ਗਾਜ਼ੀ ਮੀਆਂ ਲੜਦਾ ਹੋਇਆ 424 ਹਿਜਰੀ ਵਿਚ ਮਾਰਿਆ ਗਿਆ। ਰਵਾਇਤ ਹੈ ਕਿ ਗ਼ਾਜ਼ੀ ਮੀਆਂ ਦਾ ਸੀਸ ਜਦੋਂ ਵੱਢਿਆ ਗਿਆ ਤਾਂ ਧੜ ਬਿਨਾਂ ਸੀਸ ਦੇ ਹੀ ਵੈਰੀਆਂ ਦੇ ਆਹੂ ਉਤਾਰਦਾ ਰਿਹਾ। ਉਦੋਂ ਗ਼ਾਜ਼ੀ ਮੀਆਂ 19 ਵਰ੍ਹਿਆਂ ਦਾ ਸੀ।

ਗ਼ਾਜ਼ੀ ਮੀਆਂ ਦੀ ਯਾਦ ਵਿਚ ਹਰ ਸਾਲ ਇਕ ਮੇਲਾ ਕਈ ਮੁਸਲਮਾਨੀ ਪਿੰਡਾਂ ਵਿਚ ਜੇਠ ਦੇ ਮਹੀਨੇ ਲਗਦਾ ਹੈ। ਸਿਕੰਦਰ ਲੋਧੀ ਨੇ ਇਸ ਮੇਲੇ ਨੂੰ ਬੰਦ ਕਰਨ ਦਾ ਯਤਨ ਕੀਤਾ, ਪਰ ਅਸਫਲ ਰਿਹਾ। ਇਸ ਦਿਨ ਇਕ ਲੰਮਾ ਸਾਰਾ ਝੰਡਾ, ਜਿਸ ਦੇ ਉਪਰ ਵਾਲਾਂ ਦੇ ਗੁਛੇ ਲਗੇ ਹੁੰਦੇ ਹਨ ਤੇ ਜੋ ਗ਼ਾਜ਼ੀ ਮੀਆਂ ਦੇ ਸੀਸ ਦੇ ਬੋਧਿਕ ਹਨ, ਫੇਰਿਆ ਜਾਂਦਾ ਹੈ।

ਗ਼ਾਜ਼ੀ ਮੀਆਂ ਦੇ ਬਹੁਤੇ ਸ਼ਰਧਾਲੂ ਬੜੈਚ ਵਿਚ ਹੀ ਮਿਲਦੇ ਹਨ ਜਿਥੇ ਉਹ ਦਫਨਾਇਆ ਗਿਆ ਸੀ। ਬੜੈਚ ਵਿਚ ਇਕ ਵਡਾ ਮੇਲਾ ਲਗਦਾ ਹੈ ਜਿਸ ਨੂੰ 'ਸ਼ਾਦੀ ਗ਼ਾਜ਼ੀ ਮੀਆਂ' ਕਹਿੰਦੇ ਹਨ। ਜਦੋਂ ਗ਼ਾਜ਼ੀ ਮੀਆਂ ਸ਼ਹੀਦ ਹੋਇਆ ਤਾਂ ਉਸ ਵਿਆਹ ਵਾਲਾ ਰੰਗਲਾ ਬਾਣਾ ਪਹਿਨਿਆ ਹੋਇਆ ਸੀ। ਐਚ. ਐਚ. ਵਿਲਸਨ ਅਨੁਸਾਰ ਇਸ ਮੇਲੇ ਦਾ ਨਾਉਂ 'ਸ਼ਹਾਦਤ ਗ਼ਾਜ਼ੀ ਮੀਆਂ' ਸੀ ਜੋ ਵਿਗੜ ਕੇ 'ਸ਼ਾਦੀ ਗ਼ਾਜ਼ੀ ਮੀਆਂ' ਬਣ ਗਿਆ।

ਜਹਾਂਗੀਰ ਦੇ ਰਾਜ ਵੇਲੇ ਲਿਖੀ ਗਈ ਪੁਸਤਕ ਮਿਰਾਤੇ ਮਸਊਦੀ, ਜਿਸ ਦਾ ਕਰਤਾ ਅਬਦੁਲ ਰਹਿਮਾਨ ਹੈ, ਦੇ ਅਨੁਸਾਰ ਗ਼ਾਜ਼ੀ ਮੀਆਂ ਨੂੰ ਸ਼ਹੀਦ ਹੋਣ ਤੋਂ ਇਕ ਰਾਤ ਪਹਿਲਾਂ ਸੁਫਨਾ ਆਇਆ ਕਿ ਉਸਦੀ ਮਾਂ ਦੀ ਮਾਂ (ਨਾਨੀ) ਨੇ ਵਿਆਹ ਦਾ ਸੇਹਰਾ ਉਸ ਦੇ ਪੱਲੇ ਨਾਲ ਬੰਨ੍ਹ ਦਿਤਾ ਹੈ, ਇਹ ਸੁਪਨਾ ਉਸ ਦੀ ਸ਼ਹੀਦੀ ਦੀ ਭਵਿਖਬਾਣੀ ਸੀ। ਅਗਲੇ ਦਿਨ ਉਹ ਸ਼ਹੀਦ ਹੋ ਗਿਆ।

(ਗ-118) **ਗਾਂਡੀਵ** :

ਅਰਜਨ ਦੇ ਧਨੁਸ਼ ਦਾ ਨਾਂ; ਇਹ ਧਨੁਖ ਗੰਢਦਾਰ ਬਾਂਸ

ਦਾ ਬਣਿਆ ਹੋਣ ਕਰਕੇ, ਗਾਂਡੀਵ ਦੇ ਨਾਂ ਨਾਲ ਪ੍ਰਸਿਧ ਹੋਇਆ। ਮਹਾਂਭਾਰਤ ਅਨੁਸਾਰ ਗਾਂਡੀਵ ਧਨੁਖ ਦੈਵੀ ਸ਼ਕਤੀ ਦਾ ਮਾਲਕ ਸੀ। ਇਸ ਦਾ ਨਿਸ਼ਾਨਾ ਕਦੇ ਖੁੰਝਦਾ ਨਹੀਂ ਸੀ। ਇਸ ਧਨੁਖ ਨੂੰ ਬ੍ਰਹਮਾ ਨੇ ਆਪਣੇ ਹੱਥਾਂ ਨਾਲ ਸਿਰਜ ਕੇ ਸੋਮ ਦੇਵਤੇ ਨੂੰ ਦਿਤਾ। ਸੋਮ ਨੇ ਅਗੋਂ ਵਰੁਣ ਨੂੰ ਭੇਟ ਕੀਤਾ ਅਤੇ ਵਰੁਣ ਨੇ ਅਗਨੀ ਨੂੰ। ਖਾਂਡਵ ਬਣ ਵਿਚ ਅੱਗ ਲੱਗਣ ਸਮੇਂ ਅਰਜਨ ਨੇ ਅਗਨੀ ਦੀ ਮਦਦ ਕੀਤੀ। ਅਗਨੀ ਨੇ ਪ੍ਰਸੰਨ ਹੋ ਕੇ ਇਹ ਧਨੁਖ ਅਰਜਨ ਨੂੰ ਭੇਟ ਕੀਤਾ।

(ਗ-119) **ਗਾਥਾ**:

(ਵੇਖੋ : ਕਾਵਿ-ਕਥਾ)।

(ਗ-120) **ਗਾਂਧਾਰੀ**:

ਗੰਧਾਰ ਦੇਸ਼ ਦੀ ਰਾਜਕੁਮਾਰੀ ਜੋ ਰਾਜੇ ਸੁਬਲ ਦੀ ਲੜਕੀ ਤੇ ਧ੍ਰਿਤਰਾਸ਼ਟਰ ਦੀ ਪਤਨੀ ਸੀ। ਇਸ ਦੀ ਕੁਖੋਂ ਇਕ ਸੌ ਪੁੱਤਰ ਤੇ ਇਕ ਪੁਤਰੀ ਜੰਮੀ। ਦੁਰਯੋਧਨ ਇਸੇ ਦਾ ਪੁੱਤਰ ਸੀ। ਗਾਂਧਾਰੀ ਦਾ ਪਤੀ ਅੰਨ੍ਹਾ ਸੀ। ਇਸ ਨੇ ਆਪਣੇ ਪਤੀ ਦਾ ਦੁਖ ਅਨੁਭਵ ਕਰਨ ਲਈ ਸਾਰੀ ਉਮਰ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹ ਰਖੀ ਤੇ ਨੇਤਰਾਂ ਦਾ ਆਨੰਦ ਨਹੀਂ ਭੋਗਿਆ। ਗਾਂਧਾਰੀ ਆਪਣੇ ਪਤੀ ਨਾਲ ਹੀ ਦਾਵਾ-ਅਗਨ ਵਿਚ ਸੜ ਕੇ ਮਰ ਗਈ।

ਪੁਰਾਣਾਂ ਅਨੁਸਾਰ ਗਾਂਧਾਰੀ ਨੂੰ ਸੌ ਪੁੱਤਰਾਂ ਦੀ ਦਾਤ ਵਿਆਸ ਰਿਸ਼ੀ ਦੇ ਵਰਦਾਨ ਕਰਕੇ ਪ੍ਰਾਪਤ ਹੋਈ। ਗਾਂਧਾਰੀ ਨੇ ਰਿਸ਼ੀ ਦੀ ਬੜੀ ਸੇਵਾ ਕੀਤੀ ਅਤੇ ਰਿਸ਼ੀ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਗਾਂਧਾਰੀ ਨੇ ਸੌ ਪੁੱਤਰਾਂ ਦੀ ਦਾਤ ਮੰਗੀ। ਦੋ ਸਾਲ ਤਕ ਗਾਂਧਾਰੀ ਗਰਭਵਤੀ ਰਹੀ ਤੇ ਅਖੀਰ ਇਸ ਦੀ ਕੁਖੋਂ ਮਾਸ ਦੇ ਇਕ ਬੇਡੌਲ ਲੋਥੜੇ ਨੇ ਜਨਮ ਲਿਆ। ਵਿਆਸ ਰਿਸ਼ੀ ਨੇ ਇਸ ਮਾਸ ਦੇ ਪਿੰਡ ਨੂੰ ਇਕ ਸੌ ਇਕ ਟੁਕੜਿਆਂ ਵਿਚ ਵੰਡ ਦਿਤਾ ਤੇ ਘੜਿਆਂ ਵਿਚ ਬੰਦ ਕਰ ਦਿਤਾ। ਕੁਝ ਸਮੇਂ ਮਗਰੋਂ ਇਕ ਘੜੇ ਵਿਚੋਂ ਦੁਰਯੋਧਨ ਜੰਮਿਆ ਤੇ ਮਹੀਨੇ ਮਗਰੋਂ ਬਾਕੀ ਘੜਿਆਂ ਵਿਚੋਂ 99 ਲੜਕੇ ਤੇ ਇਕ ਲੜਕੀ ਜੰਮੀ।

(ਗ-121) **ਗਾਧੀ ਦੇ ਗੀਤ**:

ਉਹ ਗੀਤ, ਜੋ ਖੂਹ ਦੀ ਗਾਧੀ ਉਤੇ ਬੈਠ ਕੇ ਗਾਏ ਜਾਂਦੇ ਹਨ। ਖੂਹ ਦੀ ਲੰਮੀ ਲੱਠ, ਜਿਸ ਨਾਲ ਬਲਦ ਜੋੜ ਕੇ ਖੂਹ ਗੇੜਦੇ ਹਨ, ਉਥੇ ਬੈਠਣ ਲਈ ਥਾਂ ਬਣੀ ਹੁੰਦੀ ਹੈ। ਗਾਧੀ ਉਤੇ ਬੈਠ ਕੇ ਕਾਮਾ ਬਲਦਾਂ ਨੂੰ ਹਿਕਦਾ ਹੈ ਅਤੇ ਮੌਜ ਵਿਚ ਆ ਕੇ ਗੀਤ ਅਲਾਪਦਾ ਹੈ। ਖੂਹ ਦੀਆਂ ਅਨੇਕਾਂ ਆਵਾਜ਼ਾਂ, ਪਾਣੀ ਦੀ ਸ਼ਰ-ਸ਼ਰ, ਦਰਖ਼ਤਾਂ ਦੀ ਸਾਂ-ਸਾਂ, ਖੂਹ ਦੇ ਕੁੱਤੇ ਦੀ ਠੱਕ-ਠੱਕ, ਆਦਿ ਤਾਲ ਦਾ ਕੰਮ ਦੇਂਦੀਆਂ ਹਨ। ਇਹ ਸ਼੍ਰਮ ਗੀਤ ਹਨ, ਜਿਨ੍ਹਾਂ ਵਿਚ ਕਾਮੇ ਦੀ ਕਰੜੀ ਘਾਲਣਾ ਵਲ ਸੰਕੇਤ ਹੈ। ਗਾਧੀ ਦੇ ਗੀਤ ਫ਼ਸਲਾਂ ਤੇ ਖੇਤਾਂ ਨਾਲ ਸਬੰਧਤ ਹੁੰਦੇ ਹਨ। ਇਨ੍ਹਾਂ ਵਿਚ ਕਿਸਾਨ ਦੀ ਭਾਵਨਾ, ਘਾਲਣਾ ਤੇ ਪ੍ਰਾਪਤੀ ਬਾਰੇ ਵਿਚਾਰ ਓਤਪੋਤ ਹੁੰਦੇ ਹਨ।

(ਗ-122) **ਗਾਨਾ**:

ਮੌਲੀ ਦੇ ਧਾਗਿਆਂ ਨੂੰ ਜੋੜ ਕੇ ਬਣਾਇਆ ਕੰਗਣਾ, ਜੋ ਵਰ/ਕੰਨਿਆਂ ਦੀ ਵੀਣੀ ਉਤੇ ਸ਼ਗਨ ਵਜੋਂ ਬੰਨ੍ਹਿਆ ਜਾਂਦਾ ਹੈ। ਕਈ ਗੋਤਾਂ ਵਿਚ ਧਾਗੇ ਦੇ ਨਾਲ ਕੌਡੀਆਂ, ਘੋਗੇ ਤੇ ਲੋਹੇ ਦਾ ਛੱਲਾ ਬੰਨ੍ਹ ਦੇਂਦੇ ਹਨ ਅਤੇ ਕਈਆਂ ਗੋਤਾਂ ਵਿਚ ਬਕਰੇ ਦੇ ਵਾਲ। ਕੁਝ ਗੋਤਾਂ ਵਿਚ ਮੌਲੀ ਦੇ ਧਾਗੇ ਵਿਚ ਨਰੇਲ ਦੀ ਠੂਠੀ ਤੇ ਛੁਹਾਰਾ ਆਦਿ ਪਰੋਣ ਦੀ ਵੀ ਪ੍ਰਥਾ ਹੈ। ਵੈਦਿਕ ਕਾਲ ਤੋਂ ਹੀ ਇਹ ਧਾਰਨਾ ਚਲੀ ਆ ਰਹੀ ਹੈ ਕਿ ਚੰਦਰੀਆਂ ਰੂਹਾਂ ਵਿਆਹ ਦੇ ਦਿਨੀਂ ਕਈ ਤਰ੍ਹਾਂ ਦੇ ਵਿਘਨ ਪਾਂਦੀਆਂ ਹਨ ਅਤੇ ਦੂਲ੍ਹਾ ਤੇ ਦੁਲ੍ਹਨ ਨੂੰ ਨੁਕਸਾਨ ਪਹੁੰਚਾਣ ਲਈ ਯਤਨ ਕਰਦੀਆਂ ਹਨ। ਗਾਨਾ ਚੰਦਰੀਆਂ ਰੂਹਾਂ ਤੋਂ ਦੂਰ ਰਖਣ ਲਈ ਬੰਨ੍ਹੀ ਰੱਖ ਹੈ।

ਕਈ ਜਾਤਾਂ ਵਿਚ ਗਾਨੇ ਦੇ ਧਾਗੇ ਨਾਲ ਪੋਟਲੀ ਬੰਨ੍ਹਦੇ ਹਨ, ਜਿਸ ਵਿਚ ਹਰਮਲ, ਸੁਪਾਰੀ, ਹਲਦੀ, ਲੋਹੇ ਦਾ ਛੱਲਾ ਤੇ ਹੋਰ ਨਿਕ-ਸੁਕ ਹੁੰਦਾ ਹੈ। ਇਨ੍ਹਾਂ ਸਭ ਵਸਤਾਂ ਨਾਲ ਸਾਡੇ ਕਈ ਤਰ੍ਹਾਂ ਦੇ ਵਿਸ਼ਵਾਸ਼ ਜੁੜੇ ਹੋਏ ਹੁੰਦੇ ਹਨ। ਹਰਮਲ ਬਦ-ਨਜ਼ਰ ਨੂੰ ਦੂਰ ਰਖਦੀ ਹੈ, ਸੁਪਾਰੀ ਮਰਦਾਵੀਂ ਸ਼ਕਤੀ ਨੂੰ ਬਲ ਦੇਂਦੀ ਹੈ। ਹਲਦੀ ਰੋਗਾਂ ਨੂੰ ਦੂਰ ਰਖਦੀ ਤੇ ਲੋਹਾ ਚੰਦਰੀ ਰੂਹ ਤੋਂ ਰੱਖਿਆ ਕਰਦਾ ਹੈ।

ਗਾਨਾ ਰਸਮੀ ਢੰਗ ਨਾਲ ਵਿਆਹ ਤੋਂ ਕੁਝ ਸਮੇਂ ਪਹਿਲਾਂ ਬੰਨ੍ਹਿਆ ਜਾਂਦਾ ਹੈ। ਕਈ ਗੋਤਾਂ ਵਿਚ ਲਾੜੇ ਨੂੰ ਗਾਨਾ ਮਿਰਾਸੀ ਬੰਨ੍ਹਦਾ ਹੈ ਤੇ ਵਹੁਟੀ ਨੂੰ ਮਿਰਾਸਣ। ਗਾਨਾ ਹਮੇਸ਼ਾ ਸੱਜੀ ਵੀਣੀ ਉਤੇ ਬੰਨ੍ਹਿਆ ਜਾਂਦਾ ਹੈ। ਇਸ ਮੌਕੇ ਉਤੇ ਤੀਵੀਆਂ ਗੀਤ ਗਾਉਂਦੀਆਂ ਹਨ, ਜਿਨ੍ਹਾਂ ਨੂੰ 'ਗਾਨੇ ਦੇ ਗੀਤ' ਕਿਹਾ ਜਾਂਦਾ ਹੈ। ਨਾਲ ਹੀ ਤਿਲ-ਚੌਲੀ ਜਾਂ ਕੜਾਹ-ਚਾਵਲ ਵੀ ਵੰਡੇ ਜਾਂਦੇ ਹਨ।

ਗਾਨੇ ਨੂੰ ਵਿਆਹ ਮਗਰੋਂ ਰਸਮੀ ਢੰਗ ਨਾਲ ਹੀ ਖੋਲ੍ਹਿਆ ਜਾਂਦਾ ਹੈ। ਇਸ ਰਸਮ ਨੂੰ 'ਗਾਨਾ ਖੇਲ੍ਹਣਾ ਜਾਂ ਖੇਡਣਾ' ਕਹਿੰਦੇ ਹਨ। ਜਦੋਂ ਦੁਲ੍ਹਨ ਸਹੁਰੇ ਘਰ ਆਉਂਦੀ ਹੈ ਤਾਂ ਉਥੇ ਘਰ ਦੀਆਂ ਸਵਾਣੀਆਂ ਦੇ ਸਾਹਮਣੇ ਲਾੜਾ ਦੁਲ੍ਹਨ ਦਾ ਗਾਨਾ ਖੋਲ੍ਹਦਾ ਹੈ ਅਤੇ ਦੁਲ੍ਹਨ ਲਾੜੇ ਦਾ।

ਗਾਨੇ ਨੂੰ ਬੰਨ੍ਹਣ ਵੇਲੇ ਕਈ ਪੀਚਵੀਆਂ ਗੰਢਾਂ ਮਾਰ ਦੇਂਦੇ ਹਨ, ਜਿਨ੍ਹਾਂ ਨੂੰ ਖੋਲ੍ਹਣ ਲਗਿਆਂ ਦਿਕਤ ਆਉਂਦੀ ਹੈ। ਫਲਸਰੂਪ ਹਾਸਾ ਠੱਠਾ ਮਚਦਾ ਹੈ ਤੇ ਮਜ਼ਾਕ ਵੀ ਕੀਤੇ ਜਾਂਦੇ ਹਨ। ਗਾਨਾ ਖੋਲ੍ਹਦਿਆਂ ਗਾਨੇ ਦੇ ਗੀਤ ਗਾਏ ਜਾਂਦੇ ਹਨ। ਹਾਸੇ-ਠੱਠੇ ਤੇ ਮਸ਼ਕਰੀਆਂ ਵੀ ਕੀਤੀਆਂ ਜਾਂਦੀਆਂ ਹਨ। ਗਾਨੇ ਦੀਆਂ ਗੰਢਾਂ ਖੋਲ੍ਹੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਤੋੜਨਾ ਜਾਂ ਕੱਟਣਾ ਬਦਸ਼ਗਨੀ ਗਿਣੀ ਜਾਂਦੀ ਹੈ। ਗਾਨਾ ਖੋਲ੍ਹਣਾ ਇਸ ਗੱਲ ਦਾ ਬੋਧਿਕ ਹੈ ਕਿ ਅਗੇ ਤੋਂ ਲਾੜ੍ਹਾ ਤੇ ਵਹੁਟੀ ਇਕ ਦੂਜੇ ਤੋਂ ਭੇਤ ਦੀ ਕੋਈ ਗੱਲ ਛੁਪਾ ਕੇ ਨਹੀਂ ਰਖਣਗੇ।

(ਗ-123) **ਗਾਨਾ ਪੈਣਾ** :

ਗੁੱਟ ਵਿਚ ਮੋਚ ਆ ਜਾਣ ਜਾਂ ਗੁੱਟ ਦੇ ਜੋੜ ਹਿਲ ਜਾਣ ਕਾਰਨ ਦਰਦ ਹੋਵੇ ਤਾਂ ਇਸਨੂੰ ਗਾਨਾ ਪੈਣਾ ਕਿਹਾ ਜਾਂਦਾ ਹੈ। ਇਸ ਦਰਦ ਨੂੰ ਦੂਰ ਕਰਨ ਲਈ ਇਕ ਟੂਣਾ ਪ੍ਰਚਲਿਤ ਹੈ। ਧਾਰਨਾ ਹੈ ਕਿ ਸੁੱਚੇ ਮੂੰਹ, ਭੈਣ ਦੇ ਹਥੀਂ ਗੁੱਟ ਉਤੇ ਸਾਹ ਰੋਕ ਕੇ ਮੌਲੀ ਦਾ ਧਾਗਾ ਬੰਨ੍ਹਣ ਨਾਲ ਇਹ ਦਰਦ ਦੂਰ ਹੋ ਜਾਂਦਾ ਹੈ।

(ਗ-124) **ਗਾਨਾ ਬੰਨ੍ਹਣਾ** :

ਵਿਆਹ ਸਮੇਂ ਦੀ ਇਕ ਰਸਮ (ਵੇਖੋ : ਗਾਨਾ) ਪਹਿਲਿਆਂ ਵਿਚ ਜਦੋਂ ਸੂਰਮੇ ਜੰਗ ਵਿਚ ਜਾਣ ਲਗਿਆਂ ਗੁੱਟ ਉਤੇ ਭੈਣ ਦੇ ਹੱਥੋਂ ਮੌਲੀ ਦਾ ਧਾਗਾ ਬੰਨ੍ਹਵਾ ਕੇ ਜਾਇਆ ਕਰਦੇ ਸਨ। ਇਹ ਵਿਜੈ ਦਾ ਸ਼ਗਨ ਸੀ। ਕੰਨਿਆਂ ਨੂੰ ਦੇਵੀ ਦਾ ਰੂਪ ਮੰਨਿਆ ਗਿਆ ਹੈ। ਕੰਨਿਆਂ ਦੇ ਹਥੋਂ ਬੰਨ੍ਹਿਆ ਗਾਨਾ ਸੂਰਮੇ ਅੰਦਰ ਚੰਡੀ ਦੇਵੀ ਦੀ ਸ਼ਕਤੀ ਸਿੰਚਦਾ ਹੈ ਤੇ ਉਹ ਕਦੇ ਰਣ-ਤੱਤੇ ਵਿਚ ਪਿੱਠ ਨਹੀਂ ਫੇਰਦਾ।

(ਗ-125) **ਗਾਨੀ** :

ਕੰਠ ਮਾਲਾ; ਆਦਿਮ ਮਨੁਖ ਘੋਗੇ, ਕੌਡਾਂ ਤੇ ਸਿੱਪੀਆਂ ਆਦਿ, ਧਾਗੇ ਵਿਚ ਪਰੋ ਕੇ ਗਲ ਦੁਆਲੇ ਰੱਖ ਵਜੋਂ ਬੰਨ੍ਹਿਆ ਕਰਦਾ ਸੀ। ਨਿਸ਼ਚਾ ਸੀ ਕਿ ਚੰਦਰੀਆਂ ਰੂਹਾਂ ਘੋਗੇ, ਕੌਡਾਂ ਆਦਿ ਦੇ ਨੇੜੇ ਨਹੀਂ ਢੁਕਦੀਆਂ। ਸੰਸਕ੍ਰਿਤੀ ਦੇ ਵਿਕਾਸ ਨਾਲ ਗਾਨੀ ਹਾਰ-ਸ਼ਿੰਗਾਰ ਦੀ ਵਸਤੂ ਬਣ ਗਈ ਅਤੇ ਘੋਗੇ ਕੌਡਾਂ ਆਦਿ ਦੀ ਥਾਂ ਧਾਗੇ ਵਿਚ ਮੋਤੀ ਪਰੋਣ ਦਾ ਰਵਾਜ ਪੈ ਗਿਆ।

ਪਸ਼ੂਆਂ ਦੇ ਗਲ ਵਿਚ ਗਾਨੀ ਆਰੰਭ ਵਿਚ ਚੰਦਰੀਆਂ ਰੂਹਾਂ ਤੋਂ ਰੱਖਿਆ ਲਈ ਬੰਨ੍ਹੀ ਜਾਂਦੀ ਸੀ। ਹੌਲੇ ਹੌਲੇ ਇਹ ਸ਼ਿੰਗਾਰ ਦੀ ਵਸਤੂ ਬਣ ਗਈ।

ਅਨੇਕਾਂ ਲੋਕ-ਗੀਤਾਂ ਵਿਚ ਗਾਨੀ ਵਲ ਸੰਕੇਤ ਮਿਲਦਾ ਹੈ :—ਗਲ ਗਾਨੀ ਪਾਈ ਹੋਈ ਆ......

(ਗ-126) **ਗਾਨੇ ਦੇ ਗੀਤ** :

ਉਹ ਗੀਤ, ਜੋ ਵਰ ਜਾਂ ਕੰਨਿਆਂ ਦੀ ਵੀਣੀ ਉਤੇ ਗਾਨਾ ਬੰਨ੍ਹਣ/ਗਾਨਾ ਖੇਡਣ ਸਮੇਂ ਤੀਵੀਆਂ ਗਾਂਦੀਆਂ ਹਨ। ਇਹ ਗੀਤ ਆਕਾਰ ਵਿਚ ਛੋਟੇ ਹੁੰਦੇ ਹਨ ਅਤੇ ਇਨ੍ਹਾਂ ਵਿਚ ਮਾਵਾਂ, ਭੈਣਾਂ ਤੇ ਭਰਜਾਈਆਂ ਦੀਆਂ ਸੱਧਰਾਂ ਚਾਵਾਂ ਤੇ ਸੁਪਨਿਆਂ ਦਾ ਉਲੇਖ ਹੁੰਦਾ ਹੈ।

(ਗ-127) **ਗਾਮਾਸ਼ਾਹੀ** :

ਇਕ ਖ਼ਾਸ ਤਰ੍ਹਾਂ ਦੀ ਕਸੂਰੀ ਜੁੱਤੀ, ਜਿਸ ਨੂੰ ਪਹਿਲਵਾਨ ਪਹਿਨਦੇ ਹਨ। ਖ਼ਾਸ ਤੌਰ ਤੇ ਪੰਜਾਬ ਦਾ ਪ੍ਰਸਿਧ ਪਹਿਲਵਾਨ ਗਾਮਾ ਪਹਿਨਦਾ ਸੀ। ਇਕ ਤੁਕ ਪ੍ਰਚਲਤ ਹੈ—

ਆਖਰ ਉਹ ਸੰਸਾਰ ਤੋਂ ਕੂਚ ਕਰ ਗਏ
ਗਾਮੇ ਸ਼ਾਹੀਆਂ ਜਿਨ੍ਹਾਂ ਹੰਢਾਈਆਂ ਨੇ।

(ਗ-128) **ਗਾਰਗੀ** :

ਇਕ ਵਿਦਵਾਨ ਇਸਤ੍ਰੀ, ਜਿਸ ਦੀ ਕਥਾ ਵਲ ਸੰਕੇਤ ਬ੍ਰਿਹਦਾਰਣਯਕ ਉਪਨਿਸ਼ਦ ਵਿਚ ਮਿਲਦਾ ਹੈ। ਇਹ ਸਾਰੀ ਉਮਰ ਕੰਵਾਰੀ ਰਹੀ। ਗਰਗ ਗੋਤ ਦੀ ਹੋਣ ਕਰਕੇ ਇਹ ਗਾਰਗੀ ਅਖਵਾਈ।

(ਗ-129) **ਗਾਰੜੀ** :

ਗਰੁੜ ਮੰਤਰ ਨੂੰ ਜਾਣਨ ਵਾਲਾ; ਜੇ ਕਿਸੇ ਸ਼ਖ਼ਸ ਨੂੰ ਸੱਪ ਲੜ ਜਾਏ ਤਾਂ ਧਾਰਨਾ ਹੈ ਕਿ ਮਾਂਦਰੀ ਗਰੁੜ ਮੰਤਰ ਦੁਆਰਾ ਉਸਦੀ ਵਿਸ ਉਤਾਰ ਦੇਂਦਾ ਹੈ। ਗਰੁੜ ਮੁੱਢ ਕਦੀਮ ਤੋਂ ਹੀ ਸੱਪ ਦਾ ਵੈਰੀ ਹੈ।

(ਗ-130) **ਗਾਲ੍ਹ ਬੁਲਾਉਣਾ** :

ਬਕਰੇ ਬੁਲਾਉਣਾ; ਮੂੰਹ ਨਾਲ ਬਕਰੇ ਵਰਗੀ ਆਵਾਜ਼ ਕਢਣੀ। ਭੰਗੜਾ ਪਾਉਣ ਵੇਲੇ ਮੂੰਹੋਂ ਕਈ ਤਰ੍ਹਾਂ ਦੀਆਂ ਉਚੀਆਂ, ਭਿਕੀਆਂ, ਸੁਰੀਲੀਆਂ ਤੇ ਕਦੇ ਕਦੇ ਕੁਰਖਤ ਆਵਾਜ਼ਾਂ ਕੱਢੀਆਂ ਜਾਂਦੀਆਂ ਹਨ।

ਗਾਲ੍ਹ ਕਢਣੀ ਜਾਂ ਬਕਰਾ ਬੁਲਾਉਣ ਦੀ ਪ੍ਰਥਾ ਸ਼ੈਵਮਤ ਨੇ ਸ਼ੁਰੂ ਕੀਤੀ। ਕਹਿੰਦੇ ਹਨ ਸ਼ਿਵ ਬਕਰੇ ਦੀ ਆਵਾਜ਼ ਨੂੰ ਸੁਣ ਕੇ ਬੜੇ ਪ੍ਰਸੰਨ ਹੋਇਆ ਕਰਦੇ ਸਨ।

ਪੁਰਾਣਾਂ ਅਨੁਸਾਰ ਜਦੋਂ ਦੱਕਸ਼ ਨੇ ਵਿਸ਼ਨੂੰ ਦਾ ਯੱਗ ਕੀਤਾ ਤਾਂ ਸ਼ਿਵ ਜੀ ਤੋਂ ਬਿਨਾਂ ਸਭ ਦੇਵਤਿਆਂ ਨੂੰ ਸੱਦਾ

ਦਿਤਾ। ਦੱਖਸ਼ ਦੀ ਧੀ ਸਤੀ ਆਪਣੇ ਪਤੀ ਸ਼ਿਵ ਦਾ ਅਪਮਾਨ ਨਾ ਸਹਾਰ ਸਕੀ ਤੇ ਯੱਗ ਦੀ ਅੱਗ ਵਿਚ ਸੜ ਕੇ ਭਸਮ ਹੋ ਗਈ। ਸ਼ਿਵ ਨੇ ਕਰੋਧ ਵਿਚ ਆ ਕੇ ਵੀਰਭਦ੍ਰ ਨਾਂ ਦਾ ਗਣ ਆਪਣੀ ਸ਼ਕਤੀ ਤੋਂ ਉਤਪੰਨ ਕੀਤਾ ਅਤੇ ਇਸ ਨਾਲ ਅਨੇਕਾਂ ਹੋਰ ਗਣ ਪੈਦਾ ਕਰਕੇ ਭੇਜੇ, ਜਿਨ੍ਹਾਂ ਨੇ ਸਭ ਪਾਸੇ ਤਰਥਲੀ ਮਚਾ ਦਿਤੀ। ਇਸ ਮੌਕੇ ਤੇ ਦੱਕਸ਼ ਵੀ ਮਾਰਿਆ ਗਿਆ। ਸ਼ਿਵ ਜੀ ਨੇ ਦੱਕਸ਼ ਨੂੰ ਮੁੜ ਸੁਰਜੀਤ ਕਰਨਾ ਚਾਹਿਆ, ਪਰ ਉਸਦਾ ਸਿਰ ਕਿਧਰੇ ਨਾ ਲੱਭਾ। ਉਹ ਸੀਸ ਯੱਗ ਦੀ ਅੱਗ ਵਿਚ ਕਿਸੇ ਨੇ ਸੁਟ ਦਿਤਾ ਤੇ ਭਸਮ ਹੋ ਗਿਆ। ਸ਼ਿਵ ਨੇ ਦੱਕਸ਼ ਦੇ ਧੜ ਉਤੇ ਬਕਰੇ ਦਾ ਸਿਰ ਲਗਾ ਕੇ ਦੱਕਸ਼ ਨੂੰ ਮੁੜ ਸੁਰਜੀਤ ਕੀਤਾ। ਦੱਕਸ਼ ਦੀ ਬਕਰੇ ਵਰਗੀ ਆਵਾਜ਼ ਸੁਣ ਕੇ, ਸ਼ਿਵ ਬੜਾ ਖੁਸ਼ ਹੋਇਆ। ਪਿਛੋਂ ਸ਼ਿਵ ਨੂੰ ਪ੍ਰਸੰਨ ਕਰਨ ਲਈ ਸ਼ੈਵਮਤ ਵਾਲੇ ਮੂੰਹ ਵਿਚ ਅੰਗੂਠਾ ਪਾ ਕੇ ਬਕਰੇ ਦੀ ਆਵਾਜ਼ ਕੱਢਣ ਲਗੇ। ਜਿਸ ਨੂੰ ਗਾਲ੍ਹ ਬੁਲਾਉਣਾ ਕਹਿੰਦੇ ਹਨ (ਵੇਖੋ : ਬਕਰਾ ਬੁਲਾਉਣਾ)।

(ਗ-131) **ਗਾਲਵ :**

ਮਹਾਂਭਾਰਤ ਅਨੁਸਾਰ ਗਾਲਵ ਵਿਸ਼ਵਾਮਿਤ੍ਰ ਦਾ ਚੇਲਾ ਪਰ ਹਰੀਵੰਸ਼ ਅਨੁਸਾਰ ਵਿਸ਼ਵਾਮਿਤ੍ਰ ਦਾ ਪੁੱਤਰ ਸੀ। ਮਹਾਂਭਾਰਤ ਵਿਚ ਗਾਲਵ ਦੀ ਕਥਾ ਇਸ ਪ੍ਰਕਾਰ ਹੈ— ਜਦੋਂ ਗਾਲਵ ਆਪਣੀ ਪੜ੍ਹਾਈ ਪੂਰੀ ਕਰ ਚੁਕਾ ਤਾਂ ਉਸਨੇ ਆਪਣੇ ਗੁਰੂ ਵਿਸ਼ਵਾਮਿਤ੍ਰ ਤੋਂ ਪੁਛਿਆ ਕਿ ਉਹ ਉਨ੍ਹਾਂ ਨੂੰ ਕੀ ਗੁਰੂ-ਦੱਖਣਾ ਦੇਵੇ। ਵਿਸ਼ਵਾਮਿਤ੍ਰ ਪਹਿਲਾਂ ਵੀ ਕਈ ਵਾਰ ਗੁਰੂ-ਦੱਖਣਾ ਲੈਣ ਤੋਂ ਇਨਕਾਰ ਕਰ ਚੁਕਾ ਸੀ, ਗਾਲਵ ਦੇ ਬਾਰ ਬਾਰ ਪੁੱਛਣ ਉਤੇ, ਵਿਸ਼ਵਾਮਿਤ੍ਰ ਨੂੰ ਕਰੋਧ ਆ ਗਿਆ ਤੇ ਖਿਝ ਕੇ ਕਹਿਣ ਲੱਗਾ ਕਿ ਜੇ ਤੂੰ ਗੁਰੂ-ਦੱਖਸ਼ਣਾ ਦੇਣੀ ਹੀ ਹੈ ਤਾਂ ਅੱਠ ਸੌ, ਕਾਲੇ ਕੰਨਾਂ ਵਾਲੇ, ਚਿੱਟੇ ਰੰਗ ਦੇ ਘੋੜੇ ਦਾਨ ਕਰ। ਇਹ ਗੱਲ ਸੁਣ ਕੇ ਗਾਲਵ ਘਬਰਾ ਗਿਆ। ਉਸ ਨੇ ਗਰੁੜ ਅੱਗੇ ਬੇਨਤੀ ਕੀਤੀ। ਗਰੁੜ ਉਸਨੂੰ ਰਾਜਾ ਯਯਾਤੀ ਕੋਲ ਲੈ ਗਿਆ। ਰਾਜੇ ਕੋਲ ਉਸ ਕਿਸਮ ਦੇ ਘੋੜੇ ਨਹੀਂ ਸਨ। ਉਸ ਨੇ ਗਾਲਵ ਨੂੰ ਆਪਣੀ ਲੜਕੀ 'ਮਾਧਵੀ' ਦੇ ਦਿਤੀ ਕਿ ਜੇ ਉਹ ਇਸ ਤੋਂ ਕੋਈ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਠਾ ਲਏ। ਗਾਲਵ ਮਾਧਵੀ ਨੂੰ ਪਹਿਲਾਂ ਅਯੁਧਿਆ ਦੇ ਰਾਜੇ ਹਰੀ ਯਸ਼ਵ ਕੋਲ ਲੈ ਗਿਆ ਤੇ ਰਾਜੇ ਨੂੰ ਆਖਿਆ ਕਿ ਉਹ ਇਸ ਕੰਨਿਆਂ ਤੋਂ ਪੁੱਤ ਪੈਦਾ ਕਰਕੇ, ਬਦਲੇ ਵਿਚ ਉਸ ਨੂੰ ਦੋ ਸੌ ਘੋੜੇ ਦੇਵੇ। ਹਰੀ ਯਸ਼ਵ ਨੇ ਇਹ ਗੱਲ ਮੰਨ ਲਈ। ਮਾਧਵੀ ਨੂੰ ਵਰਦਾਨ ਪ੍ਰਾਪਤ ਸੀ ਕਿ ਬੱਚੇ ਨੂੰ ਜਨਮ ਦੇ ਕੇ ਵੀ ਉਹ ਕੁਆਰੀ ਰਹੇਗੀ। ਗਾਲਵ ਉਸਨੂੰ ਕਾਸ਼ੀ ਦੇ ਰਾਜੇ ਦਿਵੋਦਾਸ ਕੋਲ ਲੈ ਗਿਆ। ਉਸ ਨੇ ਵੀ ਮਾਧਵੀ ਤੋਂ ਇਕ ਪੁੱਤਰ ਪੈਦਾ ਕਰਕੇ ਦੋ ਸੌ ਘੋੜੇ ਦਿਤੇ ਤੇ ਮਾਧਵੀ ਮੋੜ ਦਿਤੀ। ਫੇਰ ਗਾਲਵ ਮਾਧਵੀ ਨੂੰ ਉਸ਼ੀਨਰ ਦੇ ਰਾਜੇ ਭੋਜ ਕੋਲ ਲੈ ਗਿਆ। ਉਸ ਨੇ ਵੀ ਮਾਧਵੀ ਤੋਂ ਪੁੱਤਰ ਪੈਦਾ ਕਰਕੇ ਦੋ ਸੌ ਘੋੜਿਆਂ ਸਮੇਤ ਮਾਧਵੀ ਮੋੜ ਦਿਤੀ। ਹੋਰ ਕਿਸੇ ਰਾਜੇ ਕੋਲ ਉਸ ਕਿਸਮ ਦੇ ਘੋੜੇ ਨਹੀਂ ਸਨ। ਜੋ, ਗਾਲਵ ਨੇ ਵਿਸ਼ਵਾਮਿਤ੍ਰ ਨੂੰ ਛੇ ਸੌ ਘੋੜੇ ਦਿਤੇ ਅਤੇ ਬਾਕੀ ਦੋ ਸੌ ਘੋੜਿਆਂ ਦੇ ਬਦਲੇ ਮਾਧਵੀ ਨੂੰ ਭੇਟ ਕੀਤਾ। ਵਿਸ਼ਵਾਮਿਤ੍ਰ ਨੇ ਮਾਧਵੀ ਤੋਂ ਇਕ ਪੁੱਤਰ ਪੈਦਾ ਕਰਕੇ, ਮਾਧਵੀ ਮੋੜ ਦਿਤੀ ਤੇ ਗਾਲਵ ਨੇ ਮਾਧਵੀ ਨੂੰ ਮੁੜ ਰਾਜਾ ਯਯਾਤੀ ਨੂੰ ਵਾਪਿਸ ਕਰ ਦਿਤਾ।

ਹਰੀਵੰਸ਼ ਅਨੁਸਾਰ ਗਾਲਵ ਵਿਸ਼ਵਾਮਿਤ੍ਰ ਦਾ ਪੁੱਤਰ ਸੀ। ਇਕ ਵਾਰ ਜਦੋਂ ਵਿਸ਼ਵਾਮਿਤ੍ਰ ਦੇ ਸਿਰ ਕੋਈ ਭੀੜਾ ਆ ਬਣੀ ਤਾਂ ਉਹ ਗਾਲਵ ਨੂੰ ਲੱਕ ਦੁਆਲੇ ਰੱਸੀ ਬੰਨ੍ਹ ਕੇ ਮੰਡੀ ਵਿਚ ਵੇਚਣ ਲਈ ਲੈ ਗਿਆ। ਰੱਸੀ ਨਾਲ ਬੰਨ੍ਹੇ ਜਾਣ ਕਰਕੇ, ਉਸ ਦਾ ਨਾਂ ਗਾਲਵ ਪੈ ਗਿਆ। ਬਾਅਦ ਵਿਚ ਰਾਜੇ ਸੱਤਯਵਰਤ ਨੇ ਉਸਦਾ ਮੁੱਲ ਤਾਰ ਕੇ ਉਸਨੂੰ ਮੁਕਤ ਕਰਵਾਇਆ।

(ਗ-132) **ਗਾਲਾ ਚੱਕੀ :**

ਵਿਆਹ ਨਾਲ ਸਬੰਧਿਤ ਇਕ ਰੀਤ; ਗਾਲਾ ਚੱਕੀ ਦੀ ਰੀਤ ਨਾਲ ਵਿਆਰ ਦਾ ਮੁੱਢ ਬਝਦਾ ਹੈ। ਲਗਨ ਦੇ ਦਿਨ ਤੋਂ ਦੋ ਚਾਰ ਹਫ਼ਤੇ ਪਹਿਲਾਂ, ਭਾਈਚਾਰੇ ਨੂੰ ਸੱਦ ਕੇ ਇਹ ਰੀਤ ਕੀਤੀ ਜਾਂਦੀ ਹੈ। ਆਮ ਤੌਰ ਉਤੇ ਇਹ ਰੀਤ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਘਰ ਦੀਆਂ ਵਿਆਹੀਆਂ ਧੀਆਂ ਸ਼ਾਦੀ ਵਿਚ ਸ਼ਾਮਲ ਹੋਣ ਲਈ ਪੇਕੇ ਆਉਂਦੀਆਂ ਹਨ। ਇਸ ਰੀਤ ਵੇਲੇ ਦਾਣਿਆਂ ਦੀਆਂ ਸੱਤ ਮੁੱਠਾਂ ਦਾ ਗਾਲਾ ਚੱਕੀ ਵਿਚੋਂ ਕਢਿਆ ਜਾਂਦਾ ਹੈ। ਇਸੇ ਤੋਂ ਰਸਮ ਦਾ ਨਾਉਂ 'ਗਾਲਾ ਚੱਕੀ' ਪੈ ਗਿਆ। ਇਹ ਇਕ ਤਰ੍ਹਾਂ ਨਾਲ ਵਿਆਹ ਦੇ ਕੰਮ ਵਿਚ ਰੁੱਝਣ ਦੀ ਰਸਮ ਹੈ। ਇਸ ਮੌਕੇ ਉਤੇ ਭਾਈਚਾਰੇ ਅਥਵਾ ਪਿੰਡ ਵਿਚ ਗੁੜ ਵੰਡਿਆ ਜਾਂਦਾ ਹੈ। ਪੂਰਬੀ ਪੰਜਾਬ ਵਿਚ ਇਸ ਦੇ ਟਾਕਰੇ ਦੀ ਰਸਮ 'ਸੱਤਾਂ ਸੁਹਾਗਣਾਂ ਦੀਆਂ ਚੱਕੀਆਂ' ਹਨ।

(ਗ-133) **ਗਾੜਾਂ :**

ਸੁਹਾਂ ਦੇ ਇਲਾਕੇ ਵਿਚ, ਪਹਾੜ ਦੇ ਛੋਟੇ ਛੋਟੇ ਟੁਕੜਿਆਂ ਨੂੰ ਜੋ ਇਕਲਵਾਂਝੇ ਖੜੇ ਹੁੰਦੇ ਹੋਨ, ਗਾੜਾਂ ਕਹਿੰਦੇ ਹਨ। ਗਾੜਾਂ ਕਈ ਪਿੰਡਾਂ ਤੋਂ ਬਾਹਰ ਵਿਖਾਈ ਦੇਂਦੀਆਂ ਹਨ। ਤੇ ਇਨ੍ਹਾਂ ਬਾਰੇ ਵੰਨ-ਸੁਵੰਨੀਆ ਦੰਦ-ਕਥਾਵਾਂ ਪ੍ਰਚਲਤ ਹਨ। ਇਕ ਕਥਾ ਅਨੁਸਾਰ ਇਕ

ਸ਼ਹਿਰੀ ਬਾਬੂ ਆਪਣੀ ਨਵੀਂ ਵਿਆਹੀ ਵਹੁਟੀ ਨੂੰ, ਜਿਸ ਸਿਲਮੇ-ਸਿਤਾਰੇ ਜੜ੍ਹੀ ਝਿੱਲੀ ਸਿਰ ਉਪਰ ਲਈ ਹੋਈ ਸੀ, ਗਾੜ੍ਹਾਂ ਤੇ ਜਾ ਚੜ੍ਹਿਆ। ਉਸ ਦੀ ਝਿੱਲੀ ਹਵਾ ਦੇ ਬੁੱਲੇ ਨਾਲ ਉਡ ਕੇ, ਦੂਰ ਕਿਧਰੇ ਹੇਠਾਂ ਜਾ ਡਿਗੀ। ਖ਼ਾਵੰਦ ਝਿੱਲੀ ਨੂੰ ਜਦੋਂ ਲੱਭ ਕੇ ਲਿਆਇਆ, ਹਨੇਰਾ ਪੈ ਚੁਕਾ ਸੀ ਤੇ ਉਸਦੀ ਪਤਨੀ ਗਾੜ੍ਹਾਂ ਦੇ ਹਨੇਰੇ ਵਿਚ ਹੀ ਸਮਾ ਗਈ ਸੀ। ਰਵਾਇਤ ਹੈ ਕਿ ਹੁਣ ਵੀ ਗਾੜ੍ਹਾਂ ਵਲ ਸੈਰ ਕਰਦੇ, ਜਦੋਂ ਕਿਸੇ ਮੁਸਾਫ਼ਰ ਨੂੰ ਤ੍ਰਕਾਲਾਂ ਪੈ ਜਾਂਦੀਆਂ ਜਾਂ ਕੋਈ ਚਿਰਕਾ ਘਰ ਮੁੜ ਰਿਹਾ ਆਜੜੀ ਉਸ ਪਾਸਿਉਂ ਦੀ ਗੁਜ਼ਰਦਾ ਹੈ, ਤਾਂ ਗਾੜ੍ਹਾਂ ਦੇ ਟਿੱਬਿਆਂ ਪਿਛੇ ਰਾਹ-ਗੁਜ਼ਰੂਆਂ ਨੂੰ ਇਕ ਲਾਟ ਜਿਹੀ ਮੱਚਦੀ ਵਿਖਾਈ ਦੇਂਦੀ, ਜੋ ਤੇਜ਼ ਹਵਾ ਦੇ ਬੁੱਲਿਆਂ ਨਾਲ ਬੁਝ ਜਾਂਦੀ ਹੈ। ਲੋਕੀਂ ਸਮਝਦੇ ਹਨ ਕਿ ਉਹ ਪਤਲੀ ਲੰਮੀ ਸਜ-ਵਿਆਹੀ ਸ਼ਹਿਰਣ ਆਪਣੇ ਖ਼ਾਵੰਦ ਨੂੰ ਉਡੀਕ ਰਹੀ ਹੈ (ਹਾਲ ਮੁਰੀਦਾਂ ਦਾ ਪੰਨਾ 21)। ਗਾੜ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਦੰਦ-ਕਥਾਵਾਂ ਪ੍ਰਚਲਤ ਹਨ; ਹਰ ਇਲਾਕੇ ਵਿਚ ਇਕ ਵਖਰੀ ਦੰਦ-ਕਥਾ।

## (ਗ-134) ਗਾੜ੍ਹਾ ਦੇਵੀ :

ਕੁੱਲੂ ਦੀ ਇਕ ਦੇਵੀ; ਕੁੱਲੂ ਦੇ ਲੋਕ-ਗੀਤ (ਪੰਨਾ 131) ਅਨੁਸਾਰ ਗਾੜਾ, ਕਠੂਆ ਦੇ ਠਾਕੁਰ ਦੀ ਧੀ ਸੀ। ਬਾਂਦਲ ਦੇ ਇਕ ਮਿਸਤਰੀ ਨੇ ਠਾਕੁਰ ਲਈ ਰਾਜਗੀਰੀ ਦਾ ਅਜਿਹਾ ਸੁਹਣਾ ਕੰਮ ਕੀਤਾ ਕਿ ਠਾਕੁਰ ਨੇ ਪ੍ਰਸੰਨ ਹੋ ਕੇ ਉਸਨੂੰ ਮਨ-ਇਛਤ ਚੀਜ਼ ਮੰਗਣ ਲਈ ਕਿਹਾ। ਮਿਸਤਰੀ ਨੇ ਠਾਕੁਰ ਦੀ ਧੀ ਮੰਗ ਲਈ। ਠਾਕੁਰ ਨੇ ਆਪਣੇ ਬਚਨ ਦੀ ਪਾਲਣਾ ਕਰਦਿਆਂ ਆਪਣੀ ਧੀ ਮਿਸਤਰੀ ਨਾਲ ਤੋਰ ਦਿਤੀ। ਗਾੜਾ ਮਿਸਤਰੀ ਨਾਲ ਤੁਰ ਤਾਂ ਪਈ, ਪਰ ਉਹ ਦਿਲੋਂ ਬੜੀ ਦੁਖੀ ਸੀ। ਅਮੀਰ ਪਿਉ ਦੇ ਘਰ ਪਲੀ ਲੜਕੀ, ਇਕ ਰਾਜਗੀਰ ਨਾਲ ਕਿਵੇਂ ਰਹਿ ਸਕਦੀ ਸੀ। ਰਾਹ ਵਿਚ ਬਥਾੜ ਦੇ ਨੇੜੇ ਤੀਰਥਾਂ ਨਦੀ ਆਈ, ਗਾੜਾ ਉਸਦੇ ਕੰਢੇ ਬੈਠ ਗਈ। ਨਦੀ ਵਿਚ ਹੜ੍ਹ ਆਇਆ ਤੇ ਉਸਨੂੰ ਰੋਹੜ ਕੇ ਲੈ ਗਿਆ। ਲੋਕੀਂ ਉਸਨੂੰ ਦੇਵੀ ਕਰਕੇ ਪੂਜਣ ਲਗੇ।

ਉਸ ਦਾ ਅਸਥਾਨ ਬਾਂਦਲ ਦੇ ਨੇੜੇ ਗੋਸ਼ੇਨੀ ਵਿਚ ਬਣਿਆ ਹੋਇਆ ਹੈ।

## (ਗ-135) ਗਿਆਰਵੀਂ ਦਾ ਪੀਰ :

ਗਿਆਰਵੀਂ ਤਿੱਥ ਦਾ ਪੀਰ; ਅਣਵੰਡੇ ਪੰਜਾਬ ਵਿਚ, ਜਾਲੰਧਰ ਜ਼ਿਲੇ ਦੇ ਮੁਸਲਮਾਨ, ਹਰ ਚੰਦਰ-ਮਾਸ ਦੀ ਗਿਆਰਵੀਂ ਨੂੰ, ਗਰੀਬ, ਫ਼ਕੀਰਾਂ ਤੇ ਮੁੱਲਾਂ ਆਦਿ ਨੂੰ ਨਿਆਜ਼ਾਂ ਦਿਤਾ ਕਰਦੇ ਸਨ, ਜੋ ਗਿਆਰਵੀਂ ਦਾ ਪੀਰ ਅਖਵਾਉਂਦੇ ਸਨ। ਇਹ ਪੀਰ ਅਬਦੁਲ ਕਾਦਿਰ ਜਿਲਾਨੀ, ਪੀਰ-ਏ-ਦਸਤਗੀਰ ਹਨ ਤੇ ਹਰ ਮਹੀਨੇ ਗਿਆਰਵੀਂ ਤਿੱਥ ਨੂੰ ਇਨ੍ਹਾਂ ਦੇ ਨਾਂ ਦੀਆਂ ਨਿਆਜ਼ਾਂ ਦੇਣ ਕਾਰਨ, ਇਨ੍ਹਾਂ ਦਾ ਨਾਂ 'ਗਿਆਰਵੀਂ ਦਾ ਪੀਰ' ਪੈ ਗਿਆ (ਵੇਖੋ : ਅਬਦੁਲ ਕਾਦਿਰ ਜਿਲਾਨੀ)।

## (ਗ-136) ਗਿਆਰਾਂ :

ਗਿਆਰਾਂ ਦੀ ਗਿਣਤੀ ਦਾ ਖ਼ਾਸ ਮਹਾਤਮ ਹੈ। ਚੰਦਰਮੇ ਦੀ ਗਿਆਰਵੀਂ ਤਿੱਥ; ਇਕਾਦਸ਼ੀ, ਇਸ ਤਿੱਥ ਨੂੰ ਹਿੰਦੂ ਵਰਤ ਰਖਦੇ ਹਨ। ਧਾਰਨਾ ਹੈ ਕਿ 24 ਇਕਾਦਸ਼ੀਆਂ ਦਾ ਵਰਤ ਰੱਖਣ ਨਾਲ, ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ (ਵੇਖੋ : ਇਕਾਦਸ਼ੀ)।

ਗਿਆਰਾਂ ਦਾ ਅੰਕੜਾ ਰੁਦ੍ਰ ਦੇਵਤੇ ਦਾ ਬੋਧਿਕ ਹੈ। ਪੁਰਾਣਾਂ ਵਿਚ ਰੁਦ੍ਰ ਦੇ ਗਿਆਰਾਂ ਨਾਂ ਦਿਤੇ ਹੋਏ ਮਿਲਦੇ ਹਨ। ਵ੍ਰਿਹਦਾਰਣਯਕ ਉਪਨਿਸ਼ਦ ਵਿਚ ਦਸ ਪ੍ਰਾਣਾਂ ਅਤੇ ਅੰਤਹਕਰਣ ਨੂੰ ਮਿਲਾ ਕੇ ਗਿਆਰਾਂ ਰੁਦ੍ਰ ਲਿਖਿਆ ਗਿਆ ਹੈ। ਸ਼ਾਸਤਰਾਂ ਅਨੁਸਾਰ ਸ਼ਿਵ ਦੇਵਤੇ ਦੇ ਗਿਆਰਾਂ ਰੂਪ ਹਨ, ਜਿਸ ਲਈ ਗਿਆਰਾਂ ਦੀ ਗਿਣਤੀ ਸ਼ਿਵ ਦੀ ਬੋਧਿਕ ਹੈ।

ਸਿੱਖਾਂ ਵਿਚ ਗਿਆਰਾਂ ਦਾ ਅੰਕੜਾ ਮੂਲ-ਮੰਤ੍ਰ ਦਾ ਬੋਧਿਕ ਹੈ, ਕਿਉਂ ਜੋ ਉਸ ਵਿਚ ਗਿਆਰਾਂ ਸ਼ਬਦ ਹਨ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਪਹਿਲਾਂ ਸਿੱਖਾਂ ਨੂੰ, ਗੁਰੂ-ਮੰਤ੍ਰ ਦੀ ਹੀ ਦੀਖਿਆ ਗਿਆਰਾਂ ਵਾਰ ਦਿਤੀ ਜਾਂਦੀ ਸੀ . ਭਾਈ ਕਾਹਨ ਸਿੰਘ ਲਿਖਦੇ ਹਨ, ਖੰਡੇ ਦੇ ਅੰਮ੍ਰਿਤ ਤੋਂ ਪਹਿਲਾਂ ਇਹ ਰੀਤਿ ਸੀ ਕਿ ਚਰਨਾਮ੍ਰਿਤ ਦੇਣ ਸਮੇਂ ਸਤਿਨਾਮ, ਵਾਹਿਗੁਰੂ ਮੰਤ੍ਰ ਦਾ ਉਪਦੇਸ਼ ਸਿੱਖ ਨੂੰ ਗਿਆਰਾਂ ਵਾਰ ਦਿਤਾ ਜਾਂਦਾ ਸੀ। ਇਸ ਰੀਤ ਨੂੰ ਗਿਆਰਾਂ ਗੇੜੇ ਵੀ ਕਹਿੰਦੇ ਸਨ—'ਗਿਆਰਹ ਗੇੜਾਂ ਸਿੱਖ ਸੁਣ ਸਿੱਖ ਲੈ ਗੁਰਸਿਖ ਸਦਾਯਾ' (ਭਾਈ ਗੁਰਦਾਸ 7/11/6)।

ਭਾਈ ਗੁਰਦਾਸ ਦੀ ਗਿਆਰਾਂ ਦੀ ਗਿਣਤੀ ਬਾਰੇ ਇਕ ਪਉੜੀ ਹੈ, ਜਿਸ ਵਿਚ ਗਿਆਰਾਂ ਅੰਕ ਨਾਲ ਸੰਬੰਧਿਤ ਵਸਤੂਆਂ ਦਾ ਸਾਮੂਹਿਕ ਵਰਣਨ ਕਰਕੇ, ਉਨ੍ਹਾਂ ਦੇ ਮੁਕਾਬਲੇ ਵਿਚ ਸਾਧ ਸੰਗਤ ਤੇ ਗੁਰ-ਸ਼ਬਦ ਨੂੰ ਵਡਿਆਇਆ ਹੈ :

ਇਕ ਮਨ ਹੋਇ ਇਕਾਦਸ਼ੀ
ਗੁਰਮੁਖ ਵਰਤ ਪਤਿਬ੍ਰਤ ਭਾਯਾ
ਗਿਆਰਹ ਰੁਦ੍ਰ ਸਮੁਦ੍ਰ ਵਿਚ
ਪਲ ਦਾ ਪਾਰਾਵਾਰ ਨਾ ਪਾਯਾ

ਗਯਾਰਹ ਕਸ ਗਯਾਰਹ ਕਸੇ
ਕਸ ਕਸਵਟੀ ਕਸ ਕਸਾਯਾ
ਗਿਆਰਹ ਗੁਣ ਫੈਲਾਉ ਕਰ
ਕੱਚ ਪਕਾਈ ਅਘੜ ਘੜਾਯਾ
ਗਿਆਰਹ ਦਾਉ ਚੜ੍ਹਾਉ ਕਰ
ਦੂਜਾ ਭਾਉ ਕਦਾਉ ਹਰਾਯਾ
ਗਿਆਰਹ ਗੇੜਾਂ ਸਿਖ ਸੁਣ
ਗੁਰਸਿਖ ਲੈ ਗੁਰ ਸਿਖ ਸਦਾਯਾ
ਸਾਧ ਸੰਗਤ ਗੁਰੂ ਸ਼ਬਦ ਵਸਾਯਾ ।

ਸ਼ਾਸਤਰਾਂ ਅਨੁਸਾਰ ਗਿਆਰਾਂ ਸਦਗੁਣ ਹਨ, ਜੋ ਹਉਮੈ ਦਾ ਨਾਸ ਕਰਦੇ ਹਨ—ਸੱਤ, ਸੰਤੋਖ, ਦਇਆ, ਧਰਮ, ਧੀਰਜ, ਸਮ, ਦਮ, ਉਪਰਤਿ, ਤਤਿਖਯ, ਸ਼ਰਧਾ, ਸਮਾਧਾਨਤਾ ।

(ਗ-137) **ਗਿੱਟੀਆਂ** :

ਆਕਾਸ਼ ਮੰਡਲ ਵਿਚ, ਸਤ ਸਿਤਾਰਿਆਂ ਦੇ ਸਮੂਹ, ਜਿਨ੍ਹਾਂ ਨੂੰ ਖਿੱਤੀਆਂ ਵੀ ਕਿਹਾ ਜਾਂਦਾ ਹੈ । ਇਨ੍ਹਾਂ ਨਾਲ ਕਈ ਤਰ੍ਹਾਂ ਦੀਆਂ ਕਥਾ-ਕਹਾਣੀਆਂ, ਭਰਮ-ਵਹਿਮ ਤੇ ਲੋਕਧਾਰਾ ਜੁੜੀ ਹੋਈ ਹੈ (ਵੇਖੋ : ਖਿੱਤੀਆਂ) ।

(ਗ-138) **ਗਿੱਦੜ** :

ਗਿੱਦੜ ਨਾਲ ਕਈ ਭਰਮ ਵਹਿਮ ਜੁੜੇ ਹੋਏ ਹਨ । ਦਿਨ ਵੇਲੇ ਗਿੱਦੜ ਦੀ ਹਵਾਂਕ ਅਸ਼ੁਭ ਮੰਨੀ ਜਾਂਦੀ ਹੈ ਅਤੇ ਕਿਸੇ ਅਗਾਮੀ ਬਿਪਤਾ ਦੀ ਸੂਚਕ ਵੀ । ਜਾਂ ਤਾਂ ਦੇਸ਼ ਉਤੇ ਸੰਕਟ ਪੈਂਦਾ ਹੈ ਜਾਂ ਰਾਜੇ ਉਤੇ, ਇਸ ਬਾਰੇ ਦੋ ਕਹਾਵਤਾਂ ਪ੍ਰਚਲਤ ਹਨ :

ਦਿਨੇ ਨਾ ਬੋਲੇ ਗਿੱਦੜੀ ਰਾਤ ਨਾ ਬੋਲੇ ਕਾਂ
ਇਕ ਤਾਂ ਰਾਜਾ ਮਾਰੀਏ, ਇਕੇ ਤਾਂ ਉਜੜੇ ਗਿਰਾਂ
ਰਾਤੀਂ ਬੋਲੇ ਕੁੱਕੜੀ, ਤੇ ਦਿਨੇ ਬੋਲੇ ਸ੍ਰਿਗਾਲ
ਇਕੇ ਤਾਂ ਬਦਲੀ ਸਾਹਿਬੀ ਤੇ ਇਕੇ ਪੈਂਦਾ ਕਾਲ ।

ਸਫ਼ਰ ਕਰਨ ਲਗਿਆਂ, ਜੇ ਗਿੱਦੜ ਖੱਬੇ ਪਾਸੇ ਤੋਂ ਹਵਾਂਕੇ ਤਾਂ ਸਫ਼ਰ ਅਸਫਲ ਰਹਿੰਦਾ ਹੈ । ਨੀਤੀ-ਕਥਾਵਾਂ ਵਿਚ ਗਿੱਦੜ ਬੁਜ਼ਦਿਲੀ ਦਾ ਬੋਧਿਕ ਹੈ, ਆਤਮ-ਵਿਸ਼ਵਾਸ਼ ਤੋਂ ਹੀਣਾ । ਧਾਰਨਾ ਹੈ ਕਿ ਜੇ ਕਿਸੇ ਨੂੰ ਗਿੱਦੜ ਦਾ ਮਾਸ ਖ਼ਾਸ ਤੌਰ ਤੇ ਦਿਲ ਖਵਾ ਦਿਤਾ ਜਾਵੇ, ਤਾਂ ਉਹ ਜ਼ਿੰਦਗੀ ਭਰ ਗਿੱਦੜ ਵਾਂਗ ਬੁਜ਼ਦਿਲ ਰਹਿੰਦਾ ਹੈ ।

(ਗ-139) **ਗਿੱਦੜ ਸਿੰਗੀ** :

ਇਕ ਬੂਟੀ ਦਾ ਫਲ ਜੋ ਪੋਟੇ ਜਿਤਨਾ ਵੱਡਾ ਹੈ ਤੇ ਜਿਸ ਉਤੇ ਨਿਕੇ ਨਿਕੇ ਰੋਮ ਹੁੰਦੇ ਹਨ । ਧਾਰਨਾ ਹੈ ਕਿ ਇਸ ਨੂੰ ਸੰਧੂਰ ਵਿਚ ਪਾ ਕੇ ਘਰ ਵਿਚ ਰਖਣ ਨਾਲ ਸਭੇ ਕਾਰਜ ਰਾਸ ਹੁੰਦੇ ਹਨ । ਜਿਸ ਸ਼ਖ਼ਸ ਪਾਸ ਇਹ ਬੂਟੀ ਹੋਵੇ, ਉਸ ਦੇ ਸਭੋ ਕੰਮ ਸਹਿਜੇ ਹੀ ਸਿਰੇ ਚੜ੍ਹਦੇ ਜਾਂਦੇ ਹਨ । ਹਰ ਮੁਰਾਦ ਪੂਰੀ ਹੁੰਦੀ ਹੈ ਤੇ ਘਰ ਵਿਚ ਲਹਿਰ-ਬਹਿਰ ਰਹਿੰਦੀ ਹੈ । ਪਰ ਕਈ ਲੋਕ ਗਿੱਦੜ ਸਿੰਗੀ ਨੂੰ ਪਾਰਸ ਵਾਂਗ ਹੀ, ਇਕ ਕਲਪਿਤ ਵਸਤੂ ਮੰਨਦੇ ਹਨ ।

(ਗ-140) **ਗਿੱਦੜ ਗਿੱਦੜੀ ਦਾ ਵਿਆਹ** :

ਜੇ ਮੀਂਹ ਵੱਸਣ ਦੇ ਨਾਲ ਨਾਲ ਧੁੱਪ ਵੀ ਚੜ੍ਹੀ ਹੋਵੇ, ਤਾਂ ਇਸ ਵਾਤਾਵਰਨ ਨੂੰ 'ਗਿੱਦੜ ਗਿੱਦੜੀ ਦਾ ਵਿਆਹ' ਕਹਿੰਦੇ ਹਨ । ਧਾਰਨਾ ਹੈ ਗਿੱਦੜ ਗਿੱਦੜੀ ਦਾ ਵਿਆਹ ਜਦੋਂ ਹੁੰਦਾ ਹੈ, ਤਾਂ ਇੰਦਰ ਤੇ ਸੂਰਜ ਦੇਵਤਾ ਦੋਵੇਂ ਬੜੇ ਪ੍ਰਸੰਨ ਹੁੰਦੇ ਹਨ । ਸੂਰਜ ਧੁਪ ਚਾੜ੍ਹਦਾ ਹੈ ਤੇ ਇੰਦਰ ਮੀਂਹ ਵਸਾਂਦਾ ਹੈ । ਇਸ ਦ੍ਰਿਸ਼ਟਾਂਤ ਬਾਰੇ ਜ਼ਰੂਰ ਕੋਈ ਲੋਕ-ਕਥਾ ਹੋਵੇਗੀ, ਜੋ ਹੁਣ ਭੁਲ ਭੁਲਾ ਗਈ ਹੈ ।

(ਗ-141) **ਗਿੱਧ** :

ਇਲ੍ਹ ਦੀ ਜਾਤੀ ਦਾ ਇਕ ਪੰਖੇਰੂ, ਜੋ ਮੁਰਦਾਰ ਖਾਣ ਕਰਕੇ ਬੜਾ ਮਨਹੂਸ ਸਮਝਿਆ ਜਾਂਦਾ ਹੈ । ਲੋਕ-ਧਾਰਨਾ ਅਨੁਸਾਰ ਜਿਸ ਮਾੜ੍ਹੀ ਜਾਂ ਮਕਾਨ ਉਤੇ ਗਿੱਧਾਂ ਝੁਰਮੁਟ ਪਾ ਕੇ ਬੈਠਣ, ਉਸ ਵਿਚ ਰਹਿਣ ਵਾਲਿਆਂ ਲੋਕਾਂ ਉਤੇ ਹਮੇਸ਼ਾ ਸੰਕਟ ਪਿਆ ਰਹਿੰਦਾ ਹੈ । ਲੜਾਈ ਦੇ ਮੈਦਾਨ ਵਿਚ ਗਿੱਧਾਂ ਮੁਰਦਿਆਂ ਦਾ ਲਹੂ ਪੀਂਦੀਆਂ ਹਨ (ਵੇਖੋ : ਕਲਜੋਗਣਾਂ) ।

(ਗ-142) **ਗਿਰਗਿਟ** :

ਕਿਰਲਾ, ਜੋ ਹਮੇਸ਼ਾਂ ਰੰਗ ਬਦਲਦਾ ਰਹਿੰਦਾ ਹੈ । ਜਿਹੜਾ ਸ਼ਖ਼ਸ ਇਕ ਗੱਲ ਤੇ ਕਾਇਮ ਨਾ ਰਹੇ, ਉਸਨੂੰ ਗਿਰਗਿਟ ਨਾਲ ਤੁਲਨਾ ਦਿਤੀ ਜਾਂਦੀ ਹੈ । ਇਸੇ ਲਈ ਗਿਰਗਿਟ ਸ਼ਬਦ ਭੇਖੀ ਤੇ ਕਪਟੀ ਦਾ ਪ੍ਰਤੀਕ ਹੈ । ਗਿਰਗਿਟ ਬਾਰੇ ਇਕ ਬੁਝਾਰਤ ਪ੍ਰਚਲਤ ਹੈ :

ਇਕ ਬਾਤ ਕਰਤਾਰੋਂ ਪਾਈਏ,
ਸੁਣ ਉਹ ਭਾਈ ਡੱਖੀ ।
ਬਸਤਰ ਜਿਹੜੀ ਹਰ ਪਲ ਬਦਲੇ,
ਬੁਝ ਕਿਹੜੀ ਉਹ ਸਖੀ । (ਵੇਖੋ : ਕਿਰਲਾ)

(ਗ-143) **ਗਿਰਧਰ** :

ਕ੍ਰਿਸ਼ਨ ਦੀ ਇਕ ਉਪਾਧੀ; ਗੋਵਰਧਨ ਪਹਾੜ ਨੂੰ ਉਂਗਲ ਤੇ ਉਠਾਣ ਕਰਕੇ ਕ੍ਰਿਸ਼ਨ ਦਾ ਇਹ ਨਾਉਂ ਪਿਆ । ਭਗਵਤ ਪੁਰਾਣ ਅਨੁਸਾਰ ਕ੍ਰਿਸ਼ਨ ਨੇ ਨੰਦ ਅਤੇ ਹੋਰ

ਗੁਆਲਿਆਂ ਨੂੰ, ਇੰਦਰ ਦੀ ਪੂਜਾ ਛੱਡ ਕੇ ਗੋਵਰਧਨ ਪਹਾੜ ਦੀ ਪੂਜਾ ਕਰਨ ਲਈ ਕਿਹਾ, ਜੋ ਉਨ੍ਹਾਂ ਦੇ ਪਸ਼ੂਆਂ ਨੂੰ ਪਾਲਦਾ ਤੇ ਆਸਰਾ ਦੇਂਦਾ ਹੈ। ਪਸ਼ੂਪਾਲ ਗੁਆਲਿਆਂ ਨੇ ਇਸੇ ਤਰ੍ਹਾਂ ਕੀਤਾ ਅਤੇ ਇੰਦਰ-ਮਾਹਾ ਦਾ ਪੁਰਬ ਨਾ ਮਨਾਇਆ। ਇੰਦਰ ਨੇ ਕਰੋਧ ਵਿਚ ਆ ਕੇ ਇਤਨੀ ਮੂਸਲਾਧਾਰ ਵਰਖਾ ਕੀਤੀ ਕਿ ਗੁਆਲਿਆਂ ਦੇ ਸਾਰੇ ਪਿੰਡ ਮੀਂਹ ਵਿਚ ਡੁੱਬਣ ਕਰਕੇ, ਪਸ਼ੂ ਰੁੜ੍ਹਨ ਲਗੇ। ਤਬਾਹੀ ਨੂੰ ਰੋਕਣ ਲਈ, ਕ੍ਰਿਸ਼ਨ ਨੇ ਗੋਵਰਧਨ ਪਹਾੜ ਨੂੰ ਸੱਤ ਦਿਨ ਤੇ ਸੱਤ ਰਾਤਾਂ ਆਪਣੀ ਉਂਗਲ ਉਤੇ ਛੱਤਰੀ ਵਾਂਗ ਚੁੱਕੀ ਰਖਿਆ।

(ਗ-144) **ਗਿਰ-ਮਾਹਾ** :

ਪ੍ਰਾਚੀਨ ਕਾਲ ਦਾ ਇਕ ਪੁਰਬ, ਜੋ ਆਰੀਆ ਜਾਤੀ ਦੇ ਲੋਕ ਪਹਾੜਾਂ ਉਤੇ ਜਾ ਕੇ ਮਨਾਇਆ ਕਰਦੇ ਸਨ। ਮੁੱਢ ਵਿਚ ਆਰੀਆ ਜਦੋਂ ਪ੍ਰਕ੍ਰਿਤੀ ਨੂੰ ਪ੍ਰਾਣਧਾਰੀ ਮੰਨ ਕੇ, ਪੂਜਿਆ ਕਰਦੇ ਸਨ, ਤਾਂ ਪਹਾੜਾਂ ਦੇ ਦਿਓਤੇ ਦੀ ਪ੍ਰਸੰਨਤਾ ਲਈ ਲੋਕ ਪਰਬਤ-ਮਾਹਾ ਮਨਾਇਆ ਕਰਦੇ। ਇਸ ਅਵਸਰ ਉਤੇ ਉਹ ਪਰਬਤ ਨੂੰ, ਸੁੰਦਰ ਕਪੜੇ ਦਾ ਬਣਿਆ ਇਕ ਕੱਜਣ ਭੇਟਾ ਕਰਦੇ, ਜਿਸ ਨੂੰ 'ਚੋਲਾ' ਕਿਹਾ ਜਾਂਦਾ ਸੀ। ਪਰਬਤ ਨੂੰ ਫੁੱਲਾਂ ਤੇ ਸੁਗੰਧੀਆਂ ਤੋਂ ਇਲਾਵਾ, ਕਈ ਤਰ੍ਹਾਂ ਦੀਆਂ ਪੁਸ਼ਾਕਾਂ ਨਾਲ ਸ਼ਿੰਗਾਰਿਆ ਜਾਂਦਾ। ਦਰੱਖ਼ਤਾਂ ਉਤੇ ਕਪੜੇ ਦੀਆਂ ਰੰਗ-ਬਰੰਗੀਆਂ ਝੰਡੀਆਂ ਲਗਾਈਆਂ ਜਾਂਦੀਆਂ ਤੇ ਉਨ੍ਹਾਂ ਉਤੇ ਦੀਵੇ ਰਖ ਕੇ ਬਾਲੇ ਜਾਂਦੇ। ਵਧੀਆ ਤੇ ਸਵਾਦੀ ਭੋਜਨ ਤਿਆਰ ਕੀਤੇ ਜਾਂਦੇ ਤੇ ਪਹਿਲਾਂ ਪਰਬਤ ਨੂੰ ਭੋਗ ਲਗਵਾਇਆ ਜਾਂਦਾ ਤੇ ਫਿਰ ਉਹ ਭੋਜਨ ਬ੍ਰਾਹਮਣਾਂ ਤੇ ਗਰੀਬਾਂ ਵਿਚ ਵੰਡ ਦਿਤਾ ਜਾਂਦਾ। ਮਰਦ ਤੇ ਤੀਵੀਆਂ ਪਰਬਤ ਦੇਵ ਨੂੰ ਖ਼ੁਸ਼ ਕਰਨ ਲਈ, ਸੰਗੀਤ ਦੀ ਮਧੁਰ ਧੁਨੀ ਵਿਚ ਨਾਚ ਕਰਦੀਆਂ।

ਜਾਪਦਾ ਹੈ ਕਿ ਜਦੋਂ ਆਰੀਆ ਜਾਤੀ ਪਸ਼ੂ ਪਾਲ ਕੇ ਗੁਜ਼ਾਰਾ ਕਰਦੀ ਸੀ, ਉਦੋਂ ਉਹ ਇਸ ਪੁਰਬ ਨੂੰ ਮਨਾਇਆ ਕਰਦੀ ਸੀ। ਹਰੀਵੰਸ਼ ਵਿਚ ਇਸ ਪੁਰਬ ਦਾ ਵਰਣਨ ਮਿਲਦਾ ਹੈ। ਕ੍ਰਿਸ਼ਨ ਆਪਣੇ ਸਾਥੀਆਂ ਨੂੰ ਕਹਿੰਦਾ ਹੈ "ਅਸੀਂ ਗਊਆਂ ਚਾਰਨ ਵਾਲੇ ਗਵਾਲੇ ਤਾਂ ਹਾਂ ਅਤੇ ਸਾਡੀ ਰੋਜ਼ੀ ਦਾ ਆਧਾਰ ਪਸ਼ੂ-ਧਨ ਹੈ। ਸਾਡੇ ਲਈ ਗਊਆਂ ਹੀ ਸਾਡੀ ਪੂਜਨੀਕ ਦੇਵੀਆਂ ਹਨ, ਪਹਾੜ ਸਾਡੇ ਦਿਓਤੇ ਹਨ। ਜੰਗਲ ਸਾਡਾ ਦਿਓਤਾ ਹੈ ਜਿਥੇ ਪਸ਼ੂ ਚਰਦੇ ਹਨ। ਜਿਵੇਂ ਕਿਸਾਨ ਲਈ ਵਾਹੀ ਖੇਤੀ ਉਸਦਾ ਧਰਮ ਹੈ, ਸੌਦਾਗਰ ਤੇ ਵਪਾਰੀ ਲਈ ਸੌਦਾ; ਉਸੇ ਤਰ੍ਹਾਂ ਸਾਡੇ ਲਈ ਗਊਆਂ ਹੀ ਸਭ ਕੁਝ ਹਨ। ਗਊਆਂ ਦਾ ਆਦਰ ਤੇ ਪੂਜਾ ਸਾਡੇ ਲਈ ਆਵੱਸ਼ਕ ਹੈ। ਵਾਹੀ ਕਰਨ ਲਈ ਖੇਤਾਂ ਦੀ ਹੱਦ ਜੰਗਲਾਂ ਤਕ ਫੈਲੀ ਹੁੰਦੀ ਹੈ, ਜੰਗਲਾਂ ਤੋਂ ਪਾਰ ਪਹਾੜ ਹਨ। ਸਾਡੇ ਪਸ਼ੂਆਂ ਲਈ ਇਹ ਪਹਾੜੀ ਖੇਤਰ ਹੀ ਸਾਡੀਆਂ ਚਾਰਗਾਹਾਂ ਹਨ। ਬ੍ਰਾਹਮਣ ਵੈਦਿਕ ਮੰਤਰ ਦੁਆਰਾ ਯੱਗ ਕਰਦਾ ਹੈ, ਭੋਇੰ ਦੇ ਵਾਹਕ ਖੇਤਾਂ ਵਿਚ ਹਲ ਠੇਲ੍ਹ ਕੇ ਆਪਣੀ ਵਾਹੀ ਖੇਤੀ ਦੀ ਕੁਰਬਾਨੀ ਕਰਦੇ ਹਨ। ਇਸੇ ਤਰ੍ਹਾਂ ਅਸਾਂ ਗੁਆਲਿਆਂ ਲਈ ਪਹਾੜਾਂ ਦਾ ਮੇਲਾ, ਗਿਰਿ ਯਜਨਾ, ਹੀ ਸਭ ਤੋਂ ਉੱਤਮ ਹੈ।" (Ancient India Folk Cults, 44)।

(ਗ-145) **ਗਿਲ** :

ਜੱਟਾਂ ਦੀ ਇਕ ਗੋਤ; ਗਿਲਾਂ ਦੀ ਬਹੁਤੀ ਵਸੋਂ ਫ਼ਿਰੋਜ਼ਪੁਰ ਜ਼ਿਲੇ ਵਿਚ ਹੈ। 'ਗਲਾਸਰੀ' (2,300) ਅਨੁਸਾਰ ਬਿਆਸ ਤੇ ਉਤਲੇਰੇ ਸਤਲੁਜ ਦੇ ਨਾਲ ਲਗਦੇ ਇਲਾਕੇ ਵਿਚ ਵੀ ਇਨ੍ਹਾਂ ਦੀ ਵਸੋਂ ਮਿਲਦੀ ਹੈ। ਗਿਲ ਨਾਉਂ ਦੇ ਪ੍ਰਚਲਤ ਹੋਣ ਬਾਰੇ ਇਕ ਦੰਦ-ਕਥਾ ਹੈ- ਗੜ੍ਹ ਮਿਥਲਾ ਦੇ ਰਾਜੇ ਪ੍ਰਿਥੀਪਾਲ ਦੇ ਘਰ ਔਲਾਦ ਨਹੀਂ ਸੀ ਹੁੰਦੀ। ਉਸਨੇ ਭੁੱਲਰ ਗੋਤ ਦੀ ਇਕ ਜੱਟੀ ਨਾਲ ਵਿਆਹ ਕਰ ਲਿਆ। ਜੱਟੀ ਦੀ ਕੁਖੋਂ ਜਦੋਂ ਲੜਕਾ ਜੰਮਿਆ ਤਾਂ ਉਸ ਦੀਆਂ ਸੌਂਕਣਾਂ ਨੇ, ਈਰਖਾ ਵਸ, ਦਾਸੀਆਂ ਦੀ ਮਦਦ ਨਾਲ, ਉਸ ਬੱਚੇ ਨੂੰ ਜੰਗਲ ਵਿਚ ਕਿਸੇ ਦਲਦਲ ਵਿਚ ਸੁਟਵਾ ਦਿਤਾ। ਦੇਵਨੰਤ ਰਾਜੇ ਦਾ ਵਜ਼ੀਰ ਸ਼ਿਕਾਰ ਖੇਡਦਾ ਹੋਇਆ, ਉਧਰੋਂ ਦੀ ਲੰਘਿਆ। ਉਸ ਦੀ ਨਜ਼ਰ ਬੱਚੇ ਉਤੇ ਪੈ ਗਈ ਜੋ ਮੁਸਕਰਾ ਰਿਹਾ ਸੀ। ਵਜ਼ੀਰ ਬੱਚੇ ਨੂੰ ਚੁਕ ਲਿਆਇਆ ਤੇ ਗਿੱਲੀ ਥਾਉਂ ਤੋਂ ਲਭਿਆ ਹੋਣ ਕਰਕੇ, ਇਸ ਬੱਚੇ ਦੀ ਅੱਲ ਗਿਲ ਪੈ ਗਈ। ਇਕ ਹੋਰ ਦੰਦ-ਕਥਾ ਅਨੁਸਾਰ, ਜੋ ਸਰ ਐਲ. ਗ੍ਰਿਫਨਜ਼ ਨੇ 'ਪੰਜਾਬ ਚੀਫ਼ਜ਼' (ਪੰਨਾ 352) ਉਤੇ ਦਿਤੀ ਹੈ—ਜਨਮ ਮਗਰੋਂ ਦਾਸੀਆਂ ਵਲੋਂ ਦਲਦਲ ਵਿਚ ਸੁਟਵਾਇਆ ਗਿਆ। ਬੱਚਾ, ਰਾਜੇ ਗਿਲ ਦਾ ਲੜਕਾ ਸੀ। ਜਦੋਂ ਵਜ਼ੀਰ ਦੀ ਨਜ਼ਰ ਉਸ ਬੱਚੇ ਉਤੇ ਪਈ ਤਾਂ ਬੱਚੇ ਨੂੰ ਇਕ ਸ਼ੇਰ ਲਾਡ ਨਾਲ ਚੱਟ ਰਿਹਾ ਸੀ, ਜਿਸ ਕਰਕੇ ਉਸਦਾ ਨਾਂ ਸ਼ੇਰ-ਗਿਲ ਪੈ ਗਿਆ। ਸ਼ੇਰ-ਗਿਲ, ਗਿਲ ਕਬੀਲੇ ਦੀ ਹੀ ਇਕ ਸ਼ਾਖ਼ ਹੈ।

'ਗਲਾਸਰੀ' ਅਨੁਸਾਰ ਇਸ ਕਬੀਲੇ ਦਾ ਮੋਢੀ ਗਿਲ, ਰਘੂਵੰਸ਼ੀ ਰਾਜਪੂਤਾਂ ਦੀ ਵੰਸ਼ ਅਤੇ ਗੜ੍ਹ ਮਿਥਲਾ ਦੇ ਰਾਜੇ ਪ੍ਰਿਥੀਪਾਲ ਦੀ ਕੁੱਲ ਵਿਚੋਂ ਸੀ। (ਗਲਾਸਰੀ ਜਿਲਦ 2,300) ਵਿਚ ਗਿਲਾਂ ਦੀਆਂ ਦੋ ਬੰਸਾਵਲੀਆਂ ਦਿਤੀਆਂ ਮਿਲਦੀਆਂ ਹਨ। ਇਕ ਬੰਸਾਵਲੀ ਅਨੁਸਾਰ ਗਿਲ ਗੋਤ ਦਾ ਪਿੱਛਾ ਰਾਮਚੰਦਰ ਨਾਲ ਜਾ ਜੁੜਦਾ ਹੈ। ਉਹ ਰਾਮਚੰਦਰ ਦੇ ਪੁੱਤਰ ਕਸ਼ਬ (ਕੁਸ਼) ਦੇ ਪੁੱਤਰ ਸੂਰਜ ਦੀ ਕੁੱਲ ਵਿਚੋਂ

ਹਨ। ਦੂਜੀ ਬੰਸਾਵਲੀ ਅਨੁਸਾਰ ਵੀ ਗਿਲਾਂ ਦਾ ਪਿਤਾਮਾ ਸੂਰਜ ਦਿਉਤਾ ਹੀ ਦਸਿਆ ਗਿਆ ਹੈ।

ਗਿਲ ਦੇ ਬਾਰਾਂ ਪੁੱਤਰ ਸਨ ਜਿਨ੍ਹਾਂ ਦੇ ਨਾਂ ਉੱਤੇ ਹੀ ਗਿਲ ਗੋਤ ਦੀਆਂ ਬਾਰਾਂ ਮੂਹੀਆਂ ਪ੍ਰਸਿਧ ਹੋਈਆਂ, ਜਿਨ੍ਹਾਂ ਦੇ ਨਾਉਂ ਹਨ—ਸੋਭਰੂ, ਜਜ, ਤਲੋਚਰੂ, ਕੇਸਰੀਆਂ, ਫੱਜ, ਜੀਉਣਾ, ਬਹਾਵਰਾ, ਵੱਧਣ, ਫੇਲੀ, ਮੱਖਾ, ਰਾਜੀ ਤੇ ਸ਼ਾਹੀ।

ਵੱਧਣ ਗਿਲ ਸਤਾਰ੍ਹਵੀਂ ਸਦੀ ਦੇ ਮੁਢ ਵਿਚ, ਮੋਗੇ ਦੇ ਦੱਖਣ ਤੋਂ ਪੱਛਮ ਵਲ ਆ ਵਸੇ। ਇਨ੍ਹਾਂ ਵਿਚ ਮੋਗਾ ਤੇ ਵੇਗਾ ਦੋ ਭਰਾ ਬੜੇ ਪ੍ਰਸਿਧ ਹੋਏ ਹਨ। ਮੋਗਾ ਨਗਰ ਇਸੇ ਮੋਗੇ ਨੇ ਵਸਾਇਆ। ਮੋਗੇ ਦੇ ਇਲਾਕੇ ਵਿਚ, ਗਿਲਾਂ ਦੀਆਂ ਦੋ ਥਾਵਾਂ ਡੋਡਾ-ਮਿੰਡਾ ਤੇ ਰਜਿਆਨਾ ਪ੍ਰਸਿਧ ਹਨ, ਜਿਥੇ ਇਸ ਗੋਤ ਦੇ ਲੋਕ ਖ਼ਾਸ ਖ਼ਾਸ ਮੌਕਿਆਂ ਉਤੇ ਇਕੱਠੇ ਹੁੰਦੇ ਹਨ। ਡੋਡਾ-ਮਿੰਡਾ ਤਾਂ ਹੁਣ ਥੇਹ ਬਣ ਚੁਕੀ ਹੈ, ਪਰ ਰਜਿਆਨਾ ਵਿਖੇ ਚੇਤ ਚੌਦਸ ਨੂੰ ਗਿਲਾਂ ਦਾ ਇਕ ਮੇਲਾ ਭਰਦਾ ਹੈ ਅਤੇ ਉਹ ਜਠੇਰਿਆਂ ਦੀ ਪੂਜਾ ਕਰਦੇ ਤੇ ਛੱਪੜ ਵਿਚੋਂ ਮਿੱਟੀ ਕਢਦੇ ਹਨ। ਇਥੇ ਜਠੇਰੇ ਬਣੇ ਹੋਏ ਹਨ। ਗਿਲਾਂ ਦੇ ਇਕ ਜਠੇਰੇ 'ਰਾਜਾ ਪੀਰ' ਦਾ ਇਥੇ ਸਥਾਨ ਬਣਿਆ ਹੋਇਆ ਹੈ।

ਗਿਲਾਂ ਦਾ ਇਕ ਹੋਰ ਜਠੇਰਾ ਸੂਰਤ ਰਾਮ ਹੈ, ਜਿਸ ਦਾ ਸਥਾਨ ਪਟਿਆਲੇ ਵਿਚ ਬਾਜੇਵਾਲਾ ਵਿਖੇ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੋਂ ਦੀ ਸਾਰੀ ਭੇਟ ਮਿਰਾਸੀ ਲੈ ਜਾਂਦੇ ਸਨ। ਇਸ ਜਠੇਰੇ ਦੀ ਮਾਨਤਾ ਜੀਂਦ ਦੇ ਗਿਲਾਂ ਵਿਚ ਹੈ।

ਫ਼ਿਰੋਜ਼ਪੁਰ ਦੇ ਜ਼ਿਲੇ ਦੇ ਕਈ ਗਿਲ ਸਖੀ ਸਰਵਰ ਨੂੰ ਮੰਨਦੇ ਹਨ ਅਤੇ ਉਹ ਵਿਆਹ ਸ਼ਾਦੀਆਂ ਉਤੇ ਸਖੀ ਸਰਵਰ ਦੇ ਛੱਪੜ ਵਿਚੋਂ ਮਿੱਟੀ ਕਢਦੇ ਤੇ ਝਟਕੇ ਦੇ ਮਾਸ ਤੋਂ ਪ੍ਰਹੇਜ਼ ਕਰਦੇ ਹਨ (ਗਲ਼ਸਰੀ 2,300)। ਰਵਾਇਤ ਹੈ ਕਿ ਜਦੋਂ ਇਥੋਂ ਦੇ ਗਿਲਾਂ ਨੇ ਝਟਕਾ ਖਾਣਾ ਸ਼ੁਰੂ ਕੀਤਾ ਤਾਂ ਉਨ੍ਹਾਂ 'ਚੋਂ ਇਕ ਅੱਖੋਂ ਕਾਣਾ ਹੋ ਗਿਆ। ਦੂਜੇ ਨੂੰ ਕਿਸੇ ਅਪਰਾਧ ਵਿਚ ਬੰਦੀਖ਼ਾਨੇ ਜਾਣਾ ਪਿਆ ਤੇ ਬਾਕੀਆਂ ਉਤੇ ਵੀ ਕੋਈ ਨਾ ਕੋਈ ਮੁਸੀਬਤ ਆ ਪਈ, ਤਾਂ ਉਨ੍ਹਾਂ ਝਟਕੇ ਦੀ ਥਾਂ ਹਲਾਲ ਦੀ ਵਰਤੋਂ ਮੁੜ ਸ਼ੁਰੂ ਕਰ ਦਿਤੀ।

ਗਿਲ ਇਸ ਜ਼ਿਲੇ ਵਿਚ, ਸਮੁੱਚੇ ਤੌਰ ਤੇ ਬਹੁਤ ਮਿਹਨਤੀ ਤੇ ਖ਼ੁਸ਼ਹਾਲ ਕਾਸ਼ਤਕਾਰ ਹਨ। ਮਲਵਈ ਜੱਟ ਜਿਨ੍ਹਾਂ ਅੱਛੇ ਗੁਣਾਂ ਕਰਕੇ ਵਿਲੱਖਣ ਹਨ, ਉਹ ਸਭ ਅੱਛਾਈਆਂ ਗਿਲਾਂ ਵਿਚ ਕਾਫ਼ੀ ਜ਼ਿਆਦਾ ਮਾਤਰਾ ਵਿਚ ਹਨ। ਉਹ ਚੁਪ ਚੁਪੀਤੇ ਤੇ ਸਬਰ ਸ਼ੁਕਰ ਵਿਚ ਰਹਿਣ ਵਾਲੇ ਹਨ, ਭਾਵੇਂ ਉਨ੍ਹਾਂ ਵਿਚ ਬੜਾ ਆਤਮ-ਸਨਮਾਨ ਹੈ। ਗਿਲ ਬਹੁਤੇ ਹਠ-ਧਰਮੀ ਨਹੀਂ।

ਗਿਲਾਂ ਵਿਚ ਘੋੜੀ ਚੜ੍ਹਨ ਤੋਂ ਬਾਅਦ ਜੰਡੀ ਕੱਟਣ ਦਾ ਰਿਵਾਜ ਹੈ। ਇਹ ਆਪਣੀ ਨਾਨੀ ਦੀ ਗੋਤ ਵਿਚ ਵੀ ਵਿਆਹ ਕਰ ਲੈਂਦੇ ਹਨ।

ਫ਼ਿਰੋਜ਼ਪੁਰ ਜ਼ਿਲੇ ਦੀ ਗਜ਼ਟੀਅਰ ਵਿਚ ਗਿਲਾਂ ਦੇ ਜਾਤੀ-ਚਰਿਤ੍ਰ ਬਾਰੇ ਕਾਫ਼ੀ ਪ੍ਰਸੰਸਾ ਲਿਖੀ ਮਿਲਦੀ ਹੈ।

### (ਗ-146) **ਗਿਲਮਾਨ** :

ਮੁਸਲਮਾਨੀ ਅਕੀਦੇ ਅਨੁਸਾਰ ਜੰਨਤ ਵਿਚ ਜਾਣ ਵਾਲੇ ਮੋਮਨਾਂ ਨੂੰ, ਉਥੇ ਸੇਵਾ ਲਈ ਹੂਰਾਂ ਤੇ ਬੜੇ ਸੁੰਦਰ ਅਲੂਏਂ ਮੁੰਡੇ ਮਿਲਣਗੇ। ਇਨ੍ਹਾਂ ਮੁੰਡਿਆਂ ਨੂੰ, ਜਿਨ੍ਹਾਂ ਦਾ ਕਰਤੱਵ ਮੋਮਨਾਂ ਦੇ ਹਰ ਹੁਕਮ ਦੀ ਤਾਮੀਲ ਕਰਨਾ ਹੈ, ਗਿਲਮਾਨ ਕਿਹਾ ਜਾਂਦਾ ਹੈ। ਇਨ੍ਹਾਂ ਬਾਰੇ ਕੁਰਾਨ ਵਿਚ (ਧਾਰਾ 27, ਸੂਰਤ ਤੋਰ 52) ਵਿਚ ਜ਼ਿਕਰ ਮਿਲਦਾ ਹੈ।

### (ਗ-147) **ਗਿਲਾਈ** :

ਗਲਹਿਰੀ ਦੀ ਸ਼ਕਲ ਦੀ ਲੰਮੀ ਪੂਛਲ ਵਾਲੀ ਕਿਰਲੀ; ਲਹਿੰਦੇ ਪੰਜਾਬ ਤੇ ਖ਼ਾਸ ਤੌਰ ਉਤੇ ਬਹਾਵਲਪੁਰ ਦੇ ਲੋਕਾਂ ਦਾ ਨਿਸਚਾ ਹੈ ਕਿ ਜੇ ਕੋਈ ਤੀਵੀਂ ਦੁੱਧ ਰਿੜਕਣ ਤੋਂ ਪਹਿਲਾਂ ਗਿਲਾਈ ਵੇਖ ਲਏ, ਤਾਂ ਮੱਖਣ ਜ਼ਿਆਦਾ ਚੜ੍ਹਦਾ ਹੈ। ਜੇ ਦੁੱਧ ਦੇ ਭਾਂਡੇ ਨੂੰ ਗਿਲਾਈ ਛੂਹ ਜਾਵੇ, ਤਾਂ ਮਲਾਈ ਜ਼ਿਆਦਾ ਚੜ੍ਹਦੀ ਹੈ। ਕਹਾਵਤ ਵੀ ਹੈ :

ਆਵੇ ਗਿਲਾਈ—ਲਿਆਵੇ ਮੱਖਣ ਤੇ ਮਲਾਈ।

### (ਗ-148) **ਗੀਗਾ** :

ਗੌਣਾਂ ਵਿਚ ਪੁੱਤਰ ਲਈ ਸ਼ਬਦ 'ਗੀਗਾ' ਜਾਂ 'ਗੀਗੜਾ' ਵਰਤਿਆ ਮਿਲਦਾ ਹੈ। ਗੀਗਾ ਮਿੱਟੀ ਦੇ ਖਿਡਾਉਣੇ ਨੂੰ ਕਹਿੰਦੇ ਹਨ। ਬਾਲ ਵੀ ਮਾਂ-ਪਿਉ ਵਾਸਤੇ ਇਕ ਖਿਡਾਉਣਾ ਹੀ ਹੁੰਦਾ ਹੈ।

ਜੇ ਘਰ ਜੰਮੇਗਾ ਗੀਗੜਾ ਨੀ,
ਬੀਬੀ ਦੇਵਾਂਗੀ ਫੁਲਝੜੀਆਂ।

### (ਗ-149) **ਗੀਟੀ ਛੁਪਾਣਾ** :

ਛੋਟੇ ਬੱਚਿਆਂ ਦੀ ਇਕ ਖੇਡ; ਪਹਿਲਾਂ ਬੱਚੇ ਪੁੱਗਦੇ ਹਨ ਤੇ ਫੇਰ ਇਕ ਘੇਰੇ ਵਿਚ ਬੈਠ ਜਾਂਦੇ ਹਨ। ਜਿਸ ਸਿਰ ਮੀਟੀ ਆਉਂਦੀ ਹੈ, ਉਹ ਰਤਾ ਉਹਲੇ ਪਿੱਠ ਕਰਕੇ ਖਲੋ ਜਾਂਦਾ ਹੈ। ਪੁੱਗੇ ਹੋਏ ਬੱਚਿਆਂ ਵਿਚੋਂ ਇਕ ਦਾਦੀ ਬਣ ਕੇ ਘੇਰੇ ਵਿਚ ਬੈਠੇ ਬੱਚਿਆਂ ਦੀ ਮੁੱਠੀ ਵਿਚ ਗੀਟੀ ਛੁਪਾਂਦਾ ਹੈ। ਦਾਦੀ ਸਭ ਦੀ ਮੁੱਠੀ ਉਤੇ ਹੱਥ ਰਖਦੀ ਤੇ ਆਹਿਸਤਾ ਜਿਹੇ ਕਿਸੇ ਇਕ ਬੱਚੇ ਦੀ ਮੁੱਠ ਵਿਚ ਗੀਟੀ ਦੇ ਦੇਂਦੀ ਹੈ। ਮੀਟੀ ਵਾਲਾ ਬੱਚਾ ਸਭ ਬੱਚਿਆਂ ਦੇ ਚਿਹਰਿਆਂ ਵਲ

ਵੇਖ ਕੇ ਤੇ ਉਨ੍ਹਾਂ ਦੀਆਂ ਹਰਕਤਾ ਤੋਂ ਅੰਦਾਜ਼ਾ ਲਗਾਂਦਾ ਹੈ ਕਿ ਗੀਟੀ ਕਿਸ ਕੋਲ ਹੈ। ਜਿਸ ਬੱਚੇ ਕੋਲ ਗੀਟੀ ਹੋਣ ਦਾ ਸ਼ੱਕ ਹੋਵੇ, ਉਸਦੀ ਉਹ ਪਿੱਠ ਤੇ ਥਪਾਕੀ ਮਾਰ ਕੇ ਘੇਰੇ ਵਿਚੋਂ ਉਠਾ ਦੇਂਦਾ ਹੈ। ਜੇ ਉਸ ਬੱਚੇ ਕੋਲ ਗੀਟੀ ਹੋਵੇ ਤਾਂ ਉਹ ਉਠ ਕੇ ਆਪਣੀ ਥਾਂ ਮੀਟੀ ਵਾਲੇ ਨੂੰ ਦੇ ਦੇਂਦਾ ਹੈ। ਉਸਦੀ ਥਾਂ ਖ਼ੁਦ ਮੀਟੀ ਦੇਂਦਾ ਹੈ। ਉਸ ਸਿਰ ਉਦੋਂ ਤਕ ਮੀਟੀ ਰਹਿੰਦੀ ਹੈ ਜਦੋਂ ਤਕ ਉਹ ਗੀਟੀ ਬੁਝ ਨਹੀਂ ਲੈਂਦਾ।

(ਗ-150) **ਗੀਟੇ ਖੇਡਣਾ** :

ਇਕ ਖੇਡ, ਜੋ ਛੋਟੀਆਂ ਕੁੜੀਆਂ ਪੰਜ ਗੀਟੀਆਂ ਨਾਲ ਖੇਡਦੀਆਂ ਹਨ, (ਵੇਖੋ ਪੰਜ-ਗੀਟੜਾ)।

(ਗ-151) **ਗੀਤ** :

ਉਹ ਭਾਵਨਾ ਗੁੰਧਾ ਟੱਪਾ, ਪਦ, ਜਾਂ ਛੰਦ ਜਿਸ ਵਿਚ ਕੋਈ ਮਨੋਵੇਗ ਅੰਕਿਤ ਹੋਵੇ ਤੇ ਜਿਸ ਨੂੰ ਕਿਸੇ ਸੁਰ, ਤਾਲ ਜਾਂ ਧਾਰਨਾ ਵਿਚ ਗਾਇਆ ਜਾ ਸਕੇ। ਲੋਕਾਂ ਅਨੁਸਾਰ ਬ੍ਰਹਮਾ ਨੇ ਕਣੀਆਂ ਤੋਂ ਤਾਲ, ਪਹਾੜਾਂ ਤੋਂ ਗੂੰਜ, ਹਵਾ ਤੋਂ ਹੇਕ, ਕੂੰਜ ਤੋਂ ਦਰਦ, ਕੋਇਲ ਤੋਂ ਲੈਅ ਤੇ ਬੁਲਬੁਲ ਤੋਂ ਮਧੁਰਤਾ ਲੈ ਕੇ ਗੀਤ ਦੀ ਰਚਨਾ ਕੀਤੀ। ਸੋ, ਗੀਤ ਭਿੰਨ ਭਿੰਨ ਸੁਰਾਂ ਲੌਕਿਕ ਤੇ ਦੈਵੀ ਦੇ ਸੰਜੋਗ ਤੋਂ ਸ਼ਬਦਾਂ ਦੀ ਇਕਸੁਰਤਾ ਕਰਕੇ ਪੈਦਾ ਹੋਇਆ ਹੈ (ਵੇਖੋ ਲੋਕ-ਗੀਤ)।

(ਗ-152) **ਗੁਹਾਂਝਣੀ** :

ਅੱਖ ਦੀ ਪਲਕ ਦੇ ਅੰਦਰ ਨਿਕਲੀ ਫਿੰਮਣੀ, ਜਿਸ ਨੂੰ ਅੱਖ-ਤੜਿਕੀ ਅਥਵਾ ਗੂੰਹ ਤੜਿਕੀ ਕਿਹਾ ਜਾਂਦਾ ਹੈ। ਗੂੰਹ-ਤੜਿਕੀ ਨਾਂ, ਫਿੰਮਣੀ ਪ੍ਰਤੀ ਘ੍ਰਿਣਾ ਦੇ ਭਾਵ ਪ੍ਰਗਟ ਕਰਨ ਲਈ ਹੈ ਕਿਉਂ ਜੋ ਇਹ ਬੜੀ ਦੁਖਦਾਈ ਹੈ। ਇਲਾਜ ਲਈ ਇਕ ਟੂਣਾ ਪ੍ਰਚਲਤ ਹੈ। ਜਿਸ ਸ਼ਖ਼ਸ ਦੀ ਪਲਕ ਦੇ ਅੰਦਰ ਤੜਿਕੀ ਨਿਕਲੀ ਹੋਵੇ, ਉਹ ਹਨੇਰੇ ਵੇਲੇ ਕਿਸੇ ਅਜਿਹੇ ਘਰ ਦਾ ਬੂਹਾ ਖਟਖਟਾਏ, ਜਿਥੇ ਢਾਈ ਜੀਅ ਰਹਿੰਦੇ ਹੋਣ, ਅਥਵਾ ਪਤੀ ਪਤਨੀ ਤੇ ਇਕ ਛੋਟਾ ਬੱਚਾ। ਜਦੋਂ ਅੰਦਰੋਂ ਆਵਾਜ਼ ਆਵੇ, 'ਕੌਣ ਏ ?' ਤਾਂ ਰੋਗੀ ਤਿੰਨ ਵਾਰ ਇਸ ਮੰਤ੍ਰ ਨੂੰ ਉਚਾਰੇ :

ਮੈਂ ਹਾਂ ਗੂੰਹ-ਤੜਿਕੀ
ਇਸਨੂੰ ਛੋੜ ਕੇ ਤੈਨੂੰ ਨਿਕਲੀ।

ਲੋਕ ਧਾਰਨਾ ਹੈ ਕਿ ਅੱਖ-ਤੜਿਕੀ ਭਿਤ ਖੋਲ੍ਹਣ ਵਾਲੇ ਦੀ ਅੱਖ ਵਿਚ ਨਿਕਲ ਆਵੇਗੀ ਤੇ ਟੂਣਾ ਕਰਨ ਵਾਲਾ ਨਵਾਂ ਨਰੋਆ ਹੋ ਜਾਏਗਾ (ਵੇਖੋ : ਅੱਖ ਤੜਿਕੀ)। ਲੋਕਾਂ ਦਾ ਨਿਸਚਾ ਹੈ ਕਿ ਰੋਗ ਜਾਦੂ ਟੂਣੇ ਦੁਆਰਾ ਇਕ ਪ੍ਰਾਣੀ ਤੋਂ ਦੂਜੇ ਪ੍ਰਾਣੀ ਜਾਂ ਵਸਤੂ ਵਿਚ ਪ੍ਰਵਿਰਤ ਕੀਤੇ ਜਾ ਸਕਦੇ ਹਨ।

(ਗ-153) **ਗੁਹਰਾਲੀ** :

ਪਾਣੀ ਵਿਚ ਗੋਹਾ ਘੋਲ ਕੇ ਖੇਡੀ ਹੋਲੀ। ਔੜ ਦੇ ਦਿਨੀਂ ਪਿੰਡ ਜਾਂ ਗਲੀ ਮਹੱਲੇ ਦੇ ਲੋਕ ਪਾਣੀ ਵਿਚ ਗੋਹਾ ਘੋਲ ਕੇ ਇਕ ਦੂਜੇ ਉਤੇ ਸੁਟਦੇ ਅਤੇ ਅਖ਼ੀਰ ਗੋਹੇ ਤੇ ਹੋਰ ਗੰਦਗੀ ਨਾਲ ਭਰੇ ਹੋਏ ਘੜੇ ਨੂੰ, ਕਿਸੇ ਤੇਜ਼ ਤੁਰਸ਼ ਤੇ ਗਰਮ ਮਿਜ਼ਾਜ ਮਰਦ/ਤੀਵੀਂ ਦੇ ਬੂਹੇ ਅੱਗੇ ਭੰਨਦੇ ਹਨ। ਫਿਰ ਅਗੋਂ ਗਾਲੀ ਗਲੋਚ ਹੋ ਪੈਂਦੀ ਹੈ। ਇਹ ਟੂਣਾ ਮੀਂਹ ਵਸਾਉਣ ਦੇ ਇਕ ਉਪਾਅ ਵਜੋਂ ਵਰਤਿਆ ਜਾਂਦਾ ਹੈ।

ਇਸ ਕਰਮ-ਕਾਂਡ ਪਿਛੇ ਭਾਵ ਇਹ ਹੈ ਕਿ ਅਕਾਸ਼ ਵਿਚ ਵਸਦੇ ਦੇਵਤਿਆਂ ਨੂੰ ਇਸ ਗੱਲ ਦਾ ਅਹਿਸਾਸ ਹੋਵੇ ਕਿ ਔੜ ਕਾਰਨ ਧਰਤੀ ਦੇ ਲੋਕ ਇਤਨੇ ਪ੍ਰੇਸ਼ਾਨ ਹਨ ਕਿ ਉਹ ਇਕ ਦੂਜੇ ਉਤੇ ਗੰਦ ਸੁਟਦੇ ਤੇ ਲੜਦੇ-ਖਹਿਬੜਦੇ ਪਏ ਹਨ। ਇਉਂ ਦੇਵਤਿਆਂ ਦੇ ਮਨ ਵਿਚ ਮਿਹਰ ਆ ਜਾਂਦੀ ਹੈ। ਗੁਹਰਾਲੀ ਖੇਡਣ ਸਮੇਂ ਬੱਚੇ ਉੱਚੀ ਹੇਕ ਨਾਲ ਟੱਪੇ ਗਾਂਦੇ ਹਨ :

ਰੱਬਾ, ਰੱਬਾ ! ਮੀਂਹ ਵਸਾ
ਸਾਡੀ ਕੋਠੀ ਦਾਣੇ ਪਾ
ਖਖੜੀਆਂ ਖਰਬੂਜੇ ਲਾ (ਵੇਖੋ : ਮੀਂਹ)।

(ਗ-154) **ਗੁੱਗਲ** :

ਅੱਗਰ ਬ੍ਰਿਛ ਦੀ ਗੂੰਦ, ਜਿਸ ਨੂੰ ਪੂਜਾ-ਅਰਚਨਾ ਸਮੇਂ ਜਲਾਉਣ ਦੀ ਰੀਤ ਹੈ। ਗੁੱਗਲ ਦੀ ਧੂਪ ਗੁਰਦਵਾਰਿਆਂ ਤੇ ਮੰਦਰਾਂ ਤੋਂ ਬਿਨਾਂ ਘਰਾਂ ਤੇ ਦੁਕਾਨਾਂ ਉਤੇ ਵੀ ਧੁਖਾਈ ਜਾਂਦੀ ਹੈ। ਧਾਰਨਾ ਹੈ ਕਿ ਗੱਗਲ ਦੀ ਸੁਗੰਧੀ ਤੇ ਧੂੰਏ ਤੋਂ ਬਦਰੂਹਾਂ ਦੂਰ ਨਠਦੀਆਂ ਹਨ ਤੇ ਪੂਜਾ ਪਾਠ ਵਿਚ ਵਿਘਨ ਨਹੀਂ ਪਾਂਦੀਆਂ। ਘਰਾਂ ਵਿਚ ਧੂਪ ਧੁਖਾਣ ਨਾਲ ਘਰ ਵਿਚ ਬਦ-ਰੂਹਾਂ ਨਹੀਂ ਟਿਕਦੀਆਂ ਤੇ ਬੱਚਿਆਂ ਨੂੰ ਚੰਦਰੀ ਨਜ਼ਰ ਨਹੀਂ ਲਗਦੀ।

ਇਕ ਟੱਪਾ ਪ੍ਰਚਲਤ ਹੈ :

ਗੁੱਗਲ ਬਲੇ ਸਭ ਬਲਾ ਟਲੇ
ਗੁੱਗਲ ਧੁਖੇ ਸਭ ਬਲਾ ਢੁਕੇ।

ਗੁੱਗਲ ਦੀ ਧੂਪ ਦੇਣ ਦੀ ਪ੍ਰਥਾ ਪਹਿਲਾਂ ਜੱਖਾਂ ਵਿਚ ਪ੍ਰਚਲਤ ਸੀ, ਜੋ ਪਿਛੋਂ ਬ੍ਰਾਹਮਣੀ ਧਰਮ ਨੇ ਅਪਣਾ ਲਈ।

(ਗ-155) **ਗੁੱਗਾ ਨੌਮੀ** :

ਭਾਦਰੋਂ ਦੀ ਨੌਮੀ ਨੂੰ ਗੁੱਗੇ ਨੂੰ ਪੂਜਿਆ ਜਾਂਦਾ ਹੈ।

ਰਵਾਇਤ ਅਨੁਸਾਰ ਗੁੱਗੇ ਦਾ ਜਨਮ ਭਾਦਰੋਂ ਦੀ ਅਠਵੀਂ ਤੇ ਨੌਮੀ ਵਿਚਲੀ ਅੱਧੀ ਰਾਤ ਨੂੰ ਗੜ੍ਹ ਦਰੇੜਾਂ ਵਿਚ ਹੋਇਆ। ਇਸੇ ਲਈ ਭਾਦਰੋਂ ਮਹੀਨੇ ਦੀ ਨੌਮੀ ਨੂੰ 'ਗੁੱਗਾ ਨੌਮੀ' ਕਿਹਾ ਜਾਂਦਾ ਹੈ।

ਇਸ ਤਿਉਹਾਰ ਨੂੰ ਗੁੱਗੇ ਦੇ ਸ਼ਰਧਾਵਾਨ ਘਰ ਦੀ ਕਿਸੇ ਕੰਧ ਉਤੇ ਹਲਦੀ ਨਾਲ ਗੁੱਗੇ ਦੀ ਮੂਰਤੀ ਬਣਾਉਂਦੇ ਹਨ। ਮੂਰਤੀ ਦੇ ਸਾਹਮਣੇ ਕਾਲੀ ਸਿਆਹੀ ਨਾਲ, ਕਾਲੀ ਨਾਗ ਦਾ ਗੌਰਵਮਈ ਚਿਤ੍ਰ ਉਲੀਕਿਆ ਜਾਂਦਾ ਹੈ। ਫਿਰ ਗੁੱਗਲ ਨੂੰ ਧੁਖਾ ਕੇ ਗੁੱਗੇ ਦੀ ਪੂਜਾ ਕੀਤੀ ਜਾਂਦੀ ਤੇ ਉਸਦੀ ਉਸਤਤੀ ਵਿਚ ਗੀਤ ਗਾਏ ਜਾਂਦੇ ਹਨ :

ਮੈਂ ਵਾਰੀ ਗੁੱਗਾ ਜੀ, ਮੈਂ ਵਾਰੀ  
ਪੱਲੇ ਮੇਰੇ ਛਲੀਆਂ,  
ਮੈਂ ਗੁੱਗਾ ਮਨਾਵਣ ਚਲੀਆਂ  
ਮੈਂ ਵਾਰੀ ਗੁੱਗਾ ਜੀ।

ਇਸ ਦਿਨ ਸੱਪਾਂ ਦੀਆਂ ਖੁੱਡਾਂ ਵਿਚ ਕੱਚੀ ਲੱਸੀ ਪਾਈ ਜਾਂਦੀ ਹੈ। ਕਈ ਤਾਂ ਆਟੇ ਦੇ ਮੋਟੇ ਮੋਟੇ, ਗੰਡ-ਗੰਡੋਏ ਬਣਾ ਕੇ ਅਥਵਾ ਆਟੇ ਦੇ ਸੱਪ ਬਣਾ ਕੇ, ਖੁੱਡਾਂ ਕੋਲ ਰਖ ਜਾਂਦੇ ਹਨ। ਘਰਾਂ ਵਿਚ ਮਿੱਠੀਆਂ ਸੇਵੀਆਂ ਪਕਾ ਕੇ ਖਾਦੀਆਂ ਜਾਂਦੀਆਂ ਹਨ। ਸੇਵੀਆਂ ਦੀ ਸ਼ਕਲ ਸਪੋਲੀਆਂ ਨਾਲ ਮਿਲਦੀ ਹੋਣ ਕਰਕੇ, ਗੁੱਗੇ ਨੂੰ ਇਹ ਭੋਜਨ ਬਹੁਤ ਮਨਪਸੰਦ ਹੈ। ਜਿਹੜੇ ਲੋਕ ਗੁੱਗੇ ਨੂੰ ਨਹੀਂ ਵੀ ਪੂਜਦੇ, ਉਹ ਵੀ ਇਸ ਦਿਨ ਘਰਾਂ ਵਿਚ ਸੇਵੀਆਂ ਰਿੰਨ੍ਹ ਕੇ ਅਚੇਤ ਰੂਪ ਵਿਚ ਹੀ ਗੱਗੇ ਨੂੰ ਪ੍ਰਸੰਨ ਕਰ ਲੈਂਦੇ ਹਨ।

ਗੁੱਗਾ ਨੌਮੀ ਵਾਲੇ ਦਿਨ, ਮਿੱਟੀ ਕੱਢਣ ਦੀ ਵੀ ਪ੍ਰਥਾ ਹੈ। ਗੁੱਗੇ ਦੇ ਸ਼ਰਧਾਲੂ ਨੇੜੇ ਦੀ ਕਿਸੇ ਮਾੜ੍ਹੀ ਉਤੇ ਜਾ ਕੇ, ਧਰਤੀ ਵਿਚੋਂ ਮਿੱਟੀ ਕੱਢਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਨਿਸਚਾ ਹੈ ਕਿ ਗੁੱਗਾ ਪੀਰ ਪ੍ਰਸੰਨ ਰਹਿੰਦਾ ਹੈ ਤੇ ਸੱਪ ਨੇੜੇ ਨਹੀਂ ਢੁਕਦਾ।

ਗੁੱਗਾ ਨੌਮੀ ਨੂੰ, ਪੰਜਾਬ ਵਿਚ ਕਈ ਥਾਈਂ ਨਿੱਕੇ ਵਡੇ ਮੇਲੇ ਵੀ ਲਗਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵਡਾ ਮੇਲਾ 'ਛਪਾਰ' ਦਾ ਹੈ। ਗੁੱਗੇ ਦੇ ਸ਼ਰਧਾਲੂ ਗੁੱਗਾ ਨੌਮੀ ਨੂੰ ਗੁੱਗੇ ਦੀ ਛੜੀ ਨੂੰ, ਜੋ ਨਾਰੀਅਲ, ਮੋਰ-ਖੰਭਾਂ, ਪੱਖਿਆਂ ਤੇ ਨੀਲੀਆਂ ਟਾਕੀਆਂ ਆਦਿਕ ਨਾਲ ਸ਼ਿੰਗਾਰੀ ਹੁੰਦੀ ਹੈ, ਗੁੱਗੇ ਦਾ ਰੂਪ ਮੰਨ ਕੇ ਗਲੀਆਂ ਮਹੱਲਿਆਂ ਵਿਚ ਫੇਰਦੇ ਤੇ ਲੋਕਾਂ ਤੋਂ ਦਾਨ ਵੀ ਲੈਂਦੇ ਹਨ।

## (ਗ-156) ਗੁੱਗੇ ਦੇ ਗੀਤ :

ਗੁੱਗੇ ਦੇ ਭਗਤਾਂ ਵਿਚ ਗੁੱਗੇ ਬਾਰੇ ਕੁਝ ਗੀਤ ਪ੍ਰਚਲਤ ਹਨ, ਜਿਨ੍ਹਾਂ ਵਿਚ ਗੁੱਗੇ ਦੀ ਉਸਤਤੀ ਗਾਈ ਗਈ ਹੈ। ਇਹ ਗੀਤ ਤੀਵੀਆਂ ਦੇ ਰਚੇ ਹੋਏ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਗੁੱਗੇ ਨੂੰ ਆਪਣੀ ਭਾਵਨਾ ਦੇ ਅਨੁਕੂਲ ਅਰਾਧਿਆ ਹੈ। ਨਿੱਜ ਦੀ ਥਾਂ ਸਮੂਹ ਦੀ ਭਾਵਨਾ ਪ੍ਰਗਟ ਕਰਨ ਕਰਕੇ, ਇਹ ਗੀਤ ਲੋਕ-ਗੀਤ ਦਾ ਦਰਜਾ ਰਖਦੇ ਹਨ। ਭਾਦਰੋਂ ਦੀ ਨੌਵੀਂ ਨੂੰ ਪੰਜਾਬ ਵਿਚ ਜਦੋਂ ਤੀਵੀਆਂ ਗੁੱਗੇ ਦੀ ਮਾੜ੍ਹੀ ਪੂਜਣ ਜਾਂਦੀਆਂ ਹਨ, ਤਾਂ ਟੋਲੀਆਂ ਵਿਚ ਇਹ ਗੀਤ ਗੁਣਗੁਣਾਂਦੀਆਂ ਜਾਂਦੀਆਂ ਹਨ :

ਪੱਲੇ ਮੇਰੇ ਗਿਟੀਆਂ  
ਮੈਂ ਗੁੱਗੇ ਦੀ ਰਾਹ ਦੀ ਮਿੱਟੀ ਆਂ  
ਜੀ ਮੈਂ ਵਾਰੀ ਗੁੱਗੇ ਤੋਂ।  
ਕਟੋਰਾ ਭਰਿਆ ਦੁੱਧ ਦਾ  
ਮੇਰਾ ਗੁੱਗਾ ਮਾੜ੍ਹੀ ਵਿਚ ਕੁਦਦਾ  
ਜੀ ਮੈਂ ਵਾਰੀ ਗੁੱਗੇ ਤੋਂ।  
ਪੱਲੇ ਮੇਰੇ ਛੱਲੀਆਂ  
ਮੈਂ ਗੁੱਗਾ ਮਨਾਉਣ ਚੱਲੀਆਂ  
ਜੀ ਮੈਂ ਵਾਰੀ ਗੁੱਗੇ ਤੋਂ।  
ਕਟੋਰਾ ਭਰਿਆ ਮਾਂਹ ਦਾ  
ਗੁੱਗਾ ਮਹਿਰਮ ਸਭਨੀ ਥਾਂ ਦਾ  
ਜੀ ਮੈਂ ਵਾਰੀ ਗੁੱਗੇ ਤੋਂ।  
ਪੱਲੇ ਮੇਰੇ ਮੱਠੀਆਂ  
ਮੈਂ ਗੁੱਗਾ ਮਨਾਉਣ ਨੱਠੀਆਂ  
ਜੀ ਮੈਂ ਵਾਰੀ ਗੁੱਗੇ ਤੋਂ।  
ਛੰਨਾ ਭਰਿਆ ਤੇਲ ਦਾ  
ਮੇਰਾ ਗੁੱਗਾ ਮਾੜ੍ਹੀ ਵਿਚ ਮਹੇਲਦਾ  
ਜੀ ਮੈਂ ਵਾਰੀ ਗੁੱਗੇ ਤੋਂ।

ਨਿਰਸੰਤਾਨ ਤੀਵੀਆਂ ਗੁੱਗੇ ਦੀ ਮਾੜ੍ਹੀ ਉਤੇ ਜਾ ਕੇ ਗੁੱਗੇ ਪੀਰ ਪਾਸੋਂ ਕੁੱਖ ਹਰੀ ਹੋਣ ਲਈ ਵਰ ਮੰਗਦੀਆਂ ਹਨ :

ਧੌਲੀਏ ਦਾਹੜੀਏ ਚਿੱਟੀਏ ਪੱਗੇ ਨੀ,  
ਅਰਜ ਕਰੇਨੀਆਂ ਗੁੱਗੇ ਦੇ ਅਗੇ ਨੀ,  
ਸੁਕੀਆਂ ਵੇਲਾਂ ਨੂੰ ਜੇ ਫਲ ਲਗੇ ਨੀ,  
ਦੀਵੜਾ ਵਿਹੜਾ ਜਗੇ ਨੀ।

ਹਰਿਆਣੇ ਤੇ ਕੁੱਲੂ ਦੇ ਇਲਾਕੇ ਵਿਚ, ਉਥੋਂ ਦੀ ਸਥਾਨਕ ਭਾਸ਼ਾ ਵਿਚ, ਗੱਗੇ ਦੀ ਉਸਤਤੀ ਵਿਚ ਅਨੇਕਾਂ ਗੀਤ ਮਿਲਦੇ ਹਨ। ਕੁਝ ਲੰਮੇਰੀਆਂ ਕਾਵਿ-ਕਥਾਵਾਂ ਵਿਚ ਗੁੱਗੇ ਦੇ ਜੀਵਨ ਦੀਆਂ ਘਟਨਾਵਾਂ ਅਥਵਾ ਸਾਖੀਆਂ ਦਾ ਵਰਨਣ ਵੀ ਮਿਲਦਾ ਹੈ। ਸਰ ਰਿਚਰਡ ਟੇਂਪਲ ਨੇ ਆਪਣੀ ਪੁਸਤਕ (ਲੇਜੰਡਜ਼ ਆਫ ਦੀ ਪੰਜਾਬ) ਵਿਚ ਗੁੱਗੇ ਬਾਰੇ ਦੋ ਕਾਵਿ-ਕਥਾਵਾਂ ਦਿਤੀਆਂ ਹਨ।

## (ਗ-157) ਗੁੱਗੇ ਦੀ ਘੋੜੀ :

ਭਾਦਰੋਂ ਦੇ ਮਹੀਨੇ ਜਦੋਂ ਗੁੱਗੇ ਦੇ ਭਗਤ ਗੁੱਗੇ ਦੀ

ਛੜੀ ਨੂੰ, ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਫੇਰਦੇ ਹਨ, ਜਿਹੜਾ ਭਗਤ ਇਸ ਛੜੀ ਨੂੰ ਚੁਕਦਾ ਹੈ, ਉਹ ਗੁੱਗੇ ਦੀ ਘੋੜੀ ਅਖਵਾਉਂਦਾ ਹੈ। ਇਹ ਮਾਣ ਕਿਸੇ ਬੜੇ ਸਿਦਕੀ ਭਗਤ ਨੂੰ ਮਿਲਦਾ ਹੈ। ਬਹੁਤੀ ਵਾਰ ਘੋੜੀ ਬਣਨ ਦਾ ਮਾਣ, ਉਸ ਭਗਤ ਨੂੰ ਦੇਂਦੇ ਹਨ, ਜੋ ਗੁੱਗੇ ਦੀ ਮੂਲ ਮਾੜ੍ਹੀ ਦੀ ਯਾਤ੍ਰਾ ਕਰ ਚੁਕਾ ਹੋਵੇ। ਗੁੱਗੇ ਦੇ ਭਗਤਾਂ ਵਿਚ ਇਹ ਬੜੀ ਵਡੀ ਪਦਵੀ ਹੈ, ਜਿਸ ਨੂੰ ਪ੍ਰਾਪਤ ਕਰਨਾ ਭਗਤਾਂ ਦਾ ਸਭ ਤੋਂ ਵਡਾ ਸੁਪਨਾ ਤੇ ਆਦਰਸ਼ ਹੈ। ਸ਼ਰਧਾਲੂ ਵੀ ਗੁੱਗੇ ਦੀ 'ਘੋੜੀ' ਨੂੰ ਬੜਾ ਮਾਣ ਤੇ ਸਤਿਕਾਰ ਦੇਂਦੇ ਹਨ। ਭਗਤ ਘੋੜੀ ਦਾ ਸਵਾਂਗ ਪੂਰਨ ਰੂਪ ਵਿਚ ਭਰਨ ਲਈ, ਇਨ੍ਹੀਂ ਦਿਨੀਂ ਘੋੜਿਆਂ ਵਾਂਗ ਛੋਲਿਆਂ ਨਾਲ ਹੀ ਪੇਟ ਪੂਰਦਾ ਹੈ। ਜਦੋਂ ਉਹਦੇ ਜਲਾਲ ਉਤਰ ਆਉਂਦਾ ਹੈ, ਤਾਂ ਗੁੱਗੇ ਦੀ ਬਰਕਤ ਨਾਲ ਉਸਦਾ ਤੇਜਸਵੀ ਚਿਹਰਾ ਭੱਖਦਾ ਤੇ ਅੱਖਾਂ ਵਿਚ ਨੂਰਾਨੀ ਚਮਕ ਆ ਜਾਂਦੀ ਹੈ।

(ਗ-158) **ਗੁੱਗੇ ਦੀ ਚੌਕੀ** :

ਗੁੱਗੇ ਦੇ ਭਗਤਾਂ ਵਿਚ ਖ਼ਾਸ ਖ਼ਾਸ ਤਿੱਥਾਂ ਤੇ ਮੌਕਿਆਂ ਉਤੇ ਚੌਕੀਆਂ ਭਰਨ ਦੀ ਪ੍ਰਥਾ ਹੈ। ਭਾਦਰੋਂ ਦੇ ਮਹੀਨੇ ਜਨਮ ਅਸ਼ਟਮੀ ਦੀ ਸ਼ਾਮ ਨੂੰ ਗੁੱਗੇ ਦੀ ਮਾੜ੍ਹੀ ਉਤੇ ਚੌਕੀ ਭਰੀ ਜਾਂਦੀ ਹੈ। ਤੇ ਸ਼ਰਧਾਲੂ ਨੇੜੇ ਦੀ ਕਿਸੇ ਮਾੜ੍ਹੀ ਉਤੇ ਹੁੰਮ-ਹੁੰਮਾ ਕੇ ਪਹੁੰਚਦੇ ਹਨ। ਕਈ ਲੋਕ ਤਾਂ ਆਪਣੇ ਰੋਗੀ ਪਸ਼ੂਆਂ ਨੂੰ ਇਸ ਆਸ ਨਾਲ ਆਪਣੇ ਨਾਲ ਲਿਆ ਕੇ, ਚੌਕੀ ਭਰਾਂਦੇ ਹਨ ਕਿ ਉਹ ਵੀ ਚੌਕੀ ਸਦਕਾ ਨਵੇਂ ਨਰੋਏ ਹੋ ਜਾਣਗੇ।

ਚੌਕੀ ਭਰਨ ਵੇਲੇ, ਮਾੜ੍ਹੀ ਦੇ ਖੁਲ੍ਹੇ ਅਹਾਤੇ ਵਿਚ ਭਗਤ ਜੁੜ ਬੈਠਦੇ ਹਨ ਅਤੇ ਗੁੱਗੇ ਪੀਰ ਦੀ ਉਸਤਤੀ ਵਿਚ ਗੀਤ ਗਾਏ ਜਾਂਦੇ ਹਨ। ਮਾੜ੍ਹੀ ਦਾ ਭਗਤ ਭੱਖਦੇ ਜੋਸ਼ ਵਿਚ ਆ ਕੇ ਆਪਣੇ ਕਪੜੇ ਉਤਾਰ ਦੇਂਦਾ ਹੈ ਤੇ ਫਿਰ ਆਪਣੇ ਨੰਗੇ ਪਿੰਡੇ ਉਤੇ ਲੋਹੇ ਦੀਆਂ ਸਲਾਖ਼ਾਂ ਮਾਰਦਾ ਹੈ, ਜਿਸ ਨਾਲ ਉਸਦੇ ਪਿੰਡੇ ਉਤੇ ਸਲਾਟਾਂ ਪੈ ਜਾਂਦੀਆਂ ਹਨ। ਕਈ ਵਾਰ ਲਹੂ ਵੀ ਰਿੱਸਣ ਲਗਦਾ ਹੈ। ਅਖ਼ੀਰ ਉਹ ਬੇਹੋਸ਼ੀ ਜਿਹੀ ਦੀ ਹਾਲਤ ਵਿਚ, ਧਰਤੀ ਉਤੇ ਡਿੱਗ ਪੈਂਦਾ ਹੈ। ਕੁਝ ਸ਼ਰਧਾਲੂ ਉਹਦੀ ਤੇਲ ਨਾਲ ਮਾਲਸ਼ ਕਰਦੇ ਹਨ। ਜਦੋਂ ਭਗਤ ਨੂੰ ਹੋਸ਼ ਆ ਜਾਂਦੀ ਹੈ ਤਾਂ ਸ਼ਰਧਾਲੂ ਆਦਰ ਨਾਲ ਉਸ ਅਗੇ ਮੱਥਾ ਟੇਕਦੇ ਤੇ ਉਸ ਤੋਂ ਮੁਰਾਦਾਂ ਮੰਗਦੇ ਹਨ। ਭਗਤ ਆਵੇਸ਼ ਵਿਚ ਆ ਕੇ ਸੰਗਤ ਉਤੇ ਪਾਣੀ ਦੇ ਛੱਟੇ ਮਾਰਦਾ ਹੈ। ਨਿਸਚਾ ਹੈ ਕਿ ਛੱਟੇ ਪੈਣ ਸਮੇਂ ਜੋ ਮੁਰਾਦ ਮੰਗੀ ਜਾਵੇ ਜਾਂ ਮੁਰਾਦ ਮੰਗਦਿਆਂ ਕੋਈ ਛੱਟਾ ਸਰਧਾਲੂ ਉਤੇ ਪੈ ਜਾਵੇ ਤਾਂ ਉਹ ਲੋਚਾ ਪੂਰੀ ਹੋ ਜਾਂਦੀ ਹੈ। ਇਸ ਪਿਛੋਂ ਪਤਾਸਿਆਂ ਦਾ ਪ੍ਰਸ਼ਾਦਿ ਵੰਡਿਆ ਜਾਂਦਾ ਹੈ।

(ਗ-159) **ਗੁੱਗੇ ਦੀ ਛੜੀ** :

ਗੁੱਗੇ ਦਾ ਝੰਡਾ ਜੋ ਗੁੱਗੇ ਦੀ ਮਾੜ੍ਹੀ ਉਤੇ ਝੂਲਦਾ ਹੈ। ਇਹ ਝੰਡਾ ਲੰਮੇ ਸਾਰੇ ਮੋਟੇ ਬਾਂਸ ਨਾਲ ਨਾਰੀਅਲ, ਮੋਰ ਦੇ ਖੰਭ, ਪੱਖੇ, ਸੀਸ਼ੇ ਦੀਆਂ ਟੁਕੜੀਆਂ, ਨੀਲੇ ਰੰਗ ਦੀਆਂ ਟਾਕੀਆਂ, ਘੁੰਗੇ ਤੇ ਕੌਡਾਂ ਆਦਿ ਨੂੰ ਖ਼ਾਸ ਵਿਉਂਤ ਨਾਲ ਬੰਨ੍ਹ ਕੇ ਅਥਵਾ ਗੁੰਦ ਕੇ ਬਣਾਇਆ ਜਾਂਦਾ ਹੈ ਅਤੇ ਕਾਫ਼ੀ ਵਜਨੀ ਹੁੰਦਾ ਹੈ। ਝੰਡੇ ਦੇ ਉਪਰਲੇ ਸਿਰੇ ਉਤੇ ਮੋਰ-ਪੰਖ ਝੂਲ ਰਹੇ ਹੁੰਦੇ ਹਨ। ਸਾਰਾ ਝੰਡਾ ਇਕ ਸੁੰਦਰ ਕਲਾਤਮਿਕ ਦ੍ਰਿਸ਼ ਪੇਸ਼ ਕਰਦਾ ਹੈ।

ਗੁੱਗੇ ਦੇ ਸ਼ਰਧਾਲੂ ਭਾਦਰੋਂ ਦੇ ਮਹੀਨੇ, ਇਸ ਝੰਡੇ ਨੂੰ ਗੁੱਗੇ ਪੀਰ ਦਾ ਸਰੂਪ ਮੰਨ ਕੇ ਗਲੀ ਗਲੀ ਤੇ ਪਿੰਡ ਪਿੰਡ ਝੰਡੇ ਫੇਰਦੇ ਅਤੇ ਲੋਕਾਂ ਤੋਂ ਦਾਨ ਲੈਂਦੇ ਹਨ। ਜਿਹੜਾ ਭਗਤ ਝੰਡੇ ਨੂੰ ਚੁਕਦਾ ਹੈ, ਉਸਨੂੰ ਪੀਰ ਦਾ ਘੋੜਾ ਕਿਹਾ ਜਾਂਦਾ ਹੈ। ਇਹ ਮਾਣ ਕਿਸੇ ਬੜੇ ਸਿਦਕੀ ਭਗਤ ਨੂੰ ਹੀ ਮਿਲਦਾ ਹੈ।

ਗੁੱਗੇ ਦੇ ਝੰਡੇ ਦਾ ਜਲੂਸ ਕੱਢਣ ਵੇਲੇ ਕੁਝ ਭਗਤ ਝੰਡੇ ਦੇ ਅਗੇ ਡੌਰੂ ਤੇ ਸਾਰੰਗੀ ਵਜਾਂਦੇ ਜਾਂਦੇ ਹਨ ਅਤੇ ਸਰਧਾਲੂ ਗੁੱਗੇ ਦੀ ਉਸਤਤੀ ਵਿਚ ਗੀਤ ਗਾਂਦੇ ਜਾਂਦੇ ਹਨ।

ਪ੍ਰਾਚੀਨ ਕਾਲ ਵਿਚ, ਪੰਜਾਬ ਵਿਚ ਆਰੀਆ ਜਾਤੀ ਦੇ ਲੋਕ, ਸਾਵਣ-ਭਾਦਰੋਂ ਦੇ ਦਿਨੀਂ ਇੰਦਰ-ਮਾਹਾ ਨਾਂ ਦਾ ਇਕ ਉਤਸਵ ਮਨਾਇਆ ਕਰਦੇ ਸਨ। ਜਿਸ ਵਿਚ ਉਹ ਇਕ ਝੰਡਾ, ਜਿਸ ਨੂੰ ਇੰਦਰ-ਧਵਜ ਕਿਹਾ ਜਾਂਦਾ ਸੀ, ਨੂੰ ਫੁੱਲਾਂ, ਕੌਡਾਂ, ਘੰਟੀਆਂ, ਤੇ ਸੀਸ਼ੀਆਂ ਆਦਿ ਨਾਲ ਸਿੰਗਾਰ ਕੇ ਗਲੀਆਂ ਬਜ਼ਾਰਾਂ ਵਿਚ ਜਲੂਸ ਦੀ ਸ਼ਕਲ ਵਿਚ ਫੇਰਿਆ ਕਰਦੇ ਸਨ। ਇਹ ਝੰਡਾ ਦਾਈ ਕੁ ਫੁਟ ਉੱਚਾ ਹੁੰਦਾ ਤੇ ਪੰਜ ਰੰਗਾਂ ਦੀਆਂ ਟਾਕੀਆਂ ਨਾਲ ਸਜਿਆ ਹੁੰਦਾ। ਇੰਦਰ ਮਾਹਾ ਤੇ ਗੁੱਗੇ ਨੌਮੀ ਦਾ ਭਾਦਰੋਂ ਦੇ ਮਹੀਨੇ ਹੀ ਮਨਾਇਆ ਜਾਣਾ ਤੇ ਦੋਹਾਂ ਦੇ ਝੰਡਿਆਂ ਦਾ ਆਕਾਰ, ਰੂਪ ਤੇ ਫਬਨ ਵਿਚ ਇਕਸਾਰਤਾ ਹੋਣਾ ਇਨ੍ਹਾਂ ਦੋਹਾਂ ਪੁਰਬਾਂ ਅਥਵਾ ਝੰਡਿਆਂ ਵਿਚ ਕਿਸੇ ਸਾਂਝ ਵਲ ਸੰਕੇਤ ਕਰਦਾ ਹੈ। ਕਈ ਲੋਕ ਗੁੱਗੇ ਨੂੰ ਇੰਦਰ ਦਾ ਅਵਤਾਰ ਵੀ ਮੰਨਦੇ ਹਨ। ਪੱਛਮ ਵਿਚ ਇਸੇ ਤਰ੍ਹਾਂ ਦਾ ਇਕ ਉਤਸਵ 'ਮੇ ਪੋਲ' ਮਨਾਇਆ ਜਾਂਦਾ ਹੈ।

(ਗ-160) **ਗੁਜਰਾਤ** :

ਪਾਕਿਸਤਾਨੀ ਪੰਜਾਬ ਦਾ ਇਕ ਪ੍ਰਸਿਧ ਸ਼ਹਿਰ, ਜੋ ਝਨਾਂ ਦਰਿਆ ਤੋਂ ਪੰਜ ਕੁ ਮੀਲ ਦੀ ਵਿਥ 'ਤੇ ਵਗਦਾ ਹੈ। 'ਸੋਹਣੀ' ਇਥੋਂ ਦੀ ਹੀ ਰਹਿਣ ਵਾਲੀ ਸੀ।

ਕੈਪਟਨ ਮਕੈਂਜ਼ੀ ਵਲੋਂ ਅੰਕਿਤ ਕੀਤੀ ਇਕ ਰਵਾਇਤ ਅਨੁਸਾਰ ਇਹ ਨਗਰ 175 ਸੰਮਤ (118 ਈਸਵੀ) ਵਿਚ ਰਾਣੀ ਗੁਜਰਾਂ ਜੋ ਬਦਰਸੈਨ ਦੀ ਸਪਤਨੀ ਸੀ, ਨੇ ਵਸਾਇਆ ਸੀ। ਰਾਜਾ ਬਦਰਸੈਨ ਰਾਜਾ ਰਸਾਲੂ ਦਾ ਪੁੱਤਰ ਦਸਿਆ ਜਾਂਦਾ ਹੈ। ਇਸ ਤਰ੍ਹਾਂ ਇਹ ਨਗਰ ਰਸਾਲੂ ਕਥਾ-ਚੱਕਰ ਦੇ ਘੇਰੇ ਵਿਚ ਆ ਰਲਦਾ ਹੈ।

ਇਕ ਹੋਰ ਰਵਾਇਤ ਅਨੁਸਾਰ ਇਸ ਨਗਰ ਦਾ ਮੂਲ ਨਾਉਂ ਉਦਾ ਨਗਰੀ ਸੀ। ਅਲੈਕਜ਼ੈਂਡਰ ਕਨਿੰਘਮ ਅਨੁਸਾਰ (ਦਿ ਐਨਸ਼ੀਐਂਟ ਜਿਉਗਰਾਫ਼ੀ ਆਫ਼ ਇੰਡੀਆ, ਪੰਨਾ 179) ਇਸ ਨਗਰ ਦਾ ਪੁਰਾਣਾ ਨਾਉਂ ਹੈਰਤ ਸੀ ਅਤੇ ਇਸ ਨਗਰ ਦੀ ਨੀਂਹ ਇਕ ਸੂਰਜਵੰਸ਼ੀ ਰਾਜਪੂਤ ਰਾਜੇ ਬਚਨ ਪਾਲ ਨੇ ਰਖੀ। ਮੁਸਲਮਾਨੀ ਹੱਲਿਆਂ ਦੇ ਦੌਰਾਨ 1303 ਈ: ਵਿਚ ਇਹ ਨਗਰ ਤਬਾਹ ਹੋ ਗਿਆ। ਪਿਛੋਂ 1588 ਈ: ਵਿਚ ਇਸਨੂੰ ਮੁੜ ਗੁਜਰਾਂ ਨੇ ਵਸਾਇਆ, ਜਿਸ ਕਰਕੇ ਇਸ ਦਾ ਨਾਂ ਗੁਜਰਾਤ ਪੈ ਗਿਆ।

ਜਨਰਲ ਕਨਿੰਘਮ ਲਿਖਦਾ ਹੈ ਕਿ ਪੁਰਾਣੇ ਨਗਰ ਨੂੰ ਇਕ ਗੁੱਜਰ ਅਲੀ ਖ਼ਾਨ ਨੇ ਮੁੜ ਵਸਾਇਆ। ਇਹ ਨਾਉਂ ਗੁੱਜਰਾਂ ਦੇ ਰਾਜੇ ਅਲਖਾਨਾਂ ਨਾਲ ਕਾਫ਼ੀ ਮੇਲ ਖਾਂਦਾ ਹੈ। ਜੋ ਸੰਕਰ ਵਰਮਾ ਤੋਂ 883 ਤੋਂ 901 ਈ: ਦੇ ਵਿਚ ਹਾਰਿਆ ਸੀ।

ਇਸ ਨਗਰ ਵਿਚ ਸ਼ਾਹਦੌਲਾ ਦੀ ਪ੍ਰਸਿਧ ਖ਼ਾਨਗਾਹ ਹੈ, ਜਿਥੇ ਸ਼ਾਹਦੌਲਾ ਦੇ ਚੂਹੇ (ਭਗਤ) ਜਿਨ੍ਹਾਂ ਦੇ ਸਿਰ ਬਹੁਤ ਛੋਟੇ ਆਕਾਰ ਦੇ ਹੁੰਦੇ ਹਨ, ਰਹਿੰਦੇ ਹਨ (ਵੇਖੋ: ਗੁਜਰਾਤ ਗਜ਼ਟੀਅਰ, ਪੰਨਾ 16)।

## (ਗ-161) ਗੁਜਰਾਲ :

ਹਿੰਦੂਆਂ ਦੀ ਇਕ ਜ਼ਾਤ; ਦੰਦ-ਕਥਾਵਾਂ ਅਨੁਸਾਰ ਇਸ ਜ਼ਾਤ ਦੇ ਵਡਿਕੇ ਨੂੰ ਗੁਜਰਾਂ ਨੇ, ਇਕ ਢੇਰ ਤੋਂ ਲਭ ਕੇ ਪਾਲਿਆ ਸੀ, ਜਿਸ ਕਰਕੇ ਪਹਿਲਾਂ ਉਹ ਬੱਚਾ ਤੇ ਮਗਰੋਂ ਉਸਦੀ ਵੰਸ਼ ਗੁਜਰਾਲ ਅਖਵਾਈ।

'ਗਲਾਸਰੀ' ਅਨੁਸਾਰ ਗੁਜਰਾਤ ਵਿਚ ਇਕ ਮੁਸਲਮਾਨੀ ਜੱਟਾਂ ਦੇ ਕਬੀਲੇ ਦਾ ਨਾਉਂ ਵੀ ਗੁਜਰਾਲ ਹੈ।

## (ਗ-162) ਗੁਜਰਾਂਵਾਲਾ :

ਪੱਛਮੀ ਪੰਜਾਬ (ਪਾਕਿਸਤਾਨ) ਦਾ ਇਕ ਪ੍ਰਸਿਧ ਸ਼ਹਿਰ, ਜੋ ਲਾਹੌਰ ਤੋਂ 42 ਕੁ ਮੀਲਾਂ ਦੀ ਵਾਟ ਉਤੇ ਹੈ। ਇਸ ਨਗਰ ਨੂੰ ਗੁੱਜਰਾਂ ਦੇ ਇਕ ਕਬੀਲੇ ਨੇ ਵਸਾਇਆ। ਇਕ ਸਮੇਂ ਇਸ ਇਲਾਕੇ ਵਿਚ ਗੁਜਰਾਂ ਦਾ ਕਾਫ਼ੀ ਦਬਦਬਾ ਰਿਹਾ, ਜਿਸ ਕਰਕੇ ਇਹ ਥਾਉਂ ਪਹਿਲਾਂ ਗੁਜਰਾਂਆਲਾ (ਭਾਵ ਗੁੱਜਰਾਂ ਦਾ ਘਰ) ਦੇ ਨਾਂ ਨਾਲ ਪ੍ਰਸਿਧ ਹੋਈ ਤੇ ਪਿਛੋਂ ਇਹ ਸ਼ਹਿਰ ਗੁਜਰਾਂਵਾਲਾ ਅਖਵਾਣ ਲੱਗਾ।

ਸਿੱਖ ਰਾਜ ਸਮੇਂ ਇਹ ਸ਼ਹਿਰ ਚੋਖਾ ਵਧਿਆ ਫੁਲਿਆ ਅਤੇ ਇਥੇ ਕਈ ਬਾਗ਼ ਲਗਵਾਏ ਗਏ, ਜਿਨ੍ਹਾਂ ਦੀ ਖ਼ੂਬਸੂਰਤੀ ਅਜ ਵੀ ਪ੍ਰਭਾਵਿਤ ਕਰਦੀ ਹੈ। ਮਹਾਰਾਜਾ ਰਣਜੀਤ ਸਿੰਘ ਇਥੋਂ ਦਾ ਹੀ ਰਹਿਣ ਵਾਲਾ ਸੀ। ਇਹ ਸ਼ਹਿਰ ਸ਼ੁਕਰਚਕੀਆ ਮਿਸਲ ਦਾ ਗੜ੍ਹ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਬਜ਼ੁਰਗਾਂ ਨੇ ਇਸ ਨੂੰ ਚੋਖਾ ਪ੍ਰਫੁਲਤ ਕੀਤਾ।

## (ਗ-163) ਗੁੱਜਰੀ :

(ੳ) ਗੁੱਜਰ ਜ਼ਾਤ ਦੀ ਤੀਵੀਂ; ਪੰਜਾਬ ਦੀਆਂ ਕਈ ਲੋਕ-ਕਥਾਵਾਂ ਵਿਚ, ਦੁੱਧ ਵੇਚਣ ਵਾਲੀਆਂ ਗੁੱਜਰੀਆਂ ਦਾ ਜ਼ਿਕਰ ਆਇਆ ਹੈ। ਰੂਪ ਨਾਲ ਮੁਸ਼ਕਦੀਆਂ ਇਨ੍ਹਾਂ ਮੁਟਿਆਰਾਂ ਦਾ ਵਿਵਹਾਰ ਬੜਾ ਸਿਆਣਪ ਭਰਿਆ ਦਸਿਆ ਗਿਆ ਹੈ। ਲੋਕ-ਗੀਤਾਂ ਵਿਚ ਵੀ ਇਨ੍ਹਾਂ ਦਾ ਕਈ ਥਾਈਂ ਸੰਕੇਤ ਮਿਲਦਾ ਹੈ :

ਉਚੀਆਂ ਤੇ ਲੰਮੀਆਂ ਟਾਹਲੀਆਂ ਨੀ ਮਾਏ
ਵਿਚ ਗੁੱਜਰੀ ਦੀ ਪੀਂਘ ਵੇ ਮਾਹੀਆ।

(ਅ) ਚਾਂਦੀ ਦਾ ਇਕ ਭਾਰੀ ਗਹਿਣਾ, ਜਿਸ ਨੂੰ ਗੁੱਜਰੀਆਂ ਹੱਥਾਂ/ਪੈਰਾਂ ਵਿਚ ਪਹਿਨਦੀਆਂ ਹਨ।

(ੲ) ਇਕ ਰਾਗਣੀ ਜੋ ਗੁੱਜਰਾਂ ਵਿਚ ਪ੍ਰਚਲਤ ਹੈ, ਜੋ ਲੋਕ-ਸੰਗੀਤ ਤੋਂ ਵਿਗਸਤ ਹੋਈ ਹੈ। ਇਹ ਪੰਜਾਬ ਦੀ ਦੇਸੀ ਰਾਗਣੀ ਹੈ।

## (ਗ-164) ਗੁੱਝਾ :

ਕਿਸੇ ਚੰਦਰੇ ਰੋਗ ਦਾ ਨਾਂ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ। ਲੋਕ-ਨਿਸਚੇ ਅਨੁਸਾਰ ਹਰੇਕ ਰੋਗ ਦਾ ਕਾਰਨ ਕੋਈ ਨਾ ਕੋਈ ਦੇਵੀ ਜਾਂ ਚੰਦਰੀ ਰੂਹ ਹੁੰਦੀ ਮੰਨੀ ਗਈ ਹੈ। ਰੋਗ ਦਾ ਨਾਉਂ ਲੈਣ ਨਾਲ ਉਸ ਰੋਗ ਦੀ ਚੰਦਰੀ ਰੂਹ ਨਾਲ ਸੰਪਰਕ ਹੋ ਜਾਣ ਦਾ ਡਰ ਰਹਿੰਦਾ ਹੈ ਕਿਉਂ ਜੋ ਨਾਂ ਦਾ ਨਾਮੀ ਨਾਲ ਡੂੰਘਾ ਸੰਬੰਧ ਹੋਣ ਕਰਕੇ, ਨਾਂ ਤੋਂ ਨਾਮੀ ਤਕ ਅਥਵਾ ਅੰਸ਼ ਤੋਂ ਅੰਸ਼ੀ ਤਕ ਰਹੱਸਮਈ ਢੰਗ ਨਾਲ ਸਹਿਜੇ ਪਹੁੰਚਿਆ ਜਾ ਸਕਦਾ ਹੈ। ਇਹ ਵੀ ਧਾਰਨਾ ਹੈ ਕਿ ਨਾਂ ਲੈਣ ਨਾਲ ਰੋਗ ਦੀ ਦੇਵੀ ਚਿੜ੍ਹ ਜਾਂਦੀ ਹੈ ਤੇ ਨਾਉਂ ਲੈਣ ਵਾਲੇ ਦੇ ਬੱਚਿਆਂ ਨੂੰ ਦੁਖ ਦੇਂਦੀ ਹੈ। ਇਸ ਲਈ ਬੱਚੇ ਦੀ ਨਮੂਨੀਏ ਦੀ ਬੀਮਾਰੀ ਵਿਚ ਤੀਵੀਆਂ ਇਸ ਰੋਗ ਲਈ 'ਗੁੱਝਾ' ਸ਼ਬਦ ਵਰਤਦੀਆਂ ਹਨ। 'ਲਾਗਵੇਂ ਟੂਣੇ' ਦੇ ਅਨੁਸਾਰ ਕਿਸੇ ਰੋਗ ਦਾ ਨਾਉਂ ਲੈਣਾ, ਉਸ ਰੋਗ ਨੂੰ ਸੱਦਾ ਦੇਣਾ ਹੈ।

(ਗ-165) **ਗੁੱਝੀ ਬੋਲੀ** :

ਕੁਝ ਸਮੂਹਾਂ ਨੇ ਆਪਸ ਵਿਚਲੀ ਗੱਲਬਾਤ ਨੂੰ ਦੂਜਿਆਂ ਲਈ ਅਬੋਧ ਰਖਣ ਲਈ ਗੁੱਝੀ ਬੋਲੀ ਘੜੀ ਹੁੰਦੀ ਹੈ, ਜਿਸ ਵਿਚ ਜਾਂ ਤਾਂ ਆਮ ਸ਼ਬਦਾਂ ਨੂੰ ਪ੍ਰਤੀਕ ਰੂਪ ਵਿਚ ਵਰਤਿਆ ਜਾਂਦਾ ਹੈ ਜਾਂ ਫਿਰ ਨਵੇਂ ਆਪ-ਹੁਦਰੇ ਅਰਥ ਪ੍ਰਦਾਨ ਕੀਤੇ ਹੁੰਦੇ ਹਨ। ਜੇ ਕੋਈ ਸਰੋਤਾ ਗੱਲਬਾਤ ਸੁਣ ਵੀ ਲਏ, ਤਾਂ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਤਸਕਰਾਂ ਦੀ ਆਪਣੀ ਗੁੱਝੀ ਬੋਲੀ ਹੁੰਦੀ ਹੈ ਤੇ ਉਹ ਸੋਨੇ ਦੀਆਂ ਡਲੀਆਂ ਲਈ ਬਿਸਕੁਟ ਸ਼ਬਦ ਵਰਤਦੇ ਹਨ, ਚਾਂਦੀ ਲਈ ਚਿੱਟੇ ਚਾਵਲ।

ਪੰਜਾਬ ਵਿਚ, ਘਰਾਂ ਦੀਆਂ ਸਵਾਣੀਆਂ ਨੇ, ਆਪੋ ਵਿਚ ਕੋਈ ਗੁੱਝੀ ਗੱਲ ਕਰਨ ਲਈ, ਇਕ ਵਖਰੀ ਬੋਲੀ ਬਣਾਈ ਹੋਈ ਹੈ। ਇਸ ਬੋਲੀ ਵਿਚ ਆਮ ਤੌਰ ਤੇ ਬੋਲ ਚਾਲ ਦੇ ਹਰ ਸ਼ਬਦ ਵਿਚ ਕੋਈ ਸ਼ਬਦਾਂਗ ਜਿਵੇਂ 'ਪਨੈ' ਵਧਾ ਦਿਤਾ ਜਾਂਦਾ ਹੈ। ਜੇ ਇਹ ਕਹਿਣਾ ਹੋਵੇ, "ਮੈਂ ਤੈਨੂੰ ਕਈ ਵਾਰ ਆਖਿਐ ਕਿ ਤੂੰ ਮੈਨੂੰ ਕਿਧਰੇ ਕੱਲੀ ਮਿਲ।" ਇਸ ਨੂੰ ਇੰਜ ਬੋਲਿਆ ਜਾਵੇਗਾ, "ਮੈਂਪਨੈਂ ਤੈਂਪਨੈਂਨੂੰ ਕਪਨਈ ਵਾਪਨੈਰ ਆਪਨੈਖਿਐ ਕਿਪਨੈ ਤੂਪਨੂੰ ਮੈਂਪਨੈਂਨੂੰ ਕਿਪਨੈਂਧਰੇ ਕਪਨੈਲੀ ਮਿਪਨੈਲ।" ਛੋਟੀਆਂ ਕੁੜੀਆਂ ਤੇ ਹਾਣ ਦੀਆਂ ਮੁਟਿਆਰਾਂ, ਕਈ ਵਾਰ ਕੋਈ ਗੁੱਝੀ ਗੱਲ, ਭੈਣਾਂ ਭਰਾਵਾਂ ਸਾਹਮਣੇ ਇਸੇ ਬੋਲੀ ਵਿਚ ਕਰ ਲੈਂਦੀਆਂ ਹਨ। ਕੋਲ ਬੈਠੇ ਹੋਰ ਬੰਦੇ ਗੱਲ ਸਮਝ ਨਹੀਂ ਸਕਦੇ।

(ਗ-166) **ਗੁਟਕਾ** :

(ੳ) ਜਾਦੂ ਦਾ ਮਣਕਾ ਜਾਂ ਵੱਟੀ, ਜਿਸ ਨੂੰ ਮੂੰਹ ਵਿਚ ਰੱਖਣ ਵਾਲਾ, ਇੱਛਾ ਅਨੁਸਾਰ, ਜਿਥੇ ਚਾਹਵੇ ਪਲਾਂ-ਛਿਣਾਂ ਵਿਚ ਪਹੁੰਚ ਸਕਦਾ ਹੈ। ਤੰਤਰ-ਸ਼ਾਸਤਰਾਂ ਵਿਚ ਅਜਿਹੀ ਵੱਟੀ ਦਾ ਜ਼ਿਕਰ ਆਉਂਦਾ ਹੈ। ਧਾਰਨਾ ਹੈ ਕਿ ਸਿੱਧਾਂ ਤੇ ਜੋਗੀਆਂ ਪਾਸ ਅਜਿਹੀਆਂ ਵੱਟੀਆਂ ਹੋਇਆ ਕਰਦੀਆਂ ਸਨ। ਲੋਕ-ਕਥਾਵਾਂ ਵਿਚ ਗੁਟਕੇ ਦੇ ਬੀਜ ਨਾਲ ਆਕਾਸ਼ ਵਿਚ ਉਡਣ ਦਾ ਜ਼ਿਕਰ ਆਉਂਦਾ ਹੈ। ਭਾਈ ਗੁਰਦਾਸ ਨੇ, ਗੁਟਕੇ ਵਲ ਸੰਕੇਤ ਕੀਤਾ ਹੈ—ਗੁਟਕਾ ਮੂੰਹ ਵਿਚ ਪਾਇ ਕੈ, ਦੇਸ ਦਿਸੰਤਰ ਜਾਇ ਖਲੋਵੈ (4/7/5)। ਇਸ ਨੂੰ ਮੰਤ੍ਰਵੱਟੀ ਵੀ ਕਹਿੰਦੇ ਹਨ।

(ਅ) ਆਮ ਪੋਥੀਆਂ ਨਾਲੋਂ ਆਕਾਰ ਵਿਚ ਛੋਟੀ ਪੋਥੀ, ਜਿਸ ਵਿਚ ਸਿੱਖਾਂ ਦੇ ਨਿਤਨੇਮ ਦੀਆਂ ਬਾਣੀਆਂ ਦਰਜ ਹਨ। ਜਿਨ੍ਹਾਂ ਗੁਰਸਿੱਖਾਂ ਨੂੰ ਬਾਣੀ ਕੰਠ ਨਹੀਂ ਹੁੰਦੀ, ਉਹ ਇਸੇ ਪੋਥੀ ਤੋਂ ਨਿਤਨੇਮ ਕਰਦੇ ਹਨ। ਬਾਣੀ, ਗੁਰੂ ਦਾ ਰੂਪ ਹੋਣ ਕਰਕੇ, ਸ਼ਰਧਾਲੂ ਸਿੱਖ ਗੁਟਕੇ ਨੂੰ, ਸ਼ਰਧਾ ਵੱਸ ਮੱਥੇ ਨਾਲ ਲਗਾਂਦੇ ਹਨ। ਘਰ ਵਿਚ ਸਭ ਤੋਂ ਬਹੁਮੁੱਲੀ ਵਸਤੂ ਸਮਝ ਕੇ ਗੁਟਕਾ ਆਦਰ ਨਾਲ ਘਰ ਵਿਚ ਕਿਸੇ ਉੱਚੀ ਥਾਂ ਰਖਦੇ ਹਨ।

(ਗ 167) **ਗੁੱਡਾ** :

ਕਾਗਜ਼, ਕਪੜੇ ਜਾਂ ਕਾਠ ਦਾ ਬਣਿਆ ਹੋਇਆ, ਮਨੁਖੀ ਸ਼ਕਲ ਦਾ ਪੁਤਲਾ, ਜਿਸ ਨਾਲ ਬਾਲਕ ਖੇਡਦੇ ਤੇ ਮਨ ਪ੍ਰਚਾਂਦੇ ਹਨ। ਪੰਜਾਬਣਾਂ ਗੁੱਡਾ ਗੁੱਡੀ ਬਣਾਉਣ ਦੀ ਸ਼ਿਲਪ-ਕਲਾ ਵਿਚ ਬੜੀਆਂ ਮਾਹਿਰ ਹਨ। ਕਈ ਸਵਾਣੀਆਂ, ਲੀਰਾਂ ਤੇ ਕਾਤਰਾਂ ਨੂੰ ਜੋੜ ਕੇ, ਬੜੇ ਸੁੰਦਰ ਤੇ ਅਦਭੁਤ ਗੁੱਡੇ ਗੁੱਡੀਆਂ ਬਣਾ ਲੈਂਦੀਆਂ ਹਨ ਅਤੇ ਉਨ੍ਹਾਂ ਉਪਰ ਸਿਲਾਈ, ਮੋਤੀਆਂ ਜਾਂ ਰੰਗਾਂ ਨਾਲ ਅੱਖ, ਨੱਕ, ਮੂੰਹ ਉਲੀਕ ਕੇ ਅਤੇ ਵਸਤ੍ਰਾਂ ਨੂੰ ਸਜਾ-ਸ਼ਿੰਗਾਰ ਕੇ ਬੜਾ ਲੁਭਾਵਣਾ ਰੂਪ ਦੇ ਲੈਂਦੀਆਂ ਹਨ।

ਜਾਦੂ ਟੂਣੇ ਕਰਨ ਵਾਲੇ ਓਝੇ, ਗੁੱਡੇ ਨੂੰ ਮੰਤ੍ਰ ਸਿਧੀ ਲਈ ਵੀ ਵਰਤਦੇ ਹਨ। ਜਿਸ ਸ਼ਖ਼ਸ ਨੂੰ ਦੁਖ ਤੇ ਤਸੀਹੇ ਦੇਣੇ ਹੋਣ, ਉਸ ਦਾ ਮੋਮ ਜਾਂ ਕਪੜੇ ਦਾ ਪੁਤਲਾ ਅਥਵਾ ਗੁੱਡਾ ਬਣਾ ਲਿਆ ਜਾਂਦਾ ਹੈ। ਫਿਰ ਮੰਤਰਾਂ ਦਾ ਉੱਚਾਰਨ ਕਰਦਿਆਂ, ਉਸਦੇ ਸਰੀਰ ਨੂੰ, ਅੱਗ ਵਿਚ ਗਰਮ ਕਰਕੇ, ਸੂਈਆਂ ਚੋਭੀਆਂ ਜਾਂਦੀਆਂ ਹਨ। ਨਿਸਚੇ ਅਨੁਸਾਰ ਇਹ ਸਾਰੇ ਕਸ਼ਟ ਉਸ ਸ਼ਖ਼ਸ ਨੂੰ ਸਹਿਣੇ ਪੈਂਦੇ ਹਨ, ਜਿਸ ਦਾ ਕਿ ਉਹ ਪੁਤਲਾ ਹੁੰਦਾ ਹੈ। ਇਸ ਕਰਮ ਕਾਂਡ ਨੂੰ 'ਗੁੱਡਾ ਤੁੰਗਣਾ' ਜਾਂ 'ਗੁੱਡੇ ਪਾਉਣਾ' ਕਹਿੰਦੇ ਹਨ। ਇਸ ਨਿਸਚੇ ਦਾ ਆਧਾਰ ਲਾਗਵਾਂ ਟੂਣਾ ਹੈ।

(ਗ-168) **ਗੁੱਡਾ ਗੁੱਡੀ ਪਿਟਣਾ** :

ਮੀਂਹ ਵਰ੍ਹਾਉਣ ਲਈ ਇਕ ਵਿਧੀ; ਜਦੋਂ ਔੜ ਪਈ ਹੋਵੇ ਜਾਂ ਕਾਫ਼ੀ ਚਿਰ ਤੋਂ ਮੀਂਹ ਨਾ ਵਰ੍ਹਿਆ ਹੋਵੇ, ਤਾਂ ਗਲੀ ਮਹੱਲੇ ਦੀਆਂ ਕੁੜੀਆਂ ਇਕਠੀਆਂ ਹੋ ਕੇ ਗੁੱਡਾ ਗੁੱਡੀ ਬਣਾ ਕੇ, ਉਸਨੂੰ ਪਿਟਦੀਆਂ ਹਨ ਤੇ ਨਾਲ ਹੀ ਇਹ ਟੱਪੇ ਉਚਾਰਦੀਆਂ ਹਨ :

ਗੁੱਡੀ ਗੁੱਡਾ ਪਿੱਟਿਆ ਵਸ ਮੀਂਹਾਂ ਚਿੱਟਿਆ।

ਤੇ ਫਿਰ ਰੋਂਦੀਆਂ ਤੇ ਕਿਲਕਾਰੀਆਂ ਮਾਰਦੀਆਂ ਪਿੰਡੋਂ ਬਾਹਰ ਜਾਂ ਪਿੰਡ ਦੀ ਹੀ ਕਿਸੇ ਗੁੱਠੇ ਗੁੱਡਾ ਤੇ ਗੁੱਡੀ ਨੂੰ ਇਹ ਟੱਪਾ ਪੜ੍ਹਦਿਆਂ ਸਾੜਦੀਆਂ ਹਨ :

ਗੁੱਡੀ ਗੁੱਡਾ ਸਾੜਿਆ,
ਵਸ ਮੀਂਹਾਂ ਕਾਲਿਆ।
ਗੁੱਡੀ ਚੜ੍ਹ ਗਈ ਚੁਬਾਰੇ,
ਗੁੱਡਾ ਗਿਣ ਗਿਣ ਹਾਕਾਂ ਮਾਰੇ।
ਗੁੱਡੀਏ ਮੋਰਨੀਏ,
ਹਾਇ ਹਾਇ ਗੁੱਡੀਏ ਮੋਰਨੀਏ।

ਇਸ ਕਰਮ ਕਾਂਡ ਨੂੰ ਗੁੱਡਾ ਸਾੜਨਾ ਜਾਂ ਫੂਕਣਾ ਵੀ ਕਿਹਾ ਜਾਂਦਾ ਹੈ। ਇਸ ਕਰਮ ਕਾਂਡ ਪਿਛੇ ਇਹ ਵਿਚਾਰ ਹੈ ਕਿ ਦੇਵਤੇ ਜਦੋਂ ਇਹ ਵੇਖਣਗੇ ਕਿ ਔੜ ਕਾਰਨ ਬੱਚਿਆਂ ਨੂੰ ਖੇਡਾਂ ਖੇਡਣੀਆਂ ਵੀ ਭੁਲ ਗਈਆਂ ਹਨ ਤਾਂ ਉਹ ਤਰਸ ਖਾ ਕੇ ਮੀਂਹ ਵਰ੍ਹਾਉਣਗੇ।

(ਗ-169) **ਗੁੱਡਾ ਬੰਨ੍ਹਣਾ** :

ਜਦੋਂ ਕਿਸੇ ਸ਼ਖ਼ਸ ਨੂੰ ਉਸ ਦੇ ਕਿਸੇ ਦੁਰਾਚਾਰ ਕਾਰਨ, ਨਸ਼ਰ ਕਰਨਾ ਹੋਵੇ ਤਾਂ ਉਸ ਦਾ ਕਪੜੇ ਜਾਂ ਕਾਗਜ਼ ਦਾ ਪੁਤਲਾ ਜਾਂ ਗੁੱਡਾ ਬਣਾ ਕੇ ਬਾਂਸ ਨਾਲ ਬੰਨ੍ਹ ਕੇ ਗਲੀਆਂ ਵਿਚ ਫੇਰਿਆ ਜਾਂਦਾ ਹੈ। ਇਸ ਨੂੰ 'ਗੁੱਡਾ ਬੰਨ੍ਹਣਾ' ਕਿਹਾ ਜਾਂਦਾ ਹੈ।

(ਗ-170) **ਗੁੱਡਾ ਗੁੱਡੀ ਦਾ ਵਿਆਹ** :

ਛੋਟੀਆਂ ਕੁੜੀਆਂ ਦੀ ਇਕ ਖੇਡ, ਜਿਸ ਵਿਚ ਉਹ ਕਪੜੇ ਦਾ ਗੁੱਡਾ ਤੇ ਗੁੱਡੀ ਬਣਾ ਕੇ ਗੁੱਡੇ ਦੇ ਵਿਆਹ ਦਾ ਨਾਟਕ ਰਚਾਂਦੀਆਂ ਹਨ। ਗੁੱਡੀ ਨਾਲ ਉਨ੍ਹਾਂ ਦੇ ਅਨੇਕਾਂ ਸੁਪਨੇ ਜੁੜੇ ਹੋਏ ਹਨ। ਇਕ ਕੁੜੀ ਗੁੱਡੀ ਦੀ ਮਾਂ ਬਣਦੀ ਹੈ ਤੇ ਦੂਜੀ ਗੁੱਡੇ ਦੀ। ਬਾਕੀ ਸਭ ਕੁੜੀਆਂ ਵੀ ਕਿਸੇ ਨਾ ਕਿਸੇ ਪਾਤ੍ਰ ਦਾ ਸਵਾਂਗ ਭਰਦੀਆਂ ਹਨ ਅਤੇ ਜੰਮਣ ਤੋਂ ਲੈ ਕੇ ਡੋਲੀ ਤੁਰਨ ਤਕ ਦੀਆਂ ਸਾਰੀਆਂ ਰਸਮਾਂ ਦਾ ਸਵਾਂਗ ਭਰਦੀਆਂ ਹਨ ਤੇ ਨਾਲੋਂ ਨਾਲ ਗੀਤ ਗਾਂਦੀਆਂ ਹਨ। ਛੋਟੀਆਂ ਕੁੜੀਆਂ ਦੀ ਇਹ ਬੜੀ ਮਨਭਾਉਂਦੀ ਖੇਡ ਹੈ।

(ਗ-171) **ਗੁਣਾਢੇ** :

ਇਕ ਵਿਦਵਾਨ, ਜਿਸ ਨੇ ਸੰਸਾਰ ਦਾ ਸਭ ਤੋਂ ਵਡਾ ਕਥਾ-ਕਹਾਣੀਆਂ ਦਾ ਗ੍ਰੰਥ 'ਵਡ ਕਹਾ' ਲਿਖਿਆ। ਇਸ ਗ੍ਰੰਥ ਦੇ ਇਕ ਰੂਪ ਨੂੰ 'ਬ੍ਰਿਹਤ ਕਥਾ ਸਰਿਤ ਸਾਗਰ' ਵੀ ਕਿਹਾ ਜਾਂਦਾ ਹੈ ਅਤੇ ਮੰਦੇ ਭਾਗੀਂ ਉਹ ਵੀ ਉਪਲਬਧ ਨਹੀਂ। ਇਸ ਗ੍ਰੰਥ ਦੇ ਆਧਾਰ ਉਤੇ ਰਚਿਆ 'ਕਥਾ ਸਰਿਤ ਸਾਗਰ' ਸੰਸਕ੍ਰਿਤ ਵਿਚ ਮਿਲਦਾ ਹੈ, ਜਿਸ ਦਾ ਅਨੁਵਾਦ ਕਈ ਬੋਲੀਆਂ ਵਿਚ ਹੋ ਚੁਕਾ ਹੈ।

ਗੁਣਾਢੇ ਨੇ ਮੂਲ ਗ੍ਰੰਥ ਪਿਸਾਚੀ ਵਿਚ ਲਿਖਿਆ ਸੀ ਅਤੇ ਇਸ ਵਿਚ ਸੱਤ ਲਖ ਦੋਹੇ ਸਨ। ਗੁਣਾਢੇ ਦੇ ਜਨਮ ਸਥਾਨ ਤੇ ਤਿੱਥ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਭਾਈ ਕਾਹਨ ਸਿੰਘ ਨਾਭਾ ਨੇ, ਇਸ ਦਾ ਸਮਾਂ ਹਜ਼ਰਤ ਈਸਾ ਤੋਂ 315 ਸਾਲ ਪਹਿਲਾਂ ਦਾ ਮੰਨਿਆ ਹੈ। ਇਹ ਗ੍ਰੰਥ ਪਿਸਾਚੀ ਉਪਭਾਖਾ ਵਿਚ ਹੋਣ ਕਰਕੇ, ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਣਾਢੇ ਪੱਛਮੀ ਪੰਜਾਬ ਦਾ ਵਸਨੀਕ ਸੀ, ਜਿਥੋਂ ਦੀ ਸਥਾਨਿਕ ਭਾਸ਼ਾ ਨੂੰ ਪਿਸਾਚੀ ਕਹਿੰਦੇ ਸਨ।

ਗੁਣਾਢੇ ਦੇ ਸ਼ਾਬਦਿਕ ਅਰਥ ਹਨ—ਪੂਰਣ ਗੁਣੀ। ਇਹ ਕਲਾਧਾਰੀ ਕਥਾਵਾਂ ਨੂੰ ਬਿਆਨ ਕਰਨ ਵਿਚ ਬੜਾ ਨਿਪੁੰਨ ਸੀ ਅਤੇ 'ਵਡ ਕਹਾ' ਰਾਮਾਇਣ ਤੇ ਮਹਾਂਭਾਰਤ ਦੇ ਬਰਾਬਰ ਦੀ ਰਚਨਾ ਦੱਸੀ ਜਾਂਦੀ ਹੈ। ਗੁਣਾਢੇ ਇਕ ਬ੍ਰਾਹਮਣ ਲੜਕੀ ਸਰੁਤਰਥਾ ਦੇ ਕੁਖੋਂ ਜੰਮਿਆ। ਜਨਮ ਵੇਲੇ ਅਕਾਸ਼ਵਾਣੀ ਹੋਈ ਕਿ ਇਹ ਕਲਾਧਾਰੀ, ਉੱਤਮ ਗੁਣਾਂ ਦਾ ਅਵਤਾਰ ਹੈ ਤੇ ਇਸ ਦਾ ਨਾਉਂ ਗੁਣਾਢੇ ਰਖਿਆ ਜਾਵੇ। ਵਿਦਿਆ ਪ੍ਰਾਪਤੀ ਪਿਛੋਂ ਇਹ ਸਾਤਵਾਹਨ ਦੇ ਦਰਬਾਰ ਵਿਚ ਨੌਕਰ ਹੋ ਗਿਆ।

ਗੁਣਾਢੇ ਸੰਸਕ੍ਰਿਤ ਭਾਸ਼ਾ ਨਾਲੋਂ ਲੋਕ-ਭਾਸ਼ਾਵਾਂ ਨੂੰ ਵਧੇਰੇ ਮਹਾਨਤਾ ਦੇਂਦਾ ਸੀ। ਉਸਨੇ ਪ੍ਰਣ ਕਰ ਲਿਆ ਕਿ ਉਹ ਸੰਸਕ੍ਰਿਤ ਨੂੰ ਤਿਆਗ ਦੇਵੇਗਾ। ਗੁਣਾਢੇ ਨੇ ਸੱਤ ਸਾਲਾਂ ਦੀ ਕਰੜੀ ਘਾਲਣਾ ਨਾਲ ਪਿਸਾਚੀ ਵਿਚ ਸੱਤ ਲਖ ਦੋਹੇ ਰਚੇ। ਜੰਗਲ ਵਿਚ ਸਿਆਹੀ ਦੀ ਅਣਹੋਂਦ ਕਾਰਨ ਇਸ ਗ੍ਰੰਥ ਨੂੰ ਗੁਣਾਢੇ ਨੇ ਆਪਣੇ ਲਹੂ ਨਾਲ ਰਚਿਆ।

ਗੁਣਾਢੇ ਨੇ ਆਪਣੇ ਦੋ ਸ਼ਿਸ਼ਾਂ ਗੁਣਾਦੇਵ ਤੇ ਨੰਦੀਦੇਵ ਦੇ ਜ਼ੋਰ ਦੇਣ ਉਤੇ ਇਹ ਗ੍ਰੰਥ ਰਾਜਾ ਸਾਤਵਾਹਨ ਨੂੰ ਭੇਟ ਕਰਨਾ ਚਾਹਿਆ, ਪਰ ਇਹ ਗ੍ਰੰਥ ਪਿਸਾਚੀ ਭਾਸ਼ਾ ਵਿਚ ਹੋਣ ਕਰਕੇ ਸਾਤਵਾਹਨ ਨੇ ਕਬੂਲ ਨਾ ਕੀਤਾ। ਗੁਣਾਢੇ ਨੂੰ ਬੜਾ ਦੁਖ ਹੋਇਆ ਅਤੇ ਉਸ ਨੇ ਜੰਗਲ ਵਿਚ ਵਡੀ ਸਾਰੀ ਧਾਂਡੀ ਬਾਲ ਕੇ, ਗ੍ਰੰਥ ਨੂੰ ਉੱਚੀ ਸੁਰ ਵਿਚ ਪੜ੍ਹਨਾ ਸ਼ੁਰੂ ਕਰ ਦਿਤਾ। ਜਦੋਂ ਇਕ ਪਤਰਾ ਪੂਰਾ ਪੜ੍ਹ ਲਿਆ ਜਾਂਦਾ, ਗੁਣਾਢੇ ਉਸ ਨੂੰ ਅੱਗ ਵਿਚ ਸੁਟ ਦੇਂਦਾ। ਜੰਗਲ ਦੇ ਸਾਰੇ ਪਸ਼ੂ ਪੰਛੀ ਅੱਗ ਦੁਆਲੇ ਕੀਲੇ ਹੋਏ, ਗੁਣਾਢੇ ਦੀ ਮਧੁਰ ਧੁਨੀ ਸੁਣਦੇ ਰਹਿੰਦੇ।

ਉਨ੍ਹੀਂ ਦਿਨੀਂ ਰਾਜਾ ਸਾਤਵਾਹਨ ਬੀਮਾਰ ਪੈ ਗਿਆ ਤੇ ਵੈਦਾਂ ਨੇ ਦਸਿਆ ਕਿ ਰਾਜਾ ਅਜਿਹੇ ਪਸ਼ੂਆਂ ਦਾ ਮਾਸ ਖਾਣ ਕਾਰਨ ਬੀਮਾਰ ਪੈ ਗਿਆ ਹੈ, ਜਿਨ੍ਹਾਂ ਵਿਚ ਤਾਜ਼ਗੀ ਦੇ ਪੌਸ਼ਟਿਕ ਤੱਤ ਘਟ ਸਨ। ਸ਼ਿਕਾਰੀਆਂ ਤੋਂ ਪੁੱਛ-ਪ੍ਰਤੀਤ ਕਰਨ ਉਤੇ, ਰਾਜੇ ਨੂੰ ਪਤਾ ਲੱਗਾ ਕਿ ਕੋਈ ਬ੍ਰਾਹਮਣ ਵਣ ਵਿਚ ਮਧੁਰ ਧੁਨੀ ਵਿਚ ਸ਼ਲੋਕ ਪੜ੍ਹਦਾ ਹੈ ਤੇ ਪਸ਼ੂ ਕੀਲੇ ਹੋਏ ਅੱਗ ਦਵਾਲੇ ਬੈਠੇ ਰਹਿੰਦੇ ਹਨ। ਉਹ ਕੁਝ ਖਾਂਦੇ ਪੀਂਦੇ ਵੀ ਨਹੀਂ, ਜਿਸ ਕਰਕੇ ਉਹ ਦੁਬਲੇ ਪਤਲੇ ਹੋ ਗਏ ਹਨ। ਸਾਤਵਾਹਨ ਇਹ ਗੱਲ ਸੁਣ ਕੇ ਇਤਨਾ ਹੈਰਾਨ ਹੋਇਆ ਕਿ ਉਹ ਜੰਗਲ ਵਿਚ ਖ਼ੁਦ ਗਿਆ ਤੇ ਉਸ ਨੇ ਗੁਣਾਢੇ ਤੋਂ ਖਿਮਾ ਮੰਗੀ ਤੇ 'ਵਡ ਕਹਾ' ਦੇ ਬਾਕੀ ਪੱਤਰਿਆਂ ਨੂੰ ਸਾੜਨ ਤੋਂ ਰੋਕਿਆ। ਪਰ ਉਦੋਂ ਤਕ ਗੁਣਾਢੇ ਛੇ ਲਖ ਸ਼ਲੋਕ ਅੱਗ ਵਿਚ ਸਾੜ ਚੁਕਾ ਸੀ। ਬਾਕੀ ਦੇ ਸ਼ਲੋਕ ਸੰਭਾਲ ਲਏ ਗਏ।

ਇਨ੍ਹਾਂ ਬਾਕੀ ਪੱਤਰਿਆਂ ਦੇ ਆਧਾਰ ਉਤੇ, ਜੋ ਗ੍ਰੰਥ ਰਚਿਆ ਗਿਆ, ਉਹ 'ਬ੍ਰਿਹਤ ਕਥਾ' ਦੇ ਨਾਂ ਨਾਲ ਪ੍ਰਸਿਧ ਹੋਇਆ।

(ਗ-172) **ਗੁੱਤ** :

ਧਾਗਿਆਂ ਦੀ ਬਣੀ ਬੰਦੀ ਵਿਚ ਗੁੰਦੇ ਸਿਰ ਦੇ ਵਾਲ; ਪੰਜਾਬਣਾਂ ਸਿਰ ਦੇ ਕੇਸਾਂ ਨੂੰ ਵਾਹ ਕੇ, ਧਾਗੇ ਜਾਂ ਉੱਨ ਦੇ ਬਣੇ ਤ੍ਰੈ-ਲੜੇ-ਬੰਦੇ ਵਿਚ, ਖ਼ਾਸ ਵਿਧੀ ਨਾਲ ਗੁੰਦ ਕੇ ਪਿਛੇ ਪਿਠ ਵਲ ਲਟਕਾ ਦੇਂਦੀਆਂ ਹਨ। ਜੇ ਵਾਲ ਲੰਮੇ ਹੋਣ ਤਾਂ ਇਹ ਗੁੱਤ ਕਾਲੀ ਸੱਪਣੀ ਵਾਂਗ ਲਟਕੀ ਲਗਦੀ ਹੈ ਤੇ ਮੁਟਿਆਰਾਂ ਦੀ ਦਿੱਖ ਨੂੰ ਨਿਖਾਰਦੀ ਹੈ। ਗੁੱਤ ਬਾਰੇ ਕਈ ਲੋਕ ਗੀਤ ਪ੍ਰਚਲਤ ਹਨ—

ਜਦੋਂ ਗੁੱਤ ਦੀ ਕਚਹਿਰੀ ਲਗਦੀ,
ਵਡੇ ਵਡੇ ਆਣ ਨਿੰਵਦੇ।

(ਗ-173) **ਗੁੱਥੀ ਹੱਥ ਦੇਣਾ** :

ਇਕ ਰੀਤ; ਨਵੀਂ ਵਿਆਹੀ ਦੁਲਹਨ, ਜਦੋਂ ਪਹਿਲੀ ਵਾਰ ਸਹੁਰੇ ਘਰ ਜਾਂਦੀ ਹੈ ਤਾਂ ਉਸਦਾ ਸਹੁਰਾ (ਜੇ ਸਹੁਰਾ ਨਾ ਹੋਵੇ ਤਾਂ ਜੇਠ ਜਾਂ ਕੋਈ ਹੋਰ ਵਡਿਕਾ) ਉਸਨੂੰ ਰੁਪਏ ਪੈਸਿਆਂ ਨਾਲ ਭਰੀ ਹੋਈ ਗੁੱਥੀ ਭੇਟ ਕਰਦਾ ਹੈ। ਦੁਲਹਨ ਇਸ ਗੁੱਥੀ ਨੂੰ, ਥੋੜੀ ਦੇਰ ਲਈ ਸ਼ਗਨ ਵਜੋਂ ਕੋਲ ਰਖ ਕੇ ਵਾਪਿਸ ਕਰ ਦੇਂਦੀ ਹੈ। ਇਸ ਰੀਤ ਦੇ ਪਿਛੋਕੜ ਵਿਚ ਇਹ ਭਾਵਨਾ ਹੈ ਕਿ ਉਹ ਇਸ ਘਰ ਵਿਚ ਲਛਮੀ ਨਾਲ ਖੇਡੇਗੀ ਅਤੇ ਰੁਪਏ ਪੈਸੇ ਬਾਰੇ ਉਸ ਉਤੇ ਪੂਰਾ ਭਰੋਸਾ ਕੀਤਾ ਜਾਵੇਗਾ।

(ਗ-174) **ਗੁੱਪ** :

ਇਕ ਖੇਡ, ਜੋ ਹਨੇਰੇ ਵਿਚ ਖੇਡੀ ਜਾਣ ਕਰਕੇ ਗੁੱਪ ਹਨੇਰਾ ਅਖਵਾਉਂਦੀ ਹੈ। ਇਸ ਖੇਡ ਵਿਚ ਕਪੜੇ ਦਾ ਕੋਟੜਾ ਜਿਹਾ ਵੱਟ ਲਿਆ ਜਾਂਦਾ ਹੈ। ਜੋ ਬੱਚਾ ਪੁੱਗਣ ਵੇਲੇ ਮੀਟੀ ਹੁੰਦਾ ਹੈ, ਉਸਦੇ ਹੱਥ ਵਿਚ ਇਕ ਕੋਟੜਾ ਦੇ ਦਿਤਾ ਜਾਂਦਾ ਹੈ। ਉਹ ਖੇਡ ਵਿਚ ਹਿੱਸਾ ਲੈਣ ਵਾਲੇ ਦੂਜੇ ਖਿਡਾਰੀਆਂ ਨੂੰ ਕੋਟੜਾ ਮਾਰਦਾ ਹੈ। ਬਾਕੀ ਖਿਡਾਰੀ ਉਸ ਤੋਂ ਕੋਟੜਾ ਖੋਂਹਦੇ ਹਨ। ਇਸ ਤਰ੍ਹਾਂ ਹਨੇਰੇ ਦੇ ਪਰਦੇ ਹੇਠ ਖੋਹ-ਖਿੰਜ ਲੱਗੀ ਰਹਿੰਦੀ ਹੈ ਤੇ ਇਕ ਦੂਜੇ ਨੂੰ ਕੋਟੜੇ ਮਾਰੇ ਜਾਂਦੇ ਤੇ ਖਿਲ੍ਹੀ ਪਾਈ ਜਾਂਦੀ ਹੈ। ਕਈ ਵਾਰ ਕੋਟੜੇ ਦੀ ਥਾਂ ਜੁੱਤੀਆਂ ਵੀ ਵਰਤ ਲਈਆਂ ਜਾਂਦੀਆਂ ਹਨ।

(ਗ-175) **ਗੁਪਤ ਦਾਨ** :

ਗੁਪਤ ਦਾਨ ਸਭ ਤੋਂ ਉੱਤਮ ਦਾਨ ਮੰਨਿਆ ਗਿਆ ਹੈ। ਇਸ ਤਰ੍ਹਾਂ ਦਾਨੀ ਦਾ ਲੋਕਾਂ ਨੂੰ ਪਤਾ ਨਹੀਂ ਚਲਦਾ ਤੇ ਦਾਨੀ ਦੇ ਮਨ ਅੰਦਰ ਅਭਿਮਾਨ ਨਹੀਂ ਪੈਦਾ ਹੁੰਦਾ।

ਤੀਰਥਾਂ ਉਤੇ ਇਸ਼ਨਾਨ ਕਰਨ ਵੇਲੇ, ਦਾਨੀ ਕਿਸੇ ਸਰੋਵਰ ਵਿਚ ਚਾਂਦੀ ਦੇ ਰੁਪਏ ਅਥਵਾ ਸੋਨੇ ਦੀ ਕੋਈ ਵਸਤੂ ਸੁਟ ਦੇਂਦੇ ਹਨ, ਜਿਸ ਨੂੰ ਬ੍ਰਾਹਮਣ ਮਗਰੋਂ ਕਢ ਲੈਂਦੇ ਹਨ। ਕੁਰਕਸ਼ੇਤਰ ਵਿਚ ਸੂਰਜ ਗ੍ਰਹਿਣ ਵੇਲੇ ਅਨੇਕਾਂ ਦਾਨੀ ਪਵਿਤ੍ਰ ਸਰੋਵਰਾਂ ਵਿਚ ਦਾਨ ਦੀ ਵਸਤੂ ਸੁਟ ਦੇਂਦੇ ਹਨ।

ਬ੍ਰਾਹਮਣਾਂ ਤੇ ਕੁੱਲ ਪ੍ਰੋਹਿਤਾਂ ਨੂੰ ਵੀ ਗੁਪਤ ਢੰਗਾਂ ਨਾਲ ਦਾਨ ਦੇਣ ਦੀ ਪ੍ਰਥਾ ਹੈ। ਜਿਵੇਂ ਕਿ ਕਿਸੇ ਬ੍ਰਾਹਮਣ ਕੋਲ ਕੋਈ ਕਪੜੇ ਦੀ ਗੰਢ ਅਥਵਾ ਰੁਪਿਆਂ ਦੀ ਥੈਲੀ ਰੱਖੀ ਜਾਣੀ ਤੇ ਫਿਰ ਲੈਣ ਹੀ ਨਾ ਆਉਣਾ। ਕਈ ਹੋਰ ਤਰੀਕਿਆਂ ਨਾਲ ਵੀ ਗੁਪਤ ਦਾਨ ਦਿਤਾ ਜਾਂਦਾ ਹੈ।

ਸਿੱਖਾਂ ਵਿਚ ਵੀ ਗੁਪਤ ਦਾਨ ਦੇਣ ਦੀ ਪ੍ਰਥਾ ਹੈ। ਦਾਨ ਦੇਣ ਵਾਲਾ ਗੁਰਸਿੱਖ ਬਿਨਾਂ ਆਪਣਾ ਨਾਂ ਪ੍ਰਗਟ ਕੀਤੇ, ਗੁਰਦਵਾਰੇ ਨੂੰ ਕੁਝ ਰਕਮ ਭੇਟ ਕਰ ਦੇਂਦਾ ਹੈ, ਜੋ ਧਰਮ ਅਰਥ ਕੰਮਾਂ ਲਈ ਵਰਤੀ ਜਾਂਦੀ ਹੈ।

ਉਹ ਦਾਨ ਜੋ ਬਿਨਾਂ ਆਪਣਾ ਆਪ ਪ੍ਰਗਟ ਕੀਤੇ ਦੇ ਜਾਂ ਪਰੋਖੇ ਹੀ ਕਿਸੇ ਧਾਰਮਿਕ ਸੰਸਥਾ ਜਾਂ ਧਰਮ ਅਸਥਾਨ ਨੂੰ ਭੇਟ ਕੀਤਾ ਜਾਵੇ। ਇਸ ਦਾਨ ਦਾ ਬੜਾ ਮਹਾਤਮ ਮੰਨਿਆ ਗਿਆ ਹੈ, ਕਿਉਂ ਜੋ ਅਜਿਹੇ ਦਾਨ ਨਾਲ ਮਨ ਵਿਚ ਅਭਿਮਾਨ ਨਹੀਂ ਪੈਦਾ ਹੁੰਦਾ।

ਕਿਸੇ ਜਲ-ਪ੍ਰਵਾਹ ਜਾਂ ਤਲਾਬ ਵਿਚ ਸੁਟਿਆ ਗਿਆ ਪੈਸਾ ਵੀ ਗੁਪਤ ਦਾਨ ਦੇ ਅੰਤਰਗਤ ਹੈ। ਹਿੰਦੂਆਂ ਵਿਚ ਜਲ ਨੂੰ ਪਾਵਨ ਤੇ ਜਲ ਦੇਵਤੇ ਦਾ ਰੂਪ ਮੰਨਿਆ ਜਾਂਦਾ ਹੈ। ਇਸ ਲਈ ਜਲ ਦੇਵਤੇ ਦੇ ਦਰਸ਼ਨ ਕਰਨ ਜਾਂ ਛੂਹ ਪ੍ਰਾਪਤ ਕਰਨ ਪਿਛੋਂ ਦਰਸ਼ਨ ਭੇਟ ਜ਼ਰੂਰੀ ਮੰਨੀ ਜਾਂਦੀ ਹੈ। ਇਸ ਲਈ ਸੰਨਾਤਨੀ ਹਿੰਦੂ ਨਦੀ, ਦਰਿਆ ਵਰਗੇ ਜਲ-ਪ੍ਰਵਾਹ ਕੋਲੋਂ ਲੰਘਦਿਆਂ ਜਾਂ ਉਸ ਵਿਚ ਇਸ਼ਨਾਨ ਕਰਦਿਆਂ ਕੁਝ ਪੈਸੇ ਭੇਟ ਕਰਦੇ ਹਨ। ਗੰਗਾ ਵਿਚ ਇਸ਼ਨਾਨ ਕਰਨ ਲਗਿਆਂ ਵੀ ਦਰਸ਼ਨ ਭੇਟ ਦਿਤੀ ਜਾਂਦੀ ਹੈ। ਇਕ ਕਥਾ ਵੀ ਹੈ ਕਿ ਨਾਮਦੇਵ ਦਾ ਕਸੀਰਾ ਗੰਗਾ ਮਾਈ ਨੇ ਪਾਣੀ ਵਿਚੋਂ ਹੱਥ ਬਾਹਰ ਕੱਢ ਕੇ ਫੜਿਆ ਸੀ।

(ਗ-176) **ਗੁਪਤ ਵਾਰਤਾਲਾਪ ਸੁਣਨਾ** :

ਲੋਕ-ਕਹਾਣੀਆਂ ਦੀ ਇਕ ਬੜੀ ਪ੍ਰਚਲਿਤ ਕਥਾਨਿਕ ਰੂੜ੍ਹੀ; ਕੋਈ ਪਸ਼ੂ-ਪੰਛੀ ਜਾਂ ਸ਼ਖ਼ਸ ਕਿਸੇ ਗੁਪਤ ਭੇਤ ਨੂੰ ਦੂਜੇ ਨੂੰ ਦਸਦਿਆਂ ਸੁਣ ਲੈਂਦਾ ਹੈ। ਫਿਰ ਉਸਨੂੰ ਕਥਾ ਵਿਚਲੇ ਨਾਇਕ ਦੇ ਹਿਤ ਲਈ ਵਰਤਦਾ ਹੈ। ਕਈ ਵਾਰ

ਤੇ ਪੰਛੀਆਂ ਵਿਚ ਹੋ ਰਹੀਆਂ ਗੱਲਾਂ ਤੋਂ ਗੁਪਤ ਭੇਦ ਨੂੰ ਜਾਣ ਲਿਆ ਜਾਂਦਾ ਹੈ ਤੇ ਇਸ ਭੇਤ ਨੂੰ ਪਾ ਲੈਣ ਕਰਕੇ ਨਾਇਕ ਕਿਸੇ ਸੰਕਟ ਜਾਂ ਮੌਤ ਤੋਂ ਬਚ ਨਿਕਲਦਾ ਹੈ। ਜਾਂ ਫਿਰ ਧਨ ਦੌਲਤ ਅਥਵਾ ਉੱਚੀ ਸਥਿਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਅਨੇਕਾਂ ਕਥਾਵਾਂ ਵਿਚ ਇਹ ਕਥਾ-ਰੂੜ੍ਹੀ ਮਿਲਦੀ ਹੈ।

(ਗ-177) **ਗੁਪਤਾ** :

ਹਿੰਦੂ ਬਾਣੀਆਂ ਦੀ ਇਕ ਗੋਤ (ਵੇਖੋ : ਬਾਣੀਆਂ)।

(ਗ-178) **ਗੁਫਾ ਵਾਲਾ ਤਲਾਬ** :

ਜਲੰਧਰ ਸ਼ਹਿਰ ਵਿਚ ਗੁਫਾ ਦੇ ਕੋਲ ਜੋ ਤਲਾਬ ਹੈ, ਉਸਦਾ ਮੁਢ ਮਿਥਕ ਕਥਾਵਾਂ ਨਾਲ ਜੋੜਿਆ ਜਾਂਦਾ ਹੈ। ਰਵਾਇਤ ਅਨੁਸਾਰ ਇਸੇ ਤਲਾਬ ਵਿਚ ਜਲੰਧਰ ਦੈਂਤ ਇਸ਼ਨਾਨ ਕੀਤਾ ਕਰਦਾ ਸੀ। ਜਲੰਧਰ ਗਜ਼ਟੀਅਰ, (ਪੰਨਾ 21) ਅਨੁਸਾਰ ਇਹ ਤਲਾਬ ਜਲੰਧਰ ਦੈਂਤ ਦੀ ਪਤਨੀ ਵਰਿੰਦਾ ਦੇ ਨਾਂ ਉਤੇ ਕਦੇ 'ਵਰਿੰਦਾਪੜ' ਅਖਵਾਉਂਦਾ ਸੀ।

(ਗ-179) **ਗੁੰਮਟੀ** :

ਮਕਾਨ ਦੀ ਸਭ ਤੋਂ ਉਪਰਲੀ ਅਟਾਰੀ ਜਾਂ ਮੱਮਟੀ। ਗੁੰਮਟੀ ਉਤੇ ਕਿਸੇ ਪੰਛੀ ਜਾਂ ਉੱਲੂ ਦਾ ਬਹੁਤਾ ਚਿਰ ਬੈਠਣਾ ਅਸ਼ੁਭ ਮੰਨਿਆ ਗਿਆ ਹੈ, ਕਿਉਂ ਜੋ ਗਿੱਧ ਮੁਰਦਾਰ ਖਾਂਦੀ ਹੈ ਤੇ ਉੱਲੂ ਉਜਾੜ ਮੰਗਦਾ ਹੈ। ਇਨ੍ਹਾਂ ਦੋਹਾਂ ਦਾ ਗੁੰਮਟੀ ਉਤੇ ਬਾਰ ਬਾਰ ਆ ਕੇ ਬੈਠਣਾ, ਮਕਾਨ ਵਿਚ ਵਸਦੇ ਜੀਆਂ ਦੇ ਵਿਨਾਸ਼ ਦਾ ਸੂਚਕ ਹੈ।

(ਗ-180) **ਗੁਰਗਲਾ** :

ਇਕ ਖਾਦ ਪਦਾਰਥ; ਮਾਂਹ ਦੀ ਦਾਲ ਭਿਉਂ ਕੇ ਤੇ ਰਗੜ ਕੇ ਤੇਲ ਵਿਚ ਤਲ ਕੇ ਤਿਆਰ ਕੀਤਾ ਪਦਾਰਥ। ਸੀਤਲਾ ਮਾਈ ਗੁਰਗਲਿਆਂ ਦੇ ਪ੍ਰਸ਼ਾਦਿ ਨਾਲ ਬੜੀ ਪ੍ਰਸੰਨ ਹੁੰਦੀ ਹੈ, ਕਿਉਂ ਜੋ ਗੁਰਗਲੇ ਮਾਤਾ ਦੇ ਦਾਣਿਆਂ ਜਾਂ ਫਫੋਲਿਆਂ ਵਾਂਗ ਫੂਲੇ ਹੁੰਦੇ ਹਨ। ਜਗਰਾਵਾਂ ਦੇ ਮੇਲੇ ਉਤੇ ਤੀਵੀਆਂ ਬਹੇ ਗੁਰਗਲਿਆਂ ਦਾ ਭੋਗ, ਸੀਤਲਾ ਮਾਈ ਵਾਹੁਣ, ਖੋਤੇ ਨੂੰ ਲਵਾਂਦੀਆਂ ਹਨ ਤੇ ਫਿਰ ਕੁਝ ਗੁਰਗਲੇ ਲੋਕਾਂ ਵਿਚ ਵੰਡਦੀਆਂ ਤੇ ਕੁਝ ਆਪ ਖਾਂਦੀਆਂ ਹਨ। ਇਸ ਤਰ੍ਹਾਂ ਸੀਤਲਾ ਮਾਈ ਪਸੀਜਦੀ ਹੈ ਤੇ ਆਉਣ ਵਾਲੇ ਵਰ੍ਹੇ ਵਿਚ ਮਾਈ ਦੀ ਬਖ਼ਸ਼ਿਸ਼ ਸਦਕਾ ਬੱਚਿਆਂ ਨੂੰ ਮਾਤਾ ਨਹੀਂ ਨਿਕਲਦੀ।

(ਗ-181) **ਗੁਰਜਕਾਰ** :

ਭਾਈ ਕਾਹਨ ਸਿੰਘ ਨਾਭਾ (ਮਹਾਨ ਕੋਸ਼) ਅਨੁਸਾਰ ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ, ਜੋ ਆਪਣੇ ਪਾਸ ਗੁਰਜ ਰਖਦਾ ਹੈ। ਇਹ ਫ਼ਕੀਰ ਮੰਗਣ ਆਏ ਆਪਣੇ ਨੰਗੇ ਸਰੀਰ ਉਤੇ ਗੁਰਜ ਨਾਲ ਸੱਟਾਂ ਮਾਰਦੇ ਸਨ ਅਤੇ ਇਸ ਤਰ੍ਹਾਂ ਭੈਅ ਤੇ ਤਰਸ ਦੇ ਭਾਵ ਪੈਦਾ ਕਰਕੇ, ਦਾਨ ਲਿਆ ਕਰਦੇ ਸਨ। ਅਜ ਕਲ ਇਹ ਫ਼ਕੀਰ ਵੇਖਣ ਵਿਚ ਨਹੀਂ ਆਉਂਦੇ।

(ਗ-182) **ਗੁਰ ਦੀਖਿਆ** :

ਗੁਰੂ ਦੁਆਰਾ ਸਿੱਖ ਨੂੰ ਧਰਮ-ਮੰਤ੍ਰ ਦਾ ਉਪਦੇਸ਼। ਜਦੋਂ ਕੋਈ ਸਿੱਖ ਕਿਸੇ ਗੁਰੂ ਨੂੰ ਧਾਰਨ ਕਰਦਾ ਹੈ ਤਾਂ ਗੁਰੂ-ਧਰਮ ਬਾਰੇ ਪਹਿਲੀ ਵਾਰ ਜੋ ਸਿਖਿਆ ਜਾਂ ਉਪਦੇਸ਼ ਦਿਤਾ ਜਾਵੇ, ਉਹ ਗੁਰ ਦੀਖਿਆ ਅਖਵਾਉਂਦੀ ਹੈ।

(ਗ-183) **ਗੁਰ ਦੱਛਣਾ** :

ਗੁਰੂ ਤੋਂ ਦੀਖਿਆ ਲੈਣ ਲਗਿਆਂ ਜਾਂ ਦਰਸ਼ਨ ਕਰਨ ਲਗਿਆਂ, ਉਸਨੂੰ ਦਿਤੀ ਗਈ ਭੇਟ। ਹਿੰਦੂ ਧਰਮ-ਸ਼ਾਸਤ੍ਰਾਂ ਅਨੁਸਾਰ ਗੁਰੂ ਦੇ ਦਰਸ਼ਨ ਕਰਨ ਲਗਿਆਂ, ਪਹਿਲਾਂ ਉਨ੍ਹਾਂ ਨੂੰ ਕੁਝ ਭੇਟ ਕਰਨਾ ਚਾਹੀਦਾ ਹੈ ਤੇ ਫਿਰ ਉਨ੍ਹਾਂ ਨਾਲ ਬਚਨ-ਬਿਲਾਸ ਕਰਨਾ ਜਾਂ ਉਨ੍ਹਾਂ ਤੋਂ ਕੋਈ ਸਿਖਿਆ ਲੈਣੀ ਚਾਹੀਦੀ ਹੈ। ਗੁਰ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ :

'ਤੇ ਪ੍ਰਥਮੇ ਗੁਰ ਦੱਛਣਾ ਦੀਜੈ,
ਪਾਛੈ ਸ੍ਰਵਣ ਗਯਾਨ ਕੋ ਕੀਜੈ।'

(ਗ-184) **ਗੁਰ ਪੂਰਣਮਾ** :

ਹਾੜ ਦੀ ਪੂਰਨਮਾਸ਼ੀ ਨੂੰ ਹਿੰਦੂ ਗੁਰ-ਪੂਰਣਮਾ ਦੇ ਰੂਪ ਵਿਚ ਮਨਾਉਂਦੇ ਹਨ। ਇਸ ਦਿਨ ਆਪਣੇ ਗੁਰੂ ਦੀ ਪੂਜਾ ਕਰਨ ਦਾ ਖ਼ਾਸ ਮਹਾਤਮ ਹੈ। ਗੁਰੂ ਦੀ ਦੈਵੀ ਕਲਾ ਦਾ ਕੁਝ ਅੰਸ਼ ਪੂਜਾ ਕਰਨ ਵਾਲੇ ਸ਼ਿਸ਼ ਵਿਚ ਵੀ ਰਚ ਜਾਂਦਾ ਹੈ ਤੇ ਉਹ ਕਲਾਧਾਰੀ ਹੋ ਜਾਂਦਾ ਹੈ। ਗੁਰੂ ਦੀ ਸਥਿਤੀ ਭਾਰਤੀ ਅਧਿਆਤਮਕ ਤੇ ਸ਼ਿਖਸ਼ਕ ਜੀਵਨ ਵਿਚ ਬੜੀ ਉੱਚੀ ਰਹੀ ਹੈ। ਇਸ ਤਿੱਥ ਨੂੰ, ਗੁਰੂ ਨੂੰ ਪ੍ਰਭੂ ਦਾ ਸਰੂਪ ਸਮਝ ਕੇ, ਹਿੰਦੂ ਉਸ ਵਿਚ ਬ੍ਰਹਮਤਵ, ਵਿਸ਼ਨੂੰਤਵ ਤੇ ਸ਼ਿਵਤਵ ਦੀ ਸਾਂਝੀ ਸ਼ਕਤੀ ਰੂਪਮਾਨ ਮੰਨਦੇ ਹਨ ਅਤੇ ਇਸਨੂੰ ਧਾਰਨ ਕਰਨ ਲਈ ਗੁਰੂ ਨੂੰ ਪੂਜਦੇ ਹਨ।

ਇਸ ਤਿੱਥ ਨੂੰ ਇਸ਼ਨਾਨ ਕਰਨ ਉਪ੍ਰੰਤ ਗੁਰੂ ਦੇ ਘਰ ਜਾ ਕੇ ਉਸਨੂੰ ਦੱਖਸ਼ਣਾ ਵਜੋਂ ਕਪੜੇ, ਫਲ ਤੇ ਨਕਦ ਰੁਪਏ ਭੇਟ ਕੀਤੇ ਜਾਂਦੇ ਹਨ ਤੇ ਫਿਰ ਧੂਪ, ਦੀਪ, ਚੰਦਨ, ਫੁੱਲ ਤੇ ਫਲ ਨਾਲ ਗੁਰੂ ਦੀ ਪੂਜਾ ਕੀਤੀ ਜਾਂਦੀ ਹੈ।

(ਗ-185) **ਗੁਰਬੰਸ** :

ਗੁਰੂ ਜੀ ਦੀ ਅੰਸ਼ ਜਾਂ ਕੁੱਲ; ਲੋਕਧਾਰਾ ਅਨੁਸਾਰ ਗੁਰੂ ਸੂਰਜ ਵਾਂਗ ਹੈ, ਜਿਸ ਦਾ ਜਲੌ ਉਸ ਦੀਆਂ ਇੱਕੀ ਕੁੱਲਾਂ ਤੇ ਸਹਿਜ ਰੂਪ ਵਿਚ ਪਸਰਦਾ ਹੈ ਤੇ ਉਹ ਸਭ ਸਹਿਜੇ ਹੀ ਮੁਕਤ ਹੋ ਜਾਂਦੀਆਂ ਹਨ। ਇਨ੍ਹਾਂ ਵਿਚ ਉਸ ਦੀਆਂ ਪੂਰਬਲੀਆਂ ਦਸ ਕੁੱਲਾਂ ਸ਼ਾਮਲ ਹੁੰਦੀਆਂ ਹਨ, ਦਸ ਉਤਰਾਧਿਕਾਰੀ ਤੇ ਇਕ ਸਮਕਾਲੀ। ਨਿਸ਼ਚਾ ਹੈ ਕਿ ਗੁਰੂ ਆਪਣੀਆਂ ਉਤਰਾਧਿਕਾਰੀ ਦਸ ਕੁੱਲਾਂ ਵਿਚ ਅੰਸ਼ ਰੂਪ ਵਿਚ ਰਚਿਆ ਰਹਿੰਦਾ ਹੈ। ਸਿੱਖ ਧਰਮ ਵਿਚ ਦਸ ਗੁਰੂ ਸਾਹਿਬਾਨ ਨੂੰ ਇਕ ਜੋਤ ਮੰਨਣ ਦਾ ਵਿਸ਼ਵਾਸ ਇਸੇ ਨਿਸ਼ਚੇ ਉਤੇ ਆਧਾਰਤ ਹੈ। ਦਸਾਂ ਕੁੱਲਾਂ ਪਿਛੋਂ ਇਹ ਅੰਸ਼ ਘਟਦਾ ਜਾਂਦਾ ਹੈ ਤੇ ਇੱਕੀ ਕੁੱਲਾਂ ਪਿਛੋਂ ਸਮਾਪਤ ਹੋ ਜਾਂਦਾ ਹੈ। ਇਸ ਲਈ ਇੱਕੀ ਕੁੱਲਾਂ ਤਕ ਗੁਰੂ ਦੀ ਕੁੱਲ ਦੇ ਚਰਨ-ਛੂਹ ਉਸ ਕਣੀ ਨੂੰ ਆਪਣੇ ਅੰਦਰ ਪ੍ਰਜਵਲਤ ਕੀਤਾ ਜਾ ਸਕਦਾ ਹੈ, ਜੋ ਗੁਰੂ ਦੀ ਅੰਸ਼ ਹੋਣ ਕਰਕੇ ਉਸ ਵਿਚ ਵਿਦਮਾਨ ਹੈ। ਇਹ ਵਿਚਾਰ ਲਾਗਵੇਂ ਟੂਣੇ ਉਤੇ ਆਧਾਰਤ ਹੈ, ਜਿਸ ਅਨੁਸਾਰ ਅੰਸ਼ ਤੋਂ ਅੰਸ਼ੀ ਤਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ। ਇਸ ਆਸ਼ੇ ਨਾਲ ਸਿੱਖਾਂ ਵਿਚ ਗੁਰੂ ਅੰਸ਼ਾਂ–ਬੇਦੀਆਂ, ਸੋਢੀਆਂ, ਤ੍ਰੇਹਣਾਂ ਤੇ ਭੱਲਿਆਂ ਨੂੰ ਗੁਰਸਿੱਖ ਵਡਿਆਈ ਦੇਂਦੇ ਹਨ।

(ਗ-186) **ਗੁਰ-ਮੰਤਰ** :

ਉਹ ਮੰਤਰ ਜੋ ਗੁਰੂ ਚੇਲੇ ਨੂੰ ਪੰਥ ਵਿਚ ਦਾਖ਼ਲ ਹੋਣ ਲਈ ਸਭ ਤੋਂ ਪਹਿਲਾਂ ਦੇਂਦਾ ਹੈ। ਕਿਸੇ ਨਵੇਂ ਮੱਤ ਨੂੰ ਧਾਰਨ ਕਰਨ ਲੱਗਿਆਂ, ਗੁਰੂ ਵਲੋਂ ਦਿਤਾ ਪਹਿਲਾ ਉਪਦੇਸ਼; ਗੁਰ ਮੰਤਰ ਵਿਚ ਗੁਰੂ ਦੀ ਅਧਿਆਤਮਕ ਸ਼ਕਤੀ ਅੰਸ਼ ਰੂਪ ਵਿਚ ਸਮਾਈ ਹੋਈ ਹੈ ਅਤੇ ਗੁਰ-ਮੰਤਰ ਗੁਰੂ ਦਾ ਰੂਪ ਜਾਣ ਕੇ, ਜਪਿਆ ਜਾਂਦਾ ਹੈ (ਵੇਖੋ : ਮੰਤਰ)। ਹਿੰਦੂਆਂ ਵਿਚ ਜਨੇਊ ਪਾਉਣ ਵੇਲੇ ਬ੍ਰਾਹਮਣ ਬਾਲਕ ਨੂੰ, ਜੋ ਮੰਤਰ ਦੇਂਦਾ ਹੈ, ਉਸ ਨੂੰ ਵੀ ਗੁਰ-ਮੰਤਰ ਕਿਹਾ ਜਾਂਦਾ ਹੈ। ਹਿੰਦੂਆਂ ਵਿਚ ਗਾਇਤ੍ਰੀ ਮੰਤਰ ਨੂੰ ਗੁਰ-ਮੰਤਰ ਕਰਕੇ ਜਾਣਿਆ ਜਾਂਦਾ ਹੈ। ਸਿੱਖਾਂ ਵਿਚ '੧ ੴ' ਤੋਂ ਲੈ ਕੇ 'ਗੁਰਪ੍ਰਸਾਦਿ' ਤਕ ਦੇ ਸ਼ਬਦ ਗੁਰ-ਮੰਤਰ ਅਖਵਾਉਂਦੇ ਹਨ।

(ਗ-187) **ਗੁਰਾਹਾ (ਕਸਬਾ)** :

ਜ਼ਿਲਾ ਜਲੰਧਰ ਦਾ ਇਕ ਕਸਬਾ, ਜੋ ਜਰਨੈਲੀ ਸੜਕ ਉਤੇ, ਫਲੌਰ ਤੇ ਫਗਵਾੜੇ ਦੇ ਵਿਚਕਾਰ ਸਥਿਤ ਹੈ। ਇਹ ਕਸਬਾ ਗੁਰਾਹਾ ਨਾਉਂ ਦੇ ਜੱਟਾਂ ਦੇ ਕਬੀਲੇ ਨੇ ਵਸਾਇਆ। ਰਵਾਇਤ ਹੈ ਕਿ ਗੁਰਾਹਾ ਕਬੀਲੇ ਦੇ ਇਕ ਬਜ਼ੁਰਗ ਨੇ, ਇਕ ਬੜਾ ਕੀਮਤੀ ਘੋੜਾ ਨਵਾਬ ਗ਼ਾਜ਼ੀ ਖ਼ਾਨ ਦੀ ਭੇਟ ਕੀਤਾ। ਟਵਾਣਾਂ ਨੂੰ ਇਹ ਘੋੜਾ ਪਸੰਦ ਆਇਆ ਤੇ ਉਸਨੇ ਉਸ ਬਜ਼ੁਰਗ ਨੂੰ ਕਿਹਾ ਕਿ ਉਹ ਇਨਾਮ ਵਜੋਂ ਜ਼ਿਮੀਂ ਭੇਟ ਕਰਨਾ ਚਾਹੁੰਦਾ ਹੈ। ਉਹ ਇਸੇ ਘੋੜੇ ਤੇ ਸਵਾਰ ਹੋ ਕੇ ਅੱਠ ਪਹਿਰਾਂ ਵਿਚ ਜਿਤਨੀ ਜ਼ਿਮੀਂ ਘੇਰ ਲਏਗਾ, ਉਹ ਉਸੇ ਦੇ ਕਬੀਲੇ ਦੇ ਨਾਉਂ ਲਿਖਵਾ ਦਿਤੀ ਜਾਵੇਗੀ। ਜਿਤਨੀ ਜ਼ਿਮੀਂ ਉਸ ਬਜ਼ੁਰਗ ਨੇ ਵਲੀ, ਉਥੇ ਜੋ ਪਿੰਡ ਵਸਿਆ, ਉਸ ਦਾ ਨਾਉਂ ਕਬੀਲੇ ਦੇ ਨਾਉਂ ਉਤੇ, ਗੁਰਾਹਾ ਰਖਿਆ ਗਿਆ। ਗੁਰਾਹਾ ਸ਼ਬਦ ਮਧ-ਪ੍ਰਾਂਤ ਵਿਚ ਨਿਹੰਗ ਲਈ ਵਰਤਿਆ ਜਾਂਦਾ ਹੈ। ਹੋ ਸਕਦਾ ਹੈ ਕਿ ਇਸ ਕਬੀਲੇ ਦੇ ਲੋਕ ਕਦੇ ਨੀਲਗਾਵਾਂ ਚਾਰਦੇ ਰਹੇ ਹੋਣ।

(ਗ-188) **ਗੁਰਾਹਾ (ਕਬੀਲਾ)** :

ਜੱਟਾਂ ਦਾ ਇਕ ਕਬੀਲਾ, ਪੰਜਾਬ ਦੇ ਜ਼ਿਲਾ ਜਲੰਧਰ ਵਿਚ 'ਗੁਰਾਹਾ' ਨਾਉਂ ਦਾ ਇਕ ਕਸਬਾ, ਇਸੇ ਕਬੀਲੇ ਦੇ ਕਿਸੇ ਵਡਿਕੇ ਨੇ ਵਸਾਇਆ। ਇਸ ਕਬੀਲੇ ਦੇ ਬਹੁਤੇ ਲੋਕ ਗੁਜਰਾਂਵਾਲਾ, ਸਿਆਲਕੋਟ ਤੇ ਮਿੰਟਗੁਮਰੀ ਵਿਚ ਵਸਦੇ ਹਨ। ਦੇਸ਼ ਵੰਡ ਤੋਂ ਪਹਿਲਾਂ ਇਸ ਗੋਤ ਦੇ ਕੁਝ ਜੱਟ ਗੁਰਦਾਸਪੁਰ ਵਿਚ ਵੀ ਵਸਦੇ ਸਨ। ਗਲਾਸਰੀ ਅਨੁਸਾਰ ਇਸ ਕਬੀਲੇ ਦੇ 31 ਪਿੰਡ ਗੁਜਰਾਂਵਾਲਾ ਵਿਚ ਵਸੇ ਹੋਏ ਹਨ।

ਗਲਾਸਰੀ ਅਨੁਸਾਰ ਇਸ ਕਬੀਲੇ ਬਾਰੇ ਤਿੰਨ ਰਵਾਇਤਾਂ ਪ੍ਰਚਲਤ ਹਨ–ਇਕ ਰਵਾਇਤ ਅਨੁਸਾਰ ਇਹ ਚੰਦਰਬੰਸੀ ਰਾਜਪੂਤਾਂ ਦੀ, ਸਰੋਹਾ ਕੁੱਲ ਦੀ ਵੰਸ਼ ਹਨ ਅਤੇ ਇਹ ਸਰਸੇ ਤੋਂ ਗੁਜਰਾਂਵਾਲੇ ਆ ਵਸੇ ਅਤੇ ਖ਼ਾਨਾਬਦੋਸ਼ਾਂ ਵਾਂਗ ਗਊਆਂ ਨੂੰ ਪਾਲ ਕੇ ਗੁਜ਼ਾਰਾ ਕਰਨ ਲਗੇ। ਦੂਜੀ ਰਵਾਇਤ ਅਨੁਸਾਰ ਇਹ ਸੂਰਜਬੰਸੀ ਰਾਜਪੂਤ ਗੁਰਾਹਾ ਜਿਸ ਦਾ ਪੋਤਰਾ ਮਲ ਪੰਦਰਾਂ ਪੀੜ੍ਹੀਆਂ ਪਹਿਲਾਂ ਲਖੀ ਥਲ ਤੋਂ ਇਥੇ ਆ ਕੇ ਵਸਿਆ ਸੀ, ਦੀ ਔਲਾਦ ਹਨ। ਤੀਜੀ ਰਵਾਇਤ ਅਨੁਸਾਰ ਇਹ ਮੁਗਲਾਂ ਦੇ ਰਾਜ ਸਮੇਂ ਜੰਮੂ ਦੀਆਂ ਪਹਾੜੀਆਂ ਤੋਂ ਗੁਜਰਾਂਵਾਲਾ ਆ ਵਸੇ। ਸਿਆਲਕੋਟ ਵਿਚ ਵਸਦੇ ਗੁਰਾਹੇ ਬੁੱਧ ਦੀ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ, ਜਿਸ ਦੇ 20 ਪੁੱਤਰ ਸਨ, ਜਿਨ੍ਹਾਂ ਵਿਚੋਂ ਇਕ ਦਾ ਨਾਉਂ ਗੁਰਾਯਾ ਸੀ।

ਸਿਆਲਕੋਟ ਦੇ ਗੁਰਾਇਆ ਅਨੁਸਾਰ ਇਨ੍ਹਾਂ ਦੀ ਕੁੱਲ ਦਾ ਮੋਢੀ ਰਾਣਾ ਸੀ, ਜੋ ਅਕਬਰ ਦੇ ਸਮੇਂ ਸਰਸੇ ਤੋਂ ਜੰਮੂ ਆਇਆ ਤੇ ਫਿਰ ਪਸਰੂਰ ਵਿਚ ਜਾ ਵਸਿਆ।

ਸਿਆਲਕੋਟ ਵਿਚ ਇਨ੍ਹਾਂ ਦੇ ਪੀਰ, ਪੀਰ ਮੁੰਡਾ ਦੀ ਖ਼ਾਨਗਾਹ ਹੈ, ਜਿਸ ਦਾ ਇਹ ਬੜਾ ਸਤਿਕਾਰ ਕਰਦੇ ਹਨ ਅਤੇ ਵਿਆਹ ਸਮੇਂ ਦੂਲ੍ਹਾ ਤੇ ਦੁਲ੍ਹਨ ਦੋਵੇਂ ਇਸ ਖ਼ਾਨਗਾਹ

ਦੀ ਸਤ ਵਾਰ ਪ੍ਰਕਰਮਾ ਕਰਦੇ ਤੇ ਭੇਟ ਚਾੜ੍ਹਦੇ ਹਨ। ਇਹ ਗੀਤ ਇਸ ਕਬੀਲੇ ਦੇ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਵਿਚ ਪ੍ਰਚਲਤ ਰਹੀ ਹੈ। ਇਨ੍ਹਾਂ ਦੇ ਵਿਆਹ ਦੀਆਂ ਬਹੁਤੀਆਂ ਰਸਮਾਂ-ਰੀਤਾਂ ਸਾਹੀ ਜੱਟਾਂ ਨਾਲ ਮਿਲਦੀਆਂ ਹਨ। ਵਿਰਸੇ ਦੀ ਵੰਡ ਸਮੇਂ 'ਚੂੰਡਾ ਵੰਡ' ਨੂੰ ਮੁਖ ਰਖਿਆ ਜਾਂਦਾ ਹੈ (ਵੇਖੋ : ਚੂੰਡਾ ਵੰਡ)।

(ਗ-189) **ਗੁਰੂ ਦੀ ਸਹੁੰ** :

ਕਿਸੇ ਗੱਲ ਜਾਂ ਵਾਕ ਦੀ ਸੱਚਾਈ ਲਈ, ਗੁਰੂ ਨੂੰ ਸਾਖੀ ਮੰਨ ਕੇ ਕਸਮ ਚੁਕਣਾ। ਸਿੱਖਾਂ ਵਿਚ ਗੁਰੂ ਦੀ ਸਹੁੰ ਚੁੱਕਣ ਦਾ ਰਵਾਜ ਹੈ, ਕਿਉਂਕਿ ਉਨ੍ਹਾਂ ਲਈ ਗੁਰੂ ਤੋਂ ਉੱਚਾ ਹੋਰ ਕੋਈ ਨਹੀਂ।

(ਗ-190) **ਗੁਰੂ ਪੀਰ ਦਾ ਖੋਟ** :

ਕਿਸੇ ਗੁਰੂ ਪੀਰ ਦੀ ਅਰਾਧਨਾ, ਅਥਵਾ ਪੂਜਾ ਵਿਚ ਅਣਗਹਿਲੀ ਹੋਣ ਕਾਰਨ, ਉਸ ਗੁਰੂ ਪੀਰ ਦੀ ਕਰੋਪੀ, ਜੋ ਕਿਸੇ ਰੋਗ ਦੀ ਸ਼ਕਲ ਵਿਚ, ਕੋਤਾਹੀ ਕਰਨ ਵਾਲੇ ਵਿਚ ਪ੍ਰਗਟ ਹੁੰਦੀ ਹੈ। ਜਿਸ ਗੁਰੂ ਪੀਰ ਦਾ ਖੋਟ ਹੋਵੇ, ਉਸਦੀ ਪੂਜਾ ਕਰਕੇ ਖੋਟ ਬਖਸ਼ਾਇਆ ਜਾਂਦਾ ਹੈ।

(ਗ-191) **ਗੁਲਕਾਰੀ** :

ਗੁਲਕਾਰੀ ਤੋਂ ਭਾਵ ਫੁੱਲਾਂ ਦੀ ਕਢਾਈ ਕਰਨ ਤੋਂ ਹੈ। ਪੰਜਾਬ ਵਿਚ ਅਜਿਹੀ ਕਢਾਈ ਲਈ ਫੁੱਲਕਾਰੀ ਸ਼ਬਦ ਵਰਤਿਆ ਜਾਂਦਾ ਹੈ (ਵੇਖੋ : ਫੁੱਲਕਾਰੀ)।

(ਗ-192) **ਗੁਲਗੁਨਾ** :

ਸ਼ੀਰੀਂ ਦੇ ਘੋੜੇ ਦਾ ਨਾਂ; ਇਹ ਘੋੜਾ ਜਿਥੇ ਖ਼ੂਬਸੂਰਤੀ ਤੇ ਡੀਲ ਡੌਲ ਵਿਚ ਅਪੂਰਵ ਸੀ ਉਥੇ ਨਾਲ ਹੀ ਇਸ ਵਿਚ ਭਰਪੂਰ ਗੁਣ ਸਨ।

(ਗ-193) **ਗੁਲ ਫੱਕਾ** :

ਬੱਚਿਆਂ ਦੀ ਇਕ ਖੇਡ ਜਿਸ ਨੂੰ 'ਤਲੀ ਫੱਕਾ' ਵੀ ਕਹਿੰਦੇ ਹਨ। ਭੁੱਜੇ ਛੋਲਿਆਂ ਦੇ ਦਾਣਿਆਂ ਦੇ ਗੁਲ ਅਥਵਾ ਖਿਲਾਂ ਕੱਢ ਕੇ, ਤਲੀ ਉਤੇ ਰਖ ਲਈਆਂ ਜਾਂਦੀਆਂ ਹਨ ਤੇ ਫਿਰ ਜੀਭ ਦੀ ਤੁਰੀ ਨਾਲ ਇਕ ਇਕ ਕਰਕੇ ਦਾਣੇ ਇਸ ਤਰ੍ਹਾਂ ਚੁਗੇ ਜਾਂਦੇ ਹਨ ਕਿ ਜੀਭ ਦੀ ਤੁਰੀ ਤਲੀ ਨਾਲ ਨਾ ਛੁਹੇ, ਜੇ ਜੀਭ ਛੁਹ ਜਾਵੇ ਤਾਂ ਉਹ ਬਾਜ਼ੀ ਹਾਰ ਗਿਆ।

(ਗ-194) **ਗੁਲੂਰਾ** :

ਇਕ ਮਿੱਠਾ ਪਦਾਰਥ, ਜੋ ਭੁੱਜੇ ਹੋਏ ਚੌਲਾਂ ਦੇ ਆਟੇ ਵਿਚ, ਘਿਓ ਖੰਡ ਮਿਲਾ ਕੇ ਬਣਾਇਆ ਜਾਂਦਾ ਹੈ। ਇਸਨੂੰ ਵਿਆਹ ਸ਼ਾਦੀ ਜਾਂ ਬਸੰਤ ਦੇ ਤਿਉਹਾਰ ਉਤੇ ਹਿੰਦੂ ਸ਼ਗਨ ਵਜੋਂ ਖਾਂਦੇ ਤੇ ਪ੍ਰਸ਼ਾਦਿ ਵਜੋਂ ਵੰਡਦੇ ਹਨ।

(ਗ-195) **ਗੁੱਲੀ ਡੰਡਾ** :

ਇਕ ਖੇਡ, ਜੋ ਗੁੱਲੀ ਤੇ ਡੰਡੇ ਨਾਲ ਖੇਡੀ ਜਾਂਦੀ ਹੈ, ਇਸ ਨੂੰ ਆਮ ਤੌਰ ਉਤੇ ਛੋਟੇ ਬੱਚੇ ਖੇਡਦੇ ਹਨ, ਪਰ ਕਈ ਵਾਰ ਗਭਰੂ ਵੀ ਖੇਡ ਲੈਂਦੇ ਹਨ। ਗੁੱਲੀ ਅਕਾਰ ਵਿਚ ਚਾਰ ਪੰਜ ਇੰਚ ਲੰਮੀ ਹੁੰਦੀ ਹੈ। ਇਸਨੂੰ ਦੋਹਾਂ ਸਿਰਿਆਂ ਤੋਂ ਇਸ ਤਰ੍ਹਾਂ ਘੜਿਆ ਜਾਂਦਾ ਹੈ ਕਿ ਵਿਚਕਾਰੋਂ ਉਭਰੀ ਹੋਈ ਲਗਦੀ ਹੈ। ਜ਼ਿਮੀਂ ਵਿਚ ਖੁੱਬੀ ਖੁਦ ਲਈ ਜਾਂਦੀ ਹੈ। ਖੇਡਣ ਵਾਲੇ ਦੋ ਢਾਣੀਆਂ ਵਿਚ ਵੰਡ ਲਏ ਜਾਂਦੇ ਹਨ। ਇਕ ਸਮੇਂ ਇਕ ਢਾਣੀ ਦਾ ਇਕੋ ਖਿਡਾਰੀ ਖੇਡਦਾ ਹੈ ਤੇ ਵਿਰੋਧੀ ਢਾਣੀ ਦੇ ਸਾਰੇ ਆਡ੍ਹੀ ਪਿੱਤ ਕੁਗਤਾਂਦੇ ਹਨ। ਖੇਡਣ ਵਾਲਾ ਖੁੱਬੀ ਵਿਚ ਗੁੱਲੀ ਰਖ ਕੇ ਡੰਡੇ ਨਾਲ ਉਲਾਰਦਾ ਹੈ। ਵਿਰੋਧੀ ਢਾਣੀ ਦੇ ਖਿਡਾਰੀ ਗੁੱਲੀ ਬੋਚਣ ਦਾ ਯਤਨ ਕਰਦੇ ਹਨ। ਜੇ ਗੁੱਲੀ ਬੋਚ ਲਈ ਜਾਵੇ ਤਾਂ ਉਹ ਖਿਡਾਰੀ ਹਾਰ ਜਾਂਦਾ ਹੈ। ਫਿਰ ਦੂਜਾ ਖਿਡਾਰੀ ਮੈਦਾਨ ਵਿਚ ਨਿਤਰਦਾ ਹੈ। ਜੇ ਗੁੱਲੀ ਨਾ ਬੋਚੀ ਜਾਵੇ ਤਾਂ ਜਿਸ ਥਾਂ ਜਾ ਕੇ ਡਿਗਦੀ ਹੈ, ਉਥੋਂ ਹੀ ਖੁੱਬੀ ਉਤੇ ਰਖੇ ਡੰਡੇ ਨੂੰ ਮਾਰੀ ਜਾਂਦੀ ਹੈ। ਜੇ ਡੰਡੇ ਨੂੰ ਲਗ ਜਾਵੇ ਤਾਂ ਖਿਡਾਰੀ ਵਿੰਦਿਆ ਜਾਂਦਾ ਹੈ, ਜੇ ਨਾ ਲਗੇ ਤਾਂ ਉਹ ਡੰਡੇ ਨਾਲ ਗੁੱਲੀ ਨੂੰ ਮਿਥੇ ਹੋਏ ਟੁੱਲ ਮਾਰਦਾ ਹੈ। ਪਿੱਦ ਰਹੀ ਵਿਰੋਧੀ ਢਾਣੀ ਗੁੱਲੀ ਬੋਚਣ ਦਾ ਯਤਨ ਕਰਦੀ ਹੈ। ਜੇ ਨਾ ਬੋਚੀ ਜਾਵੇ ਤਾਂ ਖੁੱਬੀ ਉਤੇ ਪਏ ਡੰਡੇ ਨੂੰ, ਗੁੱਲੀ ਦੂਰੋਂ ਸੁੱਟ ਕੇ ਲਗਾਣੀ ਜ਼ਰੂਰੀ ਹੁੰਦੀ ਹੈ। ਉਦੋਂ ਤਕ ਇਕ ਬਾਜ਼ੀ ਪੁੱਗਦੀ ਨਹੀਂ ਜਦੋਂ ਤਕ ਦੋਹਾਂ ਢਾਣੀਆਂ ਦੇ ਸਾਰੇ ਖਿਡਾਰੀ ਵਾਰੋ ਵਾਰੀ ਖੇਡ ਕੇ ਬਾਹਰ ਨਹੀਂ ਹੋ ਜਾਂਦੇ।

(ਗ-196) **ਗੁੱਲੂ ਸ਼ਾਹ ਦਾ ਮੇਲਾ** :

ਜ਼ਿਲਾ ਸਿਆਲਕੋਟ ਵਿਚ ਮਸ਼ਰੂਰ ਤਹਿਸੀਲ ਵਿਖੇ ਕੋਰੇਕੇ ਦੇ ਪਿੰਡ ਲਾਗੇ ਜੁੜਦਾ ਇਕ ਭਾਰੀ ਮੇਲਾ। ਇਥੇ ਗੁੱਲੂ ਸ਼ਾਹ ਨਾਉਂ ਦੇ ਪੀਰ ਦੀ ਆਰਾਮਗਾਹ ਸੀ। ਇਲਾਕੇ ਦਾ ਸਭ ਤੋਂ ਵੱਡਾ ਮੇਲਾ ਹੋਣ ਕਰਕੇ, ਦੂਰੋਂ ਦੂਰੋਂ ਲੋਕ ਇਸ ਮੇਲੇ ਵਿਚ ਸ਼ਾਮਲ ਹੋਣ ਲਈ ਆਉਂਦੇ ਹਨ। ਲੋਕੀਂ ਆਪਣੇ ਪਸ਼ੂ ਨਾਲ ਲਿਆਂਦੇ ਹਨ ਅਤੇ ਪਸ਼ੂਆਂ ਦੀ ਇਕ ਭਾਰੀ ਮੰਡੀ ਵੀ ਲਗਦੀ ਹੈ।

(ਗ-197) **ਗੁਲੇਰ** :

ਕਾਂਗੜੇ ਦਾ ਇਕ ਨਗਰ, ਜਿਸ ਨੂੰ ਰਾਜੇ ਹਰੀ ਚੰਦ ਨੇ

1405 ਈਸਵੀ ਵਿਚ ਵਸਾਇਆ । ਇਸ ਦਾ ਅਸਲੀ ਨਾਉਂ ਗਵਾਲੇਰ ਸੀ, ਜੋ ਪਿਛੋਂ ਸੰਖਿਪਤ ਹੋ ਕੇ ਗੁਲੇਰ ਬਣ ਗਿਆ । ਇਸ ਨਗਰ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ— ਰਵਾਇਤ ਹੈ ਕਿ ਇਕ ਵਾਰ ਕਾਂਗੜੇ ਦਾ ਰਾਜਾ, ਹਰੀ ਚੰਦ ਸਾਥੀਆਂ ਨਾਲ ਸ਼ਿਕਾਰ ਖੇਡਣ ਲਈ ਜੰਗਲ ਵਿਚ ਗਿਆ, ਜਿਥੇ ਇਕ ਜੰਗਲੀ ਸੂਰ ਦਾ ਪਿੱਛਾ ਕਰਦਾ ਉਹ ਸਾਥੀਆਂ ਤੋਂ ਨਿਖੜ ਗਿਆ ਤੇ ਸ਼ਾਮ ਦੇ ਘੁਸ-ਮੁਸੇ ਵਿਚ ਆਪਣੇ ਘੋੜੇ ਸਮੇਤ ਇਕ ਪੁਰਾਣੇ ਢੱਠੇ ਹੋਏ ਸੁਕੇ ਖੂਹ ਵਿਚ ਜਾ ਡਿੱਗਾ । ਕਈ ਦਿਨ ਭੁੱਖਾ ਭਾਣਾ ਖੂਹ ਵਿਚ ਪਿਆ ਰਿਹਾ । ਅਖੀਰ, ਇਕ ਸੌਦਾਗਰ ਆਪਣੇ ਕਾਫ਼ਲੇ ਸਮੇਤ ਉਧਰੋਂ ਦੀ ਲੰਘਿਆ ਤੇ ਖੂਹ ਵਿਚੋਂ ਆਦਮੀ ਦੀ ਆਵਾਜ਼ ਸੁਣ ਕੇ, ਉਸਨੇ ਰਾਜੇ ਨੂੰ ਬਾਹਰ ਕਢਵਾ ਲਿਆ । ਪਰ ਉਦੋਂ ਤਕ ਰਾਜੇ ਹਰੀ ਚੰਦ ਨੂੰ ਮਰ ਗਿਆ ਸਮਝ ਕੇ, ਕਾਂਗੜੇ ਦੀ ਗੱਦੀ ਉਤੇ, ਉਸਦਾ ਛੋਟਾ ਭਰਾ ਬੈਠ ਚੁਕਾ ਸੀ । ਰਾਜੇ ਦੀਆਂ ਰਾਣੀਆਂ ਵੀ ਸਤੀ ਹੋ ਚੁਕੀਆਂ ਸਨ । ਹਰੀ ਚੰਦ ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਤਾਂ ਉਸ ਕਾਂਗੜੇ ਜਾਣਾ ਠੀਕ ਨਾ ਸਮਝਿਆ ਤੇ ਉਹ ਹਰੀਪੁਰ ਆ ਗਿਆ । ਰਾਹ ਵਿਚ, ਉਸਨੂੰ ਇਕ ਗਵਾਲਾ ਗਊਆਂ ਚਾਰਦਾ ਮਿਲਿਆ । ਚਰਵਾਹੇ ਨੇ ਰਾਜੇ ਹਰੀ ਚੰਦ ਨੂੰ ਦਸਿਆ ਕਿ ਇਥੇ ਇਕ ਚਸ਼ਮਾ ਵਗਦਾ ਹੈ ਤੇ ਇਹ ਥਾਂ ਬੜੀ ਸੁਭਾਗੀ ਹੈ, ਇਥੇ ਕਦੇ ਸ਼ੇਰ ਤੇ ਬਕਰੀ ਇਕੱਠਿਆਂ ਪਾਣੀ ਪੀਂਦੇ ਵੇਖੇ ਗਏ ਸਨ । ਰਾਜੇ ਹਰੀ ਚੰਦ ਨੂੰ ਉਹ ਥਾਉਂ ਪਸੰਦ ਆ ਗਈ ਤੇ ਉਥੇ ਉਸਨੇ ਕਿਲ੍ਹਾ ਬਣਾਉਣਾ ਚਾਹਿਆ । ਰਵਾਇਤ ਹੈ ਕਿ ਉਸੇ ਗਵਾਲੇ ਦੀ ਬਲੀ ਦੇ ਕੇ, ਰਾਜੇ ਨੇ ਕਿਲ੍ਹੇ ਦੀ ਨੀਂਹ ਰਖੀ ਤੇ ਇਸ ਨਗਰ ਦਾ ਨਾਉਂ ਗਵਾਲੇਰ ਧਰਿਆਂ ਗਿਆ, ਜੋ ਪਿਛੋਂ ਵੱਟ ਕੇ ਗੁਲੇਰ ਬਣ ਗਿਆ ।

(ਗ-198) **ਗੁਲੇਲ :**

ਪੰਛੀਆਂ ਦਾ ਸ਼ਿਕਾਰ ਕਰਨ ਲਈ ਦੁਸਾਂਗਾ ਲਕੜੀ ਨਾਲ ਰਬੜ ਬੰਨ੍ਹ ਕੇ ਬਣਾਇਆ ਇਕ ਯੰਤਰ, ਜਿਸ ਵਿਚ, ਰਬੜ ਦੇ ਅੰਦਰਵਾਰ ਪੱਥਰ ਜਾਂ ਢੀਮ ਰੱਖਣ ਲਈ ਥਾਂ ਹੁੰਦੀ ਹੈ । ਇਥੇ ਢੀਮ ਰਖ ਕੇ ਰਬੜ ਨੂੰ ਪਿਛੇ ਵਲ ਖਿੱਚ ਕੇ, ਪੰਛੀ ਦਾ ਨਿਸ਼ਾਨਾ ਕੀਤਾ ਜਾਂਦਾ ਹੈ । ਪਹਿਲਿਆਂ ਵਿਚ ਚਿੜੀਮਾਰ ਇਸੇ ਜੰਤਰ ਨਾਲ ਪੰਛੀਆਂ ਦਾ ਸ਼ਿਕਾਰ ਕਰਦੇ ਸਨ ।

(ਗ-199) : **ਗੁਲੇਲੀ** ·

ਘੁਗੂ ਘੋੜੇ ਤੇ ਸੂਈਆਂ ਆਦਿ ਵੇਚਣ ਵਾਲੀਆਂ ਬਾਜ਼ੀਗਰਨੀਆਂ (ਵੇਖੋ ਬਾਜ਼ੀਗਰ) । ਗੁਲੇਲ ਨਾਲ ਸ਼ਿਕਾਰ ਕਰਨ ਕਰਕੇ ਇਨ੍ਹਾਂ ਦੇ ਪਤੀ ਗੁਲੇਲ ਤੇ ਤੀਵੀਆਂ ਗੁਲੇਲੀਆਂ ਅਖਵਾਉਂਦੀਆਂ ਹਨ ।

(ਗ-200) **ਗੁੜ :**

ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਈਆਂ ਰੋੜੀਆਂ ਜਾਂ ਭੇਲੀਆਂ । ਮਿੱਠਾ ਹੋਣ ਕਰਕੇ ਸ਼ੁਭ ਪਦਾਰਥ ਜਾਣ ਕੇ ਗੁੜ ਨੂੰ ਵਿਆਹ ਜਾਂ ਹੋਰ ਸ਼ਗਨਾਂ ਦੇ ਮੌਕਿਆਂ ਉਤੇ ਵੰਡਿਆ ਜਾਂਦਾ ਹੈ । ਧਾਰਨਾ ਹੈ ਕਿ ਜਿਥੇ ਗੁੜ ਵੰਡਿਆ ਜਾਵੇ, ਉਥੇ ਸਭ ਕਾਰਜ ਸੁਤੇ-ਸਿਧ ਰਾਸ ਹੋ ਜਾਂਦੇ ਹਨ । ਮਿਥਕ ਕਥਾ ਅਨੁਸਾਰ ਗੁੜ ਰੱਬ ਨੇ ਆਪਣੇ ਖਾਣ ਲਈ ਬਣਾਇਆ ਸੀ, ਪਰ ਕੀੜੀਆਂ ਚੁਰਾ ਕੇ ਧਰਤੀ ਉਤੇ ਲੈ ਆਈਆਂ ਤੇ ਉਨ੍ਹਾਂ ਆਪਣੇ ਭੋਣਾਂ ਵਿਚ ਛੁਪਾ ਦਿਤਾ, ਜਿਥੋਂ ਇਹ ਗੰਨੇ ਦੇ ਰੂਪ ਵਿਚ ਉਗ ਪਿਆ ।

ਇਕ ਹੋਰ ਮਿਥਕ ਕਥਾ ਅਨੁਸਾਰ, ਇਕ ਵਾਰ ਗੁੜ, ਰੱਬ ਦੇ ਦਰਬਾਰ ਵਿਚ ਫ਼ਰਿਆਦੀ ਹੋਇਆ ਕਿ ਜਿਹੜਾ ਵੀ ਮੈਨੂੰ ਵੇਖਦਾ ਹੈ, ਉਹ ਪਹਿਲੋਂ ਚੱਕ ਮਾਰਦਾ ਤੇ ਪਿਛੋਂ ਹੋਰ ਕੋਈ ਗੱਲ ਕਰਦਾ ਹੈ । ਗੁੜ ਨੂੰ ਵੇਖਦਿਆਂ ਸਾਰ ਹੀ ਰੱਬ ਦੇ ਮੂੰਹ ਵਿਚ ਪਾਣੀ ਆ ਗਿਆ ਤੇ ਉਸ ਨੇ ਵੀ ਚੱਕ ਮਾਰ ਕੇ ਉਸਦਾ ਇਕ ਟੋਟਾ ਲਾਹ ਲਿਆ ਤੇ ਖਾਂਦਿਆਂ ਹੋਇਆਂ ਆਖਣ ਲੱਗਾ, "ਹੁਣ ਦੱਸ ਤੇਰੀ ਕੀ ਸ਼ਕਾਇਤ ਏ ?" ਗੁੜ ਚੀਖਦਾ ਹੋਇਆ ਕਹਿਣ ਲਗਾ, "ਮੈਨੂੰ ਤੁਹਾਡੇ ਤੋਂ ਇਨਸਾਫ਼ ਦੀ ਕੀ ਆਸ ਹੋ ਸਕਦੀ ਹੈ, ਤੁਸਾਂ ਵੀ ਉਹੋ ਜੁਰਮ ਕੀਤਾ ਹੈ, ਜਿਸ ਦੀ ਮੈਂ ਫ਼ਰਿਆਦ ਲੈ ਕੇ ਹਾਜ਼ਰ ਹੋਇਆ ਹਾਂ ।" ਰੱਬ ਹੱਸ ਪਿਆ ਤੇ ਕਹਿਣ ਲਗਾ, "ਮੂਰਖਾ ! ਇਹ ਤੇਰਾ ਸੁਭਾਗ ਏ ਕਿ ਸਾਰੇ ਤੈਨੂੰ ਮੂੰਹ ਲਗਾਂਦੇ ਹਨ, ਜੇ ਮੈਂ ਤੈਨੂੰ ਵੀ ਅੱਕ ਵਾਂਗ ਕੌੜਾ ਬਣਾ ਦੇਂਦਾ ਤਾਂ ਤੈਨੂੰ ਪਸ਼ੂਆਂ ਵੀ ਮੂੰਹ ਨਹੀਂ ਸੀ ਲਗਾਣਾ । ਬੋਲ, ਅੱਕ ਵਾਲੀ ਖ਼ਸਲਤ ਦੇ ਦਿਆਂ ।" ਗੁੜ ਇਹ ਸੁਣ ਕੇ ਘਬਰਾ ਗਿਆ, ਕਿਉਂ ਜੋ ਉਸ ਨੇ ਖ਼ੁਦ ਅੱਕ ਦੀ ਬੇਕਦਰੀ ਵੇਖੀ ਸੀ । ਉਸ ਨੇ ਝਟ ਰੱਬ ਦੇ ਚਰਨ ਫੜ ਲਏ ਤੇ ਕਹਿਣ ਲਗਾ, "ਇਕ ਚੱਕ ਭਾਵੇਂ ਹੋਰ ਮਾਰ ਲਓ, ਪਰ ਇਹ ਜ਼ੁਲਮ ਨਾ ਕਰਨਾ । ਮਿੱਠੇ ਦੇ ਸਾਰੇ ਨੇ, ਕੌੜੇ ਦਾ ਕੋਈ ਨਹੀਂ ਜੇ ।"

ਗੁੜ ਬਾਰੇ ਇਕ ਕਹਾਵਤ ਵੀ ਹੈ :

ਗੁੜ ਮਿੱਠਾ, ਉਸੇ ਛਡਿਆ ਜਿਸ ਨਹੀਂ ਡਿਠਾ ।

(ਗ-201) **ਗੁੜ ਪੂਣੀ :**

ਇਕ ਟੂਣਾ ਜੋ ਨਰ-ਔਲਾਦ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ । ਪੰਜਾਬ ਦੇ ਕੁਝ ਇਲਾਕਿਆਂ ਵਿਚ ਕਿਸੇ ਸਮੇਂ ਕੁੜੀ ਮਾਰਨ ਦਾ ਬੜਾ ਰਵਾਜ ਸੀ । ਕੁੜੀ ਨੂੰ ਮਾਰ ਕੇ ਉਸ ਦੇ ਮੂੰਹ ਵਿਚ ਗੁੜ ਦੀ ਰੋੜੀ ਪਾ ਦਿਤੀ ਜਾਂਦੀ ਤੇ ਉਸ ਦੀ ਛਾਤੀ ਉਤੇ ਕਪਾਹ ਦੀ ਪੂਣੀ ਰੱਖ ਦਿਤੀ ਜਾਂਦੀ

ਅਤੇ ਤਿੰਨ ਵਾਰ ਇਹ ਮੰਤਰ ਪੜ੍ਹਿਆ ਜਾਂਦਾ :

ਗੁੜ ਖਾਈਂ ਪੂਣੀ ਕਤੀਂ,
ਆਪ ਜਾਈਂ ਵੀਰ ਨੂੰ ਘਤੀਂ ।

ਫਿਰ ਕੁੜੀ ਨੂੰ ਘੜੇ ਵਿਚ ਪਾ ਕੇ ਧਰਤੀ ਵਿਚ ਦੱਬ ਦਿਤਾ ਜਾਂਦਾ । ਧਾਰਨਾ ਸੀ ਕਿ ਇਸ ਟੂਣੇ ਨਾਲ ਉਸ ਕੁੜੀ ਦੀ ਜੀਵਾਤਮਾ ਮੁੜ, ਲੜਕੇ ਦੇ ਰੂਪ ਵਿਚ, ਉਸੇ ਘਰ ਜਨਮ ਲੈਂਦੀ ਹੈ ।

(ਗ-202) **ਗੁੜਾਈ** :

ਇਕ ਰੀਤ; ਪੋਠੋਹਾਰ ਵਿਚ ਵਿਆਹ ਤੋਂ ਬਾਅਦ ਲਾੜ੍ਹਾ ਜਦੋਂ ਪਹਿਲੀ ਵਾਰ ਸਹੁਰੇ ਘਰ ਜਾਂਦਾ ਹੈ ਤਾਂ ਪਿੰਡ ਦੀਆਂ ਕੁੜੀਆਂ ਉਸ ਤੋਂ ਮਿਠਾਈ (ਗੁੜ) ਖਾਣ ਲਈ ਕੁਝ ਪੈਸੇ ਮੰਗਦੀਆਂ ਹਨ । ਜੇ ਲਾੜ੍ਹਾ ਸੁਭਾਅ ਦਾ ਮਿਠਾ ਹੋਵੇ, ਤਾਂ ਪੈਸੇ ਦੇ ਦੇਂਦਾ ਹੈ । ਇਨ੍ਹਾਂ ਪੈਸਿਆਂ ਨੂੰ 'ਗੁੜਾਈ' ਕਿਹਾ ਜਾਂਦਾ ਹੈ ।

(ਗ-203) **ਗੂੰਹ-ਗਡੁੰਬੀ** :

ਬਜ਼ੁਰਗਾਂ ਦੇ ਉਤਾਰੇ ਕਪੜਿਆਂ ਵਿਚੋਂ, ਟਾਕੀਆਂ ਕੱਢ ਕੇ ਬਣਾਇਆ ਚੋਲਾ, ਜੋ ਕਈ ਜਾਤਾਂ ਵਿਚ ਜੰਮਣ ਵੇਲੇ ਬੱਚੇ ਨੂੰ ਪਹਿਨਾਇਆ ਜਾਂਦਾ ਹੈ । ਇਸ ਤਰ੍ਹਾਂ ਬਜ਼ੁਰਗਾਂ ਦੀਆਂ ਖ਼ਾਸ ਖ਼ਸਲਤਾਂ ਤੇ ਨੇਕ ਗੁਣ ਬੱਚੇ ਵਿਚ ਪ੍ਰਵਿਰਤ ਹੋ ਜਾਂਦੇ ਹਨ । ਇਹ ਵਿਚਾਰ ਅੰਸ਼ ਤੋਂ ਅੰਸ਼ੀ ਤਕ ਦੇ ਟੂਣਾ-ਸਿਧਾਂਤ ਉਤੇ ਅਧਾਰਤ ਹੈ । ਇਸ ਚੋਲੀ ਨੂੰ ਗੰਦਗੀ ਜਾਂ ਮਿੱਟੀ ਵਿਚ ਮਧੋਲ ਲਿਆ ਜਾਂਦਾ ਹੈ, ਜਿਸ ਕਰਕੇ ਇਸ ਨੂੰ ਗੂੰਹ-ਮਧੋਲੀ ਵੀ ਕਿਹਾ ਜਾਂਦਾ ਹੈ ।

(ਗ-204) **ਗੂੰਹ-ਤਗ਼ਕੀ** :

ਪੋਠੋਹਾਰ ਵਿਚ ਗੁਹਾਜਣੀ ਲਈ ਇਹ ਨਿੰਦਾ ਵਾਚਕ ਸ਼ਬਦ ਵਰਤਿਆ ਜਾਂਦਾ ਹੈ । ਰੋਗ ਦਾ ਅਸਲੀ ਨਾਉਂ ਨਹੀਂ ਲਿਆ ਜਾਂਦਾ । ਧਾਰਨਾ ਹੈ ਕਿ ਨਾਉਂ ਲੈਣ ਨਾਲ ਰੋਗ ਸਰੀਰ ਵਿਚ ਰਚ ਜਾਂਦਾ ਹੈ । ਇਹ ਵਿਚਾਰ 'ਨਾਮ ਤੇ ਨਾਮੀ' ਨਾਲ ਸੰਬੰਧਿਤ ਦੇ ਸਿਧਾਂਤ ਉਤੇ ਅਧਾਰਤ ਹੈ (ਵੇਖੋ : ਗੁਹਾਜਣੀ) ।

(ਗ-205) **ਗੂੰਗੀ ਕੌਡੀ** :

ਕਬੱਡੀ ਦੀ ਇਕ ਖੇਡ; ਜਿਸ ਵਿਚ ਵਿਰੋਧੀ ਦੇ ਪਿੜ ਵਿਚ ਵਿਚਰਣ ਵਾਲਾ ਖਿਲਾੜੀ ਮੂੰਹੋਂ ਕੌਡੀ ਕੌਡੀ ਨਹੀਂ ਬੋਲਦਾ (ਵੇਖੋ : ਕਬੱਡੀ) ।

(ਗ-206) **ਗੁਠੜਾ** :

ਚਾਂਦੀ ਦਾ ਇਕ ਗਹਿਣਾ, ਜੋ ਪੈਰਾਂ ਦੇ ਅੰਗੂਠੇ ਵਿਚ, ਪਹਿਨਿਆ ਜਾਂਦਾ ਹੈ । ਗੁਠੜਾ ਛੋਟੇ ਛੱਲੇ ਵਰਗਾ ਹੁੰਦਾ ਹੈ ਲੋਕਾਂ ਦਾ ਨਿਸ਼ਚਾ ਹੈ ਕਿ ਪੈਰ ਦੇ ਅੰਗੂਠੇ ਵਿਚ ਜੇ ਚਾਂਦੀ ਦਾ ਛੱਲਾ ਪਹਿਨਿਆ ਹੋਵੇ ਤਾਂ ਟੂਣੇ-ਟੱਪੇ ਜਾਂ ਥਾਂ-ਕੁਥਾਂ ਤੋਂ ਟੱਪ ਜਾਣ ਨਾਲ ਕੋਈ ਮੰਦਾ ਅਸਰ ਨਹੀਂ ਹੁੰਦਾ ।

(ਗ-207) **ਗੁਢਾਰਥ ਕਥਾ** :

ਉਹ ਕਥਾ, ਜਿਸ ਵਿਚ ਕੋਈ ਕਥਨ, ਵਾਰਤਾਲਾਪ ਜਾਂ ਸਵਾਲ-ਜਵਾਬ ਮੂਲ ਅਰਥਾਂ ਦੀ ਥਾਂ ਕੋਈ ਗੂੜ੍ਹ ਅਰਥ ਰਖਦੇ ਹੋਣ ਅਥਵਾ ਕਿਸੇ ਗੱਲ ਨੂੰ ਚਿੰਨ੍ਹਾਂ ਜਾਂ ਸੰਕੇਤਾਂ ਦੁਆਰਾ ਬੋਧ ਕਰਵਾਇਆ ਜਾਵੇ । ਉਦਾਹਰਣ ਲਈ ਇਕ ਕਥਾ ਪੇਸ਼ ਹੈ :

ਇਕ ਤੀਵੀਂ ਨੇ ਕਿਸੇ ਕਾਮੇ ਹੱਥ, ਆਪਣੇ ਪਤੀ ਲਈ ਰੋਟੀ ਭੇਜੀ । ਉਸ ਨੇ ਪੋਣੇ ਵਿਚ ਚਾਰ ਫੁਲਕੇ ਬੰਨ੍ਹ ਦਿਤੇ ਤੇ ਨਾਲ ਇਕ ਕਟੋਰੇ ਵਿਚ, ਮਾਸ ਦੀਆਂ ਬਹੁਤ ਸਾਰੀਆਂ ਬੋਟੀਆਂ ਤੇ ਸ਼ੋਰਬਾ ਪਾ ਦਿਤਾ । ਤੀਵੀਂ ਨੇ ਕਾਮੇ ਨੂੰ ਕਿਹਾ ਕਿ ਉਹ ਨਾਲ ਹੀ ਉਸ ਦੇ ਪਤੀ ਨੂੰ ਇਹ ਸੰਦੇਸ਼ਾ ਵੀ ਪਹੁੰਚਾ ਦੇਵੇ :

ਚੰਦੋਂ ਚੌਧਵੀਂ ਰਾਤ ਕਿ ਤਾਰੇ ਘਣੇ ਘਣੇ
ਮਸੀਤੀ ਗੁੱਠਾਂ ਚਾਰ ਕਿ ਬੁਝਣ ਸੁਘੜ ਜਣੇ ।

ਕਾਮੇ ਨੇ ਰਾਹ ਵਿਚ ਇਕ ਰੋਟੀ ਤੇ ਮਾਸ ਦੀਆਂ ਕੁਝ ਬੋਟੀਆਂ ਖਾ ਲਈਆਂ । ਕਾਮੇ ਨੇ ਰੋਟੀਆਂ ਤੇ ਕਟੋਰਾ ਦਿੰਦਿਆਂ ਨਾਲ ਸੁਨੇਹਾ ਵੀ ਦਿਤਾ । ਪਤੀ ਨੇ ਵੇਖਿਆ ਕਿ ਰੋਟੀਆਂ ਤਿੰਨ ਹਨ ਅਤੇ ਮਾਸ ਦੀਆਂ ਬੋਟੀਆਂ ਵੀ ਥੋੜ੍ਹੀਆਂ ਹਨ, ਤਾਂ ਉਸਨੇ ਕਾਮੇ ਹੱਥ ਜਵਾਬ ਭੇਜਿਆ :

ਚੰਦੋਂ ਚੌਧਵੀਂ ਰਾਤ ਕਿ ਤਾਰਾ ਕੋਈ ਕੋਈ
ਮਸੀਤੀ ਗੁੱਠਾਂ ਚਾਰ ਕਿ ਇਕ ਗੁੱਠ ਢੱਠੀ ਹੋਈ ।

ਜਦੋਂ ਕਾਮਾ ਇਹ ਜਵਾਬ ਲੈ ਕੇ ਘਰ ਪੁਜਾ ਤਾਂ ਉਹ ਤੀਵੀਂ ਸੰਦੇਸ਼ ਤੋਂ ਸਮਝ ਗਈ ਕਿ ਕਾਮਾ ਰਾਹ ਵਿਚ ਇਕ ਰੋਟੀ ਤੇ ਕੁਝ ਬੋਟੀਆਂ ਖਾ ਗਿਆ ਹੈ । ਸੋ ਉਸਨੇ ਕਾਮੇ ਨੂੰ ਬੜਾ ਝਿੜਕਿਆ ਝੰਬਿਆ । ਕਾਮੇ ਨੇ ਆਪਣੀ ਭੁਲ ਬਖ਼ਸ਼ਾਈ ।

(ਗ-208) **ਗਲ** :

ਉਹ ਜਿੰਨ ਭੂਤ, ਜਿਸ ਵਿਚ ਰੂਪ ਬਦਲਣ ਦੀ ਸਮਰੱਥਾ ਹੋਵੇ ਤੇ ਜੋ ਕਈ ਤਰ੍ਹਾਂ ਦੇ ਰੂਪ ਬਦਲ ਕੇ ਲੋਕਾਂ ਨੂੰ ਭਰਮਾਂਦਾ ਤੇ ਡਰਾਂਦਾ ਹੈ । ਇਸ ਨੂੰ ਛਲੇਡਾ ਵੀ ਕਿਹਾ ਜਾਂਦਾ ਹੈ (ਵੇਖੋ : ਛਲੇਡਾ) ।

(ਗ-209) **ਗੇਂਡੀ** :

ਇਕ ਖੇਡ ਜੋ ਲਕੜੀ ਦੇ ਖ਼ਾਸ ਸ਼ਕਲ ਦੇ ਬਣੇ ਡੰਡੇ

ਨਾਲ ਖੇਡੀ ਜਾਂਦੀ ਹੈ। ਲੱਕੜੀ ਦਾ ਇਕ ਸਿਰਾ ਮੋਟਾ ਅਤੇ ਗੋਲ ਹੁੰਦਾ ਹੈ, ਜੋ ਦੂਜੇ ਸਿਰੇ ਵਲ ਪਤਲਾ ਹੁੰਦਾ ਚਲਾ ਜਾਂਦਾ ਹੈ। ਖਿਡਾਰੀ ਆਪਣੀ ਗੇਂਡੀ ਦੂਜੇ ਦੀ ਗੇਂਡੀ ਨੂੰ ਮਾਰ ਕੇ, ਉਸਨੂੰ ਥਾਂ ਤੋਂ ਪਰੇ ਖਿਸਕਾਉਂਦੇ ਹਨ।

(ਗ-210) **ਗੇਰੂ** :

ਇਕ ਤਰ੍ਹਾਂ ਦੀ ਪਹਾੜੀ ਲਾਲ ਮਿੱਟੀ; ਭਾਰਤ ਵਿਚ ਅਨੇਕਾਂ ਸਾਧੂ ਗੇਰੂਏ ਰੰਗ ਦੇ ਕਪੜੇ ਪਹਿਨਦੇ ਹਨ, ਜਿਸ ਕਰਕੇ ਇਹ ਰੰਗ ਤਿਆਗ ਦਾ ਪ੍ਰਤੀਕ ਬਣ ਗਿਆ ਹੈ।

(ਗ-211) **ਗੈਂਡਾ** :

ਇਕ ਜੰਗਲੀ ਪਸ਼ੂ ਜੋ ਭੈਂਸੇ ਦੀ ਸ਼ਕਲ ਦਾ ਹੁੰਦਾ ਹੈ। ਇਸ ਦਾ ਚੰਮੜਾ ਬੜਾ ਮਜ਼ਬੂਤ ਹੋਣ ਕਰਕੇ, ਮੱਧ-ਕਾਲ ਵਿਚ, ਯੋਧੇ ਇਸਦੀ ਢਾਲ ਬਣਾ ਕੇ ਵਰਤਿਆ ਕਰਦੇ ਸਨ। ਹਿੰਦੂ ਸ਼ਾਸਤ੍ਰਾਂ ਅਨੁਸਾਰ ਗੈਂਡਾ ਬੜਾ ਪਵਿਤ੍ਰ ਪਸ਼ੂ ਹੈ ਤੇ ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਪੁਰਾਣੇ ਵੇਲਿਆਂ ਵਿਚ, ਹਿੰਦੂ ਗੇਂਡਿਆਂ ਦੀ ਬਲੀ ਦਿਤਾ ਕਰਦੇ ਸਨ। "ਗੈਂਡਾ ਮਾਰਿ ਹੋਮ ਜਗ ਕੀਏ, ਦੇਵਤਿਆਂ ਕੀ ਬਾਣੇ" (ਵਾਰ ਮਲਾਰ ਮਹਲਾ ੧)। ਹਿੰਦੂਆਂ ਦੇ ਗ੍ਰੰਥਾਂ ਵਿਚ ਗੈਂਡੇ ਦੇ ਸਿੰਙ ਦਾ ਅਰਗਾ, ਦੇਵਤਿਆਂ ਤੇ ਪਿੱਤਰਾਂ ਨੂੰ ਪਾਣੀ ਦੇਣ ਲਈ ਬੜਾ ਪਾਵਨ ਮੰਨਿਆ ਗਿਆ ਹੈ।

(ਗ-212) **ਗੋਇੰਦਰ** :

ਪਾਨੀਪਤ ਤਹਿਸੀਲ ਵਿਚ ਪੁਰਾਣਿਕ ਮਹੱਤਤਾ ਵਾਲਾ ਇਕ ਸਥਾਨ; ਧਾਰਨਾ ਹੈ ਕਿ ਇਸੇ ਨਗਰ ਵਿਚ, ਪੁਰਾਣਿਕ ਕਾਲ ਵਿਚ, ਇੰਦਰ ਦੇਵਤੇ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨਾਲ ਆਪਣੀ ਕਾਮ-ਲੱਚਾ ਦੀ ਤ੍ਰਿਪਤੀ ਕੀਤੀ ਸੀ। ਗੌਤਮ ਨੂੰ ਜਦੋਂ ਇਸ ਗੱਲ ਦਾ ਗਿਆਨ ਹੋਇਆ ਤਾਂ ਉਸ ਅਹੱਲਿਆ ਨੂੰ ਪੱਥਰ ਰੂਪ ਹੋ ਜਾਣ ਦਾ ਸਰਾਪ ਦਿਤਾ। ਗੌਤਮ ਨੇ ਆਪਣਾ ਗਿੱਲਾ ਪਰਨਾ ਚੰਦਰਮਾ ਦੇ ਮੂੰਹ ਉਤੇ ਮਾਰਿਆ, ਜੋ ਕੁਕੜ ਦਾ ਰੂਪ ਧਾਰ ਕੇ ਪਹਿਰਾ ਦੇ ਰਿਹਾ ਸੀ, ਫਲਸਰੂਪ ਚੰਦਰਮਾ ਦੇ ਚਿਹਰੇ ਉਤੇ ਸਦੀਵੀ ਦਾਗ ਪੈ ਗਏ, ਜੋ ਹੁਣ ਤਕ ਵਿਖਾਈ ਦੇਂਦੇ ਹਨ।

(ਗ-213) **ਗੋਹ** :

ਕਿਰਲੇ ਦੀ ਸ਼ਕਲ ਦਾ ਇਕ ਜਨੌਰ, ਜਿਸ ਬਾਰੇ ਪ੍ਰਸਿਧ ਹੈ ਕਿ ਚੋਰ, ਗੋਹ ਦੀ ਕਮਰ ਨਾਲ ਰੱਸੀ ਬੰਨ੍ਹ ਕੇ, ਰਾਤ ਵੇਲੇ ਕਿਸੇ ਮਕਾਨ ਜਾਂ ਮਾੜ੍ਹੀ ਦੀ ਕੰਧ ਉਤੇ ਚੜ੍ਹਾ ਦੇਂਦੇ ਸਨ। ਉਪਰ ਪਹੁੰਚ ਕੇ, ਗੋਹ ਆਪਣੇ ਪੰਜੇ ਕਿਸੇ ਸੁਰਾਖ ਜਾਂ ਕਿਸੇ ਹੋਰ ਚੀਜ਼ ਨਾਲ ਪੱਕ ਜਮਾ ਲੈਂਦੀ ਹੈ ਤੇ ਚੋਰ ਰੱਸੀ ਦੇ ਆਸਰੇ ਮਕਾਨ ਜਾਂ ਮਾੜ੍ਹੀ ਦੀ ਛਤ ਉਤੇ ਚੜ੍ਹ ਜਾਂਦੇ ਸਨ।

(ਗ-214) **ਗੋਹਾ** :

ਹਿੰਦੂ ਗਊ ਦੇ ਗੋਹੇ ਤੇ ਮੂਤਰ ਨੂੰ ਬੜਾ ਪਵਿਤ੍ਰ ਮੰਨਦੇ ਹਨ। ਘਰ ਵਿਚੋਂ ਸੂਤਕ ਕੱਢਣ ਲਈ ਗੋਹੇ ਦਾ ਪੋਚਾ ਫੇਰਿਆ ਜਾਂਦਾ ਹੈ। ਮੁੰਡਣ ਜਾਂ ਕਿਸੇ ਹੋਰ ਸੰਸਕਾਰ ਵੇਲੇ, ਸੰਸਕਾਰ ਕਰਨ ਵਾਲੀ ਥਾਂ ਨੂੰ ਪਹਿਲਾਂ ਗੋਹੇ ਦਾ ਪੋਚਾ ਫੇਰ ਕੇ ਪਵਿਤ੍ਰ ਕਰ ਲਿਆ ਜਾਂਦਾ ਹੈ। ਲੋਹੜੀ ਦੇ ਤਿਉਹਾਰ ਸਮੇਂ ਲੋਹੜੀ ਲਈ, ਬਾਲੀ ਗਈ ਅੱਗ ਵਿਚ, ਗੋਹੇ ਦੀਆਂ ਪਾਥੀਆਂ ਦੀ ਵਰਤੋਂ ਵੀ ਇਸੇ ਭਾਵ ਨਾਲ ਕੀਤੀ ਜਾਂਦੀ ਹੈ।

(ਗ-215) **ਗੋਹਾ ਗਾਲ੍ਹੀ ਖੇਡਣਾ** :

ਸੋਕੇ ਦੇ ਦਿਨੀਂ ਬਾਰਸ਼ ਦੇ ਵਸਾਣ ਲਈ, ਕੀਤਾ ਜਾਂਦਾ ਇਕ ਰਹੱਸਮਈ ਉਪਾਅ; ਕਿਸੇ ਪੁਰਾਣੇ ਘੜੇ ਵਿਚ ਬਹੁਤ ਸਾਰਾ ਗੋਹਾ ਤੇ ਗੰਦਗੀ ਪਾ ਕੇ ਉਸ ਨੂੰ ਪਾਣੀ ਨਾਲ ਭਰ ਲਿਆ ਜਾਂਦਾ ਹੈ। ਘੜੇ ਨੂੰ ਕਿਸੇ ਅਜਿਹੀ ਝਗੜਾਲੂ ਤੀਵੀਂ ਜਾਂ ਮਰਦ ਦੇ ਬੂਹੇ ਅਗੇ ਭੰਨਿਆ ਜਾਂਦਾ ਹੈ, ਜੋ ਅਗੋਂ ਲੜਨ ਨੂੰ ਪਏ। ਬੂਹੇ ਅਗੇ ਘੜੇ ਦਾ ਭੰਨਣਾ ਬਦਸ਼ਗਨੀ ਹੁੰਦੀ ਹੈ। ਫਲਸਰੂਪ ਘਰ ਵਾਲੇ ਲੜਨ ਨੂੰ ਪੈਂਦੇ ਹਨ।

ਇਕ ਦੂਜੇ ਉਤੇ ਗੋਹਾ ਸੁਟਣ ਤੇ ਉਛਾਲਣ ਨੂੰ ਵੀ ਗੋਹਾ-ਗਾਲ੍ਹੀ ਕਹਿੰਦੇ ਹਨ। ਲੋਕਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਕਰਨ ਨਾਲ ਮੀਂਹ ਦੇ ਦੇਵਤੇ ਨੂੰ ਇਹ ਦਰਸਾ ਕੇ, ਉਸਦੀ ਦਇਆ ਦਾ ਪਾਤਰ ਬਣਨਾ ਕਿ ਮੀਂਹ ਨਾ ਪੈਣ ਕਰਕੇ ਧਰਤੀ ਦੇ ਲੋਕ, ਆਪੋ ਵਿਚ ਕੁੱਕੜ-ਖੁੰਝੀ ਕਰ ਰਹੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਮੀਂਹ ਵਸ ਪੈਂਦਾ ਹੈ। (ਵੇਖੋ : ਗੁਹਰਾਲੀ)

(ਗ-216) **ਗੋਕਲ** :

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਉੱਤਰ ਪ੍ਰਦੇਸ਼ ਵਿਚ ਮਥਰਾ ਤੋਂ ਤਿੰਨ ਕੋਹ ਦੂਰ, ਜਮਨਾ ਦੇ ਪਾਰਲੇ ਕੰਢੇ ਉਤੇ ਸਥਿਤ ਹੈ। ਇਥੋਂ ਦੇ ਬਣ ਵਿਚ ਹੀ ਕ੍ਰਿਸ਼ਨ ਗਊਆਂ ਚਾਰਦੇ ਸਨ ਅਤੇ ਕ੍ਰਿਸ਼ਨ ਦਾ ਪਾਲਕ ਪਿਤਾ ਨੰਦ ਇਸੇ ਥਾਂ ਦਾ ਰਹਿਣ ਵਾਲਾ ਸੀ। ਕ੍ਰਿਸ਼ਨ ਨਾਲ ਸੰਬੰਧਿਤ ਹੋਣ ਕਰਕੇ ਕ੍ਰਿਸ਼ਨ ਦੇ ਭਗਤ ਇਸ ਨਗਰ ਨੂੰ ਪਾਵਨ ਮੰਨਦੇ ਹਨ।

(ਗ-217) **ਗੋਖਰੂ, ਗੋਖੜੂ** :

ਤੀਵੀਆਂ ਦਾ ਇਕ ਗਹਿਣਾ, ਜੋ ਕਲਾਈ ਉਤੇ

ਪਹਿਨਿਆ ਜਾਂਦਾ ਹੈ। ਇਸ ਦੇ ਦੋਹਾਂ ਸਿਰਿਆਂ ਉਤੇ ਗਊ ਦੇ ਮੁੱਖ ਦੀ ਸ਼ਕਲ ਬਣੀ ਹੁੰਦੀ ਹੈ, ਜਿਸ ਕਰਕੇ ਇਸਦਾ ਨਾਉਂ ਗੋਖਰੂ ਪਿਆ। ਇਹ ਗਹਿਣਾ ਪਹਿਲਾਂ ਗਊ ਦੇ ਉਪਾਸ਼ਕਾਂ ਵਿਚ ਪ੍ਰਚਲਤ ਹੋਇਆ। ਗੋਖੜੂ ਦੇ ਚੋੜੇ ਪੱਤਰੇ ਉਤੇ ਦੇਵੀ ਦੇਵਤਿਆਂ, ਫੁੱਲਾਂ ਬੂਟਿਆਂ ਦੇ ਚਿੱਤਰ ਉਲੀਕੇ ਹੁੰਦੇ ਹਨ।

(ਗ-218) **ਗੋਗਾ :**

(ੳ) ਗੱਗੇ ਪੀਰ ਦਾ ਇਕ ਨਾਉਂ (ਵੇਖੋ : ਗੁੱਗਾ ਪੀਰ)।

(ਅ) ਅਰੋੜਿਆਂ ਦੀ ਇਕ ਉਪਜਾਤੀ; ਰਵਾਇਤ ਹੈ ਕਿ ਇਸ ਜਾਤੀ ਦੀਆਂ ਤੀਵੀਆਂ ਇਕ ਖ਼ਾਸ ਤਰ੍ਹਾਂ ਦੀ ਮੋਂਧਰੀ ਜਿਹੀ ਰੋਟੀ, ਜਿਸ ਨੂੰ ਗੋਗੀ ਕਿਹਾ ਜਾਂਦਾ ਹੈ, ਪਕਾਂਦੀਆਂ ਸਨ, ਜਿਸ ਤੋਂ ਇਸ ਜਾਤੀ ਦਾ ਨਾਂ ਗੋਗਾ (ਗੋਗੀ ਖਾਣ ਵਾਲੇ) ਪ੍ਰਚਲਤ ਹੋ ਗਿਆ। ਇਨ੍ਹਾਂ ਦੇ ਇਕ ਵਡੇਰੇ ਨੇ ਆਪਣੇ ਹੋਣ ਵਾਲੇ ਜਵਾਈ ਅਗੇ ਇਹ ਸ਼ਰਤ ਰਖੀ ਕਿ ਜੇ ਉਹ ਖੂਹ ਖੁਣ ਕੇ ਦੇਵੇਗਾ ਤਾਂ ਉਹ ਉਸਨੂੰ ਆਪਣੀ ਲੜਕੀ ਵਿਆਹ ਕੇ ਦੇਵੇਗਾ। ਕੁਝ ਚਿਰ ਇਸ ਜਾਤੀ ਵਿਚ ਇਹ ਪ੍ਰਥਾ ਪ੍ਰਚਲਤ ਰਹੀ, ਜਿਸ ਤੋਂ ਇਹ ਕਹਾਵਤ ਪ੍ਰਚਲਤ ਹੋ ਗਈ :

ਖੱਟ ਖੂਹ ਭਰ ਪਾਣੀ, ਤਾਂ ਪਰਨਾਈਂ ਗੋਗਿਆਣੀ।

(ਗ-219) **ਗੋਗੀ :**

ਛੋਟੇ ਆਕਾਰ ਦੀ ਠੂਲੀ ਰੋਟੀ, ਜੋ ਮੁਸਲਮਾਨ ਹਰ ਰੋਜ਼ ਨੇਮ ਨਾਲ ਮੁੱਲਾਂ ਨੂੰ ਭੇਟ ਕਰਦੇ ਹਨ। ਸਿੱਖਾਂ ਵਿਚ ਭਾਈ ਨੂੰ, ਜੋ ਰੋਟੀ ਦਿਤੀ ਜਾਂਦੀ ਹੈ, ਉਸਨੂੰ ਪ੍ਰਸ਼ਾਦੀ ਕਹਿੰਦੇ ਹਨ ਤੇ ਹਿੰਦੂਆਂ ਵਿਚ ਮਿਸ਼ਰ ਨੂੰ ਦਿਤੀ ਰੋਟੀ 'ਹੰਦਾ' ਅਖਵਾਉਂਦੀ ਹੈ।

(ਗ-220) **ਗੋਘਨ :**

ਉਹ ਪ੍ਰਾਹੁਣਾ ਜਿਸ ਦੀ ਖ਼ਾਤਰਦਾਰੀ ਲਈ ਗਊ ਦੀ ਹਤਿਆ ਕਰਕੇ, ਉਸਦਾ ਮਾਸ ਰਿੰਨ੍ਹ ਪਕਾ ਕੇ ਖਵਾਇਆ ਜਾਵੇ। ਪ੍ਰਾਚੀਨ ਕਾਲ ਵਿਚ ਹਿੰਦੂਆਂ ਵਿਚ ਪ੍ਰਥਾ ਸੀ ਕਿ ਉਹ ਪ੍ਰਾਹੁਣੇ ਦੇ ਆਉਣ ਉਤੇ, ਆਦਰ ਵਜੋਂ ਗਊ ਦੀ ਹਤਿਆ ਕਰਕੇ ਮਾਸ ਰਿੰਨ੍ਹਦੇ। ਵਸ਼ਿਸ਼ਟ ਸਿਮ੍ਰਿਤੀ ਵਿਚ ਇਸ ਭਾਵ ਦੇ ਸ਼ਲੋਕ ਮਿਲਦੇ ਹਨ (ਮਹਾਨ ਕੋਸ਼, ਪੰਨਾ 320)।

(ਗ-221) **ਗੋਜਰ :**

ਪੰਜਾਬ ਦਾ ਉਹ ਇਲਾਕਾ ਜੋ ਕਦੇ ਗੁਜਰਾਂ ਦੇ ਕਬੀਲੇ ਦਾ ਗੜ੍ਹ ਰਿਹਾ। ਇਸੇ ਖੇਤਰ ਵਿਚ ਗੁਜਰਾਤ ਤੇ ਗੁਜਰਾਂਵਾਲਾ ਦਾ ਇਲਾਕਾ ਆਉਂਦਾ ਹੈ।

(ਗ 222) **ਗੋਜੀ :**

ਉਹ ਪਦਾਰਥ, ਜਿਸ ਵਿਚ ਇਕ ਤੋਂ ਵਧੀਕ ਜਿਨਸਾਂ ਰਲੀਆਂ ਹੋਣ, ਜਿਵੇਂ ਕਣਕ ਤੇ ਜੌਂ ਰਲਾ ਕੇ ਪੀਠਾ ਆਟਾ। ਅਜਿਹੇ ਪਦਾਰਥ ਨੂੰ ਪਵਿਤ੍ਰ ਤੇ ਕਲਿਆਣੀ ਮੰਨਿਆ ਗਿਆ ਹੈ। ਇਸ ਦੀ ਰੀਤਾਂ ਰਸਮਾਂ ਸਮੇਂ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕੰਨਿਆਂ ਨੂੰ ਚੂੜਾ ਪਹਿਨਾਣ ਵੇਲੇ ਚਾਵਲ ਤੇ ਕੜਾਹ ਰਲਾ ਕੇ ਵੰਡੇ ਜਾਂਦੇ ਹਨ, ਇਸੇ ਤਰ੍ਹਾਂ ਜਵਾਈ ਨੂੰ ਪਹਿਲੀ ਵਾਰ ਲੱਸੀ ਦੇਣ ਲਗਿਆਂ ਉਸ ਵਿਚ ਗਊ ਜਾਂ ਮੱਝ ਦੇ ਦੁੱਧ ਦੀਆਂ ਕੁਝ ਧਾਰਾਂ ਮਾਰ ਲਈਆਂ ਜਾਂਦੀਆਂ ਹਨ (ਵੇਖੋ : ਤਿਉੜ)।

(ਗ-223) **ਗੋਟੀ :**

ਸ਼ਤਰੰਜ, ਚੌਪੜ ਆਦਿਕ ਖੇਡ ਵਿਚ ਵਰਤੇ ਜਾਂਦੇ ਮੁਹਰੇ (ਵੇਖੋ : ਨਰਦਾਂ, ਸ਼ਤਰੰਜ)।

(ਗ-224) **ਗੋਠ ਮਾਰਨਾ :**

ਬੈਠਣ ਦੀ ਇਕ ਵਿਧੀ; ਚੌਕੜੀ ਮਾਰ ਕੇ ਬੈਠਣਾ, ਸਿੱਖਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਜਾਂ ਸੰਗਤ ਵਿਚ ਇਸੇ ਵਿਧੀ ਨਾਲ ਬੈਠਣਾ ਵਿਧਾਨ ਹੈ। ਇਸ ਤਰ੍ਹਾਂ ਬੈਠਣ ਨਾਲ ਲਿਵ ਸਹਿਜੇ ਹੀ ਇਸ਼ਟ ਵਿਚ ਜੁੜ ਜਾਂਦੀ ਹੈ।

(ਗ-225) **ਗੋਡਾ :**

ਗੋਡੇ ਨਾਲ ਕੁਝ ਵਿਸ਼ਵਾਸ ਜੁੜੇ ਹੋਏ ਹਨ, ਜਿਵੇਂ ਜਿਸ ਦੀਆਂ ਬਾਹਵਾਂ ਗੋਡੇ ਤਕ ਲੰਮੀਆਂ ਹੋਣ, ਉਹ ਮਹਾਂਪੁਰਖ ਹੁੰਦਾ ਹੈ।

(ਗ-226) **ਗੋਡਾ ਭੀਮ ਸੈਨ :**

ਹਰਿਦੁਆਰ ਵਿਚ ਇਕ ਸਥਾਨ, ਜਿਸ ਨੂੰ ਹਿੰਦੂ ਬੜਾ ਪਾਵਨ ਮੰਨਦੇ ਹਨ। ਇਥੇ ਸਰੋਵਰ ਵਿਚ ਇਕ ਥਾਂ ਵਡਾ ਸਾਰਾ ਪੱਥਰ ਪਿਆ ਹੈ, ਜਿਸ ਨੂੰ ਭੀਮ ਸੈਨ ਦਾ ਗੋਡਾ ਕਿਹਾ ਜਾਂਦਾ ਹੈ। ਇਸ ਪੱਥਰ ਦੀ ਸ਼ਕਲ ਗੋਡੇ ਨਾਲ ਮਿਲਦੀ ਜੁਲਦੀ ਹੈ। ਧਾਰਨਾ ਹੈ ਕਿ ਇਹ ਪੱਥਰ ਅਸਲ ਵਿਚ ਭੀਮ ਸੈਨ ਦਾ ਗੋਡਾ ਹੈ ਜੋ ਸਰਾਪ ਸਦਕਾ ਪੱਥਰ ਰੂਪ ਹੋ ਗਿਆ। ਮਹਾਂਭਾਰਤ ਦੀ ਯੁੱਧ ਵਿਚ, ਵਿਜੈ ਪ੍ਰਾਪਤ ਕਰਨ ਮਗਰੋਂ, ਪਾਂਡੋ ਕੈਲਾਸ਼ ਪਰਬਤ ਜਾ ਰਹੇ ਸਨ। ਰਸਤੇ ਵਿਚ ਉਨ੍ਹਾਂ ਉਸ ਥਾਂ ਪੜਾਅ ਕੀਤਾ, ਜਿਥੇ ਅੱਜ ਕਲ੍ਹ 'ਭੀਮ ਗੋਡਾ' ਹੈ। ਭੀਮ ਸੈਨ ਪੰਜਾਂ ਪਾਂਡਵਾਂ ਵਿਚੋਂ ਦੂਜਾ ਰਾਜਕੁਮਾਰ ਸੀ ਅਤੇ ਹਵਾ ਦੇ ਦੇਵਤੇ 'ਵਾਯੂ' ਦਾ ਪੁੱਤਰ ਸੀ। ਉਸਨੂੰ ਆਪਣੀ ਸ਼ਕਤੀ ਉਤੇ ਬੜਾ ਮਾਣ ਸੀ। ਇਥੇ ਉਸਨੇ ਗੋਡਾ ਟੇਕ ਕੇ ਆਪਣਾ ਗਦਾ ਹਵਾ ਵਿਚ

ਉਲਾਰਿਆ। ਕੈਲਾਸ਼ ਪਰਬਤ ਦੀ ਦੇਵ ਆਤਮਾ—ਭਾਵ ਸ਼ਿਵ ਨੇ ਇਸ ਗੱਲ ਨੂੰ ਵੰਗਾਰ ਸਮਝਿਆ ਤੇ ਭੀਮ ਸੈਨ ਨੂੰ ਸਰਾਪ ਦੇ ਦਿਤਾ। ਫਲਸਰੂਪ ਉਸ ਦਾ ਗੱਡਾ ਉਸੇ ਥਾਂ ਸਿਥਲ ਹੋ ਗਿਆ। ਕਈ ਸਾਲ ਭੀਮ ਸੈਨ ਇਥੇ ਧਰਤੀ ਉਤੇ ਬੈਠਾ ਰਿਹਾ। ਭੀਮ ਤੇ ਪਾਂਡਵਾਂ ਨੇ ਲੰਮੇ ਤੱਪ ਕੀਤੇ। ਤਾਂ ਜਾ ਕੇ ਭੀਮ ਦਾ ਸਰਾਪ ਟਲਿਆ ਪਰ ਉਸਦਾ ਗੱਡਾ ਧੜ ਨਾਲੋਂ ਵਖ ਹੋ ਗਿਆ, ਜੋ ਅੱਜ ਵੀ ਜੜ੍ਹ (ਪੱਥਰ) ਰੂਪ ਵਿਚ ਉਥੇ ਹੀ ਪਿਆ ਹੈ।

(ਗ-227) **ਗੋਤ ਕੁਨਾਲਾ** :

ਇਕ ਰਸਮ, ਜਿਸ ਦੁਆਰਾ ਦੂਜੀ ਗੋਤ ਦੀ ਤੀਵੀਂ ਨੂੰ, ਆਪਣੀ ਗੋਤ ਵਿਚ ਸ਼ਾਮਲ ਕੀਤਾ ਜਾਂਦਾ ਹੈ। ਵਿਆਹ ਮਗਰੋਂ ਜਦੋਂ ਦੁਲ੍ਹਨ ਸਹੁਰੇ ਘਰ ਆਉਂਦੀ ਹੈ, ਲਾੜੇ ਦੇ ਪਰਿਵਾਰ ਦੇ ਗੋਤ ਦੀਆਂ ਤੀਵੀਆਂ ਕਿਸੇ ਕੁਨਾਲੀ ਵਿਚ ਭੋਜਨ ਪਰੋਸ ਕੇ, ਦੁਲ੍ਹਨ ਨਾਲ ਰਲ ਕੇ ਖਾਂਦੀਆਂ ਹਨ। ਤੀਵੀਆਂ ਵਾਰੋ ਵਾਰ ਇਕ ਇਕ ਕਰਕੇ ਦੁਲ੍ਹਨ ਦੇ ਮੂੰਹ ਵਿਚ ਗਰਾਹੀਆਂ ਪਾਂਦੀਆਂ ਅਤੇ ਅਗੋਂ ਦੁਲ੍ਹਨ ਉਨ੍ਹਾਂ ਦੇ ਮੂੰਹ ਵਿਚ ਗਰਾਹੀ ਪਾਂਦੀ ਹੈ। ਇਸ ਪਿਛੋਂ ਗੁੜ ਤੇ ਮਠਿਆਈ ਵੰਡੀ ਜਾਂਦੀ ਅਥਵਾ ਰਲ ਕੇ ਖਾਧੀ ਜਾਂਦੀ ਹੈ।

ਗੋਤ ਕੁਨਾਲ ਦੀ ਰਸਮ ਆਮ ਕਰਕੇ ਹਿੰਦੂਆਂ ਤੇ ਸਿੱਖਾਂ ਵਿਚ ਪ੍ਰਚਲਤ ਹੈ। ਪਰ ਫ਼ਿਰੋਜ਼ਪੁਰ ਵਿਚ ਰਹਿੰਦੇ ਨਾਈਪਾਲ ਮੁਸਲਮਾਨਾਂ ਵਿਚ ਵੀ ਗੋਤ ਕੁਨਾਲ ਦੀ ਰੀਤ ਕੀਤੀ ਜਾਂਦੀ ਹੈ। ਮੁਸਲਮਾਨਾਂ ਵਿਚ ਇਹ ਰੀਤ ਆਪਣੀ ਕਿਸਮ ਦੀ ਇਕੋ ਇਕ ਮਿਸਾਲ ਹੈ।

(ਗ-228) **ਗੋਤਰ** :

ਉਪ-ਜਾਤ, ਹਰ ਜ਼ਾਤ ਕਈ ਗੋਤਾਂ (ਗੋਤਰਾਂ) ਵਿਚ ਵੰਡੀ ਹੋਈ ਹੈ। ਗੋਤਰ ਕਈ ਵੰਸ਼ਾਂ ਦਾ ਸਮੂਹ ਹੈ, ਜਿਨ੍ਹਾਂ ਦਾ ਵਡਿਕਾ ਇਕੋ ਮੰਨਿਆ ਗਿਆ ਹੈ। ਵੰਸ਼ ਨਾਲੋਂ ਵਧੇਰੇ ਵਿਆਪਕ ਸਮੂਹ ਦਾ ਨਾਉਂ ਗੋਤਰ ਹੈ।

ਗੋਤ ਕਿਸੇ ਪੂਰਵਜ ਅਥਵਾ ਵਡਿਕੇ ਦੇ ਨਾਉਂ ਉਤੇ ਰਖੀ ਗਈ ਹੁੰਦੀ ਹੈ। ਕੁਝ ਗੋਤਾਂ ਆਪਣੇ ਪੂਰਵਜ ਕਿਸੇ ਪਸ਼ੂ ਜਾਂ ਵਸਤੂ (ਟੋਟਿਮ) ਨੂੰ ਮੰਨਦੀਆਂ ਹਨ ਅਤੇ ਉਨ੍ਹਾਂ ਦੀਆਂ ਗੋਤਾਂ ਪਸ਼ੂਆਂ ਜਾਂ ਵਸਤੂਆਂ ਦੇ ਨਾਂਵਾਂ ਉਤੇ ਹੁੰਦੀਆਂ ਹਨ (ਵੇਖੋ : ਟੋਟਿਮ)।

ਜਿਵੇਂ ਅਰੋੜਿਆਂ ਦੀਆਂ ਕਈ ਗੋਤਾਂ ਦੇ ਨਾਉਂ ਕਿਸੇ ਜਨੌਰ ਉਤੇ ਹਨ :

ਗਿੱਦੜ, ਘੋੜਾ, ਹੰਸ, ਕੁੱਕੜ, (ਕੱਕੜ), ਕਾਂ, ਲੂਮੜ, ਮੱਛਰ, ਮਕੌੜੇ ਆਦਿ। ਅਰੋੜਿਆਂ ਦੀਆਂ ਕੁਝ ਗੋਤਾਂ ਦੇ ਨਾਉਂ ਪੌਦਿਆਂ ਤੇ ਵਸਤੂਆਂ ਉਤੇ ਹਨ :

ਚਾਵਲਾ, ਕਸਤੂਰੀਆ, ਕਟਾਰੀਆ, ਲੋਟਾ, ਮਹਿੰਦੀ ਰੱਤਾ, ਤੇ ਸਾਵੀ ਬੂਟੀ ਆਦਿ। ਕੁਝ ਗੋਤਾਂ ਦੇ ਨਾਉਂ ਕਿਸੇ ਵਾਸਤਵਿਕ ਪੂਰਵਜ ਦੇ ਨਾਉਂ ਤੇ ਵੀ ਹਨ। ਕੁਝ ਗੋਤਾਂ ਦੇ ਨਾਉਂ ਕਾਰ-ਵਿਹਾਰ ਨਾਲ ਸੰਬੰਧਿਤ ਹਨ। ਜਿਵੇਂ ਅਰੋੜਿਆਂ ਵਿਚ ਨਾਗਪਾਲ, ਘਈਆ, ਕਸਤੂਰੀਆ।

ਕੁਝ ਗੋਤਾਂ ਦਾ ਮੁੱਢ ਕਿਸੇ ਵਿਸ਼ੇਸ਼ ਕਿਰਿਆ ਤੋਂ ਬਝਿਆ ਜਿਵੇਂ ਉਪਲਾਂ ਦੇ ਵਡਿਕੇ ਨੂੰ ਜੰਮਦਿਆਂ ਸਾਰ ਕੋਈ ਉਪਲਾਂ (ਗੋਹਿਆਂ) ਦੇ ਢੇਰ ਵਿਚ ਸੁਟ ਗਿਆ ਸੀ। ਜਿਥੋਂ ਉੱਪਲ ਗੋਤਰ ਪ੍ਰਚਲਤ ਹੋਈ। ਤਰੇਜਾ ਅਰੋੜਿਆਂ ਬਾਰੇ ਦੰਦ-ਕਥਾ ਹੈ ਕਿ ਇਨ੍ਹਾਂ ਦੇ ਵਡਿਕੇ ਨੂੰ ਇਕ ਵਾਰ ਆਪਣੇ ਆਪ ਨੂੰ ਤਰਾਂ ਦੇ ਇਕ ਖੇਤ ਵਿਚ ਛੁਪਾਣਾ ਪਿਆ, ਜਿਸ ਤੋਂ ਤਰੇਜਾ ਗੋਤ ਪ੍ਰਚਲਤ ਹੋਈ।

ਜਦੋਂ ਕੋਈ ਵੰਸ਼ ਸਮੂਹ ਪਸ਼ੂ-ਜਗਤ/ਵਸਤੂ-ਜਗਤ ਵਿਚੋਂ, ਕਿਸੇ ਇਕ ਨਾਲ ਆਪਣੇ ਪੂਰਵਜਾਂ ਦਾ ਸੰਬੰਧ ਜੋੜ ਲੈਂਦਾ ਹੈ, ਤਾਂ ਉਹ ਪਸ਼ੂ ਵਸਤੂ ਉਸ ਸਮੂਹ ਲਈ ਖ਼ਾਸ ਅਹਿਮੀਅਤ ਰਖਣ ਲਗ ਪੈਂਦੀ ਹੈ ਤੇ ਉਸਨੂੰ ਦੇਵਤੇ ਤੁਲ ਮਾਣ ਦਿਤਾ ਜਾਂਦਾ ਹੈ। ਉਸ ਪਸ਼ੂ ਜਾਂ ਵਸਤੂ ਨੂੰ ਖਾਧਾ ਅਥਵਾ ਨੁਕਸਾਨ ਨਹੀਂ ਪਹੁੰਚਾਇਆ ਜਾਂਦਾ। ਜਿਵੇਂ ਡੇਰਾ ਅਸਮਾਈਲ ਖ਼ਾਂ ਦੇ ਲੋਕ ਕਸਤੂਰੀ ਦੀ ਵਰਤੋਂ ਨਹੀਂ ਕਰਦੇ ਅਤੇ ਹਿਸਾਰ ਦੇ ਮਾਨਕ-ਟਾਹਲੀਏ ਟਾਹਲੀ (ਸ਼ੀਸ਼ਮ) ਦੇ ਰੁੱਖ ਨੂੰ ਪੂਜਦੇ ਹਨ।

ਪਸ਼ੂ-ਜਗਤ ਜਾਂ ਵਸਤੂ-ਜਗਤ ਵਿਚੋਂ ਕਿਸੇ ਇਕ ਨਾਲ ਆਪਣਾ ਸੰਬੰਧ ਜੋੜਣ ਤੇ ਉਸ ਪਸ਼ੂ ਜਾਂ ਵਸਤੂ ਨੂੰ ਪੂਜਣ ਅਥਵਾ ਰੱਖਿਆ ਕਰਨ ਦੀ ਰੁਚੀ ਨੂੰ 'ਟੋਟਿਮ' ਕਹਿੰਦੇ ਹਨ। ਟੋਟਿਮ ਇਕ ਤਰ੍ਹਾਂ ਦਾ ਗੋਤਰ-ਚਿੰਨ੍ਹ ਹੁੰਦਾ ਹੈ (ਵੇਖੋ : ਟੋਟਿਮ)।

ਇਕ ਗੋਤ ਦੇ ਬੰਦਿਆਂ ਦਾ ਆਪ ਵਿਚ ਲਹੂ ਦਾ ਰਿਸ਼ਤਾ ਹੁੰਦਾ ਹੈ, ਇਸੇ ਲਈ ਆਮ ਤੌਰ ਤੇ ਗੋਤ ਤੋਂ ਬਾਹਰੋ ਵਿਆਹ ਪ੍ਰਚਲਤ ਹਨ। ਕੁਝ ਗੋਤਾਂ ਵਿਚ ਦੋ ਅਤੇ ਕੁਝ ਵਿਚ ਚਾਰ ਗੋਤਾਂ ਵਿਚ ਵਿਆਹ ਵਿਵਰਜਤ ਹਨ। ਇਕੋ ਗੋਤ ਵਿਚ ਵਿਆਹ ਨੂੰ ਕੁਲ ਸੰਭੋਗ ਸਮਝਿਆ ਜਾਂਦਾ ਹੈ (ਗਲਾਸਰੀ 2, ਪੰਨਾ 19-20)।

(ਗ-229) **ਗੋਤਰਾਚਾਰ** :

ਵਿਆਹ ਦੇ ਸੰਕਲਪ ਵੇਲੇ ਵਰ ਤੇ ਕੰਨਿਆਂ ਦੋਹਾਂ ਧਿਰਾਂ ਦੇ ਕੁਲ-ਪਰੋਹਿਤ ਮੌਜੂਦ ਹੁੰਦੇ ਹਨ ਜੋ ਆਪਣੇ ਪੱਖ ਦੀ ਗੋਤ ਤੇ ਸ਼ਾਖ਼ ਦਾ ਉੱਚਾ ਉੱਚਾ ਉੱਚਾਰਨ ਕਰਦੇ ਹਨ। ਇਸ ਵਿਚ ਉਹ ਵਰ ਜਾਂ ਕੰਨਿਆਂ ਦੇ ਪਿਉ, ਦਾਦੇ ਤੇ ਪੜਦਾਦੇ ਦਾ ਨਾਉਂ ਲੈਂਦੇ, ਗੋਤਰ ਦਾ ਉੱਚਾਰਨ ਕਰਦੇ ਤੇ ਨਾਲ ਹੀ ਆਪਣੀ ਸ਼ਾਖ਼ ਦਾ ਵਰਨਣ ਕਰਦੇ

ਹਨ । ਜਿਵੇਂ ਕਪੂਰ ਜੋ ਢਾਈ ਘਰੇ ਹਨ, ਜਿਨ੍ਹਾਂ ਦਾ ਗੋਤਰ ਗੋਸ਼ਿਲ ਹੈ । ਇਨ੍ਹਾਂ ਦਾ ਵੇਦ ਯੁੱਜਰ ਵੇਦ ਹੈ, ਇਨ੍ਹਾਂ ਦੀ ਸ਼ਾਖ ਮਧਿਮਨਦਨੀ ਤੇ ਸੂਤਰ ਕਟੀਯਾਇਨ ਹੈ ।

ਇਸ ਸਾਰੇ ਵੇਰਵੇ ਨੂੰ ਗੋਤਰ-ਉਚਾਰ ਤੇ ਸਾਖੋਚਾਰ ਕਹਿੰਦੇ ਹਨ । ਕਿਉਂਜੋ ਗੋਤਰ ਦੇ ਨਾਲ ਦੋਹਾਂ ਧਿਰਾਂ ਦੀ ਸ਼ਾਖ ਤੇ ਸੂਤਰ ਦਾ ਵੀ ਉੱਚਾਰਨ ਹੁੰਦਾ ਹੈ ।

ਜਿਸ ਨੂੰ ਆਪਣਾ ਗੋਤਰ ਨਾ ਪਤਾ ਹੋਵੇ, ਉਹ ਆਪਣਾ ਗੋਤਰ ਕੁਸ਼ਲ ਗੋਤਰ ਦਸਦਾ ਹੈ । ਇਹ ਸਾਂਝਾ ਗੋਤਰ ਹੈ ।

(ਗ-230) **ਗੋਦ ਹਰੀ ਕਰਨਾ** :

ਇਕ ਰੀਤ, ਜੋ ਲਹਿੰਦੇ ਦੇ ਹਿੰਦੂਆਂ ਵਿਚ ਉਪਜਾਇਕਤਾ ਸ਼ਕਤੀ ਨੂੰ, ਬਲਵਾਨ ਕਰਨ ਲਈ ਪ੍ਰਚਲਤ ਹੈ । ਜਦੋਂ ਕਿਸੇ ਤੀਵੀਂ ਦਾ ਛੋਟਾ ਬੱਚਾ ਮਰ ਜਾਂਦਾ ਹੈ ਅਤੇ ਉਸਦੇ ਰਿਸ਼ਤੇਦਾਰ ਮ੍ਰਿਤਕ ਬੱਚੇ ਦੀ ਦੇਹ ਮਰਘਟ ਵਿਚ ਦੱਬ/ਜਲ ਪ੍ਰਵਾਹ ਕੇ ਵਾਪਿਸ ਆਉਂਦੇ ਹਨ, ਤਾਂ ਰਾਹ ਵਿਚੋਂ ਕਿਸੇ ਖੇਤ 'ਚੋਂ ਸਾਗ ਦੇ ਕੁਝ ਪੱਤੇ ਤੋੜ ਲਿਆਉਂਦੇ ਹਨ ਅਤੇ ਮਾਂ ਦੀ ਗੋਦੀ ਵਿਚ ਪਾ ਦੇਂਦੇ ਹਨ । ਇਸ ਰੀਤ ਨੂੰ 'ਗੋਦ ਹਰੀ ਕਰਨਾ' ਕਹਿੰਦੇ ਹਨ । ਧਾਰਨਾ ਹੈ ਕਿ ਇਸ ਤਰ੍ਹਾਂ ਉਹ ਮਰਿਆ ਬੱਚਾ, ਮੁੜ ਉਸੇ ਮਾਂ ਤੋਂ ਪੁਨਰ-ਜਨਮ ਲੈਂਦਾ ਹੈ (ਬਹਾਵਲਪੁਰ ਗਜ਼ਟੀਅਰ, ਪੰਨਾ 197) ।

(ਗ-231) **ਗੋਦ ਭਰਨੀ** :

ਗਰਭ ਦੇ ਦਿਨਾਂ ਦੀ ਇਕ ਰੀਤ; ਕਿਸੇ ਤੀਵੀਂ ਨੂੰ ਪਹਿਲੀ ਵਾਰ ਗਰਭ ਠਹਿਰਦਾ ਹੈ ਤਾਂ ਤੀਜੇ ਜਾਂ ਸਤਵੇਂ ਮਾਹ ਇਹ 'ਰੀਤ' ਕੀਤੀ ਜਾਂਦੀ ਹੈ । ਗਰਭਵਤੀ ਨੂੰ ਇਕ ਪੀੜ੍ਹ ਉਤੇ ਬਿਠਾ ਕੇ, ਪ੍ਰਵਾਰ ਦੀ ਕੋਈ ਅਜਿਹੀ ਇਸਤ੍ਰੀ, ਜਿਸਦੀ ਕੁੱਖ ਹਰੀ ਹੋਵੇ ਤੇ ਜਿਸ ਦਾ ਕੋਈ ਵੀ ਜੀਅ ਅਜੇ ਮਰਿਆ ਨਾ ਹੋਵੇ, ਗਰਭਵਤੀ ਦੀ ਗੋਦ ਵਿਚ ਨਾਰੀਅਲ ਤੇ ਚਾਵਲ ਪਾਉਂਦੀ ਹੈ । ਮੁਲਤਾਨ ਵਿਚ ਗੋਦੀ ਵਿਚ ਪਾਪੜ ਭੁੰਨ/ਤੱਲ ਕੇ ਖਵਾਉਣ ਦਾ ਰਿਵਾਜ ਹੈ ।

(ਗ-232) **ਗੋਦ ਲੈਣਾ** :

(1) ਵਿਆਹ ਤੋਂ ਮਗਰੋਂ ਜਦੋਂ ਦੁਲ੍ਹਨ ਸਹੁਰੇ ਘਰ ਆਉਂਦੀ ਹੈ ਤਾਂ ਉਸ ਨੂੰ ਪੀੜ੍ਹ ਉਤੇ ਬਿਠਾ ਕੇ, ਉਸ ਦੀ ਗੋਦ ਵਿਚ ਕਿਸੇ ਬੱਚੇ ਨੂੰ ਪਾ ਦਿਤਾ ਜਾਂਦਾ ਹੈ । ਦੁਲ੍ਹਨ ਬੱਚੇ ਨੂੰ ਪਿਆਰ ਕਰਦੀ ਤੇ ਕੋਈ ਮਿੱਠੀ ਚੀਜ਼ ਬੱਚੇ ਦੇ ਮੂੰਹ ਲਗਾਉਂਦੀ ਹੋਈ, ਸ਼ਗਨ ਵਜੋਂ ਬੱਚੇ ਨੂੰ ਮਠਿਆਈ ਤੇ ਕੁਝ ਨਕਦ ਰੁਪਏ ਦੇਂਦੀ ਹੈ । ਇਸ ਰੀਤ ਨੂੰ 'ਗੋਦ ਲੈਣ' ਜਾਂ 'ਗੋਦ ਭਰਨ' ਦੀ ਰੀਤ ਕਹਿੰਦੇ ਹਨ ।

ਇਸ ਰੀਤ ਦਾ ਭਾਵ ਹੈ ਕਿ ਨਵੀਂ ਦੁਲ੍ਹਨ ਦੀ ਕੁੱਖ ਹਰੀ ਰਹੇ । ਇਹ ਰੀਤ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ । ਇਸ ਟੂਣੇ ਦਾ ਸਿਧਾਂਤ ਹੈ–ਸਮ ਤੋਂ ਸਮ ਪੈਦਾ ਹੋਣਾ । ਜੇ ਪਹਿਲੇ ਦਿਨ ਦੁਲ੍ਹਨ ਦੀ ਗੋਦੀ ਵਿਚ ਬਾਲ ਪਾ ਦਈਏ ਤਾਂ ਧਾਰਨਾ ਹੈ ਕਿ ਛੇਤੀ ਹੀ ਉਸਦੇ ਘਰ ਬਾਲ ਜੰਮਦਾ ਹੈ ।

(2) ਕਿਸੇ ਬਾਂਝ ਇਸਤ੍ਰੀ ਦਾ ਕਿਸੇ ਬਿਗਾਨੇ ਬੱਚੇ ਨੂੰ ਗੋਦ ਲੈਣਾ ।

(ਗ-233) **ਗੋਦਾਵਰੀ** :

ਦੱਖਣੀ ਭਾਰਤ ਦੀ ਇਕ ਨਦੀ; ਗੋਦਾਵਰੀ ਸ਼ਿਵ ਦੀਆਂ ਜਟਾਂ ਵਿਚੋਂ ਨਿਕਲੀ ਮੰਨੀ ਜਾਣ ਕਰਕੇ ਪਵਿਤ੍ਰ ਹੈ । ਗੁਰੂ ਗੋਬਿੰਦ ਸਿੰਘ ਜੀ ਆਪਣੀ ਦੱਖਣ ਯਾਤ੍ਰਾ ਸਮੇਂ ਇਸ ਨਦੀ ਦੇ ਕੰਢੇ ਰਹੇ । ਸਿੱਖਾਂ ਦਾ ਪ੍ਰਸਿਧ ਗੁਰ-ਧਾਮ ਅਬਿਚਲ ਨਗਰ (ਹਜ਼ੂਰ ਸਾਹਿਬ) ਵੀ ਇਸੇ ਨਦੀ ਦੇ ਕੰਢੇ ਉਤੇ ਸਥਿਤ ਹੈ ।

ਇਸ ਨਦੀ ਦੀ ਉਤਪਤੀ ਬਾਰੇ ਪੁਰਾਣਾਂ ਵਿਚ ਕਈ ਮਿਥਕ ਕਥਾਵਾਂ ਮਿਲਦੀਆਂ ਹਨ । ਬ੍ਰਹਮਾਂਡ ਉਪ-ਪੁਰਾਣ ਅਨੁਸਾਰ ਇਹ ਨਦੀ ਸ਼ਿਵ ਦੀਆਂ ਲਿਟਾਂ ਵਿਚੋਂ ਨਿਕਲੀ ।

(ਗ-234) **ਗੋਧੂਲੀ** :

ਆਕਾਸ਼ ਮੰਡਲ ਵਿਚ ਨਿੱਕੇ ਨਿੱਕੇ ਤਾਰਿਆਂ ਦਾ ਸਮੂਹ, ਜੋ ਪਗਡੰਡੀ ਵਾਂਗ ਵਿਖਾਈ ਦੇਂਦਾ ਹੈ । ਇਸ ਨੂੰ 'ਆਕਾਸ਼ ਗੰਗਾ' ਤੇ 'ਛੜਿਆਂ ਦਾ ਰਾਹ' ਵੀ ਕਿਹਾ ਜਾਂਦਾ ਹੈ । ਧਾਰਨਾ ਹੈ ਕਿ ਸ੍ਰੀ ਕ੍ਰਿਸ਼ਨ ਸ਼ਾਮ ਵੇਲੇ ਗਊਆਂ ਚਾਰ ਕੇ, ਜਦੋਂ ਸਵਰਗ-ਲੋਕ ਵਿਚ, ਘਰ ਵਾਪਸ ਪਰਤਦੇ ਹਨ ਤਾਂ ਗਊਆਂ ਦੇ ਖੁਰਾਂ ਨਾਲ ਉਠੀ ਧੂੜ ਇਹ ਦ੍ਰਿਸ਼ਟਮਾਨ ਪੈਦਾ ਕਰਦੀ ਹੈ (ਵੇਖੋ : ਆਕਾਸ਼ ਗੰਗਾ) ।

ਸ਼ਾਮ ਦਾ ਵੇਲਾ ਜਦੋਂ ਚਰਵਾਹੇ ਤੇ ਆਜੜੀ ਪਸ਼ੂ ਚਾਰ ਕੇ ਘਰ ਮੁੜਦੇ ਹਨ ਤੇ ਉਨ੍ਹਾਂ ਦੇ ਖੁਰਾਂ ਨਾਲ ਉਠੀ ਧੂੜ ਆਕਾਸ਼ ਵਿਚ ਧੁੰਦ ਵਾਂਗ ਫੈਲਦੀ ਹੈ, ਇਸ ਨੂੰ ਵੀ ਗੋਧੂਲੀ (ਵੇਲਾ) ਆਖਦੇ ਹਨ ।

(ਗ-235) **ਗੋਨਾ** :

ਵਿਆਹ ਤੋਂ ਮਗਰੋਂ ਦੀ ਇਕ ਰਸਮ, ਜਿਸ ਨੂੰ 'ਮੁਕਲਾਵਾ' ਵੀ ਕਿਹਾ ਜਾਂਦਾ ਹੈ । ਹਰਿਆਣਾ ਤੇ ਉਸਦੇ ਨਾਲ ਲਗਦੇ ਪੰਜਾਬੀ ਇਲਾਕੇ ਵਿਚ ਇਸਨੂੰ ਗੋਨਾ ਕਿਹਾ ਜਾਂਦਾ ਹੈ । ਪਹਿਲਿਆਂ ਵਿਚ ਵਿਆਹ ਬਾਲ ਉਮਰ ਵਿਚ ਕਰ ਦਿਤਾ ਜਾਂਦਾ ਸੀ ਅਤੇ ਵਰ ਤੇ ਕੰਨਿਆਂ ਅਜੇ ਇਤਨੇ ਗਭਰੇਟ ਨਹੀਂ ਸਨ ਹੁੰਦੇ ਕਿ ਦੰਪਤੀ-ਜੀਵਨ ਬਿਤਾ ਸਕਣ । ਇਸ ਲਈ ਗਭਰੇਟ ਹੋਣ ਤਕ, ਕੰਨਿਆਂ ਆਪਣੇ ਪੇਕੇ

ਘਰ ਹੀ ਰਹਿੰਦੀ। ਜਦੋਂ ਉਹ ਜਵਾਨ ਹੁੰਦੀ ਤਾਂ ਗੌਨੇ ਦੀ ਰਸਮ ਕੀਤੀ ਜਾਂਦੀ। ਅੱਜ ਕਲ੍ਹ ਵੀ ਜਿਥੇ ਵਰ ਤੇ ਕੰਨਿਆਂ ਦੋਵੇਂ ਗਭਰੇਟ ਹੋਣ, ਗੌਨੇ ਦੀ ਰਸਮ ਵਿਆਹ ਦੇ ਨਾਲ ਹੀ ਕਰ ਦਿਤੀ ਜਾਂਦੀ ਹੈ, ਤੇ ਵਿਦਾ ਕਰਨ ਵੇਲੇ ਕੁਝ ਫਾਲਤੂ ਕਪੜੇ ਵੀ, ਗੌਨੇ ਦੇ ਤੌਰ ਤੇ ਨਾਲ ਹੀ ਦੇ ਦਿਤੇ ਜਾਂਦੇ ਹਨ। ਪਰ ਜਿਥੇ ਅਜੇ ਵਰ ਤੇ ਕੰਨਿਆਂ ਦੋਵੇਂ ਬਾਲਪਨ ਦੀ ਅਵਸਥਾ ਵਿਚ ਹੋਣ, ਉਥੇ ਮਗਰੋਂ ਗੌਨਾ ਕੀਤਾ ਜਾਂਦਾ ਹੈ। ਕਈ ਹਾਲਤਾਂ ਵਿਚ ਗੌਨਾ ਦਸ ਦਸ ਸਾਲ ਤਕ ਨਹੀਂ ਹੁੰਦਾ ਤੇ ਕਈਆਂ ਹਾਲਤਾਂ ਵਿਚ ਵਿਆਹ ਤੋਂ ਮਗਰੋਂ ਸਾਲ ਦੋ ਸਾਲ ਦੇ ਵਿਚ ਹੀ ਹੋ ਜਾਂਦਾ ਹੈ। ਇਹ ਸਮਾਂ ਵਰ ਤੇ ਕੰਨਿਆਂ ਦੀ ਉਮਰ 'ਤੇ ਨਿਰਭਰ ਕਰਦਾ ਹੈ। ਗੌਨੇ ਦੇ ਮਗਰੋਂ ਵਰ ਤੇ ਕੰਨਿਆਂ ਦੰਪਤੀ ਜੀਵਨ ਬਿਤਾਣ ਲਗਦੇ ਹਨ। ਪਰ ਕਈ ਵਾਰ ਗੌਨੇ ਮਗਰੋਂ ਵੀ ਕੁੜੀ ਛੋਟੀ ਹੋਣ ਕਾਰਨ ਪੇਕੇ ਆ ਜਾਂਦੀ ਹੈ। ਇਹ ਕੇਵਲ ਉਸੇ ਹਾਲਤ ਵਿਚ ਹੁੰਦਾ ਹੈ ਜਦੋਂ ਲੜਕੇ ਵਾਲਿਆਂ ਨੂੰ ਖਦਸ਼ਾ ਹੋ ਗਿਆ ਹੋਵੇ ਕਿ ਕੰਨਿਆਂ ਵਾਲੇ ਕਿਧਰੇ ਲੜਕੀ ਭੇਜਣ ਹੀ ਨਾ ਤੇ ਉਹ ਯੋਗ ਉਮਰ ਤੋਂ ਪਹਿਲਾਂ ਹੀ ਗੌਨੇ ਦੀ ਰਸਮ ਵੀ ਕਰ ਲੈਂਦੇ ਹਨ। ਜਦੋਂ ਤਕ ਗੌਨੇ ਦੀ ਰਸਮ ਨਾ ਹੋ ਜਾਵੇ, ਵਿਆਹ ਮੁਕੰਮਲ ਨਹੀਂ ਸਮਝਿਆ ਜਾਂਦਾ।

ਗੌਨੇ ਦੇ ਮੌਕੇ ਤੇ ਲਾੜ੍ਹਾ ਆਪਣੇ ਚਾਚਿਆਂ ਤੇ ਭਰਾਵਾਂ ਆਦਿ ਨਾਲ ਦੁਲ੍ਹਨ ਦੇ ਘਰ ਜਾਂਦਾ ਹੈ। ਕਈ ਜ਼ਾਤਾਂ ਵਿਚ ਗੌਨੇ ਵੇਲੇ ਦੂਲ੍ਹੇ ਦੇ ਮਾਪੇ ਨਾਲ ਨਹੀਂ ਜਾਂਦੇ। ਗੌਨੇ ਦੀ ਤਿੱਥ ਪਹਿਲਾਂ ਨਾਈ ਨੂੰ ਭੇਜ ਕੇ ਨਿਸਚਤ ਕਰ ਲਈ ਜਾਂਦੀ ਹੈ। ਗੌਨੇ ਲਈ ਗਏ, ਵਰ ਪੱਖ ਵਾਲੇ, ਤਿੰਨ ਦਿਨ ਕੰਨਿਆਂ ਪੱਖ ਦੇ ਘਰ ਰਹਿੰਦੇ ਹਨ ਤੇ ਉਨ੍ਹਾਂ ਦੀ ਬੜੀ ਖਾਤਰ ਕੀਤੀ ਜਾਂਦੀ ਹੈ। ਤੀਜੇ ਦਿਨ ਵਿਦਾ ਵੇਲੇ, ਕੰਨਿਆਂ-ਪੱਖ ਵਾਲੇ, ਨਾਲ ਢੁਕੇ ਹਰੇਕ ਸ਼ਖ਼ਸ ਪ੍ਰਤੀ ਇਕ ਪੱਗ ਤੇ ਰੁਪਿਆ ਦੇਂਦੇ ਹਨ। ਸਭ ਤੋਂ ਵਡੇ ਬਜ਼ੁਰਗ ਲਈ ਜੋੜਾ ਵੀ ਦੇਂਦੇ ਹਨ। ਦੂਲ੍ਹੇ ਦੇ ਮਾਂ-ਪਿਉ ਤੇ ਭੈਣ-ਭਰਾਵਾਂ ਤੇ ਹੋਰ ਸੰਗ ਸਾਕਾਂ ਲਈ ਵੀ ਕਪੜੇ ਦਿਤੇ ਜਾਂਦੇ ਹਨ। ਇਸ ਤੋਂ ਇਲਾਵਾ ਕੁਝ ਮਠਿਆਈ ਤੇ ਕੁਝ ਹੋਰ ਸਾਮਗਰੀ ਵੀ ਦਿਤੀ ਜਾਂਦੀ ਹੈ। ਵਰ ਪੱਖ ਵਾਲੇ ਕੰਨਿਆਂ ਪੱਖ ਦੇ ਨਾਈ ਨੂੰ ਲਾਗ ਦਿੰਦੇ ਹਨ। ਘਰ ਵਾਪਸ ਆ ਕੇ ਮਠਿਆਈ ਬਰਾਦਰੀ ਵਿਚ ਵੰਡ ਦਿਤੀ ਜਾਂਦੀ ਹੈ। ਘਰ ਵਿਚ ਸ਼ਗਨ ਵਜੋਂ ਮਿੱਠਾ ਭੱਤ ਰਿੰਨ੍ਹਿਆ ਜਾਂਦਾ ਹੈ।

### (ਗ-236) ਗੋਪ ਅਸ਼ਟਮੀ :

ਇਹ ਪੁਰਬ ਕੱਤਕ ਮਹੀਨੇ ਦੇ ਚਾਨਣ ਪੱਖ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਗਊ ਭਗਤ ਗਊਆਂ ਨੂੰ ਸ਼ਿੰਗਾਰਦੇ ਤੇ ਉਨ੍ਹਾਂ ਦੀ ਪੂਜਾ ਕਰਦੇ ਹਨ। ਉਹ ਗਊਆਂ ਦੇ ਗਲੇ ਵਿਚ ਫੁੱਲਾਂ ਦੇ ਹਾਰ ਤੇ ਟਲੀਆਂ ਪਾਉਂਦੇ, ਗਊ ਦੇ ਸਿੰਙਾਂ ਉਤੇ ਸੰਧੂਰ ਧੂੜਦੇ ਤੇ ਗਊ ਦੇ ਜਿਸਮ ਉਤੇ ਕਈ ਰੰਗਾਂ ਵਿਚ ਸਵਾਸਤਿਕ ਦਾ ਚਿੰਨ੍ਹ/ਓਮ ਦਾ ਉਲੇਖ ਕਰਦੇ ਤੇ ਗਊ ਨੂੰ ਪ੍ਰਨਾਮ ਕਰਕੇ ਉਸਨੂੰ ਭੇਟਾ ਚਾੜ੍ਹਦੇ ਹਨ।

ਕਈ ਸੁਰਭੀ ਗਊ ਭਗਤ ਘਰ ਦੀ ਕਿਸੇ ਕੰਧ ਉਤੇ, ਗਊ ਦਾ ਚਿਤਰ ਬਣਾ ਕੇ ਉਸਨੂੰ ਦੀਪ ਧੂਪ ਦੇਂਦੇ ਤੇ ਪੂਜਾ ਕਰਦੇ ਹਨ। ਸ਼ਾਮੀਂ ਘਰਾਂ ਨੂੰ ਪਰਤ ਰਹੀਆਂ ਗਊਆਂ ਨੂੰ ਪੇੜੇ ਖਵਾਂਦੇ ਹਨ।

ਗੋਵਰਧਨ ਦੇ ਪੁਰਬ ਉਤੇ ਵੀ ਗਊ-ਪੂਜਾ ਕਰਨ ਦੀ ਪ੍ਰਥਾ ਹੈ।

ਧਾਰਨਾ ਹੈ ਕਿ ਇਸ ਦਿਨ ਕ੍ਰਿਸ਼ਨ ਨੇ ਗਊਆਂ ਚਾਰਨ ਦਾ ਕੰਮ ਸ਼ੁਰੂ ਕੀਤਾ ਸੀ। ਸਨਾਤਨੀ ਵਿਚਾਰਾਂ ਦੇ ਹਿੰਦੂ ਇਸ ਦਿਨ ਵਰਤ ਰਖਦੇ ਅਤੇ ਗਊ ਮਾਤਾ ਨੂੰ ਪੂਜਦੇ ਹਨ। ਇਸ ਵਰਤ ਨੂੰ ਰਖਣ ਦੀ ਵਿਧੀ ਇਸ ਤਰ੍ਹਾਂ ਹੈ—ਸਵੇਰੇ ਇਸ਼ਨਾਨ ਕਰਨ ਉਪ੍ਰੰਤ ਗਊ ਨੂੰ ਨਵ੍ਹਾਇਆ ਜਾਂਦਾ ਹੈ ਅਤੇ ਫੁੱਲਾਂ ਦੇ ਹਾਰ ਗਊ ਦੇ ਗਲ ਵਿਚ ਪਾ ਕੇ ਤੇ ਮੱਥੇ ਉਤੇ ਚੰਦਨ ਲਗਾ ਕੇ, ਗਊ ਦੀ ਪੂਜਾ ਕੀਤੀ ਜਾਂਦੀ ਹੈ! ਗਊ ਨੂੰ ਘਾਹ ਖਵਾ ਕੇ ਉਸਦੀ ਸੱਤ ਵਾਰ ਪ੍ਰਕਰਮਾ ਕੀਤੀ ਜਾਂਦੀ ਹੈ। ਸ਼ਾਮ ਨੂੰ ਜਦੋਂ ਗਊਆਂ ਚਰ ਕੇ ਵਾਪਸ ਆਉਂਦੀਆਂ ਹਨ ਤਾਂ ਉਨ੍ਹਾਂ ਨੂੰ ਆਟੇ ਦੇ ਪੇੜੇ ਬਣਾ ਕੇ ਖਵਾਏ ਜਾਂਦੇ ਹਨ। ਗਊਆਂ ਦੇ ਖੁਰਾਂ ਦੀ ਧੂੜ ਮੱਥੇ ਉਤੇ ਲਗਾਈ ਜਾਂਦੀ ਹੈ। ਕਈ ਸਨਾਤਨੀ ਹਿੰਦੂ ਇਸ ਦਿਨ ਗਊ ਦਾ ਮੂਤਰ ਅੰਮ੍ਰਿਤ ਜਾਣ ਕੇ ਚੱਖਦੇ ਹਨ।

### (ਗ-237) ਗੋਪੀਆਂ :

ਗਵਾਲਣਾਂ, ਅਹੀਰਨਾਂ, ਪਰ ਇਹ ਸ਼ਬਦ ਕ੍ਰਿਸ਼ਨ ਦੀਆਂ ਸਖੀਆਂ ਦਾ ਬੋਧਿਕ ਹੈ।

### (ਗ-238) ਗੋਪੀ ਚੰਦ :

ਨਾਥ ਸੰਪਰਦਾਇ ਦੀ, ਜੋਗ ਮਾਰਗ ਸ਼ਾਖਾ ਵਿਚ, ਰਾਜਾ ਗੋਪੀ ਚੰਦ ਦਾ ਮਹੱਤਵਪੂਰਨ ਸਥਾਨ ਹੈ। ਗੋਪੀ ਚੰਦ ਭਰਥਰੀ ਹਰੀ ਦਾ ਭਣੇਵਾਂ ਤੇ ਮੈਨਾਵਤੀ ਦਾ ਲੜਕਾ ਸੀ। ਮੈਨਾਵਤੀ ਦੀ ਪ੍ਰੇਰਨਾ ਨਾਲ ਹੀ ਗੋਪੀ ਚੰਦ ਨੇ ਭਰ ਜਵਾਨੀ ਵਿਚ ਵੈਰਾਗ ਧਾਰਨ ਕੀਤਾ ਤੇ ਰਾਜ ਭਾਗ ਤਿਆਗ ਦਿਤਾ। ਸਾਰੇ ਇਤਿਹਾਸ ਵਿਚ ਸ਼ਾਇਦ ਇਹੋ ਇਕ ਅਜਿਹੀ ਘਟਨਾ ਹੈ, ਜਦੋਂ ਮਾਂ ਨੇ ਖ਼ੁਦ ਪੁੱਤਰ ਨੂੰ ਵੈਰਾਗ ਧਾਰਨ ਲਈ, ਪੂਰੀ ਤਨਦੇਹੀ ਨਾਲ, ਪ੍ਰੇਰਿਆ ਹੋਵੇ। ਮੈਨਾਵਤੀ, ਪ੍ਰਸਿਧ

ਨੌਂ ਨਾਥਾਂ ਵਿਚੋਂ ਇਕ ਨਾਥ, ਜਾਲੰਧਰ ਨਾਥ ਦੀ ਚੇਲੀ ਸੀ। ਮੈਨਾਵਤੀ ਦਾ ਜ਼ਿਕਰ, ਨਾਥ ਸੰਪਰਦਾਇ ਦੇ ਸੰਤਾਂ ਸੰਤਣੀਆਂ ਵਿਚ ਆਮ ਆਉਂਦਾ ਹੈ।

ਰਾਜਾ ਗੋਪੀ ਚੰਦ ਬਾਰੇ, ਬੇਸ਼ੁਮਾਰ ਕਥਾ-ਕਹਾਣੀਆਂ ਸਾਰੇ ਭਾਰਤ ਵਿਚ ਪ੍ਰਚਲਤ ਹਨ। ਬੰਗਾਲ, ਬਿਹਾਰ, ਯੂ. ਪੀ., ਮਧੱਯ ਪ੍ਰਦੇਸ਼, ਪੰਜਾਬ ਤੇ ਰਾਜਸਥਾਨ ਸਭ ਖੇਤਰਾਂ ਵਿਚ, ਜਿਥੇ ਜਿਥੇ ਕਦੇ ਜੋਗ-ਮਤ ਦੀ ਚੜ੍ਹਤ ਰਹੀ, ਗੋਪੀ ਚੰਦ ਨਾਲ ਸੰਬੰਧਿਤ ਕਥਾਵਾਂ ਲੋਕ-ਜੀਵਨ ਦਾ ਅੰਗ ਬਣਦੀਆਂ ਗਈਆਂ।

ਗੋਪੀ ਚੰਦ ਦਾ ਸਬੰਧ ਬੰਗਾਲ ਦੇ ਪ੍ਰਸਿਧ ਪਾਲ ਵੰਸ਼ ਨਾਲ ਦਸਿਆ ਜਾਂਦਾ ਹੈ। ਅਚਾਰੀਆ ਹਜ਼ਾਰੀ ਪ੍ਰਸਾਦ ਦਿਵੇਦੀ (ਨਾਥ ਸੰਪਰਦਾਇ, ਪੰਨਾ 168-69) ਲਿਖਦੇ ਹਨ : "ਗੋਪੀ ਚੰਦ ਬੰਗਾਲ ਦੇ ਰਾਜਾ ਸਨ। ਭਰਥਰੀ ਹਰੀ ਦੀ ਭੈਣ ਮੈਨਾਵਤੀ, ਇਨ੍ਹਾਂ ਦੀ ਮਾਤਾ ਸੀ। ਗੋਰਖਨਾਥ ਨੇ ਜਿਸ ਸਮੇਂ ਭਰਥਰੀ ਹਰੀ ਨੂੰ ਗਿਆਨ ਉਪਦੇਸ਼ ਦਿਤਾ ਸੀ, ਉਸ ਸਮੇਂ ਮੈਨਾਵਤੀ ਨੇ ਵੀ ਗੋਰਖਨਾਥ ਤੋਂ ਦੀਖਿਆ ਲਈ ਸੀ। ਉਹ ਬੰਗਾਲ ਦੇ ਰਾਜੇ ਨਾਲ ਵਿਆਹੀ ਗਈ ਸੀ। ਇਸਦੇ ਇਕ ਪੁੱਤਰ, ਗੋਪੀ ਚੰਦ ਤੇ ਇਕ ਕੰਨਿਆਂ, ਚੰਦਰਾਵਲੀ ਦੋ ਹੀ ਬੱਚੇ ਸਨ। ਚੰਦਰਾਵਲੀ ਦਾ ਵਿਆਹ ਸਿੰਹਲਦੀਪ ਦੇ ਰਾਜੇ ਉਗਰਸੈਨ ਨਾਲ ਹੋਇਆ ਸੀ। ਪਿਤਾ ਦੀ ਮ੍ਰਿਤੂ ਮਗਰੋਂ ਜਦੋਂ ਗੋਪੀ ਚੰਦ ਬੰਗਾਲ ਦਾ ਰਾਜਾ ਬਣਿਆ ਤਾਂ ਉਸਦੇ ਸੁੰਦਰ ਮਨਮੋਹਣੇ ਰੂਪ ਨੂੰ ਦੇਖ ਕੇ, ਮੈਨਾਵਤੀ ਦੇ ਮਨ ਵਿਚ ਖ਼ਿਆਲ ਆਇਆ ਕਿ ਵਿਸ਼ੇ-ਵਿਕਾਰਾਂ ਵਿਚ ਫਸ ਕੇ, ਗੋਪੀ ਦਾ ਇਹ ਸਰੀਰ ਨਸ਼ਟ ਹੋ ਜਾਵੇਗਾ। ਸੋ, ਉਸਨੇ ਪੁੱਤਰ ਨੂੰ ਉਪਦੇਸ਼ ਦਿਤਾ ਕਿ ਜੇ ਉਹ ਸਦੀਵੀ ਸੁੱਖ ਚਾਹੁੰਦਾ ਹੈ ਤਾਂ ਜਾਲੰਧਰ ਨਾਥ ਦਾ ਚੇਲਾ ਬਣ ਕੇ ਯੋਗੀ ਹੋ ਜਾਵੇ। ਸੰਜੋਗ ਨਾਲ ਜਾਲੰਧਰ ਨਾਥ ਉਥੇ ਆਏ ਹੋਏ ਸਨ। ਗੋਪੀ ਚੰਦ ਰਾਜ ਪਾਟ ਤਿਆਗ ਕੇ ਯੋਗੀ ਹੋ 'ਕਦਲੀ ਬਨ' ਵਿਚ ਚਲਾ ਗਿਆ। ਪਿਛੋਂ ਭੈਣ ਚੰਦਰਾਵਲੀ ਦੇ ਬਹੁਤ ਜ਼ੋਰ ਦੇਣ ਉਤੇ, ਉਸਨੂੰ ਵੀ ਯੋਗੀ ਬਣਾ ਲਿਆ।" ਇਨ ਬਿਨ ਇਹੋ ਕਥਾ ਪੰਜਾਬ ਵਿਚ ਵੀ ਗੋਪੀ ਨਾਥ ਦੇ ਯੋਗ ਧਾਰਨ ਬਾਰੇ ਪ੍ਰਚਲਤ ਹੈ।

ਪਰ ਗੋਪੀ ਚੰਦ ਦੇ ਵੈਰਾਗ ਧਾਰਨ ਬਾਰੇ ਇਕ ਵਖਰੀ ਦੰਦ-ਕਥਾ ਪੰਜਾਬ ਤੋਂ ਬਾਹਰ ਪ੍ਰਚਲਤ ਹੈ ਜੋ ਡਾ. ਰਾਮ ਕੁਮਾਰ ਵਰਮਾ ਨੇ 'ਹਿੰਦੀ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ' (ਪੰਨਾ 172-73) ਵਿਚ ਇਉਂ ਦਿਤੀ ਹੈ : "ਗੋਪੀ ਚੰਦ ਦੇ ਗੁਰੂ ਜਵਾਲੇਂਦਰ ਨਾਥ ਸਨ। ਗੋਪੀ ਚੰਦ ਦੀ ਮਾਤਾ ਮੈਨਾਵਤੀ ਵੀ ਜਵਾਲੇਂਦਰ ਨਾਥ ਤੋਂ ਪ੍ਰਭਾਵਿਤ ਸੀ। ਮੈਨਾਵਤੀ ਅਧਿਆਤਮਕ ਦ੍ਰਿਸ਼ਟੀ ਤੋਂ ਆਪਣੇ ਪੁੱਤਰ ਗੋਪੀ ਚੰਦ ਨੂੰ ਚਾਹੁੰਦੀ ਸੀ, ਪਰੰਤੂ ਗੋਪੀ ਚੰਦ ਨੇ ਇਸ ਦਾ ਸੰਸਾਰਕ ਦ੍ਰਿਸ਼ਟੀ ਤੋਂ ਦੂਜਾ ਹੀ ਅਰਥ ਕਢਿਆ। ਮੈਨਾਵਤੀ ਦੇ ਭਾਵਾਂ ਵਿਚ ਜਵਾਲੇਂਦਰ ਨਾਥ ਦਾ ਹੱਥ ਵੇਖ ਕੇ ਗੋਪੀ ਚੰਦ ਨੇ ਜਵਾਲੇਂਦਰ ਨਾਥ ਨੂੰ ਖੂਹ ਵਿਚ ਸੁਟ ਦਿਤਾ। ਪਰੰਤੂ ਉਹ ਮਰੇ ਨਹੀਂ ਸਗੋਂ ਉਹ ਯੋਗ ਦੇ ਬਲ ਨਾਲ ਖੂਹ ਵਿਚ ਸਮਾਧੀ ਲਗਾ ਕੇ ਬੈਠ ਗਏ। ਗੋਰਖਨਾਥ ਨੇ ਖੂਹ ਉਤੇ ਆ ਕੇ ਜਵਾਲੇਂਦਰ ਨਾਥ ਨੂੰ ਨਿਕਲਣ ਲਈ ਪ੍ਰਾਰਥਨਾ ਕੀਤੀ। ਪਰ ਜਵਾਲੇਂਦਰ ਨਾਥ ਮੋਨ ਰਹੇ। ਫਿਰ ਗੋਰਖਨਾਥ ਨੇ ਗੋਪੀ ਚੰਦ ਦੀ ਮੂਰਤੀ ਖੂਹ ਉਤੇ ਰਖ ਕੇ ਉਨ੍ਹਾਂ ਨੂੰ ਬਾਹਰ ਆਉਣ ਤੇ ਜ਼ੋਰ ਦਿਤਾ। ਗੋਰਖਨਾਥ ਜਾਣਦੇ ਸਨ ਕਿ ਜਦੋਂ ਖ਼ੁਦ ਗੋਪੀ ਨਾਥ ਨੂੰ ਖੂਹ ਉਤੇ ਖੜਾ ਕੀਤਾ ਗਿਆ ਤਾਂ ਗੋਪੀ ਚੰਦ ਭਸਮ ਹੋ ਜਾਵੇਗਾ। ਹੋਇਆ ਵੀ ਇਹੋ। ਸ੍ਰੀ ਜਵਾਲੇਂਦਰ ਨਾਥ ਦੇ ਯੋਗ ਬਲ ਨਾਲ ਗੋਪੀ ਚੰਦ ਦੀ ਮੂਰਤੀ ਸੜ ਕੇ ਸਵਾਹ ਹੋ ਗਈ। ਦੁਬਾਰਾ ਮੂਰਤੀ ਰੱਖਣ ਤੇ ਵੀ ਅਜਿਹਾ ਹੀ ਹੋਇਆ। ਅਖ਼ੀਰ ਗੋਪੀ ਚੰਦ ਨੂੰ ਬੜੀ ਨਿੰਮ੍ਰਤਾ ਤੇ ਪ੍ਰਾਰਥਨਾ ਵਿਚ ਖੜੇ ਕਰਕੇ, ਗੋਰਖਨਾਥ ਨੇ ਜਵਾਲੇਂਦਰ ਨਾਥ ਨੂੰ ਖੂਹ ਵਿਚੋਂ ਬਾਹਰ ਕਢਣ ਦੀ ਕੋਸ਼ਿਸ਼ ਕੀਤੀ ਅਤੇ ਗੋਪੀ ਚੰਦ ਨੂੰ ਅਮਰਤੱਵ ਦਾ ਅਸ਼ੀਰਵਾਦ ਦੇਂਦੇ, ਜਵਾਲੇਂਦਰ ਨਾਥ ਖੂਹ ਤੋਂ ਬਾਹਰ ਨਿਕਲੇ। ਇਸ ਪਿਛੋਂ ਮਾਤਾ ਮੈਨਾਵਤੀ ਦੀ ਆਗਿਆ ਨਾਲ ਗੋਪੀ ਚੰਦ ਨੇ ਵੈਰਾਗ ਧਾਰਨ ਕਰ ਲਿਆ।" ਇਹ ਕਥਾ ਪੰਜਾਬ ਵਿਚ ਇਤਨੀ ਪ੍ਰਚਲਤ ਨਹੀਂ ਜਿਤਨੀ ਯੂ. ਪੀ. ਵਿਚ।

ਗੋਪੀ ਚੰਦ ਦੇ ਸਮੇਂ, ਸਥਾਨ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਤਿਹਾਸ ਵਿਚ ਇਸ ਨਾਉਂ ਦਾ ਕੋਈ ਰਾਜਾ ਨਹੀਂ ਹੋਇਆ ਮਿਲਦਾ।

ਨਾਥ-ਸੰਪਰਦਾਇ ਦੀ ਚੜ੍ਹਤ ਨੌਵੀਂ ਤੋਂ ਬਾਰ੍ਹਵੀਂ ਸਦੀ ਤਕ ਮੰਨੀ ਜਾਂਦੀ ਹੈ ਤੇ ਗੋਪੀ ਚੰਦ ਵੀ ਇਸੇ ਸਮੇਂ ਦੌਰਾਨ ਹੋਇਆ ਜਾਪਦਾ ਹੈ। ਕੁਝ ਵਿਦਵਾਨਾਂ ਨੇ ਗੋਪੀ ਨਾਥ ਨੂੰ ਬੰਗਾਲ ਦਾ ਰਾਜਾ ਦਸਿਆ ਹੈ ਤੇ ਇਸਨੂੰ ਪਾਲ ਵੰਸ਼ ਦੇ ਰਾਜ-ਘਰਾਣੇ ਵਿਚੋਂ ਮੰਨਿਆ ਹੈ। ਬੰਗਾਲ ਦੇ ਇਤਿਹਾਸ ਵਿਚ ਪਾਲ ਵੰਸ਼ ਦਾ ਜਿਕਰ ਤਾਂ ਆਉਂਦਾ ਹੈ, ਪਰ ਗੋਪੀ ਨਾਥ ਦਾ ਨਹੀਂ। ਬਿਹਾਰ ਵਿਚ ਵੀ ਪਾਲ-ਵੰਸ਼ ਦੇ ਕੁਝ ਰਾਜੇ ਹੋਏ। ਇਨ੍ਹਾਂ ਵਿਚੋਂ ਇਕ ਦਾ ਨਾਂ ਗੋਵਿੰਦ ਪਾਲ ਹੈ, ਜਿਸ ਦਾ ਰਾਜ 'ਗਯਾ' ਨਗਰੀ ਵਿਚ ਸੀ। ਇਸ ਦਾ ਰਾਜ 1162 ਈਸਵੀ ਤਕ ਰਿਹਾ। ਸਤਿਆਵਰਤ ਸਿਨ੍ਹਾ (*ਭੋਜਪੁਰੀ ਲੋਕ ਗਾਥਾ*, ਪੰਨਾ 201) ਦਾ ਮਤ ਹੈ ਕਿ ਇਹ ਗੋਵਿੰਦਪਾਲ ਹੀ ਦੰਦ-ਕਥਾਵਾਂ ਦਾ ਲੋਕ-ਨਾਇਕ ਗੋਪੀ ਚੰਦ ਹੈ। ਇਹੋ ਸਮਾਂ ਨਾਥ-ਸੰਪਰਦਾਇ ਦੀ ਚੜ੍ਹਤ ਦਾ ਸੀ।

ਅਚਾਰੀਆ ਹਜ਼ਾਰੀ ਪ੍ਰਸਾਦ ਦਿਵੇਦੀ ਅਨੁਸਾਰ ਗੋਪੀ ਚੰਦ ਬੰਗਾਲ ਦੇ ਰਾਜੇ ਮਾਨਕ ਚੰਦ ਦਾ ਪੁੱਤਰ ਸੀ। ਮਾਨਕ ਚੰਦ ਦਾ ਸਬੰਧ ਪਾਲ ਵੰਸ਼ ਦੇ ਰਾਜਿਆਂ ਨਾਲ ਵੀ ਸੀ ਜੋ 1095 ਤਕ ਬੰਗਾਲ ਵਿਚ ਰਾਜ ਕਰਦੇ ਰਹੇ। ਦਿਵੇਦੀ ਜੀ ਵੀ ਮੰਨਦੇ ਹਨ ਕਿ ਗੋਪੀ ਚੰਦ ਦਾ ਦੂਜਾ ਨਾਉਂ ਗੋਵਿੰਦ ਚੰਦਰ ਹੈ, ਸੋ ਕਿਹਾ ਜਾ ਸਕਦਾ ਹੈ ਕਿ ਗੋਪੀ ਚੰਦ ਦਾ ਅਸਲੀ ਨਾਂ ਗੋਵਿੰਦ ਚੰਦਰ ਸੀ ਤੇ ਇਹ ਬਾਰ੍ਹਵੀਂ ਸਦੀ ਵਿਚ ਹੋਇਆ।

ਗੋਪੀ ਚੰਦ ਬਾਰੇ ਪੰਜਾਬ ਵਿਚ ਕਈ ਲੋਕ-ਗੀਤ ਪ੍ਰਚਲਤ ਹਨ, ਜਿਨ੍ਹਾਂ ਵਿਚ ਵਧੇਰੇ ਕਰ ਕੇ ਮਾਤਾ ਮੈਨਾਵਤੀ ਵਲੋਂ ਗੋਪੀ ਚੰਦ ਅੰਦਰ ਵੈਰਾਗ ਪੈਦਾ ਕਰਨ ਤੇ ਗੋਪੀ ਚੰਦ ਨੂੰ ਆਪਣੀ ਪਤਨੀ ਪਾਟਨ ਦੇਵੀ ਨੂੰ ਤਿਆਗ ਕੇ ਜਾਲੰਧਰ ਨਾਥ ਨੂੰ ਗੁਰੂ ਧਾਰਨ ਕਰਨ ਦਾ ਜ਼ਿਕਰ ਆਉਂਦਾ ਹੈ। ਇਕ ਲੋਕ-ਗੀਤ ਇਉਂ ਹੈ :

ਚੰਦਨ ਚੌਕੀ ਗੋਪੀ ਵੇ ਚੰਦਾ,
ਗੰਗਾ ਜਲ ਵਿਚ ਨ੍ਹਾਈਏ।
ਨ੍ਹਾਂਦੇ ਧੋਂਦੇ ਰਾਜਾ ਬਸਤਰ ਪਾਂਦਾ,
ਮਾਤਾ ਵੇਖ ਮਹੱਲ ਵਿਚ ਰੋਈਏ।
ਮੀਂਹ ਵੀ ਨਾ ਬਰਸੇ, ਬੱਦਲ ਨਾ ਗੱਜੇ,
ਇਹ ਬੂੰਦ ਕਿਥੋਂ ਅਜ ਆਈ ਏ।
ਮੀਂਹ ਵੀ ਨਾ ਬਰਸੇ, ਬੱਦਲ ਨਾ ਗੱਜੇ,
ਇਹ ਬੂੰਦ ਨੈਣਾਂ ਵਿਚੋਂ ਆਈ ਏ।
ਕਿਸ ਮਾਤਾ ਤੈਨੂੰ ਮੰਦਾ ਬੋਲਿਆ,
ਕਿਉਂ ਨੈਣ ਭਰੇ ਅਜ ਰੋਈ ਏਂ?
ਸੋਇਨਾ, ਚਾਂਦੀ, ਹੀਰਾ ਮੋਤੀ,
ਪਾਟਨ ਦੇਵੀ ਛੱਡੀ ਏ।
ਨਾਮ ਜਲੰਧਰ ਨਾਥ ਗੁਰੂ ਦਾ,
ਗੋਪੀ ਨੇ ਝੋਲੀ ਅੱਡੀ ਏ।

ਗੋਪੀ ਚੰਦ ਤੇ ਮੈਨਾਵਤੀ ਦੀ ਕਥਾ ਨੂੰ ਕਈ ਕਵੀਆਂ ਨੇ ਕਿੱਸੇ ਦੇ ਰੂਪ ਵਿਚ ਵੀ ਦਿਤਾ ਹੈ।

(ਗ-239) **ਗੋਪੀ ਚੰਦਨ** :

ਗੋਪੀ ਤਾਲ ਦੀ ਮਿੱਟੀ, ਜਿਸ ਵਿਚੋਂ ਚੰਦਨ ਵਰਗੀ ਮਹਿਕ ਆਉਂਦੀ ਹੈ। ਵੈਸ਼ਨਵ ਮਤ ਵਾਲੇ ਇਸ ਮਿੱਟੀ ਨੂੰ ਪਵਿਤ੍ਰ ਜਾਣ ਕੇ ਇਸ ਦਾ ਤਿਲਕ ਮੱਥੇ ਉਤੇ ਲਗਾਂਦੇ ਹਨ। ਪਦਮ ਪੁਰਾਣ ਦੇ ਕਈ ਅਧਿਆਵਾਂ ਵਿਚ ਇਸ ਮਿੱਟੀ ਦਾ ਬੜਾ ਮਹਾਤਮ ਦਸਿਆ ਗਿਆ ਹੈ। ਗੋਪੀਤਾਲ ਦਵਾਰਕਾ ਨਗਰੀ ਦੇ ਨੇੜੇ ਸਥਿਤ ਹੈ, ਕ੍ਰਿਸ਼ਨ ਦੇ ਕਾਲ ਵਸ ਹੋਣ ਦੀ ਖ਼ਬਰ ਸੁਣਕੇ ਇਥੇ ਕਈ ਗੋਪੀਆਂ ਨੇ ਵਿਜੋਗ 'ਚ ਵਿਆਕੁਲ ਹੋ ਕੇ ਪ੍ਰਾਣ ਤਿਆਗ ਦਿਤੇ ਸਨ (ਵੇਖੋ : ਗੋਪੀਤਾਲ)।

(ਗ-240) **ਗੋਬਰ** :

ਗਊ ਦੇ ਗੋਬਰ ਨੂੰ ਹਿੰਦੂ ਬੜਾ ਪਵਿਤ੍ਰ ਮੰਨਦੇ ਹਨ। ਪੂਜਾ ਪਾਠ ਜਾਂ ਰਹੁ-ਰੀਤੀਆਂ ਸਮੇਂ ਸਥਾਨ ਨੂੰ ਗੋਹੇ ਦਾ ਪੋਚਾ ਫੇਰ ਕੇ ਪਵਿਤ੍ਰ ਕਰ ਲਿਆ ਜਾਂਦਾ ਹੈ। ਗਊ ਭਗਤਾਂ ਦਾ ਨਿਸਚਾ ਏ ਕਿ ਗੋਬਰ ਦੇ ਪੋਚੇ ਤੋਂ ਚੰਦਰੀਆਂ ਰੂਹਾਂ ਦੂਰ ਰਹਿੰਦੀਆਂ ਹਨ। ਪਿੰਡਾਂ ਵਿਚ ਗ੍ਰਹਿਣ ਦੇ ਮਗਰੋਂ ਰਸੋਈ ਵਿਚ ਗੋਬਰ ਦਾ ਪੋਚਾ ਦਿਤਾ ਜਾਂਦਾ ਹੈ ਤਾਂ ਜੋ ਗ੍ਰਹਿਣ ਦਾ ਅਪਵਿਤ੍ਰ ਅਸਰ ਉਤਰ ਜਾਵੇ। ਜੇ ਚੌਕੇ ਵਿਚ ਕੋਈ ਗਲਤੀ ਨਾਲ ਜੁੱਤੀ ਲੈ ਜਾਵੇ ਤਾਂ ਉਸਨੂੰ ਮੁੜ ਪਵਿਤ੍ਰ ਕਰਨ ਲਈ ਗੋਹੇ ਦਾ ਪੋਚਾ ਫੇਰਿਆ ਜਾਂਦਾ ਹੈ।

(ਗ-241) **ਗੋਬਰ ਗਣੇਸ਼** :

ਗੋਹੇ ਤੇ ਮਿੱਟੀ ਨੂੰ ਰਲਾ ਕੇ, ਘਰ ਦੀ ਕਿਸੇ ਕੰਧ ਉਤੇ ਪੂਜਾ ਕਰਨ ਲਈ ਬਣਾਈ ਗਈ ਗਣੇਸ਼ ਦੀ ਮੂਰਤੀ; (ਵੇਖੋ : ਗਣੇਸ਼)।

(ਗ-24?) **ਗੋਰਖ ਹਟੜੀ** :

ਗੋਰਖ ਨਾਥ ਨਾਲ ਸਬੰਧਿਤ ਇਕ ਸਥਾਨ, ਜੋ ਪਿਸ਼ਾਵਰ (ਪਾਕਿਸਤਾਨ) ਵਿਚ ਹੈ। ਕਦੇ ਇਹ ਥਾਂ ਕੰਨ ਪਾਟੇ ਜੋਗੀਆਂ ਦਾ ਗੜ੍ਹ ਹੁੰਦਾ ਸੀ ਤੇ ਇਥੇ ਸ਼ਿਵਰਾਤਰੀ ਤੇ ਭਾਰੀ ਮੇਲਾ ਲਗਦਾ ਸੀ। ਬਾਬਰ ਨੇ ਆਪਣੀ ਜੀਵਨੀ ਵਿਚ ਗੋਰਖ-ਹਟੜੀ ਬਾਰੇ ਇਉਂ ਲਿਖਿਆ ਹੈ : "ਮੈਂ ਗੋਰਖਹਟਰੀ ਦੀ ਪ੍ਰਸਿਧੀ ਸੁਣੀ, ਇਹ ਜੋਗੀਆਂ ਦਾ ਪਵਿਤਰ ਅਸਥਾਨ ਹੈ। ਦੂਰੋਂ ਦੂਰੋਂ ਹਿੰਦੂ ਇਥੇ ਆਉਂਦੇ ਹਨ ਤੇ ਉਹ ਇਥੇ ਆ ਕੇ ਆਪਣੇ ਸਿਰ ਦੇ ਵਾਲ ਤੇ ਦਾਹੜੀ ਮੁੰਨਦੇ ਹਨ;"

(ਗ-243) **ਗੌਰਜਾਂ** :

ਇਕ ਦੇਵੀ, ਜਿਸ ਦਾ ਏਕੀਕਰਣ ਪਾਰਬਤੀ ਨਾਲ ਕੀਤਾ ਜਾਂਦਾ ਹੈ। ਗੌਰਜਾਂ ਦੇ ਸ਼ਬਦੀ ਅਰਥ, ਪਰਬਤ-ਪੁਤਰੀ ਦੇ ਹਨ। ਪਾਰਬਤੀ ਦੇ ਵੀ ਇਹੋ ਸ਼ਾਬਦਿਕ ਅਰਥ ਹਨ।

ਨਵਰਾਤਰਿਆਂ ਦੇ ਦਿਨਾਂ ਵਿਚ, ਕੁੜੀਆਂ ਚੰਗੇ ਸੁਹਾਗ ਦੀ ਪ੍ਰਾਪਤੀ ਲਈ ਗੌਰਜਾਂ ਦੇਵੀ ਦੀ ਪੂਜਾ ਕਰਦੀਆਂ ਹਨ। ਇਸ ਨੂੰ 'ਸਾਂਝੀ ਦੇਵੀ' ਵੀ ਕਹਿੰਦੇ ਹਨ, ਕਿਉਂ ਜੋ ਇਸ ਦੀ ਪੂਜਾ ਹਮੇਸ਼ਾਂ 'ਸੰਝ ਵੇਲੇ' ਕੀਤੀ ਜਾਂਦੀ ਹੈ।

ਪਹਿਲੇ ਨਰਾਤੇ ਵਾਲੇ ਦਿਨ ਕੰਵਾਰੀਆਂ ਕੁੜੀਆਂ ਘਰਾਂ ਵਿਚ, ਕਿਸੇ ਮਿੱਟੀ ਦੇ ਭਾਂਡੇ ਵਿਚ ਜੌਂ ਬੀਜਦੀਆਂ ਹਨ। ਘਰ ਦੀ ਕਿਸੇ ਕੰਧ ਉਤੇ ਗੌਰਜਾਂ ਦੇਵੀ ਦੀ ਮੂਰਤੀ

ਬਣਾਈ ਜਾਂਦੀ ਹੈ, ਜਿਸ ਨੂੰ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਨੌਂ ਦਿਨ ਰੋਜ਼ ਖੇਤੀ ਨੂੰ ਪਾਣੀ ਦੇਣ ਤੋਂ ਇਲਾਵਾ ਗੌਰਜਾਂ ਦੀ ਪੂਜਾ ਕੀਤੀ ਜਾਂਦੀ ਹੈ। ਦਸਵੇਂ ਦਿਨ ਵਰਤ ਰਖਿਆ ਜਾਂਦਾ ਹੈ ਤੇ ਗੌਰਜਾਂ ਦੀ ਪੂਜਾ ਉਪਰੰਤ ਉਸਨੂੰ ਭੋਗ ਲਗਵਾ ਕੇ, ਫਿਰ ਅੰਨ-ਮੂੰਹੋਂ ਲਗਾਇਆ ਜਾਂਦਾ ਹੈ। ਦਸਵੇਂ ਦਿਨ ਮੂਰਤੀ ਨੂੰ ਕੰਧ ਨਾਲੋਂ ਉਤਾਰ ਕੇ, ਜਲ-ਪ੍ਰਵਾਹ ਕਰ ਦਿਤਾ ਜਾਂਦਾ ਹੈ। ਜਵਾਂ ਦੇ ਜਿਹੜੇ ਅੰਕੁਰ ਫੁਟਦੇ ਹਨ ਉਨ੍ਹਾਂ ਦੀਆਂ ਫੁੰਬਣੀਆਂ ਘਰ ਦੇ ਮਰਦਾਂ ਦੀਆਂ ਪੱਗਾਂ ਵਿਚ ਟੁੰਗ ਦਿਤੀਆਂ ਜਾਂਦੀਆਂ ਹਨ। ਬਾਕੀ ਜਵਾਂ ਨੂੰ ਮੂਰਤੀ ਨਾਲ ਜਲ-ਪ੍ਰਵਾਹ ਕਰ ਦਿਤਾ ਜਾਂਦਾ ਹੈ।

ਇਹ ਗੌਰਜਾਂ ਦੀ ਫ਼ਸਲਾਂ ਦੀ ਦੇਵੀ ਦੇ ਰੂਪ ਵਿਚ ਪੂਜਾ ਹੈ।

ਮਹੇਸ਼ਵਰੀ ਗੋਤ ਦੇ ਹਿੰਦੂ ਗੌਰਜਾਂ ਦੀ ਪੂਜਾ, ਚੇਤਰ ਸੁਦੀ ਤਿੰਨ ਨੂੰ ਕਰਦੇ ਹਨ। ਉਨ੍ਹਾਂ ਵਿਚ ਕੰਵਾਰੀਆਂ ਕੁੜੀਆਂ ਗੌਰਜਾਂ ਦੀ ਉਪਾਸ਼ਨਾ 16 ਦਿਨ ਗੁਲਾਲ ਨਾਲ ਕਰਦੀਆਂ ਹਨ, ਪਰ ਵਿਆਹੀਆਂ ਤੀਵੀਆਂ ਅੱਠ ਦਿਨ ਦੁੱਧ ਦੇ ਘਾਹ ਨਾਲ ਕਰਦੀਆਂ ਹਨ (ਵੇਖੋ : ਸਾਂਝੀ ਦੇਵੀ)।

(ਗ-244) **ਗੌਰਵਾ :**

ਗੁੜਗਾਵਾਂ ਦੇ ਮਿਉ ਜਾਤੀ ਵਿਚ ਮਿਲਣੀ ਦੀ ਰਸਮ; ਜਦੋਂ ਬਰਾਤ ਦੁਲ੍ਹਨ ਦੇ ਪਿੰਡ ਦੇ ਬਾਹਰਵਾਰ ਪਹੁੰਚ ਜਾਂਦੀ ਹੈ ਤਾਂ ਕੰਨਿਆਂ ਪੱਖ ਵਾਲੇ ਵਰ ਪੱਖ ਦੇ ਸਵਾਗਤ ਲਈ ਜਾਂਦੇ ਹਨ ਅਤੇ ਗੌਰਵਾ ਦੀ ਰਸਮ ਕਰਦੇ ਹਨ। ਇਸ ਰਸਮ ਸਮੇਂ ਦੁਲ੍ਹਨ ਦਾ ਪਿਉ, ਚਾਚੇ ਤਾਏ ਤੇ ਹੋਰ ਨਜ਼ਦੀਕੀ ਅੰਗ-ਸਾਕ, ਵਰ ਪੱਖ ਦੇ ਬਰਾਬਰ ਰਿਸ਼ਤੇ ਦੇ ਸਾਕ ਨਾਲ ਵਾਰੋ ਵਾਰੀ ਮਿਲਣੀ ਕਰਦੇ ਹਨ ਅਥਵਾ ਇਕ ਦੂਜੇ ਨਾਲ ਗਲਵਕੜੀ ਪਾਉਂਦੇ ਤੇ ਦੁਆ ਸਲਾਮ ਕਰਦੇ ਹਨ। ਕੰਨਿਆਂ ਪੱਖ ਵਾਲਿਆਂ ਦਾ ਕੋਈ ਬਜ਼ੁਰਗ ਵਰ ਪੱਖ ਦੇ ਕਿਸੇ ਵਡਿਕੇ ਨੂੰ ਪੰਜ ਜਾਂ ਗਿਆਰਾਂ ਰੁਪਏ ਦੇਂਦਾ ਹੈ। ਗੌਰਵਾ ਦੀ ਰੀਤ ਮਗਰੋਂ ਬਰਾਤੀ ਜੰਞ-ਘਰ ਜਾਂਦੇ ਹਨ (ਵੇਖੋ : ਮਿਲਣੀ)।

(ਗ-245) **ਗੌਰਾ :**

ਬਕਰੇ ਦੀ ਬਲੀ ਦੇਣ ਦੀ ਇਕ ਰਸਮ, ਜੋ ਲੁਬਾਣਾ ਜਾਤੀ ਵਿਚ, ਵਿਆਹ ਤੋਂ ਕੁਝ ਦਿਨ ਮਗਰੋਂ ਕੀਤੀ ਜਾਂਦੀ ਹੈ। ਦੂਲ੍ਹੇ ਦਾ ਪਿਉ, ਤਲਵਾਰ ਨਾਲ ਬਕਰੇ ਦਾ ਸਿਰ ਵੱਢਦਾ ਹੈ। ਫਿਰ ਉਸ ਦੇ ਲਹੂ ਨਾਲ ਦੂਲ੍ਹੇ ਨੂੰ ਤਿਲਕ ਲਗਾਇਆ ਜਾਂਦਾ ਹੈ। ਫਿਰ ਇਸ ਬਕਰੇ ਨੂੰ ਰਿੰਨ੍ਹ ਕੇ ਕੁੱਲ ਦੇ ਲੋਕ ਰਲ ਕੇ ਖਾਂਦੇ ਹਨ।

(ਗ-246) **ਗੋਰਾ ਬਾਦਲ :**

ਦੋ ਵੀਰ ਲੋਕ ਨਾਇਕ, ਜਿਨ੍ਹਾਂ ਦੀ ਕਥਾ ਰਾਜਸਥਾਨ ਵਿਚ ਬੜੀ ਮਕਬੂਲ ਹੋਈ। ਪੰਜਾਬ ਵਿਚ ਇਹ ਕਥਾ ਰਾਜਸਥਾਨ ਵਿਚੋਂ ਹੀ ਯਾਤ੍ਰਾ ਕਰਦੀ ਪਹੁੰਚੀ ਹੈ ਤੇ ਕੇਵਲ ਰਾਜਸਥਾਨ ਨਾਲ ਲਗਦੇ ਇਲਾਕਿਆਂ ਵਿਚ ਹੀ ਪ੍ਰਸਿਧ ਹੈ। ਇਸ ਕਥਾ ਦਾ ਇਕ ਅੰਸ਼ ਪਦਮਨੀ ਨਾਲ ਸਬੰਧਿਤ ਹੈ। ਪਦਮਨੀ ਤੇ ਅਲਾਉਦੀਨ ਦੀ ਦੰਦ-ਕਥਾ ਪੰਜਾਬ ਵਿਚ ਬੜੀ ਪ੍ਰਸਿੱਧ ਹੈ।

ਲਾਹੌਰ ਨਿਵਾਸੀ ਜਟ ਮਲ ਨੇ 'ਗੋਰਾ ਬਾਦਲ ਚੌਪਈ' ਲਿਖੀ ਹੈ, ਜੋ ਰਾਜਸਥਾਨੀ ਵਿਚ ਹੈ। ਉਸ ਅਨੁਸਾਰ ਗੋਰਾ ਬਾਦਲ ਦੀ ਕਥਾ ਇਸ ਪ੍ਰਕਾਰ ਹੈ :—

ਰਾਜਾ ਰਤਨ ਸੇਨ ਨੇ ਸਿੰਹਲ ਦੀ ਰਾਜਕੁਮਾਰੀ ਪਦਮਾਵਤੀ ਦੇ ਅਲੌਕਿਕ ਹੁਸਨ ਦੀ ਚਰਚਾ ਸੁਣੀ ਤੇ ਉਸ ਨਾਲ ਮੁਹੱਬਤ ਦੇ ਧਾਗੇ ਵਿਚ ਬੱਝ ਗਿਆ। ਰਾਜਾ ਰਤਨ ਸੇਨ ਜੋਗੀ ਦਾ ਵੇਸ ਬਣਾ ਕੇ ਸਿੰਹਲ ਦੇਸ ਗਿਆ ਤੇ ਪਦਮਾਵਤੀ ਨੂੰ ਵਿਆਹ ਲਿਆਇਆ। ਰਾਣਾ ਨੇ ਰਾਘਵ ਚੇਤਨ ਨਾਉਂ ਦੇ ਇਕ ਕਲਾਕਾਰ ਤੋਂ ਪਦਮਾਵਤੀ ਦਾ ਚਿਤਰ ਬਣਵਾਇਆ। ਉਸ ਨੇ ਪਦਮਾਵਤੀ ਦੇ ਪੱਟਾਂ ਉਤੇ ਤਿਲ ਵਿਖਾਇਆ, ਜਿਸ ਨੂੰ ਵੇਖ ਕੇ ਰਾਜਾ ਕਰੋਧ ਵਿਚ ਆ ਗਿਆ ਅਤੇ ਉਸ ਨੇ ਚਿਤ੍ਰਕਾਰ ਨੂੰ ਦੇਸ਼-ਨਿਕਾਲਾ ਦੇ ਦਿਤਾ। ਰਾਘਵ ਚੇਤਨ ਰਾਜਾ ਰਤਨ ਸੇਨ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਦਿੱਲੀ ਪਹੁੰਚਿਆ ਤੇ ਅਲਾਉਦੀਨ ਨੂੰ ਚਿਤੌੜ ਗੜ੍ਹ 'ਤੇ ਹੱਲਾ ਬੋਲ ਕੇ, ਪਦਮਾਵਤੀ ਨੂੰ ਪ੍ਰਾਪਤ ਕਰਨ ਲਈ ਪ੍ਰੇਰਨਾ ਦਿਤੀ। ਪਦਮਾਵਤੀ ਦੇ ਹੁਸਨ ਤੇ ਨੈਣ-ਨਕਸ਼ ਦਾ ਵਰਣਨ ਚਿਤ੍ਰਕਾਰ ਨੇ ਅਲਾਉਦੀਨ ਅਗੇ ਅਜਿਹੇ ਕਾਵਿਕ ਸ਼ਬਦਾਂ ਨਾਲ ਕੀਤਾ ਕਿ ਬਾਦਸ਼ਾਹ ਪਦਮਾਵਤੀ ਨੂੰ ਵੇਖਣ ਲਈ ਤੜਪ ਉਠਿਆ। ਅਲਾਉਦੀਨ ਨੂੰ ਯੁੱਧ ਵਿਚ ਸਫਲਤਾ ਨਾ ਹੋਈ। ਉਸ ਨੇ ਧੋਖੇ ਨਾਲ ਰਾਣਾ ਰਤਨ ਸੇਨ ਨੂੰ ਬੰਦੀ ਬਣਾ ਲਿਆ ਅਤੇ ਇਸ ਸ਼ਰਤ ਉਤੇ ਰਾਜੇ ਨੂੰ ਛੱਡਣ ਲਈ ਤਿਆਰ ਹੋਇਆ ਕਿ ਜੇ ਬਦਲੇ ਵਿਚ ਪਦਮਾਵਤੀ ਦੇ ਦਿਤੀ ਜਾਵੇ। ਰਾਣਾ ਰਤਨ ਸੇਨ ਨੇ ਬੁਜ਼ਦਿਲੀ ਵਿਖਾਈ ਤੇ ਪਦਮਾਵਤੀ ਨੂੰ ਦੇਣ ਦੀ ਚਿੱਠੀ ਲਿਖੀ। ਪਦਮਾਵਤੀ ਨੇ ਦੋ ਵੀਰ ਯੋਧਿਆਂ 'ਗੋਰਾ ਬਾਦਲ' ਦੀ ਮਦਦ ਨਾਲ, ਆਪਣੀ ਇਸਤ੍ਰੀ-ਧਰਮਦੇਈ ਦੀ ਵੀ ਰੱਖਿਆ ਕੀਤੀ ਤੇ ਅਲਾਉਦੀਨ ਤੋਂ ਰਾਣਾ ਰਤਨ ਸੇਨ ਨੂੰ ਵੀ ਮੁਕਤ ਕਰਵਾਇਆ। ਗੋਰਾ ਤੇ ਬਾਦਲ ਦੋਵੇਂ ਬੜੇ ਸਾਹਸੀ ਤੇ ਦ੍ਰਿੜ ਨਿਸ਼ਚੇ ਵਾਲੇ ਬੀਰ ਯੋਧੇ ਸਨ, ਜੋ ਅਲਾਉਦੀਨ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਨਾਲ ਲੋਹਾ ਲੈਣ ਲਈ ਤਿਆਰ ਹੋਏ। ਉਨ੍ਹਾਂ ਨੇ ਤਾਕਤ ਨਾਲੋਂ ਕੂਟਲ-ਨੀਤੀ ਤੋਂ ਜ਼ਿਆਦਾ ਕੰਮ ਲਿਆ। ਰਾਜੇ ਨੇ

ਪਦਮਾਵਤੀ ਨੂੰ, ਉਸ ਦੀਆਂ ਸੋਲਾਂ ਸੌ ਸਖੀਆਂ ਨਾਲ ਪਾਲਕੀਆਂ ਵਿਚ ਭੇਜਣਾ ਮੰਨ ਲਿਆ। ਪਾਲਕੀਆਂ ਵਿਚ ਸਖੀਆਂ ਦੀ ਥਾਂ ਰਾਜਪੂਤ ਯੋਧੇ ਸਨ, ਜਿਨ੍ਹਾਂ ਬਾਦਸ਼ਾਹ ਦੀ ਫ਼ੌਜ ਨਾਲ ਯੁੱਧ ਕਰ ਕੇ ਰਾਣਾ ਰਤਨ ਸੇਨ ਨੂੰ ਮੁਕਤ ਕਰਵਾ ਲਿਆ। ਗੋਰਾ ਇਸ ਯੁੱਧ ਵਿਚ ਵੀਰਤਾ ਵਿਖਾਂਦਾ ਸ਼ਹੀਦ ਹੋ ਗਿਆ।

(ਗ-247) **ਗੋਲਕ ਰੱਖਣਾ** :

ਸਿੱਖਾਂ ਵਿਚ, ਦਸਵੰਧ ਕੱਢਣ ਲਈ, ਘਰ ਵਿਚ ਗੋਲਕ ਰੱਖੀ ਜਾਂਦੀ ਹੈ, ਜਿਸ ਵਿਚ ਉਹ ਆਪਣੀ ਆਮਦਨੀ ਦਾ ਦਸਵਾਂ ਹਿੱਸਾ ਜਮਾ ਕਰਦੇ ਜਾਂਦੇ ਹਨ। ਜਦੋਂ ਰਕਮ ਚੋਖੀ ਹੋ ਜਾਂਦੀ ਹੈ ਤਾਂ ਉਸ ਨੂੰ ਕਿਸੇ ਭਲੇ ਕੰਮ ਲਈ ਖ਼ਰਚ ਕੀਤਾ ਜਾਂਦਾ ਜਾਂ ਫਿਰ ਦਾਨ ਕਰ ਦਿੱਤਾ ਜਾਂਦਾ ਹੈ। ਦਸਵੰਧ ਨੂੰ, ਗੋਲਕ ਵਿਚ ਪਾ ਕੇ, ਵੱਖਰੇ ਰੱਖਣ ਦੀ ਕਿਰਿਆ ਨੂੰ 'ਗੋਲਕ ਰੱਖਣਾ' ਕਹਿੰਦੇ ਹਨ।

(ਗ-248) **ਗੋਲਾ** :

ਇਕ ਪਛੜੀ ਜਾਤੀ, ਜੋ ਲੂਣ ਬਣਾਉਣ ਦੀ ਕਿਰਤ ਕਰਦੀ ਹੈ। ਪੱਛਮੀ ਪੰਜਾਬ ਵਿਚ ਰਾਵਲਪਿੰਡੀ ਜ਼ਿਲੇ ਵਿਚ, 'ਗੋਲੜਾ' ਨਾਂ ਦਾ ਕਸਬਾ ਇਸੇ ਜਾਤੀ ਦਾ ਹੀ ਵਸਾਇਆ ਹੋਇਆ ਹੈ। ਇਨ੍ਹਾਂ ਲੋਕਾਂ ਬਾਰੇ ਇਕ ਕਹਾਵਤ ਪ੍ਰਚਲਤ ਹੈ :

ਜਾਟ, ਗੱਡਰੀਆ, ਗੁੱਜਰ, ਗੋਲਾ,
ਇਨ੍ਹਾਂ ਚਾਰਾਂ ਦਾ ਘੋਲ ਗਚੋਲਾ।

(ਗ-249) **ਗੋਲਾ ਰੱਖਣਾ** :

ਅਗਨੀ ਪ੍ਰੀਖਿਆ ਦੀ ਇਕ ਵਿਧੀ; ਪਹਿਲਿਆਂ ਵਿਚ, ਇਸ ਵਿਧੀ ਦੁਆਰਾ ਸੱਚ-ਝੂਠ ਨਿਤਾਰਨ ਦੀ ਪ੍ਰਥਾ ਸੀ। ਜਦੋਂ ਦੋ ਧਿਰਾਂ ਵਿਚ, ਖੇਤਾਂ ਦੀਆਂ ਹੱਦਾਂ ਬਾਰੇ ਝਗੜਾ ਹੋ ਜਾਂਦਾ ਤਾਂ ਜੋ ਧਿਰ ਹੱਕ ਜਿਤਾਂਦੀ, ਉਸ ਨੂੰ ਕਿਹਾ ਜਾਂਦਾ ਕਿ ਉਹ ਅਗਨ-ਪ੍ਰੀਖਿਆ ਵਿਚੋਂ ਲੰਘੇ। ਫਿਰ ਬਰਾਦਰੀ ਦੇ ਸਾਹਮਣੇ, ਪਿੱਪਲ ਦੇ ਪੱਤਿਆਂ ਵਿਚ, ਇਕ ਲਾਲ ਭਖਦਾ ਗੋਲਾ ਧਰ ਕੇ, ਉਸ ਦੀ ਹਥੇਲੀ ਤੇ ਰੱਖ ਦਿਤਾ ਜਾਂਦਾ ਤੇ ਉਸ ਨੂੰ ਕਿਹਾ ਜਾਂਦਾ ਕਿ ਜਿਸ ਥਾਂ ਉਤੇ, ਉਹ ਹੱਕ ਜਿਤਾਂਦਾ ਹੈ, ਉਥੋਂ ਘੁੰਮਦਾ ਹੋਇਆ ਲੰਘੇ। ਜੇ ਉਸਦੀ ਤਲੀ ਨਾ ਸੜੇ ਤਾਂ ਉਹ ਸੱਚਾ, ਜੇ ਸੜ ਜਾਵੇ ਤਾਂ ਝੂਠਾ।

(ਗ-250) **ਗੋਲੀ** :

ਇਕ ਤਰ੍ਹਾਂ ਦਾ ਚੌਕ, ਜੋ ਮਿਰਾਸੀ ਆਪਣੇ ਜਜਮਾਨ ਦੇ ਬੂਹੇ ਅਗੇ, ਪੁੱਤਰ ਦੇ ਜਨਮ ਉਤੇ ਪੂਰਦੇ ਹਨ। ਪਹਿਲਾਂ ਡਿਉਢੀ ਦੇ ਬੂਹੇ ਅਗੇ ਗਊ ਦੇ ਗੋਹੇ ਨਾਲ ਪੋਚਾ ਫੇਰਿਆ ਜਾਂਦਾ ਹੈ। ਇਹ ਚੌਕ ਸੁੱਕੇ ਆਟੇ ਨਾਲ, ਲਕੀਰਾਂ ਵਾਹ ਕੇ ਬਣਾਇਆ ਜਾਂਦਾ ਹੈ।

ਫਿਰ ਦੀਵਾ ਬਾਲ ਕੇ ਚੌਕ ਦੀਆਂ ਬਾਹਰਲੀਆਂ ਲਕੀਰਾਂ ਵਿਚੋਂ, ਕਿਸੇ ਇਕ ਉਤੇ ਰਖਿਆ ਜਾਂਦਾ ਹੈ। ਇਸ ਤੋਂ ਬਾਅਦ ਗਿੱਲੀ ਮਿੱਟੀ ਦਾ ਪੇੜਾ ਬਣਾ ਕੇ, ਉਸ ਵਿਚ ਕਣਕ ਜਾਂ ਛੋਲਿਆਂ ਦਾ ਕੋਈ ਹਰਾ ਪੌਦਾ ਟੁੰਗ ਦਿਤਾ ਜਾਂਦਾ ਹੈ ਤੇ ਇਹ ਪੇੜਾ ਦੀਵੇ ਦੇ ਨੇੜੇ ਦੇ ਖ਼ਾਨੇ ਵਿਚ ਰਖ ਦਿਤਾ ਜਾਂਦਾ ਹੈ। ਇਹ ਚੌਕ ਇਸ ਗੱਲ ਦਾ ਪ੍ਰਤੀਕ ਹੈ ਕਿ ਨਵਾਂ ਜੰਮਿਆ ਬੱਚਾ ਘਰ ਦਾ ਚਿਰਾਗ਼ ਹੈ।

ਇਸ ਮਗਰੋਂ ਮਿਰਾਸੀ ਕੁੱਲ ਦੀ ਮਹਿਮਾ ਵਿਚ ਗੀਤ ਗਾਉਂਦੇ ਹਨ। ਪ੍ਰਵਾਰ ਦੇ ਬੰਦੇ ਵੇਲਾਂ ਦੇਂਦੇ ਹਨ। ਜੇ ਘਰ ਸਰਦਾ ਪੁਜਦਾ ਹੋਵੇ ਤਾਂ ਮਿਰਾਸੀ ਨੂੰ ਇਸ ਮੌਕੇ 'ਤੇ ਕੁਝ ਅੰਨ ਤੇ ਕਪੜੇ ਦਿਤੇ ਜਾਂਦੇ ਹਨ।

(ਗ-251) **ਗੋਵਰਧਨ** :

ਵ੍ਰਿੰਦਾਵਨ ਦਾ ਇਕ ਪਹਾੜ, ਜੋ ਯੂ. ਪੀ. ਦੇ ਮੱਥਰਾ ਜ਼ਿਲੇ ਵਿਚ ਫੈਲਿਆ ਹੋਇਆ ਹੈ। ਹਰੀ ਵੰਸ਼ ਅਨੁਸਾਰ ਇਥੋਂ ਦੇ ਲੋਕ ਹਰ ਸਾਲ 'ਇੰਦਰ ਮਾਹਾ' ਮਨਾਂਦੇ ਤੇ ਇੰਦਰ ਤੇ ਉਸਦੇ ਧਵੱਜ ਦੀ ਪੂਜਾ ਕਰਦੇ ਸਨ। ਕ੍ਰਿਸ਼ਨ ਨੂੰ ਜਦੋਂ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਗਵਾਲਿਆਂ ਨੂੰ ਕਿਹਾ ਕਿ ਉਹ ਇੰਦਰ ਦੇਵਤੇ ਦੀ ਪੂਜਾ ਦੀ ਥਾਂ ਗੋਵਰਧਨ ਪਹਾੜੀ ਦੀ ਪੂਜਾ ਕੀਤਾ ਕਰਨ। ਕਿਉਂ ਜੋ ਉਹ ਗਵਾਲੇ ਹਨ, ਗਊਆਂ ਦੀ ਪਾਲਨਾ ਕਰਨੀ ਉਨ੍ਹਾਂ ਦੀ ਪੂਜਾ ਹੈ ਤੇ ਪਹਾੜ ਦੇਵਤੇ ਹਨ, ਜਿਥੇ ਉਹ ਗਊਆਂ ਚਾਰਦੇ ਹਨ। ਵ੍ਰਿੰਦਾਵਨ ਦੇ ਗਵਾਲਿਆਂ ਨੇ ਇਸ ਆਗਿਆ ਦਾ ਪਾਲਨ ਕੀਤਾ ਤੇ 'ਇੰਦਰ ਮਾਹਾ' ਦੀ ਥਾਂ 'ਗਿਰਿ ਮਾਹਾ' ਮਨਾਇਆ। ਇੰਦਰ ਨੇ ਕਰੋਧ ਵਿਚ ਆ ਕੇ ਵ੍ਰਿੰਦਾਵਨ ਦੇ ਲੋਕਾਂ ਤੇ ਇਲਾਕੇ ਨੂੰ ਰੋੜ੍ਹਨ ਲਈ ਮੀਂਹ ਝੱਖੜ ਝੁਲਾਇਆ ਤੇ ਇਤਨਾ ਮੀਂਹ ਵਸਾਇਆ ਕਿ ਵੇਖਦੇ ਹੀ ਬ੍ਰਿਜ ਦੀ ਸਾਰੀ ਭੂਮੀ ਜਲ ਥਲ ਹੋ ਗਈ। ਇਹ ਵੇਖ ਕੇ ਬ੍ਰਿਜ ਦੇ ਲੋਕਾਂ ਦੀ ਰੱਖਿਆ ਲਈ ਕ੍ਰਿਸ਼ਨ ਨੇ ਗੋਵਰਧਨ ਪਰਬਤ ਨੂੰ, ਆਪਣੀ ਚੀਚੀ ਉਂਗਲੀ ਤੇ ਛੱਤਰੀ ਵਾਂਗ ਚੁਕ ਲਿਆ। ਸਤ ਦਿਨ ਤਕ ਮੂਸਲਾਧਾਰ ਮੀਂਹ ਵਸਿਆ ਤੇ ਅਖੀਰ ਇੰਦਰ ਨੇ ਹਾਰ ਮੰਨ ਲਈ ਤੇ ਬਾਰਸ਼ ਨੂੰ ਬੰਦ ਕਰ ਦਿਤਾ। ਉਦੋਂ ਤੋਂ ਇਥੇ 'ਇੰਦਰ ਪੂਜਾ' ਦੀ ਥਾਂ ਗੋਵਰਧਨ ਪੂਜਾ ਦਾ ਰਵਾਜ ਪੈ ਗਿਆ।

(ਗ-252) **ਗੋਵਰਧਨ ਪੂਜਾ** :

ਦਿਵਾਲੀ ਤੋਂ ਅਗਲੇ ਦਿਨ ਗੋਵਰਧਨ ਦਾ ਪੁਰਬ ਮਨਾਇਆ ਜਾਂਦਾ ਤੇ ਪੂਜਾ ਕੀਤੀ ਜਾਂਦੀ ਹੈ। ਯੂ. ਪੀ. ਵਿਚ ਮੱਥਰਾ, ਬਿੰਦਰਾਬਨ, ਗੋਕੁਲ ਆਦਿ ਤੀਰਥਾਂ ਉਤੇ ਗੋਵਰਧਨ ਦਾ ਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ, ਪਰ ਪੰਜਾਬ ਵਿਚ ਕੇਵਲ ਕ੍ਰਿਸ਼ਨ ਭਗਤਾਂ (ਵੈਸ਼ਨਵਾਂ) ਵਿਚ ਹੀ ਗੋਵਰਧਨ ਦੀ ਪੂਜਾ ਪ੍ਰਚਲਤ ਹੈ।

ਪੰਜਾਬ ਵਿਚ ਕ੍ਰਿਸ਼ਨ ਭਗਤ ਤੀਵੀਆਂ, ਇਸ ਦਿਨ, ਘਰ ਦੀ ਡਿਊਢੀ ਵਿਚ, ਗਊ ਦੇ ਗੋਹੇ ਦਾ ਗੋਵਰਧਨ ਬਣਾਉਂਦੀਆਂ ਹਨ, ਜਿਸ ਵਿਚ ਕ੍ਰਿਸ਼ਨ ਦੀ ਪਿਠ ਭਾਰ ਲੇਟੀ ਹੋਈ ਮੂਰਤੀ ਰਖੀ ਜਾਂਦੀ ਹੈ, ਮੂਰਤੀ ਦੇ ਪਿਛੇ ਕੁਝ ਥਾਪੀਆਂ ਰਖ ਕੇ ਪਹਾੜ ਵਿਖਾਏ ਜਾਂਦੇ ਹਨ। ਜਿਨ੍ਹਾਂ ਵਿਚ ਘਾਹ ਦੀਆਂ ਤ੍ਰਿਣਾਂ ਖੋਭ ਕੇ ਜੰਗਲ, ਬ੍ਰਿਛ ਤੇ ਝਾੜੀਆਂ ਬਣਾਈਆਂ ਜਾਂਦੀਆਂ ਹਨ। ਕਈ ਤੀਵੀਆਂ ਧਾਗੇ ਜਾਂ ਪੁਰਾਣੀਆਂ ਲੀਰਾਂ ਫੈਲਾ ਕੇ ਦਰਖ਼ਤਾਂ ਦਾ ਪ੍ਰਭਾਵ ਪਾਉਂਦੀਆਂ ਹਨ। ਗੋਹੇ ਦੇ ਪਿੰਨਿਆਂ ਦੇ ਪਸ਼ੂ ਬਣਾ ਕੇ ਚਰਦੇ ਵਿਖਾਏ ਜਾਂਦੇ ਹਨ। ਕੋਲ ਹੀ ਗੋਹੇ ਦੇ ਚਰਵਾਹੇ ਬਣਾ ਕੇ ਖੜੇ ਕੀਤੇ ਜਾਂਦੇ ਹਨ। ਇਨ੍ਹਾਂ ਦੇ ਕਪੜੇ ਲੀਰਾਂ ਦੇ ਬਣੇ ਹੁੰਦੇ ਹਨ। ਜਦੋਂ ਇਹ ਸਾਰਾ ਦ੍ਰਿਸ਼ ਤਿਆਰ ਹੋ ਜਾਂਦਾ ਹੈ ਤਾਂ ਵਿਚਕਾਰ ਦੀਵਾ ਬਾਲ ਕੇ ਧਰਿਆ ਜਾਂਦਾ ਹੈ। ਪਹਾੜ ਉਤੇ ਇਕ ਮਧਾਣੀ, ਪੰਜ ਗੰਨੇ ਤੇ ਕੁਝ ਭੁੱਜੇ ਹੋਏ ਚਾਵਲ ਰਖੇ ਜਾਂਦੇ ਹਨ।

ਗਵਾਲਿਆਂ ਨੂੰ ਨਿਉਤਾ ਦਿਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਚਾਵਲ ਤੇ ਮਠਿਆਈ ਖਵਾਈ ਜਾਂਦੀ ਹੈ ਮਗਰੋਂ ਬ੍ਰਾਹਮਣ ਨੂੰ ਸੱਦਾ ਦਿਤਾ ਜਾਂਦਾ ਹੈ, ਜੋ ਗੰਨੇ ਦੀ ਇਕ ਗੱਠੀ ਚੂਪਦਾ ਹੈ। ਫਿਰ ਬ੍ਰਾਹਮਣ ਨੂੰ ਖੀਰ ਖਵਾਈ ਜਾਂਦੀ ਹੈ। ਅਤੇ ਬਲਦਾਂ ਦੇ ਸਿੰਙਾਂ ਉਤੇ ਸੰਧੂਰ ਧੂੜਿਆ ਜਾਂਦਾ ਹੈ। ਇਸ ਦਿਨ ਗਾਵਾਂ ਨੂੰ ਆਟੇ ਦੇ ਪੇੜੇ ਵੀ ਖਵਾਏ ਜਾਂਦੇ ਹਨ। ਜਦੋਂ ਤਕ ਬ੍ਰਾਹਮਣ ਗੰਨੇ ਦੀ ਇਕ ਗੱਠੀ ਨਹੀਂ ਚੂਪ ਲੈਂਦਾ, ਉਦੋਂ ਤਕ ਗੰਨੇ ਦੀ ਫਸਲ ਨੂੰ ਨਹੀਂ ਕਟਿਆ ਜਾਂਦਾ। ਨਾ ਹੀ ਗੰਨੇ ਨੂੰ ਚੂਪਿਆ ਜਾਂ ਵੇਲਿਆ ਜਾਂਦਾ ਹੈ। ਆਇਨੇ-ਅਕਬਰੀ ਵਿਚ ਲਿਖਿਆ ਹੈ ਕਿ ਅਕਬਰ ਇਸ ਤਿਉਹਾਰ ਵਿਚ ਸ਼ਾਮਲ ਹੋਇਆ ਕਰਦਾ ਸੀ।

ਮਥਰਾ ਵਿਚ ਇਸ ਦਿਨ ਘਰਾਂ ਤੇ ਖੇਤਾਂ ਵਿਚ 56 ਪ੍ਰਕਾਰ ਦੇ ਵਿਅੰਜਨ ਦੇ ਅੰਨਕੂਟ ਤਿਆਰ ਕੀਤੇ ਜਾਂਦੇ ਅਤੇ ਇਨ੍ਹਾਂ ਨੂੰ ਕ੍ਰਿਸ਼ਨ ਦਾ ਭੋਗ ਲਗਵਾਇਆ ਜਾਂਦਾ ਹੈ। ਕੂਟ ਦੇ ਅਰਥ ਢੇਰ ਜਾਂ ਪਰਬਤ ਦੇ ਹਨ। ਇਸੇ ਰਸਮ ਤੋਂ, ਇਸ ਤਿਉਹਾਰ ਦਾ ਨਾਂ ਅੰਨਕੂਟ ਵੀ ਪੈ ਗਿਆ (ਵੇਖੋ : ਅੰਨਕੂਟ)।

(ਗ-253) **ਗੌਣ** :

1. ਲੋਕ ਗੀਤਾਂ ਲਈ ਪੰਜਾਬੀ ਵਿਚ 'ਗੌਣ' ਸ਼ਬਦ ਵਰਤਿਆ ਜਾਂਦਾ ਹੈ।

2. ਤੀਵੀਆਂ ਦੇ ਗੌਣ (ਗੀਤ) ਜੋ ਉਹ ਵਿਆਹ ਸ਼ਾਦੀਆਂ ਅਥਵਾ ਬੱਚੇ ਦੇ ਜਨਮ ਤੇ ਗਾਉਂਦੀਆਂ ਹਨ (ਵੇਖੋ : ਲੋਕ-ਗੀਤ)।

(ਗ-254) **ਗੌਣੀਮਾਰ** :

ਇਕ ਜਾਤੀ, ਜਿਸ ਦੀਆਂ ਤੀਵੀਆਂ ਆਪਣੇ ਆਪ ਨੂੰ ਵਿਧਵਾ ਦਸ ਕੇ ਕਿਸੇ ਧਨੀ ਸ਼ਖ਼ਸ ਨੂੰ ਮੋਹ ਲੈਂਦੀਆਂ ਤੇ ਉਸ ਨਾਲ ਵਿਆਹ ਕਰ ਲੈਂਦੀਆਂ ਹਨ। ਮਗਰੋਂ ਦਾਅ ਲੱਗਣ ਤੇ ਰੁਪਏ ਪੈਸੇ ਤੇ ਹੋਰ ਕੀਮਤੀ ਵਸਤਾਂ ਚੁਰਾ ਕੇ ਨਸ ਜਾਂਦੀਆਂ ਹਨ (ਪੰਜਾਬੀ ਡਿਕਸ਼ਨਰੀ, ਪੰਨਾ 374)।

(ਗ-255) **ਗੌਤਮ** :

ਗੌਤਮ ਨਾਉਂ ਦੇ ਕਈ ਰਿਸ਼ੀ ਮੁਨੀ ਭਾਰਤ ਵਿਚ ਹੋਏ। ਪਰ ਵਧੇਰੇ ਪ੍ਰਸਿਧ ਤਿੰਨ ਹਨ : (ੳ) ਮਹਾਤਮਾ ਬੁੱਧ, ਜਿਨ੍ਹਾਂ ਦਾ ਅਸਲੀ ਨਾਉਂ ਗੌਤਮ ਸੀ। (ਅ) ਨਿਆਇ ਸ਼ਾਸਤ੍ਰ ਦਾ ਕਰਤਾ ਗੌਤਮ, ਜੋ ਈਸਵੀ ਸਦੀ ਤੋਂ ਛੇ ਕੁ ਸੌ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ : (ੲ) ਅਹਿਲਿਆ ਦਾ ਪਤੀ ਗੌਤਮ ਅਤੇ ਜਨਕ ਦੇ ਪਰੋਹਿਤ ਸਤਾਨੰਦ ਦਾ ਪਿਤਾ, ਜਿਸ ਦੇ ਸਰਾਪ ਨਾਲ ਅਹਿਲਿਆ ਸ਼ਿਲਾ ਰੂਪ ਹੋ ਗਈ ਸੀ ਅਤੇ ਇੰਦਰ ਦੇ ਸਰੀਰ ਉਤੇ ਹਜ਼ਾਰ ਭੱਗਾਂ ਦੇ ਚਿੰਨ੍ਹ ਉਭਰ ਆਏ ਸਨ।

ਇਹ ਕਥਾ ਪੁਰਾਣਾਂ ਤੋਂ ਇਲਾਵਾ ਰਾਮਾਇਣ ਵਿਚ ਵੀ ਮਿਲਦੀ ਹੈ (ਵੇਖੋ : ਅਹਿਲਿਆ)।

(ਗ-256) **ਗੌਤਮੀ** :

(1) ਦੁਰਗਾ ਦੇਵੀ ਦੀ ਇਕ ਉਪਾਧੀ; (2) ਇਕ ਭਿਆਨਕ ਰਾਖਸ਼ਣੀ; (3) ਗੋਦਾਵਰੀ ਨਦੀ ਨੂੰ, ਗੋਤਮ ਰਿਸ਼ੀ ਨਾਲ ਸੰਬੰਧਿਤ ਹੋਣ ਕਰ ਕੇ, ਗੌਤਮੀ ਵੀ ਕਿਹਾ ਜਾਂਦਾ ਹੈ।

(ਗ-257) **ਗੌਤਮੀ ਸ਼ਿਲਾ** :

ਇਕ ਖ਼ਾਸ ਤਰ੍ਹਾਂ ਦਾ ਪੱਥਰ, ਜਿਸ ਨੂੰ ਪਵਿਤ੍ਰ ਜਾਣ ਕੇ ਹਿੰਦੂ ਪੂਜਦੇ ਹਨ। ਧਾਰਨਾ ਹੈ ਕਿ ਇਸ ਪੱਥਰ ਉਤੇ ਅੱਗ, ਪਾਣੀ ਤੇ ਹਵਾ ਦਾ ਕੋਈ ਅਸਰ ਨਹੀਂ ਹੁੰਦਾ। ਇਸ ਪੱਥਰ ਨੂੰ ਨਦੀ ਵਿਚ ਸੁਟ ਦਿਤਾ ਜਾਵੇ, ਤਾਂ ਵੀ ਤਰਦਾ ਰਹਿੰਦਾ ਹੈ। ਕਹਿੰਦੇ ਹਨ, ਰਾਮ ਚੰਦਰ ਨੇ ਲੰਕਾ ਜਾਣ ਲਈ, ਜੋ ਪੁਲ ਸਮੁੰਦਰ ਉਤੇ ਬੰਨ੍ਹਿਆ ਸੀ, ਉਸ ਵਿਚ ਕਾਫ਼ੀ ਮਾਤਰਾ ਵਿਚ ਗੌਤਮੀ ਸ਼ਿਲਾ ਦੀ ਵਰਤੋਂ ਕੀਤੀ ਗਈ ਸੀ।

(ਗ-258) **ਗੌੜ** :

ਬ੍ਰਾਹਮਣਾਂ ਦੀ ਇਕ ਗੋਤ; ਇਨ੍ਹਾਂ ਦਾ ਮੂਲ ਸਥਾਨ ਗੌੜ ਦੇਸ਼ ਸੀ। ਇਸੇ ਤੋਂ ਇਹ ਬ੍ਰਾਹਮਣ ਗੌੜ ਕਰਕੇ ਜਾਣੇ ਜਾਣ ਲਗੇ।

## ਘ

**(ਘ-1) ਘਉ :**

ਬੱਚਿਆਂ ਨੂੰ ਡਰਾਉਣ ਲਈ ਇਕ ਕਲਪਿਤ ਛਲਾਵਾ; ਹਊਆ (ਵੇਖੋ : ਹਊਆ)।

**(ਘ-2) ਘਈ :**

ਖੱਤਰੀਆਂ ਦੀ ਇਕ ਉਪ-ਜਾਤੀ; ਇਨ੍ਹਾਂ ਦਾ ਵਡਿਕਾ ਘਿਓ ਦਾ ਵਪਾਰੀ ਹੋਣ ਕਰ ਕੇ 'ਘਈ' ਅਖਵਾਇਆ। ਹੋ ਸਕਦਾ ਹੈ ਇਨ੍ਹਾਂ ਦਾ ਗੋਤ ਚਿੰਨ੍ਹ (ਟੋਟਿਮ) ਹੀ ਘਿਓ ਹੋਵੇ।

**(ਘ-3) ਘਸ :**

ਕਹਿਕਸ਼ਾਂ; ਤਾਰਿਆਂ ਦਾ ਝੁਰਮਟ, ਜੋ ਰਾਤ ਵੇਲੇ ਆਕਾਸ਼ ਵਿਚ ਇਕ ਪਗਡੰਡੀ ਵਾਂਗ ਵਿਖਾਈ ਦੇਂਦਾ ਹੈ। ਲਹਿੰਦੇ ਵਿਚ ਇਸ ਨੂੰ 'ਘਸ' ਕਿਹਾ ਜਾਂਦਾ ਹੈ। ਇਕ ਮਿੱਥਕ ਕਥਾ ਅਨੁਸਾਰ ਜਲ-ਪਰਲੋ ਦੇ ਦਿਨੀਂ ਹਜ਼ਰਤ ਨੂਹ ਦਾ ਵਿਰਾਟ ਬੇੜਾ ਤੂਫ਼ਾਨ ਵਿਚ ਅਠਖੇਲੀਆਂ ਖਾਂਦਾ ਅਸਮਾਨ ਨਾਲ ਖਹਿਸਰ ਗਿਆ ਸੀ, ਜਿਸ ਕਰ ਕੇ ਇਹ 'ਘਾਸੀ' ਜਿਹੀ ਬਣ ਗਈ ਸੀ (ਵੇਖੋ : ਆਕਾਸ਼ ਗੰਗਾ)।

**(ਘ-4) ਘੱਕਾ ਕੋਟਲੀ :**

ਜ਼ਿਲਾ ਗੁਰਦਾਸਪੁਰ ਦਾ ਇਕ ਪਿੰਡ; ਇਥੇ ਇਕ ਟਾਹਲੀ ਦੇ ਬ੍ਰਿਛ ਹੇਠ ਗੁਰੂ ਹਰਿਰਾਏ ਜੀ ਵਿਰਾਜੇ ਸਨ, ਜਿਨ੍ਹਾਂ ਦੀ ਯਾਦ ਵਿਚ, ਇਥੇ ਇਕ ਗੁਰਦਵਾਰਾ ਬਣਿਆ ਹੋਇਆ ਹੈ। ਸਾਖੀ ਹੈ ਕਿ ਇਥੇ ਹੀ ਗੁਰੂ ਹਰਿਰਾਏ ਜੀ ਨੇ ਮੂਲੇ ਨੂੰ ਖ਼ਰਗੋਸ਼ ਦੀ ਜੂਨੀ ਤੋਂ ਮੁਕਤ ਕੀਤਾ ਸੀ। ਮਹਾਂਕੋਸ਼ (ਪੰਨਾ 412) ਅਨੁਸਾਰ ਇਹ ਸਮਾਧੀ ਪਿੰਡ 'ਕੂਲ੍ਹਾ ਬੂੜਾ' ਦੇ ਨੇੜੇ, ਸੜਕ ਦੇ ਕਿਨਾਰੇ ਸਥਿਤ ਹੈ।

**(ਘ-5) ਘਗਰਾ :**

ਘੇਰੇਦਾਰ ਵਸਤ੍ਰ ਜੋ ਤੀਵੀਆਂ ਲਕ ਦੁਆਲੇ ਪਹਿਨਦੀਆਂ ਹਨ (ਵੇਖੋ : ਲਹਿੰਗਾ)।

**(ਘ-6) ਘਗਰੀ ਦਾ ਸਾਕ :**

ਵਹੁਟੀ ਦੇ ਪੱਖ ਤੋਂ ਸਾਕ ਸਬੰਧੀ; ਇਸ ਦੇ ਮੁਕਾਬਲੇ ਵਿਚ ਪਤੀ ਦੇ ਪੱਖ ਤੋਂ ਰਿਸ਼ਤੇਦਾਰਾਂ ਨੂੰ ਪੱਗ ਦੇ ਸਾਕ ਕਿਹਾ ਜਾਂਦਾ ਹੈ। ਇਹ ਵਾਕੰਸ਼ ਮਖੌਲ ਵਜੋਂ ਵਰਤਿਆ ਜਾਂਦਾ ਹੈ। ਜਦੋਂ ਕੋਈ ਸ਼ਖ਼ਸ ਆਪਣੇ ਸੱਕੇ ਰਿਸ਼ਤੇਦਾਰਾਂ ਨਾਲੋਂ ਵਹੁਟੀ ਦੇ ਪੱਖ ਦੇ ਰਿਸ਼ਤੇਦਾਰਾਂ ਦਾ ਵਧੇਰੇ ਲਿਹਾਜ਼ ਕਰੇ।

**(ਘ-7) ਘੰਗੋਟਾ :**

ਬੱਚਿਆਂ ਦੇ ਖੇਡਣ ਦੀ ਇੱਕ ਗੋਲ ਚਕਲੀ, ਜੋ ਲਕੜੀ, ਚਮੜੇ ਜਾਂ ਮੋਟੇ ਗੱਤੇ ਦੀ ਬਣੀ ਹੁੰਦੀ ਹੈ। ਇਸ ਦੇ ਵਿਚਕਾਰ, ਦੋ ਛੋਟੇ ਛੋਟੇ ਛੇਕ, ਥੋੜ੍ਹੀ ਥੋੜ੍ਹੀ ਵਿੱਥ ਉਤੇ ਹੁੰਦੇ ਹਨ, ਇਨ੍ਹਾਂ ਛੇਕਾਂ ਵਿਚੋਂ ਧਾਗਾ ਲੰਘਾ ਕੇ, ਦੋਹਾਂ ਹੱਥਾਂ ਦੀਆਂ ਦੋ ਉਂਗਲਾਂ (ਚੀਚੀ ਤੇ ਅੰਗੂਠੇ) ਵਿਚ ਫਸਾ ਲਿਆ ਜਾਂਦਾ ਹੈ। ਚਕਲੀ ਨੂੰ ਘੁੰਮਾ ਕੇ ਧਾਗੇ ਉਤੇ ਵਟ ਚਾੜ੍ਹ ਲਏ ਜਾਂਦੇ ਹਨ। ਫਿਰ ਹੱਥਾਂ ਨੂੰ, ਕਦੇ ਅੰਦਰ ਵਲ ਤੇ ਕਦੇ ਬਾਹਰ ਵਲ ਖਿਚਿਆ ਜਾਂਦਾ ਹੈ। ਬਾਹਰ ਵਲ ਖਿਚਿਆਂ ਵੱਟ ਉਤਰਦੇ ਤੇ ਅੰਦਰ ਵਲ ਕੀਤਿਆਂ ਵੱਟ ਚੜ੍ਹਦੇ ਹਨ। ਇਸ ਤਰ੍ਹਾਂ ਚਕਲੀ ਘੁੰਮਦੀ ਰਹਿੰਦੀ ਹੈ ਤੇ ਸੂਕਣੀ ਘੂਕਰ ਪੈਦਾ ਹੁੰਦੀ ਹੈ। ਬੱਚਿਆਂ ਨੂੰ ਘੁੰਮਣ ਤੇ ਘੂਕਰ ਵਿਚੋਂ ਅਨੰਦ ਮਿਲਦਾ ਹੈ।

**(ਘ-8) ਘੱਘਰ :**

ਇਕ ਨਦੀ, ਜੋ ਪੰਜਾਬ ਦੇ ਖੇਤਰ ਨੂੰ ਹਰਿਆਣੇ ਦੇ ਖੇਤਰ ਨਾਲੋਂ ਨਿਖੇੜਦੀ ਹੈ। ਇਸ ਪ੍ਰਾਚੀਨ ਨਦੀ ਦਾ ਜ਼ਿਕਰ ਰਿਗਵੇਦ ਵਿਚ ਵੀ ਮਿਲਦਾ ਹੈ। ਇਹ ਨਦੀ ਸਿਰਮੌਰ (ਹਿਮਾਚਲ ਪ੍ਰਦੇਸ਼) ਦੇ ਇਲਾਕੇ ਵਿਚੋਂ ਨਿਕਲ ਕੇ, ਅੰਬਾਲੇ ਦੇ ਨੇੜਿਉਂ ਲੰਘਦੀ ਹੋਈ, ਬੀਕਾਨੇਰ ਦੇ ਇਲਾਕੇ ਵਿਚ ਹਨੂਮਾਨ ਗੜ੍ਹ ਦੇ ਕੋਲ ਰੇਤਲੇ ਥਲ ਵਿਚ ਸਮਾ ਜਾਂਦੀ ਹੈ।

(ਘ-9) **ਘਟੋਤਕੱਚ** :

ਇਹ ਪਾਂਡਵ ਭੀਮ ਦਾ ਪੁੱਤਰ ਸੀ, ਜੋ ਹਿੜਿੰਬਾ ਨਾਂ ਦੀ ਰਾਖਸ਼ਣੀ ਦੀ ਕੁਖੋਂ ਪੈਦਾ ਹੋਇਆ । ਮਹਾਂਕੋਸ਼ ਵਿਚ ਇਸ ਨੂੰ ਅਰਜਨ ਦਾ ਪੁਤਰ ਦਸਿਆ ਗਿਆ ਹੈ, ਜੋ ਹੋਰ ਗ੍ਰੰਥਾਂ ਅਨੁਸਾਰ ਠੀਕ ਨਹੀਂ । ਮਹਾਂਭਾਰਤ ਦੀ ਜੰਗ ਵਿਚ ਘਟੋਤਕੱਚ ਕਰਣ ਦੇ ਹੱਥੋਂ ਉਸ ਬਰਛੀ ਨਾਲ ਮਾਰਿਆ ਗਿਆ ਸੀ, ਜੋ ਕਰਣ ਨੇ ਇੰਦਰ ਦੇਵਤੇ ਤੋਂ ਪ੍ਰਾਪਤ ਕੀਤੀ ਸੀ ।

(ਘ-10) **ਘੰਡਾ-ਹੇੜਾ** :

ਇਕ ਪਰਕਾਰ ਦਾ ਸਾਜ, ਜੋ ਪਹਿਲਿਆਂ ਵਿਚ, ਸ਼ਿਕਾਰੀ ਹਿਰਨ ਦਾ ਸ਼ਿਕਾਰ ਕਰਨ ਲਈ ਵਜਾਇਆ ਕਰਦੇ ਸਨ । ਇਹ ਸਾਜ, ਘੜੇ ਨਾਲ ਤਾਰਾਂ ਬੰਨ੍ਹ ਕੇ ਬਣਾਇਆ ਜਾਂਦਾ ਅਤੇ ਇਸ ਵਿਚੋਂ ਬੜੀ ਸੁਰੀਲੀ ਧੁਨੀ ਨਿਕਲਦੀ । ਸ਼ਿਕਾਰੀ ਜੰਗਲ ਵਿਚ, ਕਿਸੇ ਥਾਂ ਛੁਪ ਕੇ ਘੰਡਾ-ਹੇੜੇ ਨੂੰ ਵਜਾਉਂਦਾ ਅਤੇ ਹਿਰਨਾਂ ਦੀਆਂ ਡਾਰਾਂ ਇਸ ਸਾਜ ਦੀ ਧੁਨੀ ਤੇ ਖਿਚੀਆਂ ਦੌੜੀਆਂ ਆਉਂਦੀਆਂ । ਸ਼ਿਕਾਰੀ ਵਾਸਤੇ ਸ਼ਿਕਾਰ ਕਰਨਾ ਸੌਖਾ ਹੋ ਜਾਂਦਾ । ਹਿਰਨ ਦੇ ਘੰਡਾ-ਹੇੜਾ ਪ੍ਰਤੀ ਮੋਹ ਨੂੰ, ਕਵੀਆਂ ਨੇ ਦ੍ਰਿਸ਼ਟਾਂਤ ਵਜੋਂ ਆਮ ਵਰਤਿਆ ਹੈ ।

(ਘ-11) **ਘੰਦੋਲਾ** :

ਪਹਿਲਿਆਂ ਵਿਚ ਲੋਕੀਂ ਆਪਣੇ ਵਡਿਕਿਆਂ ਦੀ ਰਜ਼ਾਈ ਦਾ ਕੋਈ ਟੁਕੜਾ ਪਾੜ ਕੇ ਕੋਲ ਰਖ ਲੈਂਦੇ ਸਨ ਅਤੇ ਬਰਕਤ ਵਜੋਂ ਨਵੀਂ ਰਜ਼ਾਈ ਨਾਲ, ਉਸ ਦੀ ਇਕ ਟਾਕੀ ਜੋੜ ਦਿਤਾ ਕਰਦੇ ਸਨ । ਲੋਕਾਂ ਦਾ ਨਿਸ਼ਚਾ ਸੀ ਕਿ ਬਜ਼ੁਰਗਾਂ ਦਾ ਸਾਇਆ, ਘਰ ਵਿਚ ਹੋਣ ਨਾਲ, ਬਖ਼ਸ਼ਿਸ਼ ਰਹਿੰਦੀ ਹੈ । ਇਹ ਵਿਚਾਰ ਲਾਗਵੇਂ ਟੂਣੇ ਉਤੇ ਆਧਾਰਤ ਹੈ । ਇਸ ਤਰ੍ਹਾਂ ਦੀ ਰਜ਼ਾਈ ਨੂੰ ਘੰਦੋਲਾ ਕਿਹਾ ਜਾਂਦਾ । ਪਿਛੋਂ ਇਹ ਸ਼ਬਦ ਹਰ ਤਰ੍ਹਾਂ ਦੀ ਪਾਟੀ ਪੁਰਾਣੀ ਰਜ਼ਾਈ ਲਈ ਵਰਤਿਆ ਜਾਣ ਲੱਗਾ ।

(ਘ-12) **ਘਨ** :

ਕਾਂਸੀ ਦਾ ਬਣਿਆ ਸਾਜ, ਜਿਸ ਨੂੰ ਵਜਾਉਣ ਨਾਲ, ਬੱਦਲਾਂ ਦੇ ਗੜਕਣ ਦੀ ਧੁਨੀ ਪੈਦਾ ਹੁੰਦੀ ਹੈ ।

(ਘ-13) **ਘਰ** :

ਪੰਜਾਬੀ ਸਭਿਆਚਾਰ ਵਿਚ ਘਰ ਸਿਰਫ਼ ਰਹਿਣ ਦਾ ਟਿਕਾਣਾ ਹੀ ਨਹੀਂ ਹੁੰਦਾ, ਪੁਰਖਿਆਂ ਨਾਲ ਜੁੜਿਆ ਹੋਣ ਕਰ ਕੇ ਇਹ ਪੰਜਾਬੀਆਂ ਦਾ ਕੌਜਣ ਵੀ ਹੈ, ਰਹਿਤਲ ਵੀ ਹੈ ਤੇ ਮਾਣ-ਮਰਯਾਦਾ ਵੀ । ਉਸਦੇ ਧਾਰਮਿਕ ਕਰਮ-ਕਾਂਡਾਂ ਦੀ ਧਰਤੀ ਵੀ । ਇਸ ਲਈ ਘਰ ਸਿਰ ਛੁਪਾਣ ਦੇ ਟਿਕਾਣੇ ਨਾਲੋਂ ਜ਼ਿਆਦਾ ਉਸਦੀ ਸ਼ਕਤੀ ਵੀ ਹੈ ।

ਪੰਜਾਬੀ ਜਾਗਦੇ ਸਾਰ ਸੂਰਜ ਦੇ ਮੂੰਹ ਲਗਣਾ ਚਾਹੁੰਦਾ ਹੈ, ਇਸ ਲਈ ਉਹ ਘਰ ਸ਼ੁਭ ਹੈ, ਜਿਸ ਦਾ ਮੂੰਹ ਮੱਥਾ ਸੂਰਜ ਵਲ ਹੁੰਦਾ ਹੈ । ਸੂਰਜ ਆਪਣੀਆਂ ਪਹਿਲੀਆਂ ਕਿਰਨਾਂ ਉਸ ਦੇ ਵਿਹੜੇ ਵਿਚ ਸੁੱਟੇ, ਇਸ ਨਾਲੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ । ਚੜ੍ਹਦੇ ਸੂਰਜ ਵਲ ਪਿੱਠ ਵਾਲੇ ਘਰ ਵਿਚ ਜ਼ਿਆਦਾ ਬਰਕਤ ਨਹੀਂ ਹੁੰਦੀ ।

ਆਕਾਰ ਦੇ ਪਖੋਂ ਘਰ ਚੌਰਸ ਜਾਂ ਮੁਸਤਤੀਲ ਹੋਣਾ ਚਾਹੀਦਾ ਹੈ । ਜੇ ਅਗਲੀ ਪਿਛਲੀ ਚੌੜਾਈ ਬਰਾਬਰ ਨਾ ਹੋਵੇ ਤਾਂ ਅਗਲਾ ਪਾਸਾ ਘਟ ਚੌੜਾ ਤੇ ਪਿਛਲਾ ਜ਼ਿਆਦਾ ਚੌੜਾ ਹੋਣਾ ਚਾਹੀਦਾ ਹੈ । ਇਸ ਨੂੰ ਗਊਮੁਖਾ ਕਹਿੰਦੇ ਹਨ ਤੇ ਇਹ ਥਾਂ ਸ਼ੁਭ ਹੁੰਦੀ ਹੈ । ਇਸ ਘਰ ਵਿਚ ਸੁਖ ਸ਼ਾਂਤੀ ਰਹਿੰਦੀ ਹੈ ।

ਪਰ ਜੇ ਇਸ ਦੇ ਉਲਟ ਅਗਲਾ ਮੱਥਾ ਜ਼ਿਆਦਾ ਚੌੜਾ ਤੇ ਪਿਛਲੀ ਪਿਠ ਘੱਟ ਚੌੜੀ ਹੋਵੇ ਤਾਂ ਇਸ ਨੂੰ ਸ਼ੇਰ-ਮੁਖਾ ਕਹਿੰਦੇ ਹਨ । ਅਜਿਹਾ ਘਰ ਅਸ਼ੁਭ ਹੁੰਦਾ ਹੈ । ਇਸ ਘਰ ਵਿਚ ਦੁਖ-ਦਲਿਦਰ ਰਹਿੰਦਾ ਹੈ । ਕਲਹ ਕਲੇਸ਼ ਦਾ ਵਾਸਾ ਹੁੰਦਾ ਹੈ ।

(ਘ-14) **ਘਰ-ਜੁਆਈ** :

ਕਈ ਲੋਕ, ਜਿਨ੍ਹਾਂ ਦੇ ਘਰ ਨਰ-ਸੰਤਾਨ ਨਹੀਂ ਹੁੰਦੀ, ਉਹ ਆਪਣੇ ਕਿਸੇ ਜੁਆਈ ਨੂੰ ਹੀ ਆਪਣੇ ਘਰ ਰਖ ਲੈਂਦੇ ਹਨ ਅਤੇ ਪੁੱਤਰ ਵਾਂਗ ਉਸ ਨੂੰ ਸਾਰੇ ਹੱਕ ਦੇਂਦੇ ਹਨ । ਉਨ੍ਹਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ ਦਾ ਵਾਰਸ ਵੀ ਉਹ ਘਰ-ਜੁਆਈ ਹੀ ਹੁੰਦਾ ਹੈ ।

ਪਰ ਸਹੁਰੇ ਘਰ ਜਵਾਈ ਦਾ ਬਹੁਤਾ ਰਹਿਣਾ ਲੋਕ-ਚਿੰਤਨ ਨੇ ਅੱਛਾ ਨਹੀਂ ਸਮਝਿਆ । ਇਸੇ ਲਈ ਅਖਾਣ ਹੈ : 'ਸਹੁਰੇ ਘਰ ਜਵਾਈ ਕੁੱਤਾ ।'

(ਘ-15) **ਘਰਵਾਲ** :

ਰਾਜਪੂਤਾਂ ਦਾ ਇਕ ਕਬੀਲਾ, ਜੋ ਪੋਠੋਹਾਰ ਦੇ ਇਲਾਕੇ ਵਿਚ ਕਹੂਟਾ (ਰਾਵਲਪਿੰਡੀ) ਵਿਚ ਮਿਲਦੇ ਹਨ । ਇਹ ਆਪਣੇ ਆਪ ਨੂੰ ਪੀਰ ਕਾਲਾ ਦੀ ਵੰਸ਼ ਵਿਚੋਂ ਦਸਦੇ ਹਨ ਜੋ ਜੰਝੂਆਂ ਦੇ ਇਕ ਵਡਿਕੇ ਰਾਜਾ ਮਲ ਦਾ ਪੁਤਰ ਸੀ । ਪੀਰ ਕਾਲਾ ਜਦੋਂ ਜੰਝੂਆਂ ਨਾਲੋਂ ਅੱਡ ਹੋਣ 'ਤੇ ਇਸ ਇਲਾਕੇ ਵਿਚ ਆ ਕੇ ਵਸਿਆ ਤਾਂ ਇਥੋਂ ਦੀ ਇਕ ਪਹਾੜਨ ਸੁੰਦਰੀ ਕਹੂਰਰਾਣੀ ਨਾਲ ਉਸ ਵਿਆਹ ਕੀਤਾ ਤੇ ਉਸੇ ਦੇ ਨਾਂ ਉਤੇ ਹੀ, ਇਸ ਇਲਾਕੇ ਦਾ

ਨਾਉਂ ਵੀ ਕਹਰੂ ਰਖਿਆ। ਪੀਰ ਕਾਲਾ ਦੀ ਔਲਾਦ ਆਪਣੀ ਮਾਂ ਦੇ ਨਾਉਂ ਉਤੇ ਕਹਰਵਾਲ ਅਖਵਾਈ ਤੇ ਇਹੋ ਨਾਉਂ ਵਿਗੜ ਕੇ ਘਰਵਾਲ ਬਣ ਗਿਆ।

(ਘ-16) **ਘਰਬ** :

ਦੋ ਵਸਤਾਂ ਨੂੰ ਮਿਲਾ ਕੇ ਬਣਾਇਆ ਪਦਾਰਥ, ਜਿਵੇਂ ਦਹੀਂ ਦੀ ਲੱਸੀ ਵਿਚ ਦੁੱਧ ਦੀਆਂ ਧਾਰਾਂ ਮਾਰ ਕੇ ਪੀਣਾ, ਜਾਂ ਕਣਕ ਦੇ ਆਟੇ ਵਿਚ ਵੇਸਨ ਰਲਾ ਕੇ ਪਕਾਈ ਰੋਟੀ, ਇਸ ਤਰ੍ਹਾਂ ਦਾ ਮਿੱਸਾ ਪਦਾਰਥ ਪਵਿਤ੍ਰ ਮੰਨਿਆ ਜਾਂਦਾ ਹੈ।.

(ਘ-17) **ਘਰੋਂਧੀ, ਘਰੂੰਡੀ** :

ਮਿੱਟੀ ਦਾ ਬਣਿਆ, ਘਰ ਦੀ ਸ਼ਕਲ ਦਾ ਇਕ ਖਿਡੌਣਾ, ਜਿਸ ਨੂੰ ਕਾਗਜ਼ ਦੀ ਝਾਲਰ ਤੇ ਫੁੱਲਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇਸ ਵਿਚ ਦੀਵਾਲੀ ਦੇ ਤਿਉਹਾਰ ਸਮੇਂ ਬੱਚੇ ਮਠਿਆਈ ਪਾ ਕੇ ਰਖਦੇ ਹਨ। ਚੁਹਾਂ ਕੋਨਿਆਂ ਉਤੇ ਬਣੇ ਦੀਵਿਆਂ ਵਿਚ ਤੇਲ ਤੇ ਵੱਟੀ ਪਾ ਕੇ ਜੋਤ ਜਲਾਈ ਜਾਂਦੀ ਹੈ। ਦੀਵਾਲੀ ਦੀ ਵਧਾਈ ਦੇਣ ਆਏ ਸਾਕ-ਸਬੰਧੀ ਤੇ ਮਿਲਣ ਵਾਲੇ ਇਸ ਵਿਚ ਬੱਚੇ ਦੇ ਸ਼ਗਨ ਵਜੋਂ ਰੁਪਿਆ ਜਾਂ ਮਠਿਆਈ ਪਾਉਂਦੇ ਹਨ। ਖਤਰੀ ਘਰਾਂ ਵਿਚ ਇਸ ਨੂੰ 'ਹਟੜੀ' ਵੀ ਕਿਹਾ ਜਾਂਦਾ ਹੈ (ਵੇਖੋ : ਹਟੜੀ)।

(ਘ-18) **ਘਰੋਂਧਾ** :

ਬੱਚੇ ਮਨ ਪਰਚਾਵੇ ਲਈ ਰੇਤ ਜਾਂ ਪੋਲੀ ਮਿੱਟੀ ਵਿਚ ਪੈਰ ਰਖ ਕੇ, ਮਿੱਟੀ ਨੂੰ ਪੈਰ ਉਤੇ ਥਪਕੀਆਂ ਨਾਲ ਥਿਠਾਂਦੇ ਹਨ ਤੇ ਜਦੋਂ ਮਿੱਟੀ ਟਿੱਕ ਜਾਂਦੀ ਹੈ ਤਾਂ ਹੇਠੋਂ ਹੌਲੇ ਹੌਲੇ ਪੈਰ ਕਢ ਲੈਂਦੇ ਹਨ। ਇਸ ਘਰ ਨੂੰ ਸਜਾ-ਸ਼ਿੰਗਾਰ ਕੇ ਇਸ ਵਿਚ ਗੁੱਡੀ ਗੁੱਡਾ ਤੇ ਪਟੋਲੇ ਰਖ ਕੇ ਖੇਡਾਂ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਘਰਾਂ ਨੂੰ ਘਰੋਂਧੇ ਕਿਹਾ ਜਾਂਦਾ ਹੈ।

(ਗ-19) **ਘੜਮਸ ਘੋੜੀ** :

ਫ਼ਿਰੋਜ਼ਪੁਰ ਦੇ ਇਲਾਕੇ ਦੀ ਬੱਚਿਆਂ ਦੀ ਇਕ ਪ੍ਰਸਿਧ ਖੇਡ। ਪਹਿਲਾਂ ਬੱਚੇ ਦੋ ਟੋਲੀਆਂ ਬਣਾ ਲੈਂਦੇ ਹਨ। ਇਕ ਟੋਲੀ ਦੇ ਬੱਚੇ ਕਿਸੇ ਕੰਧ ਜਾਂ ਦਰਖ਼ਤ ਦਾ ਆਸਰਾ ਲੈ ਕੇ, ਇਕ ਦੂਜੇ ਦੇ ਪਿਛੇ ਘੋੜੀ ਬਣ ਕੇ ਖੜੇ ਹੋ ਜਾਂਦੇ ਹਨ ਤੇ ਆਪਣੇ ਤੋਂ ਅਗਲੇ ਖਿਡਾਰੀ ਦੀ ਕਮਰ ਦੁਆਲੇ ਬਾਹਵਾਂ ਵਲ ਕੇ, ਜ਼ੰਜੀਰਾਂ ਬਣਾ ਲੈਂਦੇ ਹਨ। ਦੂਜੀ ਟੋਲੀ ਦੇ ਖਿਡਾਰੀ ਵਾਰੋ ਵਾਰੀ, ਇਕ ਇਕ ਕਰ ਕੇ ਦੌੜਦੇ ਹੋਏ, ਇਨ੍ਹਾਂ ਦੀ ਸਵਾਰੀ ਕਰਦੇ ਹਨ, ਪਹਿਲਾਂ ਆੜੀ ਸਭ ਤੋਂ ਅਗਲੀ ਘੋੜੀ ਤੇ ਬੈਠਦਾ ਹੈ। ਇਸ ਤਰ੍ਹਾਂ ਬਾਕੀ ਦੇ ਆੜੀ ਜੇ ਘੋੜੀ ਤੇ ਚੜ੍ਹਨ ਮਗਰੋਂ ਜਾਂ ਅਗੇ ਪਿਛੇ ਹੋਣ ਲਗੇ ਜਾਂ ਉਪਰ ਵਾਲੇ ਕਿਸੇ ਖਿਡਾਰੀ ਦੇ ਪੈਰ ਜ਼ਿਮੀਂ ਤੇ ਲੱਗ ਜਾਣ ਤਾਂ ਉਪਰ ਦੀ ਸਾਰੀ ਟੋਲੀ ਘੋੜੀਆਂ ਬਣਦੀ ਹੈ ਤੇ ਹੇਠਲੀ ਟੋਲੀ ਉਨ੍ਹਾਂ ਦੇ ਸਵਾਰ। ਇਸ ਖੇਡ ਨੂੰ 'ਸ਼ਕਰ ਭੁੱਜੀ' ਵੀ ਕਹਿੰਦੇ ਹਨ।

(ਘ-20) **ਘੜਾ** :

ਮਿੱਟੀ ਦੇ ਸਾਧਾਰਨ ਜਿਹੇ ਘੜੇ ਨਾਲ, ਪੰਜਾਬੀਆਂ ਦੀ ਵੰਨ-ਸਵੰਨੀ ਸਭਿਆਚਾਰਕ ਪਛਾਣ ਤੇ ਲੋਕਧਾਰਾ ਜੁੜੀ ਹੋਈ ਹੈ।

ਮਿੱਟੀ ਤੇ ਪਾਣੀ ਨਾਲ ਬਣੇ ਘੜੇ ਨੂੰ ਪਵਿਤ੍ਰ ਮੰਨਿਆ ਜਾਂਦਾ ਹੈ। ਹਿੰਦੂ ਹਰ ਸੰਸਕਾਰ ਵੇਲੇ ਕੋਰੇ ਘੜੇ ਵਿਚ ਪਾਣੀ ਭਰ ਕੇ ਰਖਦੇ ਹਨ। ਨਵੇਂ ਉਸਰੇ ਮਕਾਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਕਿਸੇ ਕਮਰੇ ਵਿਚ ਕੋਰੇ ਘੜੇ ਵਿਚ ਜਲ ਭਰ ਕੇ ਰਖਿਆ ਜਾਂਦਾ ਹੈ ਤੇ ਉਪਰ ਛੂਣੀ ਉਤੇ ਜੋਤ ਬਾਲੀ ਜਾਂਦੀ ਹੈ (ਵੇਖੋ : ਗ੍ਰਿਹ ਪ੍ਰਵੇਸ਼)। ਬੱਚੇ ਦੇ ਜਨਮ ਉਪਰੰਤ ਚਿਲੇ ਦੇ ਕਿਸੇ ਆਲੇ/ਗੁੱਠ ਵਿਚ ਪਾਣੀ ਦਾ ਭਰਿਆ ਕੋਰਾ ਘੜਾ ਰਖਿਆ ਜਾਂਦਾ ਤੇ ਜੋਤ ਜਗਾਈ ਜਾਂਦੀ ਹੈ। ਵਿਆਹ ਦੇ ਸਮੇਂ ਜਦੋਂ ਕੰਨਿਆਂ ਨੂੰ ਛੰਦਲੀਆਂ ਉਤੇ ਬਿਠਾਇਆ ਜਾਂਦਾ ਹੈ ਤਾਂ ਉਸ ਦੇ ਕੋਲ ਤਿੰਨ ਘੜੋਲੀਆਂ ਰਖੀਆਂ ਜਾਂਦੀਆਂ ਹਨ। ਵਿਆਹ ਨਾਲ ਸਬੰਧਿਤ ਕੁਝ ਹੋਰ ਰੀਤਾਂ ਰਸਮਾਂ ਜਿਹਾ ਕਿ ਘੜੋਲੀ ਭਰਨੀ, ਘੜਾ-ਘੜੋਲੀ ਖੇਡਣਾ, ਆਦਿ ਵੇਲੇ ਘੜੇ ਤੇ ਜਲ ਦਾ ਹੀ ਸ਼ਗਨ ਕੀਤਾ ਜਾਂਦਾ ਹੈ।

ਪੰਜਾਬੀ ਲੋਕਧਾਰਾ ਵਿਚ ਘਟ ਜਾਂ ਘੜਾ, ਜੀਵ ਦੇ ਸਰੀਰ ਦਾ ਬੋਧ ਵੀ ਕਰਵਾਂਦਾ ਹੈ, ਟੁੱਟਾ ਘੜਾ ਕਾਲ ਦਾ ਚਿੰਨ੍ਹ ਹੈ। ਇਸੇ ਲਈ ਕਿਸੇ ਪ੍ਰਾਣੀ ਦੇ ਕਾਲਵਸ ਹੋ ਜਾਣ ਤੇ ਅੰਤਮ ਸੰਸਕਾਰ ਸਮੇਂ ਹਿੰਦੂਆਂ ਵਿਚ ਪਾਣੀ ਦੇ ਭਰੇ ਹੋਏ ਘੜੇ ਨੂੰ ਅੱਧ-ਮਾਰਗ ਉਤੇ ਭੰਨਣ ਦਾ ਰਵਾਜ ਹੈ। ਇਹ ਸੰਸਕਾਰ ਇਸ ਗੱਲ ਦਾ ਵੀ ਬੋਧ ਕਰਵਾਂਦਾ ਹੈ ਕਿ ਮਰ ਗਿਆ ਪ੍ਰਾਣੀ ਕਾਲ ਦੇ ਵੇਗ ਤੋਂ ਮੁਕਤ ਹੋ ਗਿਆ ਹੈ। ਇਸੇ ਰੀਤ ਤੋਂ, ਘਰ ਦੇ ਵਡੇ ਦਰਵਾਜ਼ੇ ਉਤੇ, ਘੜੇ ਦਾ ਭਜਣਾ ਕੁਸ਼ਗਨੀ ਸਮਝੀ ਜਾਂਦੀ ਹੈ। ਜੇ ਘਰੋਂ ਨਿਕਲਦਿਆਂ ਰਾਹ ਵਿਚ ਟੁਟਾ ਘੜਾ ਪਿਆ ਮਿਲੇ ਤਾਂ ਇਹ ਸ਼ਗਨ ਚੰਗਾ ਨਹੀਂ, ਕੰਮ ਵਿਚ ਸਫ਼ਲਤਾ ਪ੍ਰਾਪਤ ਨਹੀਂ ਹੁੰਦੀ।

ਖ਼ਾਲੀ ਘੜਾ ਵੀ ਕਾਲ ਜਾਂ ਅਸਫ਼ਲਤਾ ਦਾ ਬੋਧਿਕ ਹੈ ਅਤੇ ਭਰਿਆ ਘੜਾ ਭਰਪੂਰਤਾ ਤੇ ਵਿਜੈ ਦਾ। ਜਿਸ ਘਰ ਵਿਚ ਘੜੇ ਸੱਖਣੇ ਪਏ ਰਹਿਣ, ਉਥੇ ਕਲਾ-ਕਲੰਦਰ

ਦਾ ਵਾਸਾ ਰਹਿੰਦਾ ਹੈ 'ਕਲਾ ਕਲੰਦਰ ਵਸੇ, ਘੜਿਓਂ ਪਾਣੀ ਨਸੇ' ਸਫ਼ਰ ਜਾਂ ਕਿਸੇ ਕੰਮ ਉਤੇ ਜਾਣ ਲਗਿਆਂ ਰਾਹ ਵਿਚ ਜੇ ਕੋਈ ਮੁਟਿਆਰ ਭਰਿਆ ਘੜਾ ਲੈ ਕੇ ਮਿਲੇ, ਤਾਂ ਸ਼ਗਨ ਚੰਗਾ, ਜੇ ਖ਼ਾਲੀ ਘੜਾ ਲੈ ਕੇ ਮਿਲੇ ਤਾਂ ਮੰਦਾ।

(ਘ-21) **ਘੜਾ ਘੜੌਲੀ :**

ਵਿਆਹ ਨਾਲ ਸਬੰਧਤ ਇਕ ਰੀਤ; ਡੋਲੀ ਆਉਣ ਤੋਂ ਅਗਲੇ ਦਿਨ ਲਾੜ੍ਹੇ ਦੇ ਘਰ ਦੀਆਂ ਤੀਵੀਆਂ ਲਾੜ੍ਹੇ ਲਾੜ੍ਹੀ ਨੂੰ ਗੀਤ ਗਾਂਦੀਆਂ ਹੋਈਆਂ, ਪਿੰਡ ਦੇ ਖੂਹ ਤੇ ਲੈ ਜਾਂਦੀਆਂ ਹਨ ਤੇ ਵਾਰੋ ਵਾਰ ਲਾੜ੍ਹੇ ਤੇ ਲਾੜ੍ਹੀ ਨੂੰ ਇਕੋ ਸਾਹ ਡੋਲ ਖਿਚ ਕੇ ਇਕ ਇਕ ਘੜੌਲੀ ਭਰਨ ਨੂੰ ਕਹਿੰਦੀਆਂ ਹਨ। ਜਦੋਂ ਲਾੜ੍ਹਾ ਡੋਲ ਭਰਦਾ ਹੈ ਤਾਂ ਲਾੜ੍ਹੀ ਰੱਸੀ ਖਿਚ ਕੇ ਪਾਣੀ ਛਲਕਾਣ ਜਾਂ ਡੋਲ੍ਹਣ ਦਾ ਭੇਖ ਕਰਦੀ ਹੈ ਅਤੇ ਜਦੋਂ ਲਾੜ੍ਹੀ ਡੋਲ ਭਰਦੀ ਹੈ ਤਾਂ ਲਾੜ੍ਹਾ। ਜਦੋਂ ਦੋਵੇਂ ਇਕ ਇਕ ਘੜੌਲੀ ਭਰ ਲੈਂਦੇ ਹਨ ਤਾਂ ਆਪੋ ਆਪਣੀ ਘੜੌਲੀ ਇਕੋ ਹਥੇਲੀ ਉਤੇ ਚੁਕ ਕੇ ਘਰ ਲਿਆਉਂਦੇ ਹਨ। ਜੇ ਘੜੌਲੀ ਟੁਟ ਜਾਵੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ। ਤੀਵੀਆਂ ਇਸ ਰਸਮ ਸਮੇਂ ਗੀਤ ਗਾਂਦੀਆਂ ਹਨ :—

ਘੜਾ ਘੜੌਲੀ ਭਰ ਆਈ ਆਂ।

(ਘ-22) **ਘੜਾ ਭੰਨਣਾ :**

ਮਿਤ੍ਰ ਨਾਲ ਸਬੰਧਿਤ ਇਕ ਰੀਤ; ਜਦੋਂ ਅਰਥੀ ਮਰਘਟ ਵਿਚ ਦਾਖ਼ਿਲ ਹੁੰਦੀ ਹੈ ਤਾਂ ਪਾਣੀ ਦਾ ਭਰਿਆ ਘੜਾ ਭੰਨਿਆ ਜਾਂਦਾ ਹੈ, ਜੋ ਜੀਵਨ ਦੇ ਵਿਨਾਸ਼ ਦਾ ਬੋਧਿਕ ਹੈ। ਕਈ ਲੋਕ ਅਧ-ਵਿਚਕਾਰ ਮਾਰਗ ਸਮੇਂ ਘੜਾ ਭੰਨਦੇ ਹਨ। ਘੜਾ ਭੰਨਣ ਵੇਲੇ ਉਸ ਨੂੰ ਇਸ ਤਰ੍ਹਾਂ ਪਟਕਾਇਆ ਜਾਂਦਾ ਹੈ ਕਿ ਉਸ ਦਾ ਗਲਵਾਣ ਜ਼ਰੂਰ ਟੁੱਟੇ। ਗਲਵਾਣ ਟੁੱਟਣ ਦਾ ਭਾਵ ਹੈ ਕਿ ਹੁਣ ਇਸ ਪ੍ਰਵਾਰ ਵਿਚ ਕਾਫ਼ੀ ਦੇਰ ਤਕ ਮੌਤ ਪੈਰ ਨਹੀਂ ਪਾਵੇਗੀ। ਜੇ ਗਲਵਾਣ ਨਾ ਟੁੱਟੇ ਤਾਂ ਅਪਸ਼ਗਨ ਮੰਨਿਆ ਜਾਂਦਾ ਹੈ ਤੇ ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਇਸ ਪ੍ਰਵਾਰ ਵਿਚ ਛੇਤੀ ਹੀ ਕੋਈ ਹੋਰ ਮੌਤ ਹੋਵੇਗੀ।

(ਘ-23) **ਘੜਿਆਲ :**

ਪਾਣੀ ਵਿਚ ਰਹਿਣ ਵਾਲਾ ਇਕ ਜੀਵ, ਮਗਰਮੱਛ; ਜਿਸ ਬਾਰੇ ਕਈ ਤਰ੍ਹਾਂ ਦੇ ਵਿਸ਼ਵਾਸ਼, ਭਰਮ ਤੇ ਕਥਾਵਾਂ ਪ੍ਰਚਲਤ ਹਨ। ਕੁਝ ਜਨੌਰ ਕਹਾਣੀਆਂ ਵਿਚ ਮਗਰਮੱਛ ਪ੍ਰਧਾਨ ਪਾਤਰ ਹੈ। ਪੰਜਾਬੀ ਵਿਚ ਇਕ ਪਰੀ ਕਹਾਣੀ 'ਮਗਰਮੱਛ ਰਾਜਾ' ਬੜੀ ਪ੍ਰਸਿਧ ਹੈ (ਵੇਖੋ : ਮਗਰਮੱਛ ਰਾਜਾ)।

ਧਾਰਨਾ ਹੈ ਕਿ ਘੜਿਆਲ ਮਨੁੱਖ ਨੂੰ ਸਮੂਲਚਾ ਹੀ ਨਿਘਾਰ ਜਾਂਦਾ ਹੈ ਅਤੇ ਰਾਤ ਵੇਲੇ ਰੇਤ ਉਤੇ ਪਲਸੇਟੇ ਮਾਰ ਕੇ ਖਾਧੇ ਆਦਮੀ ਨੂੰ ਹਜ਼ਮ ਕਰਦਾ ਹੈ। ਦੰਦ-ਕਥਾਵਾਂ ਅਨੁਸਾਰ ਕਈ ਆਦਮੀਆਂ ਜਿਨ੍ਹਾਂ ਨੂੰ ਘੜਿਆਲ ਅੰਦਰ ਨਿਘਾਰ ਗਿਆ ਸੀ, ਨੇ ਦਲੇਰੀ ਤੋਂ ਕੰਮ ਲੈਂਦਿਆਂ ਅਜਿਹੇ ਮੌਕੇ ਉਤੇ ਚਾਕੂ ਜਾਂ ਕਿਸੇ ਹੋਰ ਚੀਜ਼ ਨਾਲ ਅੰਦਰੋਂ ਹੀ ਘੜਿਆਲ ਦਾ ਪੇਟ, ਜੋ ਬੜਾ ਨਰਮ ਹੁੰਦਾ ਹੈ, ਪਾੜ ਦਿਤਾ। ਫਲਸਰੂਪ ਘੜਿਆਲ ਦੀ ਮੌਤ ਹੋ ਗਈ, ਅਤੇ ਸ਼ਿਕਾਰ ਹੋਇਆ ਆਦਮੀ ਜੀਉਂਦਾ ਬਾਹਰ ਨਿਕਲ ਆਇਆ। ਕਹਿੰਦੇ ਹਨ ਜਦੋਂ ਵੀ ਕਿਸੇ ਘੜਿਆਲ ਨੂੰ ਫੜ ਕੇ ਉਸ ਦਾ ਪੇਟ ਚੀਰਿਆ ਗਿਆ, ਉਸ ਵਿਚੋਂ ਸੋਨੇ ਚਾਂਦੀ ਦੇ ਜ਼ੇਵਰ ਤੇ ਕਈ ਹੋਰ ਵਸਤੂਆਂ ਨਿਕਲੀਆਂ, ਜੋ ਉਨ੍ਹਾਂ ਮਰਦ ਤੀਵੀਆਂ ਦੀਆਂ ਦਸੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਘੜਿਆਲ ਸਮੂਲਚਾ ਹੀ ਨਿਗਲ ਜਾਂਦਾ ਰਿਹਾ।

(ਘ-24) **ਘੜੋਲੀ ਭਰਨੀ :**

ਵਿਆਹ ਦੀ ਇਕ ਰੀਤ; ਵਿਆਹ ਤੋਂ ਇਕ ਦਿਨ ਪਹਿਲਾਂ ਵਰ ਤੇ ਕੰਨਿਆਂ ਨੂੰ, ਆਪੋ ਆਪਣੇ ਘਰ ਇਸ਼ਨਾਨ ਕਰਵਾਣ ਲਈ ਤੀਵੀਆਂ ਵਲੋਂ ਘੜੌਲੀ ਭਰੀ ਜਾਂਦੀ ਹੈ। ਘੜੌਲੀ ਨੂੰ ਵਰ ਜਾਂ ਕੰਨਿਆਂ ਦੀ ਭਰਜਾਈ ਸਿਰ ਉਤੇ ਚੁਕਦੀ ਹੈ। ਜੇ ਭਰਜਾਈ ਨਾ ਹੋਵੇ ਤਾਂ ਮਾਮੀ ਜਾਂ ਕੋਈ ਹੋਰ ਨੇੜੇ ਦੀ ਸਾਕ-ਸੰਬੰਧਣ। ਘੜੌਲੀ (ਛੋਟਾ ਘੜਾ) ਦੇ ਗਲੇਟ ਦਵਾਲੇ ਲਾਲ ਪੀਲੀਆਂ ਅੱਟੀਆਂ ਬੰਨ੍ਹ ਲਈਆਂ ਜਾਂਦੀਆਂ ਹਨ ਤੇ ਉੱਪਰ ਢੂਣੀ ਉਤੇ ਗੁੜ, ਖੰਪਾ ਤੇ ਟਿੱਕੀਆਂ ਰਖ ਕੇ, ਘੜੌਲੀ ਨੂੰ ਫੁੱਲਾਂ ਨਾਲ ਸ਼ਿੰਗਾਰ ਲਿਆ ਜਾਂਦਾ ਹੈ। ਜਿਸ ਤੀਵੀਂ ਨੇ ਘੜੌਲੀ ਸਿਰ ਉਤੇ ਚੁਕਣੀ ਹੁੰਦੀ ਹੈ, ਉਸ ਨੇ ਸ਼ਗਨ ਵਜੋਂ, ਲਾਲ ਰੰਗ ਦਾ, ਗੋਟਾ ਕਿਨਾਰੀ ਮੜ੍ਹਿਆ ਉਪਰ ਭੋਛਣ ਕੀਤਾ ਹੁੰਦਾ ਹੈ। ਤੀਵੀਆਂ ਢੋਲਕੀ ਨਾਲ ਗੀਤ ਗਾਂਦੀਆਂ ਹੋਈਆਂ ਕਿਸੇ ਖੂਹ ਜਾਂ ਟੋਭੇ ਉਤੇ ਜਾ ਕੇ, ਪਾਣੀ ਭਰਦੀਆਂ ਹਨ। ਜੇ ਪਿੰਡ ਦੇ ਗੁਰਦਵਾਰੇ ਜਾਂ ਮੰਦਰ ਵਿਚ ਕੋਈ ਖੂਹ ਹੋਵੇ ਤਾਂ ਉਥੋਂ ਹੀ ਪਾਣੀ ਭਰ ਲਿਆ ਜਾਂਦਾ ਹੈ। ਘੜੌਲੀ ਵਿਚ ਪਾਣੀ ਭਰ ਕੇ ਤੇ ਢੂਣੀ ਵਾਲਾ ਪ੍ਰਸ਼ਾਦਿ ਜਲ-ਦੇਵਤੇ ਨੂੰ ਭੋਗ ਲਵਾ ਕੇ, ਵੰਡ ਦਿਤਾ ਜਾਂਦਾ ਹੈ। ਜਦੋਂ ਤੀਵੀਆਂ ਘੜੌਲੀ ਭਰ ਕੇ ਘਰ ਆਉਂਦੀਆਂ ਹਨ ਤਾਂ ਵਰ ਜਾਂ ਕੰਨਿਆਂ ਦੀ ਮਾਂ ਘੜੌਲੀ ਚੁੱਕਣ ਵਾਲੀ ਤੀਵੀਂ ਨੂੰ, ਸ਼ਗਨ ਵਜੋਂ ਕੁਝ ਰੁਪਏ ਦੇਂਦੀ ਹੈ। ਇਸੇ ਘੜੌਲੀ ਦੇ ਪਾਣੀ ਨੂੰ ਦੂਜੇ ਪਾਣੀ

ਵਿਚ ਰਲਾ ਕੇ ਵਰ/ਕੰਨਿਆਂ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ ।

ਘੜੋਲੀ ਭਰਨ ਵੇਲੇ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ 'ਘੜੋਲੀ ਦੇ ਗੀਤ' ਕਿਹਾ ਜਾਂਦਾ ਹੈ ।

ਵਿਆਹ ਦੇ ਦਿਨੀਂ ਘੜੋਲੀ ਭਰਨ ਵੇਲੇ ਗਾਏ ਜਾਣ ਵਾਲੇ ਗੀਤ ਜੋ ਢੋਲਕੀ ਨਾਲ ਗਾਏ ਜਾਂਦੇ ਹਨ । ਇਨ੍ਹਾਂ ਵਿਚ ਭੈਣਾਂ ਤੇ ਭਰਜਾਈਆਂ ਦੀਆਂ ਭਾਵਨਾਵਾਂ ਬੋਲਦੀਆਂ ਹਨ ।

ਘੜੋਲੀ ਭਰਨ ਲਈ ਜਾਣ ਵੇਲੇ :
ਦੇਵਰ ਰਾਜੇ ਦਾ ਵਿਆਹ,
ਕਿ ਭਰਜਾਈਆਂ ਘੜੋਲੀ ਨੂੰ ਚਲੀਆਂ,
ਸ਼ਾਬਾ ! ਮੈਂ ਵਾਰੀ ਲਾਲ ਤੋਂ...
ਵੀਰ ਰਾਜੇ ਦਾ ਵਿਆਹ
ਭੈਣਾਂ ਘੜੋਲੀ ਨੂੰ ਚਲੀਆਂ
ਸ਼ਾਬਾ ! ਮੈਂ ਵਾਰੀ ਲਾਲ ਤੋਂ ..
ਇਸ ਘੜੋਲੀ ਨੂੰ ਬੰਨ੍ਹੀਆਂ ਅੱਟੀਆਂ,
ਲਾੜ੍ਹੇ ਦੀਆਂ ਦੂਰ ਬਲੱਟੀਆਂ
ਨਜ਼ਰ ਨਾ ਲਗੇ ਟਪਾਰ ਨੀ,
ਸ਼ਾਬਾ ! ਮੈਂ ਵਾਰੀ ਲਾਲ ਤੋਂ...
ਘੜੋਲੀ ਵਿਚ ਮੈਂ ਧਰੇ ਪਤਾਸੇ,
ਲਾਲ ਮੇਰੇ ਦੇ ਮਿਠੇ ਹਾਸੇ,
ਵੰਡਦਾ ਫਿਰੇ ਘਰ ਬਾਰ ਨੀ,
ਸ਼ਾਬਾ ! ਮੈਂ ਵਾਰੀ ਲਾਲ ਤੋਂ...

ਘੜੋਲੀ ਭਰ ਕੇ ਵਾਪਿਸ ਆਉਂਦਿਆਂ ਇਹ ਟੱਪਾ ਛੋਹਿਆ ਜਾਂਦਾ ਹੈ :

ਵਾਹ ਵਾਹ ਘੜੋਲੀ ਭਰ ਆਈ ਆਂ,
ਵਾਹ ਵਾਹ ਘੜੋਲੀ ਭਰ ਆਈ ਆਂ
ਮੈਂ ਸ਼ਗਨ ਲਾਲ ਦੇ ਕਰ ਆਈ ਆਂ
ਮੈਂ ਸ਼ਗਨ ਵੀਰ ਦੇ ਕਰ ਆਈ ਆਂ ।

ਘੜੋਲੀ ਦੇ ਗੀਤਾਂ ਵਿਚ ਵਰ/ਕੰਨਿਆਂ ਲਈ ਅਸੀਸਾਂ ਹੁੰਦੀਆਂ ਹਨ ।

### (ਘ-25) **ਘਾਹ** :

ਘਾਹਾਂ ਵਿਚੋਂ ਕੁੱਸਾ ਘਾਹ ਨੂੰ ਸਭ ਤੋਂ ਵਧ ਪਵਿਤ੍ਰ ਮੰਨਿਆ ਜਾਂਦਾ ਹੈ । ਸੰਸਕਾਰਾਂ ਤੇ ਕਈ ਰੀਤਾਂ ਸਮੇਂ ਜਲ ਦੇ ਨਾਲ ਕੁੱਸਾ ਨੂੰ ਵੀ ਸ਼ਗਨ ਵਜੋਂ ਰਖਦੇ ਹਨ (ਵੇਖੋ : ਕੁੱਸਾ) ।

ਘਾਹ ਨਿਮ੍ਰਤਾ ਤੇ ਆਜਜ਼ੀ ਦਾ ਵੀ ਬੋਧਿਕ ਹੈ । ਮੱਧ-ਕਾਲ ਵਿਚ ਹਿੰਦੂ, ਮੁਸਲਮਾਨ ਹਾਕਮਾਂ ਅਗੇ ਆਪਣੀ ਦੀਨਤਾ ਤੇ ਤਾਬੇਦਾਰੀ ਨੂੰ ਪ੍ਰਗਟ ਕਰਨ ਲਈ, ਮੂੰਹ ਵਿਚ ਘਾਹ ਲੈ ਕੇ ਅਤੇ ਦੋਹਾਂ ਹੱਥਾਂ ਨੂੰ ਜ਼ਿਮੀਂ ਉਤੇ ਟੇਕ ਕੇ, ਗਊ ਦੇ ਰੂਪ ਵਿਚ, ਬੇਨਤੀ ਕੀਤਾ ਕਰਦੇ ਸਨ । ਇਸੇ ਤੋਂ 'ਘਾਹ ਮੂੰਹ ਵਿਚ ਲੈਣਾ' ਮੁਹਾਵਰਾ ਬਣ ਗਿਆ, ਜਿਸ ਦਾ ਭਾਵ ਤਾਅਬੇਦਾਰੀ ਨੂੰ ਪ੍ਰਗਟ ਕਰਨਾ ਹੈ ।

ਮੂੰਹ ਵਿਚ ਘਾਹ ਲੈਣ ਅਤੇ ਪਸ਼ੂ ਵਾਂਗ ਦੋਵੇਂ ਹੱਥ ਜ਼ਿਮੀਂ ਉਤੇ ਟੇਕ ਦੇਣ ਦੁਆਰਾ ਇਹ ਪ੍ਰਗਟ ਕਰਨਾ ਕਿ ਗਊ ਵਾਂਗ ਸਦਾ ਤਾਅਬੇਦਾਰ ਰਿਹਾ ਜਾਵੇਗਾ ।

### (ਘ-26) **ਘਾਟ** :

ਪੱਤਣ, ਨਦੀ ਦੇ ਕੰਢੇ ਉਹ ਥਾਂ ਜਿਥੇ ਲੋਕ ਇਸ਼ਨਾਨ ਕਰਦੇ ਜਾਂ ਧੋਬੀ ਕਪੜੇ ਧੋਂਦੇ ਹਨ, ਜਾਂ ਉਹ ਥਾਂ ਜਿਥੇ ਬੇੜੀਆਂ ਖੜੀਆਂ ਹੁੰਦੀਆਂ ਹਨ । ਕਈ ਪਵਿਤ੍ਰ ਘਾਟਾਂ ਉਤੇ ਇਸ਼ਨਾਨ ਲਈ ਉਚੇਚੀਆਂ ਪੌੜੀਆਂ ਬਣੀਆਂ ਹੁੰਦੀਆਂ ਹਨ ।

ਮੱਧਕਾਲ ਵਿਚ ਘਾਟ ਜਾਂ ਪੱਤਣ ਦੀ ਬੜੀ ਮਹੱਤਾ ਹੁੰਦੀ ਸੀ । ਬਹੁਤੇ ਮੇਲੇ ਘਾਟਾਂ ਦੇ ਨੇੜੇ ਹੀ ਲਗਦੇ ਸਨ । ਘਾਟਾਂ ਉਤੇ ਭਿੰਨ-ਭਿੰਨ ਦਿਸ਼ਾਵਾਂ ਤੋਂ ਲੋਕਾਂ ਦੀ ਆਵਾਜਾਈ ਰਹਿਣ ਕਰਕੇ, ਇਲਾਕੇ ਤੇ ਦੇਸ਼ ਦੀਆਂ ਸਾਰੀਆਂ ਖ਼ਬਰਾਂ ਇਥੋਂ ਹੀ ਅਗੇ ਫੈਲਦੀਆਂ ਸਨ ।

ਲੋਕ-ਗੀਤਾਂ ਵਿਚ ਘਾਟ ਜਾਂ ਪੱਤਣ ਦਾ ਜ਼ਿਕਰ ਆਮ ਏ । ਲੋਕ-ਗੀਤਾਂ ਵਿਚ ਤਾਂ ਪੱਤਣ ਪ੍ਰੀਤਮ ਨੂੰ ਮਿਲਣ ਦੀ ਅਭਿਲਾਸ਼ਾ ਦਾ ਪ੍ਰਤੀਕ ਬਣ ਗਿਆ ਹੈ । ਕਦੇ ਪੱਤਣਾਂ ਉਤੇ ਹੀ ਅਨੇਕਾਂ ਪਿਆਰ ਜਨਮ ਲੈਂਦੇ, ਪੱਕਦੇ ਦੇ ਪੁੱਗਦੇ ਸਨ । ਕਿਉਂ ਜੋ ਮੁਟਿਆਰਾਂ ਪੱਤਣਾਂ ਉਤੇ ਪਾਣੀ ਭਰਨ ਲਈ ਨਿਤ ਜਾਂਦੀਆਂ ਤੇ ਛਬੀਲੇ ਤੇ ਮਨਚਲੇ ਗਭਰੂ ਆਪਣੀਆਂ ਪ੍ਰੇਮਕਾਵਾਂ ਨੂੰ ਮਿਲਣ ਦੇ ਰਾਹ ਕਢ ਲੈਂਦੇ । ਲੋਕ-ਗੀਤਾਂ ਵਿਚ ਪੱਤਣ ਦਾ ਵਰਨਣ ਬਹੁ-ਪੱਖਾ ਮਿਲਦਾ ਹੈ ।

ਲੋਕ-ਕਥਾਵਾਂ ਵਿਚ ਵੀ ਘਾਟ ਜਾਂ ਪੱਤਣ ਦਾ ਜ਼ਿਕਰ ਆਮ ਹੈ । ਨਾਇਕ ਜਾਂ ਨਾਇਕਾ ਨੂੰ ਨਵੀਆਂ ਖ਼ਬਰਾਂ ਘਾਟ ਉਤੇ ਹੀ ਸੁਣਨ ਨੂੰ ਮਿਲਦੀਆਂ ਸਨ । ਸੂਹੀਏ ਵੀ ਕਿਸੇ ਭੇਤ ਨੂੰ ਲੱਭਣ ਲਈ ਘਾਟਾਂ ਉਤੇ ਘੁੰਮਦੇ ਫਿਰਦੇ । ਸੱਸੀ, ਪੁੰਨੂੰ ਦੀ ਤਸਵੀਰ ਉਤੇ ਮੋਹਿਤ ਹੋ ਜਾਣ ਪਿਛੋਂ, ਉਸਦਾ ਪਤਾ ਲਗਾਣ ਲਈ, ਆਪਣੇ ਸੂਹੀਏ ਘਾਟ ਉਤੇ ਹੀ ਭੇਜਿਆ ਕਰਦੀ ਸੀ (ਵੇਖੋ : ਪੱਤਣ) ।

### (ਘ-27) **ਘਾਟੀ ਚੰਦਰਮਾ** :

ਜਦੋਂ ਚੰਦਰਮਾ ਛੇਵੀਂ ਜਾਂ ਅਠਵੀਂ ਅਥਵਾ ਕੰਨਿਆ ਜਾਂ ਵ੍ਰਿਸ਼ਚਕ ਰਾਸ਼ੀ ਵਿਚ ਹੋਵੇ, ਇਨ੍ਹਾਂ ਤਿਥਾਂ ਨੂੰ 'ਘਾਟੀ ਚੰਦਰਮਾ' ਕਿਹਾ ਜਾਂਦਾ ਹੈ । ਇਨ੍ਹਾਂ ਦਿਨਾਂ ਵਿਚ ਜੰਮਿਆ ਬੱਚਾ ਅਭਾਗਾ ਮੰਨਿਆ ਜਾਂਦਾ ਹੈ ਤੇ ਉਸ ਦੀ ਅਸ਼ੁਭਤਾ

ਦੂਰ ਕਰਨ ਲਈ ਇਕ ਰੀਤ ਇਸ ਪ੍ਰਕਾਰ ਕੀਤੀ ਜਾਂਦੀ ਹੈ--ਜੰਮਣ ਮਗਰੋਂ ਸਤਾਈਵੇਂ ਦਿਨ, ਕਾਨਿਆਂ ਦੇ ਇਕ ਛੱਜ ਵਿਚ ਸੰਲਾਂ ਸੇਰ ਚਾਵਲ, ਥੋੜਾ ਜਿਹਾ ਮੁਸ਼ਕ ਕਾਫੂਰ, ਇਕ ਮਟਕਾ, ਚਾਂਦੀ ਦੇ ਕੁਝ ਸਿੱਕੇ, ਇਕ ਚਿੱਟਾ ਕਪੜਾ ਰਖ ਕੇ, ਬੱਚੇ ਦੇ ਸਿਰ ਤੋਂ ਵਾਰ ਕੇ ਦਾਨ ਦਿਤਾ ਜਾਂਦਾ ਹੈ। ਇਸਦੇ ਨਾਲ ਹੀ ਦੁੱਧ-ਘਿਉ ਦੇ ਦੋ ਭਰੇ ਭਾਂਡੇ ਵੀ ਦਾਨ ਕੀਤੇ ਜਾਂਦੇ ਹਨ। ਧਨੀ ਲੋਕ ਦੁੱਧ-ਘਿਉ ਦੀ ਥਾਹੀਂ ਗਊਆਂ ਦੀ ਜੋੜੀ ਦਾਨ ਕਰਦੇ ਹਨ। ਨਾਲ ਹੀ ਦੇਵ ਪੂਜਾ ਵੀ ਕੀਤੀ ਜਾਂਦੀ ਹੈ।

(ਘ-28) **ਘਾਟੇ ਦੇ ਦਿਨ :**

ਜਦੋਂ ਚੰਨ ਹਨੇਰੇ ਪੱਖ ਵਿਚ ਹੋਵੇ ਅਤੇ ਹਰ ਅਗਲੀ ਤਿੱਥ ਨੂੰ ਘਟਦਾ ਜਾਵੇ। ਇਹ ਤਿੱਥਾਂ ਅਸ਼ੁਭ ਮੰਨੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਤਿੱਥਾਂ ਵਿਚ, ਵਾਧੇ ਲਈ ਕੀਤਾ ਜਾ ਰਿਹਾ ਕੋਈ ਕੰਮ, ਸ਼ੁਰੂ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਦੇਸੀ ਮਹੀਨੇ ਦੇ ਅਖ਼ੀਰਲੇ ਦਿਨ ਨੂੰ, ਘਾਟੇ ਦਾ ਦਿਨ ਕਿਹਾ ਜਾਂਦਾ ਹੈ। ਇਹ ਵਿਚਾਰ ਜਾਦੂ ਚਿੰਤਨ ਉਤੇ ਆਧਾਰਤ ਹੈ।

(ਘ-29) **ਘਿਉ :**

ਹਿੰਦੂਆਂ ਦੇ ਧਰਮ ਬੋਧ ਅਨੁਸਾਰ ਘਿਉ ਪਵਿਤ੍ਰ ਵਸਤੂ ਹੈ। ਸੰਸਕਾਰਾਂ ਦੇ ਵੇਲੇ ਵਾਯੂ ਨੂੰ ਸੁਧ ਤੇ ਪਵਿਤ੍ਰ ਬਨਾਉਣ ਲਈ ਜੋ ਹਵਨ ਕੀਤਾ ਜਾਂਦਾ ਹੈ, ਉਸ ਵਿਚ ਹੋਰ ਸਾਮਗਰੀ ਦੇ ਨਾਲ ਨਾਲ, ਘਿਉ ਨੂੰ ਵੀ ਜਲਾਇਆ ਜਾਂਦਾ ਹੈ। ਹਿੰਦੂ ਨਿਸ਼ਚੇ ਅਨੁਸਾਰ, ਘਿਉ ਦੇ ਜਲਣ ਨਾਲ ਚੰਦਰੀਆਂ ਰੂਹਾਂ ਨਸਦੀਆਂ ਤੇ ਦੇਵਤੇ ਪ੍ਰਸੰਨ ਹੁੰਦੇ ਹਨ। ਪਹਿਲਿਆਂ ਵਿਚ, ਦੀਵਾਲੀ ਦੀ ਰਾਤ ਨੂੰ, ਮੁਖ ਦਵਾਰ ਅੱਗੇ ਘਿਉ ਦੇ ਦੀਵੇ ਬਾਲੇ ਜਾਂਦੇ ਸਨ, ਪਰ ਹੁਣ ਪ੍ਰਥਾ ਨਹੀਂ ਰਹੀ। ਹਾਂ, ਧਾਰਮਿਕ ਅਸਥਾਨ ਉਤੇ ਜੋ ਜੋਤ ਜਲਾਈ ਜਾਂਦੀ ਹੈ ਉਸ ਵਿਚ ਤੇਲ ਦੀ ਥਾਂ ਘਿਉ ਬਾਲਿਆ ਜਾਂਦਾ ਹੈ।

ਸਿੱਖਾਂ ਵਿਚ ਘਿਉ ਨੂੰ ਪਵਿਤ੍ਰ ਮੰਨਿਆ ਜਾਂਦਾ ਹੈ। ਕੜਾਹ ਪ੍ਰਸ਼ਾਦਿ ਵਿਚ ਤੀਜਾ ਹਿੱਸਾ ਘਿਉ ਪਾਇਆ ਜਾਂਦਾ ਹੈ। ਗੁਰਦਵਾਰਿਆਂ ਵਿਚ ਜੋ ਜੋਤ ਜਲਾਈ ਜਾਂਦੀ ਹੈ, ਉਸ ਵਿਚ ਤੇਲ ਦੀ ਥਾਂ ਘਿਉ ਵਰਤਿਆ ਜਾਂਦਾ ਹੈ। ਸਿੱਖ ਘਿਉ ਨੂੰ 'ਪੰਜਵਾਂ' (ਪੰਜਵਾਂ ਪਾਇਆ ਘਿਰਹ) ਵੀ ਕਹਿੰਦੇ ਹਨ।

ਗਊ ਦਾ ਘਿਉ ਸਭ ਤੋਂ ਵਧ ਪਵਿਤ੍ਰ ਮੰਨਿਆ ਗਿਆ ਹੈ।

(ਘ-30) **ਘਿਉਰ :**

ਇਕ ਮਠਿਆਈ, ਜੋ ਘਿਉ ਵਿਚ ਮੈਦਾ ਤੇ ਖੰਡ ਮਿਲਾ ਕੇ ਬਣਾਈ ਜਾਂਦੀ ਹੈ। ਇਸ ਵਿਚ ਘਿਉ ਕਾਫ਼ੀ ਮਾਤ੍ਰਾ ਵਿਚ ਪੈਂਦਾ ਹੈ। ਇਹ ਮਠਿਆਈ ਸ਼ੁਭ ਮੰਨੀ ਗਈ ਹੈ।

(ਘ-31) **ਘਿਰਥ :**

ਪੰਜਾਬ ਦੇ ਪਹਾੜੀ ਇਲਾਕੇ ਦੀ ਇਕ ਜਾਤੀ, ਜੋ ਵਾਹੀ ਖੇਤੀ ਦਾ ਕੰਮ ਕਰਦੀ ਹੈ, ਇਨ੍ਹਾਂ ਨੂੰ 'ਗਿਰਥ' ਵੀ ਕਿਹਾ ਜਾਂਦਾ ਹੈ (ਵੇਖੋ : ਗਿਰਥ)।

(ਘ-32) **ਘੁਆਂਗੜੇ :**

ਬੱਚਿਆਂ ਦੀ ਇਕ ਖੇਡ; ਬੱਚੇ ਦੋ ਟੋਲੀਆਂ ਬਣਾ ਕੇ, ਦੋ ਭਿੰਨ ਭਿੰਨ ਦਿਸ਼ਾਵਾਂ ਵਿਚ, ਮਿਥੇ ਗਏ ਖੇਤਰ ਅੰਦਰ ਕੰਧਾਂ, ਕੋਠੇ, ਇੱਟਾਂ, ਦਰਖ਼ਤਾਂ ਆਦਿ ਉਤੇ ਕੋਲੇ ਨਾਲ ਨਿੱਕੀਆਂ ਨਿੱਕੀਆਂ ਲਕੀਰਾਂ ਅੰਕਦੇ ਹਨ। ਕੁਝ ਸਮਾਂ ਬੀਤਣ ਮਗਰੋਂ ਇਕ ਧਿਰ 'ਬਿਲੀ ਬਿਲੀ ਘੁਆਂਗੜੇ, ਹੁਣ ਦੇ ਕੱਢੇ ਬਿਦਣੇ ਨਹੀਂ', ਕਹਿੰਦੀ ਹੈ ਜਿਸ ਨੂੰ ਸੁਣਦੇ ਸਾਰ ਸਭ ਖਿਡਾਰੀ ਲਕੀਰਾਂ ਅੰਕਣੀਆਂ ਬੰਦ ਕਰ ਦੇਂਦੇ ਹਨ। ਫਿਰ ਦੋਵੇਂ ਧਿਰਾਂ ਵਾਰੋ ਵਾਰੀ ਇਕ ਦੂਜੀ ਧਿਰ ਦੀਆਂ ਲਕੀਰਾਂ ਲੱਭ ਕੇ ਕਾਟੇ ਫੇਰੀ ਜਾਂਦੀ ਹੈ। ਅਖ਼ੀਰ ਦੋਹਾਂ ਧਿਰਾਂ ਦੀਆਂ ਜੋ ਲਕੀਰਾਂ, ਦ੍ਰਿਸ਼ਟੀਗੋਚਰ ਹੋਣ ਤੋਂ ਬਚ ਜਾਂਦੀਆਂ ਹਨ, ਉਨ੍ਹਾਂ ਨੂੰ ਗਿਣ ਲਿਆ ਜਾਂਦਾ ਹੈ। ਜਿਸ ਧਿਰ ਦੀਆਂ ਲਕੀਰਾਂ ਦੀ ਗਿਣਤੀ ਵਧੀਕ ਹੁੰਦੀ ਹੈ, ਉਹ ਜੇਤੂ ਹੁੰਦੀ ਹੈ।

ਪੋਠੋਹਾਰ ਵਿਚ ਇਸ ਖੇਡ ਨੂੰ 'ਚੀਚ ਘਚੋਲੇ' ਵੀ ਕਿਹਾ ਜਾਂਦਾ ਹੈ। ਜਦੋਂ ਇਕ ਧਿਰ "ਚੀਚੋ ਚੀਚ ਗਨੇਰੀਆਂ ਦੋ ਤੇਰੀਆਂ ਦੋ ਮੇਰੀਆਂ" ਕਹਿੰਦੀ ਹੈ ਤਾਂ ਦੋਵੇਂ ਧਿਰਾਂ ਲਕੀਰਾਂ ਅੰਕਣੀਆਂ ਬੰਦ ਕਰ ਕੇ ਦੂਜੇ ਧਿਰ ਦੀਆਂ ਲਕੀਰਾਂ ਲੱਭ ਕੇ ਕਟਣੀਆਂ ਸ਼ੁਰੂ ਕਰ ਦਿੰਦੀਆਂ ਹਨ।

(ਘ-33) **ਘੁੰਗਟ ਬਾਗ਼ :**

ਇਕ ਤਰ੍ਹਾਂ ਦਾ ਫੁਲਕਾਰੀ ਬਾਗ਼, ਪੋਠੋਹਾਰ ਦੇ ਇਲਾਕੇ ਵਿਚ ਬੜਾ ਪ੍ਰਸਿਧ ਹੈ। ਰਾਵਲਪਿੰਡੀ ਦੇ ਇਲਾਕੇ ਵਿਚ, ਇਸ ਬਾਗ਼ ਨੂੰ ਨਵੀਂ ਵਿਆਹੀ ਦੁਲ੍ਹਨ ਓੜ੍ਹਦੀ ਹੈ। ਇਸ ਬਾਗ਼ ਦੇ ਚਾਰੇ ਪਾਸੇ ਗੋਟੇ ਦਾ ਲੱਪਾ ਲੱਗਾ ਹੁੰਦਾ ਹੈ। ਬਾਗ਼ ਦਾ ਉਹ ਹਿੱਸਾ, ਜੋ ਸਿਰ ਉਤੇ ਲਿਆ ਜਾਂਦਾ ਹੈ, ਉਥੇ ਬੜੀ ਸੁੰਦਰ ਪੀਲੇ ਰੇਸ਼ਮੀ ਧਾਗਿਆਂ ਨਾਲ ਕਢਾਈ

ਕੀਤੀ ਹੁੰਦੀ ਹੈ। ਪੁਸਤਕ 'ਪੰਜਾਬ' ਅਨੁਸਾਰ ਬਾਗ਼ ਦੇ ਸਿਰ ਉਤਲੇ ਹਿੱਸੇ ਉਤੇ ਤਿਕੋਨੀ ਸ਼ਕਲ ਵਿਚ ਕਢਾਈ ਕੀਤੀ ਹੁੰਦੀ ਹੈ। ਤਿਕੋਨੇ ਦਾ ਆਧਾਰ ਮੱਥੇ ਦੀ ਪੂਰੀ ਗੋਲਾਈ ਉਤੇ ਤੇ ਸਿਖਰ ਗਰਦਨ ਦੇ ਪਿਛਲੇ ਹਿੱਸੇ ਉਤੇ ਪੈਂਦਾ ਹੈ। 'ਘੁੰਗਟ ਬਾਗ਼ਾਂ' ਵਿਚ ਆਮ ਤੌਰ ਉਤੇ ਦੋ ਵਡੇ ਤਿਕੋਨੇ ਬੂਟੇ ਕਢੇ ਹੁੰਦੇ ਹਨ ਅਤੇ ਸਜਾਵਟ ਵਜੋਂ ਰਿਬਨ ਵਾਂਗ ਗੋਟਾ ਲਾਇਆ ਜਾਂਦਾ ਹੈ।

(ਘ-34) **ਘੁੰਗਣੀਆਂ** :

ਪਾਣੀ ਵਿਚ ਉਬਾਲੇ ਹੋਏ ਅੰਨ ਦੇ ਦਾਣੇ; ਇਨ੍ਹਾਂ ਨੂੰ ਮਲਵਈ ਵਿਚ 'ਬਕਲੀਆਂ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਸ਼ਕਰ ਜਾਂ ਚੀਨੀ ਮਿਲਾ ਕੇ ਖਾਧਾ ਜਾਂਦਾ ਹੈ। ਵਿਆਹ ਸ਼ਾਦੀ ਅਤੇ ਕਈ ਮੰਗਲ ਕਾਰਜਾਂ ਵੇਲੇ ਘੁੰਗਣੀਆਂ ਨੂੰ ਪ੍ਰਸ਼ਾਦਿ ਦੇ ਤੌਰ ਉਤੇ ਵੰਡਿਆ ਜਾਂਦਾ ਹੈ। ਘੁੰਗਣੀਆਂ ਸ਼ੁਭ ਹਨ ਕਿਉਂ ਜੋ ਇਹ ਅੰਨ ਨੂੰ ਉਬਾਲ ਕੇ ਬਣਦੀਆਂ ਹਨ ਤੇ ਅੰਨ ਨੂੰ ਕਿਰਸਾਨੀ ਖੇਤਰ ਵਿਚ ਦਿਉਤਾ ਮੰਨਿਆ ਜਾਂਦਾ ਹੈ।

(ਘ-35) **ਘੁੰਗਰਾਲ** :

ਤੀਵੀਆਂ ਦੇ ਪਹਿਨਣ ਦਾ ਉਹ ਗਹਿਣਾ, ਜਿਸ ਵਿਚ ਨਿੱਕੇ ਨਿੱਕੇ ਘੁੰਗਰੂ ਲਗੇ ਹੋਣ। ਗਹਿਣਿਆਂ ਨਾਲ ਜੋ ਛੋਟੇ ਘੁੰਗਰੂ ਲਗਾਏ ਜਾਂਦੇ ਹਨ, ਉਨ੍ਹਾਂ ਨੂੰ ਘੁੰਗਰੀ ਕਹਿੰਦੇ ਹਨ।

(ਘ-36) **ਘੁੰਗਰੂ** :

ਨ੍ਰਿਤ ਸਮੇਂ ਲੈਅ ਤੇ ਤਾਲ ਪੈਦਾ ਕਰਨ ਲਈ, ਨਾਚੀਆਂ ਆਪਣੇ ਗਿੱਟਿਆਂ ਨਾਲ ਘੁੰਗਰੂ ਬੰਨ੍ਹ ਕੇ ਨਚਦੀਆਂ ਹਨ। ਘੁੰਗਰੂਆਂ ਦੇ ਛਣਕਣ ਨਾਲ ਉਨ੍ਹਾਂ ਵਿਚੋਂ ਮਧੁਰ ਧੁਨੀ ਨਿਕਲਦੀ ਹੈ, ਜਿਸ ਨਾਲ ਨ੍ਰਿਤ ਦੇ ਰਸ ਵਿਚ ਵਾਧਾ ਹੋ ਜਾਂਦਾ ਹੈ।

ਘੁੰਗਰੂਆਂ ਦੀ ਗਾਨੀ ਬਣਾ ਕੇ ਪਸ਼ੂਆਂ ਦੇ ਗਲ ਵਿਚ ਬੰਨ੍ਹਣ ਦਾ ਰਵਾਜ ਹੈ। ਅਜਿਹੀ ਗਾਨੀ ਨੂੰ ਘੁੰਗਰਾਲ ਕਹਿੰਦੇ ਹਨ, ਜਦੋਂ ਪਸ਼ੂ ਤੁਰਦਾ ਹੈ ਤਾਂ ਘੁੰਗਰਾਲ ਵਿਚੋਂ ਨਿਕਲੀ ਮਧੁਰ ਧੁਨੀ ਦੀ ਲੈਅ ਮਨ ਨੂੰ ਟੁੰਬਦੀ ਹੈ। ਇਹ ਨਿਰੋਲ ਸਜਾਵਟ ਦੀ ਵਸਤੂ ਨਹੀਂ। ਧਾਰਨਾ ਹੈ ਕਿ ਪਸ਼ੂਆਂ ਦੇ ਗਲ ਵਿਚ ਘੁੰਗਰੂਆਂ ਤੇ ਸਿੱਪਾਂ-ਕੌਡਾਂ ਦੀ ਗਾਨੀ ਹੋਵੇ ਤਾਂ ਚੰਦਰੀਆਂ ਰੂਹਾਂ ਉਸ ਤੋਂ ਦੂਰ ਰਹਿੰਦੀਆਂ ਹਨ।

(ਘ-37) **ਘੁੰਗਰੂ ਬੋਲਣਾ** :

ਲੋਕ-ਧਾਰਨਾ ਹੈ ਕਿ ਜਦੋਂ ਕਿਸੇ ਪ੍ਰਾਣੀ ਦਾ ਅੰਤ ਸਮਾਂ ਨੇੜੇ ਆਉਂਦਾ ਹੈ ਤਾਂ ਉਸਦੇ ਗਲੇ ਵਿਚ ਘੁੰਗਰੂ ਬੋਲਦੇ ਹਨ। ਇਹ ਘੁੰਗਰੂ, ਪ੍ਰਾਣੀ ਦੀ ਜਿੰਦ ਲੈਣ ਆਏ ਜਮਦੂਤ, ਪ੍ਰਾਣੀ ਦੇ ਗਲੇ ਵਿਚ ਬੈਠ ਕੇ ਵਜਾਂਦੇ ਹਨ। ਦਰਅਸਲ ਮਰਨ ਵੇਲੇ ਪ੍ਰਾਣੀ ਔਖੇ ਸਾਹ ਲੈਂਦਾ ਹੈ, ਜੋ ਗਲੇ ਦੀ ਘੁੰਡੀ ਵਿਚੋਂ ਰਗੜ ਖਾ ਕੇ 'ਘਰਰ-ਘਰਰ' ਦੀ ਧੁਨੀ ਕਢਦੇ ਹਨ।

(ਘ-38) **ਘੁੱਗੀ** :

ਘੁੱਗੀ ਬਾਰੇ ਇਕ ਮੁੱਢੀ ਲੋਕਾਂ ਵਿਚ ਇਉਂ ਪ੍ਰਚਲਤ ਹੈ। ਇਕ ਨਵੀਂ ਵਿਆਹੀ ਵਹੁਟੀ ਨੂੰ ਉਸਦੀ ਸੱਸ ਬੜੇ ਤਸੀਹੇ ਦਿਤਾ ਕਰਦੀ ਸੀ ਅਤੇ ਉਸਨੂੰ ਪਤੀ ਤੋਂ ਸਦਾ ਦੂਰ ਰਖਦੀ। ਨੂੰਹ ਸਦਾ ਵਿਆਕੁਲ ਤੇ ਸੰਵੇਦਨਾ ਦੀ ਮੂਰਤੀ ਬਣੀ ਰਹਿੰਦੀ। ਘਰ ਦਾ ਕੰਮ ਕਾਜ ਕਰਦਿਆਂ ਉਹ ਦਰਦ ਭਰੇ ਗੀਤ ਛੂਹੀ ਰਖਦੀ। ਇਕ ਦਿਨ ਸੱਸ ਕਿਧਰੇ ਵਾਂਡੇ ਗਈ ਹੋਈ ਸੀ। ਪਿਛੋਂ ਵਹੁਟੀ ਦਾ ਪਤੀ, ਕਿਸੇ ਬਹਾਨੇ ਹੱਟੀ ਤੋਂ ਉਠ ਕੇ ਘਰ ਗਿਆ ਤੇ ਦੋਵੇਂ ਇਕ ਦੂਜੇ ਦਾ ਦੁੱਖ ਸੁੱਖ ਸੁਣ ਕੇ ਰੋਣ ਲਗੇ। ਉਪਰੋਂ ਸੱਸ ਆ ਗਈ ਤੇ ਉਹ ਚੁਲ੍ਹੇ ਵਿਚੋਂ ਚੁਆਤੀ ਚੁਕ ਕੇ ਲੱਗੀ ਦੋਹਾਂ ਨੂੰ ਮਾਰਨ। ਪਤੀ ਤਾਂ ਦਾਅ ਬਚਾ ਕੇ ਬਾਹਰ ਨਿਕਲ ਗਿਆ ਪਰ ਵਹੁਟੀ ਕਾਬੂ ਆ ਗਈ। ਵਹੁਟੀ ਨੇ ਰੱਬ ਅਗੇ ਤਰਲਾ ਕੀਤਾ ਕਿ ਉਹ ਇਸ ਦੁਖਦਾਈ ਜੀਵਨ ਨਾਲੋਂ ਉਸਦੀ ਜਿੰਦ ਕੱਢ ਲਏ। ਕਹਿੰਦੇ ਹਨ ਜਦੋਂ ਸੱਸ ਚੁਆਤੀ ਨਾਲ ਨੂੰਹ ਨੂੰ ਝੰਮਣ ਲੱਗੀ ਤਾਂ ਵਹੁਟੀ ਘੁੱਗੀ ਬਣ ਕੇ ਖਿੜਕੀ ਵਿਚੋਂ ਬਾਹਰ ਨਿਕਲ ਗਈ।

ਜਾਪਦਾ ਹੈ ਕਿ ਇਹ ਮਿਥਕ ਕਥਾ ਕਿਸੇ ਨੂੰਹ ਨੇ, ਸੱਸ ਦੇ ਜ਼ੁਲਮਾਂ ਨੂੰ ਸਮੂਰਤ ਕਰਨ ਲਈ ਰਚੀ।

ਘੁੱਗੀ ਪੰਜਾਬੀ ਲੋਕਧਾਰਾ ਵਿਚ ਬੇਲੋਸਗੀ ਦੀ ਬੋਧਿਕ ਰਹੀ ਹੈ, ਪਰ ਅੱਜ ਕਲ੍ਹ ਸਮਾਜਵਾਦੀ ਚਿੰਤਨ ਤੇ ਰੂਸੀ ਲੋਕਧਾਰਾ ਦੇ ਪ੍ਰਭਾਵ ਹੇਠ ਘੁੱਗੀ ਅਮਨ ਦਾ ਪ੍ਰਤੀਕ ਬਣ ਗਈ ਹੈ। ਕੁਝ ਨਵੇਂ ਪ੍ਰਚਲਤ ਲੋਕ ਗੀਤਾਂ ਵਿਚ ਘੁੱਗੀ ਦਾ ਨਵਾਂ ਸੰਕਲਪ ਮਿਲਦਾ ਹੈ।

(ਘ-39) **ਘੁਗੂ** :

ਉੱਲੂ, ਘੁਗੂ ਨੂੰ ਦਿਨੇਂ ਸੂਰਜ ਦੇ ਚਾਨਣ ਵਿਚ ਕੁਝ ਵਿਖਾਈ ਨਹੀਂ ਦੇਂਦਾ; ਸੋ ਇਹ ਸ਼ਬਦ ਗਿਆਨ ਦੀ ਰੋਸ਼ਨੀ ਦੇ ਹੁੰਦਿਆਂ, ਅਗਿਆਨਤਾ ਵਿਚ ਭਟਕਦੇ ਮਨੁੱਖ ਦਾ ਵਾਚਕ ਹੈ ਤੇ ਮੂਰਖ ਦੇ ਭਾਵ ਵਿਚ ਵਰਤਿਆ ਜਾਂਦਾ ਹੈ। ਅਖਾਣ ਹੈ :

ਘੁਗੂ ਦਿਨੇਂ ਨਾ ਵੇਖਦਾ,
ਸੂਰਜ ਦਾ ਕਿਆ ਦੋਸ਼।

**(ਘ-40) ਘੁਗੂ ਘਾਂਗੜੇ :**

ਬੱਚਿਆਂ ਦੀ ਇਕ ਖੇਡ; ਬੱਚੇ ਦੋ ਢਾਣੀਆਂ ਬਣਾ ਕੇ ਦੋ ਵਖੋ ਵਖਰੀਆਂ ਧਿਰਾਂ ਵਿਚ, ਓਹਲੇ ਹੋ ਕੇ ਕੰਧਾਂ, ਇੱਟਾਂ, ਪਤਰਾਂ ਜਾਂ ਕਾਠ ਦੇ ਭਿਤਾਂ ਉਤੇ ਨਿੱਕੀਆਂ ਨਿੱਕੀਆਂ ਲਕੀਰਾਂ ਕਢਦੇ ਹਨ। ਮਿਥੇ ਹੋਏ ਸਮੇਂ ਪਿਛੋਂ ਇਕ ਧਿਰ ਘੁਗੂ ਘਾਂਗੜੇ ਕਹਿ ਕੇ ਉੱਚੀ ਧੁਨੀ ਕਢਦੀ ਹੈ ਤੇ ਦੋਵੇਂ ਢਾਣੀਆਂ ਲਕੀਰਾਂ ਕਢਣੀਆਂ ਬੰਦ ਕਰ ਦੇਂਦੀਆਂ ਹਨ। ਫਿਰ ਦੋਵਾਂ ਢਾਣੀਆਂ ਦੇ ਬੱਚੇ ਦੂਜੀ ਧਿਰ ਵਿਚ ਜਾ ਕੇ ਲਕੀਰਾਂ ਲਭਦੇ ਹਨ। ਜਿਹੜੀਆਂ ਲਭ ਲਈਆਂ ਜਾਣ ਉਹ ਕਟ ਦਿਤੀਆਂ ਜਾਂਦੀਆਂ ਹਨ, ਤੇ ਬਾਕੀ ਅਣਲਭੀਆਂ ਲਕੀਰਾਂ ਦੀ ਗਿਣਤੀ ਕਰ ਲਈ ਜਾਂਦੀ ਹੈ, ਜਿਸ ਢਾਣੀ ਦੀਆਂ ਅਣਲਭੀਆਂ ਲਕੀਰਾਂ ਦੀ ਗਿਣਤੀ ਜ਼ਿਆਦਾ ਹੋਵੇ ਉਹ ਜੇਤੂ ਹੁੰਦੀ ਹੈ (ਵੇਖੋ : ਕਾਲੀ ਪੀਲੀ ਟੀਲੋ)।

**(ਘ-41) ਘੁਗੂ ਘੋੜੇ :**

ਮਿੱਟੀ ਦੇ ਬਣੇ ਖਿਡਾਉਣੇ ਜੋ ਗਲੀਆਂ ਵਿਚ ਗੁਲੇਲਣੀਆਂ ਵੇਚਦੀਆਂ ਫਿਰਦੀਆਂ ਹਨ। ਇਹ ਖਿਡੌਣੇ ਘੁਗੂ, ਘੁੱਗੀ, ਘੋੜਾ ਆਦਿ ਸ਼ਕਲਾਂ ਦੇ ਹੁੰਦੇ ਹਨ ਤੇ ਇਨ੍ਹਾਂ ਦੇ ਮੂੰਹ ਵਿਚ ਸੁਰਾਖ ਜਿਹਾ ਬਣਿਆ ਹੁੰਦਾ ਹੈ ਜਿਸ ਵਿਚ ਫੂਕ ਮਾਰਿਆਂ ਧੁਨੀ ਨਿਕਲਦੀ ਹੈ। ਬੱਚੇ ਇਨ੍ਹਾਂ ਨੂੰ ਵਜਾ ਕੇ ਪ੍ਰਸੰਨ ਹੁੰਦੇ ਹਨ।

**(ਘ-42) ਘੁੰਡ :**

ਚਿਹਰੇ ਨੂੰ ਢਕਣ ਲਈ, ਸਿਰ ਦੇ ਪੱਲੇ ਨੂੰ ਤੀਵੀਆਂ ਮੂੰਹ ਉਤੇ ਸਰਕਾ ਲੈਂਦੀਆਂ ਹਨ। ਘੁੰਡ ਲੱਜਾ ਤੇ ਹਯਾ ਦਾ ਵਾਚਕ ਹੈ। ਕੁਆਰੀ ਕੰਨਿਆਂ ਘੁੰਡ ਨਹੀਂ ਕਢਦੀ, ਜੇ ਉਸ ਨੇ ਕਿਸੇ ਤੋਂ ਉਹਲਾ ਜਾਂ ਪਰਦਾ ਕਰਨਾ ਹੁੰਦਾ ਹੈ ਤਾਂ ਉਹ ਛੁਪ ਜਾਂਦੀ ਹੈ ਜਾਂ ਮੂੰਹ ਹੱਥਾਂ ਨਾਲ ਛੁਪਾ ਲੈਂਦੀ ਹੈ। ਵਿਆਹੀ ਇਸਤ੍ਰੀ ਆਪਣੇ ਸਹੁਰੇ ਪ੍ਰਵਾਰ ਦੇ ਵਡਿਕਿਆਂ ਅਤੇ ਪਤੀ ਤੋਂ ਉਮਰ ਵਿਚ ਵਡੇ ਸਹੁਰੇ ਸਾਕਾਂ ਤੋਂ ਘੁੰਡ ਕਢਦੀਆਂ ਹਨ। ਪੇਕੇ ਪ੍ਰਵਾਰ ਦੇ ਕਿਸੇ ਬੰਦੇ ਤੋਂ ਘੁੰਡ ਨਹੀਂ ਕਢਿਆ ਜਾਂਦਾ, ਪਰ ਪੇਕੇ ਪ੍ਰਵਾਰ ਦੇ ਕਿਸੇ ਬਜ਼ੁਰਗ, ਪਿਉ, ਚਾਚੇ ਜਾਂ ਵਡੇ ਭਰਾ ਸਾਹਮਣੇ ਆਪਣੇ ਪਤੀ ਤੋਂ ਘੁੰਡ ਕਢ ਲਿਆ ਜਾਂਦਾ ਹੈ। ਕਈ ਇਲਾਕਿਆਂ ਤੇ ਕਬੀਲਿਆਂ ਵਿਚ ਸੱਸਾਂ ਜਵਾਈਆਂ ਤੋਂ ਵੀ ਘੁੰਡ ਕਢਦੀਆਂ ਹਨ।

ਘੁੰਡ ਦਾ ਰਵਾਜ ਮੁਸਲਮਾਨੀ ਪ੍ਰਭਾਵ ਹੇਠ ਪਿਆ, ਖ਼ਾਸ ਤੌਰ ਤੇ ਜਦੋਂ ਬਹੂ-ਬੇਟੀਆਂ ਦੀ ਇੱਜ਼ਤ ਸੁਰਖਿਅਤ ਨਾ ਵੇਖ ਕੇ ਮਾਪੇ ਆਪਣੀਆਂ ਧੀਆਂ ਨੂੰ ਕੱਜ ਲੁਟ ਕੇ ਰਖਣ ਲਗੇ। ਪਰ ਪਛਮੀ ਸਿਖਸ਼ਾ ਤੇ ਸੰਸਕ੍ਰਿਤੀ ਦੇ ਅਸਰ ਅਧੀਨ ਹੁਣ ਸ਼ਹਿਰਾਂ ਵਿਚ ਘੁੰਡ ਦਾ ਰਵਾਜ ਬਹੁਤ ਘਟ ਗਿਆ ਹੈ ਤੇ ਕਈ ਘਰਾਂ ਵਿਚ ਨੂੰਹਾਂ ਸਹੁਰੇ ਤੋਂ ਵੀ ਘੁੰਡ ਨਹੀਂ ਕਢਦੀਆਂ। ਪਰ ਪਿੰਡਾਂ ਵਿਚ ਅਜੇ ਅਜਿਹੀ ਖੁਲ੍ਹ ਨਹੀਂ ਵੇਖੀ ਗਈ।

ਲੋਕ ਗੀਤਾਂ ਵਿਚ ਘੁੰਡ ਦਾ ਜ਼ਿਕਰ ਆਮ ਮਿਲਦਾ ਹੈ। ਬੁੱਢੇ ਸਹੁਰੇ ਤੋਂ ਘੁੰਡ ਕਢ ਕਢ ਕੇ ਤੰਗ ਪਈ ਨੂੰਹ ਦੀ ਵੇਦਨਾ ਤੇ ਭਾਵਨਾ ਕਈ ਗੀਤਾਂ ਵਿਚ ਰੂਪਮਾਨ ਹੋਈ ਹੈ :

ਕੋਰੀ ਕੋਰੀ ਕੂੰਡੀ 'ਚ ਰਗੜਾਂ ਮਿਰਚਾਂ
ਸਹੁਰੇ ਦੀ ਅੱਖ ਵਿਚ ਪਾ ਦੇਨੀ ਆਂ
ਘੁੰਡ ਕੱਢਣੇ ਦਾ ਅਲੱਖ ਮੁਕਾ ਦੇਨੀ ਆਂ।

**(ਘ-43) ਘੁੰਡ ਉਤਾਰਨਾ :**

ਵਿਆਹ ਪਿਛੋਂ ਸੁਹਾਗ ਰਾਤ ਨੂੰ ਲਾੜ੍ਹਾ ਲਾੜ੍ਹੀ ਦੇ ਘੁੰਡ ਨੂੰ ਰਸਮੀ ਤੌਰ ਉਤੇ ਉਤਾਰਦਾ ਹੈ। ਪਹਿਲਿਆਂ ਵਿਚ, ਲਾੜ੍ਹਾ ਲਾੜ੍ਹੀ ਨੇ ਵਿਆਹ ਤੋਂ ਪਹਿਲਾਂ ਇਕ ਦੂਜੇ ਨੂੰ ਨਹੀਂ ਸੀ ਵੇਖਿਆ ਹੁੰਦਾ ਤੇ ਘੁੰਡ ਉਤਾਰਨ ਵੇਲੇ ਹੀ ਦੋਵੇਂ ਇਕ ਦੂਜੇ ਦੇ ਰੂਪ ਦੀ ਪਹਿਲੀ ਝਲਕ ਲੈਂਦੇ ਸਨ। ਇਸ ਮੌਕੇ ਉਤੇ ਲਾੜ੍ਹਾ ਲਾੜ੍ਹੀ ਨੂੰ ਕੁਝ ਰੁਪਏ, ਫਲ ਤੇ ਮਠਿਆਈ ਦਰਸ਼ਨ ਭੇਟ ਵਜੋਂ ਦੇਂਦਾ ਸੀ, ਲਾੜ੍ਹੀ ਰੁਪਏ ਤਾਂ ਮੋੜ ਦੇਂਦੀ ਸੀ ਅਤੇ ਫਲ ਤੇ ਮਠਿਆਈ ਦਾ ਕੁਝ ਹਿੱਸਾ ਆਪ ਖਾ ਲੈਂਦੀ ਤੇ ਕੁਝ ਪਤੀ ਨੂੰ ਖਵਾ ਦੇਂਦੀ। ਸ਼ਗਨ ਵਜੋਂ ਦਿਤੇ ਰੁਪਿਆਂ ਤੇ ਫਲ ਨੂੰ 'ਘੁੰਡ ਉਤਾਰਨ ਦੀ ਰਸਮ' ਕਿਹਾ ਜਾਂਦਾ ਸੀ। ਅਜੇ ਵੀ ਇਸ ਦਾ ਰਵਾਜ ਕਈ ਪਰਿਵਾਰਾਂ ਵਿਚ ਹੈ।

ਸੀਰੀਆ ਵਿਚ, ਆਪਣੀ ਵਹੁਟੀ ਦਾ ਘੁੰਡ ਲਾੜ੍ਹਾ ਤਲਵਾਰ ਦੇ ਤੇਜ਼ ਹੁਜਕੇ ਨਾਲ ਉਤਾਰਦਾ ਹੈ। ਕੋਲ ਬੈਠੀਆਂ ਤੀਵੀਆਂ ਤਲਵਾਰ ਦੇ ਉਸ ਵਾਰ ਨੂੰ ਖੁੰਝਾਵਣ ਦਾ ਯਤਨ ਕਰਦੀਆਂ ਹਨ ਤੇ ਤਲਵਾਰ ਘੁੰਡ ਦੇ ਪੱਲੇ ਵਿਚ ਉਲਝ ਜਾਂਦੀ ਹੈ। ਪਿਛੋਂ ਘੁੰਡ ਉਤਾਰ ਕੇ ਮੂੰਹ ਨੰਗਾ ਕਰ ਦਿਤਾ ਜਾਂਦਾ ਹੈ।

**(ਘ-44) ਘੁੰਡ ਚੁਕਾਈ :**

(1) ਵਿਆਹ ਨਾਲ ਸਬੰਧਿਤ ਇਕ ਰਸਮ; ਵਿਆਹ ਪਿਛੋਂ ਜਦੋਂ ਲਾੜ੍ਹੀ ਸਹੁਰੇ ਘਰ ਆਉਂਦੀ ਹੈ ਤਾਂ ਪ੍ਰਵਾਰ ਦੀਆਂ ਤੀਵੀਆਂ ਦੇ ਸਾਹਮਣੇ ਛੋਟਾ ਦੇਵਰ ਜਾਂ ਸਰਬਾਲਾ ਲਾੜ੍ਹੀ ਦਾ ਘੁੰਘਟ ਰਸਮੀ ਢੰਗ ਨਾਲ ਚੁਕਦਾ ਹੈ। ਧਨੀ ਪੋਠੋਹਾਰ ਵਿਚ ਘੁੰਡ ਚੁੱਕਣ ਲਗਿਆਂ ਦੇਵਰ ਭਰਜਾਈ ਨੂੰ 'ਝਾਤ' ਕਹਿੰਦਾ ਹੈ, ਜਿਸ ਲਈ ਇਸ ਰਸਮ ਨੂੰ 'ਝਾਤ ਕਰਨਾ' ਵੀ ਕਿਹਾ ਜਾਂਦਾ ਹੈ। ਲਾੜ੍ਹੀ ਆਪਣੇ ਪਕੇ ਘਰੋਂ

ਇਸ ਰਸਮ ਲਈ ਇਕ ਗੁੱਥੀ ਉਚੇਚੇ ਤੌਰ ਤੇ ਲਿਆਂਦੀ ਹੁੰਦੀ ਹੈ, ਜਿਸ ਵਿਚ ਨਕਦ ਰੁਪਿਆਂ ਤੋਂ ਬਿਨਾਂ ਛੁਹਾਰੇ, ਸੌਗੀ ਅਤੇ ਬਦਾਮ ਆਦਿ ਹੁੰਦੇ ਹਨ, ਜੋ ਉਹ ਇਸ ਰਸਮ ਵੇਲੇ ਦੇਵਰ ਨੂੰ ਭੇਟ ਕਰਦੀ ਹੈ।

ਬੁਨਿਆਦੀ ਤੌਰ ਉਤੇ, ਇਹ ਰਸਮ ਉਪਜਾਇਕਤਾ ਨਾਲ ਸੰਬੰਧ ਰਖਦੀ ਹੈ। ਲਾੜੀ ਦੇ ਸਹੁਰੇ ਘਰ ਆਉਣ ਉਤੇ ਸਭ ਤੋਂ ਪਹਿਲਾਂ ਛੋਟੇ ਦੇਵਰ ਦਾ ਲਾੜੀ ਦੇ ਮੱਥੇ ਲੱਗਣਾ ਜਾਂ ਭਾਤ ਬਲਾਉਣਾ, ਨਰ-ਸੰਤਾਨ ਦੀ ਉਤਪੱਤੀ ਲਈ ਇਕ ਤਰ੍ਹਾਂ ਦਾ ਟੂਣਾ ਹੈ ਜੋ ਜਾਦੂ ਚਿੰਤਨ ਸਹਿ ਤੋਂ ਸਹਿ ਦੀ ਉਤਪੱਤੀ ਉਤੇ ਆਧਾਰਤ ਹੈ। ਇਸ ਮੌਕੇ ਉਤੇ, ਕਈ ਜ਼ਾਤਾਂ ਵਿਚ ਕੋਈ ਨਰ-ਬੱਚਾ ਲਾੜੀ ਦੀ ਗੋਦ ਵਿਚ, ਇਸੇ ਭਾਵਨਾ ਨਾਲ ਬਠਾਇਆ ਜਾਂਦਾ ਹੈ ਤੇ ਇਸ ਰੀਤ ਨੂੰ 'ਬੁਕਲ ਲੈਣਾ' ਵੀ ਕਹਿੰਦੇ ਹਨ।

(2) ਲਾੜੀ ਸਹੁਰੇ ਘਰ ਆ ਕੇ ਆਪਣੇ ਪਤੀ ਤੋਂ ਉਮਰ ਵਿਚ ਵਡੇ ਸਾਕ-ਸਬੰਧੀਆਂ ਤੋਂ ਘੁੰਡ ਕਢਦੀ ਹੈ। ਪਤੀ ਦੇ ਹਾਣੀ ਜਾਂ ਉਮਰ ਵਿਚ ਕਈ ਥੋੜੇ ਜਿਹੇ ਵਡੇ ਸਾਕ ਨਹੀਂ ਚਾਹੁੰਦੇ ਕਿ ਲਾੜੀ ਉਨ੍ਹਾਂ ਤੋਂ ਘੁੰਡ ਕਢੇ, ਜੇ ਉਹ ਲਾੜੇ ਨੂੰ ਰਜ਼ਾਮੰਦ ਕਰ ਲੈਣ ਕਿ ਲਾੜੀ ਉਨ੍ਹਾਂ ਤੋਂ ਘੁੰਡ ਨਾ ਕਢੇ ਤਾਂ ਪਹਿਲੀ ਵਾਰ ਜਦੋਂ ਲਾੜੀ ਉਨ੍ਹਾਂ ਤੋਂ ਘੁੰਡ ਉਤਾਰਦੀ ਹੈ, ਤਾਂ ਉਹ ਸ਼ਗਨ ਵਜੋਂ ਕੁਝ ਰੁਪਏ ਦੇਂਦੇ ਹਨ, ਜਿਨ੍ਹਾਂ ਨੂੰ 'ਘੁੰਡ ਚੁਕਾਈ' ਕਿਹਾ ਜਾਂਦਾ ਹੈ।

(ਘ-45) **ਘੁੰਮਣ** :

ਜੱਟਾਂ ਦਾ ਇਕ ਕਬੀਲਾ, ਜੋ ਆਪਣਾ ਪਿੱਛਾ ਚੰਦਰਬੰਸੀ ਰਾਜਪੂਤਾਂ ਨਾਲ ਜੋੜਦਾ ਹੈ। 'ਸਿਆਲਕੋਟ ਗਜ਼ਟੀਅਰ' ਅਨੁਸਾਰ ਘੁੰਮਣ ਜੰਜੂਆ ਰਾਜਪੂਤਾਂ ਦੀ ਹੀ ਇਕ ਸ਼ਾਖ ਹਨ ਅਤੇ ਇਹ ਦਿੱਲੀ ਦੇ ਰਾਜਾ ਦਲੀਪ ਦੀ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ। ਰਾਜਾ ਦਲੀਪ ਦੀ ਪੰਜਵੀਂ ਪੀੜ੍ਹੀ ਵਿਚ ਜੋਧਾ ਹੋਇਆ, ਜਿਸ ਦੇ ਅਗੋਂ ਤਿੰਨ ਪੁੱਤਰ ਹਰਪਾਲ, ਰਣਪਾਲ ਤੇ ਸਣਪਾਲ ਸਨ। ਸਣਪਾਲ ਨੇ ਬਹੁਤ ਸਾਰੇ ਵਿਆਹ ਕੀਤੇ। ਉਨ੍ਹਾਂ ਵਿਚ ਕੁਝ ਵਿਆਹ ਜ਼ਾਤ-ਬਰਾਦਰੀ ਤੋਂ ਬਾਹਰ ਵੀ ਸਨ। ਉਸਦੇ ਘਰ ਬਾਈ ਲੜਕੇ ਜੰਮੇ, ਜਿਨ੍ਹਾਂ ਨੇ ਬਾਈ ਕਬੀਲਿਆਂ ਦਾ ਮੁੱਢ ਬੰਨ੍ਹਿਆ। ਸਭ ਤੋਂ ਛੋਟੇ ਲੜਕੇ ਦਾ ਨਾਉਂ ਘੁੰਮਣ ਸੀ, ਤੇ ਇਸੇ ਤੋਂ ਘੁੰਮਣ ਕਬੀਲੇ ਦਾ ਮੁੱਢ ਬਝਿਆ।

'ਗਲਾਸਰੀ' ਅਨੁਸਾਰ ਫਿਰੋਜ਼ ਸ਼ਾਹ ਦੇ ਸਮੇਂ ਘੁੰਮਣ ਮੁਕਿਆਲੋ ਜਾਂ ਮਲ੍ਹੀਆਨਾ ਤੋਂ ਜੰਮੂ ਆ ਕੇ ਰਹਿਣ ਲਗ ਪਿਆ ਅਤੇ ਇਥੇ ਹੀ ਉਸਨੇ ਨੌਕਰੀ ਕਰ ਲਈ ਤੇ ਆਪਣੇ ਨਾਉਂ ਉਤੇ ਨਵੇਂ ਕਬੀਲੇ ਦਾ ਮੁੱਢ ਬੰਨ੍ਹਿਆ। ਪਰ 'ਸਿਆਲਕੋਟ ਗਜ਼ਟੀਅਰ' ਅਨੁਸਾਰ ਸਣਪਾਲ ਨੇ ਜੰਮੂ ਵਿਚ ਆ ਕੇ ਨੌਕਰੀ ਕੀਤੀ।

ਸਿਆਲਕੋਟ ਦੀ ਤਹਿਸੀਲ ਘੁੰਮਣ ਜੱਟਾਂ ਦਾ ਗੜ੍ਹ ਬਣੀ ਰਹੀ ਹੈ। ਇਥੋਂ ਹੀ ਇਹ ਪੂਰਬੀ ਪੰਜਾਬ ਦੇ ਕਈ ਇਲਾਕਿਆਂ ਵਿਚ ਆ ਕੇ ਫੈਲੇ।

'ਸਿਆਲਕੋਟ ਗਜ਼ਟੀਅਰ' ਅਨੁਸਾਰ ਘੁੰਮਣ ਜੱਟ ਮਾਨ ਜੱਟਾਂ ਤੋਂ ਇਲਾਵਾ ਹੋਰ ਸਭ ਜੱਟ ਕਬੀਲਿਆਂ ਵਿਚ ਵਿਆਹ ਕਰ ਲੈਂਦੇ ਹਨ। ਵਿਆਹ ਦੇ ਸਮੇਂ ਇਹ ਘਰ ਦੀ ਕਿਸੇ ਨੁੱਕਰੇ ਚੌਕ ਪੂਰਦੇ ਹਨ। ਫਿਰ ਉਸ ਵਿਚ ਘਾਹ ਦਾ ਬੁਤ ਬਣਾ ਕੇ, ਲਾਲ ਕਪੜੇ ਵਿਚ ਵਲ੍ਹੇਟ ਕੇ ਪੂਜਦੇ ਹਨ। ਵਿਆਹ ਸਮੇਂ ਬਕਰੇ ਦੇ ਕੰਨ ਕੱਟਣ ਤੇ ਜੰਡੀ ਵੱਢਣ ਦੀ ਵੀ ਪ੍ਰਥਾ ਹੈ। ਮੰਗਲ ਕਾਰਜਾਂ ਵੇਲੇ ਘੁੰਮਣ ਪਿੱਤਰਾਂ ਨੂੰ ਪਤਿਆਣ ਲਈ, ਬਕਰੇ ਦੇ ਸਿਰ ਉਤੇ ਧਾਰ ਬੰਨ੍ਹ ਕੇ ਪਾਣੀ ਪਾਉਂਦੇ ਹਨ। ਜੇ ਅਗੋਂ ਬਕਰਾ ਸਿਰ ਛੰਡੇ ਤਾਂ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ।

'ਗਲਾਸਰੀ' ਅਨੁਸਾਰ ਜੀਂਦ ਵਿਚ ਵਸਦੇ, ਘੁੰਮਣ ਜੱਟਾਂ ਦਾ ਸਿਧ, ਦਾਦੂ ਜਾਂ ਕਾਲਾ ਹੈ ਅਤੇ ਇਸ ਦੀ ਸਮਾਧ ਪਟਿਆਲੇ ਦੇ ਨੇੜੇ ਨਾਗੜਾ ਵਿਚ ਸਥਿਤ ਹੈ। ਦੇਸੀ ਮਹੀਨੇ ਦੀ ਹਰ ਵਦੀ 11 ਨੂੰ ਸ਼ਰਧਾਵਾਨ ਮਖਿਆਰੀਆਂ ਦੇ ਡੰਗ ਭੇਟ ਕਰਦੇ ਹਨ। ਵਿਆਹ ਸ਼ਾਦੀ ਦੀ ਰਸਮ ਵੇਲੇ ਵੀ ਘੁੰਮਣ ਜੱਟ ਇਥੇ ਸਮਾਧ ਤੇ ਆ ਕੇ ਚੜ੍ਹਾਵੇ ਚਾੜ੍ਹਦੇ ਹਨ।

(ਘ-46) **ਘੁੰਮਣ ਵਾਟੀ :**

ਪਾਣੀ ਵਿਚ ਉਠਿਆ ਵਾਵਰੋਲਾ, ਜੋ ਕਈ ਵਾਰ ਇਤਨਾ ਖ਼ਤਰਨਾਕ ਹੁੰਦਾ ਹੈ ਕਿ ਆਪਣੇ ਪ੍ਰਬਲ ਵੇਗ ਵਿਚ, ਬੇੜੀ ਨੂੰ ਲਪੇਟ ਵਿਚ ਲੈ ਕੇ ਡਬੋ ਦੇਂਦਾ ਹੈ। ਲੋਕ-ਨਿਸ਼ਚੇ ਅਨੁਸਾਰ ਪਾਣੀ ਵਿਚ, ਕੋਈ ਚੰਦਰੀ ਰੂਹ, ਹਵਾ ਦੀ ਸ਼ਕਲ ਵਿਚ ਦਾਖ਼ਿਲ ਹੋ ਕੇ ਭੰਵਰ ਪੈਦਾ ਕਰਦੀ ਹੈ ਤੇ ਉਦੋਂ ਤਕ ਘੁੰਮਰ ਥੰਮਦਾ ਨਹੀ, ਜਦੋਂ ਤਕ ਇਹ ਕਿਸੇ ਪ੍ਰਾਣੀ ਦੀ ਬਲੀ ਨਹੀਂ ਲੈ ਲੈਂਦਾ। ਕਈ ਮੱਲਾਹ ਇਸ ਮੌਕੇ ਉਤੇ ਮੰਤਰਾਂ ਦਾ ਉੱਚਾਰਨ ਕਰਦੇ ਹਨ, ਜੋ ਉਨ੍ਹਾਂ ਨੇ ਆਪਣੇ ਕਿਸੇ ਬਜ਼ੁਰਗ ਤੋਂ ਸਿਖੇ ਹੁੰਦੇ ਹਨ। ਇਨ੍ਹਾਂ ਮੰਤਰਾਂ ਵਿਚ ਇੰਦਰ ਦੇਵਤੇ ਜਾਂ ਖ਼ਵਾਜਾ ਖ਼ਿਜ਼ਰ ਨੂੰ ਧਿਆਇਆ ਹੁੰਦਾ ਹੈ।

ਘੁੰਮਣ ਵਾਟੀ (ਘੇਰ) ਤੋਂ ਬਚਣ ਲਈ ਮੱਲਾਹ, ਬੇੜੀ ਨੂੰ ਠੇਲ੍ਹਣ ਲਗਿਆਂ ਖ਼ਵਾਜਾ ਖ਼ਿਜ਼ਰ ਨੂੰ ਪੂਜਦੇ ਅਤੇ ਜਿਨ੍ਹੀਂ ਦਿਨੀਂ ਘੁੰਮਣ ਘੇਰੀਆਂ ਆਮ ਹੁੰਦੀਆਂ ਹਨ, ਉਨ੍ਹੀਂ ਦਿਨੀਂ ਖ਼ਵਾਜਾ ਖ਼ਿਜ਼ਰ ਦੇ ਨਾਉਂ ਦੀ ਜੋਤ ਜਗਾਂਦੇ ਅਤੇ ਦਰਿਆ ਨੂੰ ਗੁੜ ਭੇਟ ਕਰਦੇ ਹਨ (ਵੇਖੋ : ਦਰਿਆ ਪੀਰ)।

(ਘ-47) **ਘੁੰਮਰ :**

ਲਹਿੰਦੇ ਦਾ ਇਕ ਲੋਕ-ਨਾਚ, ਜੋ ਝੁੰਮਰ ਵਾਂਗ ਘੇਰਾ ਬਣਾ ਕੇ ਨਚਿਆ ਜਾਂਦਾ ਹੈ। ਘੁੰਮਰ ਝੁੰਮਰ ਨਾਲੋਂ ਇਸ ਗੱਲੋਂ ਵਖਰਾ ਹੈ ਕਿ ਘੁੰਮਰੀ ਆਪਣੇ ਦੁਆਲੇ ਵੀ ਘੁੰਮਦਾ ਹੈ ਤੇ ਘੇਰੇ ਦਾ ਅੰਗ ਬਣ ਕੇ ਘੇਰੇ ਨਾਲ ਵੀ। ਘੁੰਮ ਕੇ ਨੱਚਣ ਕਾਰਨ ਹੀ ਇਸਨੂੰ ਘੁੰਮਰ ਕਹਿੰਦੇ ਹਨ। ਇਹ ਨਾਚ ਇੰਜ ਲਗਦਾ ਹੈ ਜਿਵੇਂ ਦਰਿਆ ਦੇ ਵਗਦੇ ਵਹਿਣ ਵਿਚ ਅਨੇਕਾਂ ਭੰਵਰ ਉਠ ਖਲੋਤੇ ਹੋਣ। ਇਸ ਨਾਚ ਵਿਚ ਪੈਰਾਂ ਨਾਲ ਇਕ ਰਸ ਹੋ ਕੇ, ਧਮਕ ਕੱਢੀ ਜਾਂਦੀ ਹੈ। ਤੇ ਮੂੰਹ ਤੋਂ ਕਈ ਤਰ੍ਹਾਂ ਦੀਆਂ ਮੰਗਲ-ਧੁਨੀਆਂ ਹਵਾਉਂ, ਹੂ-ਹੂ, ਅਹਾਂ, ਅਹਾਂ ਕਢੀਆਂ ਜਾਂਦੀਆਂ ਹਨ, ਜੋ ਅਨੋਖਾ ਰੰਗ ਬੰਨ੍ਹਦੀਆਂ ਹਨ।

ਰਾਜਸਥਾਨ ਦਾ ਵੀ ਇਕ ਪ੍ਰਸਿਧ ਲੋਕ-ਨਾਚ 'ਘੁੰਮਰ' ਹੈ, ਜਿਸ ਨੂੰ ਤੀਵੀਆਂ ਭਾਰੀ ਘੇਰੇ ਦੇ ਘਗਰੇ ਵਿਚ ਬਹਿ ਕੇ ਤੇ ਪੀਲੀਆਂ ਤੇ ਸੂਹੀਆਂ ਓੜ੍ਹਨੀਆਂ ਓੜ੍ਹ ਕੇ ਨਚਦੀਆਂ ਹਨ।

(ਘ-48) **ਘੁੰਮਾਈਆਂ :**

ਇਕ ਲੋਕ-ਕਾਵਿ, ਜੋ ਧਨੀ ਪੋਠੋਹਾਰ ਵਿਚ ਪ੍ਰਚਲਤ ਹੈ। ਘੁੰਮਾਈਆਂ ਤੋਂ ਭਾਵ ਕਿਸੇ ਤੋਂ ਸਦਕੜੇ ਤੇ ਵਾਰੇ ਜਾਣਾ ਹੈ। ਮਾਂ/ਭੈਣ/ਪੁੱਤਰ/ਵੀਰ ਤੋਂ ਸਦਕੜੇ ਜਾਂਦੀ ਹੋਈ ਅਜਿਹੇ ਗੀਤ ਗਾਂਦੀ ਹੈ।

ਵਿਆਹ ਪਿਛੋਂ ਕੰਨਿਆਂ ਦੇ ਡੋਲੀ ਚੜ੍ਹਨ ਵੇਲੇ ਵੀ ਤੀਵੀਆਂ ਲੰਮੀ ਹੇਕ ਨਾਲ ਘੁੰਮਾਈਆਂ ਗਾਉਂਦੀਆਂ ਹਨ। ਇਨ੍ਹਾਂ ਘੁੰਮਾਈਆਂ ਵਿਚ ਇਕ ਪਾਸੇ ਪੇਕੇ ਪ੍ਰਵਾਰ ਤੇ ਪਿੰਡ ਦੀਆਂ ਢੱਕੀਆਂ, ਪੱਤਣਾਂ ਤੇ ਜੂਹਾਂ ਦਾ ਮੋਹ-ਭਿੱਜਾ ਵਰਨਣ ਹੁੰਦਾ ਹੈ ਅਤੇ ਦੂਜੇ ਪਾਸੇ ਸਮਾਜਿਕ ਬੰਧਨਾ ਤੇ ਮਜਬੂਰੀਆਂ ਦਾ। ਹੇਠਾਂ ਘੁੰਮਾਈਆਂ ਦਾ ਇਕ ਨਮੂਨਾ ਦਿਤਾ ਜਾਂਦਾ ਹੈ :

ਮੈਂ ਕੁਰਬਾਨ,
ਮਹਿੰਡੇ ਪਿਓ ਦੀਏ ਪੱਗੇ
ਪੱਗ ਵਿਚਾਰੀ ਕੇ ਕਰੇ, ਜੇ ਖਸਮ ਪਿਆਰਾ ਲਗੈ।
ਮੈਂ ਕੁਰਬਾਨ,
ਮਹਿੰਡੇ ਪੱਤਣੇ ਦੀਏ ਰੇਤੇ,
ਰੇਤ ਵਿਚਾਰੀ ਕੇ ਕਰੇ, ਲੈ ਚਲੇ ਘਰ ਭੇਤੇ।
ਮੈਂ ਕੁਰਬਾਨ,
ਮੇਂਡੇ ਪੱਤਣੇ ਦੇ ਪਾਣੀ,
ਪਾਣੀ ਸ਼ੁਹਦਾ ਕੇ ਕਰੇ, ਜੇ ਮਿਲਿਆ ਨਾ ਹਾਣੀ।
ਮੈਂ ਕੁਰਬਾਨ,
ਮਹਿੰਡੇ ਗਿਰਾਏ ਦੀਏ ਢੇਨੇਂ,
ਢੇਨ ਵਿਚਾਰੀ ਕੇ ਕਰੇ, ਬਿਗਾਨਿਆਂ ਦਾਅਵੇ ਬੰਨੇਂ।
ਮੈਂ ਕੁਰਬਾਨ,
ਮਹਿੰਡੇ ਵਿਹੜੇ ਦੀਏ ਬੇਰੇ,
ਬੇਰ ਵਿਚਾਰੀ ਕੇ ਕਰੇ, ਸਹੁਰੇ ਬੈਠੇ ਡੋਲੀ ਘੇਰੇ।

(ਘ-49) **ਘੁਮਾਟਣੀਆਂ :**

ਛੋਟੇ ਬੱਚੇ ਨੂੰ ਪਰਚਾਣ ਲਈ, ਉਸ ਦੀਆਂ ਦੋਹਾਂ ਬਾਹਾਂ ਨੂੰ ਪਕੜ ਕੇ ਆਪਣੇ ਦੁਆਲੇ ਚਾਰੇ ਪਾਸੇ ਭੁਆਂਟਣੀਆਂ ਦੇਣ ਦੀ ਕਿਰਿਆ; ਬੱਚੇ ਨੂੰ ਭੁਆਂਟਣੀਆਂ ਦੇ ਕੇ ਫਿਰ ਇਕ ਦਮ ਜ਼ਿਮੀਂ ਉਤੇ ਖੜਾ ਕਰ ਦਿਤਾ ਜਾਂਦਾ ਹੈ। ਬੱਚੇ ਨੂੰ ਸਾਰਾ ਆਲਾ ਦੁਆਲਾ ਘੁੰਮਦਾ ਨਜ਼ਰ ਆਉਂਦਾ ਹੈ। ਉਹ ਸ਼ਰਾਬੀਆਂ ਵਾਂਗ ਹਿਚਕੋਲੇ ਖਾਂਦਾ ਹੋਇਆ ਡਿਗਦਾ ਤੇ ਸੰਭਲਦਾ ਹੈ। ਘੁਮਾਟਣੀਆਂ ਦੇਣ ਲਗਿਆਂ ਕੁਝ ਟੱਪੇ ਵੀ ਗਾਏ ਜਾਂਦੇ ਹਨ :

ਘੁਮਰ ਘੁਮਰ ਘੇਰੀ
ਝੁਲ ਪਈ ਹਨੇਰੀ
ਛੁਪ ਗਏ ਤਾਰੇ, ਚੰਨ ਵਾਜਾਂ ਮਾਰੇ,
ਆ ਬਹੁ ਮੇਰੇ ਕੰਧਾੜੇ।

ਸਾਰਾ ਟੱਪਾ ਪੜ੍ਹ ਕੇ ਬੱਚੇ ਨੂੰ ਜ਼ਿਮੀਂ ਉਤੇ ਖੜਾ ਕਰ ਦਿਤਾ ਜਾਂਦਾ ਹੈ ਅਤੇ ਉਹ ਲੜਖੜਾਂਦਾ ਹੋਇਆ ਇਧਰ ਉਧਰ ਡਿਗਦਾ ਹੈ।

(ਘ-50) **ਘੁੰਮਿਆਰ :**

ਚੱਕ ਉਤੇ ਭਾਂਡੇ ਘੜਨ ਵਾਲਾ; ਧਾਰਨਾ ਹੈ ਕਿ ਘੁੰਮਿਆਰ ਪਹਿਲਾਂ ਹੱਥਾਂ ਨਾਲ ਮਿੱਟੀ ਤੋਂ ਭਾਂਡੇ ਬਣਾਇਆ ਕਰਦਾ ਸੀ, ਜਿਸ ਕਰਕੇ ਇਸ ਦੇ ਬਣਾਏ ਭਾਂਡੇ ਚਿਬ-ਖੜਿਬੇ ਤੇ ਭੱਦੇ ਹੁੰਦੇ ਸਨ। ਕਥਾ ਅਨੁਸਾਰ ਫਿਰ ਵਿਸ਼ਵਕਰਮਾ ਨੇ ਘੁੰਮਿਆਰ ਨੂੰ ਚਕ ਬਨਾਉਣ ਦਾ ਵਲ ਦਸਿਆ, ਜਿਸ ਨਾਲ ਭਾਂਡਿਆਂ ਵਿਚ ਸੁਹਜ ਤੇ ਗੋਲਾਈ ਆ ਗਈ। ਘੁੰਮਿਆਰ ਵਿਸ਼ਵਕਰਮਾ ਦਿਵਸ 'ਤੇ ਚੱਕ ਨੂੰ ਪੂਜਦੇ ਹਨ।

(ਘ-51) **ਘੁਰਾੜੇ :**

ਸੁੱਤੇ ਪਏ ਮਨੁੱਖ ਦੇ ਗਲੇ ਦੀ ਘੁੰਡੀ ਨਾਲ ਰਗੜ ਖਾ ਕੇ ਨਿਕਲੀ ਆਵਾਜ਼; ਲੋਕ-ਨਿਸਚੇ ਅਨੁਸਾਰ ਚੰਦਰੀਆਂ ਰੂਹਾਂ, ਸੁੱਤੇ ਹੋਏ ਮਨੁੱਖ ਦੀ ਹਿਕ ਉਤੇ ਬੈਠ ਕੇ, ਉਸਦਾ ਗਲਾ ਦਬਾਂਦੀਆਂ ਹਨ, ਜਿਸ ਕਰਕੇ ਇਹ ਧੁਨੀ ਉਭਰਦੀ ਹੈ।

(ਘ-52) **ਘੁੜਨਾਲ :**

ਘੋੜੇ ਦੇ ਪੈਰ ਨਾਲੋਂ ਲਥੀ ਘੋੜੇ ਦੀ ਨਾਲ ਨੂੰ, ਘਰ ਦੇ ਮੁਖ ਦਵਾਰ ਉਤੇ ਮੜ੍ਹ ਜਾਂ ਲਟਕਾ ਦੇਣ ਨਾਲ, ਲੋਕ-

ਜਿਸਦੇ ਅਨੁਸਾਰ ਚੰਦਰੀਆਂ ਰੂਹਾਂ ਨੇੜੇ ਨਹੀਂ ਆਉਂਦੀਆਂ। ਪਿੰਡਾਂ ਵਿਚ ਕਈ ਘਰਾਂ ਦੀ ਡਿਉਢੀ ਦੇ ਬੂਹਿਆਂ ਉਤੇ ਘੁੜਨਾਲਾਂ ਲਟਕੀਆਂ ਵੇਖਣ ਵਿਚ ਆਉਂਦੀਆਂ ਹਨ।

(ਘ-53) **ਘੁੜਾਮ :**

ਜ਼ਿਲਾ ਪਟਿਆਲੇ ਵਿਚ ਇਕ ਬੜਾ ਪੁਰਾਣਾ ਪਿੰਡ, ਜਿਸ ਬਾਰੇ ਵੰਨ-ਸਵੰਨੀਆਂ ਰਵਾਇਤਾਂ ਲੋਕਾਂ ਵਿਚ ਪ੍ਰਚਲਤ ਹਨ। ਇਹ ਪਿੰਡ ਪਟਿਆਲੇ ਤੋਂ ਅਠ੍ਹਾਰਾਂ ਕੁ ਮੀਲਾਂ ਦੀ ਵਿਥ ਉਤੇ ਹੈ। ਰਵਾਇਤ ਹੈ ਕਿ ਤ੍ਰੇਤਾ ਯੁੱਗ ਵਿਚ ਸ੍ਰੀ ਰਾਮ ਚੰਦਰ ਦੇ ਨਾਨਾ ਕੌਸ਼ਲ ਇਥੇ ਹੀ ਰਾਜ ਕੀਤਾ ਕਰਦੇ ਸਨ। ਕੌਸ਼ਲ ਦੀ ਲੜਕੀ ਕੁਸ਼ਲਿਆ ਨਾਲ, ਅਜੁਧਿਆ ਦੇ ਰਾਜੇ ਦਸ਼ਰਥ ਨੇ ਵਿਆਹ ਕੀਤਾ। ਕੁਸ਼ਲਿਆ ਦੀ ਕੁਖੋਂ ਸ੍ਰੀ ਰਾਮ ਚੰਦਰ ਪੈਦਾ ਹੋਏ। ਉਨ੍ਹੀਂ ਦਿਨੀਂ ਇਥੇ ਇਕ ਵਡਾ ਨਗਰ ਵਸਦਾ ਸੀ ਜੋ ਕੌਸ਼ਲ ਨਗਰ ਦੇ ਨਾਉਂ ਨਾਲ ਪ੍ਰਸਿਧ ਸੀ।

ਸਰਕਾਰੀ ਕਾਗਜ਼ਾਂ ਵਿਚ ਇਸ ਨਗਰ ਦੇ ਨਾਉਂ ਕੁਹੜਮ (ਘੁੜਾਮ) ਵੀ ਲਿਖਿਆ ਮਿਲਦਾ ਹੈ। ਇਥੇ ਕਦੇ ਇਕ ਪ੍ਰਤਾਪੀ ਰਾਜਾ ਕੁਹੜਮ ਰਾਜ ਕੀਤਾ ਕਰਦਾ ਸੀ ਜਿਸ ਦੇ ਨਾਉਂ ਉਤੇ ਇਸ ਥਾਂ ਦਾ ਨਾਉਂ ਕੁਹੜਮ ਪੈ ਗਿਆ। ਇਸ ਪਿੰਡ ਵਿਚੋਂ ਇਕ ਪੁਰਾਣੀ ਮੋਹਰ ਮਿਲੀ ਹੈ, ਜਿਸ ਉਤੇ ਕੁਹੜਮ ਸ਼ਬਦ ਉਕਰਿਆ ਮਿਲਦਾ ਹੈ।

ਪਿੰਡ ਤੋਂ ਬਾਹਰ ਕਈ ਵਡੀਆਂ ਥੇਹਾਂ ਹਨ, ਜਿਨ੍ਹਾਂ ਦੀ ਅਜੇ ਖੁਦਾਈ ਨਹੀਂ ਕੀਤੀ ਗਈ। ਇਸ ਦੀ ਖੁਦਾਈ ਹੋਣ ਉਤੇ ਇਤਿਹਾਸ ਦੇ ਕਈ ਗਵਾਚੇ ਪੱਤਰਿਆਂ ਉਤੇ ਰੋਸ਼ਨੀ ਪੈਣ ਦੀ ਸੰਭਾਵਨਾ ਹੈ। ਇਕ ਵਡੀ ਸਾਰੀ ਥੇਹ ਉਤੇ ਪੁਰਾਣੇ ਕਿਲ੍ਹੇ ਦੇ ਨਿਸ਼ਾਨ ਮਿਲਦੇ ਹਨ। ਇਸ ਕਿਲ੍ਹੇ ਉਤੇ ਮੁਹੰਮਦ ਗੌਰੀ ਨੇ 1193 ਈ: ਵਿਚ ਕਬਜ਼ਾ ਕੀਤਾ ਸੀ। ਮੁਹੰਮਦ ਗੌਰੀ, ਇਸ ਕਿਲ੍ਹੇ ਦਾ ਪ੍ਰਬੰਧ ਆਪਣੇ ਇਕ ਗ਼ੁਲਾਮ, ਕੁਤਬ-ਉਦ-ਦੀਨ ਨੂੰ ਸੌਂਪ ਕੇ ਅਗੇ ਚਲਾ ਗਿਆ, ਇਹੋ ਗ਼ੁਲਾਮ ਪਿਛੋਂ ਦਿੱਲੀ ਦਾ ਬਾਦਸ਼ਾਹ ਬਣਿਆ।

ਘੁੜਾਮ ਪਿੰਡ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਸਭਨਾਂ ਲਈ ਤੀਰਥ ਅਸਥਾਨ ਹੈ। ਸ੍ਰੀ ਰਾਮ ਚੰਦਰ ਦਾ ਨਾਨਕਾ ਪਿੰਡ ਹੋਣ ਕਰਕੇ ਹਿੰਦੂ ਇਸਨੂੰ ਪਵਿਤ੍ਰ ਮੰਨਦੇ ਹਨ ਤੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਸਦਕਾ ਜੋ ਇਥੇ ਭੀਖਮ ਸ਼ਾਹ ਨੂੰ ਮਿਲਣ ਆਏ ਸਨ, ਜਿਸ ਘਟਨਾ ਦੀ ਯਾਦ ਵਿਚ ਇਥੇ 'ਗੁਰਦਵਾਰਾ ਮਿਲਾਪਸਰ' ਹੈ। ਰਵਾਇਤ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਸੱਯਦ ਭੀਖਮ ਸ਼ਾਹ ਨੂੰ ਮਿਲਣ ਲਈ ਇਥੇ ਪਹੁੰਚੇ ਤਾਂ ਸੱਯਦ ਨੇ ਗੁਰੂ ਜੀ ਅਗੇ ਦੋ ਮਿੱਟੀ ਦੀਆਂ ਘੜੌਲੀਆਂ ਰਖੀਆਂ। ਗੁਰੂ ਜੀ ਨੇ ਦੋਵੇਂ ਘੜੌਲੀਆਂ ਆਪਣੇ ਹੱਥਾਂ ਦੀਆਂ ਦੋਹਾਂ ਤਲੀਆਂ ਉਤੇ ਰਖ ਲਈਆਂ। ਸੱਯਦ ਦੇ ਇਕ ਚੇਲੇ ਦੇ ਪੁੱਛਣ ਉਤੇ ਕਿ ਇਨ੍ਹਾਂ ਸੰਕੇਤਾਂ ਵਿਚ ਕੀ ਰਹੱਸ ਹੈ, ਸੱਯਦ ਨੇ ਦਸਿਆ ਕਿ ਉਨ੍ਹਾਂ ਨੇ ਇਕ ਘੜੌਲੀ ਹਿੰਦੂਆਂ ਤੇ ਦੂਜੀ ਮੁਸਲਮਾਨਾਂ ਦੀ ਪ੍ਰਤੀਕ ਮਿਥੀ ਸੀ, ਤੇ ਗੁਰੂ ਜੀ ਨੇ ਦੋਹਾਂ ਤਲੀਆਂ ਉਤੇ ਦੋਹਾਂ ਘੜੌਲੀਆਂ ਨੂੰ ਬਰਾਬਰ ਰਖ ਕੇ ਦਸਿਆ ਕਿ ਉਨ੍ਹਾਂ ਲਈ ਹਿੰਦੂ ਮੁਸਲਮਾਨ ਸਭ ਇਕ ਬਰਾਬਰ ਹਨ।

ਇਥੇ ਸੱਯਦ ਭੀਖਮ ਸ਼ਾਹ ਦੀ ਮਜ਼ਾਰ ਵੀ ਹੈ, ਜਿਥੇ ਦੇਸ਼-ਵੰਡ ਤੋਂ ਪਹਿਲਾਂ, ਇਲਾਕੇ ਦੇ ਮੁਸਲਮਾਨ ਜ਼ਿਆਰਤ ਕਰਨ ਲਈ ਆਇਆ ਕਰਦੇ ਸਨ।

ਘੁੜਾਮ ਵਿਚ ਵਿਸਾਖੀ ਦੇ ਦਿਨਾਂ ਵਿਚ ਤਿੰਨ ਦਿਨਾਂ ਲਈ 'ਗੁਰਦਵਾਰਾ ਮਿਲਾਪਸਰ' ਉਤੇ ਮੇਲਾ ਲਗਦਾ ਹੈ। ਗੁਰਦਵਾਰੇ ਦੇ ਨਾਲ ਬਾਉਲੀ ਹੈ ਜਿਥੇ ਲੋਕੀਂ ਇਸ਼ਨਾਨ ਕਰਦੇ ਹਨ।

(ਘ-54) **ਘੂੰ ਘੂੰ ਚਰਖੜਿਆ :**

ਚਰਖਾ ਕੱਤਣ ਵੇਲੇ ਗਾਏ ਜਾਣ ਵਾਲ਼ ਲੋਕ-ਗੀਤ ਜੋ ਘੂੰ ਘੂੰ ਚਰਖੜਿਆ ਨਾਲ ਸ਼ੁਰੂ ਹੁੰਦੇ ਹਨ।

(ਘ-55) **ਘੂੰਈਂ :**

ਬੱਚਿਆਂ ਦੀ ਇਕ ਖੇਡ; ਬੱਚੇ ਦੋ ਕੁ ਉਂਗਲ ਚੌੜੀ ਤੇ ਗਿੱਠ ਕੁ ਲੰਮੀ ਪਤਲੀ ਫੱਟੀ ਲੈ ਕੇ ਉਸਦੇ ਸਿਰੇ ਵਲ ਮੋਰੀ ਕਰਕੇ, ਧਾਗਾ ਬੰਨ੍ਹ ਲੈਂਦੇ ਹਨ। ਧਾਗੇ ਦੇ ਸਿਰੇ ਨੂੰ ਹੱਥ ਵਿਚ ਲੈ ਕੇ ਫੱਟੀ ਨੂੰ ਹਵਾ ਵਿਚ ਘੁੰਮਾਣ ਨਾਲ ਘੂੰ ਘੂੰ ਦੀ ਮਧੁਰ ਧੁਨੀ ਨਿਕਲਦੀ ਹੈ, ਜਿਸ ਤੋਂ ਬੱਚਿਆਂ ਨੂੰ ਅਨੰਦ ਮਿਲਦਾ ਹੈ।

(ਘ-56) **ਘੂਕ ਵੇ ਚਰਖੇ ਘੂਕ :**

ਚਰਖਾ ਕੱਤਣ ਵੇਲੇ ਗਾਏ ਜਾਣ ਵਾਲੇ ਗੀਤ ਜੋ 'ਘੂਕ ਵੇ ਚਰਖੇ ਘੂਕ' ਨਾਲ ਸ਼ੁਰੂ ਹੁੰਦੇ ਹਨ। ਬਾਰ ਦੇ ਜਾਂਗਲੀਆਂ ਵਿਚ ਅਜਿਹੇ ਗੀਤ ਬੜੇ ਪ੍ਰਸਿਧ ਹਨ। ਇਨ੍ਹਾਂ ਗੀਤਾਂ ਵਿਚ ਜੀਵਨ ਦੀ ਅਧਿਆਤਮਕ ਤੇ ਰਹੱਸਮਈ ਕਹਾਣੀ ਵੀ ਸਮੂਰਤ ਕੀਤੀ ਮਿਲਦੀ ਹੈ। ਯਥਾਰਥ ਤੇ ਰਹੱਸ ਦਾ ਸੁਮੇਲ ਬੜਾ ਕਲਾਤਮਕ ਹੈ :

ਘੂਕ ਵੇ ਚਰਖੇ ਘੂਕ
ਕੱਤ ਲੈ ਨੀਂ ਕੁੜੀਏ ਪੂਣੀਆਂ ਤੇ ਗੋਹੜੇ,
ਤਕਲੇ ਦਾ ਵਲ ਖਤਾਈ ਦਾ।
ਤੂੰ ਤਾਂ ਪਾ ਨਾ ਕਤਿਆ, ਅਗੋਂ ਸੇਰ ਮੰਗੀਵਣਾ
ਉਥੇ ਕੀ ਬਣਨੀਂ ਹਿਕ ਸਰਸਾਹੀ ਦਾ।
ਸਜੇ ਰੰਜ ਪਏ ਦਫਤਰ ਲਖੀਂਦੇ ਨੇ,
ਉਥੇ ਉੜਾ ਤੇ ਬੰਨ੍ਹਾ ਨੀ ਹੂੰ ਚੋਰ ਕਮਾਈ ਦਾ।

ਸਹੁਰੇ ਤਦ ਮਨਜ਼ੂਰ ਹੋਸਣ ਜੇ,
ਪਾਸ ਲੇਖਾ ਹਟੀ ਦਾਜ ਰੰਗਾਈ ਦਾ ।
ਮੁਸ਼ਕਲ ਪੈਂਡਾ ਤੇ ਤਾਰੂ ਨਦੀਆਂ,
ਮੇਲ ਨਹੀਂ ਮਸੂਲ ਮਲਾਹੀ ਦਾ ।
ਦੀਗਰ ਕੌਲੋਂ ਮੇਰਾ ਰੂਹ ਲਖੜਾਂਦਾ ਏ,
ਜਿਵੇਂ ਜੰਮਦੇ ਬਕਰੇ ਨੂੰ,
ਰਹਿੰਦਾ ਖ਼ੌਫ ਕਸਾਈ ਦਾ ।

(ਘ-57) **ਘੁਰੇਈ :**

ਚੰਬੇ ਵਿਚ ਪ੍ਰਚਲਤ ਇਕ ਲੋਕ ਕਾਵਿ-ਰੂਪ । ਸੂਹੀ ਦੇ ਮੇਲੇ ਤੋਂ ਕੁਝ ਕੁ ਦਿਨ ਪਹਿਲਾਂ ਕੁੜੀਆਂ ਦੀਆਂ ਢਾਣੀਆਂ ਘਰਾਂ ਦੇ ਵਿਹੜਿਆਂ ਜਾਂ ਖੁਲ੍ਹੀਆਂ ਥਾਂਵਾਂ ਤੇ ਬੈਠ ਕੇ ਘੁਰੇਈ ਗਾਂਦੀਆਂ ਹਨ । ਇਹ ਗੀਤ ਕੁੜੀਆਂ ਦੋ ਟੋਲੀਆਂ ਬਣਾ ਕੇ ਗਾਂਦੀਆਂ ਹਨ । ਕੁੜੀਆਂ ਦੀ ਇਕ ਟੋਲੀ ਪਹਿਲਾਂ ਟੱਪਾ ਗਾਂਦੀ ਹੈ ਅਤੇ ਦੂਜੀ ਟੋਲੀ ਦੂਜਾ ਟੱਪਾ । ਨਾਲੋ ਨਾਲ ਨਚਦੀਆਂ ਵੀ ਜਾਂਦੀਆਂ ਹਨ । ਇਸ ਲਈ 'ਘੁਰੇਈ' ਦੇ ਗੀਤਾਂ ਨੂੰ ਨਿਰਤ-ਗੀਤ ਵੀ ਕਿਹਾ ਜਾ ਸਕਦਾ ਹੈ :

"ਗੜੱਕ ਚਮਕ ਭਾਉਆ ਮੇਘਾ ਹੋ
ਰਾਣੀ ਚੰਬਿਆਲੀ ਦੇ ਦੇਸਾ ਹੋ
ਕੀਆਂ ਗੜੱਕਾਂ, ਕੀਆਂ ਚਮਕਾਂ ਹੋ
ਹੋ ਅੰਬਰ ਭਰੇਗ ਤਾਰੇ ਹੋ ।"
"ਕਥੂਏ ਕੀ ਆਈ ਓ ਕਾਲੀ ਬਦਲੀ ਹੋ ?
ਕਥੂਏ ਦਾ ਬਰਸਿਆ ਕਾਲਾ ਮੇਘਾ ਹੋ
ਛਾਤੀ ਦੇਦੀ ਆਈ ਕਾਲੀ ਬਦਲੀ ਹੋ
ਨੈਣਾਂ ਦਾ ਬਰਸਿਆ ਮੇਘਾ ਹੋ ।"

(ਘ-58) **ਘੂਲ :**

ਇਕ ਤਰ੍ਹਾਂ ਦਾ ਭੇਤ ਭੁਲਾਵਾ, ਜੋ ਰਾਹੀਆਂ ਨੂੰ ਭਟਕਾਂਦਾ ਤੇ ਉਨ੍ਹਾਂ ਦੀਆਂ ਕਾਮਨਾਵਾਂ ਤੇ ਇਛਾਵਾਂ ਦਾ ਮੌਜੂ ਉਡਾਂਦਾ ਹੈ । ਘੂਲ ਆਪਣੀ ਇਛਾ ਅਨੁਸਾਰ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ । ਅੱਖ ਪਲਕਾਰੇ ਵਿਚ ਉਹ ਇਕ ਰੂਪ ਤੋਂ ਦੂਜੇ ਰੂਪ ਵਿਚ ਬਦਲ ਜਾਂਦਾ ਹੈ । ਬਹੁਤੀ ਵਾਰ ਉਹ ਕਿਸੇ ਜਾਨਵਰ ਦਾ ਰੂਪ ਧਾਰ ਕੇ ਕਿਸੇ ਪਹੇ ਉਤੇ ਚੱਕਰ ਕਟਦਾ ਫਿਰਦਾ ਹੈ ਤੇ ਮੁਸਾਫ਼ਰ ਉਸਨੂੰ ਫੜਨ ਦੇ ਯਤਨ ਵਿਚ ਖਜਲ ਖਵਾਰ ਹੁੰਦੇ ਹਨ ।

ਕਈ ਘੂਲ ਮਨੁੱਖ ਦਾ ਰੂਪ ਧਾਰ ਕੇ ਦੂਜੇ ਪਾਂਧੀਆਂ ਵਾਂਗ ਕਾਫ਼ਲੇ ਨਾਲ ਤੁਰ ਪੈਂਦੇ ਹਨ ਤੇ ਉਨ੍ਹਾਂ ਨੂੰ ਭਟਕਾਂਦੇ ਤੇ ਤੰਗ ਕਰਦੇ ਹਨ । ਜੇ ਕੋਈ ਇਕੱਲਾ ਦੁਕੱਲਾ ਮੁਸਾਫ਼ਰ ਘੂਲ ਨੂੰ ਉਜਾੜ ਇਲਾਕੇ ਵਿਚ ਮਿਲ ਜਾਵੇ ਤਾਂ ਉਹ ਉਸਨੂੰ ਮਾਰ ਕੇ ਵੀ ਖਾ ਜਾਂਦਾ ਹੈ । ਆਮ ਤੌਰ ਤੇ ਘੂਲ ਉਜਾੜ ਰਾਹਾਂ ਉਤੇ ਆਪਣੇ ਸ਼ਿਕਾਰ ਲਈ ਘੁੰਮਦਾ ਫਿਰਦਾ ਹੈ ।

ਮਾਦਾ ਘੂਲ ਥੱਲਾਂ ਤੇ ਉਜਾੜ ਰਾਹਾਂ ਉਤੇ ਸੁੰਦਰ ਮੁਟਿਆਰਾਂ ਦਾ ਰੂਪ ਧਾਰ ਕੇ ਮਰਦਾਂ ਨੂੰ ਭਟਕਾਂਦੀਆਂ ਤੇ ਕਈ ਵਾਰ ਉਨ੍ਹਾਂ ਨਾਲ ਕਾਮਲੋਚਾ ਵੀ ਪੂਰੀਆਂ ਕਰਦੀਆਂ ਹਨ । ਘੂਲ-ਤੀਵੀਂ ਨਾਲ ਜੇ ਮਰਦ ਆਪਣੀ ਕਾਮ-ਲੋਚਾ ਪੂਰੀ ਕਰ ਲਏ, ਉਹ ਜਾਂ ਤਾਂ ਰਹਿੰਦੀ ਉਮਰ ਨਿਪੁੰਸਕ ਬਣ ਜਾਂਦਾ ਹੈ ਜਾਂ ਫਿਰ ਛੇਤੀ ਹੀ ਕਾਲਵਸ ਹੋ ਜਾਂਦਾ ਹੈ ।

ਮੁਸਲਮਾਨਾਂ ਵਿਚ ਘੂਲ ਬਾਰੇ ਵਖਰੀ ਕਿਸਮ ਦੀ ਲੋਕਧਾਰਾ ਪ੍ਰਚਲਤ ਹੈ । ਇਕ ਰਵਾਇਤ ਅਨੁਸਾਰ ਜਦੋਂ ਸ਼ੈਤਾਨ ਨੇ ਸਭ ਤੋਂ ਹੇਠਲੀ ਜੰਨਤ ਦੀ ਹੱਦ ਉਤੇ ਖਲੋ ਕੇ ਜੰਨਤ ਦੀਆਂ ਅੰਦਰਲੀਆਂ ਗੱਲਾਂ ਚੋਰੀ ਸੁਣਨ ਦੀ ਕੋਸ਼ਿਸ਼ ਕੀਤੀ ਤਾਂ ਆਕਾਸ਼ ਵਿਚੋਂ ਅਨੇਕਾਂ ਤਾਰੇ ਟੁਟ ਕੇ ਸ਼ੈਤਾਨ ਉਪਰ ਆ ਡਿਗੇ । ਕੁਝ ਤਾਂ ਸੜ ਕੇ ਸਵਾਹ ਹੋ ਗਏ, ਕੁਝ ਸਮੁੰਦਰ ਵਿਚ ਜਾ ਡਿਗੇ ਤੇ ਮਗਰਮੱਛ ਬਣ ਗਏ ਅਤੇ ਜੋ ਧਰਤੀ ਉਤੇ ਡਿਗੇ ਉਹ 'ਘੂਲ' ਬਣ ਗਏ । ਇਹ ਵੀ ਕਿਹਾ ਜਾਂਦਾ ਹੈ ਕਿ 'ਘੂਲ' ਅਬਲੀਸ ਦੀ ਔਲਾਦ ਹਨ । ਰਵਾਇਤ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਤੇ ਉਨ੍ਹਾਂ ਦੇ ਕਈ ਨਿਕਟਵਰਤੀਆਂ ਨੇ ਮੁਸਾਫ਼ਰੀ ਦੇ ਦਿਨੀਂ ਘੂਲ ਵੇਖੇ । ਹਜ਼ਰਤ ਉਮਰ ਨੂੰ ਸੀਰੀਆ ਵਿਚ ਜਾਂਦਿਆਂ ਰਾਹ ਵਿਚ 'ਘੂਲ' ਮਿਲਿਆ ਸੀ ।

ਕਈਆਂ ਦਾ ਖ਼ਿਆਲ ਹੈ ਕਿ 'ਘੂਲ' ਉਹੋ ਜਿੰਨ ਭੂਤ ਹੁੰਦੇ ਹਨ ਜੋ ਇਛਾ ਅਨੁਸਾਰ ਰੂਪ ਧਾਰਨ ਕਰ ਲੈਂਦੇ ਹਨ ।

(ਘ-59) **ਘੇਸੂ :**

ਬਾਜਰੇ, ਚਰ੍ਹੀ ਜਾਂ ਜਵਾਰ ਦੇ ਸੁੱਕੇ ਟਾਂਡਿਆਂ ਦਾ ਬਣਾਇਆ ਪੂਲਾ, ਜਿਸ ਨੂੰ ਦੀਵਾਲੀ ਵਾਲੀ ਰਾਤ ਅੱਗ ਲਾ ਕੇ ਬਾਲਿਆ ਜਾਣਾ ਸ਼ੁਭ ਮੰਨਿਆ ਗਿਆ ਹੈ । ਇਸ ਪਿਛੋਂ ਨਿਰਮਲ ਜਲ ਨਾਲ ਇਸ਼ਨਾਨ ਕੀਤਾ ਜਾਂਦਾ ਹੈ ।

(ਘ-60) **ਘੇਬ :**

ਪੱਛਮੀ ਪੰਜਾਬ ਵਿਚ, ਜ਼ਿਲਾ ਅੱਟਕ ਵਿਚ ਇਕ ਇਲਾਕਾ, ਜੋ ਕਦੇ ਘੇਬਿਆਂ ਦਾ ਗੜ੍ਹ ਸੀ । ਅੱਜ ਕਲ੍ਹ ਘੇਬੇ ਫ਼ਤਹਜੰਗ ਤਹਿਸੀਲ ਦੇ ਦੱਖਣੀ ਹਿੱਸੇ ਵਿਚ ਰਹਿੰਦੇ ਹਨ । ਪਿੰਡੀ ਘੇਬ ਤੇ ਉਸਦੇ ਪੂਰਬੀ ਭਾਗ ਵਿਚ ਜੋਧੜਾ ਕਬੀਲੇ ਦੇ ਲੋਕ ਵਸਦੇ ਹਨ । ਕਿਹਾ ਜਾਂਦਾ ਹੈ ਕਿ ਪਿੰਡੀ ਘੇਬ (ਤਹਿਸੀਲ ਫ਼ਤਹਜੰਗ, ਜ਼ਿਲਾ ਰਾਵਲਪਿੰਡੀ) ਨਾਉਂ ਦਾ ਨਗਰ ਘੇਬਿਆਂ ਨੇ ਨਹੀਂ, ਬਲਕਿ ਜੋਧੜਿਆਂ ਨੇ ਹੀ ਵਸਾਇਆ ਸੀ ।

(ਘ-61) **ਘੇਬੇ :**

ਘੇਬੇ ਪੱਛਮੀ ਪੰਜਾਬ ਦੇ ਜ਼ਿਲੇ ਅਟਕ ਵਿਚ ਫ਼ਤਹਜੰਗ ਤੇ ਪਿੰਡੀ ਘੇਬ ਤਹਿਸੀਲ ਵਿਚ ਮਿਲਦੇ ਹਨ। ਇਨ੍ਹਾਂ ਦੇ ਨਾਉਂ ਉਤੇ ਹੀ ਇਸ ਇਲਾਕੇ ਨੂੰ, ਘੇਬ ਦਾ ਇਲਾਕਾ ਵੀ ਕਿਹਾ ਜਾਂਦਾ ਹੈ।

ਘੇਬਿਆਂ ਦੇ ਅਸਲ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਉਹ ਆਪਣੇ ਆਪ ਨੂੰ ਮੁਗ਼ਲਾਂ ਦੀ ਔਲਾਦ ਦਸਦੇ ਹਨ ਤੇ ਮਾਲਗੁਜ਼ਾਰੀ ਦੇ ਕਾਗ਼ਜ਼ਾਂ ਵਿਚ ਮੁਗ਼ਲ ਹੀ ਲਿਖਵਾਂਦੇ ਹਨ। ਮਰਦਮ ਸ਼ੁਮਾਰੀ ਵੇਲੇ ਵੀ ਉਨ੍ਹਾਂ ਆਪਣੇ ਆਪ ਨੂੰ ਮੁਗ਼ਲ ਹੀ ਲਿਖਵਾਇਆ। ਉਨ੍ਹਾਂ ਦੇ ਕਥਨ ਅਨੁਸਾਰ ਉਨ੍ਹਾਂ ਦਾ ਨਾਉਂ ਘੇਬਾ ਪਿੰਡੀ ਘੇਬ ਦੇ ਇਲਾਕੇ ਵਿਚ ਰਹਿਣ ਕਰਕੇ ਪੈ ਗਿਆ। ਕਈ ਘੇਬੇ ਤਾਂ ਇਸ ਨਾਉਂ ਦੀ ਵਰਤੋਂ ਦਾ ਵੀ ਵਿਰੋਧ ਕਰਦੇ ਹਨ।

'ਗਲਾਸਰੀ' ਅਨੁਸਾਰ ਇਹ ਰਾਜਪੂਤ ਕਬੀਲਿਆਂ ਵਿਚੋਂ ਹਨ। ਰਵਾਇਤ ਹੈ ਕਿ ਪ੍ਰਸਿਧ ਰਾਜਪੂਤ ਰਾਏ ਸ਼ੰਕਰ ਪੰਵਾਰ ਦੇ ਤਿੰਨ ਪੁੱਤਰ ਘਿਓ, ਸਿਓ ਤੇ ਟਿਓ ਸਨ। (ਗਲਾਸਰੀ ਅਨੁਸਾਰ ਘਿਓ, ਸੇਨੋਂ ਤੇ ਤੇਨੋਂ) ਜਿਨ੍ਹਾਂ ਦੀ ਔਲਾਦ ਤਰਤੀਬਵਾਰ ਘੇਬੇ, ਸਿਆਲ ਤੇ ਟਿਵਾਣੇ ਅਖਵਾਈ।

ਕਿਹਾ ਜਾਂਦਾ ਹੈ ਕਿ ਘੇਬੇ ਸਿਆਲਾਂ ਤੇ ਟਿਵਾਣਿਆਂ ਦੇ, ਕਾਫ਼ੀ ਸਮੇਂ ਬਾਅਦ ਪੰਜਾਬ ਵਿਚ ਆ ਕੇ ਵਸੇ ਅਤੇ ਉਨ੍ਹਾਂ ਨੇ ਫ਼ਤਹਜੰਗ ਤੇ ਪਿੰਡੀ ਘੇਬ ਦੇ ਪਹਾੜੀ ਇਲਾਕੇ ਨੂੰ ਹੀ ਆਪਣੇ ਨਿਵਾਸ ਲਈ ਚੁਣਿਆ। ਇਥੇ ਰਹਿਣ ਲਈ ਉਨ੍ਹਾਂ ਨੂੰ ਅਵਾਣਾਂ ਤੇ ਗੱਖੜਾਂ ਨਾਲ ਟੱਕਰ ਲੈਣੀ ਪਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਘੇਬਿਆਂ ਦਾ ਇਸ ਇਲਾਕੇ ਉਤੇ ਪੂਰਾ ਰਾਜ ਅਧਿਕਾਰ ਰਿਹਾ।

ਇਹ ਵੀ ਕਿਹਾ ਜਾਂਦਾ ਹੈ ਕਿ ਘੇਬੇ ਜੋਧੜਾ ਕਬੀਲੇ ਦੀ ਹੀ ਇਕ ਸ਼ਾਖ ਹਨ। ਜੋਧੜੇ ਕਬੀਲੇ ਦੇ ਕੁਝ ਲੋਕਾਂ ਦਾ ਆਪੋ ਵਿਚ ਕਿਸੇ ਗੱਲੋਂ ਝਗੜਾ ਹੋ ਗਿਆ ਅਤੇ ਇਹ ਲੋਕ ਉਨ੍ਹਾਂ ਨਾਲੋਂ ਵਖ ਹੋ ਕੇ ਘੇਬੇ ਅਖਵਾਏ।

ਘੇਬੇ ਖ਼ਾਨਦਾਨ ਦਾ ਇਤਿਹਾਸ ਸਰ ਲੇਪਲ ਹਾਰਿਫ਼ਨ ਨੇ 'ਪੰਜਾਬ ਚੀਫ਼ਜ਼ ਪੰਨਾ 538' ਵਿਚ ਸੁਵਿਸਥਾਰ ਦਿਤਾ ਹੈ।

ਘੇਬੇ ਬੜੇ ਹੱਡ ਭੰਨ, ਮਿਹਨਤੀ ਤੇ ਉਤਸ਼ਾਹੀ ਲੋਕ ਹਨ।

(ਘ-62) **ਘੇਰ ਘੁਮੰਡ :**

ਧਨੀ ਪੋਠੋਹਾਰ ਵਿਚ ਪ੍ਰਚਲਤ ਇਕ ਖੇਡ, ਜੋ ਡੰਡਿਆਂ ਨਾਲ ਖੇਡੀ ਜਾਂਦੀ ਹੈ। ਇਕ ਚੌੜੀ ਖੁਤੀ ਵਿਚ ਦੋ ਖਿਡਾਰੀ ਆਪੋ ਆਪਣੇ ਡੰਡੇ ਟਿਕਾ ਦੇਂਦੇ ਹਨ ਅਤੇ ਤੀਜਾ ਖਿਡਾਰੀ ਆਪਣਾ ਡੰਡਾ ਦੋਹਾਂ ਖਿਡਾਰੀਆਂ ਦੇ ਡੰਡਿਆਂ ਵਿਚ ਰਖ ਕੇ ਜ਼ੋਰ ਨਾਲ ਘੁਮਾਉਂਦਾ ਹੈ। ਪਹਿਲੇ ਦੋਵੇਂ ਖਿਡਾਰੀ ਇਸ ਗੱਲ ਲਈ ਸਾਵਧਾਨ ਰਹਿੰਦੇ ਹਨ ਕਿ ਉਨ੍ਹਾਂ ਦਾ ਡੰਡਾ ਖੁੱਤੀ ਵਿਚੋਂ ਬਾਹਰ ਨਾ ਨਿਕਲੇ, ਜਿਸ ਦਾ ਡੰਡਾ ਖੁੱਤੀ ਵਿਚੋਂ ਬਾਹਰ ਨਿਕਲ ਜਾਵੇ ਉਸਦੀ ਹਾਰ ਹੋ ਜਾਂਦੀ ਹੈ। ਇਸ ਖੇਡ ਵਿਚ ਖਿਡਾਰੀ ਆਪਣਾ ਸਾਰਾ ਜ਼ੋਰ ਡੰਡੇ ਨੂੰ ਖੁੱਤੀ ਵਿਚ ਟਿਕਾ ਕੇ, ਰੱਖਣ ਲਈ ਲਗਾਉਂਦਾ ਹੈ। ਘੁਮਾਣ ਦੀ ਇਸ ਕਿਰਿਆ ਨੂੰ 'ਟੋਕਲਾ ਦੇਣਾ' ਕਹਿੰਦੇ ਹਨ।

ਇਸ ਖੇਡ ਨੂੰ ਲੱਲ੍ਹੇ ਵੀ ਕਹਿੰਦੇ ਹਨ (ਵੇਖੋ : ਲੱਲੇ)।

(ਘ-63) **ਘੇਰਨੀ :**

ਇਕ ਖ਼ਾਸ ਤਰ੍ਹਾਂ ਦੀ ਬਣੀ ਚਰਖੜੀ, ਜਿਸ ਉਤੇ ਪੁਰਾਣੇ ਵੇਲਿਆਂ ਵਿਚ, ਖ਼ਾਸ ਤੌਰ ਤੇ ਮੁਗ਼ਲਾਂ ਦੇ ਰਾਜ ਸਮੇਂ, ਅਪਰਾਧੀਆਂ ਨੂੰ ਚੜ੍ਹਾ ਕੇ ਸਜ਼ਾ ਦਿਤੀ ਜਾਂਦੀ ਸੀ।

(ਘ-64) **ਘੋਗਾ :**

ਸਮੁੰਦਰ ਦੇ ਕੰਢੇ ਮਿਲਣ ਵਾਲੇ ਛੋਟੇ ਵਡੇ ਸੰਖ ਤੇ ਕੌਡਾਂ ਆਦਿ। ਇਹ ਨਿੱਕੇ ਨਿੱਕੇ ਜਲ ਜੀਵਾਂ ਦੀਆਂ ਹੱਡੀਆਂ, ਖੋਲ ਜਾਂ ਘਰੌਂਦੇ ਹੁੰਦੇ ਹਨ। ਜਲ ਵਿਚ ਰਹਿਣ ਕਰਕੇ ਇਨ੍ਹਾਂ ਨੂੰ ਪਵਿਤ੍ਰ ਮੰਨਿਆ ਜਾਂਦਾ ਹੈ ਅਤੇ ਪੂਜਾ ਸਮੇਂ ਵਰਤਿਆ ਜਾਂਦਾ ਹੈ। ਕੌਡਾਂ ਘੋਗਿਆਂ ਨੂੰ ਚੰਦਰੀ ਨਜ਼ਰ ਤੋਂ ਰੱਖਿਆ ਲਈ ਤਵੀਤ ਵਜੋਂ ਵੀ ਵਰਤਿਆ ਜਾਂਦਾ ਹੈ (ਵੇਖੋ : ਕੌਡਾਂ, ਸੰਖ)।

(ਘ-65) **ਘੋਲ ਪਿਲਾਉਣਾ :**

ਇਕ ਤਰ੍ਹਾਂ ਦਾ ਜਾਦੂ-ਟੂਣਾ; ਕਿਸੇ ਸ਼ਖ਼ਸ ਨੂੰ ਨੁਕਸਾਨ ਪਹੁੰਚਾਣ ਲਈ, ਜਾਂ ਆਪਣੇ ਵਸ ਵਿਚ ਕਰਨ ਲਈ ਤਵੀਤ ਨੂੰ, ਪਾਣੀ ਅਥਵਾ ਕਿਸੇ ਹੋਰ ਤਰਲ ਪਦਾਰਥ ਵਿਚ ਘੋਲ ਕੇ ਪਿਲਾਉਣ ਦੀ ਕਿਰਿਆ। ਇਨ੍ਹਾਂ ਤਵੀਤਾਂ ਨੂੰ ਮੰਤ੍ਰ ਪੜ੍ਹ ਕੇ ਤਿਆਰ ਕੀਤਾ ਜਾਂਦਾ ਹੈ ਤੇ ਪੀਣ ਵਾਲੇ ਉਤੇ ਉਸ ਮੰਤ੍ਰ ਦਾ ਅਸਰ ਹੋ ਜਾਂਦਾ ਹੈ (ਵੇਖੋ : ਜਾਦੂ-ਟੂਣਾ)।

(ਘ-66) **ਘੋੜ ਸੂਲ :**

ਵਿਆਹ ਵੇਲੇ ਦੀ ਇਕ ਰਸਮ।

(ਘ-67) **ਘੋੜਾ :**

ਘੋੜਾ ਭਾਰਤ ਦਾ ਪ੍ਰਾਚੀਨ ਜਾਨਵਰ ਹੈ। ਜੋ ਪੰਜਾਬੀ ਸਭਿਆਚਾਰ ਦਾ ਮੁਢ ਕਦੀਮ ਤੋਂ ਹੀ ਇਕ ਅਹਿਮ ਅੰਗ ਬਣਿਆ ਹੋਇਆ ਹੈ। ਪਸ਼ੂਆਂ ਵਿਚੋਂ ਘੋੜੇ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਪੰਜਾਬੀਆਂ ਦੇ ਅਨੇਕਾਂ ਸੁਪਨੇ ਤਾਂ ਘੋੜਿਆਂ ਨਾਲ ਜੁੜੇ ਰਹੇ ਹਨ। ਪੰਜਾਬ ਦੇ ਬੀਰ ਲੋਕ ਤਾਂ ਘੋੜਿਆਂ ਨੂੰ ਪੁੱਤਰਾਂ ਨਾਲੋਂ ਵਧ ਪਿਆਰ ਤੇ ਮੁਹੱਬਤ

ਦੇਂਦੇ ਤੇ ਖ਼ੁਰਾਕ ਨਾਲ ਪਾਲਦੇ ਰਹੇ ਹਨ। ਪੁਰਾਣਿਕ ਕਥਾਵਾਂ ਅਨੁਸਾਰ ਘੋੜਾ ਅੰਮ੍ਰਿਤ-ਮੰਥਨ ਵੇਲੇ ਹੋਰ ਰਤਨਾਂ ਦੇ ਨਾਲ ਮਾਗਰ ਵਿਚੋਂ ਨਿਕਲਿਆ। ਸਫ਼ੇਦ ਰੰਗ ਦਾ ਹੋਣ ਕਰਕੇ, ਇਸ ਘੋੜੇ ਦਾ ਨਾਉਂ 'ਉਚੈ: ਸ੍ਰਵਸ' ਰਖਿਆ ਗਿਆ। ਇਹ ਸਭ ਘੋੜਿਆਂ ਦਾ ਰਾਜਾ ਮੰਨਿਆ ਜਾਂਦਾ ਹੈ। ਇਹ ਇੰਦਰਪੁਰੀ ਵਿਚ ਰਹਿੰਦਾ ਹੈ ਤੇ ਇੰਦਰ ਇਸਦੀ ਸਵਾਰੀ ਕਰਦਾ ਹੈ। ਰਵਾਇਤ ਹੈ ਸੰਸਾਰ ਦੇ ਸਭ ਘੋੜੇ ਇਸੇ ਘੋੜੇ ਦੀ ਵੰਸ਼ਜ ਹਨ।

ਵੈਦਿਕ ਕਾਲ ਵਿਚ ਘੋੜੇ ਦੀ ਬਲੀ ਸਭ ਤੋਂ ਉੱਤਮ ਮੰਨੀ ਜਾਂਦੀ ਸੀ ਅਤੇ ਅਸ਼ਵਮੇਧ (ਘੋੜੇ ਦਾ ਯੱਗ) ਸਭ ਤੋਂ ਵਡਾ ਯੱਗ। ਪੌਰਾਣਿਕ ਕਾਲ ਵਿਚ, ਇਹ ਯੱਗ, ਰਾਜੇ ਸੰਤਾਨ ਪ੍ਰਾਪਤੀ ਦੀ ਇਛਾ ਨਾਲ ਕੀਤਾ ਕਰਦੇ ਸਨ ਅਤੇ ਰਾਜੇ ਦੀਆਂ ਰਾਣੀਆਂ, ਬਲੀ ਚਾੜ੍ਹੇ ਗਏ ਘੋੜੇ ਦੀ ਮ੍ਰਿਤਕ ਦੇਹ ਕੋਲ ਬੈਠ ਕੇ ਰਾਤ ਕਟਦੀਆਂ ਸਨ। ਬੀਰ ਕਾਲ ਵਿਚ ਚਕਰਵਰਤੀ ਰਾਜੇ ਅਸ਼ਵਮੇਧ ਕਰਦੇ। ਇਸ ਯੱਗ ਵਿਚ ਲੰਮੀਆਂ ਰੀਤਾਂ ਪਿਛੋਂ ਇਕ ਘੋੜੇ ਨੂੰ ਖੁਲ੍ਹਾ ਛਡ ਦਿਤਾ ਜਾਂਦਾ। ਰਾਜੇ ਦੀ ਸੈਨਾ ਉਸਦੇ ਪਿਛੇ ਪਿਛੇ ਹੁੰਦੀ, ਜਿਧਰੋਂ ਵੀ ਘੋੜਾ ਲੰਘਦਾ, ਉਹ ਇਲਾਕਾ ਭਾਵੇਂ ਕਿਸੇ ਵੀ ਰਾਜੇ ਦਾ ਹੋਵੇ, ਉਸ ਉਤੇ ਅਸ਼ਵਮੇਧ ਕਰਨ ਵਾਲੇ ਰਾਜੇ ਦਾ ਅਧਿਕਾਰ ਹੋ ਜਾਂਦਾ। ਜਿਹੜਾ ਰਾਜਾ ਇਸ ਗੱਲ ਲਈ ਰਜ਼ਾਮੰਦ ਨਾ ਹੁੰਦਾ ਉਹ ਘੋੜੇ ਨੂੰ ਪਕੜ ਲੈਂਦਾ ਤੇ ਅਸ਼ਵਮੇਧ ਕਰਨ ਵਾਲਾ ਰਾਜਾ ਉਸ ਰਾਜੇ ਨਾਲ ਯੁੱਧ ਕਰਦਾ। ਸਾਲ ਪਿਛੋਂ ਇਸ ਘੋੜੇ ਦੀ ਬਲੀ ਦਿਤੀ ਜਾਂਦੀ। ਧਾਰਨਾ ਸੀ ਕਿ ਇਕ ਸੌ ਅਸ਼ਵਮੇਧ ਕਰਨ ਵਾਲਾ ਰਾਜਾ ਸਾਰੇ ਵਿਸ਼ਵ ਦਾ ਸਮਰਾਟ ਬਣ ਜਾਂਦਾ ਹੈ ਤੇ ਅਗਲੇ ਲੋਕ ਵਿਚ ਉਸਨੂੰ ਇੰਦਰ ਦਾ ਤਖ਼ਤ ਮਿਲਦਾ ਹੈ। ਸੌ ਸੀਰ ਕਾਲ ਵਿਚ ਘੋੜਾ ਸ਼ਕਤੀ ਦਾ ਬੋਧਿਕ ਸੀ ਅਤੇ ਕਈ ਰਾਜੇ ਅਸ਼ਵ-ਪਤੀ ਦੀ ਉਪਾਧੀ, ਮਾਣ ਨਾਲ ਗ੍ਰਹਿਣ ਕੀਤਾ ਕਰਦੇ ਸਨ। ਵੇਦਾਂ ਵਿਚ 'ਬਹਿਲਕਾ' ਦਾ ਜ਼ਿਕਰ ਆਉਂਦਾ ਹੈ। ਕਈਆਂ ਦਾ ਖ਼ਿਆਲ ਹੈ ਕਿ ਇਹ ਸ਼ਬਦ ਬਲੱਖ ਤੇ ਵਧੀਆ ਘੋੜਿਆਂ ਲਈ ਵਰਤਿਆ ਗਿਆ। ਮਹਾਂਭਾਰਤ ਵਿਚ ਰੱਤਾਰੀ ਘੋੜਿਆਂ ਵਲ ਸੰਕੇਤ ਮਿਲਦੇ ਹਨ। ਮੁਸਲਮਾਨੀ ਹੱਲਿਆਂ ਸਮੇਂ ਤੁਰਕਸਤਾਨ ਤੋਂ ਘੋੜਿਆਂ ਦੀ ਕਈ ਵਧੀਆ ਨਸਲਾਂ ਪੰਜਾਬ ਆਈਆਂ। ਮੁਗਲਾਂ ਦੇ ਸਮੇਂ ਧਨੀ ਦਾ ਇਲਾਕਾ ਵਧੀਆ ਨਸਲ ਦੇ ਘੋੜਿਆਂ ਲਈ ਬੜਾ ਪ੍ਰਸਿਧ ਸੀ। ਕੁਝ ਸਿੱਖ ਗੁਰੂ-ਵਿਅਕਤੀ ਚੰਗੀ ਨਸਲ ਦੇ ਘੋੜਿਆਂ ਵਿਚ ਖ਼ਾਸ ਦਿਲਚਸਪੀ ਪ੍ਰਗਟ ਕਰਦੇ ਰਹੇ। ਇਤਿਹਾਸ ਦਸਦਾ ਹੈ ਕਿ ਬਿੱਧੀ ਚੰਦ, ਪ੍ਰਦੇਸਾਂ ਵਿਚੋਂ ਗੁਰੂ ਘਰ ਲਈ ਘੋੜੇ ਖ਼ਰੀਦ ਕੇ ਲਿਆਇਆ ਸੀ। ਇਕ ਸਾਖੀ ਅਨੁਸਾਰ ਭਾਈ ਗੁਰਦਾਸ ਵੀ ਘੋੜੇ ਖ਼ਰੀਦਣ ਲਈ ਕਾਬਲ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਤਾਂ ਵਧੀਆ ਘੋੜਿਆਂ ਦੇ ਖ਼ਾਸ ਸ਼ੌਕੀਨ ਸਨ। ਉਨ੍ਹਾਂ ਦਾ ਨੀਲਾ ਘੋੜਾ ਬੜਾ ਪ੍ਰਸਿਧ ਹੈ। ਮਹਾਰਾਜਾ ਰਣਜੀਤ ਸਿੰਘ ਨੇ ਚੰਗੀ ਨਸਲ ਦੇ ਘੋੜਿਆਂ ਦੀ ਪੈਦਾਇਸ਼ ਵਲ ਉਚੇਚਾ ਧਿਆਨ ਦਿਤਾ। ਆਵਾਜਾਈ ਦੇ ਆਧੁਨਿਕ ਸਾਧਨਾਂ ਦੇ ਵਧਣ ਨਾਲ ਘੋੜੇ ਆਪਣੀ ਮਹਾਨਤਾ ਗੰਵਾ ਬੈਠੇ ਹਨ।

ਘੋੜੇ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ਼ ਤੇ ਭਰਮ ਵਹਿਮ ਜੁੜੇ ਹੋਏ ਹਨ। ਹਿੰਦੂ ਨਵਾਂ ਭਾਂਡਾ ਪਹਿਲਾਂ ਘੋੜੇ ਨੂੰ ਸੁੰਘਾ ਕੇ ਵਰਤਦੇ ਹਨ। ਇਸ ਤਰ੍ਹਾਂ ਭਾਂਡਾ ਪਵਿਤਰ ਹੋਣ ਤੋਂ ਇਲਾਵਾ ਕਾਫ਼ੀ ਸੁਹੰਢਣਾ ਹੋ ਜਾਂਦਾ ਹੈ। ਇਸ ਨਿਸਚੇ ਦਾ ਆਧਾਰ ਇਹ ਜਾਪਦਾ ਹੈ ਕਿ ਘੋੜਾ ਚੌਦਾਂ ਰਤਨਾਂ ਵਿਚੋਂ ਇਕ ਹੋਣ ਕਰਕੇ ਪਵਿਤ੍ਰ ਹੈ ਤੇ ਪਾਵਨ ਵਸਤੂ ਨੂੰ ਛੂਹੀ ਚੀਜ਼ ਸਦਾ ਪਵਿਤ੍ਰ ਰਹਿੰਦੀ ਹੈ। ਇਸ ਲਈ ਘੋੜੇ ਨੂੰ ਸੁੰਘਾ ਕੇ ਵਰਤਿਆ ਭਾਂਡਾ ਨੀਵੀਆਂ ਜਾਤਾਂ ਦੇ ਛੂਹ ਜਾਣ ਨਾਲ ਵੀ ਅਭਿਟ ਰਹਿੰਦਾ ਹੈ।

ਘੋੜੇ ਦੇ ਸਰੀਰ ਦੇ ਰੰਗਾਂ, ਨਿਸ਼ਾਨਾਂ ਤੇ ਚਿਹਨ ਚਕਰਾਂ ਨਾਲ ਵੀ ਕਾਫ਼ੀ ਸਾਰੇ ਵਿਸ਼ਵਾਸ਼ ਜੁੜੇ ਹੋਏ ਹਨ। ਕੁਝ ਨਿਸ਼ਾਨ ਸ਼ੁਭ ਦਸੇ ਗਏ ਹਨ ਅਤੇ ਕੁਝ ਅਸ਼ੁਭ। ਜੇ ਘੋੜੇ ਦੇ ਮੱਥੇ ਉਤੇ ਤਾਰੇ ਵਰਗਾ ਚਿੱਟਾ ਨਿਸ਼ਾਨ ਹੋਵੇ, ਜਿਸ ਨੂੰ 'ਤਾਰਾ ਪੇਸ਼ਾਨੀ' ਕਹਿੰਦੇ ਹਨ, ਤਾਂ ਘੋੜਾ ਆਪਣੇ ਮਾਲਕ ਲਈ ਅਸ਼ੁਭ ਹੈ। ਜਿਸ ਘੋੜੇ ਦੀਆਂ ਲੱਤਾਂ ਦਾ ਰੰਗ ਬਾਕੀ ਸਰੀਰ ਨਾਲੋਂ ਵਖਰਾ ਹੋਵੇ, ਉਸ ਘੋੜੇ ਨੂੰ 'ਅਰਗਲ' ਕਿਹਾ ਜਾਂਦਾ ਹੈ। ਜੇ ਅਰਗਲ ਘੋੜੇ ਦੀਆਂ ਚਾਰੇ ਲੱਤਾਂ ਵਖੋ ਵਖਰੇ ਰੰਗ ਦੀਆਂ ਹੋਣ ਤਾਂ ਸ਼ੁਭ, ਨਹੀਂ ਤਾਂ ਅਸ਼ੁਭ। 'ਪੰਜ ਕਲਿਆਨੀ' ਘੋੜਾ ਨਿਸ਼ਾਨਾਂ ਦੇ ਪਖੋਂ ਸਭ ਤੋਂ ਵਧੀਆ ਤੇ ਸੁਲੱਖਣਾ ਮੰਨਿਆ ਜਾਂਦਾ ਹੈ। ਮਾਲਕ ਦੇ ਘਰ ਵਲਾਂ-ਛਲਾਂ ਹੋ ਜਾਂਦੀਆਂ ਹਨ। ਪੰਜ ਕਲਿਆਨੀ ਘੋੜੇ ਦੇ ਚੁਹਾਂ ਖੁਰਾਂ ਉਤੇ ਚਾਰ ਚਿੱਟੇ ਨਿਸ਼ਾਨ ਅਥਵਾ ਫੁੱਲ ਹੁੰਦੇ ਹਨ ਤੇ ਪੰਜਵਾਂ ਫੁੱਲ ਮੱਥੇ ਉਤੇ। ਚਾਰ ਚਿੱਟੇ ਫੁੱਲ ਵੀ ਸ਼ੁਭ ਮੰਨੇ ਜਾਂਦੇ ਹਨ। ਦੋ ਫੁੱਲ ਚੰਗੇ ਨਹੀਂ ਹੁੰਦੇ, ਪਰ ਸਿਰਫ਼ ਇਕ ਫੁੱਲ ਤਾਂ ਬਹੁਤ ਹੀ ਭਾਰੂ ਤੇ ਕੁਲੱਖਣਾ ਮੰਨਿਆ ਜਾਂਦਾ ਹੈ।

ਕਈ ਘੋੜਿਆਂ ਦੇ ਜੁੱਸੇ ਉਤੇ ਘੇਰੇ ਜਿਹੇ ਉਘੜੇ ਹੁੰਦੇ ਹਨ, ਜਿਨ੍ਹਾਂ ਨੂੰ ਭੌਂਵਰੀਆਂ ਕਹਿੰਦੇ ਹਨ। ਭੌਂਵਰੀਆਂ ਵਾਲਾ ਘੋੜਾ ਸ਼ੁਭ ਨਹੀਂ ਮੰਨਿਆ ਜਾਂਦਾ। ਜੇ ਭੌਂਵਰੀਆਂ ਦੁਮ ਦੇ ਨੇੜੇ ਹੋਣ ਤਾਂ ਅਜਿਹੇ ਘੋੜੇ ਨੂੰ ਖ਼ਰੀਦਣਾ ਮੌਤ ਨੂੰ ਵਿਹਾਜਣ ਤੁਲ ਸਮਝਿਆ ਜਾਂਦਾ ਹੈ।

ਘੋੜੇ ਦੇ ਗਲੇ ਉਤੇ ਖਰ੍ਹਵੇ ਵਾਲਾਂ ਦੀ ਇਕ ਧਾਰੀ, ਖੰਭਾਂ ਵਾਂਗ ਫੈਲੀ ਹੁੰਦੀ ਹੈ, ਜਿਸ ਨੂੰ ਨਾਗਣੀਆਂ ਕਹਿੰਦੇ ਹਨ। ਜੇ ਇਹ ਘੋੜੇ ਦੇ ਗਲੇ ਦੇ ਦੋਹੀਂ ਪਾਸੀਂ ਅਯਾਲ

ਦੇ ਹੇਠਾਂ ਹੋਵੇ ਤਾਂ ਬਹੁਤ ਚੰਗੀ ਮੰਨੀ ਜਾਂਦੀ ਹੈ। ਜੇ ਇਹ ਧਾਰੀਆਂ ਦੋ ਹੋਣ ਅਤੇ ਕੰਨਾਂ ਵਲ ਮੋੜਾ ਖਾ ਰਹੀਆਂ ਹੋਣ ਤਾਂ ਇਹ ਬੜਾ ਸ਼ੁਭ ਚਿੰਨ੍ਹ ਹੈ। ਜੇ ਇਕ ਹੀ ਹੋਵੇ ਤਾਂ ਵੀ ਘੋੜਾ ਚੰਗਾ ਹੀ ਸਮਝਿਆ ਜਾਂਦਾ ਹੈ, ਪਰ ਜੇ ਇਹ ਧਾਰੀ ਸਵਾਰ ਵਲ ਖ਼ਮ ਖਾਂਦੀ ਹੋਵੇ ਤਾਂ ਇਸਨੂੰ 'ਸੱਪਣੀ' ਕਹਿੰਦੇ ਹਨ ਤੇ ਇਹ ਨਿਸ਼ਾਨ ਸੱਪ ਵਾਂਗ ਖ਼ਤਰਨਾਕ ਹੁੰਦਾ ਹੈ। ਅਜਿਹੇ ਘੋੜੇ ਤੋਂ ਡਿਗਿਆ ਸਵਾਰ ਕਦੇ ਬਚਦਾ ਨਹੀਂ।

ਰੰਗਾਂ ਦੇ ਆਧਾਰ ਉਤੇ ਵੀ ਘੋੜੇ ਦੇ ਨਾਉਂ ਪੈ ਗਏ ਹਨ। ਰੰਗਾਂ ਦੇ ਪੱਖੋਂ ਸਭ ਤੋਂ ਵਧੀਆ ਘੋੜਾ 'ਨੀਲਾ' ਹੈ ਜੋ ਬੱਦਲਾਂ ਵਰਗਾ ਸਫ਼ੇਦ ਹੁੰਦਾ ਹੈ। ਇਹ ਘੋੜਾ ਬੜਾ ਪਵਿਤ੍ਰ ਤੇ ਸ਼ੁਭ ਮੰਨਿਆ ਜਾਂਦਾ ਹੈ ਤੇ ਨੀਲਾ ਉਸ ਘੋੜੇ ਦੀ ਵੰਸ਼ ਦਸਿਆ ਜਾਂਦਾ ਹੈ, ਜੋ ਸਮੁੰਦਰ ਰਿੜਕਨ ਵੇਲੇ ਰਤਨਾਂ ਵਜੋਂ ਨਿਕਲਿਆ। ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਵੀ ਇਸੇ ਰੰਗ ਦਾ ਸੀ।

ਗੂੜ੍ਹੇ ਲਾਖੀ ਰੰਗ ਦੇ ਘੋੜੇ ਨੂੰ 'ਕੁਮੈਤ' ਕਹਿੰਦੇ ਹਨ ਤੇ ਹਲਕੇ ਲਾਖੀ ਰੰਗ ਦੇ ਘੋੜੇ ਨੂੰ 'ਕੱਕਾ'। ਚਿੱਟੇ ਰੰਗ ਦੇ ਘੋੜੇ ਨੂੰ 'ਨੁਕਰਾ'। ਡੱਬ-ਖੜੱਬੇ ਨੂੰ 'ਚੀਕਾ', ਕਾਲੇ ਨੂੰ 'ਮੁਸ਼ਕੀ', ਅਤੇ ਹਲਕੇ ਲਾਖੀ ਤੇ ਹਲਕੇ ਭੂਰੇ ਦੇ ਵਿਚਕਾਰ ਦੇ ਰੰਗ ਵਾਲੇ ਨੂੰ 'ਕੋਲਾਂ'। ਰਾਜਸਥਾਨ ਵਿਚ ਰੰਗਾਂ ਅਨੁਸਾਰ ਘੋੜਿਆਂ ਦੇ ਕਈ ਨਾਮ ਹਨ।

ਪੰਜਾਬ ਦੀਆਂ ਦੰਦ-ਕਥਾਵਾਂ ਵਿਚ ਰਾਜੇ ਰਸਾਲੂ ਦਾ ਘੋੜਾ 'ਫੌਲਾਦੀ' ਤੇ ਮਿਰਜ਼ੇ ਦੀ 'ਬੱਕੀ' ਬੜੇ ਪ੍ਰਸਿੱਧ ਹਨ। ਫੌਲਾਦੀ ਬਾਰੇ ਤਾਂ ਕਈ ਕਥਾਵਾਂ ਪ੍ਰਚਲਤ ਹਨ। ਕਹਿੰਦੇ ਹਨ ਜਦੋਂ ਲੂਣਾ ਦੇ ਘਰ ਸੰਤਾਨ ਨਹੀਂ ਸੀ ਹੋਈ ਤਾਂ ਉਹ ਰਾਜੇ ਨਾਲ ਇਕ ਕਰਨੀ ਵਾਲੇ ਫ਼ਕੀਰ ਕੋਲ ਗਈ, ਫ਼ਕੀਰ ਨੇ ਰਾਜੇ ਸਲਵਾਨ ਨੂੰ ਇਕ ਸੋਟੀ ਦਿਤੀ, ਜਿਸ ਨੂੰ ਰਾਜੇ ਨੇ ਅੰਬਾਂ ਦੇ ਦਰਖ਼ਤ ਉਤੇ ਸੁਟਿਆ, ਇਕ ਫਲ ਝੜ ਕੇ ਹੇਠ ਡਿਗਾ, ਲੂਣਾ ਨੇ ਇਹ ਅੰਬ ਚੂਸ ਕੇ ਇਸ ਦੀ ਗਿਟਕ ਪਿਛੇ ਅਸਤਬਲ ਵਿਚ ਸੁਟ ਦਿਤੀ, ਜਿਸ ਨੂੰ ਇਕ ਘੋੜੀ ਨੇ ਖਾ ਲਿਆ। ਜਿਸ ਦਿਨ ਲੂਣਾ ਨੇ ਰਸਾਲੂ ਨੂੰ ਜਨਮ ਦਿਤਾ, ਉਸੇ ਦਿਨ ਘੋੜੀ ਨੇ ਫੌਲਾਦੀ ਨੂੰ (ਵੇਖੋ : ਫੌਲਾਦੀ)।

ਮਿਰਜ਼ੇ ਦੀ 'ਬੱਕੀ' ਬਾਰੇ ਵੀ ਕਈ ਤਰ੍ਹਾਂ ਦੀਆਂ ਦੰਦ-ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ। ਪੀਲੂ ਦੇ ਕਥਨ ਅਨੁਸਾਰ 'ਬਕੀ ਤੋਂ ਡਰਨ ਫ਼ਰਿਸ਼ਤੇ...।'

ਝੰਗ ਦੇ ਇਲਾਕੇ ਵਿਚ 'ਸ਼ੀਹਾਂ' ਘੋੜੇ ਦੀ ਨਸਲ ਸਭ ਤੋਂ ਵਧ ਤਾਕਤਵਰ ਨਸਲ ਮੰਨੀ ਜਾਂਦੀ ਹੈ। ਇਸ ਘੋੜੇ ਵਿਚ ਜਫ਼ਰ ਜਾਲਣ, ਲੰਮੇ ਪੈਂਡੇ ਭਾਗਣ ਤੇ ਚੋਖੇ ਚਿਰ ਤਕ ਖੜੇ ਰਹਿਣ ਦੀ ਸਮਰੱਥਾ ਹੈਰਾਨੀਜਨਕ ਹੈ। 'ਸ਼ੀਹਾਂ' ਦੇ ਸਬੰਧ ਵਿਚ ਇਕ ਦੰਦ-ਕਥਾ ਵੀ ਪ੍ਰਚਲਤ ਹੈ। ਇਕ ਵਾਰ ਇਕ ਜ਼ਿਮੀਂਦਾਰ 'ਸ਼ੀਂਹ' ਨਸਲ ਦੇ ਘੋੜੇ ਉਤੇ ਸਵਾਰ ਬਾਰ ਦੇ ਜੰਗਲਾਂ ਵਿਚੋਂ ਲੰਘ ਰਿਹਾ ਸੀ, ਇਕ ਸ਼ੇਰ ਬੱਦਲਾਂ ਵਾਂਗ ਚਿੰਘਾੜਦਾ ਘੋੜੇ ਵਲ ਲਪਕਿਆ। ਘੋੜਾ ਤ੍ਰਬਕ ਕੇ ਉਛਲਿਆ, ਜਿਸ ਨਾਲ ਸਵਾਰ ਜ਼ਿਮੀਂ ਉਤੇ ਜਾ ਡਿਗਾ। ਸ਼ੇਰ ਨੇ ਸਵਾਰ ਉਤੇ ਝਪਟਣਾ ਚਾਹਿਆ। ਪਰ ਘੋੜੇ ਨੇ ਸਵਾਰ ਦੇ ਆਸ ਪਾਸ, ਚੱਕਰ ਵਿਚ, ਸਰਪਟ ਦੌੜਨਾ ਸ਼ੁਰੂ ਕਰ ਦਿਤਾ ਅਤੇ ਸ਼ੇਰ ਨੂੰ ਨੇੜੇ ਨਾ ਢੁੱਕਣ ਦਿਤਾ। ਤੇ ਫਿਰ ਦਾਅ ਲਗਾ ਕੇ ਸ਼ੇਰ ਦੇ ਸਿਰ ਵਿਚ ਅਜਿਹੀ ਦੁਲੱਤੀ ਮਾਰੀ ਕਿ ਸ਼ੇਰ ਜ਼ਖ਼ਮੀ ਹੋ ਕੇ ਡਿਗ ਪਿਆ। ਉਦੋਂ ਤੋਂ ਇਸ ਨਸਲ ਨੂੰ ਕਿਧਰੇ 'ਸ਼ੀਹੀ' ਤੇ ਕਿਧਰੇ 'ਸ਼ੀਹਾਂ' ਕਿਹਾ ਜਾਣ ਲਗਾ।

ਘੋੜਿਆਂ ਦੀਆਂ ਕਈ ਹੋਰ ਨਸਲਾਂ ਵੀ ਪ੍ਰਸਿਧ ਹਨ। ਨਾਦਰ ਸ਼ਾਹ ਦੁਰਾਨੀ ਦੇ ਹੱਲੇ ਵੇਲੇ 'ਮਤਵਾਲਾ' ਨਸਲ ਦੇ ਘੋੜੇ ਦਿੱਲੀ ਲਿਆਂਦੇ ਗਏ। ਪਰ ਇਸ ਨਸਲ ਦੇ ਘੋੜੇ ਬਹੁਤ ਘਟ ਮਿਲਦੇ ਹਨ। 'ਪੱਬਣੀ' ਨਸਲ ਦੇ ਘੋੜੇ ਦੌੜ ਲਗਾਣ ਤੇ ਛਾਲ ਮਾਰਨ ਵਿਚ ਬੜੇ ਮਾਹਿਰ ਹਨ। 'ਮੋਰਨੀਆਂ' ਇਕ ਬੜੀ ਸੁੰਦਰ ਨਸਲ ਹੈ, ਤੇ ਇਹ ਘੋੜਾ ਸਵਾਰੀ ਕਰਦਿਆਂ ਮੋਰ ਵਾਂਗ ਪੈਲਾਂ ਪਾਉਂਦਾ ਹੈ। ਤੇ ਖੇਡਾਂ ਕਰਦਾ ਠੁਮਕ ਠੁਮਕ ਚਲਦਾ ਹੈ। ਇਸ ਦੀ ਸਵਾਰੀ ਦਾ ਆਪਣਾ ਹੀ ਵਖਰਾ ਸਵਾਦ ਹੈ। 'ਤੋਪੜੇ' ਜਾਂ 'ਟੋਪਰੇ' ਨਸਲ ਦੇ ਘੋੜਿਆਂ ਦੇ ਸਿਰਾਂ ਉਤੇ, ਨਿੱਕੇ ਨਿੱਕੇ ਸਿੰਙ ਹੁੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੂੰ ਇਹ ਘੋੜੇ ਬੜੇ ਪਸੰਦ ਸਨ। 'ਕਮਲ' ਨਸਲ ਦਾ ਘੋੜਾ ਵੇਖਣ ਨੂੰ ਸੁਹਣਾ ਨਹੀਂ ਹੁੰਦਾ, ਪਰ ਅੱਖੜਖਾਂਦੇ ਨਾ ਹੋਣ ਕਰਕੇ, ਬੱਚੇ ਵੀ ਸੰਭਾਲ ਲੈਂਦੇ ਹਨ।

(ਘ-68) **ਘੋੜਾ ਘੁੰਮਣਾ :**

ਮੱਧ-ਕਾਲ ਵਿਚ ਘੋੜਾ ਪ੍ਰਭੁਤਾ ਦੀ ਨਿਸ਼ਾਨੀ ਸੀ। ਰਾਜੇ ਦਾ ਘੋੜਾ ਆਪਣੇ ਇਲਾਕੇ ਵਿਚ ਘੁੰਮਦਾ ਸੀ ਤੇ ਲੋਕੀਂ ਘੋੜੇ ਦਾ ਸਵਾਗਤ ਕਰਦੇ ਅਤੇ ਨਜ਼ਰਾਨੇ ਭੇਟ ਕਰਦੇ ਸਨ। ਘੋੜੇ ਦੇ ਮਗਰ ਮਗਰ ਰਾਜੇ ਦੇ ਨੌਕਰ ਤੇ ਅਧਿਕਾਰੀ ਹੁੰਦੇ, ਜੋ ਨਜ਼ਰਾਨੇ ਕੱਠੇ ਕਰਦੇ ਜਾਂਦੇ। ਕਈ ਵਾਰ ਮਾਮਲੇ ਦੀ ਉਗਰਾਹੀ ਵੀ 'ਘੋੜਾਂ ਘੁੰਮਾ ਕੇ' ਕੀਤੀ ਜਾਂਦੀ।

(ਘ-69) **ਘੋੜਾ ਫੇਰਨਾ :**

ਪੁਰਾਣੇ ਵਕਤਾਂ ਵਿਚ ਜਦੋਂ ਕੋਈ ਰਾਜਾ ਕਿਸੇ ਸ਼ਖ਼ਸ ਅਥਵਾ ਸੂਰਮੇ ਉਤੇ ਬਹੁਤ ਪ੍ਰਸੰਨ ਹੁੰਦਾ ਤਾਂ ਉਸਨੂੰ ਉਤਨੀ ਭੋਇੰ ਦੇ ਦੇਂਦਾ, ਜਿਤਨੀ ਉਹ, ਇਕ ਮਿਥੇ ਸਮੇਂ ਵਿਚ, ਘੋੜੇ ਉਤੇ ਸਵਾਰ ਹੋ ਕੇ ਵਲ ਲੈਂਦਾ। ਇਸ ਪ੍ਰਥਾ ਨੂੰ 'ਘੋੜਾ ਫੇਰਨਾ' ਕਹਿੰਦੇ ਸਨ।

ਦਿੱਲੀ ਦੇ ਬਾਦਸ਼ਾਹ ਬਹਿਲੋਲ ਲੋਧੀ ਨੇ ਗੁਜਰਾਤ ਜ਼ਿਲੇ ਦੇ ਉਤਰ ਪੂਰਬੀ ਗੁੱਠ ਵਿਚ ਵਸਦਾ ਪਿੰਡ ਬਹਿਲੋਲਪੁਰ, ਇਸੇ ਵਿਧੀ ਨਾਲ ਖਤ੍ਰੀਆਂ ਦੇ ਕਿਸੇ ਵਡਿਕੇ ਨੂੰ ਬਖ਼ਸ਼ਿਆ ਸੀ। ਉਸ ਨੇ ਮਿਥੇ ਹੋਏ ਸਮੇਂ ਵਿਚ ਘੋੜੇ ਉਤੇ ਸਵਾਰ ਹੋ ਕੇ ਜੋ ਜਗ੍ਹਾ ਘੇਰੀ, ਉਥੇ ਬਹਿਲੋਲਪੁਰ ਵਸਾਇਆ ਗਿਆ ਸੀ।

(ਘ-70) **ਘੋੜੀ ਹੇਠੋਂ ਲੰਘਣਾ** :

ਵਿਆਂਹ ਵੇਲੇ ਦੀ ਇਕ ਰਸਮ; ਕਈ ਥਾਈਂ ਜਦੋਂ ਲਾੜ੍ਹਾ ਘੋੜੀ ਉਤੇ ਸਵਾਰ ਹੋ ਕੇ, ਬਰਾਤ ਦੇ ਨਾਲ, ਕੰਨਿਆਂ ਦੇ ਦਵਾਰੇ ਪਹੁੰਚਦਾ ਹੈ ਤਾਂ ਲਾੜ੍ਹੇ ਦੇ ਸਵਾਗਤ ਲਈ ਕੰਨਿਆਂ ਆਪਣੇ ਪਰਿਵਾਰ ਸਮੇਤ ਖੜੀ ਹੁੰਦੀ ਹੈ ਅਤੇ ਪਹਿਲਾਂ ਲਾੜ੍ਹੇ ਨੂੰ ਝੁਕ ਕੇ ਪ੍ਰਣਾਮ ਕਰਦੀ ਹੈ। ਫਿਰ ਉਹ ਆਪਣੇ ਦੁਆਲੇ ਦੁਸ਼ਾਲਾ ਜਾਂ ਫੁੱਲਕਾਰੀ ਲਪੇਟ ਕੇ, ਲਾੜ੍ਹੇ ਦੀ ਘੋੜੀ ਹੇਠੋਂ ਦੀ ਲੰਘਦੀ ਹੈ। ਇਸ ਤਰ੍ਹਾਂ ਕਰਨ ਨਾਲ, ਨਿਸਚੇ ਅਨੁਸਾਰ, ਕੰਨਿਆਂ ਲਾੜ੍ਹੇ ਦੇ ਅਧੀਨ ਹੋ ਕੇ ਰਹਿੰਦੀ ਹੈ।

(ਘ-71) **ਘੋੜੀ ਚੜ੍ਹਨਾ** :

(1) ਮੁਸਲਮਾਨਾਂ ਵਿਚ ਸੁੰਨਤਾਂ ਕਰਨ ਪਿਛੋਂ ਬੱਚੇ ਨੂੰ ਸਜਾ ਸ਼ਿੰਗਾਰ ਕੇ ਘੋੜੀ ਉਤੇ ਸਵਾਰ ਕੀਤਾ ਜਾਂਦਾ ਹੈ, ਇਸ ਰਸਮ ਨੂੰ 'ਘੋੜੀ ਚੜ੍ਹਨਾ' ਕਹਿੰਦੇ ਹਨ।

(2) ਵਿਆਹ ਵੇਲੇ ਵਰ ਨੂੰ ਘੋੜੀ 'ਤੇ ਚਾੜ੍ਹਿਆ ਜਾਂਦਾ ਹੈ, ਇਸ ਸਮੇਂ ਕਈ ਸ਼ਗਨ ਤੇ ਰੀਤਾਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਘੋੜੀ ਦੀਆਂ ਰੀਤਾਂ ਕਹਿੰਦੇ ਹਨ, (ਵੇਖੋ : ਬਰਾਤ)।

(ਘ-72) **ਘੋੜੀ ਟੱਪਾ** :

ਬੱਚਿਆਂ ਦੀ ਇਕ ਖੇਡ; ਦੋ ਬੱਚੇ ਦਾਈ ਬਣਦੇ ਤੇ ਹੱਥਾਂ ਪੈਰਾਂ ਨਾਲ ਘੋੜੀ ਬਣਾਉਂਦੇ ਹਨ ਅਤੇ ਬਾਕੀ ਬੱਚੇ ਵਾਰੋ ਵਾਰ ਇਸ ਤੋਂ ਸਾਵਧਾਨੀ ਨਾਲ ਇਸ ਤਰ੍ਹਾਂ ਟੱਪਦੇ ਹਨ ਕਿ ਉਨ੍ਹਾਂ ਦਾ ਕੋਈ ਅੰਗ ਜਾਂ ਬਸਤ੍ਰ ਉਸ ਬਨਾਵਟੀ ਘੋੜੀ ਨਾਲ ਛੂਹੇ ਨਾ। ਜੇ ਛੂਹ ਜਾਵੇ ਤਾਂ ਉਸਨੂੰ ਦਾਈ ਬਣਨਾ ਪੈਂਦਾ ਹੈ।

ਪਹਿਲਾਂ ਸਾਰੇ ਬੱਚੇ ਆਪੋ ਵਿਚ ਪੁੱਗਦੇ ਹਨ ਤੇ ਅਖ਼ੀਰ ਵਿਚ ਜੋ ਦੋ ਰਹਿ ਜਾਂਦੇ ਹਨ, ਉਹ ਦਾਈ ਬਣਦੇ ਹਨ। ਦਾਈ ਬਣੇ ਬੱਚੇ ਆਹਮੋ-ਸਾਹਮਣੇ ਬੈਠ ਕੇ ਪੈਰਾਂ ਤੇ ਹੱਥਾਂ ਨਾਲ ਇਕ ਤਰ੍ਹਾਂ ਦੇ ਆਕਾਰ ਬਣਾਉਂਦੇ ਹਨ, ਜਿਵੇਂ ਸਭ ਤੋਂ ਪਹਿਲਾਂ ਪੈਰਾਂ ਨੂੰ ਲੇਟਵੇਂ ਦਾਅ, ਫੈਲਾਅ ਕੇ ਖਾਈ ਬਣਾਉਂਦੇ ਹਨ। ਫਿਰ ਖੜੇ ਦਾਅ ਪੈਰ ਜੋੜ ਕੇ ਖੂਹੀ ਫਿਰ ਪੈਰ ਉਤੇ ਪੈਰ ਖੜਾ ਕੀਤਾ ਜਾਂਦਾ ਹੈ ਤੇ ਪਹਿਲਾਂ ਉਪਰ ਇਕ ਮੁੱਕੀ, ਫਿਰ ਦੋਵੇਂ ਮੁੱਕੀਆਂ, ਫਿਰ ਇਕ ਗਿੱਠ ਤੇ ਇਕ ਮੁੱਕੀ ਅਤੇ ਅੰਤ ਵਿਚ ਦੋਵੇਂ ਗਿੱਠਾਂ ਖੜੀਆਂ ਕੀਤੀਆਂ ਜਾਂਦੀਆਂ ਹਨ। ਹਰ ਆਕਾਰ ਪਹਿਲਾਂ ਨਾਲੋਂ ਉੱਚਾ ਉਸਰਦਾ ਜਾਂਦਾ ਹੈ ਤੇ ਹਰ ਵਾਰ ਸਾਰੇ ਬੱਚੇ ਇਕ ਇਕ ਕਰਕੇ ਟੱਪਦੇ ਜਾਂਦੇ ਹਨ। ਇਹ ਖੇਡ ਇਕ ਤਰ੍ਹਾਂ ਦੀ ਉੱਚੀ ਛਾਲ ਮਾਰਨ ਦੀ ਸਿਖਸ਼ਾ ਹੈ। ਬੱਚੇ ਇਸ ਖੇਡ ਵਿਚ ਬੜਾ ਆਨੰਦ ਲੈਂਦੇ ਹਨ।

(ਘ-73) **ਘੋੜੀ ਦੀ ਸਵਾਰੀ** :

ਬੱਚਿਆਂ ਦੀ ਇਕ ਖੇਡ; ਪਹਿਲਾਂ ਖੇਡਣ ਵਾਲੇ ਸਾਰੇ ਬੱਚੇ ਵਾਰੋ ਵਾਰੀ ਪੁੱਗਦੇ ਹਨ ਤੇ ਦੋ ਬੱਚੇ ਜੋ ਅਖ਼ੀਰ ਵਿਚ ਅਣਪੁੱਗੇ ਰਹਿ ਜਾਂਦੇ ਹਨ ਉਨ੍ਹਾਂ ਵਿਚੋਂ ਇਕ ਨੂੰ ਪੁੱਗਾ ਕੇ 'ਸਵਾਰ' ਬਣਾਇਆ ਜਾਂਦਾ ਹੈ ਤੇ ਦੂਜੇ ਨੂੰ 'ਘੋੜੀ'। ਮੀਟੀ 'ਸਵਾਰ' ਸਿਰ ਹੁੰਦੀ ਹੈ।

ਘੋੜੀ ਬਣਨ ਵਾਲਾ ਬੱਚਾ, ਕੋਡਾ ਜਿਹਾ ਹੋ ਕੇ, ਕਿਸੇ ਕੰਧ ਜਾਂ ਬੜੇ ਦੇ ਆਸਰੇ ਖੜਾ ਹੋ ਜਾਂਦਾ ਹੈ ਤੇ ਸਵਾਰ ਉਸਦੀ ਪਿਠ ਉਤੇ ਸਵਾਰੀ ਕਰਦਾ ਹੈ। ਬਾਕੀ ਬੱਚੇ ਸਵਾਰ ਦੇ ਕੋਲ ਆ ਕੇ ਪੁਛਦੇ ਹਨ : 'ਘੋੜੀ ਵਾਲਿਆ ! ਤੇਰੀ ਘੋੜੀ ਦਾ ਕੀ ਨਾਂ ?'

ਸਵਾਰ : 'ਟੀਟਣਾ'।

ਬੱਚੇ : 'ਤੂੰ ਤਾਂ ਨਿਰਾ ਬੁਧੂ, ਤੇਰਾ ਨਾਉਂ ਘਸੀਟਣਾ।'

ਇਹ ਕਹਿ ਕੇ ਬੱਚੇ ਦੌੜ ਜਾਂਦੇ ਹਨ ਤੇ 'ਸਵਾਰ' ਘੋੜੀ ਤੋਂ ਉਤਰ ਕੇ ਬੱਚਿਆਂ ਨੂੰ ਛੂਹਣ ਲਈ ਉਨ੍ਹਾਂ ਪਿਛੇ ਦੌੜਦਾ ਹੈ। ਜਦੋਂ ਸਵਾਰ ਕਿਸੇ ਇਕ ਬੱਚੇ ਦਾ ਪਿੱਛਾ ਕਰਦਾ ਦੂਰ ਨਿਕਲ ਜਾਂਦਾ ਹੈ ਤਾਂ ਬਾਕੀ ਬੱਚੇ 'ਘੋੜੀ' ਦੇ ਕੋਲ ਆ ਕੇ ਉਸਦੀ ਪਿਠ ਉਤੇ ਚੜ੍ਹਦੇ ਤੇ ਖਰੂਦ ਪਾਉਂਦੇ ਹਨ। ਜੇ 'ਸਵਾਰ' ਕਿਸੇ ਬੱਚੇ ਨੂੰ ਛੂਹ ਲਏ ਤਾਂ ਉਹ ਬੱਚਾ 'ਘੋੜੀ' ਬਣਦਾ ਹੈ ਤੇ ਪਹਿਲਾਂ 'ਘੋੜੀ' ਬਣਿਆ ਖਿਡਾਰੀ ਉਸਦਾ 'ਸਵਾਰ', ਪਰ ਜੇ 'ਸਵਾਰ' ਕਿਸੇ ਬੱਚੇ ਨੂੰ ਵੀ ਨਾ ਛੂਹ ਸਕੇ ਤਾਂ ਉਹ ਖ਼ੁਦ ਮੁੜ 'ਘੋੜੀ' ਬਣਦਾ ਹੈ ਤੇ ਪਹਿਲਾਂ 'ਘੋੜੀ' ਬਣਿਆ ਉਸਦਾ 'ਸਵਾਰ'। ਇਸ ਤਰ੍ਹਾਂ ਇਹ ਖੇਡ ਚਲਦੀ ਰਹਿੰਦੀ ਹੈ। 'ਘੋੜੀ' ਹੀ ਦਾਈ ਹੁੰਦੀ ਹੈ। ਤੇ ਜਿਹੜਾ ਖਿਡਾਰੀ 'ਘੋੜੀ' ਨੂੰ ਛੂਹ ਲੈਂਦਾ ਹੈ ਉਸਨੂੰ ਫਿਰ 'ਸਵਾਰ' ਨਹੀਂ ਛੂਹ ਸਕਦਾ।

ਕਈ ਥਾਈਂ ਇਸ ਖੇਡ ਨੂੰ 'ਲੀਲੀ ਦਾ ਸਵਾਰ' ਕਹਿੰਦੇ ਹਨ। ਲੀਲੀ ਵਾਲੇ ਤੋਂ ਜਦੋਂ ਲੀਲੀ ਦਾ ਨਾਉਂ ਪੁਛਿਆ ਜਾਂਦਾ ਹੈ ਤਾਂ ਉਹ 'ਬਾਰੂ' ਦਸਦਾ ਹੈ, ਜਿਸ ਤੇ ਬੱਚੇ ਕਹਿੰਦੇ ਹਨ, 'ਤੇਰੀ ਫੁਟ ਗਈ ਬੋਤਲ ਗਮਾਈ ਗਈ ਦਾਰੂ।'

**(ਘ-74) ਘੋੜੀ ਦੇ ਗੀਤ :**

ਉਹ ਗੀਤ ਜੋ ਤੀਵੀਆਂ ਲਾੜ੍ਹੇ ਦੇ ਘੋੜੀ ਚੜ੍ਹਨ ਵੇਲੇ ਗਾਉਂਦੀਆਂ ਹਨ। ਇਨ੍ਹਾਂ ਮੰਗਲ-ਗੀਤਾਂ ਨੂੰ 'ਘੋੜੀਆਂ' ਵੀ ਕਿਹਾ ਜਾਂਦਾ ਹੈ ਅਤੇ ਇਹ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਵਰ ਦੇ ਘਰ ਗਾਈਆਂ ਜਾਣ ਲਗ ਪੈਂਦੀਆਂ ਹਨ। ਘੋੜੀਆਂ ਵਿਚ ਲਾੜ੍ਹੇ ਦੇ ਰੂਪ ਤੇ ਫੱਬਣ, ਜੰਞ ਦੀ ਚੜ੍ਹਤ ਤੇ ਟੌਹਰ ਦਾ ਜਸ ਗਾਇਆ ਗਿਆ ਹੁੰਦਾ ਹੈ; ਇਹਨੂੰ 'ਜਸ ਗੀਤ' ਵੀ ਕਹਿੰਦੇ ਹਨ।

ਚੀਰਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਕਲਗੀਆਂ ਦੇ ਨਾਲ
ਕਲਗੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ,
ਵੇ ਮਾਂ ਦਿਆ ਸੁਰਜਨਾ।
ਜਾਮਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਤਣੀਆਂ ਦੇ ਨਾਲ
ਤਣੀ ਤੇ ਡੇਢ ਹਜ਼ਾਰ, ਮੈਂ ਬਲਿਹਾਰੀ,
ਵੇ ਮਾਂ ਦਿਆ ਸੁਰਜਨਾ।
ਕੈਂਠਾ ਤੇਰਾ ਵੇ ਮੱਲਾ ਸੋਹਣਾ,
ਬਣਦਾ ਜੁਗਨੀਆਂ ਦੇ ਨਾਲ
ਜੁਗਨੀ ਡੇਢ ਤੇ ਹਜ਼ਾਰ, ਮੈਂ ਬਲਿਹਾਰੀ,
ਵੇ ਮਾਂ ਦਿਆ ਸੁਰਜਨਾ।
ਜੁੱਤੀ ਤੇਰੀ ਵੇ ਮੱਲਾ ਸੋਹਣੀ,
ਵਾਹਵਾ ਜੜੀ ਤਿੱਲੇ ਨਾਲ
ਕਹੀ ਸੋਹਣੀ ਤੇਰੀ ਚਾਲ, ਮੈਂ ਬਲਿਹਾਰੀ,
ਵੇ ਮਾਂ ਦਿਆ ਸੁਰਜਨਾ।

ਘੋੜੀਆਂ ਵਿਚ ਮਾਂ ਤੇ ਭੈਣਾਂ ਭਰਜਾਈਆਂ ਦੀਆਂ ਰੀਝਾ ਸਧਰਾਂ ਤੇ ਲਾਲਸਾਵਾਂ ਕਈ ਰੰਗਾਂ ਤੇ ਰੂਪਾਂ ਵਿਚ ਪੁੰਗਰਦੀਆਂ ਤੇ ਮੀਂਹ ਦੀਆਂ ਕਣੀਆਂ ਵਾਂਗ ਇਕ ਤਾਲ ਵਿਚ ਨਚਦੀਆਂ ਹਨ :

ਨਿੱਕੀ ਨਿੱਕੀ ਬੂੰਦੀ, ਨਿੱਕਿਆ, ਮੀਂਹ ਵੇ ਵਰ੍ਹੇ।
ਵੇ ਨਿਕਿਆ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਵੇ ਨਿਕਿਆ, ਦੰਮ ਦੀ ਬੋਰੀ ਤੇਰਾ ਬਾਬਾ ਫੜੇ।
ਵੇ ਨਿਕਿਆ, ਹਾਥੀਆਂ ਦੇ ਸੰਗਲ ਤੇਰਾ ਵੀਰ ਫੜੇ।

ਇਨ੍ਹਾਂ ਗੀਤਾਂ ਵਿਚ ਘੋੜੀ ਦੀਆਂ ਕਈਆਂ ਰੀਤਾਂ ਵਲ ਵੀ ਸੰਕੇਤ ਹੁੰਦਾ ਹੈ।

ਪੀਲੀ ਪੀਲੀ ਦਾਲ ਮੇਰੀ ਘੋੜੀ ਚਰੇ।
ਵੇ ਨਿਕਿਆ, ਭਾਬੀ ਸੁਹਾਗਣ ਤੈਨੂੰ ਸੁਰਮਾ ਪਾਵੇ।
ਵੇ ਨਿਕਿਆ, ਭੈਣ ਸੁਹਾਗਣ ਤੇਰੀ ਵਾਗ ਫੜੇ।

**(ਘ-75) ਘੋੜੀ ਦੀਆਂ ਰੀਤਾਂ :**

ਵਿਆਹ ਦੀਆਂ ਰਸਮਾਂ, ਜੋ ਦੂਲ੍ਹੇ ਦੇ ਘੋੜੀ ਚੜ੍ਹਨ

ਉਪ੍ਰੰਤ ਕੀਤੀਆਂ ਜਾਂਦੀਆਂ ਹਨ। ਇਸ ਅਵਸਰ ਨੂੰ ਬੜਾ ਸ਼ੁਭ ਮੰਨਿਆ ਜਾਂਦਾ ਹੈ। ਢੋਲੀ ਢੋਲ ਮਾਰਦਾ, ਸ਼ਹਿਨਾਈਆਂ ਵਜਦੀਆਂ ਤੇ ਤੀਵੀਆਂ ਮਿੱਠੀ ਸੁਰ ਵਿਚ ਘੋੜੀਆਂ ਦੇ ਗੀਤ ਛੁਹ ਦੇਂਦੀਆਂ ਹਨ।

ਜਦੋਂ ਲਾੜ੍ਹਾ ਘੋੜੀ ਚੜ੍ਹਦਾ ਹੈ ਤਾਂ ਭਰਜਾਈਆਂ, ਉਸਨੂੰ ਸ਼ਗਨ ਵਜੋਂ ਕੁਝ ਰੁਪਏ ਦੇਂਦੀਆਂ ਹਨ। ਇਸ ਪਿਛੋਂ ਵਡੀ ਭਰਜਾਈ ਲਾੜ੍ਹੇ ਦੇ ਰੂਪ ਨੂੰ ਸਾਣ ਚਾੜ੍ਹਨ ਲਈ, ਉਸ ਦੀਆਂ ਅੱਖਾਂ ਵਿਚ ਸਲਾਈ ਨਾਲ ਸੁਰਮਾ ਪਾਉਂਦੀ ਹੈ। ਅਤੇ ਦੇਵਰ ਭਰਜਾਈ ਨੂੰ ਸ਼ਗਨ ਦੇ ਤੌਰ ਉਤੇ ਕੁਝ ਰੁਪਏ ਭੇਟ ਕਰਦਾ ਹੈ। ਇਸ ਪਿਛੋਂ ਉਪਜਾਇਕਤਾ ਦੀ ਰੀਤ ਕੀਤੀ ਜਾਂਦੀ ਹੈ ਤੇ ਦੂਲ੍ਹੇ ਦੀ ਗੋਦ ਵਿਚ ਭਰਾ ਜਾਂ ਕਿਸੇ ਹੋਰ ਸਾਕ ਦੇ ਛੋਟੇ ਲੜਕੇ ਨੂੰ ਬਿਠਾਇਆ ਜਾਂਦਾ ਹੈ।

ਇਸ ਮੌਕੇ ਤੇ ਭੈਣਾਂ ਘੋੜੀ ਦੀਆਂ ਵਾਗਾਂ ਗੁੰਦਦੀਆਂ ਹਨ। ਘੋੜੀ ਦੇ ਅਯਾਲਾਂ ਨੂੰ ਕੰਘੀ ਨਾਲ ਵਾਹ ਕੇ, ਗੀਤ ਗਾਂਦੀਆਂ ਹੋਈਆਂ, ਗੁਤ ਵਾਂਙ, ਇਕ ਦੋ ਵਲ ਪਾਉਂਦੀਆਂ ਹਨ, ਤੇ ਦੂਲ੍ਹਾ ਭੈਣਾਂ ਨੂੰ ਸ਼ਗਨ ਵਜੋਂ ਕੁਝ ਰੁਪਏ ਦੇਂਦਾ ਹੈ।

ਇਸ ਪਿਛੋਂ ਦਾਲ ਚਾਰਨ ਦੀ ਰੀਤ ਕੀਤੀ ਜਾਂਦੀ ਹੈ। ਦੂਲ੍ਹੇ ਦੀਆਂ ਭੈਣਾਂ ਟੋਕਰੀ ਜਾਂ ਥਾਲ ਵਿਚ ਛੋਲਿਆਂ ਦੀ ਦਾਲ ਪਾ ਕੇ ਗੀਤ ਗਾਂਦੀਆਂ ਹੋਈਆਂ ਘੋੜੀ ਨੂੰ ਚਰਾਂਦੀਆਂ ਹਨ ਤੇ ਭਰਾ ਭੈਣਾਂ ਦੀ ਤਲੀ ਉਤੇ ਸ਼ਗਨ ਵਜੋਂ ਕੁਝ ਰੁਪਏ ਧਰਦਾ ਹੈ।

ਘੋੜੀ ਦੀ ਸਭ ਤੋਂ ਪ੍ਰਸਿਧ ਰੀਤ, ਜੰਡੀ ਕੱਟਣ ਦੀ ਹੈ। ਜੰਞ ਤੁਰਨ ਲਗਿਆਂ ਸਭ ਤੋਂ ਪਹਿਲਾਂ ਦੂਲ੍ਹਾ ਹੱਥ ਵਿਚ ਫੜੀ ਤਲਵਾਰ ਨਾਲ, ਕਿਸੇ ਜੰਡੀ ਨਾਲੋਂ ਰਸਮੀ ਢੰਗ ਨਾਲ ਟਹਿਣਾ ਵੱਢਦਾ ਹੈ। ਇਹ ਵਿਜੇ ਦਾ ਸ਼ਗਨ ਹੈ। ਜੰਡੀ ਕੱਟਣ ਪਿਛੋਂ ਜੱਟਾਂ ਵਿਚ ਦੂਲ੍ਹਾ ਜਠੇਰਿਆਂ ਨੂੰ ਮੱਥਾ ਟੇਕਦਾ ਹੈ।

ਘੋੜੀ ਚੜ੍ਹੇ ਦੂਲ੍ਹੇ ਦਾ ਸਿਰ ਵਾਰਨਾ ਵੀ ਕੀਤਾ ਜਾਂਦਾ ਹੈ। ਸੱਕੇ ਅੰਗ ਸਾਕ ਉਸ ਦੇ ਸਿਰ ਤੋਂ ਕੁਝ ਪੈਸੇ ਵਾਰ ਕੇ ਸੁੱਟ ਕਰਦੇ ਹਨ ਜਾਂ ਗ਼ਰੀਬਾਂ ਨੂੰ ਦਾਨ ਕਰ ਦੇਂਦੇ ਹਨ।

ਇਕ ਹੋਰ ਗੀਤ ਵਿਚ ਜੰਡੀ ਵੱਢਣ ਵਲ ਇਸ਼ਾਰਾ ਹੈ :

ਜੇ ਤੂੰ ਚੜ੍ਹਿਓਂ ਘੋੜੀ ਵੇ
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ
ਨਿਕਿਆ ਮਾਂ ਦਿਆ ਲਾਡਲਿਆ, ਮੈਂ ਵਾਰੀ ਵੇ।
ਜੇ ਤੂੰ ਵੱਢੀ ਜੰਡੀ ਵੇ,
ਤੇਰੀ ਮਾਂ ਨੇ ਸ਼ਕਰ ਵੰਡੀ ਵੇ
ਨਿਕਿਆ ਮਾਂ ਦਿਆ ਲਾਡਲਿਆ, ਮੈਂ ਵਾਰੀ ਵੇ।

ਘੋੜੀ ਦੇ ਗੀਤਾਂ ਦੀ ਕੋਈ ਬਝਵੀਂ ਬਣਤਰ ਤੇ ਰੂਪ ਨਹੀਂ, ਭਾਵਨਾਵਾਂ ਇਨ੍ਹਾਂ ਗੀਤਾਂ ਨੂੰ ਕਈ ਰੂਪਾਂ ਵਿਚ

ਸਾਕਾਰ ਕਰਦੀਆਂ ਹਨ। ਵਿਸ਼ੇ ਸਭ ਦੇ ਸਾਂਝੇ ਹਨ— ਦੂਲ੍ਹੇ ਦੇ ਸੋਹਿਲੇ। ਘੋੜੀ ਦੀ ਤਰਜ਼ ਮੱਠੀ ਚਾਲ ਚਲਦੀ ਹੈ।

(ਘ-76) **ਘੋੜੇਵਾਹ** :

ਰਾਜਪੂਤਾਂ ਦੀ ਇਕ ਗੋਤ; ਦੇਸ਼ ਵੰਡ ਤੋਂ ਪਹਿਲਾਂ ਘੋੜੇਵਾਹ ਨਵਾਂ ਸ਼ਹਿਰ ਤਹਿਸੀਲ ਦੇ ਦੱਖਣ ਤੋਂ ਪੂਰਬ ਵਲ ਅਤੇ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਦੇ ਨਾਲ ਲਗਦੇ ਇਲਾਕੇ ਵਿਚ ਅਤੇ ਫਲੌਰ ਤਹਿਸੀਲ ਦੇ ਪੂਰਬ ਵਲ ਕਾਫ਼ੀ ਮਾਤਰਾ ਵਿਚ ਮਿਲਦੇ ਸਨ। ਮੁਸਲਮਾਨ ਘੋੜੇਵਾਹ ਤਾਂ ਪਾਕਿਸਤਾਨ ਚਲੇ ਗਏ ਹਨ। ਪਰ ਕੁਝ ਹਿੰਦੂ ਘੋੜੇਵਾਹ ਜਲੰਧਰ ਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਵਿਚ ਮਿਲਦੇ ਹਨ।

ਘੋੜੇਵਾਹ ਆਪਣੇ ਆਪ ਨੂੰ 'ਕਚਵਾਹਾ' ਰਾਜਪੂਤਾਂ ਵਿਚੋਂ ਦਸਦੇ ਹਨ, ਜੋ ਰਾਮਚੰਦਰ ਦੇ ਛੋਟੇ ਲੜਕੇ ਕੁਸ਼ ਦੀ ਵੰਸ਼ ਵਿਚੋਂ ਮੰਨੇ ਜਾਂਦੇ ਹਨ। ਜਲੰਧਰ ਗਜ਼ਟੀਅਰ (ਪੰਨਾ 68) ਅਨੁਸਾਰ ਨਵਾਂ ਸ਼ਹਿਰ ਤੇ ਫਲੌਰ ਦੇ ਘੋੜੇਵਾਹ ਇਸ ਇਲਾਕੇ ਵਿਚ ਆ ਕੇ ਵਸਣ ਬਾਰੇ ਇਕ ਕਥਾ ਇਉਂ ਸੁਣਾਉਂਦੇ ਹਨ—ਰਾਜਾ ਮਾਨ, ਜੋ ਕੁਸ਼ ਦੀ ਵੰਸ਼ ਵਿਚੋਂ ਸੀ, ਦੇ ਦੋ ਪੁੱਤਰ ਕਚਵਾਹਾ ਤੇ ਹਵਾਹਾ ਸਨ। ਇਹ ਦੋਵੇਂ ਭਰਾ 1130 ਜਾਂ 1131 ਈਸਵੀ ਵਿਚ ਕੋਟ ਕੁਰਮਾਨ (ਅਜੋਕਾ ਉਦੈਪੁਰ) ਤੋਂ ਜਵਾਲਾਮੁਖੀ ਦੇਵੀ ਦੀ ਯਾਤ੍ਰਾ ਲਈ ਆਏ। ਲੁਧਿਆਣੇ ਦੇ ਨੇੜੇ ਇਕ ਪਿੰਡ ਅਰਾਕ ਜਾਂ ਰਾਖ ਵਿਖੇ ਇਨ੍ਹਾਂ ਦਾ ਮੇਲ ਸ਼ਹਾਬੁਦੀਨ ਗ਼ੌਰੀ ਨਾਲ ਹੋਇਆ। ਇਨ੍ਹਾਂ ਕੋਲ ਬੜੇ ਸੁੰਦਰ ਦਰਿਆਈ ਘੋੜੇ ਸਨ, ਜੋ ਇਨ੍ਹਾਂ ਨੇ ਸੁਲਤਾਨ ਨੂੰ ਭੇਟ ਕਰ ਦਿਤੇ। ਸ਼ਹਾਬੁਦੀਨ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਕਿਹਾ ਕਿ ਇਕ ਦਿਨ ਵਿਚ ਜਿਤਨਾ ਇਲਾਕਾ ਉਹ ਘੋੜੇ ਉਤੇ ਚੜ੍ਹ ਕੇ ਘੇਰ ਲੈਣਗੇ, ਉਹ ਸਾਰਾ ਉਨ੍ਹਾਂ ਨੂੰ ਜਾਗੀਰ ਵਜੋਂ ਬਖ਼ਸ਼ਿਆ ਜਾਵੇਗਾ। ਹਵਾਹਾ ਸਤਲੁਜ ਵਲ ਤੁਰ ਪਿਆ ਤੇ ਕਚਵਾਹਾ ਦੂਜੇ ਪਾਸੇ। ਰਾਤ ਪੈਣ ਉਤੇ ਹਵਾਹਾ ਨੇ ਆਪਣਾ ਸੇਲਾ (ਬਰਛਾ) ਇਕ ਪਿੰਡ ਵਿਚ ਸੀਮਾ ਵਜੋਂ ਗੱਡ ਦਿਤਾ। ਇਸ ਪਿੰਡ ਨੂੰ ਹੁਣ ਸੇਲਕੀਆਂ ਕਹਿੰਦੇ ਹਨ, ਅਤੇ ਕਚਵਾਹਾ ਨੇ ਆਪਣਾ ਕੰਝਣ ਇਕ ਜਗ੍ਹਾ ਗੱਡ ਦਿਤਾ, ਜਿਥੇ ਹੁਣ ਕੰਗਣਵਾਲ ਪਿੰਡ ਹੈ। ਇਸ ਪਿਛੋਂ ਕਚਵਾਹਾ ਤਾਂ ਉਦੈਪੁਰ ਵਾਪਸ ਚਲਾ ਗਿਆ, ਪਰ ਹਵਾਹਾ ਇਨ੍ਹਾਂ ਦੋਹਾਂ ਜਾਗੀਰਾਂ ਦਾ ਪ੍ਰਬੰਧ ਕਰਨ ਲਈ ਇਥੇ ਹੀ ਟਿਕ ਗਿਆ। ਹਵਾਹਾ ਦੀ ਔਲਾਦ ਘੋੜੇਵਾਹ ਅਖਵਾਈ।



"ਮੈਨੂੰ ਇਉਂ ਜਾਪਦਾ ਹੈ ਕਿ ਮੈਂ ਪਿਛਲੇ ਕਈ ਜਨਮਾਂ ਤੋਂ ਲੋਕਾਂ ਵਿਚ ਰਲ ਕੇ ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਸਿਰਜਦਾ ਅਤੇ ਬਾਰ ਬਾਰ ਉਨ੍ਹਾਂ ਦੀ ਪੁਨਰ ਰਚਨਾ ਕਰਦਾ ਰਿਹਾ ਹਾਂ ਅਤੇ ਹੁਣ ਉਨ੍ਹਾਂ ਰੂੜ੍ਹੀਆਂ ਨੂੰ ਇਕਤ੍ਰ ਕਰ ਕੇ ਸਾਂਭਣ ਦਾ ਕੰਮ ਵੀ ਜਿਵੇਂ ਕੁਦਰਤ ਨੇ ਮੈਨੂੰ ਹੀ ਸੌਂਪਿਆ ਹੋਵੇ। ਮੈਂ ਹੀ ਇਨ੍ਹਾਂ ਰੂੜ੍ਹੀਆਂ ਦਾ ਸਿਰਜਕ ਹਾਂ। ਮੈਂ ਹੀ ਪਿਛਲੀ ਪੀੜ੍ਹੀ ਦੇ ਰੂਪ ਵਿਚ ਬਾਰ ਬਾਰ ਅਗਲੀ ਪੀੜ੍ਹੀ ਨੂੰ, ਵਿਰਸੇ ਵਜੋਂ ਇਹ ਰੂੜ੍ਹੀਆਂ ਪ੍ਰਦਾਨ ਕਰਦਾ ਰਿਹਾ ਹਾਂ, ਤਾਂ ਜੋ ਇਨ੍ਹਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹੇ ਅਤੇ ਹੁਣ ਵਿਗਿਆਨੀ ਯੁਗ ਵਿਚ ਜਦੋਂ ਇਹ ਰੂੜ੍ਹੀਆਂ ਅਤੇ ਤੱਤ ਮੌਖਿਕ ਰੂਪ ਵਿਚ ਬਹੁਤੀ ਲੰਮੀ ਯਾਤਰਾ ਕਰਨ ਦੀ ਸ਼ਕਤੀ ਗਵਾ ਬੈਠੇ ਹਨ, ਮੈਂ ਇਨ੍ਹਾਂ ਨੂੰ ਇਕਤ੍ਰ ਕਰਨ ਲਈ ਯਤਨਸ਼ੀਲ ਹਾਂ। ਇਹੋ ਲੋਕਧਾਰਾ, ਲੋਕਾਂ ਤੋਂ ਅਨੇਕਾਂ ਰੂੜ੍ਹੀਆਂ ਦੇ ਰੂਪ ਵਿਚ ਇਕੱਠੀ ਕਰ ਕੇ, ਮੈਂ ਇਸ ਵਿਸ਼ਵ ਕੋਸ਼ ਦੇ ਰੂਪ ਵਿਚ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ :
ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੋਰਾ।"

**ਵਣਜਾਰਾ ਬੇਦੀ**

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

5

ਵਣਜਾਰਾ ਬੇਦੀ